PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

21st - 28th May 2026 • Issue No. 3131


Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



S.S.Rai

Immigration Advice Bureau

Tel: 020 8571 6680

www.iabl.co.uk

# ਵੈਨਕੂਵਰ 'ਚ ਕੈਨੇਡੀਅਨ ਸਿੱਖਾਂ ਵਲੋਂ ਭਾਰਤੀ ਕੌਂਸਲੇਟ ਦਾ ਘਿਰਾਓ, ਨਿੱਝਰ ਮਾਮਲੇ 'ਚ ਕੈਨੇਡਾ ਸਰਕਾਰ 'ਤੇ ਵੀ ਉਠਾਏ ਗਏ ਤਿੱਖੇ ਸਵਾਲ

## “ਜੇ ਕਾਤਲ ਬੇਨਕਾਬ ਹਨ ਤਾਂ ਗ੍ਰਿਫ਼ਤਾਰੀਆਂ ਕਿਉਂ ਨਹੀਂ?”, ਵੈਨਕੂਵਰ ਪ੍ਰਦਰਸ਼ਨ 'ਚ ਗੂੰਜੇ ਸਵਾਲ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਸ਼ਹੀਦੀ ਦਿਵਸ ਨੂੰ ਤਿੰਨ ਸਾਲ ਪੂਰੇ ਹੋਣ ਤੋਂ ਪਹਿਲਾਂ ਵੈਨਕੂਵਰ ਵਿੱਚ ਖਾਲਿਸਤਾਨ ਰੈਫਰੈਂਡਮ ਸਮਰਥਕਾਂ ਵੱਲੋਂ ਭਾਰਤੀ ਕੌਂਸਲੇਟ ਦਾ ਘਿਰਾਓ ਕਰਦੇ ਹੋਏ ਵੱਡਾ ਅਤੇ ਤਿੱਖਾ ਪ੍ਰਦਰਸ਼ਨ ਕੀਤਾ ਗਿਆ। “ਖਾਲਿਸਤਾਨ ਜ਼ਿੰਦਾਬਾਦ” ਅਤੇ “ਨਿੱਝਰ ਨੂੰ ਇਨਸਾਫ਼ ਦਿਓ” ਦੇ ਗੂੰਜਦੇ ਨਾਅਰਿਆਂ ਨਾਲ ਪੂਰਾ ਇਲਾਕਾ ਗੂੰਜ ਉੱਠਿਆ। ਭਾਈ ਰੰਧਾਵਾ ਜੋ ਕਿ ਖੁਦ ਨਿਸ਼ਾਨੇਵਤੇ ਹਨ, ਨੇ ਦੋਸ਼ ਲਗਾਇਆ ਕਿ ਭਾਰਤ ਸਰਕਾਰ ਵਿਦੇਸ਼ਾਂ ਵਿੱਚ ਰਹਿੰਦੇ ਖਾਲਿਸਤਾਨ ਸਮਰਥਕ ਸਿੱਖਾਂ ਖ਼ਿਲਾਫ਼ ਟ੍ਰਾਂਸਨੈਸ਼ਨਲ ਦਬਾਅ, ਧਮਕੀਆਂ ਅਤੇ ਡਰ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰਦਰਸ਼ਨਕਾਰੀਆਂ ਨੇ ਸਵਾਲ ਕੀਤਾ ਕਿ ਜੇਕਰ ਕੈਨੇਡਾ ਸਰਕਾਰ ਕੋਲ ਨਿੱਝਰ ਕਤਲ ਮਾਮਲੇ ਨਾਲ ਜੁੜੇ ਸਬੂਤ



ਹਨ ਤਾਂ ਫਿਰ ਮੁੱਖ ਦੋਸ਼ੀਆਂ ਖ਼ਿਲਾਫ਼ ਸਖ਼ਤ ਅਤੇ ਤੇਜ਼ ਕਾਰਵਾਈ ਕਿਉਂ ਨਹੀਂ ਹੋ ਰਹੀ? ਓਥੇ ਮੌਜੂਦ ਕਾਰਕੁਨਾਂ ਨੇ ਪੁੱਛਿਆ ਕੀ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਦੀ ਸੁਰੱਖਿਆ ਸਿਰਫ਼ ਬਿਆਨਾਂ ਤੱਕ ਸੀਮਿਤ ਰਹੇਗੀ.? ਨਿੱਝਰ ਕਤਲ ਮਾਮਲੇ ਦੀ ਪੂਰੀ ਸੱਚਾਈ ਦੁਨੀਆ ਸਾਹਮਣੇ ਕਦੋਂ ਆਵੇਗੀ.? ਕੀ ਕੈਨੇਡਾ ਸਰਕਾਰ ਵਿਦੇਸ਼ੀ ਦਖ਼ਲਅੰਦਾਜ਼ੀ ਖ਼ਿਲਾਫ਼ ਹੋਰ ਸਖ਼ਤ ਕਦਮ ਚੁੱਕੇਗੀ.? ਜੇਕਰ ਦੋਸ਼ ਗੰਭੀਰ ਹਨ ਤਾਂ ਅਜੇ ਤੱਕ ਪੂਰੀ ਜ਼ਿੰਮੇਵਾਰੀ ਕਿਉਂ ਤੈਅ ਨਹੀਂ ਹੋਈ.? ਭਾਈ ਨਰਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਸਿੱਖ ਕੌਮ ਲਈ ਇੱਕ ਵੱਡੀ ਪ੍ਰੇਰਣਾ ਬਣ ਚੁੱਕੀ ਹੈ ਅਤੇ ਖਾਲਿਸਤਾਨ ਰੈਫਰੈਂਡਮ ਦੀ ਲਹਿਰ ਹੁਣ ਦੁਨੀਆ ਭਰ ਵਿੱਚ ਹੋਰ ਮਜ਼ਬੂਤ ਹੋ ਰਹੀ ਹੈ। ਉਨ੍ਹਾਂ ਕਿਹਾ “ਸਿੱਖ ਕੌਮ ਨਾ ਡਰੀ ਹੈ ਤੇ ਨਾ ਹੀ ਆਪਣੀ ਆਵਾਜ਼ ਦਬਣ ਦੇਵੇਗੀ। ਨਿੱਝਰ ਦੀ ਸ਼ਹਾਦਤ ਦਾ ਇਨਸਾਫ਼ ਲੈ ਕੇ ਰਹਾਂਗੇ।”

## 23 ਸਾਲਾ ਤੁਸ਼ਾਰ ਕੁਮਾਰ ਬਣਿਆ ਬਰਤਾਨੀਆ ਦਾ ਸਭ ਤੋਂ ਨੌਜਵਾਨ ਭਾਰਤੀ ਮੂਲ ਦਾ ਮੇਅਰ

23 ਸਾਲਾ ਨੌਜਵਾਨ ਸਿਆਸਤਦਾਨ ਤੁਸ਼ਾਰ ਕੁਮਾਰ ਨੇ ਬਰਤਾਨੀਆ ਵਿੱਚ ਇਤਿਹਾਸ ਰਚ ਦਿੱਤਾ ਹੈ। ਉਹ ਪੂਰਬੀ ਇੰਗਲੈਂਡ ਦੀ ਸਥਾਨਕ ਕੌਂਸਲ 'ਐਲਸਟ੍ਰੀ ਅਤੇ ਬੋਰਹੈਮਵੁੱਡ' ਦੇ ਮੇਅਰ ਬਣ ਕੇ ਸਭ ਤੋਂ ਘੱਟ ਉਮਰ ਦੇ ਭਾਰਤੀ ਮੂਲ ਦੇ ਮੇਅਰ ਬਣ ਗਏ ਹਨ।



## ਅਮਰੀਕੀ ਰਾਸ਼ਟਰਪਤੀ ਟਰੰਪ ਨੇ ਈਰਾਨ ਨੂੰ ਦਿੱਤੀ ਚੇਤਾਵਨੀ

ਟਰੰਪ ਨੇ ਵੀ ਈਰਾਨ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਸੀ ਕਿ ਸਮਾਂ ਤੇਜ਼ੀ ਨਲਾ ਲੰਘ ਰਿਹਾ ਹੈ ਤੇ ਜੇਕਰ ਉਸ ਨੇ ਜਲਦੀ ਸਮਝੌਤਾ ਨਹੀਂ ਕੀਤਾ ਤਾਂ ਕੁਝ ਨਹੀਂ ਬਚੇਗਾ। ਅਮਰੀਕਾ ਨੇ ਈਰਾਨ ਦੇ ਨਾਲ ਸ਼ਾਂਤੀ ਪ੍ਰਕਿਰਿਆ ਅੱਗੇ ਵਧਾਉਣ ਲਈ 5 ਸ਼ਰਤਾਂ ਰੱਖੀਆਂ ਹਨ, ਜਿਸ ਵਿਚ ਯੂਰੇਨੀਅਮ ਨੂੰ ਵਾਸ਼ਿੰਗਟਨ ਟਰਾਂਸਫਰ ਕਰਨਾ ਤੇ ਪ੍ਰਮਾਣੂ ਪ੍ਰੋਗਰਾਮ 'ਤੇ ਸੀਮਾਵਾਂ ਲਗਾਉਣਾ ਸ਼ਾਮਲ ਹੈ। ਅਮਰੀਕਾ ਈਰਾਨ ਨੂੰ ਬੰਬਾਰੀ ਨਾਲ ਹੋਏ ਨੁਕਸਾਨ ਦਾ ਕੋਈ ਮੁਆਵਜ਼ਾ ਨਹੀਂ ਦੇਵੇਗਾ। ਨਾਲ ਹੀ ਉਨ੍ਹਾਂ ਤੋਂ ਮੰਗ ਹੈ ਕਿ ਈਰਾਨ ਆਪਣੇ 400 ਕਿਲੋਗ੍ਰਾਮ ਐਨਰਿਚਡ ਯੂਰੇਨੀਅਮ ਨੂੰ ਅਮਰੀਕਾ ਨੂੰ ਸੌਂਪੇ। ਅਮਰੀਕਾ



ਵੱਲੋਂ ਇਕ ਹੋਰ ਸ਼ਰਤ ਇਹ ਵੀ ਦੱਸੀ ਗਈ ਹੈ ਕਿ ਈਰਾਨ ਵਿਚ ਸਿਰਫ ਇਕ ਪ੍ਰਮਾਣੂ ਸੈਂਟਰ ਹੀ ਚਾਲੂ ਰਹਿਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਮਰੀਕਾ, ਈਰਾਨ ਦੀ ਫ੍ਰੀਜ ਹੋਈ ਵਿਦੇਸ਼ੀ ਜਾਇਦਾਦਾਂ ਵਿਚੋਂ 25 ਫੀਸਦੀ ਤੋਂ ਵਧ ਰਕਮ ਜਾਰੀ ਕਰਨ ਦੇ ਪੱਖ ਵਿਚ ਨਹੀਂ ਹੈ। ਰਿਪੋਰਟ ਮੁਤਾਬਕ ਵਾਸ਼ਿੰਗਟਨ ਚਾਹੁੰਦਾ ਹੈ ਕਿ ਲਿਬਨਾਨ ਸਣੇ ਸਾਰੇ ਮੋਰਚਿਆਂ 'ਤੇ ਯੁੱਧ ਖਤਮ ਕਰਨ ਦਾ ਮੁੱਦਾ ਗੱਲਬਾਤ ਜ਼ਰੀਏ ਹੱਲ ਕੀਤਾ ਜਾਵੇ। ਹਾਲਾਂਕਿ ਇਨ੍ਹਾਂ ਸ਼ਰਤਾਂ 'ਤੇ ਹੁਣ ਤੱਕ ਅਮਰੀਕਾ ਜਾਂ ਈਰਾਨ ਵੱਲੋਂ ਅਧਿਕਾਰਕ ਪੁਸ਼ਟੀ ਨਹੀਂ ਹੋਈ ਹੈ।

## ਇਆਲੀ ਦਾ ਅਸਤੀਫ਼ਾ

'ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ' ਦੇ ਸਾਰੇ ਅਹੁਦਿਆਂ ਤੋਂ ਦਿੱਤਾ ਗਿਆ ਅਸਤੀਫ਼ਾ ਮਹਿਜ਼ ਇੱਕ ਆਗੂ ਦਾ ਨਿੱਜੀ ਫੈਸਲਾ ਨਹੀਂ, ਬਲਕਿ ਪੰਥਕ ਸਫ਼ਾਂ ਵਿੱਚ ਚੱਲ ਰਹੀ ਗਹਿਰੀ ਖਿੱਚੋਤਾਣ, ਵਿਚਾਰਧਾਰਕ ਮਤਭੇਦਾਂ ਅਤੇ ਅਗਵਾਈ ਦੇ ਸੰਕਟ ਦਾ ਪ੍ਰਗਟਾਵਾ ਹੈ।



ਵਿਸਥਾਰ ਸਹਿਤ ਖਬਰ ਅੰਦਰ ਪੜ੍ਹੋ

## ਬੇਅਦਬੀ ਐਕਟ ਸਬੰਧੀ ਪੰਥਕ ਇਤਰਾਜਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸਾਹਿਬਾਨ ਦੇ ਬਾਹਰ ਲਗਾਏ ਗਏ ਫਲੈਕਸ ਬੋਰਡ

ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ (2026)' ਵਿੱਚ ਮੌਜੂਦ ਖਾਮੀਆਂ ਅਤੇ ਪੰਥਕ ਇਤਰਾਜ਼ਾਂ ਬਾਰੇ ਸੰਗਤ ਨੂੰ ਜਾਣੂ ਕਰਵਾਉਣ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਬਾਹਰ ਫਲੈਕਸ ਬੋਰਡ ਲਗਾਏ ਗਏ ਹਨ। ਬੋਰਡਾਂ ਵਿੱਚ ਐਕਟ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਕ ਧਿਰ, ਗ੍ਰੰਥੀ ਤੇ ਅਖੰਡਪਾਠੀ ਸਿੰਘਾਂ, ਗੁਰਦੁਆਰਾ



ਕਮੇਟੀਆਂ ਤੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਵਾਲੇ ਸ਼ਰਧਾਲੂਆਂ ਨੂੰ ਬੇਅਦਬੀ ਜਾਂ ਮਰਿਯਾਦਾ ਦੀ ਉਲੰਘਣਾ ਦੇ ਮਾਮਲਿਆਂ ਵਿਚ ਜ਼ਿੰਮੇਵਾਰ ਬਣਾ ਕੇ ਸਜ਼ਾ ਤੇ ਜੁਰਮਾਨਿਆਂ ਦੇ ਘੇਰੇ ਵਿੱਚ ਲਿਆਉਣ, ਮਰਿਆਦਾ ਦੀ ਉਲੰਘਣਾ ਨੂੰ ਕਨੂੰਨੀ ਉਲੰਘਣਾ ਵਜੋਂ ਦੋਸ਼ ਦੇ ਘੇਰੇ ਵਿੱਚ ਲਿਆ ਕੇ ਸੰਗਤਾਂ ਅੰਦਰ ਡਰ ਪੈਦਾ ਕਰਨ, ਪੁਲਿਸ ਵੱਲੋਂ ਗੁਰਦੁਆਰਾ ਸਾਹਿਬਾਨ ਅੰਦਰ ਸਿੱਧਾ ਦਖ਼ਲ ਦੇਣ ਲਈ ਰਾਹ ਬਨਾਉਣ, ਪੰਥਕ ਸ਼ਬਦਾਵਲੀ ਨੂੰ ਬਦਲਣ ਅਤੇ ਸੇਵਾ ਸੰਭਾਲ ਨਾਲ ਜੁੜੀ ਸ਼ਬਦਾਵਲੀ ਤੇ ਅਸਥਾਨਾਂ ਨੂੰ ਸਿੱਖ ਭਾਵਨਾਵਾਂ ਅਨੁਸਾਰ ਪ੍ਰਭਾਸ਼ਿਤ ਨਾ ਕਰਨ ਸਬੰਧੀ ਜਾਣਕਾਰੀ ਸ਼ਾਮਲ ਕੀਤੀ ਗਈ ਹੈ।

# ਇੰਗਲੈਂਡ ਫੁੱਟਬਾਲ ਟੀਮ ਦੇ ਸਾਬਕਾ ਕਪਤਾਨ ਸਰ ਡੇਵਿਡ ਬੇਕਹਮ ਬਣੇ ਬਰਤਾਨੀਆ ਦੇ ਪਹਿਲੇ ਅਰਬਪਤੀ ਖਿਡਾਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਫੁੱਟਬਾਲ ਟੀਮ ਦੇ ਸਾਬਕਾ ਕਪਤਾਨ ਸਰ ਡੇਵਿਡ ਬੇਕਹਮ ਬਰਤਾਨੀਆ ਦੇ ਪਹਿਲੇ ਅਰਬਪਤੀ ਖਿਡਾਰੀ ਬਣ ਗਏ ਹਨ। 'ਸੰਡੇ ਟਾਈਮਜ਼ ਰਿਚ ਲਿਸਟ 2026' ਦੇ ਮੁਤਾਬਕ, ਡੇਵਿਡ ਵੇ ਯੂਨਾਈਟਿਡ ਕਿੰਗਡਮ ਦੇ ਪਹਿਲੇ ਅਰਬਪਤੀ ਖਿਡਾਰੀ ਬਣ ਕੇ ਇਤਿਹਾਸ ਰਚਿਆ ਹੈ।

ਡੇਵਿਡ ਬੇਕਹਮ ਅਤੇ ਉਨ੍ਹਾਂ ਦੀ ਪਤਨੀ ਵਿਕਟੋਰੀਆ ਬੇਕਹਮ ਦੀ ਕੁੱਲ ਜਾਇਦਾਦ ਪਿਛਲੇ ਇੱਕ ਸਾਲ ਵਿੱਚ ਲਗਭਗ ਦੁੱਗਣੀ ਹੋ ਕੇ ਲਗਭਗ 1.18 ਅਰਬ ਪੌਂਡ ਤੱਕ ਪਹੁੰਚ ਗਈ ਹੈ। ਇਹ ਜਾਇਦਾਦ ਬਰਤਾਨੀਆ ਦੇ ਮਹਾਰ-ਜਾ ਕਿੰਗ ਚਾਰਲਸ ਤੀਜੇ ਦੀ ਕੁੱਲ ਜਾਇਦਾਦ ਜੋ 680 ਮਿਲੀਅਨ ਪੌਂਡ ਨਾਲੋਂ ਵੀ ਲਗਭਗ ਦੁੱਗਣੀ ਹੈ।

ਬੇਕਹਮ ਦੀ ਕਮਾਈ ਸਿਰਫ਼ ਖੇਡ ਜਾਂ ਪੁਰਾਣੇ ਬ੍ਰਾਂਡ ਐਂਡੋਰਸਮੈਂਟਸ (ਜਿਵੇਂ ਕਿ ਐਡੀਡਾਸ ਅਤੇ ਹੂਗੋ ਬੌਸ ਤੱਕ ਸੀਮਤ ਨਹੀਂ ਰਹੀ। ਉਨ੍ਹਾਂ ਦੀ ਜਾਇਦਾਦ ਵਿੱਚ ਆਏ ਇਸ ਵੱਡੇ ਉਛਾਲ ਦੇ ਕਈ ਕਾਰਨ ਹਨ। ਡੇਵਿਡ ਬੇਕਹਮ ਅਮਰੀਕੀ ਫੁੱਟਬਾਲ ਕਲੱਬ 'ਇੰਟਰ ਮਿਆਮੀ' ਦੇ ਸਹਿ-ਮਾਲਕ ਹਨ। ਮਹਾਨ ਫੁੱਟਬਾਲਰ ਲਿਓਨਲ ਮੈਸੀ ਦੇ ਇਸ ਕਲੱਬ ਵਿੱਚ ਸ਼ਾਮਲ ਹੋਣ ਤੋਂ ਬਾਅਦ, ਕਲੱਬ ਦੀ ਮਾਰਕੀਟ ਵੈਲਿਊ ਅਸਮਾਨੀਂ ਚੜ੍ਹ ਗਈ ਹੈ। ਇਹ ਕਲੱਬ ਹੁਣ 1.45 ਅਰਬ ਡਾਲਰ ਦੀ ਕੀਮਤ ਦੇ ਨਾਲ ਮੇਜਰ ਲੀਗ ਸੌਕਰ ਦੀ ਸਭ ਤੋਂ ਮਹਿੰਗੀ ਫਰੈਂਚਾਈਜ਼ੀ ਬਣ ਚੁੱਕਾ ਹੈ।ਇੰਟਰ ਮਿਆਮੀ ਦੇ ਨਵੇਂ ਸਟੇਡੀਅਮ 'ਮਿਆਮੀ ਫ੍ਰੀਡਮ ਪਾਰਕ' ਦੇ ਆਸ-ਪਾਸ ਦੇ ਰੀਅਲ ਅਸਟੇਟ ਅਤੇ ਪ੍ਰਾਪਰਟੀ ਨਿਵੇਸ਼ ਨੇ ਬੇਕਹਮ ਦੀ ਜਾਇਦਾਦ ਨੂੰ ਬਹੁਤ ਵੱਡਾ ਫਾਇਦਾ ਪਹੁੰਚਾਇਆ ਹੈ।ਡੇਵਿਡ ਦੀ ਪਤਨੀ ਅਤੇ ਸਪਾਈਸ ਗਰਲਜ਼ ਦੀ ਸਾਬਕਾ ਮੈਂਬਰ ਵਿਕਟੋਰੀਆ ਬੇਕਹਮ ਦੇ ਲਗਜ਼ਰੀ ਫੈਸ਼ਨ ਲੇਬਲ ਦੀ ਕਮਾਈ ਵੀ ਹੁਣ 100 ਮਿਲੀਅਨ ਪੌਂਡ ਨੂੰ ਪਾਰ ਕਰ ਚੁੱਕੀ ਹੈ।




ਡੇਵਿਡ ਬੇਕਹਮ ਅਤੇ ਵਿਕਟੋਰੀਆ ਬੇਕਹਮ

# THE AUDACITY OF EXCELLENCE

Saturday in my city Coventry city have a way of doing that bringing a calm to the usual rush of life. Its a warm day in Coventry and the first light of the day crept through curtains letting the world outside slow down sync with my thoughts. I woke up as with that quiet sense of possibility that only the early mornings can offer But today was different.I reached for my phone, a habit of course, but this time, it was to dive into the digital world. I began scrolling, browsing through updates seeing what happening around the globe, especially America, I thought about the ripple effects that this fareway country has on the worlds pulse how it changes, its progress, its struggles, shapes much the narrative in places like my own, here in Coventry uk. I Thought about the transformation ive witnessed, both in my city and across the world, and i felt a stirring of hope of possibility. My mind turned to something deeper something that i knew would give me clarity. I thought about the one man whose words inspired the youth and will do with generations, who awakened the world the power of dreams, the power of hope and the necessity of change. BARACK OBAMA the people champion. Barack Obama is no doubt one the greatest leaders putting poltics aside he has shown the world that he is a man of vison, faith, substance, resilience, and the epitome of a great leader. Obama walked the talk and has sercured his place in history. He served his nation and the world like a champion in the face of many adversities. I couldn't help but search that speech, that iconic moment rally ( YES WE CAN) speaking to the hearts of millions. I found the words, listened to the electrifying rythme of his voice, and i was moved. I remembered the passion and vison of his words. It was as of the hope of nation of people was embodied in these words. His dream, for a world united in justice and equality felt so alive in my heart today. As i listened, a quiet determination settled over me. In my corner of the world, in coventry uk we to have our dreams of hope. The dreams of communities bound together but not by divsion but a shared aspiration. A hope of prosperity, of equlity, of love that transends borders. It may be distant, it may seem impossible at times but Barack Obama words reminded me that no dream is to far, no aspiration to far- reaching. As i soak in the wisdom of his speeches, i feel a sense of purpose. I too in my own city where i live Coventry where everyone transforms into one community of unity, love a shared prosperity. A hope that one day, the world will rise above its divsion, and we will be together as one. So i reflect on the hope and dream of this man and say i have a hope that in the same corner of the world. It is a hope and dream shared by others, people who believe in the power of hope. Be reminded of the power of the dream, and the impact it can have not just on one nation, but the world.





ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

From: LAMBARDAR DHARMVEER SINGH CLAIRE COVENTRY

# ਪੰਜਾਬ ਵਿਚ ਵੋਟਰ ਸੂਚੀ ਦੀ ਹੋਏਗੀ ਡੂੰਘੀ ਪੜਤਾਲ

## ✪ ਕੀ ਇਹ ਮਾਮਲਾ ਪ੍ਰਸ਼ਾਸਨਿਕ ਸੁਧਾਰ ਦਾ ਹੈ ਜਾਂ 2027 ਚੋਣਾਂ ਦਾ ਗੁਪਤ 'ਸੈਮੀਫਾਈਨਲ'? ✪ ਕਿਸਦੀ ਵੋਟ 'ਤੇ ਚੱਲੇਗੀ ਕੈਂਚੀ? ਸ਼ਹਿਰਾਂ 'ਚ ਨਵੇਂ ਵੋਟਰਾਂ ਦਾ ਹੜ੍ਹ! ਕੀ ਇਹ ਭਾਜਪਾ ਦਾ 'ਮਾਸਟਰਸਟ੍ਰੋਕ' ਹੈ?

ਖਾਸ ਖਬਰ

ਪੰਜਾਬ ਵਿੱਚ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਦੀ ਸੋਧ ਨੂੰ ਲੈ ਕੇ ਵੱਡਾ ਸਿਆਸੀ ਹੰਗਾਮਾ ਖੜ੍ਹਾ ਹੋਣ ਜਾ ਰਿਹਾ ਹੈ। ਚੋਣ ਕਮਿਸ਼ਨ ਮੁਤਾਬਕ ਪੰਜਾਬ ਵਿੱਚ 15 ਜੂਨ ਤੋਂ ਇਹ ਪ੍ਰਕਿਰਿਆ ਸ਼ੁਰੂ ਹੋ ਕੇ 1 ਅਕਤੂਬਰ ਨੂੰ ਅੰਤਿਮ ਵੋਟਰ ਸੂਚੀ ਦੀ ਪ੍ਰਕਾਸ਼ਨ ਨਾਲ ਖ਼ਤਮ ਹੋਵੇਗੀ। ਪੱਛਮੀ ਬੰਗਾਲ ਵਿੱਚ ਜਿਸ ਤਰ੍ਹਾਂ 'ਤਾਰਕਿਕ ਗਲਤੀਆਂ' ਅਤੇ ਕਥਿਤ ਘੁਸਪੈਠ ਦੇ ਮੁੱਦੇ 'ਤੇ ਲੱਖਾਂ ਵੋਟਾਂ ਕੱਟੀਆਂ ਗਈਆਂ ਸਨ ਅਤੇ ਮਮਤਾ ਬੈਨਰਜੀ ਨੇ ਮੋਰਚਾ ਖੋਲ੍ਹਿਆ ਸੀ, ਬਿਲਕੁਲ ਉਹੀ ਸਥਿਤੀ ਹੁਣ ਪੰਜਾਬ ਵਿੱਚ ਬਣਦੀ ਦਿਖਾਈ ਦੇ ਰਹੀ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਅਤੇ ਅਰਵਿੰਦ ਕੇਜਰੀਵਾਲ ਆਪਣੇ ਕੋਰ ਵੋਟ ਬੈਂਕ ਨੂੰ ਬਚਾਉਣ ਲਈ ਪੂਰੀ ਤਾਕਤ ਲਗਾਉਣਗੇ। ਦੂਜੇ ਪਾਸੇ ਕਾਂਗਰਸ, ਭਾਜਪਾ, ਅਕਾਲੀ ਦਲ ਅਤੇ ਨਵੀਂ ਉੱਭਰੀ ਪਾਰਟੀ 'ਵਾਰਿਸ ਪੰਜਾਬ ਦੇ' ਨੇ ਵੀ ਬੂਥ ਪੱਧਰ 'ਤੇ ਆਪਣੇ ਏਜੰਟਾਂ ਨੂੰ ਸਰਗਰਮ ਕਰ ਦਿੱਤਾ ਹੈ, ਜਿਸ ਨਾਲ ਹਰ ਇੱਕ ਵੋਟ 'ਤੇ ਆਰ-ਪਾਰ ਦੀ ਲੜਾਈ ਤੈਅ ਮੰਨੀ ਜਾ ਰਹੀ ਹੈ।



### ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਕੀ ਸੋਚ ਰਹੀਆਂ ਹਨ?

ਪੰਜਾਬ ਦੀ ਸਿਆਸਤ ਵਿੱਚ ਵੋਟਾਂ ਕੱਟੇ ਜਾਣ ਜਾਂ ਨਵੇਂ ਨਾਮ ਜੋੜਨ ਨੂੰ ਲੈ ਕੇ ਵੱਖ-ਵੱਖ ਪਾਰਟੀਆਂ ਦੀ ਰਣਨੀਤੀ ਅਤੇ ਚਿੰਤਾਵਾਂ ਇਸ ਤਰ੍ਹਾਂ ਹਨ:

'ਆਪ' ਨੂੰ ਡਰ ਹੈ ਕਿ ਵੋਟਰ ਸੂਚੀਆਂ ਦੀ ਛਾਂਟੀ ਦੌਰਾਨ ਉਨ੍ਹਾਂ ਦੇ ਗਰੀਬ, ਮਜ਼ਦੂਰ ਅਤੇ ਪ੍ਰਵਾਸੀ ਵੋਟਰਾਂ (ਜੋ ਰੁਜ਼ਗਾਰ ਲਈ ਇੱਧਰ-ਉੱਧਰ ਹੁੰਦੇ ਰਹਿੰਦੇ ਹਨ) ਦੇ ਨਾਮ 'ਸਥਾਈ ਤੌਰ 'ਤੇ ਤਬਦੀਲ'ਦੱਸ ਕੇ ਕੱਟੇ ਜਾ ਸਕਦੇ ਹਨ। ਕੇਜਰੀਵਾਲ ਅਤੇ ਭਗਵੰਤ ਮਾਨ ਇਸ ਪ੍ਰਕਿਰਿਆ 'ਤੇ ਤਿੱਖੀ ਨਜ਼ਰ ਰੱਖਣਗੇ। ਜੇਕਰ ਦਿੱਲੀ ਜਾਂ ਪੰਜਾਬ ਵਿੱਚ ਵੱਡੇ ਪੱਧਰ 'ਤੇ ਵੋਟਾਂ ਕੱਟੀਆਂ ਜਾਂਦੀਆਂ ਹਨ, ਤਾਂ 'ਆਪ' ਇਸ ਨੂੰ ਕੇਂਦਰ ਸਰਕਾਰ ਦੀ ਸਾਜ਼ਿਸ਼ ਦੱਸ ਕੇ ਸੜਕਾਂ 'ਤੇ ਉਤਰੇਗੀ ਤਾਂ ਜੋ ਸਿਆਸੀ ਲਾਹਾ ਲਿਆ ਜਾ ਸਕੇ।

ਪੰਜਾਬ ਦੀਆਂ ਇਹ ਰਵਾਇਤੀ ਪਾਰਟੀਆਂ ਚਾਹੁੰਦੀਆਂ ਹਨ ਕਿ ਵੋਟਰ ਸੂਚੀ ਬਿਲਕੁਲ ਸਾਫ਼-ਸੁਥਰੀ ਹੋਵੇ। ਇਨ੍ਹਾਂ ਨੂੰ ਲੱਗਦਾ ਹੈ ਕਿ ਸੱਤਾਧਾਰੀ 'ਆਪ' ਆਪਣੇ ਫਾਇਦੇ ਲਈ ਫਰਜ਼ੀ ਵੋਟਾਂ ਬਣਵਾ ਸਕਦੀ ਹੈ। ਦੋਵਾਂ ਪਾਰਟੀਆਂ ਨੇ ਚੋਣ ਕਮਿਸ਼ਨ ਦੀ ਅਪੀਲ 'ਤੇ ਆਪਣੇ ਬੂਥ ਲੈਵਲ ਏਜੰਟਾਂ ਨੂੰ ਸਰਗਰਮ ਕਰ ਦਿੱਤਾ ਹੈ ਤਾਂ ਜੋ ਵਿਰੋਧੀ ਧਿਰਾਂ ਦੀ ਹਰ ਹਰਕਤ 'ਤੇ ਨਜ਼ਰ ਰੱਖੀ ਜਾ ਸਕੇ।

ਪੰਜਾਬ ਦੀ ਇਸ ਨਵੀਂ ਪੰਥਕ ਸੋਚ ਵਾਲੀ ਪਾਰਟੀ ਅਕਾਲੀ ਦਲ ਵਾਰਿਸ ਪੰਜਾਬ ਲਈ ਇਹ ਬਹੁਤ ਅਹਿਮ ਚੋਣਾਂ ਹੋਣਗੀਆਂ। ਇਹ ਪਾਰਟੀ ਨੌਜਵਾਨਾਂ ਦੇ ਨਾਮ ਵੋਟਰ ਸੂਚੀ ਵਿੱਚ ਦਰਜ ਕਰਵਾਉਣ 'ਤੇ ਜ਼ੋਰ ਦੇ ਰਹੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਪ੍ਰਸ਼ਾਸਨਿਕ ਗੜਬੜੀ ਖ਼ਿਲਾਫ਼ ਸਖ਼ਤ ਸਟੈਂਡ ਲੈਣ ਦੀ ਤਿਆਰੀ ਵਿੱਚ ਹੈ।

### ਕੀ ਭਾਜਪਾ ਨੂੰ ਇਸ ਦਾ ਫਾਇਦਾ ਹੋਵੇਗਾ?

ਇਸ ਵੋਟਰ ਸੂਚੀਆਂ ਦੀ ਖ਼ਾਸ ਤੇ ਡੂੰਘੀ ਪੜਤਾਲ ਪ੍ਰਕਿਰਿਆ ਦਾ ਭਾਰਤੀ ਜਨਤਾ ਪਾਰਟੀ ਨੂੰ ਸਿੱਧਾ ਜਾਂ ਅਸਿੱਧਾ ਫਾਇਦਾ ਮਿਲ ਸਕਦਾ ਹੈ, ਜਿਸ ਦੇ ਮੁੱਖ ਕਾਰਨ ਹੇਠ ਲਿਖੇ ਹਨ:

ਸ਼ਹਿਰੀ ਖੇਤਰਾਂ ਵਿੱਚ ਮਜ਼ਬੂਤੀ: ਪੰਜਾਬ ਦੇ ਮੁੱਖ ਚੋਣ ਅਧਿਕਾਰੀ ਅਨੁਸਾਰ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ 89.58% ਵੋਟਰਾਂ ਦੀ ਮੈਪਿੰਗ ਹੋ ਚੁੱਕੀ ਹੈ, ਜਦਕਿ ਸ਼ਹਿਰੀ ਖੇਤਰਾਂ ਵਿੱਚ ਇਹ ਸਿਰਫ਼ 73% ਹੈ। ਭਾਜਪਾ ਦਾ ਰਵਾਇਤੀ ਵੋਟ ਬੈਂਕ ਪੰਜਾਬ ਦੇ ਸ਼ਹਿਰਾਂ ਵਿੱਚ ਜ਼ਿਆਦਾ ਹੈ। ਇਸ ਮੁਹਿੰਮ ਤਹਿਤ ਜਦੋਂ ਸ਼ਹਿਰਾਂ ਵਿੱਚ ਨਵੇਂ ਵੋਟਰ ਜੁੜਨਗੇ, ਤਾਂ ਇਸ ਦਾ ਸਿੱਧਾ ਫਾਇਦਾ ਭਾਜਪਾ ਨੂੰ ਹੋ ਸਕਦਾ ਹੈ।

ਭਾਜਪਾ ਹਮੇਸ਼ਾ ਦੋਹਰੀ ਨਾਗਰਿਕਤਾ ਜਾਂ ਫਰਜ਼ੀ ਵੋਟਾਂ ਦਾ ਵਿਰੋਧ ਕਰਦੀ ਆਈ ਹੈ। ਵੋਟਰ ਸੂਚੀਆਂ ਦੇ ਸ਼ੁੱਧੀਕਰਨ ਨਾਲ ਜੇਕਰ ਵਿਰੋਧੀਆਂ ਦੇ ਫਰਜ਼ੀ ਵੋਟ ਕੱਟਦੇ ਹਨ, ਤਾਂ ਚੋਣ ਮੁਕਾਬਲਾ ਸਖ਼ਤ ਹੋਵੇਗਾ ਜਿੱਥੇ ਭਾਜਪਾ ਆਪਣੀ ਸੰਗਠਨਾਤਮਕ ਤਾਕਤ ਨਾਲ ਅੱਗੇ ਨਿਕਲ ਸਕਦੀ ਹੈ।

ਜੇਕਰ ਦਿੱਲੀ ਵਾਂਗ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਵੀ 'ਘੁਸਪੈਠ' ਜਾਂ ਗ਼ੈਰ-ਕਾਨੂੰਨੀ ਵੋਟਰਾਂ ਦਾ ਮੁੱਦਾ ਉੱਠਦਾ ਹੈ, ਤਾਂ ਭਾਜਪਾ ਇਸ ਨੂੰ ਰਾਸ਼ਟਰੀ ਸੁਰੱਖਿਆ ਨਾਲ ਜੋੜ ਕੇ ਹਿੰਦੂ ਅਤੇ ਰਾਸ਼ਟਰਵਾਦੀ ਵੋਟਰਾਂ ਦਾ ਧਰੁਵੀਕਰਨ ਆਪਣੇ ਪੱਖ ਵਿੱਚ ਕਰ ਸਕਦੀ ਹੈ।

### ਪੰਜਾਬ ਦਾ ਕੀ ਬਣੇਗਾ?

ਪੰਜਾਬ ਵਿੱਚ ਇਸ ਵਾਰ ਸ਼੍ਰੀ ਮਤਲਬ ਵੋਟਰ ਸੂਚੀਆਂ ਦੀ ਖ਼ਾਸ ਤੇ ਡੂੰਘੀ ਪੜਤਾਲ ਮਹਿਜ਼ ਇੱਕ ਪ੍ਰਸ਼ਾਸਨਿਕ ਪ੍ਰਕਿਰਿਆ ਨਹੀਂ ਰਹੇਗੀ, ਬਲਕਿ 2027 ਦੀਆਂ ਵਿਧਾਨ ਸਭਾ ਚੋਣਾਂ ਦਾ 'ਸੈਮੀਫਾਈਨਲ' ਬਣ ਜਾਵੇਗੀ। 15 ਜੂਨ ਤੋਂ ਬਾਅਦ ਜਦੋਂ ਬੂਥ ਲੈਵਲ ਅਫ਼ਸਰ ਘਰ-ਘਰ ਜਾਣਗੇ, ਤਾਂ ਹਰ ਇੱਕ ਵੋਟ ਨੂੰ ਕੱਟਣ ਅਤੇ ਜੋੜਨ 'ਤੇ ਸਿਆਸੀ ਪਾਰਟੀਆਂ ਆਪਸ ਵਿੱਚ ਉਲਝਣਗੀਆਂ, ਜਿਸ ਨਾਲ ਪੰਜਾਬ ਦਾ ਸਿਆਸੀ ਮਾਹੌਲ ਆਉਣ ਵਾਲੇ ਦਿਨਾਂ ਵਿੱਚ ਹੋਰ ਗਰਮਾਏਗਾ। ਵਿਰੋਧੀ ਪਾਰਟੀਆਂ ਦੇ ਬਚਾਅ ਅਤੇ ਸ਼ੱਕ ਬਿਲਕੁਲ ਜਾਇਜ਼ ਹਨ, ਕਿਉਂਕਿ ਚੋਣਾਂ ਵਿੱਚ ਇੱਕ-ਇੱਕ ਵੋਟ ਨਾਲ ਹਾਰ-ਜਿੱਤ ਤੈਅ ਹੁੰਦੀ ਹੈ ਅਤੇ ਬੰਗਾਲ ਦਾ ਤਜ਼ਰਬਾ ਉਨ੍ਹਾਂ ਦੇ ਸਾਹਮਣੇ ਹੈ। ਪਰ ਚੋਣ ਕਮਿਸ਼ਨ ਦੇ ਨਜ਼ਰੀਏ ਤੋਂ, ਵੋਟਰ ਸੂਚੀ ਦਾ ਸ਼ੁੱਧੀਕਰਨ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਇੱਕ ਜ਼ਰੂਰੀ ਪ੍ਰਕਿਰਿਆ ਹੈ।

ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਉਸਦੀ ਪਾਰਦਰਸ਼ਤਾ ਹੁੰਦੀ ਹੈ, ਅਤੇ ਇੱਕ ਸਾਫ਼-ਸੁਥਰੀ ਵੋਟਰ ਸੂਚੀ ਉਸਦੀ ਨੀਂਹ ਹੈ। ਚੋਣ ਕਮਿਸ਼ਨ ਦੀ ਇਸ ਮੁਹਿੰਮ ਦਾ ਮਕਸਦ ਹਰ ਜਾਇਜ਼ ਨਾਗਰਿਕ ਨੂੰ ਵੋਟ ਦਾ ਅਧਿਕਾਰ ਦੇਣਾ ਅਤੇ ਫਰਜ਼ੀ ਵੋਟਰਾਂ ਨੂੰ ਬਾਹਰ ਕਰਨਾ ਹੈ। ਪਰ ਮੌਜੂਦਾ ਸਿਆਸੀ ਮਾਹੌਲ ਨੂੰ ਦੇਖਦਿਆਂ ਇਹ ਸਾਫ਼ ਹੈ ਕਿ ਪੰਜਾਬ ਵਿੱਚ ਅਗਲੇ ਕੁਝ ਮਹੀਨੇ ਹਰ ਇੱਕ ਵੋਟ ਨੂੰ ਜੋੜਨ ਅਤੇ ਕੱਟਣ 'ਤੇ ਤਿੱਖੀ ਸਿਆਸੀ ਜੰਗ ਦੇਖਣ ਨੂੰ ਮਿਲੇਗੀ। ਸਿਆਸੀ ਪਾਰਟੀਆਂ ਨੂੰ ਇਹ ਸਮਝਣਾ ਹੋਵੇਗਾ ਕਿ ਸਿਆਸੀ ਲਾਹੇਵੰਦ ਹਿੱਤਾਂ ਤੋਂ ਉੱਪਰ ਉੱਠ ਕੇ, ਲੋਕਤੰਤਰ ਦੀ ਸ਼ੁੱਧਤਾ ਨੂੰ ਬਣਾਈ ਰੱਖਣਾ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ।

## ਮੁਹਾਲੀ ਵਿਚ ਗਰਮਾਇਆ ਜ਼ਮੀਨ ਐਕਵਾਇਰ ਦਾ ਮੁੱਦਾ

# ਕਿਸਾਨਾਂ ਵੱਲੋਂ ਪੁੱਡਾ ਭਵਨ ਦਾ ਤਿੱਖਾ ਘਿਰਾਓ

ਮੁਹਾਲੀ-ਪੰਜਾਬ ਸਰਕਾਰ ਵੱਲੋਂ ਗਮਾਡਾ ਅਤੇ ਪੁੱਡਾ ਰਾਹੀਂ ਮੁਹਾਲੀ ਦੇ ਆਸ-ਪਾਸ ਦੇ ਪਿੰਡਾਂ ਦੀਆਂ ਜ਼ਮੀਨਾਂ ਨੂੰ ਐਕਵਾਇਰ ਕਰਨ ਦੀ ਵਿੱਢੀ ਮੁਹਿੰਮ ਖ਼ਿਲਾਫ਼ ਇਲਾਕੇ ਦੇ ਕਿਸਾਨਾਂ ਦਾ ਗੁੱਸਾ ਪੂਰੀ ਤਰ੍ਹਾਂ ਫੁੱਟ ਪਿਆ ਹੈ। ਸਰਕਾਰ ਦੀਆਂ ਇਨ੍ਹਾਂ ਨੀਤੀਆਂ ਦੇ ਵਿਰੋਧ ਵਿੱਚ ਕਿਸਾਨ ਆਗੂ ਕਰਮਜੀਤ ਸਿੰਘ ਕੰਮਾਂ ਬੜੀ ਅਤੇ ਮੱਖਣ ਸਿੰਘ ਗੀਗੇਮਾਜਰਾ ਦੀ ਅਗਵਾਈ ਵਿਚ ਸੈਂਕੜੇ ਕਿਸਾਨਾਂ ਨੇ ਟਰੈਕਟਰਾਂ 'ਤੇ ਸਵਾਰ ਹੋ ਕੇ ਪੁੱਡਾ ਭਵਨ ਵੱਲ ਕੂਚ ਕੀਤਾ ਅਤੇ ਦਫ਼ਤਰ ਦਾ ਮੁਕੰਮਲ ਘਿਰਾਓ ਕਰਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ।



ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਸਰਕਾਰ ਵਿਕਾਸ ਦੇ ਨਾਂ 'ਤੇ ਕਿਸਾਨਾਂ ਨੂੰ ਉਜਾੜਨ ਦੀ ਤਿਆਰੀ ਕਰ ਰਹੀ ਹੈ ਅਤੇ ਉਨ੍ਹਾਂ ਦੀਆਂ ਕੀਮਤੀ ਜ਼ਮੀਨਾਂ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਕਿਸਾਨਾਂ ਦੀਆਂ ਮੁੱਖ ਮੰਗਾਂ-ਟਰੈਕਟਰ ਮਾਰਚ ਦੌਰਾਨ ਕਿਸਾਨ ਆਗੂਆਂ ਨੇ ਪ੍ਰਸ਼ਾਸਨ ਸਾਹਮਣੇ ਆਪਣੀਆਂ ਦੋ ਮੁੱਖ ਮੰਗਾਂ ਸਪੱਸ਼ਟ ਸ਼ਬਦਾਂ ਵਿੱਚ ਰੱਖੀਆਂ:

ਕੌਡੀਆਂ ਦੇ ਭਾਅ ਜ਼ਮੀਨਾਂ ਲੈਣ 'ਤੇ ਰੋਕ: ਕਿਸਾਨਾਂ ਨੇ ਸਾਫ਼ ਕਿਹਾ ਕਿ ਪੁੱਡਾ ਅਥਾਰਟੀ ਉਨ੍ਹਾਂ ਦੀਆਂ ਉਪਜਾਊ ਜ਼ਮੀਨਾਂ ਨੂੰ ਬਹੁਤ ਹੀ ਘੱਟ ਰੇਟਾਂ 'ਤੇ ਐਕਵਾਇਰ ਕਰਨਾ ਚਾਹੁੰਦੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਕਿਸਾਨਾਂ ਦੀ ਮੰਗ ਹੈ ਕਿ ਕਿਸੇ ਵੀ ਜ਼ਮੀਨ ਨੂੰ ਹੱਥ ਪਾਉਣ ਤੋਂ ਪਹਿਲਾਂ ਸਬੰਧਿਤ ਕਿਸਾਨਾਂ ਦੀ ਸਹਿਮਤੀ ਅਤੇ ਰਾਇ ਲਈ ਜਾਵੇ। ਇਸ ਦੇ ਨਾਲ ਹੀ ਮੁਆਵਜ਼ਾ ਮੌਜੂਦਾ ਮਾਰਕੀਟ (ਬਾਜ਼ਾਰੂ) ਕੀਮਤ ਦੇ ਹਿਸਾਬ ਨਾਲ ਹੀ ਦਿੱਤਾ ਜਾਵੇ।

ਪ੍ਰਦਰਸ਼ਨਕਾਰੀ ਕਿਸਾਨਾਂ ਨੇ ਸਰਕਾਰ ਨੂੰ ਸਖ਼ਤ ਲਹਿਜੇ ਵਿੱਚ ਚਿਤਾਵਨੀ ਦਿੱਤੀ ਹੈ ਕਿ ਜੇਕਰ ਕਿਸਾਨਾਂ ਦੀ ਸਹਿਮਤੀ ਤੋਂ ਬਿਨਾਂ ਅਤੇ ਘੱਟ ਰੇਟਾਂ 'ਤੇ ਜ਼ਮੀਨਾਂ ਧੱਕੇ ਨਾਲ ਐਕਵਾਇਰ ਕਰਨ ਦੀ ਕੋਸ਼ਿਸ਼ ਕੀਤੀ ਗਈ, ਤਾਂ ਆਉਣ ਵਾਲੇ ਦਿਨਾਂ ਵਿੱਚ ਇਸ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਿੱਧੀ ਪ੍ਰਸ਼ਾਸਨ ਅਤੇ ਸਰਕਾਰ ਦੀ ਹੋਵੇਗੀ।

# ਜਲੰਧਰ ਵਿਚ ਹੋਈ ਬੇਅਦਬੀ : ਸਿੱਖ ਜੱਥੇਬੰਦੀਆਂ ਦੀ ਪ੍ਰਸ਼ਾਸਨ ਤੋਂ ਮੰਗ

## ✪ ਬੇਕਸੂਰਾਂ ਨੂੰ ਛੱਡ ਕੇ ਅਸਲ ਮੁਲਜ਼ਮਾਂ ਨੂੰ ਸਾਹਮਣੇ ਲਿਆਓ



ਜਲੰਧਰ-ਇੱਥੋਂ ਦੇ ਰਾਜਾ ਗਾਰਡਨ ਇਲਾਕੇ ਵਿੱਚ ਬੀਤੀ ਰਾਤ ਗੁਟਕਾ ਸਾਹਿਬ ਦੀ ਬੇਅਦਬੀ ਹੋਣ ਦੀ ਇੱਕ ਬੇਹੱਦ ਦੁਖਦਾਇਕ ਘਟਨਾ ਸਾਹਮਣੇ ਆਈ ਹੈ, ਜਿਸ ਕਾਰਨ ਸਿੱਖ ਜਥੇਬੰਦੀਆਂ ਅਤੇ ਸਥਾਨਕ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਅਤੇ ਅਮਨ-ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਲਈ ਬਸਤੀ ਬਾਵਾ ਖੇਲ ਥਾਣੇ ਦੀ ਪੁਲੀਸ ਅਤੇ ਪੀ.ਸੀ.ਆਰ. ਟੀਮਾਂ ਵੱਲੋਂ ਇਲਾਕੇ ਵਿੱਚ ਤਾਇਨਾਤੀ ਕਰਕੇ ਗਸ਼ਤ ਬਹੁਤ ਵਧਾ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਸੂਬਾ ਸਰਕਾਰ ਵੱਲੋਂ ਬੇਅਦਬੀ ਵਿਰੋਧੀ ਨਵੇਂ ਬਣਾਏ ਗਏ ਸਖ਼ਤ ਕਾਨੂੰਨ ਤੋਂ ਬਾਅਦ ਜਲੰਧਰ ਜ਼ਿਲ੍ਹੇ ਵਿੱਚ ਇਸ ਨਵੀਂ ਧਾਰਾ ਤਹਿਤ ਦਰਜ ਹੋਣ ਵਾਲਾ ਇਹ ਪਹਿਲਾ ਮਾਮਲਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਡੀ.ਸੀ.ਪੀ. ਹੈੱਡਕੁਆਰਟਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲੀਸ ਵੱਲੋਂ 'ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ' ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ। ਬੇਅਦਬੀ ਦੇ ਰੋਸ ਵਜੋਂ ਬਸਤੀ ਮਿੱਠੂ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਜਨ ਨਗਰ ਵਿਖੇ ਵੱਖ-ਵੱਖ ਸਿੱਖ ਜਥੇਬੰਦੀਆਂ ਤੇ ਸੰਗਤਾਂ ਦੀ ਇੱਕ ਅਹਿਮ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਮਾਮਲੇ ਦੀ ਪਾਰਦਰਸ਼ੀ ਜਾਂਚ ਅਤੇ ਅਸਲ ਦੋਸ਼ੀਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਗੰਭੀਰ ਚਰਚਾ ਕੀਤੀ ਗਈ।

ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਬੀਤੇ ਦਿਨੀਂ ਲਗਾਇਆ ਗਿਆ ਧਰਨਾ ਪ੍ਰਸ਼ਾਸਨ ਦੇ ਇਸ ਭਰੋਸੇ 'ਤੇ ਚੁੱਕਿਆ ਗਿਆ ਸੀ ਕਿ ਸ਼ਾਮ 4 ਵਜੇ ਤੱਕ ਅਸਲ ਦੋਸ਼ੀਆਂ ਨੂੰ ਸੰਗਤਾਂ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ। ਪਰ ਦੁੱਖ ਦੀ ਗੱਲ ਹੈ ਕਿ ਜਿਨ੍ਹਾਂ 3 ਨੌਜਵਾਨਾਂ ਨੇ ਖੁਦ ਪੁਲਿਸ ਨੂੰ ਫੋਨ ਕਰ ਕੇ ਗੁਟਕਾ ਸਾਹਿਬ ਦੇ ਅੰਗ ਮਿਲਣ ਦੀ ਜਾਣਕਾਰੀ ਦਿੱਤੀ ਸੀ, ਉਨ੍ਹਾਂ ਨੂੰ ਹੀ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਕੇ ਜਾਂਚ ਕੀਤੀ ਜਾ ਰਹੀ ਹੈ। ਜਥੇਬੰਦੀਆਂ ਨੇ ਸਪੱਸ਼ਟ ਕੀਤਾ ਕਿ ਸੰਗਤ ਕਿਸੇ ਵੀ ਬੇਕਸੂਰ ਨੂੰ ਫਸਾਏ ਜਾਣ ਦੇ ਬਿਲਕੁਲ ਹੱਕ ਵਿਚ ਨਹੀਂ ਹੈ। ਉਨ੍ਹਾਂ ਮੰਗ ਕੀਤੀ ਕਿ ਪੁਲਿਸ ਵੱਲੋਂ ਹੁਣ ਤੱਕ ਕੀਤੀ ਗਈ ਸਾਰੀ ਕਾਰਵਾਈ ਤੇ ਜਾਂਚ ਦੇ ਸਬੂਤ ਸੰਗਤਾਂ ਦੇ ਸਾਹਮਣੇ ਰੱਖੇ ਜਾਣ। ਜਿਹੜੇ ਵੀ ਅਸਲ ਦੋਸ਼ੀ ਹਨ, ਉਨ੍ਹਾਂ ਨੂੰ ਤੁਰੰਤ ਬੇਨਕਾਬ ਕਰ ਕੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ।

### ਜਾਂਚ ਲਈ ਪ੍ਰਸ਼ਾਸਨ ਨੂੰ ਦਿੱਤਾ ਸਹਿਯੋਗ

ਸੰਗਤਾਂ ਨੇ ਦੱਸਿਆ ਕਿ ਪ੍ਰਸ਼ਾਸਨ ਲਗਾਤਾਰ ਦੋਸ਼ੀਆਂ ਨੂੰ ਲੱਭਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ। ਵੱਖ-ਵੱਖ ਟੀਮਾਂ ਬਣਾ ਕੇ ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਦੇ ਸੀਸੀਟੀਵੀ ਕੈਮਰੇ ਖੰਗਾਲੇ ਜਾ ਰਹੇ ਹਨ।

ਸਿੱਖ ਜਥੇਬੰਦੀਆਂ ਵੱਲੋਂ ਧਰਨੇ ਵਿੱਚ ਢਿੱਲ ਇਸ ਲਈ ਦਿੱਤੀ ਗਈ ਹੈ ਤਾਂ ਜੋ ਜੋ ਪੁਲਿਸ ਫੋਰਸ ਸੁਰੱਖਿਆ ਪ੍ਰਬੰਧਾਂ ਵਿੱਚ ਲੱਗੀ ਹੋਈ ਸੀ, ਉਹ ਹੁਣ ਕੈਮਰਿਆਂ ਦੀ ਜਾਂਚ ਅਤੇ ਹੋਰ ਸਬੂਤ ਇਕੱਠੇ ਕਰਨ ਦੇ ਕੰਮ ਵਿੱਚ ਤੇਜ਼ੀ ਲਿਆ ਸਕੇ ਅਤੇ ਅਸਲ ਮੁਲਜ਼ਮ ਫੜੇ ਜਾ ਸਕਣ।

### ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਪੁਲਿਸ ਕਮਿਸ਼ਨਰ ਵਿਚਾਲੇ ਗੱਲਬਾਤ

ਇਸ ਸੰਵੇਦਨਸ਼ੀਲ ਮਾਮਲੇ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਜਲੰਧਰ ਦੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨਾਲ ਮੁਲਾਕਾਤ/ਗੱਲਬਾਤ ਕੀਤੀ। ਸੀਪੀ ਜਲੰਧਰ ਨੇ ਭਰੋਸਾ ਦਵਾਇਆ ਕਿ ਸਾਰੀਆਂ ਟੀਮਾਂ ਮਾਮਲੇ ਦੀ ਗਹਿਰਾਈ ਨਾਲ ਜਾਂਚ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਲਦ ਹੀ ਅਸਲ ਦੋਸ਼ੀਆਂ ਨੂੰ ਸਲਾਖਾਂ ਦੇ ਪਿੱਛੇ ਭੇਜ ਕੇ ਕੌਮ ਨੂੰ ਇਨਸਾਫ ਦਿੱਤਾ ਜਾਵੇਗਾ ਅਤੇ ਅਜਿਹੀ ਮਿਸਾਲ ਕਾਇਮ ਕੀਤੀ ਜਾਵੇਗੀ ਤਾਂ ਜੋ ਅੱਗੇ ਤੋਂ ਕੋਈ ਅਜਿਹੀ ਘਿਨੌਣੀ ਹਰਕਤ ਕਰਨ ਦੀ ਹਿੰਮਤ ਨਾ ਕਰ ਸਕੇ।

### ਸਿੱਖ ਸੰਗਤ ਦੀ ਚਿਤਾਵਨੀ

ਸਿੱਖ ਆਗੂਆਂ ਨੇ ਸਾਫ਼ ਚਿਤਾਵਨੀ ਦਿੱਤੀ ਹੈ ਕਿ ਜੇਕਰ ਪ੍ਰਸ਼ਾਸਨ ਨੇ ਜਲਦ ਹੀ ਅਸਲ ਦੋਸ਼ੀਆਂ ਨੂੰ ਸਾਹਮਣੇ ਨਾ ਲਿਆਂਦਾ, ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਪ੍ਰਚੰਡ ਅਤੇ ਤੇਜ਼ ਕੀਤਾ ਜਾਵੇਗਾ।

ਇਸ ਮੀਟਿੰਗ ਵਿੱਚ ਸਿੱਖ ਐਕਸ਼ਨ ਕਮੇਟੀ ਤੋਂ ਲੱਕੀ ਸਿੰਘ ਖਾਲਸਾ, ਆਈਐੱਸ ਬੱਗਾ, ਦਵਿੰਦਰ ਸਿੰਘ ਵਿੱਕੀ; ਜ਼ਿਲ੍ਹਾ ਅਕਾਲੀ ਜਥਾ ਤੋਂ ਸੁਖਵਿੰਦਰ ਸਿੰਘ ਰਾਜਪਾਲ; ਮਿਸਲ ਸ਼ਹੀਦਾਂ ਤਰਨਾ ਦਲ ਤੋਂ ਭਵਨਜੀਤ ਸਿੰਘ, ਬਘੇਲ ਸਿੰਘ; ਬਾਬਾ ਦੀਪ ਸਿੰਘ ਸੇਵਾ ਮਿਸ਼ਨ ਤੋਂ ਹਰਜਿੰਦਰ ਸਿੰਘ ਜਿੰਦਾ, ਬਲਦੇਵ ਸਿੰਘ; ਸਿੱਖ ਸਟੂਡੈਂਟ ਫੈਡਰੇਸ਼ਨ ਤੋਂ ਕਮਲਪ੍ਰੀਤ ਸਿੰਘ ਸਮੇਤ ਵੱਖ-ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।

### ਸ਼੍ਰੋਮਣੀ ਕਮੇਟੀ ਵੱਲੋਂ ਘਟਨਾ ਦੀ ਸਖ਼ਤ ਨਿੰਦਾ; ਸਰਕਾਰ 'ਤੇ ਸਾਧਿਆ ਨਿਸ਼ਾਨਾ

ਗੁਟਕਾ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਉਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੀਤੇ ਕੁਝ ਸਮੇਂ ਤੋਂ ਪਾਵਨ ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋਣਾ ਚਿੰਤਾਜਨਕ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਅਜਿਹੇ ਸੰਵੇਦਨਸ਼ੀਲ ਮਾਮਲਿਆਂ ਵਿੱਚ ਗੰਭੀਰਤਾ ਅਤੇ ਸਖ਼ਤੀ ਨਾ ਦਿਖਾਉਣ ਕਾਰਨ ਹੀ ਦੋਸ਼ੀਆਂ ਦੇ ਹੌਸਲੇ ਲਗਾਤਾਰ ਵੱਧ ਰਹੇ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਨਵੇਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਵਿੱਚ ਸੋਧ ਨੂੰ ਲੈ ਕੇ ਸਖ਼ਤ ਸਜ਼ਾਵਾਂ ਦੇਣ ਦਾ ਪ੍ਰਚਾਰ ਤਾਂ ਜ਼ੋਰ-ਸ਼ੋਰ ਨਾਲ ਕਰ ਰਹੀ ਹੈ, ਪ੍ਰੰਤੂ ਅਸਲ ਵਿੱਚ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਠੋਸ ਕਾਰਵਾਈ ਕਰਨ ਅਤੇ ਇਸ ਪਿੱਛੇ ਕੰਮ ਕਰ ਰਹੀਆਂ ਡੂੰਘੀਆਂ ਸਾਜ਼ਿਸ਼ਾਂ ਨੂੰ ਬੇਨਕਾਬ ਕਰਨ ਵਿੱਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋ ਰਹੀ ਹੈ।

# ਐੱਨਆਰਆਈ ਭਾਈਚਾਰੇ ਨੇ ਅਕਾਲੀ ਦਲ 'ਤੇ ਪ੍ਰਗਟਾਇਆ ਭਰੋਸਾ

## ✪ 'ਆਪ' ਅਤੇ ਕਾਂਗਰਸ ਸਰਕਾਰ ਖ਼ਿਲਾਫ਼ ਜਤਾਈ ਨਾਰਾਜ਼ਗੀ

ਚੰਡੀਗੜ੍ਹ-ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ ਵਸੇ ਐੱਨਆਰਆਈ ਭਾਈਚਾਰੇ (ਪਰਵਾਸੀ ਭਾਰਤੀਆਂ) ਨੇ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ 'ਤੇ ਪੂਰਨ ਭਰੋਸਾ ਪ੍ਰਗਟ ਕੀਤਾ ਹੈ। ਆਸਟ੍ਰੇਲੀਆ ਤੇ ਨਿਊਜ਼ੀਲੈਂਡ ਦੇ ਸਫ਼ਲ ਦੌਰੇ ਤੋਂ ਪਰਤੇ ਅਕਾਲੀ ਦਲ ਦੇ ਵਫ਼ਦ ਨੇ ਉੱਥੋਂ ਦੇ ਪਰਵਾਸੀ ਪੰਜਾਬੀਆਂ ਦੇ ਰੁਝਾਨ ਬਾਰੇ ਅਹਿਮ ਜਾਣਕਾਰੀਆਂ ਸਾਂਝੀਆਂ ਕੀਤੀਆਂ ਹਨ। ਵਫ਼ਦ ਦੀ ਅਗਵਾਈ ਕਰਨ ਵਾਲੇ ਸੀਨੀਅਰ ਅਕਾਲੀ ਆਗੂ ਤੇਜਿੰਦਰ ਸਿੰਘ ਮਿੱਡੂਖੇੜਾ ਨੇ ਦੱਸਿਆ ਕਿ ਪਰਵਾਸੀ ਪੰਜਾਬੀਆਂ ਦੇ ਮਨ ਵਿੱਚ ਮੌਜੂਦਾ ਸਿਆਸੀ ਸਥਿਤੀ ਨੂੰ ਲੈ ਕੇ ਸਥਿਤੀ ਬਿਲਕੁਲ ਸਪੱਸ਼ਟ ਹੈ। ਐੱਨਆਰਆਈਜ਼ ਦਾ ਮੰਨਣਾ ਹੈ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਉਨ੍ਹਾਂ ਨੂੰ ਜੋ ਹਮਾਇਤ ਅਤੇ ਸਤਿਕਾਰ ਮਿਲਦਾ ਸੀ, ਉਹ ਹੁਣ ਦੀਆਂ ਸਰਕਾਰਾਂ ਵਿੱਚ ਬਿਲਕੁਲ ਗਾਇਬ ਹੈ।

ਮਿੱਡੂਖੇੜਾ ਅਨੁਸਾਰ ਪਰਵਾਸੀ ਪੰਜਾਬੀਆਂ ਨੇ ਅਕਾਲੀ ਸਰਕਾਰ ਦੇ ਕਾਰਜਕਾਲ ਨੂੰ ਯਾਦ ਕਰਦਿਆਂ ਕਿਹਾ:

ਅਕਾਲੀ ਦਲ ਦੀ ਸਰਕਾਰ ਵੇਲੇ ਐੱਨਆਰਆਈਜ਼ ਦੇ ਮਸਲੇ 'ਸੰਗਤ ਦਰਸ਼ਨ' ਪ੍ਰੋਗਰਾਮਾਂ ਦੌਰਾਨ ਮੌਕੇ 'ਤੇ ਹੀ ਹੱਲ ਕੀਤੇ ਜਾਂਦੇ ਸਨ। ਪਰਵਾਸੀਆਂ ਦੀ ਸਹੂਲਤ ਅਤੇ ਸੁਰੱਖਿਆ ਲਈ ਖ਼ਾਸ ਤੌਰ 'ਤੇ ਐੱਨਆਰਆਈ ਅਦਾਲਤਾਂ ਅਤੇ ਐੱਨਆਰਆਈ ਪੁਲਿਸ ਥਾਣੇ ਬਣਾਏ ਗਏ ਸਨ। ਅਕਾਲੀ ਦਲ ਹਮੇਸ਼ਾ ਹਰ ਮੁਸ਼ਕਿਲ ਘੜੀ ਵਿੱਚ ਐੱਨਆਰਆਈ ਭਾਈਚਾਰੇ ਨਾਲ ਚੱਟਾਨ ਵਾਂਗ ਡਟਿਆ ਰਿਹਾ।

'ਆਪ' ਅਤੇ ਕਾਂਗਰਸ ਸਰਕਾਰ ਤੋਂ ਪਰਵਾਸੀ ਪੰਜਾਬੀ ਨਿਰਾਸ਼-ਤੇਜਿੰਦਰ ਸਿੰਘ ਮਿੱਡੂਖੇੜਾ ਨੇ ਦੱਸਿਆ ਕਿ ਐਨਆਰਆਈਜ਼ ਇਸ ਗੱਲੋਂ ਬੇਹੱਦ ਖ਼ਫ਼ਾ ਹਨ ਕਿ ਪਿਛਲੀ ਕਾਂਗਰਸ ਅਤੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਉਨ੍ਹਾਂ ਦੀ ਭਲਾਈ ਵਾਸਤੇ ਕੱਖ ਵੀ ਨਹੀਂ ਕੀਤਾ। ਪਰਵਾਸੀ ਭਾਰਤੀ ਮੌਜੂਦਾ 'ਆਪ' ਸਰਕਾਰ ਦੇ ਰਵੱਈਏ ਤੋਂ ਸਭ ਤੋਂ ਜ਼ਿਆਦਾ ਪ੍ਰੇਸ਼ਾਨ ਅਤੇ ਨਿਰਾਸ਼ ਹਨ, ਕਿਉਂਕਿ ਉਨ੍ਹਾਂ ਨੇ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਆਮ ਆਦਮੀ ਪਾਰਟੀ ਦੀ ਡੱਟ ਕੇ ਮਦਦ ਕੀਤੀ ਸੀ, ਪਰ ਬਦਲੇ ਵਿੱਚ ਉਨ੍ਹਾਂ ਨੂੰ ਸਿਰਫ਼ ਨਿਰਾਸ਼ਾ ਹੀ ਹੱਥ ਲੱਗੀ।

ਦੌਰੇ ਦੌਰਾਨ ਅਕਾਲੀ ਦਲ ਦੇ ਵਫ਼ਦ ਨੇ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਵੱਖ-ਵੱਖ ਖੇਡ ਕਲੱਬਾਂ, ਗੁਰਦੁਆਰਾ ਕਮੇਟੀਆਂ ਅਤੇ ਪ੍ਰਮੁੱਖ ਸਿੱਖ ਸੰਸਥਾਵਾਂ ਦੇ ਮੁਖੀਆਂ ਨਾਲ ਅਹਿਮ ਬੈਠਕਾਂ ਕੀਤੀਆਂ। ਮਿੱਡੂਖੇੜਾ ਨੇ ਦੱਸਿਆ ਕਿ ਉਨ੍ਹਾਂ ਨੇ ਪਰਵਾਸੀਆਂ ਨਾਲ ਸਮਾਜਿਕ ਤੌਰ 'ਤੇ ਮੁਲਾਕਾਤਾਂ ਕਰ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਨੇੜਿਓਂ ਸਮਝਿਆ ਹੈ, ਤਾਂ ਜੋ ਭਵਿੱਖ ਵਿੱਚ ਉਨ੍ਹਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਇੱਕ ਮਜ਼ਬੂਤ ਖਾਕਾ (ਰੋਡਮੈਪ) ਤਿਆਰ ਕੀਤਾ ਜਾ ਸਕੇ।

ਐੱਨਆਰਆਈ ਭਾਈਚਾਰੇ ਨੇ ਵਫ਼ਦ ਰਾਹੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਭਰੋਸਾ ਦਿਵਾਇਆ ਹੈ ਕਿ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੋਵਾਂ ਦੇਸ਼ਾਂ ਦੇ ਪਰਵਾਸੀ ਪੰਜਾਬੀ ਉਨ੍ਹਾਂ ਦੀ ਮੇਜ਼ਬਾਨੀ ਕਰਨ ਵਾਸਤੇ ਬੇਹੱਦ ਉਤਸੁਕ ਹਨ ਅਤੇ ਜਲਦ ਹੀ ਉਨ੍ਹਾਂ ਦੇ ਉੱਥੇ ਪਹੁੰਚਣ ਦਾ ਇੰਤਜ਼ਾਰ ਕਰ ਰਹੇ ਹਨ।

# ਮੈਡੀਕਲ ਖੇਤਰ ਵਿੱਚ ਵੱਡਾ ਫਰਜ਼ੀਵਾੜਾ ?

## ✪ ਹਸਪਤਾਲਾਂ ਅਤੇ ਫਾਰਮਾ ਕੰਪਨੀਆਂ ਦੇ ਕਥਿਤ ਘੁਟਾਲਿਆਂ ਦਾ ਪਰਦਾਫਾਸ਼



### ਮੈਡੀਕਲ ਕੌਂਸਲ ਆਫ਼ ਇੰਡੀਆ ਦੀ ਨਾਕਾਮੀ ਅਤੇ ਨਿਯਮਾਂ ਦੀ ਉਲੰਘਣਾ

ਸਾਲ 2016 ਵਿੱਚ ਇੱਕ ਸਰਕਾਰੀ ਕਮੇਟੀ ਨੇ ਖੁਲਾਸਾ ਕੀਤਾ ਸੀ ਕਿ ਐਮ.ਸੀ.ਆਈ. ਨੇ ਨਵੇਂ ਮੈਡੀਕਲ ਕਾਲਜਾਂ ਨੂੰ ਮਨਜ਼ੂਰੀ ਦੇਣ ਵਿੱਚ ਤਾਂ ਤੇਜ਼ੀ ਦਿਖਾਈ, ਪਰ ਡਾਕਟਰਾਂ ਦੀ ਭ੍ਰਿਸ਼ਟਾਚਾਰੀ ਨੂੰ ਰੋਕਣ ਵਿੱਚ ਨਾਕਾਮ ਰਹੀ। ਡਾਕਟਰਾਂ ਵੱਲੋਂ ਹੇਠ ਲਿਖੇ ਨਿਯਮਾਂ ਦੀ ਸ਼ਰੇਆਮ ਉਲੰਘਣਾ ਕੀਤੀ ਜਾਂਦੀ ਹੈ:

ਦਵਾਈਆਂ ਦੇ ਬ੍ਰਾਂਡਿਡ ਨਾਮ ਦੀ ਬਜਾਏ ਸਿਰਫ਼ ਜੈਨਰਿਕ (ਸਾਲਟ) ਨਾਮ ਲਿਖਣਾ ਲਾਜ਼ਮੀ ਹੈ, ਜੋ ਕਿ ਨਹੀਂ ਕੀਤਾ ਜਾਂਦਾ। ਇਲਾਜ ਤੋਂ ਪਹਿਲਾਂ ਮਰੀਜ਼ ਨੂੰ ਪੂਰੇ ਖਰਚੇ ਦੀ ਜਾਣਕਾਰੀ ਦੇਣੀ (ਨਿਯਮ 1.8) ਅਤੇ ਲਿਖਤੀ ਸਹਿਮਤੀ ਲੈਣਾ ਜ਼ਰੂਰੀ ਹੈ।

ਸਰਕਾਰੀ ਸਿਹਤ ਸਕੀਮਾਂ (ਜਿਵੇਂ ਸਾਬਕਾ ਫੌਜੀਆਂ ਲਈ ਸਕੀਮਾਂ) ਦੇ ਤਹਿਤ ਮਰੀਜ਼ਾਂ ਨੂੰ ਮਾਮੂਲੀ ਬਿਮਾਰੀ ਲਈ ਭਰਤੀ ਕਰਕੇ ਸਰਕਾਰ ਤੋਂ ਫਰਜ਼ੀ ਅਤੇ ਮੋਟੇ ਬਿੱਲ ਪਾਸ ਕਰਵਾਏ ਜਾਂਦੇ ਹਨ।

ਪੰਜਾਬ ਟਾਈਮਜ਼ ਅਨੁਸਾਰ ਇਸ ਖ਼ਬਰ ਦਾ ਮਕਸਦ ਦੇਸ਼ ਦੇ ਨਾਗਰਿਕਾਂ ਨੂੰ ਜਾਗਰੂਕ ਕਰਨਾ ਹੈ ਤਾਂ ਜੋ ਉਹ ਮੈਡੀਕਲ ਖੇਤਰ ਵਿੱਚ ਹੋ ਰਹੀ ਕਿਸੇ ਵੀ ਸੰਭਾਵਿਤ ਲੁੱਟ ਜਾਂ ਫਰਜ਼ੀਵਾੜੇ ਤੋਂ ਆਪਣੇ ਪਰਿਵਾਰ ਨੂੰ ਬਚਾ ਸਕਣ। ਦਵਾਈਆਂ ਲੈਂਦੇ ਸਮੇਂ ਜੈਨਰਿਕ ਨਾਮਾਂ ਦੀ ਮੰਗ ਕਰੋ ਅਤੇ ਕਿਸੇ ਵੀ ਵੱਡੀ ਸਰਜਰੀ ਤੋਂ ਪਹਿਲਾਂ ਦੂਜੇ ਡਾਕਟਰ ਦੀ ਸਲਾਹ ਜ਼ਰੂਰ ਲਵੋ।

ਨਵੀਂ ਦਿੱਲੀ-ਭਾਰਤ ਦਾ ਮੈਡੀਕਲ ਖੇਤਰ ਇਸ ਸਮੇਂ ਗੰਭੀਰ ਸਵਾਲਾਂ ਦੇ ਘੇਰੇ ਵਿੱਚ ਹੈ। ਵੱਖ-ਵੱਖ ਖੋਜ ਰਿਪੋਰਟਾਂ, ਸਰਵੇਖਣਾਂ ਅਤੇ ਮੀਡੀਆ ਖੁਲਾਸਿਆਂ ਮੁਤਾਬਕ, ਦੇਸ਼ ਦੀ ਸਿਹਤ ਪ੍ਰਣਾਲੀ ਵਿੱਚ ਵਪਾਰੀਕਰਨ ਅਤੇ ਫਰਜ਼ੀਵਾੜਾ ਇਸ ਹੱਦ ਤੱਕ ਵਧ ਚੁੱਕਾ ਹੈ ਕਿ ਇੱਕ ਸੰਸਦੀ ਕਮੇਟੀ ਨੇ ਵੀ ਇਸ ਸਥਿਤੀ 'ਤੇ ਚਿੰਤਾ ਪ੍ਰਗਟਾਈ ਹੈ। ਮਰੀਜ਼ਾਂ ਦੀ ਜੇਬ ਕੱਟਣ ਤੋਂ ਲੈ ਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਨਾਲ ਖੇਡਣ ਤੱਕ ਦੇ ਕਈ ਹੈਰਾਨ ਕਰਨ ਵਾਲੇ ਮਾਮਲੇ ਸਾਹਮਣੇ ਆਏ ਹਨ। ਇੱਕ ਹਾਲੀਆ ਖੋਜ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿੱਚ ਹੋਣ ਵਾਲੀਆਂ ਕੁੱਲ ਸਰਜਰੀਆਂ (ਆਪਰੇਸ਼ਨਾਂ) ਵਿੱਚੋਂ ਲਗਭਗ 44% ਸਰਜਰੀਆਂ ਫਰਜ਼ੀ, ਬੇਲੋੜੀਆਂ ਜਾਂ ਸਿਰਫ਼ ਪੈਸੇ ਕਮਾਉਣ ਦੇ ਮਕਸਦ ਨਾਲ ਕੀਤੀਆਂ ਜਾਂਦੀਆਂ ਹਨ। ਇਸ ਰਿਪੋਰਟ ਵਿੱਚ ਵੱਖ-ਵੱਖ ਬਿਮਾਰੀਆਂ ਦੇ ਆਪਰੇਸ਼ਨਾਂ ਦੇ ਹੈਰਾਨੀਜਨਕ ਅੰਕੜੇ ਪੇਸ਼ ਕੀਤੇ ਗਏ ਹਨ:

- ਦਿਲ ਦੇ ਆਪਰੇਸ਼ਨ : 55% ਬੇਲੋੜੇ
- ਬੱਚੇਦਾਨੀ ਕੱਢਣੀ: 48% ਬੇਲੋੜੀ
- ਕੈਂਸਰ ਦੀਆਂ ਸਰਜਰੀਆਂ: 47% ਬੇਲੋੜੀਆਂ
- ਗੋਡੇ ਬਦਲਣਾ : 48% ਬੇਲੋੜੇ
- ਸਿਜ਼ੇਰੀਅਨ ਡਿਲੀਵਰੀ : 45% ਬੇਲੋੜੀ

ਬੀਐਮਜੇ ਗਲੋਬਲ ਹੈਲਥ ਦੇ ਇੱਕ ਸਰਵੇਖਣ ਅਨੁਸਾਰ, ਮਹਾਰਾਸ਼ਟਰ ਦੇ ਕਈ ਨਾਮਵਰ ਹਸਪਤਾਲਾਂ ਵਿੱਚ ਸੀਨੀਅਰ ਡਾਕਟਰਾਂ ਦੀ ਮਹੀਨਾਵਾਰ ਤਨਖਾਹ 1 ਕਰੋੜ ਰੁਪਏ ਤੱਕ ਹੈ। ਦੋਸ਼ ਹੈ ਕਿ ਜਿਹੜੇ ਡਾਕਟਰ ਮਰੀਜ਼ਾਂ ਨੂੰ ਜ਼ਿਆਦਾ ਟੈਸਟ, ਮਹਿੰਗੇ ਇਲਾਜ ਜਾਂ ਸਰਜਰੀਆਂ ਲਈ ਮਜਬੂਰ ਕਰਦੇ ਹਨ, ਉਨ੍ਹਾਂ ਨੂੰ ਵੱਧ ਕਮਿਸ਼ਨ ਦਿੱਤਾ ਜਾਂਦਾ ਹੈ।

### ਮਰੇ ਹੋਏ ਮਰੀਜ਼ਾਂ ਨੂੰ 'ਜ਼ਿੰਦਾ' ਦਿਖਾ ਕੇ ਲੁੱਟ

ਦਿ ਟਾਈਮਜ਼ ਆਫ਼ ਇੰਡੀਆ ਅਤੇ ਡਾ. ਗਾਡਰੇ ਤੇ ਸ਼ੁਕਲਾ ਦੀ ਕਿਤਾਬ "Dissenting Diagnosis" ਵਿੱਚ ਹਸਪਤਾਲਾਂ ਦੀ ਅਣਮਨੁੱਖੀ ਲੁੱਟ ਦੇ ਮਾਮਲੇ ਉਜਾਗਰ ਕੀਤੇ ਗਏ ਹਨ:

ਕਈ ਵਾਰ ਪਹਿਲਾਂ ਤੋਂ ਮਰ ਚੁੱਕੇ ਮਰੀਜ਼ਾਂ ਦਾ ਨਕਲੀ ਆਪਰੇਸ਼ਨ ਕੀਤਾ ਜਾਂਦਾ ਹੈ ਅਤੇ ਪਰਿਵਾਰ ਨੂੰ ਕਿਹਾ ਜਾਂਦਾ ਹੈ ਕਿ ਮਰੀਜ਼ ਦੀ ਮੌਤ ਆਪਰੇਸ਼ਨ ਦੌਰਾਨ ਹੋਈ ਹੈ, ਤਾਂ ਜੋ ਪੂਰੀ ਫੀਸ ਵਸੂਲੀ ਜਾ ਸਕੇ। ਦਿੱਲੀ ਦੇ ਇੱਕ ਨਾਮਵਰ ਹਸਪਤਾਲ ਵਿੱਚ ਇੱਕ 14 ਸਾਲ ਦੇ ਮ੍ਰਿਤਕ ਲੜਕੇ ਨੂੰ ਮਹੀਨੇ ਭਰ ਵੇਂਟੀਲੇਟਰ 'ਤੇ ਰੱਖਿਆ ਗਿਆ ਤਾਂ ਜੋ ਬਿੱਲ ਬਣਾਇਆ ਜਾ ਸਕੇ। ਬਾਅਦ ਵਿੱਚ ਦੋਸ਼ੀ ਪਾਏ ਜਾਣ 'ਤੇ ਹਸਪਤਾਲ ਨੇ5 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ, ਪਰ ਪਰਿਵਾਰ ਦੇ ਮਾਨਸਿਕ ਦੁੱਖ ਦਾ ਕੋਈ ਹਿਸਾਬ ਨਹੀਂ।

ਦੇਸ਼ ਵਿੱਚ ਲਗਭਗ 68% ਲੋਕਾਂ ਕੋਲ ਮੈਡੀਕਲ ਬੀਮਾ ਹੈ, ਪਰ ਲੋੜ ਪੈਣ 'ਤੇ ਕੰਪਨੀਆਂ ਕਈ ਤਰ੍ਹਾਂ ਦੇ ਨਿਯਮਾਂ ਦਾ ਹਵਾਲਾ ਦੇ ਕੇ ਕਲੇਮ ਰੱਦ ਕਰ ਦਿੰਦੀਆਂ ਹਨ। ਦੂਜੇ ਪਾਸੇ, 3,000 ਤੋਂ ਵੱਧ ਵੱਡੇ ਹਸਪਤਾਲਾਂ ਨੂੰ ਬੀਮਾ ਕੰਪਨੀਆਂ ਨੇ ਬਲੈਕਲਿਸਟ ਕੀਤਾ ਹੈ ਕਿਉਂਕਿ ਉਨ੍ਹਾਂ ਨੇ ਫਰਜ਼ੀ ਬਿੱਲ ਬਣਾਏ ਸਨ। ਕੋਵਿਡ-19 ਦੇ ਦੌਰਾਨ ਵੀ ਕਈ ਹਸਪਤਾਲਾਂ ਵੱਲੋਂ ਕੋਰੋਨਾ ਦੇ ਫਰਜ਼ੀ ਮਰੀਜ਼ ਦਿਖਾ ਕੇ ਕਰੋੜਾਂ ਰੁਪਏ ਦੇ ਬੀਮਾ ਕਲੇਮ ਹੜੱਪੇ ਗਏ।

'ਇੰਡੀਅਨ ਐਕਸਪ੍ਰੈਸ' ਦੀ ਇੱਕ ਰਿਪੋਰਟ ਮੁਤਾਬਕ, ਸਾਲ 2019 ਵਿੱਚ ਕਾਨਪੁਰ ਦੀ ਸੰਗੀਤਾ ਕਸ਼ਯਪ ਨਾਮ ਦੀ ਮਹਿਲਾ ਨੂੰ ਦਿੱਲੀ ਵਿੱਚ ਨੌਕਰੀ ਦੇ ਬਹਾਨੇ ਬੁਲਾ ਕੇ ਫੋਰਟਿਸ ਹਸਪਤਾਲ ਵਿੱਚ ਮੈਡੀਕਲ ਚੈੱਕਅਪ ਲਈ ਭਰਤੀ ਕਰਵਾਇਆ ਗਿਆ। ਉੱਥੇ ਉਸਨੇ ਡਾਕਟਰਾਂ ਨੂੰ "ਡੋਨਰ" ਬਾਰੇ ਗੱਲ ਕਰਦੇ ਸੁਣਿਆ। ਜਦੋਂ ਉਹ ਉੱਥੋਂ ਭੱਜੀ ਤਾਂ ਉਸਦੇ ਹੀ ਦੋਸਤ ਨੇ ਉਸਨੂੰ ਧਮਕਾਇਆ। ਪੁਲਿਸ ਦੀ ਜਾਂਚ ਵਿੱਚ ਇੱਕ ਬਹੁ-ਕਰੋੜੀ ਅੰਤਰਰਾਸ਼ਟਰੀ ਮਨੁੱਖੀ ਅੰਗ ਤਸਕਰੀ ਰੈਕਟ ਦਾ ਪਰਦਾਫਾਸ਼ ਹੋਇਆ, ਜਿਸ ਵਿੱਚ ਡਾਕਟਰ ਅਤੇ ਹਸਪਤਾਲ ਸਟਾਫ਼ ਸ਼ਾਮਲ ਸਨ।

ਹਸਪਤਾਲ ਰੈਫਰਲ ਸਕੈਮ: ਛੋਟੇ ਡਾਕਟਰ ਵੱਡੇ ਬ੍ਰਾਂਡਡ ਹਸਪਤਾਲਾਂ (ਜਿਵੇਂ ਅਪੋਲੋ, ਫੋਰਟਿਸ, ਐਪੈਕਸ ਆਦਿ) ਵਿੱਚ ਮਰੀਜ਼ ਭੇਜਣ ਲਈ ਮੋਟਾ ਕਮਿਸ਼ਨ ਲੈਂਦੇ ਹਨ। ਕੋਕਿਲਾਬੇਨ ਹਸਪਤਾਲ (ਮੁੰਬਈ) ਵੱਲੋਂ ਸਾਲਾਨਾ ਮਰੀਜ਼ ਭੇਜਣ ਦੀ ਗਿਣਤੀ ਦੇ ਅਧਾਰ 'ਤੇ 1 ਲੱਖ ਰੁਪਏ ਤੋਂ 2.5 ਲੱਖ ਰੁਪਏ ਤੱਕ ਦੇ ਇਨਾਮਾਂ ਦੀ ਪੇਸ਼ਕਸ਼ ਦੇ ਮਾਮਲੇ ਵੀ ਸਾਹਮਣੇ ਆਏ ਹਨ।

ਲੈਬਾਰਟਰੀ ਕਮਿਸ਼ਨ: ਬੈਂਗਲੁਰੂ ਵਿੱਚ ਇਨਕਮ ਟੈਕਸ ਦੇ ਛਾਪਿਆਂ ਦੌਰਾਨ ਪੈਥੋਲੋਜੀ ਲੈਬਾਂ ਤੋਂ 100 ਕਰੋੜ ਰੁਪਏ ਕੈਸ਼ ਅਤੇ 3.5 ਕਿਲੋ ਸੋਨਾ ਬਰਾਮਦ ਹੋਇਆ, ਜੋ ਡਾਕਟਰਾਂ ਨੂੰ 40-50% ਕਮਿਸ਼ਨ ਦੇਣ ਲਈ ਰੱਖਿਆ ਗਿਆ ਸੀ। ਭਾਰਤ ਵਿੱਚ ਲਗਭਗ 2 ਲੱਖ ਲੈਬਾਂ ਵਿੱਚੋਂ ਸਿਰਫ਼ 1,000 ਹੀ ਪ੍ਰਮਾਣਿਤ ਹਨ। ਫਾਰਮਾ ਕੰਪਨੀਆਂ ਵੱਲੋਂ ਡਾਕਟਰਾਂ ਨੂੰ ਰਿਸ਼ਵਤ ਅਤੇ ਦਵਾਈਆਂ 'ਤੇ ਮੋਟਾ ਮੁਨਾਫ਼ਾ ਮਿਲਦਾ ਹੈ। ਵੱਡੀਆਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਡਾਕਟਰਾਂ ਨੂੰ ਆਪਣੇ ਬ੍ਰਾਂਡ ਦੀਆਂ ਦਵਾਈਆਂ ਲਿਖਣ ਲਈ ਸਾਲਾਨਾ ਕਰੋੜਾਂ ਰੁਪਏ ਦੀ ਰਿਸ਼ਵਤ ਦਿੰਦੀਆਂ ਹਨ।

ਡੋਲੋ-650 ਵਿਵਾਦ: ਕੋਵਿਡ ਦੌਰਾਨ ਡੋਲੋ ਦਵਾਈ ਬਣਾਉਣ ਵਾਲੀ ਕੰਪਨੀ 'ਤੇ ਡਾਕਟਰਾਂ ਨੂੰ 1,000 ਕਰੋੜ ਰੁਪਏ ਦੇ ਤੋਹਫ਼ੇ ਅਤੇ ਵਿਦੇਸ਼ੀ ਟੂਰ ਵੰਡਣ ਦੇ ਦੋਸ਼ ਲੱਗੇ।

ਮਹਿੰਗੀਆਂ ਦਵਾਈਆਂ ਦੀ ਲੁੱਟ: 'ਇੰਡੀਆ ਟੂਡੇ' ਦੇ ਸਰਵੇ ਮੁਤਾਬਕ, ਐਮਕਿਓਰ ਦੀ ਕੈਂਸਰ ਵਾਲੀ ਦਵਾਈ 'ਟੈਮੀਕੋਰ' ਹਸਪਤਾਲਾਂ ਨੂੰ ਸਿਰਫ਼ 1,950 ਰੁਪਏਵਿੱਚ ਮਿਲਦੀ ਹੈ, ਪਰ ਮਰੀਜ਼ਾਂ ਨੂੰ ਪੂਰੀ ਐਮਆਰਪੀ ਯਾਨੀ 18,645 ਰੁਪਏ ਵਿੱਚ ਵੇਚੀ ਜਾਂਦੀ ਹੈ।

## ਸਾਬਕਾ ਡੀ.ਜੀ.ਪੀ. ਮੁਹੰਮਦ ਮੁਸਤਫ਼ਾ ਦੀ ਰਿਹਾਇਸ਼ ਦੇ ਨਜ਼ਦੀਕ ਜ਼ੋਰਦਾਰ ਧਮਾਕਾ, ਇੱਕ ਮੱਝ ਜ਼ਖ਼ਮੀ



ਮਲੇਰਕੋਟਲਾ-ਮਲੇਰਕੋਟਲਾ ਵਿਖੇ ਉਸ ਵੇਲੇ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਸਥਾਨਕ ਹਥੋਆ ਸੜਕ 'ਤੇ ਇੱਕ ਜ਼ੋਰਦਾਰ ਧਮਾਕਾ ਹੋਇਆ। ਇਹ ਧਮਾਕਾ ਮਲੇਰਕੋਟਲਾ ਦੇ ਬਾਹਰੋਂ ਲੰਘਦੀ ਲਸਾੜਾ ਡਰੇਨ ਦੇ ਨੇੜੇ ਹੋਇਆ, ਜਿਸ ਦੀ ਗੂੰਜ ਕਾਫੀ ਦੂਰ ਤੱਕ ਸੁਣੀ ਗਈ। ਇਸ ਹਾਦਸੇ ਵਿੱਚ ਇੱਕ ਮੱਝ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ ਹੈ। ਹੈਰਾਨੀ ਅਤੇ ਚਿੰਤਾ ਦੀ ਗੱਲ ਇਹ ਹੈ ਕਿ ਜਿਸ ਜਗ੍ਹਾ 'ਤੇ ਇਹ ਬਲਾਸਟ ਹੋਇਆ, ਉੱਥੋਂ ਕੁਝ ਹੀ ਦੂਰੀ 'ਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਬੀਬਾ ਰਜ਼ੀਆ ਸੁਲਤਾਨਾ ਅਤੇ ਪੰਜਾਬ ਪੁਲਿਸ ਦੇ ਸਾਬਕਾ ਉੱਚ ਅਧਿਕਾਰੀ (ਡੀ.ਜੀ.ਪੀ.) ਮੁਹੰਮਦ ਮੁਸਤਫ਼ਾ ਦੀ ਰਿਹਾਇਸ਼ ਸਥਿਤ ਹੈ। ਹਾਈ-ਪ੍ਰੋਫਾਈਲ ਰਿਹਾਇਸ਼ ਦੇ ਨੇੜੇ ਹੋਏ ਇਸ ਧਮਾਕੇ ਕਾਰਨ ਪੁਲਿਸ ਪ੍ਰਸ਼ਾਸਨ ਨੂੰ ਤੁਰੰਤ ਭਾਜੜਾਂ ਪੈ ਗਈਆਂ। ਘਟਨਾ ਦੀ ਸੂਚਨਾ ਮਿਲਦਿਆਂ ਹੀ ਜ਼ਿਲ੍ਹਾ ਮਲੇਰਕੋਟਲਾ ਦੇ ਪੁਲਿਸ ਮੁਖੀ (ਐਸ.ਐਸ.ਪੀ.) ਗੁਰਮੀਤ ਸਿੰਘ, ਐਸ.ਪੀ. ਰਾਜਵਿੰਦਰ ਸਿੰਘ ਅਤੇ ਥਾਣਾ ਮੁਖੀ ਦਲਜੀਤ ਸਿੰਘ ਗਿੱਲ ਸਮੇਤ ਭਾਰੀ ਪੁਲਿਸ ਫੋਰਸ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਿਸ ਮੁਖੀ ਗੁਰਮੀਤ ਸਿੰਘ ਨੇ ਦੱਸਿਆ ਕਿ ਜਿਸ ਜਗ੍ਹਾ 'ਤੇ ਧਮਾਕਾ ਹੋਇਆ ਹੈ, ਉੱਥੇ ਆਮ ਤੌਰ 'ਤੇ ਕੂੜਾ-ਕਰਕਟ ਸੁੱਟਿਆ ਜਾਂਦਾ ਹੈ। ਮੁਢਲੀ ਜਾਂਚ ਦੇ ਅਧਾਰ 'ਤੇ ਅੰਦਾਜ਼ਾ ਹੈ ਕਿ ਕੂੜੇ ਵਿੱਚ ਕੋਈ ਪੁਟਾਸ਼ ਨੁੰਮਾ ਸ਼ੱਕੀ ਚੀਜ਼ ਹੋ ਸਕਦੀ ਹੈ, ਜਿਸ ਦੇ ਫਟਣ ਕਾਰਨ ਇਹ ਧਮਾਕਾ ਹੋਇਆ। ਉਨ੍ਹਾਂ ਸਪੱਸ਼ਟ ਕੀਤਾ ਕਿ ਮਾਮਲੇ ਦੀ ਅਸਲ ਸੱਚਾਈ ਦਾ ਪਤਾ ਲਗਾਉਣ ਲਈ ਫੋਰੈਂਸਿਕ ਟੀਮਾਂ ਨੂੰ ਸੱਦਿਆ ਗਿਆ ਹੈ ਅਤੇ ਉਨ੍ਹਾਂ ਵੱਲੋਂ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ। ਮਲੇਰਕੋਟਲਾ ਹਾਊਸ' ਦੇ ਮੁੱਖ ਬੁਲਾਰੇ ਅਨਵਾਰ ਮਹਿਬੂਬ ਨੇ ਇਸ ਘਟਨਾ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਹ ਮਾਮਲਾ ਬੇਹੱਦ ਸੰਵੇਦਨਸ਼ੀਲ ਹੈ, ਇਸ ਲਈ ਪੁਲਿਸ ਪ੍ਰਸ਼ਾਸਨ ਨੂੰ ਇਸ ਪੂਰੇ ਮਾਮਲੇ ਦੀ ਡੂੰਘਾਈ ਅਤੇ ਮੁਸਤੈਦੀ ਨਾਲ ਜਾਂਚ ਕਰਨ ਦੀ ਲੋੜ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ।

## ਕੈਨੇਡਾ ਤੋਂ ਡਿਪੋਰਟ ਹੋਣ ਦੇ ਖ਼ਤਰੇ ਵਿਚ ਘਿਰੇ ਹਜ਼ਾਰਾਂ ਪੰਜਾਬੀਆਂ ਨੂੰ ਵੱਡੀ ਰਾਹਤ

# ਨਵੇਂ ਅਸਾਇਲਮ ਕਾਨੂੰਨ 'ਬਿੱਲ ਸੀ-12' ਨੂੰ ਅਦਾਲਤਾਂ 'ਚ ਚੁਣੌਤੀ

ਖਾਸ ਖ਼ਬਰ

ਕੈਨੇਡਾ ਵਿੱਚ ਰਹਿ ਰਹੇ ਅਤੇ ਡਿਪੋਰਟ ਕੀਤੇ ਜਾਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਹਜ਼ਾਰਾਂ ਪੰਜਾਬੀਆਂ ਸਮੇਤ ਵਿਦੇਸ਼ੀ ਨਾਗਰਿਕਾਂ ਲਈ ਇੱਕ ਵੱਡੀ ਰਾਹਤ ਦੀ ਖ਼ਬਰ ਸਾਹਮਣੇ ਆਈ ਹੈ। ਮਾਰਕ ਕਾਰਨੀ ਸਰਕਾਰ ਵੱਲੋਂ ਲਿਆਂਦਾ ਗਿਆ ਨਵਾਂ ਅਸਾਇਲਮ ਕਾਨੂੰਨ 'ਬਿੱਲ ਸੀ-12' ਹੁਣ ਗੰਭੀਰ ਸੰਵਿਧਾਨਕ ਚੁਣੌਤੀਆਂ ਵਿੱਚ ਉਲਝ ਗਿਆ ਹੈ। ਦੇਸ਼ ਭਰ ਦੇ ਇਮੀਗ੍ਰੇਸ਼ਨ ਵਕੀਲਾਂ ਨੇ ਇਸ ਕਾਨੂੰਨ ਵਿਰੁੱਧ ਮੋਰਚਾ ਖੋਲ੍ਹਦਿਆਂ ਫ਼ੈਡਰਲ ਅਦਾਲਤਾਂ ਵਿੱਚ ਤਿੰਨ ਦਰਜਨ ਦੇ ਕਰੀਬ ਮੁਕੱਦਮੇ ਦਾਇਰ ਕਰ ਦਿੱਤੇ ਹਨ। ਕਾਨੂੰਨੀ ਮਾਹਿਰਾਂ ਮੁਤਾਬਕ, ਜਦੋਂ ਤੱਕ ਇਨ੍ਹਾਂ ਮਾਮਲਿਆਂ ਦਾ ਅਦਾਲਤੀ ਨਿਪਟਾਰਾ ਨਹੀਂ ਹੁੰਦਾ, ਉਦੋਂ ਤੱਕ ਨਵੇਂ ਕਾਨੂੰਨ ਤਹਿਤ ਅਯੋਗ ਕਰਾਰ ਦਿੱਤੇ ਗਏ ਵਿਦੇਸ਼ੀ ਨਾਗਰਿਕਾਂ ਨੂੰ ਡਿਪੋਰਟ ਨਹੀਂ ਕੀਤਾ ਜਾ ਸਕੇਗਾ।

### ਵਕੀਲਾਂ ਦੀ ਜਥੇਬੰਦੀ ਵੱਲੋਂ ਵੱਡੀ ਮੁਹਿੰਮ

ਇਸ ਕਾਨੂੰਨੀ ਲੜਾਈ ਦੀ ਨਿਗਰਾਨੀ 'ਕੈਨੇਡੀਅਨ ਐਸੋਸੀਏਸ਼ਨ ਆਫ਼ ਰਫ਼ਿਊਜੀ ਲਾਅਇਰਜ਼' ਅਤੇ 'ਕੈਨੇਡੀਅਨ ਇਮੀਗ੍ਰੇਸ਼ਨ ਲਾਅਇਰਜ਼ ਐਸੋਸੀਏਸ਼ਨ' ਵੱਲੋਂ ਸਾਂਝੇ ਤੌਰ 'ਤੇ ਕੀਤੀ ਜਾ ਰਹੀ ਹੈ। ਵਕੀਲਾਂ ਦਾ ਸਾਫ਼ ਤੌਰ



'ਤੇ ਕਹਿਣਾ ਹੈ ਕਿ ਬਿੱਲ ਸੀ-12 ਸਿੱਧੇ ਤੌਰ 'ਤੇ ਕੈਨੇਡਾ ਦੇ 'ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼' ਦਾ ਉਲੰਘਣ ਹੈ। ਉਨ੍ਹਾਂ ਦਾ ਇਲਜ਼ਾਮ ਹੈ ਕਿ ਇਹ ਬਿੱਲ ਸਿਰਫ਼ ਹਜ਼ਾਰਾਂ ਲੋਕਾਂ ਨੂੰ ਦੇਸ਼ 'ਚੋਂ ਬਾਹਰ ਕੱਢਣ (ਡਿਪੋਰਟ ਕਰਨ) ਦਾ ਰਾਹ ਪੱਧਰ ਕਰਨ ਲਈ ਤਿਆਰ ਕੀਤਾ ਗਿਆ ਹੈ।

ਦੂਜੇ ਪਾਸੇ, ਲਿਬਰਲ ਸਰਕਾਰ ਆਪਣੇ ਫ਼ੈਸਲੇ ਦਾ ਬਚਾਅ ਕਰ ਰਹੀ ਹੈ। ਸਰਕਾਰ ਦਾ ਤਰਕ ਹੈ ਕਿ ਇਸ ਨਵੇਂ ਕਾਨੂੰਨ ਨਾਲ ਪਨਾਹ ਦੇ ਦਾਅਵਿਆਂ ਦੇ ਵੱਡੇ ਬੈਕਲਾਗ ਨੂੰ ਘਟਾਉਣ ਵਿੱਚ ਮਦਦ ਮਿਲੇਗੀ ਅਤੇ ਕੋਈ ਵੀ ਵਿਦੇਸ਼ੀ ਨਾਗਰਿਕ ਅਸਾਇਲਮ ਸਿਸਟਮ ਦੀ ਨਾਜਾਇਜ਼ ਦੁਰਵਰਤੋਂ ਨਹੀਂ ਕਰ ਸਕੇਗਾ।

### 30 ਹਜ਼ਾਰ ਲੋਕਾਂ ਨੂੰ ਮਿਲੇ ਸਨ ਦੇਸ਼ ਛੱਡਣ ਦੇ ਨੋਟਿਸ

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਕੈਨੇਡਾ ਸਰਕਾਰ ਨੇ ਇੱਕ ਸਖ਼ਤ ਕਦਮ ਚੁੱਕਦਿਆਂ ਲਗਭਗ 30 ਹਜ਼ਾਰ ਲੋਕਾਂ ਨੂੰ ਚਿੱਠੀਆਂ ਜਾਰੀ ਕਰਕੇ ਜਲਦ ਤੋਂ ਜਲਦ ਮੁਲਕ ਛੱਡਣ ਦੀ ਹਦਾਇਤ ਦਿੱਤੀ ਸੀ। ਬਿੱਲ ਸੀ-12 ਦੇ ਤਹਿਤ ਇਨ੍ਹਾਂ ਲੋਕਾਂ ਦੀਆਂ ਅਸਾਇਲਮ ਅਰਜ਼ੀਆਂ ਨੂੰ ਵਿਚਾਰਨ ਤੋਂ ਨਕਾਰ ਦਿੱਤਾ ਗਿਆ ਸੀ।

ਨੋਟਿਸਾਂ ਵਿੱਚ ਸਪੱਸ਼ਟ ਲਿਖਿਆ ਗਿਆ ਸੀ ਕਿ ਉਨ੍ਹਾਂ ਦਾ ਰਫ਼ਿਊਜੀ ਦਾਅਵਾ ਜਾਇਜ਼ ਨਹੀਂ ਜਾਪਦਾ, ਜਿਸ ਕਾਰਨ ਇਸ ਨੂੰ 'ਇਮੀਗ੍ਰੇਸ਼ਨ ਐਂਡ ਰਫ਼ਿਊਜੀ ਬੋਰਡ' ਦੀ ਪ੍ਰੋਟੈਕਸ਼ਨ ਕਮੇਟੀ ਕੋਲ ਨਹੀਂ ਭੇਜਿਆ ਜਾ ਸਕਦਾ।

ਇਸ ਅਚਨਚੇਤ ਫ਼ੈਸਲੇ ਤੋਂ ਬਾਅਦ ਪ੍ਰਵਾਸੀਆਂ ਵਿੱਚ ਭਾਜੜ ਮਚ ਗਈ ਸੀ। ਕਈਆਂ ਨੇ 'ਪ੍ਰੀ ਰਿਮੂਵਲ ਰਿਸਕ ਅਸੈਸਮੈਂਟ' ਕਰਵਾਉਣ ਦੀ ਕੋਸ਼ਿਸ਼ ਕੀਤੀ, ਜਦਕਿ ਕਈ ਅਜਿਹੇ ਮੁਲਕਾਂ ਦੇ ਨਾਗਰਿਕ ਸਨ ਜੋ ਇਸ ਸ਼ਰਤ ਦੇ ਦਾਇਰੇ ਵਿੱਚ ਹੀ ਨਹੀਂ ਆਉਂਦੇ ਸਨ, ਜਿਸ ਕਾਰਨ ਉਹ ਵੱਡੀ ਮੁਸੀਬਤ ਵਿੱਚ ਫਸ ਗਏ ਸਨ।

ਨਵੇਂ ਕਾਨੂੰਨ ਮੁਤਾਬਕ, 24 ਜੂਨ 2020 ਤੋਂ ਬਾਅਦ ਆਇਆ ਕੋਈ ਵੀ ਅਜਿਹਾ ਪਨਾਹ ਦਾ ਦਾਅਵਾ ਪ੍ਰਵਾਨ ਨਹੀਂ ਕੀਤਾ ਜਾਵੇਗਾ, ਜੋ ਕੈਨੇਡਾ ਵਿੱਚ 1 ਸਾਲ ਰਹਿਣ ਤੋਂ ਬਾਅਦ ਦਾਖਲ ਕੀਤਾ ਗਿਆ ਹੋਵੇ।

ਅਮਰੀਕਾ ਦੇ ਰਸਤੇ ਗ਼ੈਰ-ਕਾਨੂੰਨੀ ਤਰੀਕੇ ਨਾਲ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਉਹ ਲੋਕ, ਜਿਨ੍ਹਾਂ ਨੇ ਕੈਨੇਡਾ ਆਉਣ ਦੇ 14 ਦਿਨਾਂ ਦੇ ਅੰਦਰ ਅਸਾਇਲਮ ਕਲੇਮ ਫਾਈਲ ਨਹੀਂ ਕੀਤਾ, ਉਨ੍ਹਾਂ ਦੇ ਦਾਅਵੇ ਰੱਦ ਕੀਤੇ ਜਾ ਰਹੇ ਹਨ।

ਸੀ.ਬੀ.ਸੀ.ਦੀ ਰਿਪੋਰਟ ਮੁਤਾਬਕ ਸੰਵਿਧਾਨਕ ਕਾਨੂੰਨ ਦੇ ਮਾਹਰ ਮੰਨਦੇ ਹਨ ਕਿ ਅਦਾਲਤਾਂ ਵਿੱਚ ਇਸ ਨਵੇਂ ਕਾਨੂੰਨ ਖਿਲਾਫ਼ ਚੁਣੌਤੀਆਂ ਕਾਫੀ ਮਜ਼ਬੂਤ ਹਨ। ਅਦਾਲਤੀ ਦਖਲਅੰਦਾਜ਼ੀ ਤੋਂ ਬਾਅਦ ਫਿਲਹਾਲ ਪ੍ਰਵਾਸੀਆਂ ਨੂੰ ਇੱਕ ਵੱਡੀ ਅਸਥਾਈ ਰਾਹਤ ਜ਼ਰੂਰ ਮਿਲ ਗਈ ਹੈ, ਜਿਸ ਨਾਲ ਉਨ੍ਹਾਂ ਦੀ ਤੁਰੰਤ ਡਿਪੋਰਟੇਸ਼ਨ 'ਤੇ ਰੋਕ ਲੱਗ ਗਈ ਹੈ।

# ਅਕਾਲੀ ਸਿਆਸਤ ਦਾ ਭਵਿੱਖ, ਇਆਲੀ ਦਾ ਅਸਤੀਫ਼ਾ ਅਤੇ ਪੰਥਕ ਏਕਤਾ ਦਾ ਸੰਕਟ

### ਖਾਸ ਖਬਰ

ਪੰਜਾਬ ਦੀ ਸਿਆਸਤ ਅਤੇ ਖਾਸ ਕਰਕੇ ਪੰਥਕ ਰਾਜਨੀਤੀ ਇਸ ਵੇਲੇ ਇੱਕ ਬਹੁਤ ਹੀ ਨਾਜ਼ੁਕ ਅਤੇ ਪਰਿਵਰਤਨਸ਼ੀਲ ਦੌਰ ਵਿੱਚੋਂ ਲੰਘ ਰਹੀ ਹੈ। ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਵੱਲੋਂ 'ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ' ਦੇ ਸਾਰੇ ਅਹੁਦਿਆਂ ਤੋਂ ਦਿੱਤਾ ਗਿਆ ਅਸਤੀਫ਼ਾ ਮਹਿਜ਼ ਇੱਕ ਆਗੂ ਦਾ ਨਿੱਜੀ ਫੈਸਲਾ ਨਹੀਂ, ਬਲਕਿ ਪੰਥਕ ਸਫ਼ਾਂ ਵਿੱਚ ਚੱਲ ਰਹੀ ਗਹਿਰੀ ਖਿੱਚੋਤਾਣ, ਵਿਚਾਰਧਾਰਕ ਮਤਭੇਦਾਂ ਅਤੇ ਅਗਵਾਈ ਦੇ ਸੰਕਟ ਦਾ ਪ੍ਰਗਟਾਵਾ ਹੈ। ਇਆਲੀ ਦਾ ਇਹ ਕਦਮ ਅਜਿਹੇ ਮੋੜ 'ਤੇ ਆਇਆ ਹੈ ਜਦੋਂ ਪਾਰਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਅਨੁਸਾਰ ਪੰਥਕ ਏਕਤਾ ਅਤੇ ਪੁਨਰ-ਸੁਰਜੀਤੀ ਦੇ ਦਾਅਵੇ ਕਰ ਰਹੀ ਸੀ। ਮਨਪ੍ਰੀਤ ਸਿੰਘ ਇਆਲੀ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਅਤੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਦੀ ਤਾਲਮੇਲ ਕਮੇਟੀ ਦੇ ਕਨਵੀਨਰ ਸਨ। ਉਨ੍ਹਾਂ ਦੇ ਅਸਤੀਫੇ ਨੇ ਸਾਫ਼ ਕਰ ਦਿੱਤਾ ਹੈ ਕਿ ਪਾਰਟੀ ਅੰਦਰ ਸਭ ਕੁਝ ਅੱਛਾ ਨਹੀਂ ਚੱਲ ਰਿਹਾ। ਇਆਲੀ ਦੇ ਨਾਰਾਜ਼ ਹੋਣ ਦੇ ਮੁੱਖ ਕਾਰਨ ਬੜੇ ਸਪੱਸ਼ਟ ਹਨ:

ਜਿਨ੍ਹਾਂ ਆਗੂਆਂ ਨੂੰ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਮੁਤਾਬਕ ਅਹੁਦਿਆਂ ਤੋਂ ਦੂਰ ਰੱਖਿਆ ਜਾਣਾ ਚਾਹੀਦਾ ਸੀ, ਉਨ੍ਹਾਂ ਨੂੰ ਹੀ ਪਾਰਟੀ ਵਿੱਚ ਮੁੜ ਪ੍ਰਮੁੱਖ ਅਹੁਦੇ ਦਿੱਤੇ ਗਏ। ਸੂਤਰਾਂ ਅਨੁਸਾਰ ਪੁਨਰ ਸੁਰਜੀਤ ਦੇ ਕੁਝ ਆਗੂਆਂ ਵੱਲੋਂ ਭਾਜਪਾ ਨਾਲ ਨਜ਼ਦੀਕੀਆਂ ਵਧਾਉਣ ਦੀ ਕੋਸ਼ਿਸ਼ ਨੇ ਵੀ ਟਕਸਾਲੀ ਸੋਚ ਵਾਲੇ ਆਗੂਆਂ ਨੂੰ ਨਿਰਾਸ਼ ਕੀਤਾ। ਹਾਲਾਂਕਿ ਇਆਲੀ ਨੇ ਕਾਂਗਰਸ, ਭਾਜਪਾ ਜਾਂ 'ਆਪ' ਵਿੱਚ ਜਾਣ ਤੋਂ ਸਾਫ਼ ਮਨਾ ਕਰ ਦਿੱਤਾ ਹੈ, ਪਰ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਦਿੱਤੇ ਗਏ ਬਿਆਨਾਂ ਤੋਂ ਸੰਕੇਤ ਮਿਲਦੇ ਹਨ ਕਿ ਉਹ 'ਅਕਾਲੀ ਦਲ ਵਾਰਿਸ ਪੰਜਾਬ ਦੇ' ਵਿੱਚ ਕੋਈ ਵੱਡੀ ਭੂਮਿਕਾ ਨਿਭਾ ਸਕਦੇ ਹਨ।

ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਅਤੇ 'ਭੇੜ' ਦਾ ਸੱਚ-ਇਸ ਸਾਰੇ ਘਟਨਾਕ੍ਰਮ ਵਿੱਚ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਵਰਗੇ ਪ੍ਰਭਾਵਸ਼ਾਲੀ ਆਗੂ ਪੰਥਕ ਏਕਤਾ ਦੀ ਅਗਵਾਈ ਕਿਉਂ ਨਾ ਕਰ ਸਕੇ? ਅਸਲ ਵਿੱਚ, ਸਿਆਸੀ ਹਿੱਤਾਂ ਅਤੇ ਧਾਰਮਿਕ ਮਰਿਆਦਾ ਵਿਚਾਲੇ ਇੱਕ ਬਾਰੀਕ ਰੇਖਾ ਹੁੰਦੀ ਹੈ। ਜਦੋਂ ਸਿਆਸੀ ਜਥੇਬੰਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਨੂੰ ਅੱਖੋਂ-ਪਰੋਖੇ ਕਰਕੇ ਆਪਣੇ ਨਿੱਜੀ ਜਾਂ ਪਰਿਵਾਰਕ ਹਿੱਤਾਂ ਨੂੰ ਉੱਪਰ ਰੱਖਣ ਲੱਗਦੀਆਂ ਹਨ, ਤਾਂ ਕੋਈ ਵੀ ਧਾਰਮਿਕ ਆਗੂ ਸਫਲ ਅਗਵਾਈ ਨਹੀਂ ਕਰ ਪਾਉਂਦਾ।

ਇਆਲੀ ਅਤੇ ਗਿਆਨੀ ਹਰਪ੍ਰੀਤ ਸਿੰਘ ਵਿਚਾਲੇ ਕਿਸੇ ਸਿੱਧੇ 'ਭੇੜ' ਨਾਲੋਂ ਵੱਡਾ ਕਾਰਨ ਪਾਰਟੀ ਦੇ ਅੰਦਰੂਨੀ ਢਾਂਚੇ ਵਿੱਚ ਉਹ



ਸਵਾਰਥੀ ਅਨਸਰ ਹਨ, ਜਿਨ੍ਹਾਂ ਨੇ ਜਥੇਦਾਰ ਦੇ ਨਿਰਦੇਸ਼ਾਂ ਦੀ ਉਲੰਘਣਾ ਕਰਕੇ ਸੰਗਤ ਨੂੰ ਪਾਰਟੀ ਤੋਂ ਦੂਰ ਕੀਤਾ।


'ਵਾਰਿਸ ਪੰਜਾਬ ਦੇ' ਬਨਾਮ 'ਬਾਦਲ ਦਲ': ਭਵਿੱਖ ਕੀ ਹੈ?-ਅੱਜ ਪੰਜਾਬ ਦੀ ਸਿੱਖ ਸਿਆਸਤ ਦੋ ਧੜਿਆਂ ਵਿੱਚ ਵੰਡੀ ਨਜ਼ਰ ਆ ਰਹੀ ਹੈ। ਬਾਦਲ ਦਲ/ਪੁਨਰ ਸੁਰਜੀਤ: ਇਹ ਧੜਾ ਆਪਣੀ ਪੁਰਾਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਿਹਾ ਹੈ, ਪਰ ਲੀਡਰਸ਼ਿਪ ਦੇ ਗਲਤ ਫੈਸਲਿਆਂ ਅਤੇ ਭਰੋਸੇਯੋਗਤਾ ਦੀ ਕਮੀ ਕਾਰਨ ਜਨਤਾ ਦਾ ਵਿਸ਼ਵਾਸ ਖੋਹ ਚੁੱਕਾ ਹੈ। ਅੰਮ੍ਰਿਤਪਾਲ ਸਿੰਘ ਨੂੰ ਮਿਲੇ ਵੱਡੇ ਜਨਮਤ (4 ਲੱਖ ਤੋਂ ਵੱਧ ਵੋਟਾਂ) ਨੇ ਸਿੱਧ ਕਰ ਦਿੱਤਾ ਹੈ ਕਿ ਪੰਜਾਬ ਦੀ ਜਵਾਨੀ ਅਤੇ ਪੰਥਕ ਵੋਟਰ ਰਵਾਇਤੀ ਲੀਡਰਸ਼ਿਪ ਤੋਂ ਅੱਕ ਚੁੱਕੇ ਹਨ ਅਤੇ ਇੱਕ ਨਵਾਂ, ਦ੍ਰਿੜ ਵਿਕਲਪ ਚਾਹੁੰਦੇ ਹਨ। ਪਰ ਸਵਾਲ ਇਹ ਹੈ ਕਿ ਕੀ ਸਿਰਫ਼ ਭਾਵੁਕਤਾ ਦੇ ਸਿਰ 'ਤੇ ਲੰਮੀ ਸਿਆਸਤ ਚਲਾਈ ਜਾ ਸਕਦੀ ਹੈ? ਜਦੋਂ ਤੱਕ ਇੱਕ ਸਪੱਸ਼ਟ ਸਿਆਸੀ ਅਤੇ ਸਮਾਜਿਕ ਰੋਡਮੈਪ ਤਿਆਰ ਨਹੀਂ ਹੁੰਦਾ, ਉਦੋਂ ਤੱਕ ਭਵਿੱਖ ਧੁੰਦਲਾ ਹੀ ਰਹੇਗਾ।

ਕੀ ਪੰਥਕ ਏਕਤਾ ਜ਼ਰੂਰੀ ਨਹੀਂ?-ਪੰਜਾਬ ਅਤੇ ਸਿੱਖ ਪੰਥ ਦੇ ਹਿੱਤਾਂ ਦੀ ਰਾਖੀ ਲਈ ਪੰਥਕ ਏਕਤਾ ਬੇਹੱਦ ਜ਼ਰੂਰੀ ਹੈ, ਪਰ ਇਹ ਏਕਤਾ ਮਜਬੂਰੀ ਦੀ ਨਹੀਂ, ਬਲਕਿ ਸਿਧਾਂਤਾਂ ਦੀ ਹੋਣੀ ਚਾਹੀਦੀ ਹੈ। ਜਦੋਂ ਤੱਕ ਵੱਖ-ਵੱਖ ਧੜੇ ਆਪਣੀਆਂ ਨਿੱਜੀ ਚੌਧਰਾਂ ਅਤੇ ਸਿਆਸੀ ਲਾਲਸਾਵਾਂ ਨੂੰ ਤਿਆਗ ਕੇ ਇੱਕ ਮੰਚ 'ਤੇ ਨਹੀਂ ਆਉਂਦੇ, ਉਦੋਂ ਤੱਕ ਕੋਈ ਗਠਜੋੜ ਸਫ਼ਲ ਨਹੀਂ ਹੋ ਸਕਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਰਵਉੱਚ ਸੰਸਥਾ ਹੈ। ਅਕਾਲ ਤਖ਼ਤ ਨੂੰ ਸਿਰਫ਼ ਹੁਕਮਨਾਮੇ ਜਾਰੀ ਕਰਨ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਬਲਕਿ ਸਿਆਸੀ ਸਵਾਰਥਾਂ ਤੋਂ ਉੱਪਰ ਉੱਠ ਕੇ ਸਮੁੱਚੀਆਂ ਪੰਥਕ ਧਿਰਾਂ ਨੂੰ ਇੱਕਜੁੱਟ ਕਰਨ ਲਈ ਇੱਕ ਠੋਸ, ਪਾਰਦਰਸ਼ੀ ਅਤੇ ਸਖ਼ਤ ਪਹੁੰਚ ਅਪਣਾਉਣੀ ਪਵੇਗੀ। ਜੇਕਰ ਅਜਿਹਾ ਨਾ ਹੋਇਆ ਤਾਂ ਅਕਾਲੀ ਦਲ ਦਾ ਹਸ਼ਰ ਹੋਰ ਨਿਘਾਰ ਵੱਲ ਜਾਵੇਗਾ ਅਤੇ ਪੰਜਾਬ ਦੀ ਖੇਤਰੀ ਸਿਆਸਤ ਵਿੱਚ ਪੈਦਾ ਹੋਇਆ ਖਲਾਅ ਸੂਬੇ ਲਈ ਨਵੇਂ ਸਿਆਸੀ ਸੰਕਟ ਖੜ੍ਹੇ ਕਰੇਗਾ।

# ਔਰਤਾਂ ਦਾ ਮਾਨਸਿਕ ਬ੍ਰੇਨਵਾਸ਼ ਕਰਕੇ 11 ਸਾਲ ਤੱਕ ਰੇਪ ਕਰਨ ਵਾਲਾ 'ਇਮਾਮ' ਚੜ੍ਹਿਆ ਪੁਲਸ ਅੜਿੱਕੇ

## ✪ ਧਰਮ ਦੀ ਆੜ ਵਿਚ ਮਾਸੂਮ ਬੱਚੀਆਂ ਨਾਲ ਦਰਿੰਦਗੀ, ਲੰਡਨ ਦੀ ਕੋਰਟ ਨੇ ਸੁਣਾਈ ਉਮਰ ਕੈਦ



## ਕਿਹੜੀਆਂ ਜਥੇਬੰਦੀਆਂ ਇਨ੍ਹਾਂ ਦਾ ਵਿਰੋਧ ਕਰ ਰਹੀਆਂ ਹਨ ?

ਇੰਗਲੈਂਡ ਵਿੱਚ ਕਾਲੇ ਜਾਦੂ ਅਤੇ ਧਾਰਮਿਕ ਅੰਧਵਿਸ਼ਵਾਸ ਦੇ ਨਾਮ 'ਤੇ ਹੋਣ ਵਾਲੇ ਸ਼ੋਸ਼ਣ ਖ਼ਿਲਾਫ਼ ਕਈ ਵੱਡੀਆਂ ਸੰਸਥਾਵਾਂ ਲੰਬੇ ਸਮੇਂ ਤੋਂ ਕਾਨੂੰਨੀ ਅਤੇ ਸਮਾਜਿਕ ਲੜਾਈ ਲੜ ਰਹੀਆਂ ਹਨ।

ਸਿੱਖ ਵੂਮੈਨਜ਼ ਏਡ ਅਟੈਂਡ ਸਾਊਥਹਾਲ ਬਲੈਕ ਸਿਸਟਰਜ ਜਥੇਬੰਦੀਆਂ ਯੂ.ਕੇ. ਵਿੱਚ ਰਹਿਣ ਵਾਲੀਆਂ ਏਸ਼ੀਆਈ (ਭਾਰਤੀ, ਪਾਕਿਸਤਾਨੀ) ਔਰਤਾਂ ਦੀ ਮਦਦ ਕਰਦੀਆਂ ਹਨ। ਜਦੋਂ ਕੋਈ ਢੋਂਗੀ ਬਾਬਾ ਜਾਂ ਤਾਂਤਰਿਕ ਕਿਸੇ ਔਰਤ ਦਾ ਸ਼ੋਸ਼ਣ ਕਰਦਾ ਹੈ, ਤਾਂ ਇਹ ਸੰਸਥਾਵਾਂ ਪੀੜਤਾਂ ਨੂੰ ਕਾਨੂੰਨੀ ਸਹਾਇਤਾ, ਰਹਿਣ ਲਈ ਸੁਰੱਖਿਅਤ ਘਰ ਅਤੇ ਮਾਨਸਿਕ ਕਾਊਂਸਲਿੰਗ ਦਿੰਦੀਆਂ ਹਨ।

ਨੈਸ਼ਨਲ ਸੁਸਾਇਟੀ ਫਾਰ ਦਾ ਪਰੀਵੈਂਨਸ਼ਨ ਆਫ ਕਰੂਅਲਟੀ ਨੂੰ ਚਿਲਡਰਨ ਬੱਚਿਆਂ ਦੀ ਸੁਰੱਖਿਆ ਲਈ ਯੂ.ਕੇ. ਦੀ ਸਭ ਤੋਂ ਵੱਡੀ ਸੰਸਥਾ ਹੈ। ਇਹ ਖਾਸ ਤੌਰ 'ਤੇ ਉਨ੍ਹਾਂ ਮਾਮਲਿਆਂ 'ਤੇ ਕੰਮ ਕਰਦੀ ਹੈ ਜਿੱਥੇ ਮਾਪੇ ਆਪਣੇ ਹੀ ਬੱਚਿਆਂ ਨੂੰ 'ਭੂਤ-ਪ੍ਰੇਤ ਦਾ ਸਾਇਆ' ਸਮਝ ਕੇ ਕਥਿਤ ਜਾਦੂਗਰਾਂ ਕੋਲ ਲੈ ਜਾਂਦੇ ਹਨ ਅਤੇ ਬੱਚਿਆਂ 'ਤੇ ਤਸ਼ੱਦਦ ਹੁੰਦਾ ਹੈ।

ਪ੍ਰੋਜੈਕਟ ਵਾਇਲਟ - ਮੈਟ ਪੁਲਿਸ ਲੰਡਨ ਪੁਲਸ ਦੀ ਇੱਕ ਖਾਸ ਟੀਮ ਹੈ, ਜੋ ਸਿਰਫ਼ ਧਾਰਮਿਕ ਅੰਧਵਿਸ਼ਵਾਸ, ਕਾਲੇ ਜਾਦੂ ਅਤੇ ਮਨੁੱਖੀ ਬਲੀ ਵਰਗੇ ਕੇਸਾਂ ਦੀ ਹੀ ਜਾਂਚ ਕਰਦੀ ਹੈ ਅਤੇ ਲੋਕਾਂ ਨੂੰ ਜਾਗਰੂਕ ਕਰਦੀ ਹੈ।

ਮੁਸਲਿਮ ਵੌਮੈਨਜ ਨੈਟਵਰਕ ਯੂਕੇ ਸੰਸਥਾ ਮੁਸਲਿਮ ਭਾਈਚਾਰੇ ਅੰਦਰ ਅਜਿਹੇ ਇਮਾਮਾਂ ਜਾਂ ਪਾਖੰਡੀਆਂ ਖ਼ਿਲਾਫ਼ ਆਵਾਜ਼ ਚੁੱਕਦੀ ਹੈ ਜੋ ਧਰਮ ਦਾ ਡਰ ਦਿਖਾ ਕੇ ਕੁੜੀਆਂ ਦਾ ਬ੍ਰੇਨਵਾਸ਼ ਕਰਦੇ ਹਨ।

ਕਾਨੂੰਨ ਅਤੇ ਜਥੇਬੰਦੀਆਂ ਆਪਣਾ ਕੰਮ ਕਰ ਰਹੀਆਂ ਹਨ, ਪਰ ਸਭ ਤੋਂ ਵੱਡੀ ਲੋੜ ਸਮਾਜਿਕ ਜਾਗਰੂਕਤਾ ਦੀ ਹੈ, ਤਾਂ ਜੋ ਲੋਕ ਬਿਮਾਰੀ ਜਾਂ ਪਰੇਸ਼ਾਨੀ ਵੇਲੇ ਕਿਸੇ ਪਾਖੰਡੀ ਕੋਲ ਜਾਣ ਦੀ ਬਜਾਏ ਡਾਕਟਰਾਂ, ਥੈਰੇਪਿਸਟਾਂ ਜਾਂ ਪੁਲਸ ਦੀ ਮਦਦ ਲੈਣ।

ਲੰਡਨ-ਪੂਰਬੀ ਲੰਡਨ ਵਿੱਚ ਧਾਰਮਿਕ ਆਸ ਅਤੇ 'ਅਲੌਕਿਕ ਸ਼ਕਤੀਆਂ' ਦਾ ਡਰ ਦਿਖਾ ਕੇ ਮਾਸੂਮ ਬੱਚੀਆਂ ਅਤੇ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਵਾਲੇ ਇੱਕ ਨਾਮਵਰ ਇਮਾਮ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਕੇ ਸਲਾਖਾਂ ਪਿੱਛੇ ਪਹੁੰਚਾ ਦਿੱਤਾ ਹੈ। ਅਦਾਲਤ ਨੇ 54 ਸਾਲਾ ਦੋਸ਼ੀ ਇਮਾਮ ਅਬਦੁਲ ਹਲੀਮ ਖਾਨ ਨੂੰ ਬਲਾਤਕਾਰ, ਜਿਨਸੀ ਸ਼ੋਸ਼ਣ ਅਤੇ ਬਾਲ ਸ਼ੋਸ਼ਣ ਦੇ ਕਈ ਸੰਗੀਨ ਮਾਮਲਿਆਂ ਵਿੱਚ ਦੋਸ਼ੀ ਪਾਉਂਦੇ ਹੋਏ ਉਮਰ ਕੈਦ (ਘੱਟੋ-ਘੱਟ 20 ਸਾਲ ਦੀ ਸਖ਼ਤ ਸਜ਼ਾ) ਸੁਣਾਈ ਹੈ।

### 'ਬੁਰੀਆਂ ਰੂਹਾਂ' ਅਤੇ ਕਾਲੇ ਜਾਦੂ ਦਾ ਦਿਖਾਉਂਦਾ ਸੀ ਡਰ

ਮੈਟਰੋਪੋਲੀਟਨ ਪੁਲਸ ਮੁਤਾਬਕ, ਅਬਦੁਲ ਹਲੀਮ ਖਾਨ ਪੂਰਬੀ ਲੰਡਨ ਦੀ ਇੱਕ ਮਸਜਿਦ ਵਿੱਚ ਸਨਮਾਨਿਤ ਧਾਰਮਿਕ ਆਗੂ ਸੀ। ਉਹ ਭਾਈਚਾਰੇ ਦੇ ਮਾਸੂਮ ਪਰਿਵਾਰਾਂ ਅਤੇ ਛੋਟੀਆਂ ਕੁੜੀਆਂ ਨੂੰ ਆਪਣੇ ਜਾਲ ਵਿੱਚ ਫਸਾਉਣ ਲਈ ਕਹਿੰਦਾ ਸੀ ਕਿ ਉਨ੍ਹਾਂ 'ਤੇ "ਬੁਰੀਆਂ ਰੂਹਾਂ" ਦਾ ਸਾਇਆ ਹੈ ਅਤੇ ਉਹ ਉਨ੍ਹਾਂ ਦਾ "ਰੂਹਾਨੀ ਇਲਾਜ" ਕਰੇਗਾ। 2004 ਤੋਂ 2015 ਦੇ ਵਿਚਕਾਰ, ਉਸਨੇ ਇਸੇ ਨਾਟਕ ਹੇਠ ਸੱਤ ਕੁੜੀਆਂ ਅਤੇ ਮਹਿਲਾਵਾਂ ਦਾ ਜਿਨਸੀ ਸ਼ੋਸ਼ਣ ਕੀਤਾ, ਜਿਨ੍ਹਾਂ ਵਿੱਚੋਂ ਸਭ ਤੋਂ ਛੋਟੀ ਪੀੜਤ ਦੀ ਉਮਰ ਮਹਿਜ਼ 12 ਸਾਲ ਸੀ।

ਖਾਨ ਪੀੜਤ ਕੁੜੀਆਂ ਨੂੰ ਇਲਾਜ ਦੇ ਬਹਾਨੇ ਫਲੈਟਾਂ ਜਾਂ ਕਾਲੀ ਫਿਲਮ ਚੜ੍ਹੀਆਂ ਖਿੜਕੀਆਂ ਵਾਲੀਆਂ ਕਾਰਾਂ ਵਰਗੀਆਂ ਸੁੰਨੀਆਂ ਥਾਵਾਂ 'ਤੇ ਮਿਲਣ ਲਈ ਰਾਜ਼ੀ ਕਰਦਾ ਸੀ। ਉੱਥੇ ਉਹ 'ਜਿੰਨ' (ਅਲੌਕਿਕ ਰੂਹ) ਹੋਣ ਦਾ ਡਰਾਉਣਾ ਨਾਟਕ ਕਰਦਿਆਂ ਉਨ੍ਹਾਂ ਨਾਲ ਬਲਾਤਕਾਰ ਕਰਦਾ ਸੀ। ਹਮਲੇ ਤੋਂ ਬਾਅਦ ਉਹ ਕੁੜੀਆਂ ਨੂੰ ਧਮਕਾਉਂਦਾ ਸੀ ਕਿ ਜੇਕਰ ਉਨ੍ਹਾਂ ਨੇ ਮੂੰਹ ਖੋਲ੍ਹਿਆ ਤਾਂ ਉਨ੍ਹਾਂ ਦੇ ਪਰਿਵਾਰ 'ਤੇ ਕਾਲਾ ਜਾਦੂ ਹੋ ਜਾਵੇਗਾ ਜਾਂ ਕੋਈ ਵੱਡੀ ਆਫ਼ਤ ਆ ਜਾਵੇਗੀ।

ਮੀਡੀਆ ਨਾਲ ਗੱਲਬਾਤ ਕਰਦਿਆਂ ਦੋ ਪੀੜਤਾਂ ਨੇ ਆਪਣਾ ਦਰਦ ਬਿਆਨ ਕੀਤਾ ਹੈ। ਸੋਨੀਆ (ਬਦਲਿਆ ਨਾਮ, ਉਮਰ 13 ਸਾਲ) ਦਾ ਕਹਿਣਾ ਹੈ ਕਿ "ਮੈਨੂੰ ਲੱਗਦਾ ਸੀ ਕਿ ਉਸ ਕੋਲ ਸੱਚਮੁੱਚ ਅਲੌਕਿਕ ਸ਼ਕਤੀਆਂ ਹਨ। ਮੈਂ ਇੰਨੀ ਡਰੀ ਹੋਈ ਸੀ ਕਿ ਆਪਣੇ ਵੀਹਵਿਆਂ ਤੱਕ ਪਹੁੰਚਣ ਤੱਕ ਆਪਣੀ ਮਾਂ ਨੂੰ ਵੀ ਕੁਝ ਨਾ ਦੱਸ ਸਕੀ।"

ਫਾਰਾਹ (ਬਦਲਿਆ ਨਾਮ) ਦਾ ਕਹਿਣਾ ਹੈ ਕਿ "ਖਾਨ ਨੇ ਮੇਰੇ ਪਰਿਵਾਰ ਦਾ ਨਜਾਇਜ਼ ਫ਼ਾਇਦਾ ਚੁੱਕਿਆ। ਜਦੋਂ ਮੈਂ ਵੱਡੀ ਹੋ ਕੇ ਆਪਣੇ ਮਾਪਿਆਂ ਨੂੰ ਦੱਸਿਆ, ਤਾਂ ਉਨ੍ਹਾਂ ਨੇ ਮੇਰਾ ਯਕੀਨ ਨਹੀਂ ਕੀਤਾ ਅਤੇ ਮੈਨੂੰ ਹੀ ਦੋਸ਼ੀ ਠਹਿਰਾਇਆ, ਜਿਸ ਕਰਕੇ ਮੈਨੂੰ ਘਰ ਛੱਡਣਾ ਪਿਆ।"

### 2018 ਵਿੱਚ ਇਸ ਤਰ੍ਹਾਂ ਖੁੱਲ੍ਹਿਆ ਗੁਨਾਹਾਂ ਦਾ ਚਿੱਠਾ

ਇਸ ਭਿਆਨਕ ਸਿਲਸਿਲੇ ਦਾ ਖੁਲਾਸਾ ਸਾਲ 2018 ਵਿੱਚ ਹੋਇਆ, ਜਦੋਂ ਸਭ ਤੋਂ ਛੋਟੀ ਉਮਰ ਦੀ ਇੱਕ ਪੀੜਤ ਕੁੜੀ ਨੇ ਹਿੰਮਤ ਦਿਖਾ ਕੇ ਆਪਣੇ ਸਕੂਲ ਦੇ ਥੈਰੇਪਿਸਟ ਨੂੰ ਸਾਰੀ ਗੱਲ ਦੱਸੀ। ਥੈਰੇਪਿਸਟ ਦੀ ਮੁਸਤੈਦੀ ਸਦਕਾ ਮਾਮਲਾ ਪੁਲਸ ਕੋਲ ਪਹੁੰਚਿਆ। ਪੁਲਸ ਨੂੰ ਪੂਰੇ ਸਬੂਤ ਇਕੱਠੇ ਕਰਨ ਅਤੇ ਦੋਸ਼ ਆਇਦ ਕਰਨ ਵਿੱਚ 5 ਸਾਲ ਦਾ ਲੰਬਾ ਸਮਾਂ ਲੱਗਿਆ।

ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਦੀ ਸਰਕਾਰੀ ਵਕੀਲ ਮੇਲੀਆਂ ਗਾਰਨਰ ਨੇ ਕਿਹਾ ਕਿ ਖਾਨ ਨੇ ਕੁੜੀਆਂ ਦਾ ਇਸ ਕਦਰ 'ਬ੍ਰੇਨਵਾਸ਼' (ਮਾਨਸਿਕ ਕਾਬੂ) ਕੀਤਾ ਹੋਇਆ ਸੀ ਕਿ ਉਹ ਸੱਚਮੁੱਚ ਖੁਦ ਨੂੰ ਪ੍ਰੇਤ ਆਤਮਾ ਦੇ ਸਾਏ ਹੇਠ ਮੰਨਣ ਲੱਗ ਪਈਆਂ ਸਨ।

ਕੇਸ ਦੀ ਮਾਹਿਰ ਸਰਕਾਰੀ ਗਵਾਹ ਪ੍ਰੋਫੈਸਰ ਆਇਸ਼ਾ ਕੇ. ਗਿੱਲ ਨੇ ਦੱਸਿਆ, "ਭਾਵੇਂ ਇਸਲਾਮੀ ਸਿੱਖਿਆਵਾਂ ਕਾਲੇ ਜਾਦੂ ਦਾ ਸਮਰਥਨ ਨਹੀਂ ਕਰਦੀਆਂ, ਪਰ ਸਮਾਜਿਕ ਅਤੇ ਸੱਭਿਆਚਾਰਕ ਕਮਜ਼ੋਰੀ, ਧਾਰਮਿਕ ਰੁਤਬੇ ਅਤੇ ਰੂਹਾਨੀ ਡਰ ਦੇ ਇਸ ਸੁਮੇਲ ਨੇ ਮੁਲਜ਼ਮ ਨੂੰ ਇੰਨੇ ਸਾਲ ਬਚਣ ਦਾ ਰਾਹ ਦਿੱਤਾ। ਅਕਸਰ ਔਰਤਾਂ ਸਮਾਜਿਕ ਸ਼ਰਮ ਦੇ ਮਾਰੇ ਅੰਦਰੇ-ਅੰਦਰ ਦੁੱਖ ਸਹਿੰਦੀਆਂ ਰਹਿੰਦੀਆਂ ਹਨ।"

ਪਰ ਫਾਰਾਹ ਵਰਗੀਆਂ ਬਹਾਦਰ ਪੀੜਤਾਂ ਹੁਣ ਦੂਜੀਆਂ ਔਰਤਾਂ ਲਈ ਸੁਨੇਹਾ ਦੇ ਰਹੀਆਂ ਹਨ: "ਅਜਿਹੇ ਹਾਲਾਤ ਵਿੱਚੋਂ ਬਚ ਕੇ ਨਿਕਲਣਾ ਤੁਹਾਨੂੰ ਕਮਜ਼ੋਰ ਨਹੀਂ ਬਣਾਉਂਦਾ, ਬਲਕਿ ਤੁਹਾਡੀ ਮਜ਼ਬੂਤੀ ਦਰਸਾਉਂਦਾ ਹੈ। ਤੁਸੀਂ ਇਸ ਲੜਾਈ ਵਿੱਚ ਇਕੱਲੇ ਨਹੀਂ ਹੋ।"

### ਹੁਣ ਤੱਕ ਕਿੰਨੇ ਕੇਸ ਹੋਏ ਅਤੇ ਕਿੰਨਿਆਂ 'ਤੇ ਕਾਰਵਾਈ ਹੋਈ ?

ਇੰਗਲੈਂਡ ਦੀ ਪੁਲਸ ਦੇ ਰਿਕਾਰਡ ਮੁਤਾਬਕ, ਕਾਲੇ ਜਾਦੂ ਅਤੇ ਅਲੌਕਿਕ ਸ਼ਕਤੀਆਂ ਦੇ ਡਰ ਨਾਲ ਜੁੜੇ ਅਪਰਾਧਾਂ ਨੂੰ "ਧਾਰਮਿਕ ਆਸ 'ਤੇ ਆਧਾਰਿਤ ਸ਼ੋਸ਼ਣ" ਜਾਂ "ਚਾਈਲਡ ਅਬਿਊਜ਼ ਲਿੰਕਡ ਨੂੰ ਫੇਰ ਆਰ ਬੀਲੀਫ" ਦੀ ਕੈਟਾਗਰੀ ਵਿੱਚ ਰੱਖਿਆ ਜਾਂਦਾ ਹੈ।

ਯੂ.ਕੇ. ਵਿੱਚ ਹਰ ਸਾਲ ਇਸ ਕੈਟਾਗਰੀ ਦੇ ਲਗਭਗ 200 ਤੋਂ 300 ਕੇਸ ਪੁਲਸ ਕੋਲ ਆਫੀਸ਼ੀਅਲ ਤੌਰ 'ਤੇ ਰਿਪੋਰਟ ਹੁੰਦੇ ਹਨ। 2022 ਤੋਂ 2026 ਦੇ ਵਿਚਕਾਰ ਅਜਿਹੇ ਸੈਂਕੜੇ ਮਾਮਲੇ ਸਾਹਮਣੇ ਆਏ ਹਨ।

ਅਸਲ ਗਿਣਤੀ ਬਹੁਤ ਜ਼ਿਆਦਾ: ਸਮਾਜਿਕ ਜਥੇਬੰਦੀਆਂ ਮੁਤਾਬਕ ਅਸਲ ਕੇਸਾਂ ਦੀ ਗਿਣਤੀ ਇਸ ਤੋਂ ਕਿਤੇ ਵੱਧ ਹੈ, ਕਿਉਂਕਿ ਬਹੁਤ ਸਾਰੀਆਂ ਪੀੜਤ ਔਰਤਾਂ ਅਤੇ ਬੱਚੇ ਸਮਾਜਿਕ ਸ਼ਰਮ, ਪਰਿਵਾਰ ਦੇ ਦਬਾਅ ਜਾਂ 'ਸ਼ਰਾਪ' ਦੇ ਡਰ ਕਰਕੇ ਪੁਲਸ ਕੋਲ ਸ਼ਿਕਾਇਤ ਦਰਜ ਹੀ ਨਹੀਂ ਕਰਵਾਉਂਦੇ।


ਇਨ੍ਹਾਂ ਕੇਸਾਂ ਵਿੱਚ ਕਾਰਵਾਈ ਕਰਨਾ ਪੁਲਸ ਲਈ ਬਹੁਤ ਮੁਸ਼ਕਲ ਹੁੰਦਾ ਹੈ, ਕਿਉਂਕਿ ਇਹ ਗੁਨਾਹ ਬੰਦ ਕਮਰਿਆਂ ਜਾਂ ਗੱਡੀਆਂ ਵਿੱਚ ਹੁੰਦੇ ਹਨ ਅਤੇ ਸਬੂਤ ਇਕੱਠੇ ਕਰਨ ਵਿੱਚ ਸਾਲਾਂ ਬੱਧੀ ਸਮਾਂ ਲੱਗ ਜਾਂਦਾ ਹੈ (ਜਿਵੇਂ ਉੱਪਰਲੇ ਕੇਸ ਵਿੱਚ 2018 ਦੀ ਸ਼ਿਕਾਇਤ 'ਤੇ ਸਜ਼ਾ ਹੁਣ ਹੋਈ ਹੈ)। ਫਿਰ ਵੀ, ਬੀਤੇ 3-4 ਸਾਲਾਂ ਵਿੱਚ ਬ੍ਰਿਟਿਸ਼ ਅਦਾਲਤਾਂ ਨੇ ਅਬਦੁਲ ਹਲੀਮ ਖਾਨ ਵਰਗੇ ਕਈ ਪਾਖੰਡੀ ਬਾਬਿਆਂ, ਇਮਾਮਾਂ ਅਤੇ ਕਥਿਤ ਜਾਦੂਗਰਾਂ ਨੂੰ ਉਮਰ ਕੈਦ ਅਤੇ ਲੰਬੀਆਂ ਸਜ਼ਾਵਾਂ ਸੁਣਾਈਆਂ ਹਨ।

## ਕੀ ਮੀਡੀਆ/ਅਖ਼ਬਾਰਾਂ ਵਿੱਚ ਇਨ੍ਹਾਂ ਦੀ ਐਡ 'ਤੇ ਪਾਬੰਦੀ ਨਹੀਂ ਲੱਗਣੀ ਚਾਹੀਦੀ ?

ਯੂ.ਕੇ. ਦੇ ਕਾਨੂੰਨ ਮੁਤਾਬਕ ਇਸ 'ਤੇ ਕਾਫੀ ਸਖ਼ਤੀ ਹੈ, ਪਰ ਫਿਰ ਵੀ ਇਹ ਲੋਕ ਚੋਰ-ਮੋਰੀਆਂ ਲੱਭ ਲੈਂਦੇ ਹਨ: ਯੂ.ਕੇ. ਵਿੱਚ ਅਸ਼ਅ (ਐਡਵਰਟਾਈਜ਼ਿੰਗ ਸਟੈਂਡਰਡਰਜ ਅਥਾਰਟੀ) ਨਾਮ ਦੀ ਸੰਸਥਾ ਹੈ। ਉਨ੍ਹਾਂ ਦੇ ਨਿਯਮਾਂ ਮੁਤਾਬਕ ਕੋਈ ਵੀ ਵਿਅਕਤੀ ਅਜਿਹਾ ਇਸ਼ਤਿਹਾਰ ਨਹੀਂ ਦੇ ਸਕਦਾ ਜੋ ਲੋਕਾਂ ਨੂੰ ਗੁੰਮਰਾਹ ਕਰੇ ਜਾਂ ਕਾਲੇ ਜਾਦੂ ਰਾਹੀਂ ਬਿਮਾਰੀਆਂ ਠੀਕ ਕਰਨ, ਲਾਟਰੀ ਜਿਤਾਉਣ ਜਾਂ ਪ੍ਰੇਮੀ ਨੂੰ ਵਾਪਸ ਲਿਆਉਣ ਦੇ ਦਾਅਵੇ ਕਰੇ। ਅਜਿਹੀਆਂ ਐਡਸ ਯੂ.ਕੇ. ਦੇ ਮੁੱਖ ਧਾਰਾ ਦੇ ਟੀਵੀ ਚੈਨਲਾਂ ਜਾਂ ਵੱਡੇ ਅਖ਼ਬਾਰਾਂ ਵਿੱਚ ਬੈਨ ਹਨ।

ਫਿਰ ਇਹ ਧੰਦਾ ਕਿਵੇਂ ਚੱਲਦਾ ਹੈ ? ਇਹ ਪਾਖੰਡੀ ਲੋਕ ਮੁੱਖ ਮੀਡੀਆ ਦੀ ਬਜਾਏ ਸਥਾਨਕ ਖੇਤਰੀ ਅਖ਼ਬਾਰਾਂ, ਸੋਸ਼ਲ ਮੀਡੀਆ, ਪੈਂਫਲੇਟ (ਪਰਚੇ) ਅਤੇ ਨਿੱਜੀ ਵਟਸਐਪ ਗਰੁੱਪਾਂ ਰਾਹੀਂ ਪ੍ਰਚਾਰ ਕਰਦੇ ਹਨ।

ਐਡਵਰਟਾਈਜ਼ਿੰਗ ਸਟੈਂਡਰਡਰਜ ਅਥਾਰਟੀ ਅਤੇ ਪੁਲਸ ਲਗਾਤਾਰ ਅਜਿਹੇ ਇਸ਼ਤਿਹਾਰਾਂ ਨੂੰ ਹਟਾਉਂਦੀ ਹੈ ਅਤੇ ਭਾਰੀ ਜੁਰਮਾਨੇ ਕਰਦੀ ਹੈ, ਪਰ ਇੰਟਰਨੈੱਟ ਕਰਕੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਰੋਕਣਾ ਵੱਡੀ ਚੁਣੌਤੀ ਬਣਿਆ ਹੋਇਆ ਹੈ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਸਿੱਖਿਆ ਉਹੀ ਹੈ ਜਿਸ ਨਾਲ ਮਨੁੱਖ ਨੂੰ ਆਪਣੇ ਆਪੇ ਦੀ ਪਹਿਚਾਣ ਹੋਵੇ ।

# ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਨਸਾਫ਼ ਦੀ ਅਧੂਰੀ ਤਸਵੀਰ

ਪੰਜਾਬ ਦੀ ਸਿਆਸਤ ਵਿੱਚ 'ਬੇਅਦਬੀ' ਦਾ ਮੁੱਦਾ ਹਮੇਸ਼ਾ ਹੀ ਅਜਿਹਾ ਸੰਵੇਦਨਸ਼ੀਲ ਵਿਸ਼ਾ ਰਿਹਾ ਹੈ, ਜਿਸ ਨੇ ਸੱਤਾਵਾਂ ਬਣਾਈਆਂ ਵੀ ਹਨ ਅਤੇ ਡੇਗੀਆਂ ਵੀ। ਪਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਚਾਲੇ ਪੈਦਾ ਹੋਇਆ ਤਾਜ਼ਾ ਟਕਰਾਅ ਸੂਬੇ ਵਿੱਚ ਇੱਕ ਨਵੀਂ ਸੰਵਿਧਾਨਕ ਅਤੇ ਧਾਰਮਿਕ ਦਰਾਰ ਵੱਲ ਇਸ਼ਾਰਾ ਕਰ ਰਿਹਾ ਹੈ। 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਨੂੰ ਲੈ ਕੇ ਉਪਜਿਆ ਇਹ ਵਿਵਾਦ ਸਿਰਫ਼ ਕਾਨੂੰਨੀ ਨੁਕਤਿਆਂ ਤੱਕ ਸੀਮਤ ਨਹੀਂ ਹੈ, ਸਗੋਂ ਇਹ ਪੰਥਕ ਮਰਯਾਦਾ ਅਤੇ ਚੁਣੀ ਹੋਈ ਸਰਕਾਰ ਦੇ ਅਧਿਕਾਰ ਖੇਤਰਾਂ ਵਿਚਾਲੇ ਸ਼ਕਤੀ-ਸੰਤੁਲਨ ਦੀ ਪਰਖ ਵੀ ਹੈ। ਕਿਸੇ ਵੀ ਅਜਿਹੇ ਕਾਨੂੰਨ ਨੂੰ ਬਣਾਉਣ ਤੋਂ ਪਹਿਲਾਂ, ਜੋ ਸਿੱਧੇ ਤੌਰ 'ਤੇ ਸਿੱਖ ਪੰਥ ਦੀਆਂ ਧਾਰਮਿਕ ਮਾਨਤਾਵਾਂ ਨਾਲ ਜੁੜਿਆ ਹੋਵੇ, ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸੰਸਥਾਵਾਂ ਨਾਲ ਸਲਾਹ-ਮਸ਼ਵਰਾ ਨਾ ਕਰਨਾ ਸਰਕਾਰ ਦੀ ਇੱਕ ਵੱਡੀ ਰਣਨੀਤਕ ਚੂਕ ਕਹੀ ਜਾ ਸਕਦੀ ਹੈ। ਜਥੇਦਾਰ ਸਾਹਿਬ ਵੱਲੋਂ ਉਠਾਏ ਗਏ ਇਤਰਾਜ਼-ਜਿਵੇਂ ਕਿ ਪਵਿੱਤਰ ਸਰੂਪਾਂ 'ਤੇ ਯੂਨੀਕ ਸੀਰੀਅਲ ਨੰਬਰ ਲਗਾਉਣਾ ਅਤੇ ਸਰੂਪ ਰੱਖਣ ਵਾਲਿਆਂ ਦੀ ਪਛਾਣ ਜਨਤਕ ਕਰਨੀ-ਸੁਰੱਖਿਆ ਅਤੇ ਮਰਯਾਦਾ ਦੇ ਪੱਖੋਂ ਵਿਚਾਰਨਯੋਗ ਹਨ। ਦੂਜੇ ਪਾਸੇ, ਮੁੱਖ ਮੰਤਰੀ ਦੀ 'ਸ਼ੁਕਰਾਨਾ ਯਾਤਰਾ' ਨੂੰ ਜਥੇਦਾਰ ਵੱਲੋਂ "ਹੰਕਾਰ ਯਾਤਰਾ" ਕਰਾਰ ਦੇਣਾ ਇਹ ਦਰਸਾਉਂਦਾ ਹੈ ਕਿ ਕੁੜੱਤਣ ਕਿੰਨੀ ਗਹਿਰੀ ਹੋ ਚੁੱਕੀ ਹੈ। ਯਾਦ ਰਹੇ ਕਿ 2015 ਦੀਆਂ ਬਰਗਾੜੀ ਅਤੇ ਬਹਿਬਲ ਕਲਾਂ ਦੀਆਂ ਘਟਨਾਵਾਂ ਤੋਂ ਬਾਅਦ ਪੰਜਾਬ ਦੀ ਹਰ ਸਿਆਸੀ ਪਾਰਟੀ-ਅਕਾਲੀ ਦਲ, ਕਾਂਗਰਸ, ਭਾਜਪਾ ਅਤੇ ਹੁਣ 'ਆਪ'-ਨੇ ਬੇਅਦਬੀ ਦੇ ਮੁੱਦੇ ਨੂੰ ਸਿਆਸੀ ਲਾਹੇ ਲਈ ਵਰਤਿਆ ਹੈ। ਵਿਰੋਧੀ ਧਿਰ ਵਿੱਚ ਰਹਿੰਦਿਆਂ ਸਭ ਪੰਥਕ ਭਾਵਨਾਵਾਂ ਦੀ ਗੱਲ ਕਰਦੇ ਹਨ, ਪਰ ਸੱਤਾ ਵਿੱਚ ਆਉਂਦਿਆਂ ਹੀ ਕਾਰਵਾਈ ਦੀ ਰਫ਼ਤਾਰ ਸੁਸਤ ਹੋ ਜਾਂਦੀ ਹੈ। ਵੱਡੀ ਤ੍ਰਾਸਦੀ ਇਹ ਹੈ ਕਿ ਨਵਾਂ ਕਾਨੂੰਨ ਭਵਿੱਖ ਦੀਆਂ ਘਟਨਾਵਾਂ 'ਤੇ ਲਾਗੂ ਹੋਵੇਗਾ, ਜਦਕਿ ਪੰਜਾਬ ਦੀ ਰੂਹ ਅੱਜ ਵੀ 2015 ਦੇ ਉਨ੍ਹਾਂ ਜ਼ਖ਼ਮਾਂ ਲਈ ਇਨਸਾਫ਼ ਮੰਗ ਰਹੀ ਹੈ, ਜੋ ਅੱਜ ਵੀ ਅਦਾਲਤਾਂ ਵਿੱਚ ਉਲਝੇ ਹੋਏ ਹਨ। ਸੰਵਿਧਾਨ ਦੀ ਧਾਰਾ 20(1) ਮੁਤਾਬਕ ਪੁਰਾਣੇ ਮਾਮਲਿਆਂ ਵਿੱਚ ਨਵੇਂ ਕਾਨੂੰਨ ਤਹਿਤ ਸਜ਼ਾ ਨਹੀਂ ਦਿੱਤੀ ਜਾ ਸਕਦੀ, ਜਿਸ ਤੋਂ ਸਪਸ਼ਟ ਹੈ ਕਿ ਇਹ ਨਵਾਂ ਕਾਨੂੰਨ ਫਿਲਹਾਲ ਸਿਰਫ਼ ਇੱਕ ਸਿਆਸੀ ਸੁਨੇਹਾ ਦੇਣ ਦੀ ਕੋਸ਼ਿਸ਼ ਮਾਤਰ ਹੈ। ਪੰਜਾਬ ਨੂੰ ਅੱਜ ਸਿਰਫ਼ ਸਖ਼ਤ ਕਾਨੂੰਨਾਂ ਦੀ ਹੀ ਨਹੀਂ, ਸਗੋਂ ਸਾਫ਼-ਸੁਥਰੀ 'ਨੀਤ' ਦੀ ਲੋੜ ਹੈ। 23 ਮਈ ਨੂੰ ਖ਼ਤਮ ਹੋਣ ਵਾਲਾ ਅਲਟੀਮੇਟਮ ਸੂਬੇ ਵਿੱਚ ਕਿਸੇ ਵੱਡੇ ਸਿਆਸੀ ਜਾਂ ਧਾਰਮਿਕ ਸੰਕਟ ਦਾ ਮੁੱਢ ਬੰਨ੍ਹ ਸਕਦਾ ਹੈ। ਪਰ ਅਸਲੀ ਸਵਾਲ ਕਾਨੂੰਨ ਦੀਆਂ ਧਾਰਾਵਾਂ ਦਾ ਨਹੀਂ, ਸਗੋਂ ਉਸ ਜਵਾਬਦੇਹੀ ਦਾ ਹੈ ਜੋ ਇੱਕ ਦਹਾਕੇ ਤੋਂ ਗ਼ੈਰ-ਹਾਜ਼ਰ ਹੈ। ਆਪ ਸਰਕਾਰ ਨੂੰ ਇਹ ਸਮਝਣਾ ਹੋਵੇਗਾ ਕਿ ਪੰਜਾਬ ਦੇ ਲੋਕ ਹੁਣ ਸਿਰਫ਼ ਬਿਆਨਬਾਜ਼ੀ ਨਹੀਂ, ਸਗੋਂ ਉਨ੍ਹਾਂ ਦੋਸ਼ੀਆਂ ਨੂੰ ਸਜ਼ਾ ਮਿਲਦੀ ਦੇਖਣਾ ਚਾਹੁੰਦੇ ਹਨ ਜਿਨ੍ਹਾਂ ਨੇ ਗੁਰੂ ਸਾਹਿਬ ਦੀ ਬੇਅਦਬੀ ਕੀਤੀ। ਜੇਕਰ ਇਨਸਾਫ਼ ਦੀ ਪ੍ਰਕਿਰਿਆ ਵਿੱਚ ਸੁਧਾਰ ਨਾ ਹੋਇਆ, ਤਾਂ ਇਹ ਨਵਾਂ ਕਾਨੂੰਨ ਵੀ ਪਿਛਲੇ ਚੋਣ ਵਾਅਦਿਆਂ ਵਾਂਗ ਮਹਿਜ਼ ਇੱਕ ਕਾਗਜ਼ੀ ਦਸਤਾਵੇਜ਼ ਬਣ ਕੇ ਰਹਿ ਜਾਵੇਗਾ।

## ਕੀ ਅਮਰੀਕਾ-ਇਰਾਨ ਤਣਾਅ ਨਾਲ 'ਵਿਸ਼ਵ ਯੁੱਧ' ਹੋ ਸਕਦਾ ਹੈ ?

ਫਰਵਰੀ 2026 ਤੋਂ ਸ਼ੁਰੂ ਹੋਏ ਅਮਰੀਕਾ-ਇਰਾਨ ਫੌਜੀ ਟਕਰਾਅ (ਓਪਰੇਸ਼ਨ ਐਪਿਕ ਫਿਊਰੀ), ਇਰਾਨ ਦੇ ਸਰਵਉੱਚ ਨੇਤਾ ਦੀ ਮੌਤ ਅਤੇ ਉਸ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਜਾਰੀ 'ਤਣਾਅਪੂਰਨ ਜੰਗਬੰਦੀ' ਨੇ ਪੂਰੀ ਦੁਨੀਆ ਨੂੰ ਸੰਕਟ ਵਿੱਚ ਪਾ ਦਿੱਤਾ ਹੈ। ਹਾਲਾਂਕਿ, ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਸਿੱਧੇ ਤੌਰ 'ਤੇ 'ਤੀਜੇ ਵਿਸ਼ਵ ਯੁੱਧ' ਦਾ ਖ਼ਤਰਾ ਘੱਟ ਹੈ, ਪਰ ਇੱਕ ਭਿਆਨਕ ਖੇਤਰੀ ਜੰਗ ਅਤੇ ਗਲੋਬਲ ਆਰਥਿਕ ਤਬਾਹੀ ਦਾ ਖ਼ਤਰਾ ਬਹੁਤ ਗੰਭੀਰ ਹੈ।

ਕਿਸੇ ਵੀ ਜੰਗ ਨੂੰ 'ਵਿਸ਼ਵ ਯੁੱਧ' ਬਣਨ ਲਈ ਦੁਨੀਆ ਦੀਆਂ ਮਹਾਂਸ਼ਕਤੀਆਂ (ਜਿਵੇਂ ਚੀਨ ਅਤੇ ਰੂਸ) ਦਾ ਉਸ ਵਿੱਚ ਸਿੱਧੇ ਤੌਰ 'ਤੇ ਕੁੱਦਣਾ ਜ਼ਰੂਰੀ ਹੁੰਦਾ ਹੈ। ਚੀਨ ਇਸ ਸਮੇਂ ਵਿਚੋਲੇ ਦੀ ਭੂਮਿਕਾ ਨਿਭਾ ਰਿਹਾ ਹੈ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਰਾਸ਼ਟਰਪਤੀ ਟਰੰਪ ਨਾਲ ਮੁਲਾਕਾਤ ਦੌਰਾਨ ਤਣਾਅ ਘਟਾਉਣ ਦੀ ਕੋਸ਼ਿਸ਼ ਕੀਤੀ ਹੈ। ਚੀਨ ਇਰਾਨ ਤੋਂ ਤੇਲ ਖਰੀਦਦਾ ਹੈ, ਇਸ ਲਈ ਉਹ ਨਹੀਂ ਚਾਹੁੰਦਾ ਕਿ ਇਹ ਖੇਤਰ ਪੂਰੀ ਤਰ੍ਹਾਂ ਬਰਬਾਦ ਹੋਵੇ। ਉਹ ਇਰਾਨ ਦਾ ਕੂਟਨੀਤਕ ਸਮਰਥਨ ਕਰ ਰਿਹਾ ਹੈ, ਪਰ ਅਮਰੀਕਾ ਦੇ ਖਿਲਾਫ ਸਿੱਧੀ ਜੰਗ ਵਿੱਚ ਉਤਰਨ ਤੋਂ ਬਚ ਰਿਹਾ ਹੈ। ਰੂਸ ਪਹਿਲਾਂ ਹੀ ਆਪਣੇ ਮੋਰਚਿਆਂ 'ਤੇ ਰੁੱਝਿਆ ਹੋਇਆ ਹੈ, ਇਸ ਲਈ ਉਹ ਇਰਾਨ ਨੂੰ ਹਥਿਆਰਾਂ ਜਾਂ ਤਕਨੀਕੀ ਮਦਦ ਤਾਂ ਦੇ ਸਕਦਾ ਹੈ, ਪਰ ਅਮਰੀਕਾ ਦੇ ਖਿਲਾਫ ਸਿੱਧੇ ਫੌਜੀ ਮੋਰਚੇ 'ਤੇ ਨਹੀਂ ਆਵੇਗਾ। ਇਹ ਜੰਗ ਭਾਵੇਂ ਗਲੋਬਲ ਪੱਧਰ 'ਤੇ ਨਾ ਲੜੀ ਜਾਵੇ, ਪਰ ਇਸ ਦਾ ਅਸਰ ਪੂਰੀ ਦੁਨੀਆ 'ਤੇ ਇੱਕ ਵਿਸ਼ਵ ਯੁੱਧ ਵਰਗਾ ਹੀ ਹੋਵੇਗਾ। ਇਰਾਨ ਨੇ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਤੇਲ ਮਾਰਗ 'ਸਟਰੇਟ ਆਫ ਹਾਰਮੁਜ਼' 'ਤੇ ਸਖ਼ਤ ਕੰਟਰੋਲ ਕਰ ਰੱਖਿਆ ਹੈ ਅਤੇ ਅਮਰੀਕਾ ਨੇ ਇਰਾਨ ਦੀ ਘੇਰਾਬੰਦੀ ਕੀਤੀ ਹੋਈ ਹੈ। ਇਸ ਕਾਰਨ ਦੁਨੀਆ ਭਰ ਵਿੱਚ ਕੱਚੇ ਤੇਲ ਦੀ ਸਪਲਾਈ ਠੱਪ ਹੋ ਰਹੀ ਹੈ, ਜਿਸ ਨਾਲ ਗਲੋਬਲ ਸ਼ੇਅਰ ਬਾਜ਼ਾਰ ਟੁੱਟ ਰਹੇ ਹਨ ਅਤੇ ਬਾਲਣ ਦਾ ਭਾਰੀ ਸੰਕਟ ਪੈਦਾ ਹੋ ਗਿਆ ਹੈ। ਆਰਥਿਕ ਤੌਰ 'ਤੇ ਇਸ ਦਾ ਖ਼ਮਿਆਜ਼ਾ ਭਾਰਤ ਸਮੇਤ ਪੂਰੀ ਦੁਨੀਆ ਭੁਗਤ ਰਹੀ ਹੈ।

ਬਾਕੀ ਹਿਸਾ ਸਫ਼ਾ 9 ਤੇ ਪੜ੍ਹੋ →

**NEWS & VIEWS**

# EDITORS SHOULD UPHOLD STANDARDS BUT NOT CHANGE THE STORY


Gurmukh Singh OBE

Recent discussions and an earlier personal experience, compels me to write about editorial discretion used by Sikh journals claiming global Panthic readership. Acceptance or rejection of articles by editors should uphold standards. Research should quote original sources and show how they are interpreted in the context of independent Sikh thought without the compulsion to conform to the local or national theo-political environment. Without fear of upsetting some cult or social oppressive practices.

For example, articles should not be rejected just to avoid any controversy at a time just because majority community support is needed! This reminds me of own experience when I was asked to avoid controversy at a time when we were commemorating 350th Martyrdom of Guru Tegh Bahadur.

The objection was that the article blamed Hindu priesthood for earlier complaints to the Mughal Emperor about *parchar* tours of Guru Tegh Bahadur. That at the time entire Hindu community and the Central Government were all out to praise the historic role of Guru Tegh Bahadur *in protecting Tilak and Janju.* So, it was not advisable to make available any *new* research on this topic even though we condemn Hill Rajas for opposing Guru Gobind Singh.

Yet, we know that shaheedi of Guru Tegh Bahadur was for *Dharam het.* The consequence in those times was the saving of the Hindu religion (wearers of tilak and janju). As Bhai Gurdas Singh II wrote, it was a martyrdom to save the world (Vaar 41, Pauri 23) by upholding the universal principle of dharam.

If Sikh editors bow to political compulsions, they would have difficulty with numerous Panktis in Sri Guru Granth Sahib Ji about the exploitative ways of the Brahmin/Pandit and *Banaras ke thhagg*! Same goes for quazi and Mullahs.

The article commissioned earlier, was based on research by Dr Fauja Singh, Prof Piara Singh Padam, Dr Harbans Singh, Guru Kian Sakhian, Bhatt Vahis, Assamese Buranjis and more. It summarised a publication by the Sikh Missionary Society UK, *Guru Tegh Bahadur, the True Story* (link at footnote**). There are over 62,000 reads to date by mixed global audience on ResearchGate. (Otherwise too, retired policy civil servants like me, never make *new claims* in their investigative reports!)

Such editorial caution does not promote independent journalism nor further readership knowledge. Such editorial restriction, dictated by outside influence, restricts Panthic progress and quest for historical truth, for example, about Guru Tegh Bahadur. Indian NCERT scholars have distorted Sikh history while our Sikh scholarship in India turned a blind eye for decades. Not scholars chasing Ph Ds but it took Dr M S Rahi, a visiting Chandigarh lawyer, to raise this issue in UK. Such editorial compliance with the establishment line, is a slippery slope which can lead to caution about quoting Gurbani, for example about hypocrisy, rituals and practice of the Brahmin priesthood. Final thought: Editors need to be aware that, abstract articles in scholarly language, are not read by nor influence the masses. They attract very limited readership, mainly of other scholars and research students only. Even then, the interest is in fresh approach, but which is not Panth-divisive and advances frontiers of knowledge by using authentic original sources. As a scholar put it, research should not be *old wine put in new bottles,* even when research students necessarily rely on contemporary sources and on great classical scholars for interpreting Sikhi ideology and institutions.

** guru-tegh-bahadur-ji-the-true-story-gurmukh-singh.pdf
Guru Tegh Bahadur (1621-1675): The True Story

**Gurmukh Singh OBE,** Ret'd Principal Civil Servant (UK) sewauk2005@yahoo.co.uk

## ਸੰਪਾਦਕੀ–8 ਸਫ਼ੇ ਦੀ ਬਾਕੀ

ਸਥਿਤੀ ਤੋਂ ਸਾਫ਼ ਹੈ ਕਿ ਦੋਵੇਂ ਦੇਸ਼ ਇਸ ਸਮੇਂ 'ਬਿਆਨਬਾਜ਼ੀ ਅਤੇ ਕੂਟਨੀਤਕ ਦਬਾਅ' ਦੀ ਖੇਡ ਖੇਡ ਰਹੇ ਹਨ। ਟਰੰਪ ਅਤਿਅੰਤ ਦਬਾਅ ਦੀ ਨੀਤੀ ਅਪਣਾ ਰਹੇ ਹਨ। ਉਹ ਹਮਲਾ ਕਰਨ ਦੀ ਧਮਕੀ ਦੇ ਕੇ ਇਰਾਨ ਤੋਂ ਪਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਸ਼ਰਤ ਮਨਵਾਉਣਾ ਚਾਹੁੰਦੇ ਹਨ। ਖਾੜੀ ਦੇਸ਼ਾਂ (ਸਾਊਦੀ ਅਰਬ, ਕਤਰ, ਯੂ.ਏ.ਈ.) ਦੇ ਦਬਾਅ ਕਾਰਨ ਟਰੰਪ ਨੇ ਫਿਲਹਾਲ 19 ਮਈ ਦਾ ਹਮਲਾ ਟਾਲ ਦਿੱਤਾ ਹੈ, ਕਿਉਂਕਿ ਇਨ੍ਹਾਂ ਦੇਸ਼ਾਂ ਨੂੰ ਡਰ ਹੈ ਕਿ ਜੇ ਜੰਗ ਵਧੀ ਤਾਂ ਇਰਾਨ ਦੇ ਮਿਜ਼ਾਈਲ ਹਮਲੇ ਉਨ੍ਹਾਂ ਦੇ ਤੇਲ ਦੇ ਖੂਹਾਂ ਨੂੰ ਤਬਾਹ ਕਰ ਦੇਣਗੇ। ਇਰਾਨੀ ਰਾਸ਼ਟਰਪਤੀ ਮਸੂਦ ਪੇਜੇਸ਼ਕੀਆਨ ਦੇਸ਼ ਦੇ ਅੰਦਰ ਆਰਥਿਕ ਤੰਗੀ ਅਤੇ ਜੰਗ ਦੇ ਨੁਕਸਾਨ ਨੂੰ ਸਵੀਕਾਰ ਕਰ ਰਹੇ ਹਨ, ਪਰ ਉਹ ਘਰੇਲੂ ਕੱਟੜਪੰਥੀਆਂ ਦੇ ਦਬਾਅ ਵਿੱਚ ਵੀ ਹਨ। ਇਸ ਲਈ ਉਹ "ਸਨਮਾਨ ਨਾਲ ਗੱਲਬਾਤ" ਦੀ ਗੱਲ ਕਰ ਰਹੇ ਹਨ, ਨਾ ਕਿ ਆਤਮਸਮਰਪਣ (ਸਰੰਡਰ) ਦੀ। ਇਰਾਨ ਆਪਣੀ ਪ੍ਰਭੁਸੱਤਾ ਦਾ ਸੌਦਾ ਨਹੀਂ ਕਰਨਾ ਚਾਹੁੰਦਾ।

ਮੌਜੂਦਾ ਸੰਕਟ 'ਵਿਸ਼ਵ ਯੁੱਧ' ਵਿੱਚ ਤਬਦੀਲ ਨਹੀਂ ਹੋਵੇਗਾ, ਕਿਉਂਕਿ ਕੋਈ ਵੀ ਵੱਡੀ ਪਰਮਾਣੂ ਸ਼ਕਤੀ ਸਿੱਧੇ ਤੌਰ 'ਤੇ ਇਸ ਲੜਾਈ ਦਾ ਹਿੱਸਾ ਨਹੀਂ ਬਣਨਾ ਚਾਹੁੰਦੀ। ਹਾਲਾਂਕਿ, ਜੇਕਰ ਪਾਕਿਸਤਾਨ ਦੇ ਮਾਧਿਅਮ ਰਾਹੀਂ ਚੱਲ ਰਹੀ ਕੂਟਨੀਤਕ ਗੱਲਬਾਤ (14-ਸੂਤਰੀ ਪ੍ਰਸਤਾਵ) ਅਸਫਲ ਰਹਿੰਦੀ ਹੈ, ਤਾਂ ਅਮਰੀਕਾ 'ਓਪਰੇਸ਼ਨ ਸਲੇਜਹੈਮਰ' ਤਹਿਤ ਇਰਾਨ 'ਤੇ ਦੁਬਾਰਾ ਵੱਡੇ ਹਵਾਈ ਹਮਲੇ ਸ਼ੁਰੂ ਕਰ ਸਕਦਾ ਹੈ। ਅਜਿਹੀ ਸਥਿਤੀ ਵਿੱਚ, ਇਹ ਇੱਕ ਬਹੁਤ ਹੀ ਵਿਨਾਸ਼ਕਾਰੀ ਖੇਤਰੀ ਜੰਗ ਬਣ ਕੇ ਰਹਿ ਜਾਵੇਗੀ, ਜੋ ਮਿਡਲ ਈਸਟ ਨੂੰ ਕਈ ਦਹਾਕੇ ਪਿੱਛੇ ਧੱਕ ਦੇਵੇਗੀ ਅਤੇ ਪੂਰੀ ਦੁਨੀਆ ਨੂੰ ਇੱਕ ਭਿਆਨਕ ਮੰਦੀ ਦੇ ਚੱਕਰਵਿਊ ਵਿੱਚ ਫਸਾ ਦੇਵੇਗੀ। ਇਸ ਸਮੱਸਿਆ ਦਾ ਹੱਲ ਸਿਰਫ਼ ਅਤੇ ਸਿਰਫ਼ ਕੂਟਨੀਤਕ ਸਮਝੌਤੇ ਰਾਹੀਂ ਹੀ ਨਿਕਲ ਸਕਦਾ ਹੈ। ਪੰਜਾਬ ਟਾਈਮਜ਼ ਮੁਤਾਬਕ ਅਮਰੀਕਾ ਨੂੰ ਇਰਾਨ ਦੀਆਂ ਪਰਮਾਣੂ ਸ਼ਰਤਾਂ ਵਿੱਚ ਥੋੜ੍ਹੀ ਢਿੱਲ ਦੇ ਕੇ ਇਸ ਆਰਥਿਕ ਸੰਕਟ ਨੂੰ ਖ਼ਤਮ ਕਰਨਾ ਚਾਹੀਦਾ ਹੈ।

## ਪ੍ਰੈੱਸ ਦੀ ਆਜ਼ਾਦੀ, ਪੱਤਰਕਾਰ ਹੇਲਾ ਲੈਂਗ ਅਤੇ ਮੋਦੀ

ਨਾਰਵੇ ਦੀ ਰਾਜਧਾਨੀ ਓਸਲੋ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰੈੱਸ ਕਾਨਫਰੰਸ ਦੌਰਾਨ ਨਾਰਵੇਜੀਅਨ ਪੱਤਰਕਾਰ ਹੇਲਾ ਲੈਂਗ ਵੱਲੋਂ ਉੱਚੀ ਆਵਾਜ਼ ਵਿੱਚ ਸਵਾਲ ਪੁੱਛਣ ਦੀ ਕੋਸ਼ਿਸ਼ ਅਤੇ ਉਸ ਤੋਂ ਬਾਅਦ ਸ਼ੁਰੂ ਹੋਈ ਬਹਿਸ ਨੇ ਇੱਕ ਵਾਰ ਫਿਰ ਕੌਮਾਂਤਰੀ ਪੱਧਰ 'ਤੇ ਪ੍ਰੈੱਸ ਦੀ ਆਜ਼ਾਦੀ ਅਤੇ ਪੱਤਰਕਾਰੀ ਦੇ ਅੰਦਰੂਨੀ ਸ਼ਿਸ਼ਟਾਚਾਰ ਨੂੰ ਆਹਮੋ-ਸਾਹਮਣੇ ਲਿਆ ਖੜ੍ਹਾ ਕੀਤਾ ਹੈ। ਇੱਕ ਪਾਸੇ ਜਿੱਥੇ ਇਸ ਘਟਨਾ ਨੂੰ ਪ੍ਰੈੱਸ ਦੀ ਆਜ਼ਾਦੀ ਅਤੇ ਸੱਤਾ ਤੋਂ ਸਵਾਲ ਪੁੱਛਣ ਦੇ ਫ਼ਰਜ਼ ਵਜੋਂ ਦੇਖਿਆ ਜਾ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਇਸ ਨੂੰ ਡਿਪਲੋਮੈਟਿਕ ਮਰਿਆਦਾ ਦੀ ਉਲੰਘਣਾ ਅਤੇ ਸਸਤੀ ਪ੍ਰਸਿੱਧੀ ਹਾਸਲ ਕਰਨ ਦਾ ਜ਼ਰੀਆ ਵੀ ਮੰਨਿਆ ਜਾ ਰਿਹਾ ਹੈ। ਇਹ ਘਟਨਾਕ੍ਰਮ ਲੋਕਤੰਤਰ ਦੇ ਦੋ ਸਭ ਤੋਂ ਅਹਿਮ ਪਹਿਲੂਆਂ-ਜਵਾਬਦੇਹੀ ਅਤੇ ਸੰਵਾਦ ਦੇ ਤਰੀਕੇ-'ਤੇ ਡੂੰਘੀ ਵਿਚਾਰ ਦੀ ਮੰਗ ਕਰਦਾ ਹੈ।

ਪੱਤਰਕਾਰ ਹੇਲਾ ਲੈਂਗ ਦਾ ਇਹ ਤਰਕ ਸਹੀ ਹੋ ਸਕਦਾ ਹੈ ਕਿ ਲੋਕਤੰਤਰ ਵਿੱਚ ਕਿਸੇ ਵੀ ਸ਼ਕਤੀਸ਼ਾਲੀ ਆਗੂ ਤੋਂ ਸਵਾਲ ਪੁੱਛਣਾ ਇੱਕ ਰਿਪੋਰਟਰ ਦਾ ਬੁਨਿਆਦੀ ਫ਼ਰਜ਼ ਹੈ। ਨਾਰਵੇ ਵਰਗੇ ਦੇਸ਼ਾਂ ਵਿੱਚ, ਜੋ ਪ੍ਰੈੱਸ ਫ੍ਰੀਡਮ ਇੰਡੈਕਸ ਵਿੱਚ ਅਕਸਰ ਸਿਖਰ 'ਤੇ ਰਹਿੰਦੇ ਹਨ, ਸਿਆਸਤਦਾਨਾਂ ਨੂੰ ਸਿੱਧੇ ਅਤੇ ਤਿੱਖੇ ਸਵਾਲ ਪੁੱਛਣਾ ਉੱਥੋਂ ਦੇ ਸਭਿਆਚਾਰ ਦਾ ਹਿੱਸਾ ਹੈ। ਜਦੋਂ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਮੁਖੀ ਕਿਸੇ ਵਿਦੇਸ਼ੀ ਦੌਰੇ 'ਤੇ ਹੁੰਦਾ ਹੈ, ਤਾਂ ਉੱਥੋਂ ਦੇ ਮੀਡੀਆ ਦੀ ਇਹ ਉਮੀਦ ਹੁੰਦੀ ਹੈ ਕਿ ਉਨ੍ਹਾਂ ਨੂੰ ਸਵਾਲ-ਜਵਾਬ ਦਾ ਮੌਕਾ ਮਿਲੇ।

ਪਰ ਇੱਥੇ ਸਵਾਲ ਸਿਰਫ਼ 'ਕੀ ਪੁੱਛਿਆ' ਦਾ ਨਹੀਂ, ਸਗੋਂ 'ਕਿਵੇਂ ਪੁੱਛਿਆ' ਦਾ ਵੀ ਹੈ। ਡਿਪਲੋਮੈਟਿਕ ਅਤੇ ਸਰਕਾਰੀ ਪ੍ਰੈੱਸ ਕਾਨਫਰੰਸਾਂ ਦੇ ਕੁਝ ਤੈਅ ਨਿਯਮ ਅਤੇ ਸ਼ਿਸ਼ਟਾਚਾਰ ਹੁੰਦੇ ਹਨ। ਜਦੋਂ ਦੋਵਾਂ ਦੇਸ਼ਾਂ ਦੇ ਪ੍ਰਤੀਨਿਧੀਆਂ ਵੱਲੋਂ ਪਹਿਲਾਂ ਹੀ ਇਹ ਸਪੱਸ਼ਟ ਕਰ ਦਿੱਤਾ ਗਿਆ ਹੋਵੇ (ਜਾਂ ਤੈਅ ਪ੍ਰੋਟੋਕੋਲ ਹੋਵੇ) ਕਿ ਸਵਾਲ ਨਹੀਂ ਲਏ ਜਾਣਗੇ, ਤਾਂ ਕਾਨਫਰੰਸ ਖ਼ਤਮ ਹੋਣ ਤੋਂ ਬਾਅਦ ਚੀਕ ਕੇ ਸਵਾਲ ਦਾਗਣਾ ਪੱਤਰਕਾਰੀ ਦੇ ਪੇਸ਼ੇਵਰ ਮਿਆਰਾਂ ਦੇ ਅਨੁਕੂਲ ਨਹੀਂ ਜਾਪਦਾ। ਭਾਰਤੀ ਡਿਪਲੋਮੈਟਾਂ ਅਤੇ ਆਲੋਚਕਾਂ ਦਾ ਇਹ ਕਹਿਣਾ ਜਾਇਜ਼ ਹੈ ਕਿ ਕਿਸੇ ਵੀ ਦੇਸ਼ ਦੇ ਰਾਸ਼ਟਰ ਮੁਖੀ ਨਾਲ ਗੱਲਬਾਤ ਕਰਦੇ ਸਮੇਂ ਇੱਕ ਮਰਿਆਦਾ ਅਤੇ ਸਤਿਕਾਰ ਹੋਣਾ ਲਾਜ਼ਮੀ ਹੈ, ਜਿਸ ਦੀ ਇਸ ਘਟਨਾ ਵਿੱਚ ਕਮੀ ਦਿਖਾਈ ਦਿੱਤੀ। ਇਸ ਦੇ ਨਾਲ ਹੀ, ਇਹ ਘਟਨਾ ਭਾਰਤ ਵਿੱਚ ਪ੍ਰੈੱਸ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਮੌਜੂਦਾ ਸਥਿਤੀ 'ਤੇ ਅੰਤਰਰਾਸ਼ਟਰੀ ਨਜ਼ਰੀਏ ਨੂੰ ਵੀ ਉਜਾਗਰ ਕਰਦੀ ਹੈ। ਹੇਲਾ ਲੈਂਗ ਵੱਲੋਂ ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ ਵਰਗੀਆਂ ਸੰਸਥਾਵਾਂ ਦੀਆਂ ਰਿਪੋਰਟਾਂ ਦਾ ਹਵਾਲਾ ਦੇਣਾ ਇਹ ਦਰਸਾਉਂਦਾ ਹੈ ਕਿ ਕੌਮਾਂਤਰੀ ਮੀਡੀਆ ਭਾਰਤੀ ਲੋਕਤੰਤਰ ਦੇ ਅੰਦਰੂਨੀ ਹਾਲਾਤ ਨੂੰ ਕਿਸ ਤਰ੍ਹਾਂ ਦੇਖ ਰਿਹਾ ਹੈ। ਹਾਲਾਂਕਿ ਭਾਰਤ ਸਰਕਾਰ ਅਜਿਹੀਆਂ ਕਈ ਰਿਪੋਰਟਾਂ ਨੂੰ ਪੱਖਪਾਤੀ ਅਤੇ ਪੱਛਮੀ ਦੇਸ਼ਾਂ ਦੇ ਏਜੰਡੇ ਦਾ ਹਿੱਸਾ ਦੱਸ ਕੇ ਖਾਰਜ ਕਰਦੀ ਆਈ ਹੈ, ਪਰ ਇੱਕ ਜੀਵੰਤ ਲੋਕਤੰਤਰ ਵਜੋਂ ਭਾਰਤ ਨੂੰ ਵਿਦੇਸ਼ੀ ਮੰਚਾਂ 'ਤੇ ਅਜਿਹੇ ਸਵਾਲਾਂ ਦਾ ਸਾਹਮਣਾ ਕਰਨ ਲਈ ਸਦਾ ਤਿਆਰ ਰਹਿਣਾ ਪਵੇਗਾ।

ਲੋਕਤੰਤਰ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਹੈ ਕਿ ਸੱਤਾ ਸਵਾਲਾਂ ਤੋਂ ਨਾ ਭੱਜੇ ਅਤੇ ਪੱਤਰਕਾਰੀ ਸਵਾਲ ਪੁੱਛਣ ਦੇ ਬਹਾਨੇ ਹੰਗਾਮਾ ਖੜ੍ਹਾ ਨਾ ਕਰੇ। ਜਿੱਥੇ ਸੱਤਾਧਾਰੀ ਆਗੂਆਂ ਨੂੰ ਮੀਡੀਆ ਦੇ ਸਾਹਮਣੇ ਵਧੇਰੇ ਖੁੱਲ੍ਹੇਪਣ ਅਤੇ ਜਵਾਬਦੇਹੀ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ, ਉੱਥੇ ਹੀ ਪੱਤਰਕਾਰਾਂ ਨੂੰ ਵੀ ਆਪਣੀ ਆਵਾਜ਼ ਦੀ ਤਾਕਤ ਨੂੰ ਚੀਕ-ਚਿਹਾੜੇ ਦੀ ਬਜਾਏ ਠੋਸ ਤੱਥਾਂ ਅਤੇ ਸੰਜਮ ਵਿੱਚ ਬਦਲਣ ਦੀ ਲੋੜ ਹੈ। ਓਸਲੋ ਦੀ ਇਹ ਘਟਨਾ ਸਾਨੂੰ ਯਾਦ ਦਿਵਾਉਂਦੀ ਹੈ ਕਿ ਸੁਤੰਤਰਤਾ ਅਤੇ ਮਰਿਆਦਾ ਦੋਵੇਂ ਇੱਕੋ ਸਿੱਕੇ ਦੇ ਦੋ ਪਹਿਲੂ ਹਨ; ਇੱਕ ਦੇ ਬਿਨਾਂ ਦੂਜਾ ਅਧੂਰਾ ਹੈ।

**-ਰਜਿੰਦਰ ਸਿੰਘ ਪੁਰੇਵਾਲ**

# ਪੰਜਾਬੀ ਗਾਇਕਾ ਇੰਦਰ ਕੌਰ ਦਾ ਬੇਰਹਿਮੀ ਨਾਲ ਕਤਲ

## ✪ ਨੀਲੋਂ ਨਹਿਰ ਵਿਚੋਂ ਲਾਸ਼ ਬਰਾਮਦ, ਵਿਆਹ ਤੋਂ ਇਨਕਾਰ ਕਰਨ 'ਤੇ ਦਿੱਤਾ ਵਾਰਦਾਤ ਨੂੰ ਅੰਜਾਮ



ਲੁਧਿਆਣਾ-ਪਿਛਲੇ ਛੇ ਦਿਨਾਂ ਤੋਂ ਲਾਪਤਾ ਪੰਜਾਬੀ ਗਾਇਕਾ ਯਸ਼ਇੰਦਰ ਕੌਰ ਉਰਫ਼ ਇੰਦਰ ਕੌਰ ਦਾ ਕੁਝ ਨੌਜਵਾਨਾਂ ਵੱਲੋਂ ਤੇਜ਼ਧਾਰ ਹਥਿਆਰ ਨਾਲ ਬੇਰਹਿਮੀ ਨਾਲ ਕਤਲ ਕੀਤੇ ਜਾਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਮੁਲਜ਼ਮਾਂ ਨੇ ਵਾਰਦਾਤ ਤੋਂ ਬਾਅਦ ਲਾਸ਼ ਨੂੰ ਨੀਲੋਂ ਨਹਿਰ ਵਿੱਚ ਸੁੱਟ ਦਿੱਤਾ ਸੀ, ਜਿਸ ਨੂੰ ਪੁਲੀਸ ਨੇ ਬਰਾਮਦ ਕਰ ਲਿਆ ਹੈ। ਇਸ ਮਾਮਲੇ ਵਿੱਚ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦਕਿ ਮੁੱਖ ਮੁਲਜ਼ਮ ਨੇਪਾਲ ਦੇ ਰਸਤੇ ਕੈਨੇਡਾ ਫ਼ਰਾਰ ਹੋਣ ਵਿੱਚ ਕਾਮਯਾਬ ਹੋ ਗਿਆ।

ਜਾਣਕਾਰੀ ਅਨੁਸਾਰ ਇੱਕ ਰਾਹਗੀਰ ਨੇ ਨੀਲੋਂ ਨਹਿਰ ਵਿੱਚ ਇੱਕ ਲਾਸ਼ ਤੈਰਦੀ ਦੇਖ ਕੇ ਤੁਰੰਤ ਸਮਰਾਲਾ ਪੁਲੀਸ ਨੂੰ ਸੂਚਿਤ ਕੀਤਾ। ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਬਾਹਰ ਕਢਵਾਇਆ, ਜਿਸ ਦੀ ਪਛਾਣ ਗਾਇਕਾ ਇੰਦਰ ਕੌਰ ਵਜੋਂ ਹੋਈ। ਸਮਰਾਲਾ ਪੁਲੀਸ ਵੱਲੋਂ ਮਾਮਲੇ ਦੀ ਸੂਚਨਾ ਥਾਣਾ ਜਮਾਲਪੁਰ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਜਮਾਲਪੁਰ ਪੁਲੀਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਅਤੇ ਅਗਲੇਰੀ ਜਾਂਚ ਸ਼ੁਰੂ ਕੀਤੀ।

ਗਾਇਕਾ ਇੰਦਰ ਕੌਰ ਦੇ ਭਰਾ ਜੋਤਇੰਦਰ ਸਿੰਘ ਨੇ ਪੁਲੀਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ 13 ਮਈ ਦੀ ਰਾਤ ਕਰੀਬ ਸਾਢੇ ਅੱਠ ਵਜੇ ਇੰਦਰ ਆਪਣੀ ਫੋਰਡ ਫਿਗੋ ਕਾਰ ਵਿੱਚ ਘਰੇਲੂ ਸਾਮਾਨ ਲੈਣ ਲਈ ਬਾਜ਼ਾਰ ਗਈ ਸੀ, ਪਰ ਮੁੜ ਵਾਪਸ ਨਹੀਂ ਪਰਤੀ। ਪਰਿਵਾਰ ਵੱਲੋਂ ਆਪਣੇ ਪੱਧਰ 'ਤੇ ਕੀਤੀ ਪੜਤਾਲ ਦੌਰਾਨ ਪਤਾ ਲੱਗਾ ਕਿ ਮੋਗਾ ਦੇ ਪਿੰਡ ਭਲੂਰ ਦਾ ਰਹਿਣ ਵਾਲਾ ਸੁਖਵਿੰਦਰ ਸਿੰਘ ਸੁੱਖਾ, ਇੰਦਰ 'ਤੇ ਵਿਆਹ ਕਰਵਾਉਣ ਲਈ ਲਗਾਤਾਰ ਦਬਾਅ ਪਾ ਰਿਹਾ ਸੀ। ਸੁੱਖਾ ਪਹਿਲਾਂ ਹੀ ਸ਼ਾਦੀਸ਼ੁਦਾ ਸੀ ਅਤੇ ਉਸ ਦੇ ਬੱਚੇ ਵੀ ਸਨ। ਜਦੋਂ ਇੰਦਰ ਨੇ ਉਸ ਦਾ ਇਹ ਰਿਸ਼ਤਾ ਠੁਕਰਾ ਦਿੱਤਾ, ਤਾਂ ਉਸ ਨੇ ਰੰਜਿਸ਼ ਤਹਿਤ ਕਤਲ ਦੀ ਖ਼ੌਫ਼ਨਾਕ ਸਾਜ਼ਿਸ਼ ਰਚੀ। ਪਰਿਵਾਰ ਨੇ ਦੋਸ਼ ਲਾਇਆ ਹੈ ਕਿ ਸੁਖਵਿੰਦਰ ਸਿੰਘ ਬਦਲਾ ਲੈਣ ਦੀ ਨੀਅਤ ਨਾਲ ਕੈਨੇਡਾ ਤੋਂ ਨੇਪਾਲ ਦੇ ਰਸਤੇ ਵਿਸ਼ੇਸ਼ ਤੌਰ 'ਤੇ ਪੰਜਾਬ ਆਇਆ ਸੀ। ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਰਸਤੇ ਵਿੱਚ ਗਾਇਕਾ ਦੀ ਕਾਰ ਨੂੰ ਘੇਰਿਆ ਅਤੇ ਹਥਿਆਰ ਦੀ ਨੋਕ 'ਤੇ ਅਗਵਾ ਕਰਕੇ ਉਸ ਦਾ ਕਤਲ ਕਰ ਦਿੱਤਾ। ਇਸ ਘਿਨੌਣੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਉਹ ਮੁੜ ਨੇਪਾਲ ਦੇ ਰਸਤੇ ਹੀ ਕੈਨੇਡਾ ਫ਼ਰਾਰ ਹੋ ਗਿਆ।

### ਪੀੜਤ ਪਰਿਵਾਰ ਨੇ ਪੁਲੀਸ ਦੀ ਕਾਰਵਾਈ 'ਤੇ ਚੁੱਕੇ ਸਵਾਲ

ਗਾਇਕਾ ਦੇ ਪਰਿਵਾਰ ਨੇ ਜਮਾਲਪੁਰ ਪੁਲੀਸ ਦੀ ਕਾਰਜਸ਼ੈਲੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ 15 ਮਈ ਨੂੰ ਹੀ ਮੁੱਖ ਮੁਲਜ਼ਮ ਸੁਖਵਿੰਦਰ ਅਤੇ ਉਸ ਦੇ ਸਾਥੀ ਕਰਮਜੀਤ ਸਿੰਘ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਸੀ, ਪਰ ਪੁਲੀਸ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਮੁੱਖ ਮੁਲਜ਼ਮ ਦੇਸ਼ ਛੱਡ ਕੇ ਭੱਜਣ ਵਿੱਚ ਕਾਮਯਾਬ ਰਿਹਾ। ਥਾਣਾ ਜਮਾਲਪੁਰ ਦੇ ਮੁਖੀ ਸਬ ਇੰਸਪੈਕਟਰ ਬਲਬੀਰ ਸਿੰਘ ਨੇ ਦੱਸਿਆ ਕਿ ਪੁਲੀਸ ਨੇ ਇਸ ਮਾਮਲੇ ਵਿੱਚ ਦੋ ਮੁਲਜ਼ਮਾਂ ਕਰਮਜੀਤ ਸਿੰਘ ਅਤੇ ਪ੍ਰੀਤਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਅਦਾਲਤ ਤੋਂ ਉਨ੍ਹਾਂ ਦਾ ਦੋ ਦਿਨ ਦਾ ਪੁਲੀਸ ਰਿਮਾਂਡ ਹਾਸਲ ਕੀਤਾ ਹੈ। ਮੁੱਖ ਮੁਲਜ਼ਮ ਸੁਖਵਿੰਦਰ ਸਿੰਘ ਨੂੰ ਵਿਦੇਸ਼ ਤੋਂ ਵਾਪਸ ਲਿਆਉਣ ਲਈ ਲੋੜੀਂਦੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ 20 ਮਈ ਤੋਂ ਹੋਵੇਗੀ ਆਰੰਭ

ਅੰਮ੍ਰਿਤਸਰ, : ਉੱਤਰਾਖੰਡ ਵਿਖੇ ਲਗਪਗ ਪੰਦਰਾਂ ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਪਵਿੱਤਰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਇਸ ਸਾਲ ਦੀ ਸਾਲਾਨਾ ਯਾਤਰਾ ਵੀਹ ਮਈ ਨੂੰ ਗੁਰਦੁਆਰਾ ਸ੍ਰੀ ਰਿਸ਼ੀਕੇਸ਼ ਤੋਂ ਰਸਮੀ ਤੌਰ 'ਤੇ ਆਰੰਭ ਹੋਵੇਗੀ ਜਦੋਂ ਕਿ ਗੁਰਦੁਆਰਾ ਸਾਹਿਬ ਦੇ ਕਪਾਟ ਸ਼ਰਧਾਲੂਆਂ ਵਾਸਤੇ ਤੇਈ ਮਈ ਨੂੰ ਖ਼ਾਲਸਾਈ ਰਵਾਇਤਾਂ ਮੁਤਾਬਕ ਖੋਲ੍ਹੇ ਜਾਣਗੇ। ਭਾਰਤੀ ਫ਼ੌਜ ਵੱਲੋਂ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਅਤੇ ਪਹਾੜੀ ਰਸਤਿਆਂ ਵਿੱਚੋਂ ਜੰਮੀ ਹੋਈ ਬਰਫ਼ ਹਟਾਉਣ ਦਾ ਕੰਮ ਪੂਰੀ ਤਰ੍ਹਾਂ ਮੁਕੰਮਲ ਕਰ ਲਿਆ ਗਿਆ ਹੈ। ਪ੍ਰਬੰਧਕੀ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਇਹ ਯਾਤਰਾ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਪਹਿਲੇ ਜੱਥੇ ਦੇ ਰੂਪ ਵਿੱਚ ਰਵਾਨਾ ਹੋਵੇਗੀ ਅਤੇ ਇਸ ਸਬੰਧ ਵਿੱਚ ਰਿਸ਼ੀਕੇਸ਼ ਵਿਖੇ ਇੱਕ ਵੱਡਾ ਧਾਰਮਿਕ ਸਮਾਗਮ ਆਯੋਜਿਤ ਕੀਤਾ ਜਾਵੇਗਾ।

# ਬਰਤਾਨਵੀ ਸੰਸਦ ਦੇ ਸੈਸ਼ਨ ਦੀ ਆਰੰਭਤਾ ਮੌਕੇ ਮਹਾਰਾਜਾ ਚਾਰਲਸ ਦੇ ਭਾਸ਼ਣ ਵਿਚ ਸਰਕਾਰ ਦੇ ਨਵੇਂ ਬਿੱਲਾਂ ਦਾ ਐਲਾਨ

## ਡਿਜ਼ੀਟਲ ਪਹਿਚਾਣ ਪੱਤਰ, ਸੈਰ ਸਪਾਟਾ ਟੈਕਸ ਅਤੇ ਰੇਲਵੇ ਦਾ ਰਾਸ਼ਟਰੀਕਰਨ ਸਬੰਧੀ ਨਵੇਂ ਕਾਨੂੰਨ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਸੰਸਦ ਦੇ ਸੈਸ਼ਨ ਦੀ ਆਰੰਭਤਾ ਮੌਕੇ ਮਹਾਰਾਜਾ ਚਾਰਲਸ ਨੇ ਆਪਣੇ ਭਾਸ਼ਣ ਵਿੱਚ ਲੇਬਰ ਸਰਕਾਰ ਦੇ ਨਵੇਂ ਬਿੱਲਾਂ ਦਾ ਐਲਾਨ ਕੀਤਾ। ਉਹਨਾਂ ਕਿਹਾ ਕਿ ਬਰਤਾਨਵੀ ਸਰਕਾਰ ਨੇ ਦੇਸ਼ ਦੇ ਢਾਂਚੇ ਨੂੰ ਆਧੁਨਿਕ ਬਣਾਉਣ ਲਈ ਕਈ ਨਵੇਂ ਕਾਨੂੰਨਾਂ ਦਾ ਐਲਾਨ ਕੀਤਾ ਹੈ। ਇਹਨਾਂ ਵਿੱਚੋਂ 'ਡਿਜੀਟਲ ਆਈ ਡੀ' ਅਤੇ 'ਟੂਰਿਸਟ ਟੈਕਸ' ਵਰਗੇ ਮੁੱਦੇ ਸਭ ਤੋਂ ਵੱਧ ਚਰਚਾ ਵਿੱਚ ਹਨ। ਸਰਕਾਰ 'ਡਿਜੀਟਲ ਜਾਣਕਾਰੀ ਅਤੇ ਸਮਾਰਟ ਡੇਟਾ ਬਿੱਲ' ਲੈ ਕੇ ਆ ਰਹੀ ਹੈ।*



ਮਹਾਰਾਜਾ ਚਾਰਲਸ ਅਤੇ ਰਾਣੀ ਕੈਮਿਲਾ ਸੰਸਦ ਦੇ ਸ਼ੈਸ਼ਨ ਦੀ ਆਰੰਭਤਾ ਮੌਕੇ ਸੰਬੋਧਨ ਕਰਦੇ ਹੋਏ

ਡਿਜੀਟਲ ਵੈਰੀਫਿਕੇਸ਼ਨ ਲਈ ਹੁਣ ਨੌਕਰੀ ਸ਼ੁਰੂ ਕਰਨ, ਘਰ ਖਰੀਦਣ ਜਾਂ ਉਮਰ ਦੀ ਪੁਸ਼ਟੀ ਕਰਨ ਲਈ ਕਾਗਜ਼ੀ ਦਸਤਾਵੇਜ਼ਾਂ ਦੀ ਬਜਾਏ ਡਿਜੀਟਲ ਪਛਾਣ ਦੀ ਵਰਤੋਂ ਕੀਤੀ ਜਾ ਸਕੇਗੀ। ਸਰਕਾਰ ਨੇ ਸਾਫ਼ ਕੀਤਾ ਹੈ ਕਿ ਇਹ ਕੋਈ ਲਾਜ਼ਮੀ 'ਆਈ ਡੀ ਕਾਰਡ' ਨਹੀਂ ਹੋਵੇਗਾ, ਸਗੋਂ ਲੋਕ ਆਪਣੀ ਮਰਜ਼ੀ ਅਨੁਸਾਰ ਇਸ ਦੀ ਵਰਤੋਂ ਕਰ ਸਕਣਗੇ।

ਇਸ ਨਾਲ ਗਾਹਕਾਂ ਲਈ ਆਪਣਾ ਡੇਟਾ ਸੁਰੱਖਿਅਤ ਤਰੀਕੇ ਨਾਲ ਸਾਂਝਾ ਕਰਨਾ ਸੌਖਾ ਹੋ ਜਾਵੇਗਾ, ਜਿਸ ਨਾਲ ਬੈਂਕਿੰਗ ਅਤੇ ਊਰਜਾ ਵਰਗੀਆਂ ਸੇਵਾਵਾਂ ਵਿੱਚ ਬਿਹਤਰ ਡੀਲ ਮਿਲ ਸਕਣਗੇ।

'ਇੰਗਲਿਸ਼ ਡੈਵੋਲੂਸ਼ਨ ਬਿੱਲ' ਰਾਹੀਂ ਸਥਾਨਕ ਕੌਂਸਲਾਂ ਨੂੰ ਵਧੇਰੇ ਤਾਕਤਾਂ ਦਿੱਤੀਆਂ ਜਾ ਰਹੀਆਂ ਹਨ, ਇਸ ਬਿੱਲ ਦੇ ਤਹਿਤ ਮੇਅਰਾਂ ਅਤੇ ਸਥਾਨਕ ਕੌਂਸਲਾਂ ਨੂੰ ਅਧਿਕਾਰ ਹੋਵੇਗਾ ਕਿ ਉਹ ਆਪਣੇ ਇਲਾਕੇ ਵਿੱਚ ਆਉਣ ਵਾਲੇ ਸੈਲਾਨੀਆਂ 'ਤੇ 'ਵਿਜ਼ਿਟਰ ਲੈਵੀ' ਜਾਂ ਟੂਰਿਸਟ ਟੈਕਸ ਲਗਾ ਸਕਣ। ਇਸ ਟੈਕਸ ਤੋਂ ਹੋਣ ਵਾਲੀ ਕਮਾਈ ਦੀ ਵਰਤੋਂ ਸਥਾਨਕ ਸਹੂਲਤਾਂ ਅਤੇ ਸੈਰ-ਸਪਾਟਾ ਸਥਾਨਾਂ ਦੇ ਰੱਖ-ਰਖਾਅ ਲਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਰੇਲਵੇ ਦਾ ਰਾਸ਼ਟਰੀਕਰਨ ਕੀਤਾ ਜਾਵੇਗਾ। ਨਿੱਜੀ ਰੇਲ ਕੰਪਨੀਆਂ ਦੇ ਇਕਰਾਰਨਾਮੇ ਖ਼ਤਮ ਹੋਣ 'ਤੇ ਰੇਲ ਸੇਵਾਵਾਂ ਨੂੰ ਮੁੜ ਸਰਕਾਰੀ ਕੰਟਰੋਲ ਹੇਠ ਲਿਆਂਦਾ ਜਾਵੇਗਾ। ਕਲੀਨ ਐਨਰਜੀ ਇੱਕ ਸਰਕਾਰੀ ਮਲਕੀਅਤ ਵਾਲੀ ਕੰਪਨੀ ਬਣਾਈ ਜਾਵੇਗੀ ਜੋ ਸਾਫ਼ ਅਤੇ ਸਸਤੀ ਬਿਜਲੀ ਪੈਦਾ ਕਰਨ ਲਈ ਕੰਮ ਕਰੇਗੀ। ਇਸ ਤੋਂ ਇਲਾਵਾ ਕਿਰਾਏਦਾਰਾਂ ਦੇ ਅਧਿਕਾਰ ਬਿੱਲ ਰਾਹੀਂ ਬਿਨਾਂ ਕਿਸੇ ਕਸੂਰ ਦੇ ਕਿਰਾਏਦਾਰਾਂ ਨੂੰ ਘਰੋਂ ਕੱਢਣ 'ਤੇ ਰੋਕ ਲਗਾਈ ਜਾਵੇਗੀ। ਸਿਗਰਟਨੋਸ਼ੀ 'ਤੇ ਪਾਬੰਦੀ ਬਿੱਲ ਅਧੀਨ 2009 ਤੋਂ ਬਾਅਦ ਪੈਦਾ ਹੋਏ ਕਿਸੇ ਵੀ ਵਿਅਕਤੀ ਨੂੰ ਸਿਗਰਟ ਵੇਚਣ 'ਤੇ ਪੂਰਨ ਪਾਬੰਦੀ ਵਾਲੇ ਬਿੱਲ ਵਰਨਣਯੋਗ ਹਨ।

## ਹਿਲਿੰਗਡਨ ਕੌਂਸਲ 'ਚ ਵਿਰੋਧੀ ਧਿਰ ਲੇਬਰ ਗਰੁੱਪ ਦੇ ਤਿੰਨ ਉੱਚ ਅਹੁਦੇ ਪੰਜਾਬੀਆਂ ਨੂੰ ਮਿਲੇ



ਗੁਰਸ਼ਰਨ ਸਿੰਘ ਮੰਡ, ਤਨਵੀਰ ਸਿੰਘ ਗਿੱਲ ਅਤੇ ਰਾਜੂ ਸੰਸਾਰਪੁਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਬਾਰੋ ਆਫ ਹਿਲਿੰਗਡਨ ਵਿੱਚ ਸਥਾਨਿਕ ਵੋਟਾਂ ਤੋਂ ਬਾਅਦ ਹਿਲਿੰਗਡਨ ਲੇਬਰ ਪਾਰਟੀ ਦੇ ਨਵੇਂ ਚੁਣੇ ਗਏ ਕੌਂਸਲਰਾਂ ਦੀ ਮੀਟਿੰਗ ਹੋਈ। ਜਿਸ ਵਿੱਚ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਮੀਟਿੰਗ ਵਿੱਚ ਪੰਜਾਬੀਆਂ ਨੂੰ ਅਹਿਮ ਅਤੇ ਵੱਡੀਆਂ ਜ਼ਿੰਮੇਵਾਰੀਆਂ ਮਿਲੀਆਂ ਹਨ। ਜਿਸ ਵਿੱਚ ਕੌਂਸਲਰ ਗੁਰਸ਼ਰਨ ਸਿੰਘ ਮੰਡ ਨੂੰ ਲੇਬਰ ਗਰੁੱਪ ਦਾ ਡਿਪਟੀ ਲੀਡਰ, ਕੌਂਸਲਰ ਤਨਵੀਰ ਸਿੰਘ ਗਿੱਲ ਨੂੰ ਚੀਫ਼ ਵ੍ਹਿਪ, ਅਤੇ ਕੌਂਸਲਰ ਰਾਜੂ ਸੰਸਾਰਪੁਰੀ ਨੂੰ ਡਿਪਟੀ ਚੀਫ਼ ਵ੍ਹਿਪ ਚੁਣਿਆ ਗਿਆ। ਇਹ ਹਿਲਿੰਗਡਨ ਲੇਬਰ ਗਰੁੱਪ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ ਜਦੋਂ ਡਿਪਟੀ ਲੀਡਰ ਦਾ ਅਹੁਦਾ ਇੱਕ ਦਸਤਾਰਧਾਰੀ ਸਿੱਖ ਨੂੰ ਮਿਲਿਆ ਹੈ। ਇਹ ਸਿੱਖ ਅਤੇ ਪੰਜਾਬੀ ਭਾਈਚਾਰੇ ਲਈ ਖੁਸ਼ੀ ਦੀ ਖ਼ਬਰ ਹੈ।

## ਵੈਸਟ ਬ੍ਰੋਮਵਿਚ ਦਾ ਪੰਜਾਬੀ ਮੂਲ ਦਾ ਡਿਲੀਵਰੀ ਡਰਾਈਵਰ ਕਤਲ ਦੇ ਮਾਮਲੇ ਵਿੱਚ ਦੋਸ਼ੀ ਕਰਾਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵੁਲਵਰਹੈਂਪਟਨ ਕਰਾਊਨ ਕੋਰਟ ਵੱਲੋਂ 32 ਸਾਲਾ ਤਨਵੀਰ ਸਿੰਘ ਨੂੰ ਕਤਲ ਦੇ ਇੱਕ ਮਾਮਲੇ ਵਿੱਚ ਦੋਸ਼ੀ ਪਾਇਆ ਗਿਆ ਹੈ। ਜਿਸ ਤੋਂ ਬਾਅਦ ਪੁਲਿਸ ਨੇ ਦੋਸ਼ੀ ਦੀ ਤਸਵੀਰ ਅਤੇ ਜਾਣਕਾਰੀ ਜਨਤਕ ਕੀਤੀ ਹੈ। ਇਹ ਮਾਮਲਾ ਅਗਸਤ 2025 ਦਾ ਹੈ ਜਦੋਂ 41 ਸਾਲਾ ਸ਼ਾਰਾ ਮਿਲਰ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ। ਅਦਾਲਤ ਵਿੱਚ ਦੱਸਿਆ ਗਿਆ ਕਿ ਜਾਂਚ ਦੌਰਾਨ ਸਾਹਮਣੇ ਆਈ ਸੀ ਸੀ ਟੀ ਵੀ ਫੁਟੇਜ ਤੋਂ ਪਤਾ ਲੱਗਾ ਕਿ ਸ਼ਰਾਬ ਪੀਣ ਤੋਂ ਬਾਅਦ ਤਨਵੀਰ ਸਿੰਘ ਆਪਣੀ ਡਲਿਵਰੀ ਵਾਲੀ ਚਿੱਟੇ ਰੰਗ ਦੀ ਸਪ੍ਰਿੰਟਰ ਵੈਨ ਵਿੱਚ ਹੈਂਡਸਵਰਥ ਦੀ ਵਿਕਟੋਰੀਆ ਰੋਡ ਤੋਂ ਸ਼ਾਰਾ ਨੂੰ ਨਾਲ ਲੈ ਕੇ ਗਿਆ ਸੀ।* ਬਾਅਦ ਵਿੱਚ ਇਹ ਵੈਨ ਸਮੈਦਿਕ ਦੀ ਵੁੱਡਬਰਨ ਰੋਡ 'ਤੇ ਰੁਕਦੀ ਦਿਖਾਈ ਦਿੱਤੀ, ਜਿੱਥੇ ਤਨਵੀਰ ਸਿੰਘ ਨੇ ਸ਼ਾਰਾ ਦੀ ਲਾਸ਼ ਨੂੰ ਵੈਨ ਦੇ ਪਿਛਲੇ ਹਿੱਸੇ ਵਿੱਚੋਂ ਕੱਢ ਕੇ ਫੁੱਟਪਾਥ 'ਤੇ ਸੁੱਟ ਦਿੱਤਾ। ਪੋਸਟਮਾਰਟਮ ਰਿਪੋਰਟ ਵਿੱਚ ਸਾਹਮਣੇ ਆਇਆ ਕਿ ਸ਼ਾਰਾ ਦੀ ਮੌਤ ਗਲਾ



ਦੋਸ਼ੀ ਤਨਵੀਰ ਸਿੰਘ ਅਤੇ ਮ੍ਰਿਤਕਾ ਸ਼ਾਰਾ ਮਿਲਰ

ਘੁੱਟਣ ਕਾਰਨ ਹੋਈ ਸੀ। ਆਪਣੇ ਖਿਲਾਫ਼ ਫੋਰੈਂਸਿਕ ਸਬੂਤਾਂ ਨੂੰ ਨਸ਼ਟ ਕਰਨ ਦੇ ਮਕਸਦ ਨਾਲ, ਤਨਵੀਰ ਨੇ ਲਾਸ਼ ਉੱਤੇ ਕੋਈ ਤਰਲ ਪਦਾਰਥ ਵੀ ਛਿੜਕਿਆ ਸੀ।

ਪੁਲਿਸ ਨੇ ਤਨਵੀਰ ਸਿੰਘ ਨੂੰ ਵੈਸਟ ਬ੍ਰੋਮਵਿਚ ਦੀ ਲਿਓਪਾਰਡ ਲੇਨ ਸਥਿਤ ਉਸ ਦੇ ਘਰ ਦੇ ਨੇੜਿਓਂ ਗ੍ਰਿਫਤਾਰ ਕਰ ਕੀਤਾ ਅਤੇ ਹੁਣ ਦੋ ਹਫ਼ਤੇ ਚੱਲੇ ਮੁਕੱਦਮੇ ਤੋਂ ਬਾਅਦ ਅਦਾਲਤ ਨੇ ਤਨਵੀਰ ਸਿੰਘ ਨੂੰ ਕਤਲ ਦਾ ਦੋਸ਼ੀ ਕਰਾਰ ਦਿੱਤਾ ਹੈ। ਉਸ ਨੂੰ 27 ਮਈ 2026 ਨੂੰ ਸਜ਼ਾ ਸੁਣਾਈ ਜਾਵੇਗੀ।

## ਸਿੱਖ ਵੈਲਫੇਅਰ ਸੁਸਾਇਟੀ ਵੱਲੋਂ ਸਲਾਨਾ ਸਮਾਗਮ



ਡਾ: ਅਮਰਜੀਤ ਸਿੰਘ ਚੋਪੜਾ, ਹਾਰਲੇ ਕੌਰ ਟੁੱਟ, ਕੇ ਐਸ ਭੰਵਰਾ ਅਤੇ ਸਰਦਾਰਾ ਸਿੰਘ ਗਿੱਲ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਅਤੇ ਮੈਂਬਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੀ ਸਮਾਜ ਸੇਵੀ ਸੰਸਥਾ ਸਿੱਖ ਵੈਲਫੇਅਰ ਸੁਸਾਇਟੀ ਵੱਲੋਂ ਸਲਾਨਾ ਸਮਾਗਮ ਚੈਂਗਵਿੱਲ ਵਿਖੇ ਕਰਵਾਇਆ ਗਿਆ। ਜਿਸ ਵਿੱਚ ਸੁਸਾਇਟੀ ਦੇ ਮੈਂਬਰਾਂ ਤੋਂ ਇਲਾਵਾ ਇਲਾਕੇ ਦੀਆ ਉੱਘੀਆਂ ਸਖਸ਼ੀਅਤਾਂ ਨੇ ਹਿੱਸਾ ਲਿਆ। ਇਸ ਮੌਕੇ ਡਾ: ਅਮਰਜੀਤ ਸਿੰਘ ਚੋਪੜਾ ਨੂੰ ਡਾਕਟਰੀ ਪੇਸ਼ੇ ਵਿੱਚ ਕੀਤੀਆਂ ਸੇਵਾਵਾਂ ਲਈ, ਬੱਚੀ ਹਾਰਲੇ ਕੌਰ ਟੁੱਟ ਨੂੰ ਸੁਸਾਇਟੀ ਲਈ ਵੇਲਜ਼ ਦੀ ਸਭ ਤੋਂ ਉੱਚੀ ਪਹਾੜੀ ਸਨੋਡਾਊਨ ਸਰ ਕਰਕੇ 5000 ਪੌਂਡ ਫੰਡ ਇਕੱਠਾਂ ਕਰਨ ਲਈ ਅਤੇ ਬੀਤੇ ਚਾਰ ਦਹਾਕਿਆਂ ਤੋਂ ਵੱਧ ਯੂ ਕੇ ਵਿੱਚ ਪੰਜਾਬੀ ਵਿਰਸੇ ਅਤੇ ਗੀਤ ਸੰਗੀਤ ਲਈ ਸੇਵਾਵਾਂ ਦੇਣ ਵਾਲੀ ਗਾਇਕ ਜੋੜੀ ਕੇ ਐਸ ਭੰਵਰਾ ਅਤੇ ਸਰਦਾਰਾ ਸਿੰਘ ਗਿੱਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸੁਸਾਇਟੀ ਦੇ ਜਨਰਲ ਸਕੱਤਰ ਸਤਨਾਮ ਸਿੰਘ ਸੰਧੂ, ਐਮ ਪੀ ਜਸ ਅਠਵਾਲ, ਗੁਰਪਾਲ ਸਿੰਘ ਉੱਪਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਵੈਲਫੇਅਰ ਸੁਸਾਇਟੀ ਵੱਲੋਂ ਯੂ ਕੇ, ਪੰਜਾਬ ਆਦਿ ਥਾਵਾਂ ਤੇ ਲੋੜਵੰਦਾਂ ਦੀਆਂ ਅੱਖਾਂ ਦੇ ਮੁਫਤ ਇਲਾਜ਼ ਤੋਂ ਇਲਾਵਾ ਯੂ ਕੇ ਵਿੱਚ ਬੱਚਿਆਂ ਲਈ ਕੰਮ ਕੀਤੇ ਜਾਂਦੇ ਹਨ। ਇਸ ਮੌਕੇ ਸੁਸਾਇਟੀ ਦੇ ਅਹੁਦੇਦਾਰ ਅਤੇ ਮੈਂਬਰ ਬੂਟਾ ਸਿੰਘ ਨਿੱਝਰ, ਹਰਜਿੰਦਰ ਸਿੰਘ ਜੌਹਲ, ਲਹਿੰਬਰ ਸਿੰਘ ਲੱਦੜ, ਸੁਰਜੀਤ ਸਿੰਘ ਟੁੱਟ, ਸਵਿੰਦਰ ਪਾਲ ਸਿੰਘ ਵੜੈਚ, ਬਲਦੇਵ ਸਿੰਘ ਭੰਵਰਾ, ਜਸਵਿੰਦਰ ਸਿੰਘ ਸੰਧੂ, ਰਾਜਵਿੰਦਰ ਸਿੰਘ ਰਾਣਾ, ਬਲਦੇਵ ਸਿੰਘ ਸੈਂਬੀ, ਬਲਦੇਵ ਸਿੰਘ ਕਲਸੀ, ਅਮਰੀਕ ਸਿੰਘ ਗਿੱਲ, ਦਲਜੀਤ ਸਿੰਘ ਜੌਹਲ, ਦਲਜੀਤ ਸਿੰਘ ਢਿਲੋਂ, ਗੁਰਪ੍ਰੀਤ ਸਿੰਘ ਟੁੱਟ, ਗੁਰਵੀਰ ਸਿੰਘ ਅਟਕੜ, ਮਲਕੀਤ ਸਿੰਘ ਉਬੀ, ਕਸ਼ਮੀਰ ਸਿੰਘ ਸ਼ੇਰਗਿੱਲ, ਮਨਜੀਤ ਸਿੰਘ ਸੰਧੂ, ਮਨਦੀਪ ਸਿੰਘ ਬਨਿੰਗ, ਤਰਸੇਮ ਸਿੰਘ ਬੈਂਸ ਆਦਿ ਸਮੇਤ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ। ਕੇ ਐਸ ਭੰਵਰਾ ਅਤੇ ਸਰਦਾਰਾ ਸਿੰਘ ਗਿੱਲ ਨੇ ਗੀਤ ਸੰਗੀਤ ਨਾਲ ਰੌਣਕਾਂ ਲਾਈਆਂ ਅਤੇ ਫੰਡ ਰੇਜ਼ਿੰਗ ਲਈ ਕਈ ਵਸਤਾਂ ਦੀ ਨਿਲਾਮੀ ਕੀਤੀ।

# ਬਰਤਾਨੀਆ ਦੇ ਸਿਹਤ ਮੰਤਰੀ ਵੈਸ ਸਟ੍ਰੀਟਿੰਗ ਨੇ ਦਿੱਤਾ ਕੈਬਨਿਟ ਤੋਂ ਅਸਤੀਫਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਸਿਹਤ ਸਕੱਤਰ ਵੈਸ ਸਟ੍ਰੀਟਿੰਗ ਨੇ ਅਧਿਕਾਰਤ ਤੌਰ 'ਤੇ ਕੈਬਨਿਟ ਤੋਂ ਅਸਤੀਫ਼ਾ ਦੇ ਦਿੱਤਾ ਹੈ, ਜੋ ਕਿ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਸਰਕਾਰ ਲਈ ਇੱਕ ਵੱਡਾ ਝਟਕਾ ਹੈ।**


ਵੈਸ ਸਟ੍ਰੀਟਿੰਗ

ਆਪਣੇ ਅਸਤੀਫ਼ੇ ਪੱਤਰ ਵਿੱਚ, ਸਟ੍ਰੀਟਿੰਗ ਨੇ ਕਿਹਾ ਕਿ ਉਹਨਾਂ ਦਾ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚੋਂ "ਭਰੋਸਾ ਉੱਠ ਗਿਆ ਹੈ"। ਉਹਨਾਂ ਦਲੀਲ ਦਿੱਤੀ ਕਿ ਪ੍ਰਧਾਨ ਮੰਤਰੀ ਦਾ ਅਹੁਦੇ 'ਤੇ ਬਣੇ ਰਹਿਣਾ ਨਿਰਾਸ਼ਾਜਨਕ ਅਤੇ ਸਿਧਾਂਤਹੀਣ ਹੋਵੇਗਾ।


ਇਹ ਅਸਤੀਫ਼ਾ ਬੁੱਧਵਾਰ ਨੂੰ ਸਟ੍ਰੀਟਿੰਗ ਅਤੇ ਸਟਾਰਮਰ ਵਿਚਕਾਰ ਹੋਈ ਇੱਕ ਅਹਿਮ ਮੀਟਿੰਗ ਤੋਂ ਬਾਅਦ ਆਇਆ ਹੈ, ਜੋ ਕਥਿਤ ਤੌਰ 'ਤੇ ਸਿਰਫ਼ 16 ਮਿੰਟਚੱਲੀ ਸੀ। ਸਟ੍ਰੀਟਿੰਗ ਨੇ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰ ਕੋਲ ਕੋਈ ਦੂਰਦਰਸ਼ਤਾ ਨਹੀਂ ਹੈ ਅਤੇ ਇਹ ਸਹੀ ਦਿਸ਼ਾ ਦੀ ਬਜਾਏ "ਭਟਕ" ਰਹੀ ਹੈ। ਉਹਨਾਂ ਨੇ ਸਪੱਸ਼ਟ ਤੌਰ 'ਤੇ ਆਪਣੇ ਜਾਣ ਦਾ ਸਬੰਧ ਪਿਛਲੇ ਹਫ਼ਤੇ ਦੀਆਂ ਸਥਾਨਕ, ਸਕਾਟਿਸ਼ ਅਤੇ ਵੈਲਸ਼ ਚੋਣਾਂ ਵਿੱਚ ਲੇਬਰ ਪਾਰਟੀ ਨੂੰ ਹੋਏ ਵੱਡੇ ਨੁਕਸਾਨ ਨਾਲ ਜੋੜਿਆ ਹੈ।

ਸਟ੍ਰੀਟਿੰਗ ਅਸਤੀਫ਼ਾ ਦੇਣ ਵਾਲੇ ਪਹਿਲੇ ਕੈਬਨਿਟ ਮੰਤਰੀ ਹਨ, ਪਰ ਉਹਨਾਂ ਤੋਂ ਪਹਿਲਾਂ ਇਸ ਹਫ਼ਤੇ 4 ਜੂਨੀਅਰ ਮੰਤਰੀਆਂ ਨੇ ਵੀ ਅਸਤੀਫ਼ੇ ਦਿੱਤੇ ਹਨ, ਜਿਨ੍ਹਾਂ ਵਿੱਚ ਜ਼ੁਬੀਰ ਅਹਿਮਦ, ਜੇਸ ਫਿਲਿਪਸ ਅਤੇ ਮਿਯਾਟਾ ਫਾਨਬੁਲੇਹ ਸ਼ਾਮਲ ਹਨ।

ਭਾਵੇਂ ਕਿ ਸਟ੍ਰੀਟਿੰਗ ਨੇ ਤੁਰੰਤ ਆਪਣੀ ਉਮੀਦਵਾਰੀ ਦਾ ਐਲਾਨ ਨਹੀਂ ਕੀਤਾ, ਪਰ ਉਹਨਾਂ ਨੇ ਇੱਕ ਰਸਮੀ ਲੀਡਰਸ਼ਿਪ ਮੁਕਾਬਲੇ ਦੀ ਮੰਗ ਕੀਤੀ ਹੈ। ਉਹਨਾਂ ਨੇ ਇਹ ਵੀ ਸੁਝਾਅ ਦਿੱਤਾ ਕਿ ਇਸ ਵਿੱਚ ਗ੍ਰੇਟਰ ਮਾਨਚੈਸਟਰ ਦੇ ਮੇਅਰ ਐਂਡੀ ਬਰਨਹੈਮ ਵਰਗੀਆਂ ਸ਼ਖਸੀਅਤਾਂ ਨੂੰ ਵੀ ਸ਼ਾਮਲ ਹੋਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਇਸ ਵੇਲੇ ਅੰਦਰੂਨੀ ਬਗਾਵਤ ਦਾ ਸਾਹਮਣਾ ਕਰ ਰਹੇ ਹਨ, ਅਤੇ ਖ਼ਬਰਾਂ ਅਨੁਸਾਰ 90 ਤੋਂ ਵੱਧ ਲੇਬਰ ਸਾਂਸਦ ਉਹਨਾਂ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਹਨ। ਦਬਾਅ ਦੇ ਬਾਵਜੂਦ, ਡਾਊਨਿੰਗ ਸਟ੍ਰੀਟ ਨੇ ਸੰਕੇਤ ਦਿੱਤਾ ਹੈ ਕਿ ਸਟਾਰਮਰ ਅਹੁਦੇ 'ਤੇ ਬਣੇ ਰਹਿਣਗੇ ਅਤੇ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨਗੇ। ਸਟ੍ਰੀਟਿੰਗ ਦਾ ਜਾਣਾ ਸਟਾਰਮਰ ਦੀ ਸੱਤਾ ਲਈ ਹੁਣ ਤੱਕ ਦਾ ਸਭ ਤੋਂ ਵੱਡਾ ਖ਼ਤਰਾ ਮੰਨਿਆ ਜਾ ਰਿਹਾ ਹੈ, ਜਿਸ ਨੇ ਲੇਬਰ ਪਾਰਟੀ ਦੇ ਅੰਦਰ ਇੱਕ ਨਵੀਂ ਜੰਗ ਛੇੜ ਦਿੱਤੀ ਹੈ।

# ਪ੍ਰਧਾਨ ਮੰਤਰੀ ਪਦ ਦੇ ਦਾਅਵੇਦਾਰ ਐਂਡੀ ਬਰਨਹਮ ਵੱਲੋਂ ਲੇਬਰ ਪਾਰਟੀ ਦੀ ਕਾਰਗੁਜ਼ਾਰੀ ਦੀ ਆਲੋਚਨਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰਧਾਨ ਮੰਤਰੀ ਦੇ ਅਹੁਦੇ ਦਾਅਵੇਦਾਰ ਬਣਨ ਦੀ ਦੌੜ ਵਿੱਚ ਸ਼ਾਮਿਲ ਅਤੇ ਗ੍ਰੇਟਰ ਮਾਨਚੈਸਟਰ ਦੇ ਮੇਅਰ ਐਂਡੀ ਬਰਨਹਮ ਨੇ ਲੇਬਰ ਪਾਰਟੀ ਦੀ ਕਾਰਗੁਜ਼ਾਰੀ ਤੇ ਨਿਸ਼ਾਨਾ ਸਾਧਦਿਆਂ ਕਿਹਾ ਹੈ ਕਿ ਲੇਬਰ ਪਾਰਟੀ ਜਨਤਾ ਦੀਆਂ ਉਮੀਦਾਂ 'ਤੇ ਪੂਰੀ ਤਰ੍ਹਾਂ ਖਰੀ ਨਹੀਂ ਉਤਰ ਸਕੀ ਅਤੇ ਇਸ ਵਿੱਚ ਸੁਧਾਰ ਦੀ ਵੱਡੀ ਲੋੜ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਪਾਰਟੀ ਆਉਣ ਵਾਲੇ ਸਮੇਂ ਵਿੱਚ ਬ੍ਰੈਗਜ਼ਿਟ ਦੇ ਵਿਵਾਦਾਂ ਅਤੇ ਬਹਿਸਾਂ ਨੂੰ ਦੁਬਾਰਾ ਨਹੀਂ ਦੁਹਰਾਏਗੀ। ਬਰਨਹਮ ਨੇ ਜ਼ੋਰ ਦੇ ਕੇ ਕਿਹਾ ਕਿ ਹੁਣ ਸਮਾਂ ਅਤੀਤ ਦੀਆਂ ਬਹਿਸਾਂ ਵਿੱਚ ਉਲਝਣ ਦਾ ਨਹੀਂ, ਸਗੋਂ ਦੇਸ਼ ਦੇ ਸਾਹਮਣੇ ਮੌਜੂਦ ਅਸਲ ਚੁਣੌਤੀਆਂ ਵੱਲ ਧਿਆਨ ਦੇਣ ਦਾ ਹੈ।

ਮੇਅਰ ਨੇ ਕਿਹਾ ਕਿ ਪਾਰਟੀ ਦਾ ਪੂਰਾ ਧਿਆਨ ਹੁਣ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਜਨਤਕ ਸੇਵਾਵਾਂ ਵਿੱਚ ਸੁਧਾਰ ਲਿਆਉਣ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਆਰਥਿਕ ਅਸਮਾਨਤਾ ਨੂੰ ਖਤਮ ਕਰਨ 'ਤੇ ਹੋਣਾ ਚਾਹੀਦਾ ਹੈ। ਐਂਡੀ ਬਰਨਹਮ ਦੇ ਇਸ ਬਿਆਨ ਨੂੰ ਲੇਬਰ ਪਾਰਟੀ ਦੇ ਰਵਾਇਤੀ ਵੋਟਰਾਂ, ਖਾਸ ਕਰਕੇ ਯੂ ਕੇ ਦੇ ਉੱਤਰੀ ਹਿੱਸਿਆਂ ਵਿੱਚ ਪਾਰਟੀ ਦਾ ਭਰੋਸਾ ਦੁਬਾਰਾ ਬਣਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ, ਜਿੱਥੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਬ੍ਰੈਗਜ਼ਿਟ ਦੇ ਪੱਖ ਵਿੱਚ ਵੋਟ ਪਾਈ ਸੀ। ਜਦ ਕਿ ਹਾਲ ਹੀ ਵਿੱਚ ਅਸਤੀਫਾ ਦੇਣ ਵਾਲੇ ਸਾਬਕਾ ਸਿਹਤ ਮੰਤਰੀ ਵੈਸ ਸਟ੍ਰੀਟਿੰਗ ਨੇ ਭਵਿੱਖ ਵਿੱਚ ਯੂਰਪੀਅਨ ਯੂਨੀਅਨ ਵਿੱਚ ਵਾਪਿਸ ਜਾਣ ਦੀ ਵਕਾਲਤ ਕੀਤੀ ਸੀ।

# ਪੀ. ਕੁਮਾਰਨ ਨੇ ਯੂ ਕੇ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ


ਯੂ ਕੇ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਪੀ. ਕੁਮਾਰਨ ਦਾ ਸਵਾਗਤ ਕਰਦੇ ਹੋਏ ਗੋਰਡਨ ਵੈਦਰਵੈਲ

ਲੰਡਨ-(ਮਨਪ੍ਰੀਤ ਸਿੰਘ ਬੱਧਨੀ ਕਲਾਂ) - ਸੀਨੀਅਰ ਡਿਪਲੋਮੈਟ ਪੀ. ਕੁਮਾਰਨ ਨੇ ਬੀਤੇ ਕੱਲ੍ਹ ਬੁੱਧਵਾਰ ਨੂੰ ਯੂ ਕੇ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ।

1992 ਬੈਚ ਦੇ ਭਾਰਤੀ ਵਿਦੇਸ਼ ਸੇਵਾ (ਆਈ ਐਫ ਐਸ) ਅਧਿਕਾਰੀ, ਕੁਮਾਰਨ ਹਾਲ ਹੀ ਤੱਕ ਵਿਦੇਸ਼ ਮੰਤਰਾਲੇ ਵਿੱਚ ਸਕੱਤਰ ਸਨ। ਉਹਨਾਂ ਵਿਕਰਮ ਦੋਰਾਈਸਵਾਮੀ ਦੀ ਥਾਂ ਲਈ ਹੈ, ਜਿਨ੍ਹਾਂ ਨੇ ਚੀਨ ਵਿੱਚ ਭਾਰਤ ਦੇ ਰਾਜਦੂਤ ਵਜੋਂ ਅਹੁਦਾ ਸੰਭਾਲਿਆ ਹੈ।

ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਜਾਰੀ ਬਿਆਨ ਵਿੱਚ ਕਿਹਾ ਕਿ "ਇੰਡੀਆ ਹਾਊਸ, ਲੰਡਨ ਦੀ ਟੀਮ, ਹਾਈ ਕਮਿਸ਼ਨਰ-ਨਿਯੁਕਤ ਪੀ. ਕੁਮਾਰਨ ਦਾ ਨਿੱਘਾ ਸਵਾਗਤ ਕਰਦੀ ਹੈ, ਜਿਨ੍ਹਾਂ ਨੇ ਅੱਜ ਅਹੁਦਾ ਸੰਭਾਲਿਆ ਹੈ।"ਇਸ ਵਿੱਚ ਅੱਗੇ ਕਿਹਾ ਗਿਆ, "ਅਸੀਂ ਉਨ੍ਹਾਂ ਦੀ ਅਗਵਾਈ ਅਤੇ ਮਾਰਗਦਰਸ਼ਨ ਵਿੱਚ ਭਾਰਤ-ਯੂ ਕੇ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੀ ਉਮੀਦ ਕਰਦੇ ਹਾਂ।"

ਪੀ ਕੁਮਾਰਨ ਦਾ ਡਿਪਟੀ ਹਾਈ ਕਮਿਸ਼ਨਰ ਕਾਰਤਿਕ ਪਾਂਡੇ ਅਤੇ ਯੂ ਕੇ ਵਿਦੇਸ਼ ਮੰਤਰੀ ਯਵੇਟ ਕੂਪਰ ਦੇ ਵਿਸ਼ੇਸ਼ ਪ੍ਰਤੀਨਿਧੀ ਗੋਰਡਨ ਵੈਦਰਵੈਲ ਸੀ ਐਮ ਜੀ ਨੇ ਨਿੱਘਾ ਸਵਾਗਤ ਕੀਤਾ। ਕੁਮਾਰਨ, ਜੋ ਅੰਗਰੇਜ਼ੀ, ਹਿੰਦੀ, ਤਾਮਿਲ ਅਤੇ ਅਰਬੀ ਭਾਸ਼ਾਵਾਂ ਵਿੱਚ ਮੁਹਾਰਤ ਰੱਖਦੇ ਹਨ, ਪਹਿਲਾਂ ਕਤਰ ਵਿੱਚ ਭਾਰਤ ਦੇ ਰਾਜਦੂਤ ਅਤੇ ਸਿੰਗਾਪੁਰ ਵਿੱਚ ਹਾਈ ਕਮਿਸ਼ਨਰ ਵਜੋਂ ਸੇਵਾ ਨਿਭਾ ਚੁੱਕੇ ਹਨ।

ਉਹ ਆਉਣ ਵਾਲੇ ਹਫ਼ਤਿਆਂ ਵਿੱਚ ਬ੍ਰਿਟੇਨ ਵਿੱਚ ਆਪਣੇ ਕਾਰਜਕਾਲ ਦੀ ਰਸਮੀ ਸ਼ੁਰੂਆਤ ਤੋਂ ਪਹਿਲਾਂ ਮਹਾਰਾਜਾ ਚਾਰਲਸ ਤੀਜੇ ਨੂੰ ਆਪਣਾ ਪ੍ਰਮਾਣ ਪੱਤਰ ਪੇਸ਼ ਕਰਨਗੇ।

# ਪ੍ਰਿੰਸ ਵਿਲੀਅਮ ਵੱਲੋਂ ਘਰਾਂ ਅਤੇ ਕੁਦਰਤ ਦੇ ਪ੍ਰੋਜੈਕਟਾਂ ਲਈ ਡਚੀ ਦੀ 20% ਜਾਇਦਾਦ ਵੇਚਣ ਦਾ ਐਲਾਨ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰਿੰਸ ਵਿਲੀਅਮ ਨੇ 'ਡਚੀ ਆਫ਼ ਕੌਰਨਵਾਲ' ਦੀ ਜਾਇਦਾਦ ਨੂੰ ਲੈ ਕੇ ਇੱਕ ਵੱਡੀ ਅਤੇ ਇਤਿਹਾਸਕ ਯੋਜਨਾ ਦਾ ਐਲਾਨ ਕੀਤਾ ਹੈ। ਆਪਣੀ ਦਸ ਸਾਲਾ ਨਵੀਂ ਰਣਨੀਤੀ ਤਹਿਤ, ਪ੍ਰਿੰਸ ਵਿਲੀਅਮ ਰਿਹਾਇਸ਼ੀ ਮਕਾਨਾਂ ਅਤੇ ਵਾਤਾਵਰਣ ਦੇ ਪ੍ਰੋਜੈਕਟਾਂ ਲਈ ਫੰਡ ਜੁਟਾਉਣ ਵਾਸਤੇ ਡਚੀ ਦੀ ਲਗਭਗ 20% ਨਿੱਜੀ ਜ਼ਮੀਨ, ਜਾਇਦਾਦ ਨੂੰ ਵੇਚਣ ਜਾ ਰਹੇ ਹਨ। ਇਸ ਵਿਕਰੀ ਅਤੇ ਸਾਂਝੇਦਾਰੀ ਰਾਹੀਂ ਲਗਭਗ 500 ਮਿਲੀਅਨ ਪੌਂਡ ਇਕੱਠੇ ਕਰਨ ਦਾ ਟੀਚਾ ਹੈ, ਜਿਸ ਦੀ ਵਰਤੋਂ ਯੂ ਕੇ ਵਿੱਚ ਘਰਾਂ ਦੀ ਕਿੱਲਤ ਅਤੇ ਵਾਤਾਵਰਣ ਦੇ ਸੰਕਟ ਨਾਲ ਨਜਿੱਠਣ ਲਈ ਕੀਤੀ ਜਾਵੇਗੀ। ਇਹ 128000 ਏਕੜ ਜਾਇਦਾਦ 19 ਜ਼ਿਲ੍ਹਿਆਂ ਵਿੱਚ ਹੈ।

ਪ੍ਰਿੰਸ ਵਿਲੀਅਮ ਆਪਣੀ ਬਾਕੀ ਬਚੀ ਜਾਇਦਾਦ ਨੂੰ ਪੰਜ ਮੁੱਖ ਕੇਂਦਰਾਂ ਆਈਲਜ਼ ਆਫ਼ ਸਿਲੀ, ਕੌਰਨਵਾਲ, ਡਾਰਟਮੂਰ, ਬਾਥ ਅਤੇ ਦੱਖਣੀ ਲੰਡਨ ਦੇ ਕੇਨਿੰਗਟਨ ਵਿੱਚ ਕੇਂਦਰਿਤ ਕਰਨਗੇ। ਡਚੀ ਦੇ ਮੁੱਖ ਕਾਰਜਕਾਰੀ ਵਿਲ ਬੈਕਸ ਨੇ ਦੱਸਿਆ ਕਿ ਪ੍ਰਿੰਸ ਵਿਲੀਅਮ ਦਾ ਮੰਨਣਾ ਹੈ ਕਿ ਡਚੀ ਦਾ ਮਕਸਦ ਸਿਰਫ਼ ਜ਼ਮੀਨ ਦਾ ਮਾਲਕ ਬਣੇ ਰਹਿਣਾ ਨਹੀਂ, ਸਗੋਂ ਦੁਨੀਆ 'ਤੇ ਇੱਕ ਸਕਾਰਾਤਮਕ ਪ੍ਰਭਾਵ ਪਾਉਣਾ ਹੈ। ਜਿੱਥੇ ਇੱਕ ਪਾਸੇ ਵਾਤਾਵਰਣ ਪ੍ਰੇਮੀ ਇਸ ਕਦਮ ਦੀ ਸ਼ਲਾਘਾ ਕਰ ਰਹੇ ਹਨ, ਉੱਥੇ ਹੀ ਸਥਾਨਕ ਪੱਧਰ 'ਤੇ ਕੁਝ ਚਿੰਤਾਵਾਂ ਵੀ ਸਾਹਮਣੇ ਆਈਆਂ ਹਨ। ਡੇਵੋਨ ਵਿੱਚ ਇਤਿਹਾਸਕ 'ਬਰੈਡਨਿੰਚ ਜਾਇਦਾਦ' ਨੂੰ ਵੇਚਣ ਦੀਆਂ ਖ਼ਬਰਾਂ ਤੋਂ ਬਾਅਦ ਸਥਾਨਕ ਕਿਰਾਏਦਾਰ ਕਿਸਾਨਾਂ ਨੇ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਚਾਨਕ ਹੋਏ ਇਸ ਐਲਾਨ ਕਾਰਨ ਉਹ ਜ਼ਮੀਨ ਖਰੀਦਣ ਲਈ ਵੱਡੀ ਰਕਮ ਜੁਟਾਉਣ ਦੇ ਮਾਨਸਿਕ ਤਣਾਅ ਵਿੱਚ ਹਨ। ਦੂਜੇ ਪਾਸੇ ਡਚੀ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਮੌਜੂਦਾ ਕਿਰਾਏਦਾਰਾਂ ਨੂੰ ਉਨ੍ਹਾਂ ਦੇ ਫਾਰਮ ਖਰੀਦਣ ਲਈ ਪਹਿਲ ਦਿੱਤੀ ਜਾ ਰਹੀ ਹੈ ਅਤੇ ਇਸ ਬਦਲਾਅ ਦੌਰਾਨ ਉਨ੍ਹਾਂ ਦੀ ਪੂਰੀ ਮਦਦ ਕੀਤੀ ਜਾਵੇਗੀ।

# ਗੁਰੂ ਦੋਖੀ ਨੂੰ ਨੱਤਮਸਤਕ ਹੋਣਾ ਭਗਵੰਤ ਮਾਨ ਦੇ ਰਾਜ ਦਾ ਖਾਤਮਾ ਕਰੇਗਾ "ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਵਲੋਂ ਸਖਤ ਨਿਖੇਧੀ ਕੀਤੀ ਗਈ"

ਲੰਡਨ – ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਿੱਖ ਧਰਮ ਦੇ ਦੋਖੀ ਦਰਸ਼ਨ ਦਾਸ ਦੇ ਲੜਕੇ ਤਰਲੋਚਨ ਦਾਸ ਮੂਹਰੇ ਨਤਮਸਤਕ ਹੋ ਕੇ ਭਾਰੀ ਗਲਤੀ ਕੀਤੀ ਹੈ ਜੋ ਕਿ ਅਗਲੇ ਸਾਲ ਇਸ ਦੀ ਹਕੂਮਤ ਦੇ ਹੋਣ ਵਾਲੇ ਅੰਤ ਦਾ ਇੱਕ ਕਾਰਨ ਬਣੇਗੀ। ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਵਲੋਂ ਭਗਵੰਤ ਮਾਨ ਦੀ ਇਸ ਕਰਤੂਤ ਦੀ ਸਖਤ ਨਿਖੇਧੀ ਕੀਤੀ ਗਈ ਹੈ ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨ ਯੂ,ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ,ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਦਰਸ਼ਨ ਦਾਸ ਨੂੰ ਸੋਧਣ ਵਾਲੇ ਸੂਰਬੀਰ ਯੋਧੇ ਭਾਈ ਰਜਿੰਦਰ ਸਿੰਘ ਮੁਗਲਵਾਲਾ ਅਤੇ ਭਾਈ ਮਨਜੀਤ ਸਿੰਘ ਖਾਨੋਵਾਲ ਦੀ ਹਾਰਦਿਕ ਪ੍ਰਸੰਸਾ ਕੀਤੀ ਹੈ। ਜਿਹਨਾਂ ਨੇ ਇਸ ਨੂੰ ਸੋਧਣ ਦੇ ਕੇਸ ਵਿੱਚ ਕ੍ਰਮਵਾਰ 34 ਅਤੇ 22 ਸਾਲ ਕੈਦ ਕੱਟੀ ਹੈ । ਜਿਕਰਯੋਗ ਹੈ ਕਿ ਦਰਸ਼ਨ ਦਾਸ ਗੁਰਬਾਣੀ ਦਾ ਭਾਰੀ ਨਿਰਾਦਰ ਕਰਦਾ ਸੀ। ਗਿਆਰਾਂ ਨਵੰਬਰ 1987 ਵਾਲੇ ਦਰਸ਼ਨ

ਦਾਸ ਸਾਊਥਾਲ ਦੀ ਡੋਮਰਜ਼ ਵੈਲ ਰੋਡ ਤੇ ਬਣੇ ਹੋਏ ਡੋਮਰਜ਼ ਸਕੂਲ ਦੇ ਹਾਲ ਵਿੱਚ ਇਹ ਆਪਣਾ ਕੂੜ ਪ੍ਰਚਾਰ ਕਰ ਰਿਹਾ ਸੀ ਤਾਂ ਇਸ ਦੇ ਗੋਲੀਆਂ ਮਾਰ ਕੇ ਸੋਧ ਦਿੱਤਾ ਗਿਆ ਸੀ। ਸਕੂਲ ਦਾ ਇਹ ਹਾਲ ਦਰਸ਼ਨ ਦਾਸੀਆਂ ਨੇ ਇਹ ਕਹਿ ਕੇ ਬੁੱਕ ਕਰਵਾਇਆ ਸੀ ਕੇ ਇੱਥੇ ਧਾਰਮਿਕ ਸਮਾਗਮ ਕਰਵਾਇਆ ਜਾਣਾ ਹੈ।

ਇਹੋ ਜਿਹੇ ਗੁਰੂ ਦੋਖੀ ਮੂਹਰੇ ਪੰਜਾਬ ਦੇ ਮੁੱਖ ਮੰਤਰੀ ਵਲੋਂ ਨਤਮਸਤਕ ਹੋਣਾ ਬਹੁਤ ਮਾੜੀ ਗੱਲ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਅਗਰ ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਦੁਬਾਰਾ ਸਰਕਾਰ ਬਣਦੀ ਹੈ ਤਾਂ ਇਹ ਸਿੱਖ ਵਿਰੋਧੀ ਡੇਰਿਆਂ ਨੂੰ ਵੱਡੀ ਪੱਧਰ ਤੇ ਪ੍ਰਮੋਟ ਕਰਨਗੇ।



## ਲੇਬਰ ਸੰਸਦ ਮੈਂਬਰ 'ਮੰਤਰੀਆਂ ਨੂੰ ਮਾਈਗ੍ਰੇਸ਼ਨ ਸੁਧਾਰਾਂ ਨੂੰ ਰੱਦ ਕਰਨ ਦੀ ਅਪੀਲ ਕਰਨਗੇ' ਕਿਉਂਕਿ ਕੋਵਿਡ ਤੋਂ ਬਾਅਦ ਸ਼ੁੱਧ ਮਾਈਗ੍ਰੇਸ਼ਨ ਸਭ ਤੋਂ ਹੇਠਲੇ ਪੱਧਰ 'ਤੇ ਆ ਜਾਵੇਗਾ



ਲੰਡਨ–ਇਸ ਹਫ਼ਤੇ ਦੇ ਅੰਕੜਿਆਂ ਤੋਂ ਬਾਅਦ ਸਰਕਾਰ ਨੂੰ ਲੇਬਰ ਸੰਸਦ ਮੈਂਬਰਾਂ ਵੱਲੋਂ ਆਪਣੇ ਇਮੀਗ੍ਰੇਸ਼ਨ ਸੁਧਾਰਾਂ ਨੂੰ ਛੱਡਣ ਲਈ ਦਬਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਤੋਂ ਇਹ ਦਰਸਾਉਣ ਦੀ ਉਮੀਦ ਹੈ ਕਿ ਮਹਾਂਮਾਰੀ ਤੋਂ ਬਾਅਦ ਸ਼ੁੱਧ ਪ੍ਰਵਾਸ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਆ ਗਿਆ ਹੈ। ਰਾਸ਼ਟਰੀ ਅੰਕੜਾ ਦਫਤਰ (ONS) ਵੀਰਵਾਰ ਨੂੰ 2025 ਲਈ ਸ਼ੁੱਧ ਪ੍ਰਵਾਸ – ਆਉਣ ਵਾਲੇ ਲੋਕਾਂ ਦੀ ਗਿਣਤੀ ਅਤੇ ਜਾਣ ਵਾਲਿਆਂ ਦੀ ਗਿਣਤੀ ਵਿੱਚ ਅੰਤਰ – ਨੂੰ ਦਰਸਾਉਂਦੇ ਅੰਕੜੇ ਪ੍ਰਕਾਸ਼ਤ ਕਰੇਗਾ। ਪ੍ਰਵਾਸ ਮਾਹਰ ਡਾ. ਬੇਨ ਬ੍ਰਿੰਡਲ ਨੇ ਕਿਹਾ ਕਿ ਅੰਕੜੇ ਦਿਖਾ ਸਕਦੇ ਹਨ ਕਿ ਮਾਰਚ 2021 ਤੋਂ ਬਾਅਦ ਪਹਿਲੀ ਵਾਰ ਸ਼ੁੱਧ ਪ੍ਰਵਾਸ 200,000 ਤੋਂ ਹੇਠਾਂ ਆ ਗਿਆ ਹੈ – ਪਰ ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਗਿਰਾਵਟ ਸਿਰਫ ਅਸਥਾਈ ਹੋਣ ਦੀ ਉਮੀਦ ਹੈ, ਅਤੇ ਦੇਸ਼ ਛੱਡਣ ਵਾਲਿਆਂ ਵਿੱਚ ਗਿਰਾਵਟ ਤੋਂ ਬਾਅਦ ਇਹ ਅੰਕੜਾ ਵਧ ਸਕਦਾ ਹੈ।

ਇਹ ਸਮਝਿਆ ਜਾਂਦਾ ਹੈ ਕਿ ਲੇਬਰ ਸੰਸਦ ਮੈਂਬਰ ਆਉਣ ਵਾਲੇ ਅੰਕੜਿਆਂ ਦੀ ਵਰਤੋਂ ਗ੍ਰਹਿ ਦਫਤਰ 'ਤੇ ਦਬਾਅ ਬਣਾਉਣ ਲਈ ਕਰਨ ਦੀ ਯੋਜਨਾ ਬਣਾ ਰਹੇ ਹਨ ਤਾਂ ਜੋ ਉਹ ਹੋਰ ਇਮੀਗ੍ਰੇਸ਼ਨ ਸੁਧਾਰਾਂ ਦੀਆਂ ਆਪਣੀਆਂ ਯੋਜਨਾਵਾਂ ਨੂੰ ਉਲਟਾ ਸਕਣ, ਜਿਸ ਵਿੱਚ 2021 ਤੋਂ ਯੂਕੇ ਆਏ ਲੋਕਾਂ 'ਤੇ ਨਵੇਂ ਸੈਟਲਮੈਂਟ ਨਿਯਮ ਲਾਗੂ ਕਰਨਾ ਸ਼ਾਮਲ ਹੈ।

ਗ੍ਰਹਿ ਸਕੱਤਰ ਦੁਆਰਾ ਨਵੰਬਰ ਵਿੱਚ ਐਲਾਨੀਆਂ ਗਈਆਂ ਯੋਜਨਾਵਾਂ ਵਿੱਚ, ਅਨਡੈਫੀਨੇਟ ਲੀਵ ਟੂ ਰਿਮੇਨ (ILR) ਲਈ ਡਿਫਾਲਟ ਯੋਗਤਾ ਮਿਆਦ ਮੌਜੂਦਾ ਪੰਜ ਸਾਲਾਂ ਤੋਂ ਵਧਾ ਕੇ ਦਸ ਸਾਲ ਕੀਤੀ ਜਾਵੇਗੀ। ਇਸ ਦੌਰਾਨ, ਪ੍ਰਵਾਸੀ ਸਿਰਫ ਉਦੋਂ ਹੀ ਲਾਭਾਂ ਅਤੇ ਸਮਾਜਿਕ ਰਿਹਾਇਸ਼ ਲਈ ਯੋਗ ਹੋ ਸਕਦੇ ਹਨ ਜਦੋਂ ਉਹ ਬ੍ਰਿਟਿਸ਼ ਨਾਗਰਿਕ ਬਣ ਜਾਂਦੇ ਹਨ ਅਤੇ ਦੇਸ਼ ਵਿੱਚ ਗੈਰ–ਕਾਨੂੰਨੀ ਤੌਰ 'ਤੇ ਰਹਿਣ ਵਾਲਿਆਂ ਨੂੰ ਯੋਜਨਾਵਾਂ ਦੇ ਤਹਿਤ ਯੂਕੇ ਵਿੱਚ ਲੰਬੇ ਸਮੇਂ ਦੀ ਰਿਹਾਇਸ਼ ਲਈ 30 ਸਾਲ ਤੱਕ ਉਡੀਕ ਕਰਨੀ ਪੈ ਸਕਦੀ ਹੈ। ਲੇਬਰ ਸੰਸਦ ਮੈਂਬਰ ਐਂਡੀ ਮੈਕਡੋਨਲਡ, ਜੋ ਸੁਧਾਰਾਂ ਦੇ ਵਿਰੋਧ ਕਰਨ ਵਾਲਿਆਂ ਵਿੱਚੋਂ ਇੱਕ ਹਨ, ਨੇ ਦ ਟਾਈਮਜ਼ ਨੂੰ ਦੱਸਿਆ – ਜਿਸਨੇ ਪਹਿਲੀ ਵਾਰ ਕਹਾਣੀ ਦੀ ਰਿਪੋਰਟ ਕੀਤੀ ਸੀ – ਉਨ੍ਹਾਂ ਨੂੰ ਉਮੀਦ ਸੀ ਕਿ ਵੀਰਵਾਰ ਦੇ ਅੰਕੜੇ ਮੁੜ ਵਿਚਾਰ ਕਰਨ ਲਈ ਪ੍ਰੇਰਿਤ ਕਰਨਗੇ।

## SAD DEMISE OF DR. I J SINGH



Thank you S. Kirpal Singh ji for informing everyone about sad demise of Dr. IJ Singh who established himself as a role model. He while teaching in many Universities of America carried on promoting Sikhi. Being one of the very few Turbaned educated Sikh who arrived in America in early period he became a Flag bearer of the Sikhs. His services were duly recognized when at the sad incident of Nine Eleven (911) he was called upon to address the Nation in the condolence meeting presided by President Obama. I met him in long island where he was staying and attended many film festival and other cultural functions in New York. He served as foreign editor of the Sikh Review and his articles have always been a proper source of inspiration to all readers. I endorse S. Kirpal Singh proposal that Sikh Review should publish a special issue of Dr. IJ Singh. It is the great lost to the community as he is a Patron of many organizations. May Satguru Bless his soul.

Tarlochan Singh Ex-M.P
Former Chairman National Commission Minorities.

## ਮੋਦੀ ਦੀ ਹਿੰਦੂ ਰਾਸ਼ਟਰਵਾਦੀ ਪਾਰਟੀ ਵੱਲੋਂ ਭਾਰਤੀ ਰਾਜ ਵਿੱਚ ਤੇਜ਼ੀ ਨਾਲ ਬਦਲਾਅ ਲਿਆਉਣ ਨਾਲ ਮੈਨਿਊ ਤੋਂ ਬੀਫ਼ ਗਾਇਬ ਹੋ ਗਿਆ ਹੈ

ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਮਹੱਤਵਪੂਰਨ ਰਾਜ ਚੋਣ ਜਿੱਤਣ ਤੋਂ ਕੁਝ ਦਿਨ ਬਾਅਦ, ਪੱਛਮੀ ਬੰਗਾਲ ਦੇ ਪ੍ਰਸਿੱਧ ਰੈਸਟੋਰੈਂਟਾਂ ਦੇ ਮੈਨਿਊ ਤੋਂ ਬੀਫ਼ ਦੇ ਪਕਵਾਨ ਗਾਇਬ ਹੋਣੇ ਸ਼ੁਰੂ ਹੋ ਗਏ ਹਨ। ਸਪਲਾਈ ਸੰਕਟ ਅਤੇ ਗਊ ਮਾਸ ਦੀ ਖਪਤ ਨੂੰ ਲੈ ਕੇ ਹਮਲੇ ਦੇ ਡਰ ਤੋਂ ਬਾਅਦ ਪੱਛਮੀ ਬੰਗਾਲ ਦੀ ਰਾਜਧਾਨੀ ਕੋਲਕਾਤਾ ਦੇ ਮਸ਼ਹੂਰ ਰੈਸਟੋਰੈਂਟਾਂ ਦੇ ਮੈਨਿਊ ਤੋਂ ਬੀਫ਼ ਸਟੀਕ, ਚੋਪਸ ਅਤੇ ਬੀਫ਼ ਬਰੀਆਨੀਆਂ ਨੂੰ ਸਥਾਈ ਤੌਰ 'ਤੇ ਹਟਾ ਦਿੱਤਾ ਗਿਆ ਹੈ।

ਇਸ ਮਹੀਨੇ ਦੇ ਸ਼ੁਰੂ ਵਿੱਚ ਸ਼੍ਰੀ ਮੋਦੀ ਦੇ ਸਭ ਤੋਂ ਕੱਟੜ ਆਲੋਚਕ ਅਤੇ ਸਾਬਕਾ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਗੱਦੀ ਤੋਂ ਉਤਾਰ ਕੇ ਬੰਗਲਾਦੇਸ਼ ਦੀ ਸਰਹੱਦ ਨਾਲ ਲੱਗਦੇ ਰਾਜ ਵਿੱਚ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਭਾਜਪਾ ਨੇ ਕਈ ਨਿਰਦੇਸ਼ ਲਾਗੂ ਕਰਨ ਵਿੱਚ ਤੇਜ਼ੀ ਦਿਖਾਈ ਹੈ। ਰਾਜ ਸਰਕਾਰ ਨੇ ਈਦ ਅਲ–ਅਧਾ ਦੇ ਮੁਸਲਿਮ ਤਿਉਹਾਰ ਤੋਂ ਪਹਿਲਾਂ ਗਾਵਾਂ, ਬਲਦਾਂ ਅਤੇ ਮੱਝਾਂ ਦੀ ਜਨਤਕ ਹੱਤਿਆ 'ਤੇ ਪਾਬੰਦੀ ਲਗਾਉਣ ਵਾਲਾ ਦਹਾਕਿਆਂ ਪੁਰਾਣਾ ਕਾਨੂੰਨ ਲਾਗੂ ਕੀਤਾ ਹੈ, ਨਾਲ ਹੀ ਇਹ ਪੁਸ਼ਟੀ ਕਰਨ ਵਾਲਾ ਅਧਿਕਾਰਤ ਪ੍ਰਮਾਣੀਕਰਣ ਵੀ ਲਾਜ਼ਮੀ ਕਰ ਦਿੱਤਾ ਹੈ ਕਿ ਕਤਲ ਕੀਤਾ ਗਿਆ ਕੋਈ ਵੀ ਜਾਨਵਰ 14 ਸਾਲ ਤੋਂ ਵੱਧ ਉਮਰ ਦਾ ਹੈ ਜਾਂ ਮਜ਼ਦੂਰੀ ਲਈ ਸਥਾਈ ਤੌਰ 'ਤੇ ਅਯੋਗ ਹੈ।

## ਕੁਝ ਯੂਕੇ–ਰਜਿਸਟਰਡ ਕੰਪਨੀਆਂ ਅਤੇ ਦੁਕਾਨਾਂ ਨੂੰ ਤਸਕਰਾਂ ਲਈ ਪੈਸੇ ਇਕੱਠੇ ਕਰਨ ਵਿੱਚ ਵਰਤਿਆ ਜਾ ਰਿਹਾ ਸੀ



ਲ਼ੰਡਨ–ਬੀਬੀਸੀ ਦੀ ਇਕ ਗੁਪਤ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਕੁਝ ਯੂਕੇ–ਰਜਿਸਟਰਡ ਕੰਪਨੀਆਂ ਅਤੇ ਦੁਕਾਨਾਂ ਨੂੰ ਗੈਰਕਾਨੂੰਨੀ "ਸਮਉਲਲ ਬੋਟ" ਚੈਨਲ ਪਾਰ ਕਰਵਾਉਣ ਵਾਲੇ ਤਸਕਰਾਂ ਲਈ ਪੈਸੇ ਇਕੱਠੇ ਕਰਨ ਵਿੱਚ ਵਰਤਿਆ ਜਾ ਰਿਹਾ ਸੀ। ਰਿਪੋਰਟ ਮੁਤਾਬਕ, ਲੰਡਨ ਦੇ ੋਲਾਚਿਹ ਇਲਾਕੇ ਵਿੱਚ ਇਕ ਮੋਬਾਈਲ ਫੋਨ ਸ਼ਾਪ ਦੇ ਕਰਮਚਾਰੀ ਨੇ ਅੰਡਰਕਵਰ ਰਿਪੋਰਟਰ ਨੂੰ ਕਿਹਾ ਕਿ ਉਹ ਲਗਭਗ £3,000 ਨਕਦ ਲੈ ਕੇ ਇਹ ਰਕਮ ਫਰਾਂਸ ਵਿੱਚ ਮੌਜੂਦ ਤਸਕਰਾਂ ਤੱਕ ਪਹੁੰਚਾ ਸਕਦੇ ਹਨ। ਪੈਸਾ ਤਦੋਂ ਹੀ ਭੇਜਿਆ ਜਾਣਾ ਸੀ ਜੇ ਮਾਈਗ੍ਰੈਂਟ ਸਫਲਤਾਪੂਰਵਕ ਇੰਗਲਿਸ਼ ਚੈਨਲ ਪਾਰ ਕਰ ਲੈਂਦੇ।

ਬੀਬੀਸੀ ਦੀ ਜਾਂਚ ਵਿੱਚ ਇਹ ਵੀ ਪਤਾ ਲੱਗਾ ਕਿ ਨਿਊਕੈਸਲ ਅਤੇ ਕੈਂਬ੍ਰਿਜਸ਼ਾਇਰ ਦੀਆਂ ਕੁਝ ਹੋਰ ਯੂਕੇ–ਰਜਿਸਟਰਡ ਫਰਮਾਂ ਦੇ ਬੈਂਕ ਖਾਤੇ ਵੀ ਇਸ ਨੈੱਟਵਰਕ ਨਾਲ ਜੋੜੇ ਗਏ ਸਨ। ਜਾਂਚ ਟੀਮ ਨੇ ਦੱਸਿਆ ਕਿ ਤਸਕਰਾਂ ਨੇ ਬੈਲਜੀਅਮ ਅਤੇ ਫਰਾਂਸ ਵਿੱਚ ਕੈਸ਼ ਡਰੌਪ–ਆਫ਼ ਸਥਾਨਾਂ ਦੀ ਜਾਣਕਾਰੀ ਵੀ ਦਿੱਤੀ। ਜਦੋਂ ਬੀਬੀਸੀ ਨੇ ਦੁਕਾਨ ਕਰਮਚਾਰੀਆਂ ਅਤੇ ਤਸਕਰਾਂ ਨਾਲ ਮੁਕਾਬਲਾ ਕੀਤਾ ਤਾਂ ਉਨ੍ਹਾਂ ਨੇ ਗੈਰਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਯੂਕੇ ਦੇ ਅਧਿਕਾਰੀਆਂ ਨੇ ਕਿਹਾ ਕਿ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹਾਂ ਖ਼ਿਲਾਫ਼ ਕਾਰਵਾਈ ਜਾਰੀ ਹੈ ਅਤੇ 'ਓਟੋਨਿਓਲ ਛਰਮਿਏ ਅਗਏਨਚੇ ਇਸ ਤਰ੍ਹਾਂ ਦੇ ਨੈੱਟਵਰਕ ਤੋੜਨ ਲਈ ਲਗਭਗ 100 ਸਰਗਰਮ ਜਾਂਚਾਂ ਚਲਾ ਰਹੀ ਹੈ।

# ਲੰਡਨ ਵਿੱਚ ਵਿਰੋਧੀ ਪ੍ਰਦਰਸ਼ਨਾਂ ਦੇ ਟਕਰਾਅ ਨਾਲ ਨਜਿੱਠਣ ਲਈ 4,000 ਪੁਲਿਸ ਅਧਿਕਾਰੀ ਤਾਇਨਾਤ



ਲੰਡਨ ਵਿੱਚ ਹੋ ਰਹੇ ਪ੍ਰਦਰਸ਼ਨਾਂ ਦੌਰਾਨ ਪ੍ਰਦਰਸ਼ਨਕਾਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੀਆਂ ਸੜਕਾਂ 'ਤੇ ਅੱਜ ਲਗਭਗ 4,000 ਪੁਲਿਸ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਗਿਆ, ਜਿੱਥੇ ਸੱਜੇ-ਪੱਖੀ ਆਗੂ ਟੌਮੀ ਰੌਬਿਨਸਨ ਦੇ ਸਮਰਥਕਾਂ ਦੇ "ਯੂਨਾਈਟ ਦਿ ਕਿੰਗਡਮ" ਮਾਰਚ ਅਤੇ ਫਲਸਤੀਨ ਦੇ ਹੱਕ ਵਿੱਚ ਕੱਢੇ ਜਾ ਰਹੇ "ਨਕਬਾ ਦਿਵਸ" ਦੇ ਵਿਰੋਧੀ ਪ੍ਰਦਰਸ਼ਨਾਂ ਕਾਰਨ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ।

ਚਿੰਤਾ ਵਾਲੀ ਗੱਲ ਇਹ ਵੀ ਹੈ ਕਿ ਇਹ ਦੋਵੇਂ ਵੱਡੇ ਪ੍ਰਦਰਸ਼ਨ ਵੈਂਬਲੀ ਸਟੇਡੀਅਮ ਵਿੱਚ ਹੋਣ ਵਾਲੇ ਐਫ ਏ ਕੱਪ ਫਾਈਨਲ ਮੈਚ ਦੇ ਨਾਲ ਹੀ ਹੋ ਰਹੇ ਹਨ। ਦੋਵੇਂ ਪ੍ਰਦਰਸ਼ਨਾਂ ਵਿੱਚ 80000 ਤੋਂ ਵੱਧ ਲੋਕਾਂ ਦੇ ਸ਼ਾਮਲ ਹੋਣ ਦੇ ਅਨੁਮਾਨ ਹਨ।

ਮੈਟਰੋਪੋਲੀਟਨ ਪੁਲਿਸ ਨੇ ਇਸ ਪੂਰੇ ਆਪ੍ਰੇਸ਼ਨ ਨੂੰ ਹਾਲ ਹੀ ਦੇ ਸਾਲਾਂ ਵਿੱਚ "ਸਭ ਤੋਂ ਵੱਡਾ ਪ੍ਰਦਰਸ਼ਨ" ਕਰਾਰ ਦਿੱਤਾ ਹੈ, ਜਿਸ 'ਤੇ ਲਗਭਗ 4.5 ਮਿਲੀਅਨ ਪੌਂਡ (ਲਗਭਗ 47 ਕਰੋੜ ਰੁਪਏ) ਦੀ ਲਾਗਤ ਆਉਣ ਦਾ ਅਨੁਮਾਨ ਹੈ। 4,000 ਪੁਲਿਸ ਕਰਮਚਾਰੀਆਂ ਦੇ ਨਾਲ-ਨਾਲ ਪੁਲਿਸ ਦੇ ਘੋੜੇ, ਸੁੰਘਣ ਵਾਲੇ ਕੁੱਤੇ, ਡਰੋਨ ਅਤੇ ਹੈਲੀਕਾਪਟਰਾਂ ਦੀ ਮਦਦ ਲਈ ਜਾ ਰਹੀ ਹੈ। ਲੰਡਨ ਤੋਂ ਬਾਹਰੋਂ ਵੀ 660 ਤੋਂ ਵੱਧ ਪੁਲਿਸ ਅਧਿਕਾਰੀ ਬੁਲਾਏ ਗਏ ਹਨ।

ਪੁਲਿਸ ਨੇ ਟਕਰਾਅ ਨੂੰ ਰੋਕਣ ਲਈ ਦੋਵਾਂ ਪ੍ਰਦਰਸ਼ਨਾਂ ਦੇ ਰੂਟ (ਰਸਤੇ) ਅਤੇ ਸਮਾਂ ਬਿਲਕੁਲ ਵੱਖਰੇ ਤੈਅ ਕੀਤੇ ਹਨ। ਟੌਮੀ ਰੌਬਿਨਸਨ ਦਾ ਮਾਰਚ ਕਿੰਗਜ਼ਵੇਅ ਤੋਂ ਸ਼ੁਰੂ ਹੋ ਕੇ ਪਾਰਲੀਮੈਂਟ ਸਕੁਏਅਰ 'ਤੇ ਖਤਮ ਹੋਵੇਗਾ, ਜਦੋਂ ਕਿ ਫਲਸਤੀਨ ਸਮਰਥਕਾਂ ਦਾ ਮਾਰਚ ਸਾਊਥ ਕੇਨਸਿੰਗਟਨ ਦੇ ਐਗਜ਼ੀਬਿਸ਼ਨ ਰੋਡ ਤੋਂ ਸ਼ੁਰੂ ਹੋ ਕੇ ਪਾਲ ਮਾਲ ਵੱਲ ਜਾਵੇਗਾ। ਪੁਲਿਸ ਨੂੰ ਖ਼ਦਸ਼ਾ ਹੈ ਕਿ ਐਫ ਏ ਕੱਪ ਫਾਈਨਲ ਦੇਖਣ ਆਏ ਕੁਝ ਫੁੱਟਬਾਲ ਪ੍ਰਸ਼ੰਸਕ ਸਿੱਧੇ ਟੌਮੀ ਰੌਬਿਨਸਨ ਦੇ ਮਾਰਚ ਵਿੱਚ ਸ਼ਾਮਲ ਹੋ ਕੇ ਹਿੰਸਾ ਭੜਕਾ ਸਕਦੇ ਹਨ। ਇਤਿਹਾਸ ਵਿੱਚ ਪਹਿਲੀ ਵਾਰ, ਕਿਸੇ ਵੱਡੇ ਸਿਆਸੀ ਪ੍ਰਦਰਸ਼ਨ ਦੌਰਾਨ ਲੰਡਨ ਪੁਲਿਸ ਵੱਲੋਂ 'ਲਾਈਵ ਫੇਸ਼ੀਅਲ ਰਿਕੋਗਨੀਸ਼ਨ' (ਚਿਹਰਾ ਪਛਾਣਨ ਵਾਲੀ ਤਕਨੀਕ) ਦੇ ਕੈਮਰੇ ਵਰਤੇ ਜਾ ਰਹੇ ਹਨ। ਇਹ ਕੈਮਰੇ ਖਾਸ ਤੌਰ 'ਤੇ ਕੈਮਡਨ ਇਲਾਕੇ ਵਿੱਚ ਲਗਾਏ ਗਏ ਹਨ ਤਾਂ ਜੋ ਪਿਛਲੇ ਪ੍ਰਦਰਸ਼ਨਾਂ ਦੌਰਾਨ ਹਿੰਸਾ ਕਰਨ ਵਾਲੇ ਲੋੜੀਂਦੇ ਸ਼ੱਕੀਆਂ ਅਤੇ ਅਪਰਾਧੀਆਂ ਦੀ ਤੁਰੰਤ ਪਛਾਣ ਕੀਤੀ ਜਾ ਸਕੇ। ਖ਼ਬਰ ਲਿਖਣ ਤੱਕ ਪੁਲਿਸ ਨੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਹੈ ਅਤੇ ਪ੍ਰਦਰਸ਼ਨ ਜਾਰੀ ਹਨ।

# ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਵਿਖੇ "ਹਿੰਦੀ ਮਹਿਲਾ ਕਵੀ ਸੰਮੇਲਨ" ਦਾ ਸ਼ਾਨਦਾਰ ਆਯੋਜਨ


**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਵਿਖੇ "ਹਿੰਦੀ ਮਹਿਲਾ ਕਵੀ ਸੰਮੇਲਨ" ਦਾ ਆਯੋਜਨ ਕੀਤਾ ਗਿਆ। ਭਾਰਤੀ ਹਾਈ ਕਮਿਸ਼ਨ ਨੇ ਆਖਿਆ ਕਿ "ਹਿੰਦੀ ਮਹਿਲਾ ਕਵੀ ਸੰਮੇਲਨ" ਹਿੰਦੀ ਭਾਸ਼ਾ, ਭਾਰਤੀ ਸੰਸਕ੍ਰਿਤੀ ਅਤੇ ਮਹਿਲਾ ਸਿਰਜਣਸ਼ੀਲਤਾ ਦੇ ਜਸ਼ਨ ਦਾ ਇੱਕ ਬਹੁਤ ਹੀ ਮਾਣਮੱਤਾ ਅਤੇ ਪ੍ਰਭਾਵਸ਼ਾਲੀ ਮੌਕਾ ਰਿਹਾ। ਇਸ ਆਯੋਜਨ ਦਾ ਮੁੱਖ ਮਕਸਦ ਵਿਦੇਸ਼ਾਂ ਵਿੱਚ ਹਿੰਦੀ ਸਾਹਿਤ ਅਤੇ ਭਾਰਤੀ ਸੱਭਿਆਚਾਰਕ ਵਿਰਾਸਤ ਦੇ ਪ੍ਰਚਾਰ-ਪ੍ਰਸਾਰ ਨੂੰ ਉਤਸ਼ਾਹਿਤ ਕਰਨਾ ਸੀ। ਇਸਦੇ ਨਾਲ ਹੀ, ਮਹਿਲਾ ਸਾਹਿਤਕਾਰਾਂ ਅਤੇ ਰਚਨਾਕਾਰਾਂ ਨੂੰ ਉਹਨਾਂ ਦੀ ਸਿਰਜਣਾਤਮਕ ਪ੍ਰਗਟਾਵੇ ਲਈ ਇੱਕ ਅੰਤਰਰਾਸ਼ਟਰੀ ਮੰਚ ਪ੍ਰਦਾਨ ਕਰਨਾ ਇਸਦਾ ਇੱਕ ਵੱਡਾ ਉਦੇਸ਼ ਸੀ। ਇਸ ਖ਼ਾਸ ਸ਼ਾਮ ਨੂੰ ਦੇਸ਼-ਵਿਦੇਸ਼ ਦੀਆਂ ਨਾਮਵਰ ਕਵਿੱਤਰੀਆਂ ਨੇ ਆਪਣੀ ਹਾਜ਼ਰੀ ਨਾਲ ਚਾਰ ਚੰਦ ਲਗਾਏ। ਪ੍ਰੋਗਰਾਮ ਦੌਰਾਨ ਡਾ. ਕੀਰਤੀ ਕਾਲੇ, ਸ਼ਿਖਾ ਵਾਰਸ਼ਨੇਅ, ਮੀਰਾ ਕੌਸ਼ਿਕ ਅਤੇ ਇੰਦੂ ਬਾਰੋਟ ਨੇ ਆਪਣੀਆਂ ਭਾਵਪੂਰਤ ਅਤੇ ਦਿਲ ਨੂੰ ਛੂਹ ਲੈਣ ਵਾਲੀਆਂ ਕਾਵਿ-ਪੇਸ਼ਕਾਰੀਆਂ ਰਾਹੀਂ ਸਮਾਗਮ ਨੂੰ ਰੌਚਿਕ ਬਣਾਇਆ। ਇਸ ਪ੍ਰੋਗਰਾਮ ਨੇ ਲੰਡਨ ਵਿੱਚ ਰਹਿਣ ਵਾਲੇ ਭਾਰਤੀ ਭਾਈਚਾਰੇ ਨੂੰ ਆਪਣੀਆਂ ਜੜ੍ਹਾਂ ਅਤੇ ਸਾਹਿਤ ਨਾਲ ਜੋੜਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ।**



**ਕਵੀ ਸੰਮੇਲਨ ਵਿੱਚ ਸ਼ਾਮਲ ਕਵਿੱਤਰੀਆਂ**

# 'ਮੈਂ ਪਿੱਛੇ ਨਹੀਂ ਹਟਾਂਗਾ' - ਪ੍ਰਧਾਨ ਮੰਤਰੀ ਕੀਰ ਸਟਾਰਮਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੇਬਰ ਪਾਰਟੀ ਦੇ ਅੰਦਰੂਨੀ ਵਿਰੋਧ ਅਤੇ ਲੀਡਰਸ਼ਿਪ ਨੂੰ ਮਿਲ ਰਹੀ ਚੁਣੌਤੀ ਦੇ ਵਿਚਕਾਰ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅੱਜ ਇੱਕ ਵਾਰ ਫਿਰ ਸਖ਼ਤ ਅਤੇ ਦ੍ਰਿੜ ਰੁਖ ਅਖਤਿਆਰ ਕਰਦਿਆਂ ਸਾਫ਼ ਕਰ ਦਿੱਤਾ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਨਹੀਂ ਦੇਣਗੇ ਅਤੇ ਅਗਲੀ ਆਮ ਚੋਣ ਵਿੱਚ ਪਾਰਟੀ ਦੀ ਅਗਵਾਈ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ।



ਪ੍ਰਧਾਨ ਮੰਤਰੀ ਕੀਰ ਸਟਾਰਮਰ

ਸਥਾਨਕ ਚੋਣਾਂ ਵਿੱਚ ਲੇਬਰ ਪਾਰਟੀ ਨੂੰ ਮਿਲੀ ਕਰਾਰੀ ਹਾਰ ਤੋਂ ਬਾਅਦ ਜਿੱਥੇ ਪਾਰਟੀ ਦੇ ਅੰਦਰੋਂ ਹੀ ਲਗਭਗ 90 ਤੋਂ ਵੱਧ ਸੰਸਦ ਮੈਂਬਰ ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਹਨ, ਉੱਥੇ ਹੀ ਸਟਾਰਮਰ ਨੇ "ਪਿੱਛੇ ਹਟਣ" ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ।

ਪ੍ਰਧਾਨ ਮੰਤਰੀ ਸਟਾਰਮਰ ਨੇ ਕਿਹਾ ਕਿ ਉਹ ਦੇਸ਼ ਨੂੰ ਕਿਸੇ ਸਿਆਸੀ ਜਾਂ ਆਰਥਿਕ ਹਫੜਾ-ਦਫੜੀ ਵਿੱਚ ਨਹੀਂ ਧੱਕਣਾ ਚਾਹੁੰਦੇ, ਜਿਵੇਂ ਕਿ ਪਿਛਲੇ ਸਮੇਂ ਦੌਰਾਨ ਕੰਜ਼ਰਵੇਟਿਵ (ਟੋਰੀ) ਪਾਰਟੀ ਦੇ ਰਾਜ ਵਿੱਚ ਵਾਰ-ਵਾਰ ਦੇਖਣ ਨੂੰ ਮਿਲਿਆ ਸੀ। ਉਨ੍ਹਾਂ ਕਿਹਾ ਕਿ "ਮੈਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਣ ਵਾਲਾ ਨਹੀਂ ਹਾਂ।"

ਸਟਾਰਮਰ ਨੇ ਦੁਹਰਾਇਆ ਕਿ ਉਹ ਪੰਜ ਸਾਲਾਂ ਦੇ ਕਾਰਜਕਾਲ ਲਈ ਚੁਣੇ ਗਏ ਹਨ ਅਤੇ ਉਹ ਅਗਲੀ ਆਮ ਚੋਣ ਵਿੱਚ ਮੁੜ ਪ੍ਰਧਾਨ ਮੰਤਰੀ ਦੇ ਚਿਹਰੇ ਵਜੋਂ ਮੈਦਾਨ ਵਿੱਚ ਉਤਰਨਗੇ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੌਂਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੁਈਟ**


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

**ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!**

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

**KINGSWAY BANQUETING SUITE**
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
**TEL: 020 8570 8351**
Email: Kingswaylondon@icloud.com, www.kingswaybanqueting.com

ਧੰਨ ਧੰਨ ਜਗਤ ਗੁਰੂ ਸ੍ਰੀ ਰਵਿਦਾਸ ਜੀ ਮਹਾਰਾਜ ਦਾ

# ਮਹਾਨ ਗੁਰਪੁਰਬ

## ਸ੍ਰੀ ਗੁਰੂ ਰਵਿਦਾਸ ਸਭਾ ਯੂ ਕੇ, ਯੂਰਪ ਅਤੇ ਅਬਰੌਡ ਵੱਲੋਂ

## 31 ਮਈ 2026 ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਭਵਨ ਬੈਡਫੋਰਡ

## SHRI GURU RAVIDASS BHAWAN BEDFORD

GURU RAVIDASS LANE, BEDFORD, MK40 1ED, U.K. ਵਿਖੇ ਮਨਾਇਆ ਜਾਵੇਗਾ

ਸ੍ਰੀ ਗੁਰੂ ਰਵਿਦਾਸ ਜੀ ਦੇ ਮਹਾਨ ਉਪਦੇਸ਼ਾਂ ਦੁਆਰਾ ਇਨਕਲਾਬ ਦੇ ਸਦਕਾ ਅੱਜ ਸਾਰੀ ਰਵਿਦਾਸੀਆ ਕੌਮ ਦੁਨੀਆ ਦੇ ਹਰ ਕੋਨੇ ਵਿਚ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਆਰਥਿਕ ਖੇਤਰਾਂ ਵਿਚ ਤਰੱਕੀ ਦੀਆਂ ਸਿਖ਼ਰਾਂ 'ਤੇ ਪਹੁੰਚੀ ਹੋਈ ਹੈ।




### == ਪ੍ਰੋਗਰਾਮ ਦਾ ਵੇਰਵਾ :==

**ਆਰੰਭ ਸ੍ਰੀ ਅਖੰਡ ਪਾਠ ਸਾਹਿਬ**
29-5-2026 ਸ਼ੁੱਕਰਵਾਰ, ਸਵੇਰੇ 10:30 ਵਜੇ
**ਭੋਗ ਸ੍ਰੀ ਅਖੰਡ ਪਾਠ ਸਾਹਿਬ**
31-5-2026 ਐਤਵਾਰ ਸਵੇਰੇ 10:30 ਵਜੇ

ਉਪਰੰਤ ਦੀਵਾਨ ਸਜਾਇਆ ਜਾਵੇਗਾ ਜਿਸ ਵਿੱਚ ਗੁਰੂ ਘਰ ਦੇ ਕੀਰਤਨੀ ਜਥੇ ਵੱਲੋਂ ਆਰਤੀ ਤੇ ਆਰਤੇ ਦਾ ਗਾਇਨ ਅਤੇ ਪ੍ਰੇਮ ਪਟੋਲੇ ਸ਼ਬਦ ਦਾ ਗਾਇਨ ਕੀਤਾ ਜਾਵੇਗਾ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗੁਣੀ ਗਿਆਨੀ, ਕਥਾਕਾਰ ਅਤੇ ਕੀਰਤਨੀ ਜਥੇ ਪਹੁੰਚ ਰਹੇ ਹਨ। ਇਸ ਖਾਸ ਮੌਕੇ ਵੱਖ-ਵੱਖ ਸ਼ਹਿਰਾਂ ਤੋਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਨੁਮਾਇੰਦੇ ਵੀ ਭਾਗ ਲੈ ਰਹੇ ਹਨ ਅਤੇ ਬਾਹਰੋਂ ਆਏ ਬੁਲਾਰੇ ਕਮਿਊਨਿਟੀ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਸੰਬੋਧਨ ਕਰਨਗੇ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਕਥਾ ਕੀਰਤਨ ਸਰਵਣ ਕਰਕੇ ਆਪਣਾ ਜੀਵਨ ਕ੍ਰਿਤਾਰਥ ਕਰੋ ਜੀ।

ਗੁਰੂ ਘਰ ਵਿਖੇ ਲੰਗਰ ਤੇ ਚਾਹ ਪਾਣੀ ਤਿੰਨੇ ਦਿਨ ਅਤੁੱਟ ਵਰਤੇਗਾ।

**ਵਿਸ਼ੇਸ਼ ਨੋਟ** : ਸ੍ਰੀ ਗੁਰੂ ਰਵਿਦਾਸ ਸਭਾ ਯੂ ਕੇ, ਯੂਰਪ ਐਂਡ ਅਬਰੌਡ ਵੱਲੋਂ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਸ੍ਰੀ ਗੁਰੂ ਰਵਿਦਾਸ ਸਭਾ ਕੋਚਾਂ ਰਾਹੀਂ ਆਪਣੀ ਸੰਗਤ ਨੂੰ ਨਾਲ ਲੈ ਕੇ ਇਸ ਪ੍ਰੋਗਰਾਮ ਵਿਚ ਹੁੰਮ ਹੁੰਮਾ ਕੇ ਪਹੁੰਚੋ।

**ਨੋਟ**:- ਡਰਬੀ ਤੋਂ ਜਾਣ ਵਾਲੀਆਂ ਸੰਗਤਾਂ ਕਿਰਪਾ ਕਰਕੇ ਸੁਰਿੰਦਰ ਕੁਮਾਰ ਸੋਢੀ ਨਾਲ ਸੰਪਰਕ ਕਰੋ ਜੀ: 07882 157963

VENUE: **SHRI GURU RAVIDASS BHAWAN**
GURU RAVIDASS LANE, BEDFORD, MK40 1ED, U.K.

**SHRI GURU RAVIDASS SABHA U.K., Europe & Abroad**
SUPREME COUNCIL OF RAVIDASSIA COMMUNITY

===== FOR MORE INFORMATION PLEASE CONTACT : =====
PRESIDENT - DALAWER SINGH BAGHA: 07956 323203, GEN. SEC. - JASVIR RAM HEER LEICESTER: 07703 115914

# ਸਾਊਥੈਂਪਟਨ ਵਿੱਚ 18 ਸਾਲਾ ਵਿਦਿਆਰਥੀ ਦੇ ਕਤਲ ਦੇ ਮਾਮਲੇ ਵਿੱਚ ਇੱਕ ਬ੍ਰਿਟਿਸ਼ ਸਿੱਖ ਨੌਜਵਾਨ ਅਤੇ ਉਸਦੀ ਮਾਂ ਖਿਲਾਫ਼ ਮੁਕੱਦਮਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) **ਸਾਊਥੈਂਪਟਨ ਵਿੱਚ ਇੱਕ 18 ਸਾਲਾ ਯੂਨੀਵਰਸਿਟੀ ਵਿਦਿਆਰਥੀ ਦੇ ਕਤਲ ਦੇ ਮਾਮਲੇ ਵਿੱਚ ਇੱਕ ਬ੍ਰਿਟਿਸ਼ ਸਿੱਖ ਨੌਜਵਾਨ ਅਤੇ ਉਸਦੀ ਮਾਂ ਖ਼ਿਲਾਫ਼ ਸਾਊਥੈਂਪਟਨ ਕਰਾਊਨ ਕੋਰਟ ਵਿੱਚ ਮੁਕੱਦਮਾ ਚੱਲ ਰਿਹਾ ਹੈ।**

ਪ੍ਰਾਪਤ ਜਾਣਕਾਰੀ ਮੁਤਾਬਕ 18 ਸਾਲਾ ਹੈਨਰੀ ਨੋਵੈਕ ਸਾਊਥੈਂਪਟਨ ਯੂਨੀਵਰਸਿਟੀ ਵਿੱਚ ਅਕਾਊਂਟੈਂਸੀ ਅਤੇ ਫਾਈਨਾਂਸ ਦਾ ਪਹਿਲੇ ਸਾਲ ਦਾ ਵਿਦਿਆਰਥੀ ਸੀ। ਜਿਸ ਦਾ 3 ਦਸੰਬਰ 2025 ਦੀ ਰਾਤ ਨੂੰ ਸਾਊਥੈਂਪਟਨ ਦੀ ਬੇਲਮੌਂਟ ਰੋਡ 'ਤੇ ਤੇਜ਼ਧਾਰ ਹਥਿਆਰ ਨਾਲ ਉਸ ਸਮੇਂ ਕਤਲ ਕਰ ਦਿੱਤਾ ਸੀ ਜਦ ਉਹ ਆਪਣੇ ਦੋਸਤਾਂ ਨਾਲ ਘਰ ਪਰਤ ਰਿਹਾ ਸੀ ਅਤੇ ਆਪਣੇ ਦੋਸਤਾਂ ਨੂੰ ਸਨੈਪਚੈਟ ਵੀਡੀਓਜ਼ ਭੇਜ ਰਿਹਾ ਸੀ। ਪੋਸਟਮਾਰਟਮ ਰਿਪੋਰਟ ਮੁਤਾਬਕ ਉਸਦੇ ਸਰੀਰ 'ਤੇ ਚਾਕੂ ਦੇ ਚਾਰ ਜ਼ਖ਼ਮ ਸਨ।

23 ਸਾਲਾ ਵਿਕਰਮ ਦਿਗਵਾ 'ਤੇ ਹੈਨਰੀ ਦੇ ਕਤਲ ਅਤੇ ਜਨਤਕ ਥਾਂ 'ਤੇ ਤੇਜ਼ਧਾਰ ਹਥਿਆਰ ਰੱਖਣ ਦੇ ਦੋਸ਼ ਲੱਗੇ ਹਨ। ਜਦ ਕਿ ਉਸ ਦੀ ਮਾਂ ਕਿਰਨ ਕੌਰ 'ਤੇ ਦੋਸ਼ ਹੈ ਕਿ ਉਸਨੇ ਵਾਰਦਾਤ ਵਾਲੀ ਥਾਂ ਤੋਂ ਹਥਿਆਰ ਹਟਾ ਕੇ ਮੁਲਜ਼ਮ ਦੀ ਮਦਦ ਕੀਤੀ ਸੀ।

ਸਰਕਾਰੀ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਹੈਨਰੀ ਦੇ ਫੋਨ ਵਿੱਚ ਇੱਕ ਵੀਡੀਓ ਰਿਕਾਰਡ ਹੋਈ ਸੀ (ਜੋ ਬਾਅਦ ਵਿੱਚ ਵਿਕਰਮ ਦੀ ਜੇਬ ਵਿੱਚੋਂ ਮਿਲੇ ਫੋਨ ਤੋਂ ਬਰਾਮਦ ਹੋਈ)। ਇਸ ਵੀਡੀਓ ਵਿੱਚ ਘਟਨਾ ਤੋਂ ਠੀਕ ਪਹਿਲਾਂ ਵਿਕਰਮ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ,

"ਮੈਂ ਇੱਕ ਬੁਰਾ ਆਦਮੀ ਹਾਂ"।

ਸਰਕਾਰੀ ਵਕੀਲ ਮੁਤਾਬਕ ਵਿਕਰਮ ਕੋਲ ਇੱਕ 21 ਸੈਂਟੀਮੀਟਰ (ਲਗਭਗ 9 ਇੰਚ) ਵਾਲਾ ਵੱਡਾ ਚਾਕੂ/ਸ਼ਸਤਰ ਸੀ। ਸੀ ਸੀ ਟੀ ਵੀ ਫੁਟੇਜ ਵਿੱਚ ਉਸਦੀ ਮਾਂ ਉਸ ਵੱਡੇ ਚਾਕੂ ਨੂੰ ਘਰ ਲੈ ਜਾਂਦੀ ਦਿਖਾਈ ਦਿੱਤੀ ਹੈ। ਬਚਾਅ ਪੱਖ ਨੇ ਵਿਕਰਮ ਦਿਗਵਾ ਅਤੇ ਉਸਦੀ ਮਾਂ ਦੋਵਾਂ ਨੇ ਲੱਗੇ ਦੋਸ਼ਾਂ ਨੂੰ ਨਕਾਰਿਆ ਹੈ। ਵਿਕਰਮ ਦੇ ਵਕੀਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਵਿਕਰਮ ਨੇ ਇਹ ਕਦਮ ਆਤਮ-ਰੱਖਿਆ ਵਿੱਚ ਚੁੱਕਿਆ ਸੀ।

ਮੁਲਜ਼ਮ ਦਾ ਦਾਅਵਾ ਹੈ ਕਿ ਹੈਨਰੀ ਸ਼ਰਾਬ ਦੇ ਨਸ਼ੇ ਵਿੱਚ ਸੀ ਅਤੇ ਉਸਨੇ ਵਿਕਰਮ 'ਤੇ ਨਸਲੀ ਟਿੱਪਣੀ ਕੀਤੀ ਸੀ, ਉਸਦੀ ਪੱਗ ਲਾਹ ਦਿੱਤੀ ਸੀ ਅਤੇ ਵਾਲਾਂ ਤੋਂ ਫੜ ਲਿਆ ਸੀ, ਜਿਸ ਤੋਂ ਬਾਅਦ ਵਿਕਰਮ ਨੇ ਬਚਾਅ ਵਿੱਚ ਆਪਣੀ ਕਿਰ-ਪਾਨ ਨਾਲ ਵਾਰ ਕੀਤੇ। ਸਾਊਥੈਂਪਟਨ ਕਰਾਊਨ ਕੋਰਟ ਵਿੱਚ ਇਸ ਮਾਮਲੇ ਦੀ ਸੁਣਵਾਈ ਜਾਰੀ ਹੈ।

## ਲੰਡਨ ਵਿੱਚ ਕੱਲ ਦੋ ਵਿਰੋਧੀ ਪ੍ਰਦਰਸ਼ਨਾਂ ਦੌਰਾਨ 43 ਲੋਕ ਗ੍ਰਿਫ਼ਤਾਰ ਲੰਡਨ

(ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਦੋ ਵੱਡੇ ਅਤੇ ਇੱਕ-ਦੂਜੇ ਦੇ ਕੱਟੜ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਹਿੰਸਾ ਨੂੰ ਰੋਕਣ ਲਈ ਮੈਟਰੋਪੋਲੀਟਨ ਪੁਲਿਸ ਵੱਲੋਂ ਚਲਾਏ ਸੁਰੱਖਿਆ ਆਪ੍ਰੇਸ਼ਨ ਦੌਰਾਨ 43 ਲੋਕ ਗ੍ਰਿਫ਼ਤਾਰ ਕੀਤੇ ਗਏ ਹਨ। ਪੁਲਿਸ ਦੀ ਮੁਸਤੈਦੀ ਸਦਕਾ ਸੱਜੇ-ਪੱਖੀ "ਯੂਨਾਈਟਿਡ ਦਿ ਕਿੰਗਡਮ" ਰੈਲੀ ਅਤੇ ਫਲਸਤੀਨ ਦੇ ਸਮਰਥਨ ਵਾਲੇ "ਨਕਬਾ 78" ਮਾਰਚ ਨੂੰ ਇੱਕ-ਦੂਜੇ ਤੋਂ ਪੂਰੀ ਤਰ੍ਹਾਂ ਦੂਰ ਰੱਖਿਆ ਗਿਆ।ਇਸ ਪੂਰੇ ਆਪ੍ਰੇਸ਼ਨ ਦੌਰਾਨ ਦੇਸ਼ ਭਰ ਵਿੱਚੋਂ ਸੱਦੇ ਗਏ 4,000 ਤੋਂ ਵੱਧ ਪੁਲਿਸ ਮੁਲਾਜ਼ਮ ਤਾਇਨਾਤ ਸਨ, ਜਿਨ੍ਹਾਂ ਨੇ ਲੰਡਨ ਦੇ ਕੇਂਦਰ ਵਿੱਚ ਇੱਕ ਅਜਿਹਾ 'ਸੁਰੱਖਿਆ ਘੇਰਾ' ਬਣਾਇਆ ਜਿਸ ਨੂੰ ਤੋੜਨਾ ਅਸੰਭਵ ਸੀ। ਦੋਵਾਂ ਪ੍ਰਦਰਸ਼ਨਾਂ ਦੌਰਾਨ ਜਨਤਕ ਵਿਵਸਥਾ ਭੰਗ ਕਰਨ, ਨਫ਼ਰਤ ਫੈਲਾਉਣ ਵਾਲੇ ਅਪਰਾਧਾਂ ਅਤੇ ਪੁਲਿਸ 'ਤੇ ਹਮਲਾ ਕਰਨ ਦੇ ਦੋਸ਼ ਹੇਠ 43 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਇਲਾਵਾ, ਵੈਂਬਲੀ ਸਟੇਡੀਅਮ ਵਿੱਚ ਚੇਲਸੀ ਅਤੇ ਮੈਨਚੈਸਟਰ ਸਿਟੀ ਵਿਚਕਾਰ ਹੋਏ ਐਫ ਏ ਕੱਪ ਫਾਈਨਲ ਦੌਰਾਨ ਭੀੜ ਨੂੰ ਕਾਬੂ ਕਰਦੇ ਹੋਏ 22 ਹੋਰ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ।ਪ੍ਰਦਰਸ਼ਨਕਾਰੀਆਂ ਵੱਲੋਂ ਚਾਰ ਪੁਲਿਸ ਮੁਲਾਜ਼ਮਾਂ 'ਤੇ ਹਮਲਾ ਕੀਤਾ ਗਿਆ ਅਤੇ ਛੇ ਹੋਰਾਂ ਨੂੰ ਨਫ਼ਰਤ ਭਰੇ ਵਿਵਹਾਰ ਦਾ ਸਾਹ-ਮਣਾ ਕਰਨਾ ਪਿਆ। ਹਾਲਾਂਕਿ, ਕਿਸੇ ਵੀ ਅਧਿਕਾਰੀ ਨੂੰ ਗੰਭੀਰ ਸੱਟ ਨਹੀਂ ਲੱਗੀ।

## ਬਰਮਿੰਘਮ ਵਿੱਚ ਪਤੀ-ਪਤਨੀ 'ਤੇ ਗੱਡੀ ਚੜ੍ਹਾਉਣ ਵਾਲੇ ਹਰਿੰਦਰਪਾਲ ਅਠਵਾਲ ਨੂੰ 11 ਸਾਲ ਤੋਂ ਵੱਧ ਦੀ ਸਜ਼ਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਮਿੰਘਮ ਵਿੱਚ ਪਿਛਲੇ ਸਾਲ ਇੱਕ ਪਤੀ-ਪਤਨੀ 'ਤੇ ਤੇਜ਼ ਰਫ਼ਤਾਰ ਕਾਰ ਚੜ੍ਹਾਉਣ, ਪਤੀ ਦੀ ਜਾਨ ਲੈਣ ਅਤੇ ਪਤਨੀ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ ਇੱਕ ਵਿਅਕਤੀ ਨੂੰ 11 ਸਾਲ ਤੋਂ ਵੱਧ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ।ਟਿਵੀਡੇਲ ਦੇ ਸੋਰੇਲ ਕਲੋਜ਼ ਦੇ ਰਹਿਣ ਵਾਲੇ 41 ਸਾਲਾ ਹਰਿੰਦਰਪਾਲ ਸਿੰਘ ਅਠਵਾਲ ਨੂੰ ਬਰਮਿੰਘਮ ਕਰਾਊਨ ਕੋਰਟ ਨੇ 11 ਸਾਲ ਅਤੇ 3 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ ਉਸ ਦੇ ਗੱਡੀ ਚਲਾਉਣ 'ਤੇ 20 ਸਾਲ ਦੀ ਪਾਬੰਦੀ ਲਗਾ ਦਿੱਤੀ ਗਈ ਹੈ।

ਇਹ ਦਰਦਨਾਕ ਹਾਦਸਾ 16 ਦਸੰਬਰ 2025 ਨੂੰ ਸਵੇਰੇ 11:15 ਵਜੇ ਦੇ ਕਰੀਬ ਬਰਮਿੰਘਮ ਦੀ ਸੋਹੋ ਰੋਡ 'ਤੇ ਵਾਪਰਿਆ। ਜਦੋਂ ਫੁੱਟਪਾਥ 'ਤੇ ਜਾ ਰਹੇ ਇੱਕ 54 ਸਾਲਾ ਵਿਅਕਤੀ ਅਤੇ ਉਸਦੀ 47 ਸਾਲਾ ਪਤਨੀ ਨੂੰ ਇੱਕ ਕਾਰ ਨੇ ਟੱਕਰ ਮਾਰ ਦਿੱਤੀ ਜਿਸ ਨੂੰ ਅਠਵਾਲ ਚਲਾ ਰਿਹਾ ਸੀ।

ਸਾਰੀ ਘਟਨਾ ਸੀ ਸੀ ਟੀ ਵੀ ਵਿੱਚ ਕੈਦ ਹੋ ਗਈ, ਟੱਕਰ ਮਾਰਨ ਤੋਂ ਬਾਅਦ ਅਠਵਾਲ ਉੱਥੋਂ ਫ਼ਰਾਰ ਹੋ ਗਿਆ। ਹਾਦਸੇ ਵਾਲੀ ਥਾਂ 'ਤੇ ਹੀ ਪਤੀ ਦੀ ਮੌਤ ਹੋ ਗਈ, ਜਦੋਂ ਕਿ ਉਸਦੀ ਪਤਨੀ ਨੂੰ ਗੰਭੀਰ ਅਤੇ ਜੀਵਨ ਭਰ ਪ੍ਰਭਾਵਿਤ ਕਰਨ ਵਾਲੀਆਂ ਸੱਟਾਂ ਨਾਲ ਹਸਪਤਾਲ ਦਾਖਲ ਕਰਵਾਇਆ ਗਿਆ।

ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ 24 ਘੰਟਿਆਂ ਦੇ ਅੰਦਰ ਅਠਵਾਲ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਸਮੇਂ ਉਸ ਨੇ ਦਾਅਵਾ ਕੀਤਾ ਕਿ ਉਸ ਨੂੰ ਪਤਾ ਹੀ ਨਹੀਂ ਸੀ ਕਿ ਕਿਸੇ ਦੀ ਮੌਤ ਹੋਈ ਹੈ।

ਸੀਰੀਅਸ ਕੋਲੀਜ਼ਨ ਇਨਵੈਸਟੀਗੇਸ਼ਨ ਯੂਨਿਟ ਦੀ ਜਾਂਚ ਸਰਜੈਂਟ ਜੂਲੀ ਲਾਇਮਨ ਨੇ ਕਿਹਾ ਕਿ ਅਠਵਾਲ ਦਾ ਹਾਦਸੇ ਤੋਂ ਬਾਅਦ ਮਦਦ ਨਾ ਕਰਨਾ ਅਤੇ ਭੱਜ ਜਾਣਾ ਬਹੁਤ ਹੀ "ਬੇਰਹਿਮ ਅਤੇ ਪੱਥਰ-ਦਿਲ" ਕਾਰਵਾਈ ਸੀ। ਉਨ੍ਹਾਂ ਉਮੀਦ ਜਤਾਈ ਕਿ ਇਸ ਸਜ਼ਾ ਨਾਲ ਪੀੜਤ ਪਰਿਵਾਰ ਨੂੰ ਕੁਝ ਇਨਸਾਫ਼ ਮਿਲੇਗਾ।

## ਇਤਰਾਜ਼ਯੋਗ ਟਿੱਪਣੀ ਕਰਨ ਵਾਲੇ ਰਿਫੌਰਮ ਯੂ ਕੇ ਦੇ ਨਵੇਂ ਚੁਣੇ ਕੌਂਸਲਰ ਵੱਲੋਂ ਅਸਤੀਫਾ, ਪਾਰਟੀ 'ਚੋਂ ਕੱਢਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਦੇ ਇਲਾਕੇ ਵਿੱਚ ਸਿੱਖ ਮਹਿਲਾਵਾਂ ਤੇ ਹੋਏ ਨਸਲੀ ਹਮਲੇ ਅਤੇ ਜਬਰਜਨਾਹ ਵਰਗੇ ਘਿਨੌਣੇ ਅਪਰਾਧਾਂ ਤੋਂ ਬਾਅਦ ਇਤਰਾਜ਼ਯੋਗ ਟਿੱਪਣੀ ਕਰਨ ਵਾਲੇ ਰਿਫੌਰਮ ਪਾਰਟੀ ਦੇ ਨਵੇਂ ਬਣੇ ਕੌਂਸਲਰ ਸਟੂਅਰਟ ਪ੍ਰਾਇਰ ਨੇ ਅਸਤੀਫਾ ਦੇ ਦਿੱਤਾ ਹੈ। ਐਸੈਕਸ ਕਾਊਂਟੀ ਕੌਂਸਲ ਲਈ ਚੁਣੇ ਗਏ 53 ਕੌਂਸਲਰਾਂ ਵਿੱਚੋਂ ਪ੍ਰਾਇਰ ਨੇ ਰੋਚਫੋਰਡ ਜ਼ਿਲ੍ਹਾ ਕੌਂਸਲ ਦੀ ਸੀਟ ਵੱਡੇ ਫਰਕ ਨਾਲ ਜਿੱਤੀ ਸੀ। ਸਟੂਅਰਟ ਪ੍ਰਾਇਰ ਦੀਆਂ ਟਿੱਪਣੀਆਂ ਨੂੰ ਲੈ ਕੇ ਰਫ਼ੌਰਮ ਯੂ ਕੇ ਨੇ ਪਾਰਟੀ ਵਿੱਚੋਂ ਵੀ ਕੱਢ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪ੍ਰਾਇਰ ਨੇ ਪੀੜਤ ਸਿੱਖ ਮਹਿਲਾਵਾਂ, ਮੁਸਲਿਮਾਨਾਂ ਬਾਬਤ ਵੀ ਇਤਰਾਜ਼ਯੋਗ ਸਮੱਗਰੀ ਸ਼ੋਸ਼ਲ ਮੀਡੀਆ ਤੇ ਸਾਂਝੀ ਕੀਤੀ ਸੀ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਸ਼ਿਕੰਜਾ ਕਸਿਆ

## ਖਾਸ ਖਬਰ ✪ ਬ੍ਰਿਟੇਨ ਸਣੇ 46 ਦੇਸ਼ਾਂ ਨੇ ਮਨੁੱਖੀ ਅਧਿਕਾਰ ਅਦਾਲਤਾਂ ਨੂੰ ਦਿਖਾਈਆਂ ਅੱਖਾਂ

ਬ੍ਰਿਟੇਨ ਅਤੇ ਹੋਰ ਯੂਰਪੀਅਨ ਦੇਸ਼ਾਂ ਨੇ ਇੱਕ ਇਤਿਹਾਸਕ ਐਲਾਨਨਾਮੇ 'ਤੇ ਦਸਤਖ਼ਤ ਕੀਤੇ ਹਨ, ਜਿਸਦਾ ਉਦੇਸ਼ ਅਦਾਲਤਾਂ ਨੂੰ ਪ੍ਰਵਾਸ ਨਾਲ ਜੁੜੇ ਮਾਮਲਿਆਂ 'ਤੇ ਮੁੜ ਵਿਚਾਰ ਕਰਨ ਲਈ ਪ੍ਰੇਰਿਤ ਕਰਨਾ ਹੈ। ਇਸ ਕਦਮ ਦਾ ਮੁੱਖ ਮਕਸਦ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਦੀ ਪ੍ਰਕਿਰਿਆ ਨੂੰ ਆਸਾਨ ਬਣਾਉਣਾ ਹੈ। ਮੋਲਦੋਵਾ ਵਿੱਚ ਹੋਏ ਇੱਕ ਸੰਮੇਲਨ ਦੌਰਾਨ ਇਸ ਸਮਝੌਤੇ ਨੂੰ ਪੇਸ਼ ਕੀਤਾ ਗਿਆ। ਇਸ ਵਿੱਚ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਦੇਸ਼ ਮਨੁੱਖੀ ਤਸਕਰੀ ਅਤੇ ਪ੍ਰਵਾਸ ਦੇ ਵਧਦੇ ਦਬਾਅ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਵਿੱਚ ਅਸਫਲ ਰਹਿੰਦੇ ਹਨ, ਤਾਂ ਇਸ ਨਾਲ ਯੂਰਪੀਅਨ ਲੋਕਤੰਤਰ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ।

ਮੁੱਖ ਨੁਕਤੇ: ਇਸ ਐਲਾਨਨਾਮੇ ਰਾਹੀਂ ਸਟ੍ਰਾਸਬਰਗ ਸਥਿਤ 'ਯੂਰਪੀਅਨ ਕੋਰਟ ਆਫ਼ ਹਿਊਮਨ ਰਾਈਟਸ' ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪ੍ਰਵਾਸ ਨਾਲ ਜੁੜੇ ਜ਼ਿਆਦਾਤਰ ਮਾਮਲੇ ਸਬੰਧਤ ਦੇਸ਼ਾਂ ਦੀਆਂ ਸਰਕਾਰਾਂ 'ਤੇ ਹੀ ਛੱਡ ਦੇਵੇ। ਇਹ ਸਮਝੌਤਾ ਮਨੁੱਖੀ ਅਧਿਕਾਰਾਂ ਦੇ ਮੂਲ ਕਾਨੂੰਨ ਨੂੰ ਬਦਲਦਾ ਨਹੀਂ ਹੈ, ਬਲਕਿ ਇਹ ਮਨੁੱਖੀ ਅਧਿਕਾਰਾਂ ਦੇ ਜੱਜਾਂ ਨੂੰ ਇੱਕ ਸਿਆਸੀ ਸੰਕੇਤ ਹੈ ਕਿ ਉਹ ਫੈਸਲੇ ਲੈਂਦੇ ਸਮੇਂ



ਜਨਤਕ ਹਿੱਤਾਂ ਅਤੇ ਲੋਕਤੰਤਰ ਨੂੰ ਵਧੇਰੇ ਅਹਿਮੀਅਤ ਦੇਣ।

ਇਸ ਦਸਤਾਵੇਜ਼ 'ਤੇ 'ਕੌਂਸਲ ਆਫ਼ ਯੂਰਪ' ਦੇ ਸਾਰੇ 46 ਮੈਂਬਰ ਦੇਸ਼ਾਂ ਨੇ ਦਸਤਖ਼ਤ ਕੀਤੇ ਹਨ। ਇਹ ਸੰਸਥਾ ਯੂਰਪੀਅਨ ਯੂਨੀਅਨ ਤੋਂ ਬਿਲਕੁਲ ਵੱਖਰੀ ਹੈ।

ਬ੍ਰਿਟੇਨ ਦੇ ਵਿਦੇਸ਼ ਮੰਤਰੀ ਇਵੇਟ ਕੂਪਰ ਨੇ ਕਿਹਾ ਕਿ "ਇਹ ਇੱਕ ਸਾਂਝੀ ਸਮਝ ਵਾਲਾ ਕਦਮ ਹੈ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਮਨੁੱਖੀ ਅਧਿਕਾਰਾਂ ਦੇ ਪ੍ਰਬੰਧਾਂ ਦਾ ਕੋਈ ਗਲਤ ਫਾਇਦਾ ਨਾ ਉਠਾ ਸਕੇ।"

ਐਲਾਨਨਾਮੇ ਵਿੱਚ ਕਿਹਾ ਗਿਆ ਹੈ ਕਿ ਮਨੁੱਖੀ ਤਸਕਰੀ ਕਰਨ ਵਾਲੇ ਗੈਂਗ ਜਾਂ ਵਿਰੋਧੀ ਦੇਸ਼ਾਂ ਵੱਲੋਂ ਪ੍ਰਵਾਸ ਨੂੰ ਹਥਿਆਰ ਵਜੋਂ ਵਰਤਣ ਦੀਆਂ ਕੋਸ਼ਿਸ਼ਾਂ ਮਨੁੱਖੀ ਅਧਿਕਾਰ ਪ੍ਰਣਾਲੀ ਨੂੰ ਕਮਜ਼ੋਰ ਕਰਦੀਆਂ ਹਨ। ਇਸ ਲਈ ਬ੍ਰਿਟੇਨ ਵਰਗੇ ਦੇਸ਼ਾਂ ਨੂੰ ਦੂਜੇ ਦੇਸ਼ਾਂ ਨਾਲ ਸਮਝੌਤੇ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ, ਜਿਸ ਵਿੱਚ ਯੂਰਪ ਤੋਂ ਬਾਹਰ 'ਰਿਟਰਨ ਹਬਸ' (ਮੁੜ-ਬਸੇਬਾ ਕੇਂਦਰ) ਬਣਾਉਣਾ ਵੀ ਸ਼ਾਮਲ ਹੈ।

ਇਟਲੀ ਪਹਿਲਾਂ ਹੀ ਅਲਬਾਨੀਆ ਨਾਲ ਅਜਿਹਾ ਸਮਝੌਤਾ ਕਰ ਚੁੱਕਾ ਹੈ, ਜਿੱਥੇ ਰੱਦ ਕੀਤੇ ਗਏ ਪ੍ਰਵਾਸੀਆਂ ਨੂੰ ਰੱਖਿਆ ਜਾ ਰਿਹਾ ਹੈ। ਬ੍ਰਿਟੇਨ ਵੀ ਅਜਿਹੇ ਸਮਝੌਤਿਆਂ ਦੀ ਸੰਭਾਵਨਾ ਤਲਾਸ਼ ਰਿਹਾ ਹੈ, ਹਾਲਾਂਕਿ ਪਿਛਲੀ ਸਰਕਾਰ ਦੀ 'ਰਵਾਂਡਾ ਨੀਤੀ' ਨੂੰ ਬ੍ਰਿਟੇਨ ਦੀ ਸੁਪਰੀਮ ਕੋਰਟ ਨੇ ਗੈਰ-ਕਾਨੂੰਨੀ ਕਰਾਰ ਦੇ ਦਿੱਤਾ ਸੀ।

ਐਲਾਨਨਾਮੇ ਮੁਤਾਬਕ, ਕੋਈ ਵੀ ਅਸਫਲ ਪ੍ਰਵਾਸੀ ਸਿਰਫ਼ ਇਸ ਅਧਾਰ 'ਤੇ ਡਿਪੋਰਟ ਹੋਣ ਤੋਂ ਨਹੀਂ ਬਚ ਸਕਦਾ ਕਿ ਉਸ ਦੇ ਆਪਣੇ ਦੇਸ਼ ਵਿੱਚ ਹਸਪਤਾਲ ਜਾਂ ਸਮਾਜਿਕ ਸਥਿਤੀਆਂ ਯੂਰਪ ਵਰਗੀਆਂ ਵਧੀਆ ਨਹੀਂ ਹਨ। ਬਹੁਤ ਹੀ ਖਾਸ ਹਾਲਾਤਾਂ ਨੂੰ ਛੱਡ ਕੇ, ਸਿਹਤ ਸਹੂਲਤਾਂ ਦੀ ਘਾਟ ਨੂੰ ਦੇਸ਼ ਵਿੱਚੋਂ ਕੱਢਣ ਖਿਲਾਫ਼ ਢਾਲ ਨਹੀਂ ਬਣਾਇਆ ਜਾ ਸਕਦਾ।

ਪਰਿਵਾਰਕ ਜ਼ਿੰਦਗੀ ਦਾ ਅਧਿਕਾਰ: ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਹੈ ਕਿ 'ਪਰਿਵਾਰਕ ਜ਼ਿੰਦਗੀ ਦੇ ਅਧਿਕਾਰ' ਦਾ ਮਤਲਬ ਇਹ ਨਹੀਂ ਕਿ ਕਿਸੇ ਨੂੰ ਦੇਸ਼ ਨਿਕਾਲਾ ਨਹੀਂ ਦਿੱਤਾ ਜਾ ਸਕਦਾ। ਵਿਅਕਤੀਗਤ ਅਧਿਕਾਰਾਂ ਅਤੇ ਦੇਸ਼ ਦੀ ਸੁਰੱਖਿਆ ਵਿਚਕਾਰ ਸੰਤੁਲਨ ਬਣਾਉਣ ਦਾ ਕੰਮ ਅੰਤਰਰਾਸ਼ਟਰੀ ਅਦਾਲਤ ਦੀ ਬਜਾਏ ਸਬੰਧਤ ਦੇਸ਼ ਦੀਆਂ ਸਥਾਨਕ ਅਦਾਲਤਾਂ ਦਾ ਹੈ।

ਦੂਜੇ ਪਾਸੇ, ਮਨੁੱਖੀ ਅਧਿਕਾਰਾਂ ਦੇ ਹਮਾਇਤੀਆਂ ਅਤੇ ਆਲੋਚਕਾਂ ਦਾ ਕਹਿਣਾ ਹੈ ਕਿ ਇਸ ਸ਼ਬਦਾਵਲੀ ਨਾਲ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕਮਜ਼ੋਰ ਹੋਵੇਗੀ ਜਾਂ ਫਿਰ ਇਸ ਦਾ ਪ੍ਰਵਾਸ 'ਤੇ ਕੋਈ ਅਸਰ ਨਹੀਂ ਪਵੇਗਾ ਕਿਉਂਕਿ ਜੱਜ ਇਸ ਨੂੰ ਅਣਦੇਖਾ ਵੀ ਕਰ ਸਕਦੇ ਹਨ।

# ਆਵਾਰਾ ਕੁੱਤਿਆਂ ਦੇ ਮੁੱਦੇ 'ਤੇ ਸੁਪਰੀਮ ਕੋਰਟ ਦਾ ਵੱਡਾ ਫੈਸਲਾ

## ✪ ਜਨਤਕ ਸੁਰੱਖਿਆ ਨੂੰ ਦਿੱਤੀ ਤਰਜੀਹ ✪ ਕੀ ਆਮ ਨਾਗਰਿਕ ਕੁੱਤੇ ਨੂੰ ਮਾਰ ਸਕਦਾ ਹੈ?

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਦੇਸ਼ ਭਰ ਵਿੱਚ ਆਵਾਰਾ ਕੁੱਤਿਆਂ ਦੇ ਵਧ ਰਹੇ ਖ਼ਤਰੇ ਅਤੇ ਜਨਤਕ ਸੁਰੱਖਿਆ ਨਾਲ ਜੁੜੇ ਇੱਕ ਬੇਹੱਦ ਅਹਿਮ ਮਾਮਲੇ 'ਤੇ ਆਪਣਾ ਵੱਡਾ ਫੈਸਲਾ ਸੁਣਾਇਆ ਹੈ। ਅਦਾਲਤ ਨੇ ਸਾਫ਼ ਕਰ ਦਿੱਤਾ ਹੈ ਕਿ ਲੋਕਾਂ ਦੀ ਸਿਹਤ ਅਤੇ ਜਨਤਕ ਸੁਰੱਖਿਆ ਸਭ ਤੋਂ ਉੱਪਰ ਹੈ। ਇਸ ਦੇ ਨਾਲ ਹੀ ਅਦਾਲਤ ਨੇ ਜਨਤਕ ਥਾਵਾਂ ਤੋਂ ਆਵਾਰਾ ਕੁੱਤਿਆਂ ਨੂੰ ਹਟਾਉਣ ਦੇ ਆਪਣੇ ਪਿਛਲੇ ਹੁਕਮਾਂ ਨੂੰ ਬਰਕਰਾਰ ਰੱਖਿਆ ਹੈ ਅਤੇ ਪਸ਼ੂ ਭਲਾਈ ਬੋਰਡ ਦੇ ਸਟੈਂਡਰਡ ਓਪਰੇਟਿੰਗ ਪ੍ਰੋਸੀਜਰ ਨੂੰ ਚੁਣੌਤੀ ਦੇਣ ਵਾਲੀਆਂ ਸਾਰੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਹੈ।

ਇਸ ਫੈਸਲੇ ਤੋਂ ਬਾਅਦ ਆਮ ਲੋਕਾਂ ਦੇ ਮਨਾਂ ਵਿੱਚ ਕਈ ਸਵਾਲ ਉੱਠ ਰਹੇ ਹਨ ਕਿ ਕੀ ਇਹ ਹੁਕਮ ਸਹੀ ਹੈ, ਅਦਾਲਤ ਦੇ ਨਿਯਮ ਕੀ ਕਹਿੰਦੇ ਹਨ ਅਤੇ ਕੀ ਹੁਣ ਕੋਈ ਵੀ ਆਮ ਨਾਗਰਿਕ ਆਵਾਰਾ ਕੁੱਤਿਆਂ ਨੂੰ ਮਾਰ ਸਕਦਾ ਹੈ? ਆਓ ਇਨ੍ਹਾਂ ਸਵਾਲਾਂ ਦੇ ਜਵਾਬ ਕਾਨੂੰਨੀ ਨਿਯਮਾਂ ਦੇ ਰੌਸ਼ਨੀ ਵਿੱਚ ਸਮਝੀਏ:

ਕੀ ਸੁਪਰੀਮ ਕੋਰਟ ਦਾ ਹੁਕਮ ਠੀਕ ਹੈ?-ਕਾਨੂੰਨੀ ਅਤੇ ਸਮਾਜਿਕ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਅਦਾਲਤ ਦਾ ਇਹ ਫੈਸਲਾ ਜਨਤਕ ਹਿੱਤ ਵਿੱਚ ਇੱਕ ਸੰਤੁਲਿਤ ਕਦਮ ਮੰਨਿਆ ਜਾ ਰਿਹਾ ਹੈ।

ਮਨੁੱਖੀ ਜਾਨਾਂ ਦੀ ਸੁਰੱਖਿਆ: ਦੇਸ਼ ਭਰ ਵਿੱਚ ਆਵਾਰਾ ਕੁੱਤਿਆਂ ਦੇ ਵੱਢਣ, ਹਲਕਾਅ ਅਤੇ ਬੱਚਿਆਂ 'ਤੇ ਹੋ ਰਹੇ ਜਾਨਲੇਵਾ ਹਮਲਿਆਂ ਦੇ ਮਾਮਲੇ ਲਗਾਤਾਰ ਵਧ ਰਹੇ ਸਨ।

ਅਦਾਲਤ ਨੇ ਇਹ ਸਪੱਸ਼ਟ ਕੀਤਾ ਹੈ ਕਿ ਜਿੱਥੇ ਪਸ਼ੂਆਂ ਪ੍ਰਤੀ ਹਮਦਰਦੀ ਜ਼ਰੂਰੀ ਹੈ, ਉੱਥੇ ਹੀ ਨਾਗਰਿਕਾਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਨਹੀਂ ਪਾਇਆ ਜਾ ਸਕਦਾ। ਇਸ ਲਈ ਜਨਤਕ ਥਾਵਾਂ (ਜਿਵੇਂ ਪਾਰਕ, ਸੜਕਾਂ, ਹਸਪਤਾਲ ਅਤੇ ਸਕੂਲ) ਨੂੰ ਸੁਰੱਖਿਅਤ ਬਣਾਉਣ ਲਈ ਇਹ ਫੈਸਲਾ ਬੇਹੱਦ ਅਹਿਮ ਹੈ।

ਕੀ ਹੁਣ ਆਮ ਨਾਗਰਿਕ ਕੁੱਤੇ ਨੂੰ ਮਾਰ ਸਕਦਾ ਹੈ?-ਸੁਪਰੀਮ ਕੋਰਟ ਦੇ ਹੁਕਮ ਦਾ ਮਤਲਬ ਇਹ ਕਦਾਈਂ ਨਹੀਂ ਹੈ ਕਿ ਕੋਈ ਵੀ ਨਾਗਰਿਕ ਕਾਨੂੰਨ ਆਪਣੇ ਹੱਥ ਵਿੱਚ ਲੈ ਲਵੇ ਜਾਂ ਆਵਾਰਾ ਕੁੱਤਿਆਂ 'ਤੇ ਤਸ਼ੱਦਦ ਕਰਨਾ ਸ਼ੁਰੂ ਕਰ ਦੇਵੇ।

ਕਾਨੂੰਨੀ ਅਪਰਾਧ: ਭਾਰਤ ਵਿੱਚ 'ਪਸ਼ੂ ਕਰੂਰਤਾ ਰੋਕੂ ਐਕਟ' ਦੇ ਤਹਿਤ ਕਿਸੇ ਵੀ ਜਾਨਵਰ ਨੂੰ ਬੇਰਹਿਮੀ ਨਾਲ ਮਾਰਨਾ, ਜ਼ਹਿਰ ਦੇਣਾ ਜਾਂ ਤਸੀਹੇ ਦੇਣਾ ਅਜੇ ਵੀ ਇੱਕ ਗੰਭੀਰ ਅਤੇ ਸਜ਼ਾਯੋਗ ਅਪਰਾਧ ਹੈ।



ਸਿਰਫ਼ ਪ੍ਰਸ਼ਾਸਨ ਕੋਲ ਅਧਿਕਾਰ: ਕੁੱਤਿਆਂ ਨੂੰ ਜਨਤਕ ਥਾਵਾਂ ਤੋਂ ਹਟਾਉਣ, ਉਨ੍ਹਾਂ ਦੀ ਨਸਬੰਦੀ ਕਰਨ ਜਾਂ ਟੀਕਾਕਰਨ ਕਰਨ ਦੀ ਜ਼ਿੰਮੇਵਾਰੀ ਸਿਰਫ਼ ਸਥਾਨਕ ਨਗਰ ਨਿਗਮ, ਪੰਚਾਇਤਾਂ ਅਤੇ ਮਾਨਤਾ ਪ੍ਰਾਪਤ ਪਸ਼ੂ ਭਲਾਈ ਸੰਸਥਾਵਾਂ ਦੀ ਹੈ, ਨਾ ਕਿ ਕਿਸੇ ਆਮ ਨਾਗਰਿਕ ਦੀ।

ਕੀ ਕਹਿੰਦੇ ਹਨ ਸੁਪਰੀਮ ਕੋਰਟ ਦੇ ਨਿਯਮ-ਸੁਪਰੀਮ ਕੋਰਟ ਨੇ ਜਿਸ ਨਿਯਮਾਂ ਨੂੰ ਬਰਕਰਾਰ ਰੱਖਿਆ ਹੈ, ਉਸ ਦੇ ਮੁੱਖ ਨੁਕਤੇ ਹੇਠ ਲਿਖੇ ਅਨੁਸਾਰ ਹਨ:

ਆਵਾਰਾ ਕੁੱਤਿਆਂ ਨੂੰ ਸੜਕਾਂ ਤੋਂ ਹਟਾ ਕੇ ਸੁਰੱਖਿਅਤ ਸ਼ੈਲਟਰ ਹੋਮਜ਼ ਜਾਂ ਨਿਰਧਾਰਿਤ ਥਾਵਾਂ 'ਤੇ ਭੇਜਿਆ ਜਾਵੇਗਾ, ਤਾਂ ਜੋ ਉਹ ਲੋਕਾਂ ਲਈ ਖ਼ਤਰਾ ਨਾ ਬਣਨ। ਕੁੱਤਿਆਂ ਦੀ ਆਬਾਦੀ ਨੂੰ ਕੰਟਰੋਲ ਕਰਨ ਲਈ ਸਥਾਨਕ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ 'ਤੇ ਨਸਬੰਦੀ ਮੁਹਿੰਮ ਚਲਾਈ ਜਾਵੇਗੀ।

ਜਨਤਕ ਸਿਹਤ ਨੂੰ ਮੁੱਖ ਰੱਖਦਿਆਂ ਸਾਰੇ ਆਵਾਰਾ ਕੁੱਤਿਆਂ ਦਾ ਵੈਕਸੀਨੇਸ਼ਨ ਯਕੀਨੀ ਬਣਾਇਆ ਜਾਵੇਗਾ ਤਾਂ ਜੋ ਹਲਕਾਅ ਵਰਗੀਆਂ ਜਾਨਲੇਵਾ ਬਿਮਾਰੀਆਂ ਨੂੰ ਫੈਲਣ ਤੋਂ ਰੋਕਿਆ ਜਾ ਸਕੇ।

ਜੇਕਰ ਕੋਈ ਕੁੱਤਾ ਬਹੁਤ ਜ਼ਿਆਦਾ ਹਿੰਸਕ, ਪਾਗਲ ਜਾਂ ਲਾਇਲਾਜ ਬਿਮਾਰੀ ਨਾਲ ਪੀੜਤ ਹੈ, ਤਾਂ ਉਸ ਨੂੰ ਕਾਨੂੰਨੀ ਨਿਯਮਾਂ ਦੇ ਤਹਿਤ ਮਾਹਿਰ ਡਾਕਟਰਾਂ ਦੀ ਦੇਖਰੇਖ ਵਿੱਚ 'ਦਰਦ-ਰਹਿਤ ਮੌਤ' ਦਿੱਤੀ ਜਾ ਸਕਦੀ ਹੈ, ਪਰ ਇਹ ਫੈਸਲਾ ਵੀ ਸਿਰਫ਼ ਅਥਾਰਟੀ ਹੀ ਲੈ ਸਕਦੀ ਹੈ।

ਸੁਪਰੀਮ ਕੋਰਟ ਦਾ ਇਹ ਫੈਸਲਾ ਆਮ ਲੋਕਾਂ ਨੂੰ ਆਵਾਰਾ ਕੁੱਤਿਆਂ ਦੇ ਆਤੰਕ ਤੋਂ ਨਿਜਾਤ ਦਿਵਾਉਣ ਵੱਲ ਇੱਕ ਵੱਡਾ ਕਦਮ ਹੈ। ਪਰ ਅਦਾਲਤ ਨੇ ਸੜਕਾਂ ਸਾਫ਼ ਕਰਨ ਦਾ ਜ਼ਿੰਮਾ ਸਥਾਨਕ ਪ੍ਰਸ਼ਾਸਨ ਨੂੰ ਸੌਂਪਿਆ ਹੈ। ਆਮ ਨਾਗਰਿਕਾਂ ਨੂੰ ਅਪੀਲ ਹੈ ਕਿ ਉਹ ਕਾਨੂੰਨ ਨੂੰ ਆਪਣੇ ਹੱਥ ਵਿੱਚ ਨਾ ਲੈਣ ਅਤੇ ਜੇਕਰ ਉਨ੍ਹਾਂ ਦੇ ਇਲਾਕੇ ਵਿੱਚ ਆਵਾਰਾ ਕੁੱਤਿਆਂ ਦੀ ਸਮੱਸਿਆ ਹੈ, ਤਾਂ ਇਸ ਦੀ ਸ਼ਿਕਾਇਤ ਸਬੰਧਿਤ ਨਗਰ ਨਿਗਮ ਜਾਂ ਸਥਾਨਕ ਪ੍ਰਸ਼ਾਸਨ ਨੂੰ ਕਰਨ।

# ਬੰਗਾਲ ਦੀ ਸਿਆਸਤ ਵਿਚ ਯੂਪੀ ਵਾਂਗ 'ਬੁਲਡੋਜ਼ਰ ਸੰਸਕ੍ਰਿਤੀ' ਦਾ ਪ੍ਰਵੇਸ਼

## ✪ ਸ਼ੁਭੇਂਦੂ ਸਰਕਾਰ ਦਾ 'ਬੁਲਡੋਜ਼ਰ ਨਿਆਂ' ਦੇ ਘੇਰੇ ਵਿਚ





ਪੱਛਮੀ ਬੰਗਾਲ ਵਿੱਚ ਸਰਕਾਰ ਬਦਲਦਿਆਂ ਹੀ ਪ੍ਰਸ਼ਾਸਨ ਦਾ ਅੰਦਾਜ਼ ਵੀ ਪੂਰੀ ਤਰ੍ਹਾਂ ਬਦਲ ਗਿਆ ਹੈ। ਰਾਜ ਵਿੱਚ ਗੈਰ-ਕਾਨੂੰਨੀ ਉਸਾਰੀਆਂ 'ਤੇ ਹੁਣ ਤਾਬੜਤੋੜ ਬੁਲਡੋਜ਼ਰ ਚੱਲਣੇ ਸ਼ੁਰੂ ਹੋ ਗਏ ਹਨ। ਮੁੱਖ ਮੰਤਰੀ ਸ਼ੁਭੇਂਦੂ ਅਧਿਕਾਰੀ ਦੇ ਇਸ ਐਕਸ਼ਨ ਅਤੇ ਪਾਰਟੀ ਆਗੂਆਂ ਦੇ ਬਿਆਨਾਂ ਤੋਂ ਇਹ ਅਟਕਲਾਂ ਤੇਜ਼ ਹੋ ਗਈਆਂ ਹਨ ਕਿ ਕੀ ਬੰਗਾਲ ਵਿੱਚ ਵੀ ਉੱਤਰ ਪ੍ਰਦੇਸ਼ ਦਾ 'ਯੋਗੀ ਮਾਡਲ' ਲਾਗੂ ਕੀਤਾ ਜਾ ਰਿਹਾ ਹੈ? ਨਵੀਂ ਭਾਜਪਾ ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਰਾਜ ਵਿੱਚ ਕਿਸੇ ਵੀ ਗੈਰ-ਕਾਨੂੰਨੀ ਉਸਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਇਸ ਮਾਮਲੇ ਵਿੱਚ 'ਜ਼ੀਰੋ ਟਾਲਰੈਂਸ' ਦੀ ਨੀਤੀ ਅਪਣਾਈ ਜਾਵੇਗੀ।

### ਚੋਣ ਨਤੀਜਿਆਂ ਵਾਲੇ ਦਿਨ ਤੋਂ ਹੀ ਸ਼ੁਰੂ ਹੋਇਆ ਸਿਲਸਿਲਾ

ਬੰਗਾਲ ਵਿੱਚ ਬੁਲਡੋਜ਼ਰ ਦੀ ਗੂੰਜ ਚੋਣ ਨਤੀਜਿਆਂ ਵਾਲੇ ਦਿਨ ਹੀ ਸੁਣਨ ਨੂੰ ਮਿਲ ਗਈ ਸੀ। ਕੋਲਕਾਤਾ ਦੇ ਨਿਊ ਮਾਰਕੀਟ ਇਲਾਕੇ ਵਿੱਚ ਭਾਜਪਾ ਸਮਰਥਕਾਂ ਨੇ ਇੱਕ ਮੀਟ ਵੇਚਣ ਵਾਲੀ ਦੁਕਾਨ ਨੂੰ ਬੁਲਡੋਜ਼ਰ ਨਾਲ ਢਾਹ ਦਿੱਤਾ ਸੀ। ਇਸ ਘਟਨਾ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਵਿਜੇ ਜਲੂਸਾਂ ਵਿੱਚ ਬੁਲਡੋਜ਼ਰ ਕਿਰਾਏ 'ਤੇ ਦੇਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਚੇਤਾਵਨੀ ਵੀ ਦਿੱਤੀ ਸੀ, ਪਰ ਇਹ ਸਿਲਸਿਲਾ ਰੁਕਿਆ ਨਹੀਂ।

ਹਾਲ ਹੀ ਵਿੱਚ ਕੋਲਕਾਤਾ ਦੇ ਤਪਸੀਆ ਇਲਾਕੇ ਵਿੱਚ ਇੱਕ ਚਮੜਾ ਫੈਕਟਰੀ ਵਿੱਚ ਅੱਗ ਲੱਗਣ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਸੀ। ਇਸ ਤੋਂ ਅਗਲੇ ਹੀ ਦਿਨ ਪ੍ਰਸ਼ਾਸਨ ਨੇ ਉਸ ਇਮਾਰਤ ਨੂੰ ਗੈਰ-ਕਾਨੂੰਨੀ ਦੱਸਦਿਆਂ ਢਾਹੁਣਾ ਸ਼ੁਰੂ ਕਰ ਦਿੱਤਾ ਸੀ, ਹਾਲਾਂਕਿ ਹੁਣ ਕਲਕੱਤਾ ਹਾਈ ਕੋਰਟ ਨੇ ਇਸ ਇਮਾਰਤ ਨੂੰ ਪੂਰੀ ਤਰ੍ਹਾਂ ਢਾਹੁਣ 'ਤੇ ਰੋਕ ਲਗਾ ਦਿੱਤੀ ਹੈ।

### ਸਾਬਕਾ ਮੰਤਰੀ ਵੱਲੋਂ ਬਣਵਾਇਆ 'ਕਲਾਕ ਟਾਵਰ' ਜ਼ਮੀਨਦੋਜ਼

ਇਸੇ ਮੁਹਿੰਮ ਤਹਿਤ ਕੋਲਕਾਤਾ ਦੇ ਨਾਲ ਲੱਗਦੇ ਗੜੀਆ ਇਲਾਕੇ ਵਿੱਚ ਮਿਤਾਲੀ ਸੰਘ ਮੈਦਾਨ 'ਤੇ ਬਣਿਆ ਇੱਕ ਵਿਸ਼ਾਲ 'ਕਲਾਕ ਟਾਵਰ' ਬੁਲਡੋਜ਼ਰ ਦੀ ਮਦਦ ਨਾਲ ਢਾਹ ਦਿੱਤਾ ਗਿਆ ਸੀ। ਇਹ ਟਾਵਰ ਸਾਲ 2023 ਵਿੱਚ ਤ੍ਰਿਣਮੂਲ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਅਰੂਪ ਬਿਸਵਾਸ ਦੀ ਪਹਿਲ 'ਤੇ ਬਣਾਇਆ ਗਿਆ ਸੀ, ਜਿਸ 'ਤੇ ਉਨ੍ਹਾਂ ਦੀ ਤਸਵੀਰ ਵੀ ਲੱਗੀ ਹੋਈ ਸੀ। ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਇਹ ਟਾਵਰ ਬਾਹੁਬਲ ਦੇ ਜ਼ੋਰ 'ਤੇ ਗੈਰ-ਕਾਨੂੰਨੀ ਤਰੀਕੇ ਨਾਲ ਬਣਾਇਆ ਗਿਆ ਸੀ। ਅਦਾਲਤ ਦੇ ਪੁਰਾਣੇ ਹੁਕਮਾਂ ਦੇ ਬਾਵਜੂਦ ਪਹਿਲਾਂ ਕਾਰਵਾਈ ਨਹੀਂ ਹੋਈ ਸੀ, ਪਰ ਸੱਤਾ ਬਦਲਦਿਆਂ ਹੀ ਇਸ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਗਿਆ ਸੀ। ਅਗਨੀਮਿਤਰਾ ਪਾਲ, ਸ਼ਹਿਰੀ ਵਿਕਾਸ ਮੰਤਰੀ, ਪੱਛਮੀ ਬੰਗਾਲ ਦਾ ਕਹਿਣਾ ਸੀ ਕਿ ਅਸੀਂ ਰਾਜ ਵਿੱਚ ਤਮਾਮ ਗੈਰ-ਕਾਨੂੰਨੀ ਉਸਾਰੀਆਂ ਦੀ ਪਛਾਣ ਕਰ ਰਹੇ ਹਾਂ। ਸੂਚੀ ਤਿਆਰ ਹੋਣ ਤੋਂ ਬਾਅਦ ਨੋਟਿਸ ਦਿੱਤੇ ਜਾਣਗੇ ਅਤੇ ਜੇਕਰ ਸਹੀ ਦਸਤਾਵੇਜ਼ ਨਾ ਮਿਲੇ ਤਾਂ ਹਰ ਗੈਰ-ਕਾਨੂੰਨੀ ਇਮਾਰਤ ਨੂੰ ਢਾਹ ਦਿੱਤਾ ਜਾਵੇਗਾ। ਪਿਛਲੀ ਟੀਐਮਸੀ ਸਰਕਾਰ ਨੇ ਅਜਿਹੇ ਮਾਫੀਆ ਨੂੰ ਸ਼ਹਿ ਦਿੱਤੀ, ਜਿਸ ਕਾਰਨ ਫਾਇਰ ਸੁਰੱਖਿਆ ਨਿਯਮਾਂ ਦੀ ਉਲੰਘਣਾ ਹੋਈ ਅਤੇ ਲੋਕਾਂ ਦੀਆਂ ਜਾਨਾਂ ਗਈਆਂ।

ਬੁਲਡੋਜ਼ਰ ਕਾਰਵਾਈ ਦੀ ਹਮਾਇਤ ਕਰਦਿਆਂ ਦਾਰਜੀਲਿੰਗ ਦੇ ਭਾਜਪਾ ਸੰਸਦ ਮੈਂਬਰ ਰਾਜੂ ਵਿਸਟਾ ਨੇ ਦੱਸਿਆ ਕਿ ਸਿਲੀਗੁੜੀ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਗੈਰ-ਕਾਨੂੰਨੀ ਉਸਾਰੀਆਂ ਨੂੰ ਢਾਹੁਣ ਲਈ ਉੱਤਰ ਪ੍ਰਦੇਸ਼ ਤੋਂ 20 ਬੁਲਡੋਜ਼ਰ ਖਰੀਦਣ ਦਾ ਆਰਡਰ ਦਿੱਤਾ ਗਿਆ ਹੈ। ਵਿਸਟਾ ਨੇ ਚੇਤਾਵਨੀ ਦਿੰਦਿਆਂ ਕਿਹਾ, "ਬੁਲਡੋਜ਼ਰ ਪਹੁੰਚਣ ਤੋਂ ਪਹਿਲਾਂ ਲੋਕ ਆਪਣੀਆਂ ਗੈਰ-ਕਾਨੂੰਨੀ ਉਸਾਰੀਆਂ ਖ਼ੁਦ ਹਟਾ ਲੈਣ, ਨਹੀਂ ਤਾਂ ਭਾਰੀ ਨੁਕਸਾਨ ਝੱਲਣਾ ਪਵੇਗਾ।"

ਦੂਜੇ ਪਾਸੇ, ਵਿਰੋਧੀ ਧਿਰਾਂ ਨੇ ਸਰਕਾਰ ਦੀ ਇਸ ਕਾਰਵਾਈ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ ਹੈ। ਭਾਂਗੜ ਦੇ ਵਿਧਾਇਕ ਨੌਸ਼ਾਦ ਸਿੱਦੀਕੀ ਨੇ ਕਿਹਾ ਕਿ ਸਰਕਾਰ ਨੂੰ ਮਨਮਾਨੇ ਤਰੀਕੇ ਨਾਲ ਕਾਰਵਾਈ ਕਰਨ ਦੀ ਬਜਾਏ ਪੂਰੀ ਕਾਨੂੰਨੀ ਪ੍ਰਕਿਰਿਆ ਦਾ ਪਾਲਣ ਕਰਨਾ ਚਾਹੀਦਾ ਹੈ।

ਤ੍ਰਿਣਮੂਲ ਕਾਂਗਰਸ ਨੇ ਦੋਸ਼ ਲਗਾਇਆ ਹੈ ਕਿ ਭਾਜਪਾ ਦੇਸ਼ ਭਰ ਵਿੱਚ 'ਬੁਲਡੋਜ਼ਰ ਦੀ ਸਿਆਸਤ' ਕਰਦੀ ਆ ਰਹੀ ਹੈ, ਇਸ ਲਈ ਬੰਗਾਲ ਵਿੱਚ ਇਹ ਸਭ ਹੋਣਾ ਹੈਰਾਨੀਜਨਕ ਨਹੀਂ ਹੈ। ਵਿਰੋਧੀ ਧਿਰ ਮੁਤਾਬਕ ਭਾਜਪਾ 'ਭਰੋਸੇ' ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ, ਪਰ ਹੁਣ ਸਿਰਫ਼ 'ਡਰ' ਦਾ ਮਾਹੌਲ ਪੈਦਾ ਕਰ ਰਹੀ ਹੈ।

ਹੁਣ ਦੇਖਣਾ ਇਹ ਹੋਵੇਗਾ ਕਿ ਅਦਾਲਤੀ ਦਖ਼ਲਅੰਦਾਜ਼ੀ ਅਤੇ ਵਿਰੋਧੀ ਧਿਰ ਦੇ ਤਿੱਖੇ ਹਮਲਿਆਂ ਵਿਚਾਲੇ ਸ਼ੁਭੇਂਦੂ ਸਰਕਾਰ ਆਪਣੀ ਇਸ 'ਬੁਲਡੋਜ਼ਰ ਮੁਹਿੰਮ' ਨੂੰ ਕਿਸ ਤਰ੍ਹਾਂ ਅੱਗੇ ਵਧਾਉਂਦੀ ਹੈ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ ਸ਼ੁਭੇਂਦੂ ਸਰਕਾਰ ਨੂੰ 'ਯੋਗੀ ਮਾਡਲ' ਦੇ ਹਮਲਾਵਰ ਰੂਪ ਦੀ ਨਕਲ ਕਰਨ ਦੀ ਬਜਾਏ ਇੱਕ ਅਜਿਹੀ ਮਿਸਾਲ ਕਾਇਮ ਕਰਨੀ ਚਾਹੀਦੀ ਹੈ, ਜਿੱਥੇ ਅਪਰਾਧੀਆਂ ਵਿੱਚ ਕਾਨੂੰਨ ਦਾ ਡਰ ਤਾਂ ਹੋਵੇ, ਪਰ ਆਮ ਨਾਗਰਿਕ ਦਾ ਭਰੋਸਾ ਪ੍ਰਸ਼ਾਸਨਿਕ ਨਿਰਪੱਖਤਾ 'ਤੇ ਬਣਿਆ ਰਹੇ। ਕਾਨੂੰਨ ਦਾ ਰਾਜ ਹਮੇਸ਼ਾ 'ਬੁਲਡੋਜ਼ਰ ਦੇ ਰਾਜ' ਨਾਲੋਂ ਉੱਤਮ ਹੁੰਦਾ ਹੈ।

# ਪੰਜਾਬ ਵਿਚ ਸਿੱਖ ਆਬਾਦੀ ਦੀ ਗਿਰਾਵਟ ਰੋਕਣ ਲਈ ਵਿੱਤੀ ਮਦਦ ਦੀ ਮੰਗ

## ✪ ਭਾਜਪਾ ਆਗੂ ਨੇ ਮੁਖ ਮੰਤਰੀ ਨੂੰ ਪੱਤਰ ਲਿਖ ਕੇ ਦਿੱਤਾ ਆਂਧਰਾ ਪ੍ਰਦੇਸ਼ ਦਾ ਹਵਾਲਾ



ਅੰਮ੍ਰਿਤਸਰ-ਪੰਜਾਬ ਵਿੱਚ ਸਿੱਖਾਂ ਦੀ ਲਗਾਤਾਰ ਘੱਟ ਰਹੀ ਆਬਾਦੀ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਇਸ ਰੁਝਾਨ ਨੂੰ ਠੱਲ੍ਹ ਪਾਉਣ ਲਈ ਸਰਕਾਰ ਵੱਲੋਂ ਵਿੱਤੀ ਪ੍ਰੋਤਸਾਹਨ (ਆਰਥਿਕ ਸਹਾਇਤਾ) ਦਿੱਤੇ ਜਾਣ ਦੀ ਮੰਗ ਉੱਭਰੀ ਹੈ। ਇਸ ਸਬੰਧ ਵਿੱਚ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਡਾ. ਜਗਮੋਹਨ ਸਿੰਘ ਰਾਜੂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਇੱਕ ਵਿਸ਼ੇਸ਼ ਪੱਤਰ ਲਿਖ ਕੇ ਇਸ ਦਿਸ਼ਾ ਵਿੱਚ ਤੁਰੰਤ ਕਦਮ ਚੁੱਕਣ ਦੀ ਅਪੀਲ ਕੀਤੀ ਹੈ।

ਡਾ. ਜਗਮੋਹਨ ਸਿੰਘ ਰਾਜੂ ਨੇ ਮੁੱਖ ਮੰਤਰੀ ਨੂੰ ਭੇਜੇ ਪੱਤਰ ਵਿੱਚ ਆਂਧਰਾ ਪ੍ਰਦੇਸ਼ ਸਰਕਾਰ ਵੱਲੋਂ ਹਾਲ ਹੀ ਵਿੱਚ ਐਲਾਨੇ ਗਏ ਇੱਕ ਨਵੇਂ ਮਾਡਲ ਦਾ ਹਵਾਲਾ ਦਿੱਤਾ ਹੈ। ਇਸ ਮਾਡਲ ਤਹਿਤ:

ਤੀਜੇ ਬੱਚੇ ਦੇ ਜਨਮ 'ਤੇ: ਸਰਕਾਰ ਵੱਲੋਂ ਪਰਿਵਾਰ ਨੂੰ 30 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਚੌਥੇ ਬੱਚੇ ਦੇ ਜਨਮ 'ਤੇ: ਸਰਕਾਰ ਵੱਲੋਂ 40 ਹਜ਼ਾਰ ਰੁਪਏ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।

ਭਾਜਪਾ ਆਗੂ ਨੇ ਸੁਝਾਅ ਦਿੱਤਾ ਕਿ ਪੰਜਾਬ ਸਰਕਾਰ ਨੂੰ ਵੀ ਇਸੇ ਤਰਜ਼ 'ਤੇ ਨੌਜਵਾਨ ਸਿੱਖ ਪਰਿਵਾਰਾਂ ਦੀ ਆਰਥਿਕ ਮਦਦ ਕਰਨ ਲਈ ਇੱਕ ਵਿਸ਼ੇਸ਼ ਯੋਜਨਾ ਉੱਪਰ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ, ਤਾਂ ਜੋ ਸਿੱਖ ਆਬਾਦੀ ਵਿੱਚ ਆ ਰਹੀ ਗਿਰਾਵਟ ਨੂੰ ਰੋਕਿਆ ਜਾ ਸਕੇ।

ਚਿੰਤਾਜਨਕ ਅੰਕੜੇ: ਮਰਦਮਸ਼ੁਮਾਰੀ ਵਿੱਚ ਲਗਾਤਾਰ ਆ ਰਹੀ ਹੈ ਕਮੀ

ਪੱਤਰ ਵਿੱਚ ਦੇਸ਼ ਅਤੇ ਸੂਬੇ ਦੇ ਅਧਿਕਾਰਤ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਡਾ. ਰਾਜੂ ਨੇ ਦੱਸਿਆ ਕਿ ਸਿੱਖ ਕੌਮ ਭਾਰਤ ਵਿੱਚ ਸੰਵਿਧਾਨਕ ਤੌਰ 'ਤੇ ਮਾਨਤਾ ਪ੍ਰਾਪਤ ਘੱਟਗਿਣਤੀ ਹੈ।

ਸਭ ਤੋਂ ਘੱਟ ਜਨਮ ਦਰ: 'ਨੈਸ਼ਨਲ ਫੈਮਿਲੀ ਹੈਲਥ ਸਰਵੇ' ਦੇ ਅੰਕੜਿਆਂ ਅਨੁਸਾਰ, ਦੇਸ਼ ਦੇ ਸਾਰੇ ਮੁੱਖ ਭਾਈਚਾਰਿਆਂ ਵਿੱਚੋਂ ਸਿੱਖਾਂ ਦੀ ਜਨਮ ਦਰ ਸਭ ਤੋਂ ਘੱਟ ਦਰਜ ਕੀਤੀ ਗਈ ਹੈ।

ਪੰਜਾਬ ਵਿੱਚ ਹਿੱਸੇਦਾਰੀ ਘਟੀ: ਪੰਜਾਬ ਦੀ ਕੁੱਲ ਆਬਾਦੀ ਵਿੱਚ ਸਿੱਖਾਂ ਦਾ ਹਿੱਸਾ ਸਾਲ 1991 ਵਿੱਚ 62.95 ਫੀਸਦੀ ਸੀ, ਜੋ ਲਗਾਤਾਰ ਘਟਦਿਆਂ ਸਾਲ 2011 ਦੀ ਮਰਦਮਸ਼ੁਮਾਰੀ ਵਿੱਚ 57.69 ਫੀਸਦੀ ਰਹਿ ਗਿਆ ਹੈ।

ਡਾ. ਜਗਮੋਹਨ ਸਿੰਘ ਰਾਜੂ ਨੇ ਕਿਹਾ ਕਿ ਪਿਛਲੇ ਤਿੰਨ ਦਹਾਕਿਆਂ ਦੇ ਅੰਕੜੇ ਸਾਫ਼ ਸੰਕੇਤ ਦਿੰਦੇ ਹਨ ਕਿ ਆਬਾਦੀ ਘਟਣ ਦਾ ਇਹ ਚਿੰਤਾਜਨਕ ਰੁਝਾਨ ਅਜੇ ਵੀ ਜਾਰੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਮਾਂ ਰਹਿੰਦੇ ਇਸ ਵੱਲ ਧਿਆਨ ਨਾ ਦਿੱਤਾ ਗਿਆ, ਤਾਂ ਇਹ ਗਿਰਾਵਟ ਭਵਿੱਖ ਵਿੱਚ ਪੰਜਾਬ ਅੰਦਰ ਸਿੱਖ ਕੌਮ ਦੇ ਸਮਾਜਿਕ, ਸੱਭਿਆਚਾਰਕ ਅਤੇ ਜਨਸੰਖਿਆ ਸਬੰਧੀ ਸਰੂਪ ਲਈ ਇੱਕ ਬਹੁਤ ਵੱਡਾ ਅਤੇ ਗੰਭੀਰ ਸੰਕਟ ਬਣ ਸਕਦੀ ਹੈ। ਇਸ ਲਈ ਸਰਕਾਰ ਨੂੰ ਨੌਜਵਾਨ ਪਰਿਵਾਰਾਂ ਨੂੰ ਉਤਸ਼ਾਹਿਤ ਕਰਨ ਲਈ ਤੁਰੰਤ ਠੋਸ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ।

# ਅਜਨਾਲਾ ਕਾਂਡ ਵਿਚ ਅਦਾਲਤ ਵੱਲੋਂ ਅੰਮ੍ਰਿਤਪਾਲ ਸਿੰਘ ਉਪਰ ਦੋਸ਼ ਤੈਅ

## ✪ ਹਥਿਆਰਾਂ ਨਾਲ ਸਬੰਧਤ ਧਾਰਾਵਾਂ ਹਟਾਈਆਂ



ਅੰਮ੍ਰਿਤਸਰ-ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਅੰਮ੍ਰਿਤਸਰ ਦੀ ਅਦਾਲਤ ਵੱਲੋਂ ਵੱਡਾ ਕਾਨੂੰਨੀ ਝਟਕਾ ਲੱਗਿਆ ਹੈ। ਫਰਵਰੀ 2023 ਵਿੱਚ ਹੋਏ ਚਰਚਿਤ ਅਜਨਾਲਾ ਪੁਲਸ ਥਾਣਾ ਹਮਲੇ ਦੇ ਮਾਮਲੇ ਵਿੱਚ ਅਦਾਲਤ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਪੇਸ਼ੀ ਦੌਰਾਨ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਰਸਮੀ ਤੌਰ 'ਤੇ ਦੋਸ਼ ਤੈਅ ਕਰ ਦਿੱਤੇ ਹਨ। ਹਾਲਾਂਕਿ, ਬਚਾਅ ਪੱਖ ਦੀਆਂ ਦਲੀਲਾਂ ਤੋਂ ਬਾਅਦ ਅਦਾਲਤ ਨੇ ਐੱਫ.ਆਈ.ਆਰ. ਵਿੱਚੋਂ ਕੁੱਝ ਧਾਰਾਵਾਂ ਹਟਾ ਵੀ ਦਿੱਤੀਆਂ ਹਨ।

ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਪਰਿੰਦਰ ਸਿੰਘ ਦੀ ਅਦਾਲਤ ਨੇ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਹੇਠ ਲਿਖੇ ਗੰਭੀਰ ਜੁਰਮਾਂ ਤਹਿਤ ਦੋਸ਼ ਆਇਦ ਕੀਤੇ ਹਨ। ਕਤਲ ਦੀ ਕੋਸ਼ਿਸ਼, ਪੁਲਸ ਕਰਮਚਾਰੀਆਂ ਨੂੰ ਗੰਭੀਰ ਸੱਟਾਂ ਪਹੁੰਚਾਉਣਾ, ਸਰਕਾਰੀ ਕਰਮਚਾਰੀਆਂ ਨੂੰ ਡਿਊਟੀ ਕਰਨ ਤੋਂ ਰੋਕਣਾ, ਅਪਰਾਧਿਕ ਸਾਜ਼ਿਸ਼ ਰਚਣਾ, ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ, ਗੈਰ-ਕਾਨੂੰਨੀ ਭੀੜ ਦੀ ਅਗਵਾਈ ਕਰਦਿਆਂ ਜਾਨੋਂ ਮਾਰਨ ਦੀਆਂ ਧਮਕੀਆਂ ਦੇਣਾ।

ਸੁਣਵਾਈ ਦੌਰਾਨ ਬਚਾਅ ਪੱਖ ਦੇ ਵਕੀਲ ਰੀਤੂ ਰਾਏ ਸੰਧੂ ਨੇ ਅਦਾਲਤ ਵਿੱਚ ਜ਼ੋਰਦਾਰ ਦਲੀਲ ਦਿੱਤੀ ਕਿ ਪੁਲਸ ਵੱਲੋਂ ਅੰਮ੍ਰਿਤਪਾਲ ਸਿੰਘ ਕੋਲੋਂ ਕੋਈ ਵੀ ਹਥਿਆਰ ਬਰਾਮਦ ਨਹੀਂ ਕੀਤਾ ਗਿਆ ਸੀ। ਇਸ ਦਲੀਲ ਨੂੰ ਪ੍ਰਵਾਨ ਕਰਦਿਆਂ ਮਾਣਯੋਗ ਅਦਾਲਤ ਨੇ ਅੰਮ੍ਰਿਤਪਾਲ ਸਿੰਘ ਸਿਰੋਂ ਆਰਮਜ਼ ਐਕਟ ਅਤੇ ਸਬੂਤ ਨਸ਼ਟ ਕਰਨ ਨਾਲ ਸਬੰਧਤ ਧਾਰਾਵਾਂ ਨੂੰ ਹਟਾ ਦਿੱਤਾ ਹੈ, ਜੋ ਕਿ ਬਚਾਅ ਪੱਖ ਲਈ ਇੱਕ ਰਾਹਤ ਵਜੋਂ ਦੇਖਿਆ ਜਾ ਰਿਹਾ ਹੈ।

### ਕੀ ਹੈ ਅਜਨਾਲਾ ਥਾਣਾ ਮਾਮਲਾ ?

ਇਹ ਮਾਮਲਾ ਫਰਵਰੀ 2023 ਦਾ ਹੈ, ਜਦੋਂ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸੈਂਕੜੇ ਸਮਰਥਕਾਂ ਨੇ ਆਪਣੇ ਇੱਕ ਸਾਥੀ (ਲਵਪ੍ਰੀਤ ਤੂਫਾਨ) ਨੂੰ ਪੁਲਸ ਹਿਰਾਸਤ ਵਿੱਚੋਂ ਛੁਡਾਉਣ ਲਈ ਅਜਨਾਲਾ ਪੁਲਸ ਥਾਣੇ 'ਤੇ ਹਮਲਾ ਕਰ ਦਿੱਤਾ ਸੀ। ਇਸ ਦੌਰਾਨ ਬੈਰੀਕੇਡ ਤੋੜੇ ਗਏ ਸਨ ਅਤੇ ਪੁਲਸ ਮੁਲਾਜ਼ਮਾਂ ਨਾਲ ਹਿੰਸਕ ਝੜਪ ਹੋਈ ਸੀ। ਇਸ ਸਬੰਧੀ ਦਰਜ ਐੱਫ.ਆਈ.ਆਰ. ਨੰਬਰ 39 ਵਿੱਚ ਅੰਮ੍ਰਿਤਪਾਲ ਸਿੰਘ ਨੂੰ ਮੁੱਖ ਮੁਲਜ਼ਮ ਬਣਾਇਆ ਗਿਆ ਹੈ ਅਤੇ ਕੁੱਲ 41 ਲੋਕ ਨਾਮਜ਼ਦ ਹਨ।

### ਕੀ ਅੰਮ੍ਰਿਤਪਾਲ ਸਿੰਘ ਦੀ ਜ਼ਮਾਨਤ ਹੋਣ ਦੀ ਸੰਭਾਵਨਾ ਹੈ ?

ਅਜਨਾਲਾ ਕੇਸ ਵਿੱਚ ਦੋਸ਼ ਤੈਅ ਹੋਣ ਤੋਂ ਬਾਅਦ ਹੁਣ ਕੇਸ ਦਾ ਟ੍ਰਾਇਲ ਸ਼ੁਰੂ ਹੋ ਜਾਵੇਗਾ। ਜੇਕਰ ਮੌਜੂਦਾ ਸਥਿਤੀ ਵਿੱਚ ਜ਼ਮਾਨਤ ਦੀ ਸੰਭਾਵਨਾ ਦੀ ਗੱਲ ਕਰੀਏ, ਤਾਂ ਕਾਨੂੰਨੀ ਮਾਹਿਰਾਂ ਮੁਤਾਬਕ ਇਹ ਕਾਫੀ ਜਟਿਲ ਹੈ।

#### ਜ਼ਮਾਨਤ ਦੇ ਹੱਕ ਵਿੱਚ ਜਾਣ ਵਾਲੇ ਨੁਕਤੇ

ਹਥਿਆਰਾਂ ਦੀ ਬਰਾਮਦਗੀ ਨਾ ਹੋਣਾ: ਅਦਾਲਤ ਵੱਲੋਂ ਆਰਮਜ਼ ਐਕਟ ਦੀ ਧਾਰਾ ਹਟਾਏ ਜਾਣ ਨਾਲ ਕੇਸ ਥੋੜ੍ਹਾ ਕਮਜ਼ੋਰ ਹੋਇਆ ਹੈ, ਜਿਸ ਦਾ ਫਾਇਦਾ ਬਚਾਅ ਪੱਖ ਨੂੰ ਉਪਰਲੀ ਅਦਾਲਤ (ਹਾਈਕੋਰਟ) ਵਿੱਚ ਜ਼ਮਾਨਤ ਅਰਜ਼ੀ ਲਗਾਉਣ ਵੇਲੇ ਮਿਲ ਸਕਦਾ ਹੈ। ਉਹ ਲੋਕਤੰਤਰੀ ਤਰੀਕੇ ਨਾਲ ਚੁਣੇ ਹੋਏ ਸਾਂਸਦ ਹਨ, ਇਸ ਲਈ ਬਚਾਅ ਪੱਖ ਦਲੀਲ ਦੇ ਸਕਦਾ ਹੈ ਕਿ ਉਨ੍ਹਾਂ ਦੇ ਦੇਸ਼ ਛੱਡ ਕੇ ਭੱਜਣ ਦੀ ਕੋਈ ਸੰਭਾਵਨਾ ਨਹੀਂ ਹੈ। ਪਰ ਜ਼ਮਾਨਤ ਵਿੱਚ ਵੱਡੀਆਂ ਰੁਕਾਵਟਾਂ ਇਹ ਆ ਸਕਦੀਆਂ ਹਨ, ਜਿਵੇਂ ਕਤਲ ਦੀ ਕੋਸ਼ਿਸ਼। ਅਦਾਲਤ ਨੇ ਕਤਲ ਦੀ ਕੋਸ਼ਿਸ਼ ਵਰਗੀ ਸੰਗੀਨ ਧਾਰਾ ਨੂੰ ਬਰਕਰਾਰ ਰੱਖਿਆ ਹੈ। ਅਜਿਹੇ ਗੰਭੀਰ ਮਾਮਲਿਆਂ ਵਿੱਚ ਹੇਠਲੀ ਅਦਾਲਤ ਆਮ ਤੌਰ 'ਤੇ ਜਲਦੀ ਜ਼ਮਾਨਤ ਨਹੀਂ ਦਿੰਦੀ। ਪੁਲਸ ਰਿਕਾਰਡ ਮੁਤਾਬਕ ਅੰਮ੍ਰਿਤਪਾਲ ਸਿੰਘ ਉਸ ਭੀੜ ਦੇ ਆਗੂ ਅਤੇ ਮੁੱਖ ਮੁਲਜ਼ਮ ਹਨ, ਜਿਸ ਕਾਰਨ ਅਦਾਲਤ ਸਖ਼ਤ ਰੁਖ਼ ਅਖ਼ਤਿਆਰ ਕਰ ਸਕਦੀ ਹੈ।

ਫਿਲਹਾਲ ਹੇਠਲੀ ਅਦਾਲਤ ਵਿੱਚੋਂ ਤੁਰੰਤ ਜ਼ਮਾਨਤ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੈ। ਬਚਾਅ ਪੱਖ ਦੇ ਵਕੀਲ ਹੁਣ ਇਨ੍ਹਾਂ ਤੈਅ ਹੋਏ ਦੋਸ਼ਾਂ ਦੇ ਖ਼ਿਲਾਫ਼ ਹਾਈਕੋਰਟ ਪਹੁੰਚ ਕਰ ਸਕਦੇ ਹਨ, ਜਿੱਥੇ ਆਰਮਜ਼ ਐਕਟ ਹਟਣ ਦੇ ਆਧਾਰ 'ਤੇ ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਹੀ ਜ਼ਮਾਨਤ ਦਾ ਰਾਹ ਖੁੱਲ੍ਹ ਸਕਦਾ ਹੈ।

# ਅਮਰੀਕੀ ਹਮਲੇ ਵਿੱਚ ਮਾਰਿਆ ਗਿਆ ਆਈ ਐਸ ਆਈ ਐਸ ਦਾ ਦੂਜਾ ਸਭ ਤੋਂ ਵੱਡਾ ਅੱਤਵਾਦੀ ਅਬੂ

## ✪ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੀਤੀ ਪੁਸ਼ਟੀ



ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੱਸਿਆ ਕਿ ਅਮਰੀਕਾ ਨੇ ਨਾਈਜੀਰੀਆ ਵਿੱਚ ਇੱਕ ਸਾਂਝੇ ਆਪ੍ਰੇਸ਼ਨ ਦੌਰਾਨ ਆਈ ਐਸ ਆਈ ਐਸ ਦੇ ਆਲਮੀ ਪੱਧਰ ਦੇ ਦੂਜੇ ਸਭ ਤੋਂ ਵੱਡੇ ਕਮਾਂਡਰ ਅਬੂ-ਬਿਲਾਲ ਅਲ-ਮਿਨੂਕੀ ਨੂੰ ਮਾਰ ਮੁਕਾਇਆ ਹੈ। ਟਰੰਪ ਮੁਤਾਬਕ ਇਹ ਮੁਹਿੰਮ ਅਮਰੀਕੀ ਅਤੇ ਨਾਈਜੀਰੀਆਈ ਫੌਜ ਨੇ ਮਿਲ ਕੇ ਚਲਾਈ ਸੀ। ਇਸ ਸਫ਼ਲ ਆਪ੍ਰੇਸ਼ਨ ਦੀ ਸ਼ਲਾਘਾ ਕਰਦਿਆਂ ਟਰੰਪ ਨੇ ਕਿਹਾ, ''ਹੁਣ ਉਹ ਅਫ਼ਰੀਕਾ ਦੇ ਲੋਕਾਂ ਨੂੰ ਨਹੀਂ ਡਰਾ ਸਕੇਗਾ ਅਤੇ ਨਾ ਹੀ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਹਮਲਿਆਂ ਦੀ ਸਾਜ਼ਿਸ਼ ਰਚ ਸਕੇਗਾ।''

ਕੌਣ ਸੀ ਅਬੂ-ਬਿਲਾਲ ਅਲ-ਮਿਨੂਕੀ ?- ਅਬੂ ਨੂੰ ਅਬੂ ਬਕਰ ਇਬਨ ਮੁਹੰਮਦ ਇਬਨ ਅਲੀ ਅਲ-ਮੈਨੂਕੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਉਹ ਆਈਐਸਆਈਐਸ ਦਾ ਇੱਕ ਉੱਚ-ਰੈਂਕਿੰਗ ਅੱਤਵਾਦੀ ਸੀ ਜੋ ਗਲੋਬਲ ਪੱਧਰ 'ਤੇ ਸੰਗਠਨ ਵਿੱਚ ਦੂਜੇ ਸਥਾਨ 'ਤੇ ਸੀ। ਕਾਊਂਟਰ ਐਕਸਟ੍ਰੀਮਿਜ਼ਮ ਪ੍ਰੋਜੈਕਟ' ਦੀ ਰਿਪੋਰਟ ਅਨੁਸਾਰ, ਉਹ ਮੁੱਖ ਤੌਰ 'ਤੇ ਅਫ਼ਰੀਕਾ ਦੇ ਸਾਹੇਲ ਖੇਤਰ ਵਿੱਚ ਸਰਗਰਮ ਸੀ, ਜੋ ਕਿ ਸੇਨੇਗਲ, ਮਾਲੀ, ਨਾਈਜਰ, ਨਾਈਜੀਰੀਆ, ਚਾਡ ਅਤੇ ਸੂਡਾਨ ਸਮੇਤ 12 ਦੇਸ਼ਾਂ ਵਿੱਚ ਫੈਲਿਆ ਹੋਇਆ ਹੈ। ਉਹ 'ਇਸਲਾਮਿਕ ਸਟੇਟ ਵੈਸਟ ਅਫ਼ਰੀਕਾ ਪ੍ਰੋਵਿੰਸ' ਦਾ ਇੱਕ ਸੀਨੀਅਰ ਕਮਾਂਡਰ ਸੀ ਅਤੇ ਆਈਐਸਆਈਐਸ ਦੇ 'ਲੇਕ ਚਾਡ ਡਿਵੀਜ਼ਨ' ਦੇ ਆਪ੍ਰੇਸ਼ਨਾਂ ਨੂੰ ਸਿੱਧੇ ਤੌਰ 'ਤੇ ਸੰਭਾਲਦਾ ਸੀ।

ਗਲੋਬਲ ਅੱਤਵਾਦੀ ਘੋਸ਼ਿਤ: ਜੂਨ 2023 ਵਿੱਚ, ਅਮਰੀਕੀ ਵਿਦੇਸ਼ ਵਿਭਾਗ ਨੇ ਉਸਨੂੰ ਅਧਿਕਾਰਤ ਤੌਰ 'ਤੇ 'ਵਿਸ਼ੇਸ਼ ਤੌਰ 'ਤੇ ਨਾਮਜ਼ਦ ਗਲੋਬਲ ਅੱਤਵਾਦੀ' ਐਲਾਨਿਆ ਸੀ। ਉਸਦਾ ਮੁੱਖ ਮਕਸਦ ਅਫ਼ਰੀਕਾ ਵਿੱਚ ਇਸਲਾਮਿਕ ਸ਼ਾਸਨ ਦਾ ਵਿਸਤਾਰ ਕਰਨਾ ਅਤੇ ਦੁਨੀਆ ਭਰ ਵਿੱਚ ਸ਼ਰੀਅਤ ਅਧਾਰਿਤ ਕਾਨੂੰਨ ਲਾਗੂ ਕਰਨਾ ਸੀ।

# ਮੰਡਪ 'ਤੇ ਲਾੜਾ ਦੇਖਦਾ ਰਹਿ ਗਿਆ ਤਮਾਸ਼ਾ !

## ✪ ਸੰਧੂਰਦਾਨ ਵੇਲੇ ਚਚੇਰੇ ਜੀਜੇ ਨੇ ਲਾੜੀ ਨਾਲ ਕਰ ਦਿੱਤਾ ਅਜਿਹਾ ਕਾਂਡ, ਟੁੱਟ ਗਿਆ ਵਿਆਹ



ਸਾਰਨ-ਬਿਹਾਰ ਦੇ ਸਾਰਨ ਜ਼ਿਲ੍ਹੇ ਦੇ ਮੜ੍ਹੌਰਾ ਸਥਿਤ ਪ੍ਰਸਿੱਧ ਸ਼ਿਲ੍ਹੌਰੀ ਮੰਦਰ ਵਿੱਚ ਇੱਕ ਅਜਿਹਾ ਵਿਆਹ ਸਮਾਗਮ ਦੇਖਣ ਨੂੰ ਮਿਲਿਆ, ਜੋ ਪੂਰੇ ਇਲਾਕੇ ਵਿੱਚ ਸਨਸਨੀ ਅਤੇ ਚਰਚਾ ਦਾ ਵਿਸ਼ਾ ਬਣ ਗਿਆ ਹੈ। ਮੰਦਰ ਵਿੱਚ ਵੈਦਿਕ ਮੰਤਰਾਂ ਦੇ ਉਚਾਰਨ ਵਿਚਾਲੇ ਵਿਆਹ ਦੀਆਂ ਰਸਮਾਂ ਚੱਲ ਰਹੀਆਂ ਸਨ, ਪਰ ਐਨ ਮੌਕੇ 'ਤੇ ਲਾੜੀ ਦੇ ਚਚੇਰੇ ਜੀਜੇ ਨੇ ਮੰਡਪ ਵਿੱਚ ਪਹੁੰਚ ਕੇ ਇੱਕ ਅਜਿਹੀ ਹਰਕਤ ਕਰ ਦਿੱਤੀ ਕਿ ਸਭ ਦੇ ਹੋਸ਼ ਉੱਡ ਗਏ। ਜੀਜੇ ਨੇ ਲਾੜੇ ਦੇ ਸਾਹਮਣੇ ਹੀ ਲਾੜੀ ਦੀ ਮਾਂਗ ਵਿੱਚ ਸੰਧੂਰ ਭਰ ਦਿੱਤਾ, ਜਿਸ ਤੋਂ ਬਾਅਦ ਖ਼ੁਸ਼ੀ ਦਾ ਮਾਹੌਲ ਮਿੰਟਾਂ ਵਿੱਚ ਭਾਰੀ ਤਣਾਅ ਵਿੱਚ ਬਦਲ ਗਿਆ।

ਇਸ ਅਚਨਚੇਤ ਘਟਨਾ ਨੂੰ ਅੰਜਾਮ ਦੇਣ ਤੋਂ ਤੁਰੰਤ ਬਾਅਦ ਉਕਤ ਨੌਜਵਾਨ ਮੌਕੇ ਤੋਂ ਫ਼ਰਾਰ ਹੋ ਗਿਆ।

ਇਸ ਅਜੀਬੋ-ਗਰੀਬ ਹਰਕਤ ਤੋਂ ਬਾਅਦ ਸ਼ਿਲ੍ਹੌਰੀ ਮੰਦਰ ਕੰਪਲੈਕਸ ਵਿੱਚ ਹੜਕੰਪ ਮੱਚ ਗਿਆ। ਲਾੜੇ ਪੱਖ ਦੇ ਲੋਕਾਂ ਨੇ ਇਸ ਘਟਨਾ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਮੌਕੇ 'ਤੇ ਹੀ ਵਿਆਹ ਅੱਗੇ ਵਧਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਦੂਜੇ ਪਾਸੇ, ਲਾੜੀ ਪੱਖ ਦੇ ਲੋਕ ਇਸ ਅਚਾਨਕ ਹੋਈ ਸ਼ਰਮਿੰਦਗੀ ਅਤੇ ਸਦਮੇ ਕਾਰਨ ਬੇਵੱਸ ਨਜ਼ਰ ਆਏ।

''ਇਹ ਘਟਨਾ ਇੰਨੀ ਅਚਨਚੇਤ ਸੀ ਕਿ ਕੋਈ ਕੁਝ ਸੋਚ ਵੀ ਨਹੀਂ ਸਕਿਆ। ਪੂਰਾ ਮਾਹੌਲ ਤਣਾਅਪੂਰਨ ਹੋ ਗਿਆ ਅਤੇ ਦੇਖਦੇ ਹੀ ਦੇਖਦੇ ਮੰਦਰ ਵਿੱਚ ਸਥਾਨਕ ਲੋਕਾਂ ਦੀ ਭਾਰੀ ਭੀੜ ਇਕੱਠੀ ਹੋ ਗਈ।''


ਮਾਮਲੇ ਨੂੰ ਸ਼ਾਂਤ ਕਰਨ ਅਤੇ ਵਿਆਹ ਨੂੰ ਬਚਾਉਣ ਲਈ ਦੋਵਾਂ ਪਰਿਵਾਰਾਂ ਅਤੇ ਸਥਾਨਕ ਲੋਕਾਂ ਵਿਚਾਲੇ ਮੰਦਰ ਕੰਪਲੈਕਸ ਵਿੱਚ ਹੀ ਘੰਟਿਆਂਬੱਧੀ ਪੰਚਾਇਤ ਚੱਲੀ। ਕਈ ਤਰ੍ਹਾਂ ਦੇ ਸਮਝੌਤਿਆਂ ਦੀ ਕੋਸ਼ਿਸ਼ ਕੀਤੀ ਗਈ, ਪਰ ਲਾੜੇ ਪੱਖ ਦੇ ਗੁੱਸੇ ਅਤੇ ਨਾਰਾਜ਼ਗੀ ਅੱਗੇ ਕੋਈ ਹੱਲ ਨਹੀਂ ਨਿਕਲ ਸਕਿਆ। ਆਖ਼ਰਕਾਰ, ਵਿਆਹ ਦੀਆਂ ਰਸਮਾਂ ਨੂੰ ਅਧੂਰਾ ਹੀ ਛੱਡਣਾ ਪਿਆ। ਦੋਵੇਂ ਪੱਖ ਬਿਨਾਂ ਵਿਆਹ ਕੀਤੇ, ਨਿਰਾਸ਼ ਹੋ ਕੇ ਆਪਣੇ-ਆਪਣੇ ਘਰਾਂ ਨੂੰ ਪਰਤ ਗਏ।

# ਮੋਦੀ ਸਰਕਾਰ ਵਲੋਂ ਸਿੱਖਿਆ ਦਾ ਕੇਂਦਰੀਕਰਨ: ਪੰਜਾਬ, ਪੰਜਾਬੀਅਤ ਅਤੇ ਸਿਖ ਪਛਾਣ ਲਈ ਇੱਕ ਚੁਣੌਤੀ

## ✪ ਇਤਿਹਾਸ ਦਾ 'ਭਗਵਾਂਕਰਨ' ਅਤੇ ਸਿੱਖ ਗੁਰੂਆਂ ਦੇ ਇਨਕਲਾਬੀ ਫਲਸਫੇ 'ਤੇ ਹਮਲਾ

**ਦਰਪਣ ਝੂਠ ਨਹੀ ਬੋਲਦਾ**

**ਪੰਜਾਬ ਟਾਈਮਜ਼ ਮੀਡੀਆ**





ਸਮਕਾਲੀ ਦੌਰ ਵਿੱਚ ਭਾਰਤ ਅੰਦਰ ਲਾਗੂ ਕੀਤੀਆਂ ਜਾ ਰਹੀਆਂ ਨਵੀਆਂ ਵਿੱਦਿਅਕ ਅਤੇ ਪ੍ਰਸ਼ਾਸਨਿਕ ਨੀਤੀਆਂ ਕਾਰਨ ਪੰਜਾਬ ਦੇ ਬੌਧਿਕ, ਭਾਸ਼ਾਈ ਅਤੇ ਸੱਭਿਆਚਾਰਕ ਹਲਕਿਆਂ ਵਿੱਚ ਚਿੰਤਾ ਲਗਾਤਾਰ ਡੂੰਘੀ ਹੁੰਦੀ ਜਾ ਰਹੀ ਹੈ। ਮਾਹਿਰਾਂ, ਸਿੱਖਿਆ ਸ਼ਾਸਤਰੀਆਂ ਅਤੇ ਸਮਾਜਿਕ ਚਿੰਤਕਾਂ ਅਨੁਸਾਰ, ਨਵ-ਉਦਾਰਵਾਦੀ ਕਾਰਪੋਰੇਟ ਪੂੰਜੀ ਅਤੇ ਮੋਦੀ ਸਰਕਾਰ ਦੀ ਰਾਜਨੀਤੀ ਦੇ ਸੁਮੇਲ ਨੇ ਸਿੱਖਿਆ ਦੇ ਜਮਹੂਰੀਕਰਨ ਨੂੰ ਵੱਡੀ ਸੱਟ ਮਾਰੀ ਹੈ। ਇਸ ਨੀਤੀ ਦਾ ਸਭ ਤੋਂ ਗੰਭੀਰ ਅਸਰ ਪੰਜਾਬੀ ਭਾਸ਼ਾ ਦੀ ਹੋਂਦ ਅਤੇ ਸਿੱਖ ਇਤਿਹਾਸ ਦੀ ਵਿਲੱਖਣ ਪਛਾਣ 'ਤੇ ਪੈਂਦਾ ਦਿਖਾਈ ਦੇ ਰਿਹਾ ਹੈ। ਵੱਖ-ਵੱਖ ਅਕਾਦਮਿਕ ਮਾਹਿਰਾਂ ਵੱਲੋਂ ਇਹ ਨੁਕਤਾ ਉਠਾਇਆ ਜਾ ਰਿਹਾ ਹੈ ਕਿ ਕੇਂਦਰੀ ਸਿਲੇਬਸਾਂ ਵਿੱਚੋਂ ਯੋਜਨਾਬੱਧ ਤਰੀਕੇ ਨਾਲ ਅਜਿਹੇ ਇਤਿਹਾਸਿਕ ਪੰਨਿਆਂ ਨੂੰ ਹਟਾਇਆ ਜਾ ਰਿਹਾ ਹੈ, ਜੋ ਸਮਾਜ ਵਿੱਚ ਮਨੁੱਖੀ ਬਰਾਬਰੀ, ਸਰਬ-ਸਾਂਝੀਵਾਲਤਾ ਅਤੇ ਹਰ ਕਿਸਮ ਦੇ ਜਬਰ ਦੇ ਖ਼ਿਲਾਫ਼ ਸਿਧਾਂਤਕ ਸੰਘਰਸ਼ ਦੇ ਪ੍ਰਤੀਕ ਸਨ।

ਸਿੱਖ ਚਿੰਤਕਾਂ ਦਾ ਮੰਨਣਾ ਹੈ ਕਿ ਸਿੱਖ ਗੁਰੂ ਸਾਹਿਬਾਨ ਦੇ ਇਨਕਲਾਬੀ ਫਲਸਫੇ ਅਤੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿੱਚ ਪੰਜਾਬ ਦੀਆਂ ਲਹਿਰਾਂ (ਜਿਵੇਂ ਗ਼ਦਰ ਲਹਿਰ ਅਤੇ ਬੱਬਰ ਅਕਾਲੀ ਲਹਿਰ) ਦੇ ਬੇਮਿਸਾਲ ਯੋਗਦਾਨ ਨੂੰ ਸਿਲੇਬਸਾਂ ਵਿੱਚ ਹਾਸ਼ੀਏ 'ਤੇ ਧੱਕਿਆ ਜਾ ਰਿਹਾ ਹੈ। ਮੁਗਲਾਂ ਦੇ ਪੰਨੇ ਹਟਾਕੇ ਗੁਰੂ ਸਾਹਿਬਾਨ ਦੇ ਸੰਘਰਸ਼ਮਈ ਇਤਿਹਾਸ ਨੂੰ ਹਟਾਇਆ ਗਿਆ ਹੈ। ਸਰਦਾਰ ਗੁਰਤੇਜ ਸਿੰਘ ਆਈਏਐਸਅਨੁਸਾਰ, 'ਇੱਕ ਰਾਸ਼ਟਰ, ਇੱਕ ਸੱਭਿਆਚਾਰ' ਦੇ ਏਜੰਡੇ ਤਹਿਤ ਖੇਤਰੀ ਅਤੇ ਘੱਟਗਿਣਤੀਆਂ ਖਾਸ ਕਰਕੇ ਸਿੱਖ ਪੰਥ ਦੀਆਂ ਵੱਖਰੀ ਇਤਿਹਾਸਕ ਪਛਾਣ ਨੂੰ ਇੱਕ ਵੱਡੀ ਵਿਚਾਰਧਾਰਕ ਪਛਾਣ ਦੇ ਅੰਦਰ ਜਜ਼ਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੂਚਨਾ ਮੁਤਾਬਕ ਸਿਰਫ਼ ਸਿੱਖਿਆ ਹੀ ਨਹੀਂ, ਸਗੋਂ ਪੰਜਾਬੀ ਭਾਸ਼ਾ ਦੇ ਅਧਿਕਾਰਾਂ ਨੂੰ ਵੀ ਲਗਾਤਾਰ ਸੀਮਤ ਕੀਤਾ ਜਾ ਰਿਹਾ ਹੈ। ਜੰਮੂ-ਕਸ਼ਮੀਰ ਵਰਗੇ ਖੇਤਰਾਂ ਵਿੱਚ ਸਰਕਾਰੀ ਭਾਸ਼ਾਵਾਂ ਦੀ ਸੂਚੀ ਵਿੱਚੋਂ ਪੰਜਾਬੀ ਨੂੰ ਬਾਹਰ ਰੱਖਣਾ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਨਿਕ ਢਾਂਚੇ ਵਿੱਚ ਕੇਂਦਰੀ ਨਿਯਮਾਂ ਦੇ ਲਾਗੂ ਹੋਣ ਕਾਰਨ ਪੰਜਾਬੀ ਦੀ ਵਰਤੋਂ ਲਗਾਤਾਰ ਘਟਾਉਣਾ, ਇਸੇ ਬੇਗਾਨਗੀ ਦਾ ਹਿੱਸਾ ਮੰਨਿਆ ਜਾ

ਰਿਹਾ ਹੈ। ਹੁਣੇ ਜਿਹੇ ਪੰਜਾਬ ਦੇ ਆਰਮੀ ਪਬਲਿਕ ਸਕੂਲਾਂ ਵਿੱਚੋਂ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਤੋਂ ਹਟਾ ਕੇ ਚੋਣਵਾਂ ਬਣਾਉਣ ਦਾ ਮੁੱਦਾ ਬੇਹੱਦ ਗੰਭੀਰ ਹੈ। ਇਸ ਪੂਰੇ ਘਟਨਾਕ੍ਰਮ ਪਿੱਛੇ ਜਿੱਥੇ ਕੇਂਦਰੀ ਪ੍ਰਬੰਧਕੀ ਢਾਂਚਾ ਜ਼ਿੰਮੇਵਾਰ ਹੈ, ਉੱਥੇ ਹੀ ਪੰਜਾਬ ਸਰਕਾਰ ਦੀ ਭੂਮਿਕਾ ਅਤੇ ਕਾਰਵਾਈ ਨੂੰ ਲੈ ਕੇ ਵੀ ਕਈ ਸਵਾਲ ਉੱਠ ਰਹੇ ਹਨ।

ਆਰਮੀ ਸਕੂਲਾਂ ਦਾ ਸੰਚਾਲਨ ਕਰਨ ਵਾਲੀ ਇਹ ਕੇਂਦਰੀ ਸੰਸਥਾ ਆਰਮੀ ਵੈਲਫੇਅਰ ਐਜੂਕੇਸ਼ਨ ਸੋਸਾਇਟੀ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਇਸ ਸੰਸਥਾ ਨੇ ਦੇਸ਼ ਭਰ ਦੇ ਆਰਮੀ ਸਕੂਲਾਂ ਵਿੱਚ ਇੱਕੋ ਜਿਹਾ ਸਿਲੇਬਸ ਲਾਗੂ ਕਰਨ ਦੀ ਨੀਤੀ ਬਣਾਈ ਹੈ, ਜਿਸ ਵਿੱਚ ਖੇਤਰੀ ਭਾਸ਼ਾਵਾਂ (ਜਿਵੇਂ ਪੰਜਾਬੀ) ਨੂੰ ਮੁੱਖ ਵਿਸ਼ਿਆਂ ਦੀ ਸੂਚੀ ਵਿੱਚੋਂ ਬਾਹਰ ਕਰ ਦਿੱਤਾ ਗਿਆ।

ਆਰਮੀ ਸਕੂਲ ਸੀਬੀਐਸਈ ਬੋਰਡ ਦੇ ਅਧੀਨ ਆਉਂਦੇ ਹਨ। ਕੇਂਦਰ ਦੀਆਂ ਮੌਜੂਦਾ ਵਿੱਦਿਅਕ ਨੀਤੀਆਂ 'ਇੱਕ ਦੇਸ਼, ਇੱਕ ਪਾਠਕ੍ਰਮ' ਦੇ ਸਿਧਾਂਤ 'ਤੇ ਜ਼ੋਰ ਦਿੰਦੀਆਂ ਹਨ। ਇਸ ਅੰਨ੍ਹੇ ਕੇਂਦਰੀਕਰਨ ਕਾਰਨ ਰਾਜਾਂ ਦੀਆਂ ਭਾਸ਼ਾਈ ਲੋੜਾਂ ਨੂੰ ਦਰਕਿਨਾਰ ਕਰ ਦਿੱਤਾ ਗਿਆ।ਫ਼ੌਜੀ ਅਧਿਕਾਰੀਆਂ ਦੀ ਦਲੀਲ ਹੈ ਕਿ ਫ਼ੌਜੀਆਂ ਦੇ ਤਬਾਦਲੇ ਹੁੰਦੇ ਰਹਿੰਦੇ ਹਨ, ਇਸ ਲਈ ਦੂਜੇ ਰਾਜਾਂ ਤੋਂ ਆਉਣ ਵਾਲੇ ਬੱਚਿਆਂ ਲਈ ਲਾਜ਼ਮੀ ਪੰਜਾਬੀ ਪੜ੍ਹਨਾ ਔਖਾ ਹੁੰਦਾ ਹੈ। ਪਰ ਆਲੋਚਕ ਇਸ ਨੂੰ ਲੰਗੜੀ ਦਲੀਲ ਮੰਨਦੇ ਹਨ, ਕਿਉਂਕਿ ਇਨ੍ਹਾਂ ਸਕੂਲਾਂ ਵਿੱਚ ਵੱਡੀ ਗਿਣਤੀ ਪੰਜਾਬ ਦੇ ਸਥਾਨਕ ਬੱਚਿਆਂ ਅਤੇ ਸਾਬਕਾ ਸੈਨਿਕਾਂ ਦੇ ਬੱਚਿਆਂ ਦੀ ਵੀ ਹੈ।ਜਦੋਂ ਇਹ ਮੁੱਦਾ ਭਖਿਆ, ਤਾਂ ਪੰਜਾਬ ਦੇ ਉੱਚ ਸਿੱਖਿਆ ਅਤੇ ਭਾਸ਼ਾ ਵਿਭਾਗ ਵੱਲੋਂ ਆਰਮੀ ਸਕੂਲ ਪ੍ਰਬੰਧਕਾਂ ਨੂੰ ਨੋਟਿਸ ਜਾਰੀ ਕੀਤੇ ਗਏ ਸਨ। ਪੰਜਾਬ ਸਰਕਾਰ ਦੇ ਦਬਾਅ ਕਾਰਨ ਕਈ ਸਕੂਲਾਂ ਨੇ ਲਿਖਤੀ ਭਰੋਸਾ ਵੀ ਦਿੱਤਾ ਸੀ ਕਿ ਉਹ ਪੰਜਾਬੀ ਪੜ੍ਹਾਉਣਾ ਜਾਰੀ ਰੱਖਣਗੇ, ਪਰ ਜ਼ਮੀਨੀ ਪੱਧਰ 'ਤੇ ਇਸ ਨੂੰ ਸਿਰਫ਼ ਇੱਕ 'ਗਤੀਵਿਧੀ' ਜਾਂ ਅੱਧੇ-ਅਧੂਰੇ ਪੀਰੀਅਡ ਤੱਕ ਸੀਮਤ ਕਰ ਦਿੱਤਾ ਗਿਆ।

ਪੰਜਾਬ ਵਿੱਚ 'ਪੰਜਾਬ ਲਰਨਿੰਗ ਆਫ਼ ਪੰਜਾਬੀ ਐਂਡ ਅਦਰ ਲੈਂਗੁਏਜਿਜ਼ ਐਕਟ, 2008' ਲਾਗੂ ਹੈ। ਇਸ ਕਾਨੂੰਨ ਮੁਤਾਬਕ ਪੰਜਾਬ ਦੀ ਧਰਤੀ 'ਤੇ ਚੱਲਣ ਵਾਲੇ ਹਰ ਸਕੂਲ (ਚਾਹੇ ਉਹ ਕੇਂਦਰੀ ਹੋਵੇ ਜਾਂ ਸੀਬੀਐਸਈ) ਵਿੱਚ ਪਹਿਲੀ ਤੋਂ ਦਸਵੀਂ ਤੱਕ ਪੰਜਾਬੀ ਲਾਜ਼ਮੀ ਹੋਣੀ ਚਾਹੀਦੀ ਹੈ। ਪੰਜਾਬ ਸਰਕਾਰ ਕੋਲ ਨਿਯਮ ਤੋੜਨ ਵਾਲੇ ਸਕੂਲਾਂ 'ਤੇ ਭਾਰੀ ਜੁਰਮਾਨਾ ਲਾਉਣ ਅਤੇ ਉਨ੍ਹਾਂ ਦੀ ਮਾਨਤਾ ਰੱਦ ਕਰਨ (ਐਨਓਸੀ ਵਾਪਸ ਲੈਣ) ਦੀ ਪੂਰੀ ਸ਼ਕਤੀ ਹੈ, ਪਰ ਫ਼ੌਜ ਨਾਲ ਜੁੜਿਆ ਮੁੱਦਾ ਹੋਣ ਕਰਕੇ ਸਰਕਾਰ ਸਖ਼ਤ ਪ੍ਰਸ਼ਾਸਨਿਕ ਕਾਰਵਾਈ ਕਰਨ ਤੋਂ ਝਿਜਕਦੀ ਰਹੀ ਹੈ।

ਸੀਨੀਅਰ ਜਰਨਲਿਸਟ ਸਤਨਾਮ ਮਾਣਕ ਦਾ ਕਹਿਣਾ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਚੋਣਾਂ ਵੇਲੇ ਤਾਂ ਪੰਜਾਬੀ ਮਾਂ-ਬੋਲੀ ਦਾ ਰਾਗ ਅਲਾਪਦੀਆਂ ਹਨ, ਪਰ ਕੇਂਦਰੀ ਅਦਾਰਿਆਂ (ਜਿਵੇਂ ਆਰਮੀ ਸਕੂਲ, ਕੇਂਦਰੀ ਵਿਦਿਆਲਿਆ, ਜਾਂ ਚੰਡੀਗੜ੍ਹ ਪ੍ਰਸ਼ਾਸਨ) ਸਾਹਮਣੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਲੋੜੀਂਦੀ ਸਿਆਸੀ ਇੱਛਾ-ਸ਼ਕਤੀ ਨਹੀਂ ਦਿਖਾਉਂਦੀਆਂ।ਇਸ ਮਾਮਲੇ ਵਿੱਚ ਕੇਂਦਰ ਸਰਕਾਰ ਦਾ ਪ੍ਰਬੰਧਕੀ ਢਾਂਚਾ ਮੁੱਖ ਦੋਸ਼ੀ ਹੈ ਜੋ ਖੇਤਰੀ ਭਾਸ਼ਾਵਾਂ ਨੂੰ ਖ਼ਤਮ ਕਰਨਾ ਚਾਹੁੰਦਾ ਹੈ, ਪਰ ਪੰਜਾਬ ਸਰਕਾਰ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ। ਜੇਕਰ ਸੂਬਾ ਸਰਕਾਰ ਆਪਣੇ ਹੀ ਬਣਾਏ 2008 ਦੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰੇ ਅਤੇ ਆਰਮੀ ਸਕੂਲਾਂ ਨੂੰ ਸਪਸ਼ਟ ਚੇਤਾਵਨੀ ਦੇਵੇ, ਤਾਂ ਕੇਂਦਰੀ ਪ੍ਰਬੰਧਕਾਂ ਨੂੰ ਝੁਕਣਾ ਹੀ ਪਵੇਗਾ। ਸਰਕਾਰ ਦੀ ਇਸ ਢਿੱਲਮੱਠ ਨੀਤੀ ਕਾਰਨ ਹੀ ਪੰਜਾਬੀ ਭਾਸ਼ਾ ਨੂੰ ਆਪਣੇ ਹੀ ਘਰ ਵਿੱਚ ਹਾਸ਼ੀਏ 'ਤੇ ਧੱਕਿਆ ਜਾ ਰਿਹਾ ਹੈ।

ਭਾਸ਼ਾ ਮਾਹਿਰਾਂ ਦਾ ਕਹਿਣਾ ਹੈ ਕਿ ਭਾਸ਼ਾ ਦਾ ਉਜਾੜਾ ਅਸਲ ਵਿੱਚ ਉਸ ਸੱਭਿਆਚਾਰ ਅਤੇ ਇਤਿਹਾਸਿਕ ਚੇਤਨਾ ਦੀ ਮੌਤ ਹੁੰਦਾ ਹੈ, ਜਿਸ 'ਤੇ ਕੋਈ ਕੌਮ ਖੜ੍ਹੀ ਹੁੰਦੀ ਹੈ।

ਦਾਰਸ਼ਨਿਕ ਅਤੇ ਆਰਥਿਕ ਪੱਖ ਤੋਂ ਵਿਸ਼ਲੇਸ਼ਣ ਕਰਦਿਆਂ ਐਡਵੋਕੇਟ ਜਸਵਿੰਦਰ ਸਿੰਘ ਨੇ ਕਿਹਾ ਕਿ ਅਜੋਕੀਆਂ ਨੀਤੀਆਂ ਨੇ ਸਿੱਖਿਆ ਨੂੰ ਮਹਿਜ਼ ਇੱਕ 'ਮਾਲ' ਬਣਾ ਕੇ ਰੱਖ ਦਿੱਤਾ ਹੈ। ਮੌਜੂਦਾ ਪ੍ਰਣਾਲੀ ਦਾ ਉਦੇਸ਼ ਅਜਿਹੇ 'ਬੁੱਧੀਜੀਵੀ' ਪੈਦਾ ਕਰਨਾ ਨਹੀਂ ਹੈ ਜੋ ਸਮਾਜਿਕ ਸਰੋਕਾਰਾਂ ਲਈ ਸਵਾਲ ਉਠਾਉਣ, ਸਗੋਂ ਅਜਿਹੇ 'ਬੌਧਿਕ ਮੁਲਾਜ਼ਮ' ਪੈਦਾ ਕਰਨਾ ਹੈ ਜੋ ਸਿਰਫ਼ ਕਾਰਪੋਰੇਟ ਜਗਤ ਦੀ ਸੇਵਾ ਲਈ ਤਕਨੀਕੀ ਹੁਨਰ ਰੱਖਦੇ ਹੋਣ। ਪਰ ਸਮਾਜ ਤੇ ਲੋਕ ਪਖੀ ਪਹੁੰਚ ਅਪਨਾ ਨਾ ਸਕਣ।

ਸਿੱਖ ਇਤਿਹਾਸ ਅਤੇ ਚਿੰਤਨ ਦਾ ਬੁਨਿਆਦੀ ਸੁਭਾਅ ਹੀ 'ਆਲੋਚਨਾਤਮਕ ਸੋਚ' ਅਤੇ ਹੱਕ-ਸੱਚ ਲਈ ਆਵਾਜ਼ ਬੁਲੰਦ ਕਰਨ ਤੇ ਭ੍ਰਿਸ਼ਟ ਜ਼ਾਲਮਾਨਾ ਸਟੇਟ ਵਿਰੁਧ ਹੈ। ਪਰ ਮੌਜੂਦਾ ਦੌਰ ਵਿੱਚ ਜਦੋਂ ਵੀ ਪੰਜਾਬ ਦੇ ਲੋਕ, ਕਿਸਾਨ ਜਾਂ ਬੁੱਧੀਜੀਵੀ ਆਪਣੇ ਹੱਕਾਂ, ਪਾਣੀਆਂ ਅਤੇ ਆਰਥਿਕ ਖੁਦਮੁਖਤਿਆਰੀ ਲਈ ਜਮਹੂਰੀ ਤਰੀਕੇ ਨਾਲ ਆਵਾਜ਼ ਉਠਾਉਂਦੇ ਹਨ, ਤਾਂ ਸੱਤਾਧਾਰੀ ਪ੍ਰਚਾਰ ਤੰਤਰ ਦੁਆਰਾ ਉਨ੍ਹਾਂ ਨੂੰ ਨਕਾਰਾਤਮਕ ਰੂਪ ਵਿੱਚ ਪੇਸ਼ ਕਰਕੇ ਦੇਸ਼-ਵਿਰੋਧੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਸ਼੍ਰੋਮਣੀ ਕਮੇਟੀ ਨੇ ਦੋਸ਼ ਲਗਾਇਆ ਹੈ ਕਿ ਖੇਤਰੀ ਅਤੇ ਧਾਰਮਿਕ ਸੰਸਥਾਵਾਂ ਵਿੱਚ ਸਿੱਧਾ ਜਾਂ ਅਸਿੱਧਾ ਦਖ਼ਲ ਦੇ ਕੇ ਸਿੱਖਾਂ ਦੀ ਕੇਂਦਰੀ ਸ਼ਕਤੀ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ, ਸਜ਼ਾ ਪੂਰੀ ਕਰ ਚੁੱਕੇ ਕੈਦੀਆਂ (ਬੰਦੀ ਸਿੰਘਾਂ) ਦੀ ਰਿਹਾਈ 'ਤੇ ਨਕਾਰਾਤਮਕ ਵਤੀਰਾ ਰੱਖਣਾ ਅਤੇ ਪੰਜਾਬ ਦੇ ਆਰਥਿਕ ਸਰੋਤਾਂ (ਜਿਵੇਂ ਪਾਣੀਆਂ ਅਤੇ ਬੀ.ਬੀ.ਐੱਮ.ਬੀ.) 'ਤੇ ਕੇਂਦਰ ਦਾ ਕਬਜ਼ਾ ਜਮਾਉਣਾ, ਸੂਬੇ ਦੀ ਖੁਦਮੁਖਤਿਆਰੀ ਨੂੰ ਕਮਜ਼ੋਰ ਕਰ ਰਿਹਾ ਹੈ। ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਲੜਾਈ ਸਿਰਫ਼ ਸਿਆਸੀ ਉਲਟ-ਫੇਰ ਦੀ ਨਹੀਂ, ਸਗੋਂ ਪੰਜਾਬ ਦੀ ਬੌਧਿਕ, ਭਾਸ਼ਾਈ ਅਤੇ ਇਤਿਹਾਸਿਕ ਹੋਂਦ ਨੂੰ ਬਚਾਉਣ ਦੀ ਹੈ। ਇਸ ਫਾਸ਼ੀਵਾਦੀ ਇੱਕਸਾਰਤਾ ਦੇ ਖ਼ਿਲਾਫ਼ ਵਿੱਦਿਅਕ ਅਤੇ ਜਥੇਬੰਦਕ ਪੱਧਰ 'ਤੇ ਬੌਧਿਕ ਸੰਘਰਸ਼ ਕਰਨਾ ਹੀ ਅਜੋਕੇ ਸਮੇਂ ਦੀ ਮੁੱਖ ਲੋੜ ਹੈ।

# ਪੰਜਾਬ ਸਣੇ 16 ਸੂਬਿਆਂ ਵਿਚ ਵੋਟਰ ਸੂਚੀਆਂ ਦੀ ਸੋਧ ਦਾ ਫ਼ੈਸਲਾ ਵਿਵਾਦਾਂ ਵਿਚ

**✪ ਵਿਰੋਧੀ ਧਿਰਾਂ ਵੱਲੋਂ ਚੋਣ ਨਤੀਜੇ ਪ੍ਰਭਾਵਿਤ ਕਰਨ ਦੇ ਵੱਡੇ ਇਲਜ਼ਾਮ ✪ ਰਾਜਾ ਵੜਿੰਗ ਤੇ ਹਰਪਾਲ ਚੀਮਾ ਨੇ ਕੇਂਦਰ ਸਰਕਾਰ ਖ਼ਿਲਾਫ਼ ਖੋਲ੍ਹਿਆ ਮੋਰਚਾ ✪ ਪੰਜਾਬ ਵਿਚ 15 ਜੂਨ ਤੋਂ ਘਰ-ਘਰ ਪਹੁੰਚਣਗੇ ਬੀਐਲ ਓ; 3 ਸ਼੍ਰੇਣੀਆਂ ਵਿਚ ਮੰਗੇ ਦਸਤਾਵੇਜ਼**

ਭਾਰਤੀ ਚੋਣ ਕਮਿਸ਼ਨ ਨੇ ਆਗਾਮੀ ਚੋਣਾਂ ਦੇ ਮੱਦੇਨਜ਼ਰ ਵੋਟਰ ਸੂਚੀਆਂ ਨੂੰ ਪੂਰੀ ਤਰ੍ਹਾਂ ਸਹੀ ਅਤੇ ਅਪਡੇਟ ਕਰਨ ਲਈ ਸਪੈਸ਼ਲ ਇਨਟੈਨਸਿਵ ਰਿਵੀਜ਼ਨ (ਐਸਆਈਆਰ) ਦੇ ਤੀਜੇ ਗੇੜ ਦੀ ਸ਼ੁਰੂਆਤ ਕਰਨ ਦਾ ਵੱਡਾ ਐਲਾਨ ਕੀਤਾ ਹੈ। ਇਸ ਪ੍ਰਕਿਰਿਆ ਤਹਿਤ ਪੰਜਾਬ ਸਣੇ ਦੇਸ਼ ਦੇ 16 ਸੂਬਿਆਂ ਅਤੇ 4 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਬੂਥ ਲੈਵਲ ਅਫ਼ਸਰਾਂ ਵੱਲੋਂ ਘਰ-ਘਰ ਜਾ ਕੇ ਵੋਟਰਾਂ ਦੀ ਜਾਂਚ ਕੀਤੀ ਜਾਵੇਗੀ। ਇਸੇ ਦੌਰਾਨ, ਚੋਣ ਕਮਿਸ਼ਨ ਦੇ ਇਸ ਫ਼ੈਸਲੇ ‘ਤੇ ਪੰਜਾਬ ਦੀ ਸਿਆਸਤ ਪੂਰੀ ਤਰ੍ਹਾਂ ਭੱਖ ਗਈ ਹੈ ਅਤੇ ਵਿਰੋਧੀ ਧਿਰਾਂ ਨੇ ਕੇਂਦਰ ਦੀ ਭਾਜਪਾ ਸਰਕਾਰ ਅਤੇ ਚੋਣ ਕਮਿਸ਼ਨ ‘ਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ ਹਨ।



ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੈੱਸ ਨੋਟ ਮੁਤਾਬਕ, ਐਸਆਈਆਰ ਦੇ ਇਸ ਤੀਜੇ ਗੇੜ ਦੀ ਪ੍ਰਕਿਰਿਆ 20 ਮਈ 2026 ਤੋਂ ਸ਼ੁਰੂ ਹੋ ਕੇ 23 ਦਸੰਬਰ 2026 ਤੱਕ ਚੱਲੇਗੀ।

ਵਿਆਪਕ ਮੁਹਿੰਮ: ਇਸ ਫੇਜ਼ ਵਿੱਚ ਲਗਭਗ 3.94 ਲੱਖ ਬੂਥ ਲੈਵਲ ਅਫਸਰ ਦੇਸ਼ ਭਰ ਦੇ ਲਗਭਗ 36.73 ਕਰੋੜ ਵੋਟਰਾਂ ਦੇ ਘਰ-ਘਰ ਜਾਣਗੇ। ਅਫਸਰਾਂ ਦੀ ਮਦਦ ਲਈ ਸਿਆਸੀ ਦਲਾਂ ਵੱਲੋਂ 3.42 ਲੱਖ ਬੂਥ ਲੈਵਲ ਏਜੰਟ ਵੀ ਤੈਨਾਤ ਕੀਤੇ ਜਾਣਗੇ। ਚੋਣ ਕਮਿਸ਼ਨ ਨੇ ਹਰ ਪੋਲਿੰਗ ਬੂਥ ਲਈ ਆਪਣੇ ਏਜੰਟ ਨਿਯੁਕਤ ਕਰਨ ਦੀ ਅਪੀਲ ਕੀਤੀ ਹੈ। ਤੀਜੇ ਗੇੜ ਵਿੱਚ ਪੰਜਾਬ, ਹਰਿਆਣਾ, ਮਹਾਰਾਸ਼ਟਰ, ਕਰਨਾਟਕ, ਓਡਿਸ਼ਾ, ਮਿਜ਼ੋਰਮ, ਸਿੱਕਿਮ, ਮਣੀਪੁਰ, ਉੱਤਰਾਖੰਡ, ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਤੇਲੰਗਾਨਾ, ਮੇਘਾਲਿਆ, ਝਾਰਖੰਡ, ਨਾਗਾਲੈਂਡ ਅਤੇ ਤ੍ਰਿਪੁਰਾ ਸ਼ਾਮਲ ਹਨ। ਇਸ ਤੋਂ ਇਲਾਵਾ ਦਿੱਲੀ, ਚੰਡੀਗੜ੍ਹ, ਦਮਨ-ਦੀਵ ਅਤੇ ਦਾਦਰਾ-ਨਗਰ ਹਵੇਲੀ ਵਿੱਚ ਵੀ ਇਹ ਪ੍ਰਕਿਰਿਆ ਚੱਲੇਗੀ।

ਪੰਜਾਬ ਦੇ ਮੁੱਖ ਚੋਣ ਅਫ਼ਸਰ ਅਨੰਦਿਤਾ ਮਿੱਤਰਾ ਨੇ ਦੱਸਿਆ ਕਿ ਸੂਬੇ ਵਿੱਚ ਇਹ ਪ੍ਰਕਿਰਿਆ 15 ਜੂਨ 2026 ਤੋਂ ਸ਼ੁਰੂ ਹੋਵੇਗੀ। ਪੰਜਾਬ ਦੇ ਕੁੱਲ 2,14,56,297 ਵੋਟਰਾਂ ਦੀ ਸੋਧ ਲਈ 24,453 ਬੀਐਲਓ ਅਤੇ 8,547 ਬੀਐਲਏ ਤੈਨਾਤ ਕੀਤੇ ਗਏ ਹਨ।

25 ਜੂਨ ਤੋਂ 24 ਜੁਲਾਈ 2026 ਨੂੰ ਬੀਐੱਲਓਜ਼ ਘਰ-ਘਰ ਜਾ ਕੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਸਬੰਧੀ ਫਾਰਮ ਭਰਵਾਉਣਗੇ। ਜੇਕਰ ਕੋਈ ਘਰ ਨਾ ਮਿਲਿਆ, ਤਾਂ ਬੀਐਲਓ ਉੱਥੇ ਫਾਰਮ ਛੱਡ ਆਵੇਗਾ ਅਤੇ 3 ਵਾਰ ਚੈੱਕ ਕਰਨ ਜਾਵੇਗਾ। ਵੋਟਰ ਖੁਦ ਵੀ ਚੋਣ ਕਮਿਸ਼ਨ ਦੀ ਵੈੱਬਸਾਈਟ ਤੋਂ ਫਾਰਮ ਡਾਊਨਲੋਡ ਕਰਕੇ ਭਰ ਸਕਦੇ ਹਨ।

31 ਜੁਲਾਈ 2026 ਨੂੰ ਵੋਟਰ ਲਿਸਟ ਦਾ ਡਰਾਫਟ ਤਿਆਰ ਹੋਵੇਗਾ।

31 ਜੁਲਾਈ ਤੋਂ 30 ਅਗਸਤ 2026 ਨੂੰ ਦਾਅਵੇ ਜਾਂ ਇਤਰਾਜ਼ ਦਾਇਰ ਕੀਤੇ ਜਾਣਗੇ ਅਤੇ ਜਾਂਚ ਹੋਵੇਗੀ।

1 ਅਕਤੂਬਰ 2026 ਨੂੰ ਫਾਈਨਲ ਵੋਟਰ ਸੂਚੀ ਜਾਰੀ ਕੀਤੀ ਜਾਵੇਗੀ।

ਚੋਣ ਕਮਿਸ਼ਨ ਨੇ ਐਸਆਈਆਰ ਲਈ 11 ਵੈਧ ਦਸਤਾਵੇਜ਼ਾਂ ਦੀ ਸੂਚੀ ਜਾਰੀ ਕੀਤੀ ਹੈ, ਜਿਨ੍ਹਾਂ ਵਿੱਚੋਂ ਕਿਸੇ ਇੱਕ ਦਾ ਹੋਣਾ ਲਾਜ਼ਮੀ ਹੈ। (ਨੋਟ: ਆਧਾਰ ਕਾਰਡ ਨੂੰ ਸਿਰਫ਼ ਪਛਾਣ ਪੱਤਰ ਮੰਨਿਆ ਜਾਵੇਗਾ, ਰਿਹਾਇਸ਼ ਦਾ ਪੱਕਾ ਸਬੂਤ ਨਹੀਂ)। ਇਨ੍ਹਾਂ ਦਸਤਾਵੇਜ਼ਾਂ ਵਿੱਚ ਸਰਕਾਰੀ ਪਛਾਣ ਪੱਤਰ/ਪੈਨਸ਼ਨ ਆਰਡਰ, ਜਨਮ ਸਰਟੀਫਿਕੇਟ, ਪਾਸਪੋਰਟ, ਵਿੱਦਿਅਕ ਸਰਟੀਫਿਕੇਟ, ਰਿਹਾਇਸ਼ੀ ਸਰਟੀਫਿਕੇਟ, ਜਾਤੀ ਸਰਟੀਫਿਕੇਟ (ਓਬੀਸੀ/ਐਸ ਸੀ/ਐਸਟੀ), ਪਰਿਵਾਰਕ ਰਜਿਸਟਰ ਅਤੇ ਐਨਆਰਸੀ (ਬਿਹਾਰ ਨੂੰ ਛੱਡ ਕੇ) ਸ਼ਾਮਲ ਹਨ।

ਚੋਣ ਕਮਿਸ਼ਨ ਨੇ ਵੋਟਰਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੈ:

1 ਜੁਲਾਈ 1987 ਤੋਂ ਪਹਿਲਾਂ ਜਨਮੇ ਵੋਟਰ: ਸਿਰਫ਼ ਆਪਣੇ ਦਸਤਾਵੇਜ਼ ਜਮ੍ਹਾ ਕਰਵਾਉਣਗੇ।

1 ਜੁਲਾਈ 1987 ਤੋਂ 2 ਦਸੰਬਰ 2004 ਦੇ ਵਿਚਕਾਰ ਜਨਮੇ ਵੋਟਰ: ਆਪਣੇ ਅਤੇ ਮਾਪਿਆਂ ਵਿੱਚੋਂ ਕਿਸੇ ਇੱਕ ਦੇ ਦਸਤਾਵੇਜ਼ ਦੇਣਗੇ।

2 ਦਸੰਬਰ 2004 ਤੋਂ ਬਾਅਦ ਜਨਮੇ ਵੋਟਰ: ਆਪਣੇ ਅਤੇ ਮਾਪਿਆਂ ਦੋਵਾਂ ਦੇ ਦਸਤਾਵੇਜ਼ ਜਮ੍ਹਾ ਕਰਵਾਉਣਗੇ।

ਚੋਣ ਕਮਿਸ਼ਨ ਦੇ ਇਸ ਫ਼ੈਸਲੇ ਤੋਂ ਬਾਅਦ ਪੰਜਾਬ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਨੇ ਇਸ ਦੇ ‘ਟਾਈਮਿੰਗ’ ’ਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੋਸ਼ਲ ਮੀਡੀਆ ’ਤੇ ਲਿਖਿਆ, “ਬਿਹਾਰ ਅਤੇ ਬੰਗਾਲ ਦੀਆਂ ਚੋਣਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ, ਚੋਣ ਕਮਿਸ਼ਨ ਦੀ ਮਦਦ ਨਾਲ ਇਸ ਕਥਿਤ ਗ਼ਲਤ ਪ੍ਰਕਿਰਿਆ ਰਾਹੀਂ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਜੇਕਰ ਪੰਜਾਬ ਅਤੇ ਯੂਪੀ ਦੀਆਂ ਚੋਣਾਂ ਨੇੜੇ ਹਨ, ਤਾਂ ਯੂਪੀ ਨੂੰ ਫੇਜ਼-2 ਵਿੱਚ ਅਤੇ ਪੰਜਾਬ ਨੂੰ ਫੇਜ਼-3 ਵਿੱਚ ਕਿਉਂ ਰੱਖਿਆ ਗਿਆ? ਅਸੀਂ ਇਸ ਦਾ ਵਿਰੋਧ ਕਰਾਂਗੇ ਤਾਂ ਜੋ ਕਿਸੇ ਯੋਗ ਪੰਜਾਬੀ ਦੀ ਵੋਟ ਨਾ ਕੱਟੀ ਜਾਵੇ।”

“ਚੋਣ ਕਮਿਸ਼ਨ ਨੂੰ ਵਰਤ ਕੇ ਸੱਤਾ ਹਥਿਆਉਣਾ ਚਾਹੁੰਦੀ ਹੈ। ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਜਿੱਥੇ ਖੁਦ ਨਹੀਂ ਪਹੁੰਚ ਸਕਦੀ, ਉੱਥੇ ਚੋਣ ਕਮਿਸ਼ਨ ਰਾਹੀਂ ਐਸਆਈਆਰ ਕਰਵਾ ਕੇ ਬਹੁਤ ਵੱਡੇ ਪੱਧਰ ਉੱਤੇ ਵੋਟਰਾਂ ਦੇ ਨਾਂ ਕੱਟਦੀ ਹੈ। ਭਾਜਪਾ ਚੋਣ ਕਮਿਸ਼ਨ ਨੂੰ ਵਰਤ ਕੇ ਪੰਜਾਬ ਦੇ ਲੋਕਾਂ ਦੇ ਨਾਂ ਵੋਟਾਂ ਵਿੱਚੋਂ ਕੱਟ ਕੇ ਸੱਤਾ ’ਤੇ ਕਾਬਜ਼ ਹੋਣਾ ਚਾਹੁੰਦੀ ਹੈ, ਪਰ ਤਿੰਨ ਕਰੋੜ ਪੰਜਾਬੀ ਭਾਜਪਾ ਦੀ ਇਸ ਐਂਟੀ-ਪੰਜਾਬ ਸੋਚ ਦਾ ਪਰਦਾਫਾਸ਼ ਕਰਨਗੇ।”

ਆਗਾਮੀ ਦਿਨਾਂ ਵਿੱਚ ਵੋਟਾਂ ਦੀ ਇਸ ਸੋਧ ਪ੍ਰਕਿਰਿਆ ਨੂੰ ਲੈ ਕੇ ਪੰਜਾਬ ਵਿੱਚ ਸਿਆਸੀ ਤਣਾਅ ਹੋਰ ਵਧਣ ਦੇ ਪੂਰੇ ਆਸਾਰ ਹਨ। ਹੁਣ ਦੇਖਣਾ ਇਹ ਹੋਵੇਗਾ ਕਿ 15 ਜੂਨ ਤੋਂ ਸ਼ੁਰੂ ਹੋਣ ਵਾਲੀ ਇਸ ਜਾਂਚ ਦੌਰਾਨ ਚੋਣ ਕਮਿਸ਼ਨ ਪਾਰਦਰਸ਼ਤਾ ਬਣਾਈ ਰੱਖਣ ਵਿੱਚ ਕਿੰਨਾ ਕਾਮਯਾਬ ਹੁੰਦਾ ਹੈ ਅਤੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਵੋਟਰਾਂ ਦੇ ਹੱਕਾਂ ਦੀ ਰਾਖੀ ਲਈ ਕੀ ਰਣਨੀਤੀ ਅਪਣਾਉਂਦੀਆਂ ਹਨ

# ਕਿਸੇ ਵੱਡੀ ਵਾਰਦਾਤ ਦੀ ਫਿਰਾਕ ’ਚ ਬੈਠੇ 6 ਖ਼ਤਰਨਾਕ ਅਪਰਾਧੀ ਹਥਿਆਰਾਂ ਅਤੇ ਕਾਰ ਸਣੇ ਕਾਬੂ

ਗੁਰਦਾਸਪੁਰ-ਜ਼ਿਲ੍ਹਾ ਪੁਲਸ ਗੁਰਦਾਸਪੁਰ ਨੂੰ ਉਸ ਸਮੇਂ ਇੱਕ ਬਹੁਤ ਵੱਡੀ ਸਫਲਤਾ ਹਾਸਲ ਹੋਈ, ਜਦੋਂ ਮੁਸਤੈਦ ਪੁਲਸ ਟੀਮ ਨੇ ਮੁਖ਼ਬਰੀ ਦੇ ਆਧਾਰ ’ਤੇ ਛਾਪੇਮਾਰੀ ਕਰ ਕੇ ਕਿਸੇ ਵੱਡੀ ਅਪਰਾਧਿਕ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ 6 ਸ਼ਾਤਰ ਅਪਰਾਧੀਆਂ ਨੂੰ ਹਥਿਆਰਾਂ ਅਤੇ ਇੱਕ ਕਾਰ ਸਮੇਤ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਪੁਲਸ ਦੀ ਇਸ ਤੁਰੰਤ ਕਾਰਵਾਈ ਨਾਲ ਇਲਾਕੇ ਵਿੱਚ ਹੋਣ ਵਾਲੀ ਇੱਕ ਵੱਡੀ ਲੁੱਟ-ਖੋਹ ਜਾਂ ਵਾਰਦਾਤ ਦਾ ਮਨਸੂਬਾ ਨਾਕਾਮ ਹੋ ਗਿਆ ਹੈ।

ਗੁਰਦਾਸਪੁਰ ਦੇ ਐੱਸ. ਐੱਸ. ਪੀ. ਆਦਿੱਤਿਆ ਨੇ ਆਪਣੇ ਦਫ਼ਤਰ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਕੁਝ ਸ਼ੱਕੀ ਤੇ ਹਥਿਆਰਬੰਦ ਵਿਅਕਤੀ ਪਿੰਡ ਕੌਂਟਾ ਦੇ ਸ਼ਮਸ਼ਾਨਘਾਟ ਦੇ ਅੰਦਰ ਬੈਠੇ ਹਨ। ਉਨ੍ਹਾਂ ਕੋਲ ਇੱਕ ਕਾਰ ਅਤੇ ਭਾਰੀ ਮਾਤਰਾ ਵਿੱਚ ਘਾਤਕ ਹਥਿਆਰ ਵੀ ਹਨ, ਅਤੇ ਉਹ ਸਾਰੇ ਮਿਲ ਕੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਕਰ ਰਹੇ ਹਨ।



ਪੁਲਸ ਥਾਣੇ ਦੀ ਟੀਮ ਨੇ ਤੁਰੰਤ ਕੌਂਟਾ ਪਿੰਡ ਦੇ ਸ਼ਮਸ਼ਾਨਘਾਟ ਦੀ ਘੇਰਾਬੰਦੀ ਕਰ ਕੇ ਛਾਪਾ ਮਾਰਿਆ। ਪੁਲਸ ਨੇ ਮੌਕੇ ’ਤੇ ਮੌਜੂਦ ਸਾਰੇ 6 ਮੁਲਜ਼ਮਾਂ ਯੂਸਫ਼ ਮਸੀਹ ਪਿੰਡ ਧਰਮਕੋਟ ਬਾਘਾ, ਥਾਣਾ ਬਟਾਲਾ, ਸੰਦੀਪ ਮਸੀਹ ਪਿੰਡ ਕਲਿਆਣਪੁਰ, ਥਾਣਾ ਧਾਰੀਵਾਲ, ਕਮਲਜੀਤ ਸਿੰਘ ਦਾਤਾਰ ਪੁੱਤਰ ਗੁਰਜਿੰਦਰ ਸਿੰਘ ਵਾਸੀ ਪ੍ਰੇਮ ਨਗਰ, ਬਟਾਲਾ, ਮਹਿਕਪ੍ਰੀਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਭੁੱਲਰ, ਜ਼ਿਲ੍ਹਾ ਬਟਾਲਾ, ਹਨੀ ਪੁੱਤਰ ਯੂਨਸ ਮਸੀਹ ਵਾਸੀ ਪਿੰਡ ਧੁਬੀਵਾਲ ਬਾਘਾ, ਬਟਾਲਾ, ਮਲੂਕ ਮਸੀਹ ਪਿੰਡ ਧਰਮਕੋਟ ਬੱਗਾ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਸ ਵੱਲੋਂ ਮੁਲਜ਼ਮਾਂ ਦੀ ਤਲਾਸ਼ੀ ਲੈਣ ’ਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਪਿਸਤੌਲ (ਸਮੇਤ 1 ਮੈਗਜ਼ੀਨ) 4 ਜ਼ਿੰਦਾ ਕਾਰਤੂਸ, 1 ਬੇਸਬਾਲ ਬੈਟ, 1 ਤਲਵਾਰ ਅਤੇ 1 ਤਿੱਖਾ ਦਾਤਰ1 ਕਾਰ ਬਰਾਮਦ ਕੀਤੀ ਹੈ। ਇਹ ਸਾਰੇ ਮੁਲਜ਼ਮ ਲੁੱਟ-ਖੋਹ, ਆਬਕਾਰੀ ਐਕਟ ਅਤੇ ਹੋਰ ਜੁਰਮਾਂ ਤਹਿਤ ਪਹਿਲਾਂ ਜੇਲ੍ਹ ਜਾ ਚੁੱਕੇ ਹਨ ਅਤੇ ਅੱਜ-ਕੱਲ੍ਹ ਅਦਾਲਤ ਵਿੱਚੋਂ ਜ਼ਮਾਨਤ ’ਤੇ ਬਾਹਰ ਆਏ ਹੋਏ ਸਨ।

# ਸ਼ੀ-ਟਰੰਪ ਮੀਟਿੰਗ: ਨਿੱਘੀਆਂ ਜੱਫੀਆਂ ਪਰ ਇਰਾਨ ਜੰਗ ’ਤੇ ਅਮਰੀਕਾ ਦੀਆਂ ਉਮੀਦਾਂ ਠੁੱਸ !

## ✪ ਬੀਜਿੰਗ ਤੋਂ ਖਾਲੀ ਹੱਥ ਪਰਤੇ ਟਰੰਪ; ਇਰਾਨ ਮੁੱਦੇ ’ਤੇ ਚੀਨ ਨੇ ਦਿਖਾਈ ਅੱਖ

## ✪ ਸ਼ੀ ਜਿਨਪਿੰਗ ਦੀ ਟਰੰਪ ਨੂੰ ਸਿੱਧੀ ਚੇਤਾਵਨੀ: ‘ਤਾਈਵਾਨ ਮੁੱਦੇ ’ਤੇ ਗਲਤੀ ਪਵੇਗੀ ਮਹਿੰਗੀ !’



ਬੀਜਿੰਗ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਚੀਨ ਦੀ ਰਾਜਧਾਨੀ ਬੀਜਿੰਗ ਵਿੱਚ 40 ਘੰਟਿਆਂ ਤੋਂ ਵੱਧ ਸਮਾਂ ਬਿਤਾਉਣ ਅਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਕਈ ਦੌਰ ਦੀਆਂ ਅਹਿਮ ਮੁਲਾਕਾਤਾਂ ਕਰਨ ਤੋਂ ਬਾਅਦ ਬੀਤੇ ਦਿਨੀਂ ਦੁਪਹਿਰ ਨੂੰ ਏਅਰ ਫੋਰਸ ਵਨ ਰਾਹੀਂ ਰਵਾਨਾ ਹੋ ਗਏ ਸਨ। ਪਰ ਵਾਈਟ ਹਾਊਸ ਦੀਆਂ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ, ਦੁਨੀਆ ਦੀਆਂ ਇਨ੍ਹਾਂ ਦੋ ਸਭ ਤੋਂ ਵੱਡੀਆਂ ਮਹਾਂਸ਼ਕਤੀਆਂ ਵਿਚਕਾਰ ਇਰਾਨ ਜੰਗ ਨੂੰ ਖ਼ਤਮ ਕਰਨ ਦੇ ਤਰੀਕੇ ’ਤੇ ਕੋਈ ਠੋਸ ਸਮਝੌਤਾ ਹੁੰਦਾ ਨਜ਼ਰ ਨਹੀਂ ਆਇਆ। ਇਹ ਸਿਖਰ ਸੰਮੇਲਨ ਅਜਿਹੇ ਸਮੇਂ ਹੋਇਆ ਹੈ ਜਦੋਂ ਅਮਰੀਕਾ ਅਤੇ ਇਰਾਨ ਵਿਚਕਾਰ ਚੱਲ ਰਹੀ ਜੰਗ ਨੂੰ 77 ਦਿਨ ਹੋ ਚੁੱਕੇ ਹਨ। ਅਮਰੀਕੀ ਪ੍ਰਸ਼ਾਸਨ ਲਗਾਤਾਰ ਚੀਨ ’ਤੇ ਦਬਾਅ ਬਣਾ ਰਿਹਾ ਸੀ ਕਿ ਉਹ ਇਰਾਨ ’ਤੇ ਆਪਣੇ ਪ੍ਰਭਾਵ ਦੀ ਵਰਤੋਂ ਕਰੇ, ਪਰ ਬੀਜਿੰਗ ਨੇ ਆਪਣੇ ਪੁਰਾਣੇ ਰੁਖ਼ ਵਿੱਚ ਕੋਈ ਬਦਲਾਅ ਨਹੀਂ ਕੀਤਾ।

ਚੀਨ ਦੇ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਕੇ ਜੰਗ ਦੀ ਸਖ਼ਤ ਨਿਖੇਧੀ ਕੀਤੀ ਹੈ। ਚੀਨ ਨੇ ਕਿਹਾ ਕਿ ਇਸ ਸੰਘਰਸ਼ ਕਾਰਨ ਇਰਾਨ ਅਤੇ ਖੇਤਰ ਦੇ ਹੋਰ ਦੇਸ਼ਾਂ ਦੇ ਲੋਕਾਂ ਦਾ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ ਹੈ (ਸਰਕਾਰੀ ਅੰਕੜਿਆਂ ਮੁਤਾਬਕ ਹੁਣ ਤੱਕ 3,000 ਤੋਂ ਵੱਧ ਇਰਾਨੀ ਮਾਰੇ ਜਾ ਚੁੱਕੇ ਹਨ)।ਚੀਨ ਨੇ ਕਿਹਾ, “ਇਹ ਜੰਗ ਕਦੇ ਹੋਣੀ ਹੀ ਨਹੀਂ ਚਾਹੀਦੀ ਸੀ ਅਤੇ ਇਸ ਨੂੰ ਜਾਰੀ ਰੱਖਣ ਦਾ ਕੋਈ ਤਰਕ ਨਹੀਂ ਹੈ।”

ਅਮਰੀਕਾ ਨੂੰ ਉਮੀਦ ਸੀ ਕਿ ਚੀਨ ਇਰਾਨ ’ਤੇ ਆਪਣੇ ਪ੍ਰਭਾਵ ਦੀ ਵਰਤੋਂ ਕਰਕੇ ਉਸ ਨੂੰ ਸਮਝੌਤੇ ਲਈ ਮਨਾਏਗਾ, ਪਰ ਮਾਹਿਰਾਂ ਮੁਤਾਬਕ ਚੀਨ ਇਰਾਨ ਨੂੰ ਅਮਰੀਕਾ ਦੇ ਖਿਲਾਫ ਇੱਕ ਰਣਨੀਤਕ ਸੰਤੁਲਨ ਵਜੋਂ ਦੇਖਦਾ ਹੈ, ਇਸ ਲਈ ਉਹ ਇਰਾਨ ’ਤੇ ਕੋਈ ਸਖ਼ਤ ਦਬਾਅ ਨਹੀਂ ਪਾਏਗਾ। ਹਾਲਾਂਕਿ ਵਾਈਟ ਹਾਊਸ ਨੇ ਕਿਹਾ ਕਿ ਦੋਵੇਂ ਆਗੂ ਹਰਮੁਜ਼ ਜਲਡਮਰੂ ਨੂੰ ਖੋਲ੍ਹਣ ਅਤੇ ਚੀਨ ਵੱਲੋਂ ਅਮਰੀਕੀ ਤੇਲ ਖਰੀਦਣ ’ਤੇ ਸਹਿਮਤ ਹੋਏ ਹਨ, ਪਰ ਚੀਨ ਵੱਲੋਂ ਲਿਖਤੀ ਵਿੱਚ ਕੋਈ ਖਾਸ ਵਾਅਦਾ ਨਹੀਂ ਕੀਤਾ ਗਿਆ। ਚੀਨ ਨੇ ਪਾਕਿਸਤਾਨ ਦੀ ਵਿਚੋਲਗੀ ਹੇਠ ਚੱਲ ਰਹੀਆਂ ਜੰਗਬੰਦੀ ਦੀਆਂ ਕੋਸ਼ਿਸ਼ਾਂ ਦਾ ਸਵਾਗਤ ਕੀਤਾ ਸੀ ਅਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ‘ਚਾਰ-ਨੁਕਾਤੀ ਸ਼ਾਂਤੀ ਫਾਰਮੂਲੇ’ (ਸ਼ਾਂਤਮਈ ਸਹਿ-ਹੋਂਦ, ਸਿਆਸੀ ਗੱਲਬਾਤ, ਸਾਂਝੀ ਸੁਰੱਖਿਆ ਅਤੇ ਵਿਕਾਸ) ’ਤੇ ਜ਼ੋਰ ਦਿੱਤਾ ਸੀ।

ਦੂਜੇ ਪਾਸੇ, ਟਰੰਪ ਪ੍ਰਸ਼ਾਸਨ ਨੇ ਇਸ ਜੰਗ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਸੀ ਕਿ ਇਸ ਦਾ ਮਕਸਦ ਇਰਾਨ ਨੂੰ ਪ੍ਰਮਾਣੂ ਹਥਿਆਰ ਬਣਾਉਣ ਤੋਂ ਰੋਕਣਾ ਹੈ, ਹਾਲਾਂਕਿ ਇਰਾਨ ਹਮੇਸ਼ਾ ਇਨ੍ਹਾਂ ਦਾਅਵਿਆਂ ਨੂੰ ਨਕਾਰਦਾ ਆਇਆ ਹੈ। ਜੰਗ ਦੇ ਕਾਰਨ ਵਿਸ਼ਵ ਪੱਧਰ ’ਤੇ ਊਰਜਾ ਦਾ ਵੱਡਾ ਸੰਕਟ ਖੜ੍ਹਾ ਹੋ ਗਿਆ ਹੈ। ਇਰਾਨ ਨੇ ਇਸ ਮਹੱਤਵਪੂਰਨ ਸਮੁੰਦਰੀ ਰਸਤੇ ਤੋਂ ਲੰਘਣ ਵਾਲੇ ਜਹਾਜ਼ਾਂ ’ਤੇ ਟੈਕਸ ਲਗਾਉਣ ਦੀ ਤਜਵੀਜ਼ ਰੱਖੀ ਸੀ, ਜਿਸ ਨੂੰ ਅਮਰੀਕਾ ਨੇ ਰੱਦ ਕਰ ਦਿੱਤਾ ਸੀ ਅਤੇ ਅਪ੍ਰੈਲ ਵਿੱਚ ਇਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਕਰ ਦਿੱਤੀ ਸੀ।

ਅਮਰੀਕਾ ਮੁਤਾਬਕ ਰਾਸ਼ਟਰਪਤੀ ਸ਼ੀ ਜਲਡਮਰੂ ਦੇ ਫੌਜੀਕਰਨ ਅਤੇ ਟੈਕਸ ਲਗਾਉਣ ਦੇ ਖਿਲਾਫ ਹਨ ਅਤੇ ਚੀਨ ਨੇ ਭਵਿੱਖ ਵਿੱਚ ਆਪਣੀ ਨਿਰਭਰਤਾ ਘਟਾਉਣ ਲਈ ਅਮਰੀਕਾ ਤੋਂ ਹੋਰ ਤੇਲ ਖਰੀਦਣ ਵਿੱਚ ਦਿਲਚਸਪੀ ਦਿਖਾਈ ਹੈ। ਹਾਲਾਂਕਿ, ਚੀਨ ਨੇ ਆਪਣੇ ਅਧਿਕਾਰਤ ਬਿਆਨ ਵਿੱਚ ਸਪਲਾਈ ਚੇਨ ਅਤੇ ਤੇਲ ਦੀ ਸਪਲਾਈ ਵਿੱਚ ਵਿਘਨ ’ਤੇ ਚਿੰਤਾ ਤਾਂ ਜਤਾਈ, ਪਰ ਇਰਾਨੀ ਟੈਕਸਾਂ ਜਾਂ ਜਲਡਮਰੂ ਦੇ ਫੌਜੀਕਰਨ ਬਾਰੇ ਕੋਈ ਸਿੱਧੀ ਟਿੱਪਣੀ ਨਹੀਂ ਕੀਤੀ। ਚੀਨ ਇਰਾਨੀ ਤੇਲ ਦਾ ਇੱਕ ਵੱਡਾ ਖਰੀਦਦਾਰ ਹੈ।

ਵਾਈਟ ਹਾਊਸ ਨੇ ਬਿਆਨ ਦਿੱਤਾ ਸੀ ਕਿ ਦੋਵੇਂ ਦੇਸ਼ ਇਸ ਗੱਲ ’ਤੇ ਸਹਿਮਤ ਹਨ ਕਿ “ਇਰਾਨ ਕੋਲ ਕਦੇ ਵੀ ਪ੍ਰਮਾਣੂ ਹਥਿਆਰ ਨਹੀਂ ਹੋਣਾ ਚਾਹੀਦਾ।” ਪਰ ਚੀਨ ਦੇ ਬਿਆਨ ਵਿੱਚ ਅਜਿਹੀ ਕੋਈ ਸਿੱਧੀ ਸ਼ਰਤ ਨਹੀਂ ਸੀ। ਚੀਨ ਨੇ ਸਿਰਫ਼ ਇਹ ਕਿਹਾ ਕਿ ਸਾਰੀਆਂ ਧਿਰਾਂ ਦੀਆਂ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਆਸੀ ਗੱਲਬਾਤ ਰਾਹੀਂ ਪ੍ਰਮਾਣੂ ਮੁੱਦੇ ਦਾ ਹੱਲ ਕੱਢਿਆ ਜਾਣਾ ਚਾਹੀਦਾ ਹੈ।

ਅਮਰੀਕੀ ਪ੍ਰਸ਼ਾਸਨ ਦੇ ਬਦਲਦੇ ਸੁਰ-ਦੌਰੇ ਦੌਰਾਨ ਅਮਰੀਕੀ ਅਧਿਕਾਰੀਆਂ ਦੇ ਬਿਆਨਾਂ ਵਿੱਚ ਨਿਰਾਸ਼ਾ ਅਤੇ ਵਿਰੋਧਾਭਾਸ ਸਾਫ਼ ਦੇਖਣ ਨੂੰ ਮਿਲਿਆ। ਰਾਸ਼ਟਰਪਤੀ ਟਰੰਪ ਨੇ ਬਿਆਨ ਦਿੱਤਾ ਸੀ, “ਮੈਨੂੰ ਨਹੀਂ ਲੱਗਦਾ ਕਿ ਸਾਨੂੰ ਇਰਾਨ ਦੇ ਮੁੱਦੇ ’ਤੇ ਕਿਸੇ ਦੀ ਮਦਦ ਦੀ ਲੋੜ ਹੈ, ਅਸੀਂ ਇਹ ਜੰਗ ਜਿੱਤ ਜਾਵਾਂਗੇ।” ਪਰ ਦੂਜੇ ਪਾਸੇ, ਅਮਰੀਕੀ ਰੱਖਿਆ ਮੰਤਰੀ ਪੀਟ ਹੈਗਸੈਥ, ਵਿੱਤ ਮੰਤਰੀ ਸਕਾਟ ਬੇਸੈਂਟ ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਲਗਾਤਾਰ ਚੀਨ ਨੂੰ ਅਪੀਲ ਕੀਤੀ ਕਿ ਉਹ ਹਰਮੁਜ਼ ਜਲਡਮਰੂ ਨੂੰ ਖੁਲ੍ਹਵਾਉਣ ਅਤੇ ਇਰਾਨ ਨੂੰ ਪਿੱਛੇ ਹਟਣ ਲਈ ਮਨਾਉਣ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਏ।

ਇਸ ਹਾਈ-ਪ੍ਰੋਫਾਈਲ ਸਿਖਰ ਸੰਮੇਲਨ ਤੋਂ ਇਹ ਸਾਫ਼ ਹੋ ਗਿਆ ਹੈ ਕਿ ਚੀਨ ਅਮਰੀਕਾ ਦੇ ਕਹਿਣ ’ਤੇ ਇਰਾਨ ਵਿਰੁੱਧ ਕੋਈ ਸਖ਼ਤ ਕਦਮ ਚੁੱਕਣ ਲਈ ਤਿਆਰ ਨਹੀਂ ਹੈ, ਜਿਸ ਕਾਰਨ ਮੱਧ ਪੂਰਬ ਵਿੱਚ ਸ਼ਾਂਤੀ ਬਹਾਲੀ ਦੇ ਯਤਨ ਫਿਲਹਾਲ ਅੱਧ -ਵਿਚਕਾਰ ਲਟਕ ਗਏ ਹਨ।

ਰਾਸ਼ਟਰਪਤੀ ਟਰੰਪ ਨੇ ਫੌਕਸ ਨਿਊਜ਼ ਨੂੰ ਦੱਸਿਆ ਸੀ ਕਿ ਚੀਨ ਨੇ ਅਮਰੀਕਾ ਤੋਂ 200 ਬੋਇੰਗ ਜਹਾਜ਼ ਖਰੀਦਣ ’ਤੇ ਸਹਿਮਤੀ ਜਤਾਈ ਹੈ। ਲਗਭਗ ਇੱਕ ਦਹਾਕੇ ਵਿੱਚ ਚੀਨ ਵੱਲੋਂ ਅਮਰੀਕੀ ਵਪਾਰਕ ਜਹਾਜ਼ਾਂ ਦੀ ਇਹ ਪਹਿਲੀ ਖਰੀਦ ਹੈ। ਪਰ ਬਾਜ਼ਾਰ ਨੂੰ ਲਗਭਗ 500 ਜਹਾਜ਼ਾਂ ਦੇ ਆਰਡਰ ਦੀ ਉਮੀਦ ਸੀ। ਉਮੀਦ ਤੋਂ ਘੱਟ ਆਰਡਰ ਮਿਲਣ ਕਾਰਨ ਬੋਇੰਗ ਦੇ ਸ਼ੇਅਰ 4% ਤੋਂ ਵੱਧ ਟੁੱਟ ਗਏ, ਜਿਸ ਕਾਰਨ ਚੀਨੀ ਅਤੇ ਅਮਰੀਕੀ ਸ਼ੇਅਰ ਬਾਜ਼ਾਰਾਂ ਵਿੱਚ ਗਿਰਾਵਟ ਦੇਖਣ ਨੂੰ ਮਿਲੀ। ਇਸ ਤੋਂ ਇਲਾਵਾ ਐਨਵੀਡੀਆ ਦੇ ਐਡਵਾਂਸਡ ਏਆਈ ਚਿਪਸ ਦੀ ਚੀਨ ਨੂੰ ਵੇਚਣ ’ਤੇ ਵੀ ਕੋਈ ਫੈਸਲਾ ਨਹੀਂ ਹੋ ਸਕਿਆ, ਭਾਵੇਂ ਕਿ ਕੰਪਨੀ ਦੇ ਸੀਈਓ ਜੇਨਸਨ ਹੁਆਂਗ ਖ਼ੁਦ ਆਖਰੀ ਸਮੇਂ ਇਸ ਦੌਰੇ ਵਿੱਚ ਸ਼ਾਮਲ ਹੋਏ ਸਨ।

ਚੀਨ ਵੱਲੋਂ ਮਹੱਤਵਪੂਰਨ ਖਣਿਜਾਂ ਦੀ ਸਪਲਾਈ ’ਤੇ ਲਗਾਈਆਂ ਗਈਆਂ ਪਾਬੰਦੀਆਂ ਦਾ ਕੋਈ ਪੱਕਾ ਹੱਲ ਨਹੀਂ ਨਿਕਲ ਸਕਿਆ, ਜਿਸ ਕਾਰਨ ਅਮਰੀਕੀ ਚਿਪਮੇਕਰਾਂ ਅਤੇ ਹਵਾਈ ਜਹਾਜ਼ ਬਣਾਉਣ ਵਾਲੀਆਂ ਕੰਪਨੀਆਂ ਨੂੰ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੋਵਾਂ ਦੇਸ਼ਾਂ ਵਿਚਕਾਰ ਪਿਛਲੇ ਸਾਲ ਹੋਏ ਅਸਥਾਈ ਸਮਝੌਤੇ ਨੂੰ ਇਸ ਸਾਲ ਤੋਂ ਅੱਗੇ ਵਧਾਇਆ ਜਾਵੇਗਾ ਜਾਂ ਨਹੀਂ, ਇਸ ’ਤੇ ਵੀ ਸਸਪੈਂਸ ਬਰਕਰਾਰ ਹੈ।

ਸਭ ਤੋਂ ਵੱਡਾ ਮੋੜ ਉਦੋਂ ਆਇਆ ਜਦੋਂ ਬੰਦ ਕਮਰਾ ਗੱਲਬਾਤ ਵਿੱਚ ਰਾਸ਼ਟਰਪਤੀ ਸ਼ੀ ਨੇ ਤਾਈਵਾਨ ਦਾ ਮੁੱਦਾ ਚੁੱਕਿਆ। ਉਨ੍ਹਾਂ ਟਰੰਪ ਨੂੰ ਸਿੱਧੀ ਚੇਤਾਵਨੀ ਦਿੱਤੀ ਕਿ ਤਾਈਵਾਨ ਮੁੱਦੇ ’ਤੇ ਕੋਈ ਵੀ ਗਲਤ ਕਦਮ ਦੋਵਾਂ ਦੇਸ਼ਾਂ ਵਿਚਕਾਰ ਸਿੱਧੀ ਜੰਗ ਦਾ ਰੂਪ ਲੈ ਸਕਦਾ ਹੈ। ਟਰੰਪ ਨੇ ਇਸ ਸੰਵੇਦਨਸ਼ੀਲ ਮੁੱਦੇ ’ਤੇ ਕੋਈ ਵੀ ਜਨਤਕ ਟਿੱਪਣੀ ਕਰਨ ਤੋਂ ਗੁਰੇਜ਼ ਕੀਤਾ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਸਾਫ਼ ਕੀਤਾ ਕਿ ਤਾਈਵਾਨ ’ਤੇ ਅਮਰੀਕਾ ਦੀ ਨੀਤੀ ਵਿੱਚ ਕੋਈ ਬਦਲਾਅ ਨਹੀਂ ਆਇਆ ਹੈ।

ਚੀਨ ਦੀ ਸਰਕਾਰੀ ਅਖ਼ਬਾਰ ਦਾ ਦਾਅਵਾ-ਚੀਨ ਦੀ ਸਰਕਾਰੀ ਅਖ਼ਬਾਰ ‘ਗਲੋਬਲ ਟਾਈਮਜ਼’ ਦੀ ਇੱਕ ਵਿਸ਼ੇਸ਼ ਰਿਪੋਰਟ ਅਨੁਸਾਰ, ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਕਾਰ ਹੋਈ ਤਾਜ਼ਾ ਇਤਿਹਾਸਕ ਮੁਲਾਕਾਤ ਨੇ ਬਦਲਦੇ ਹੋਏ ਸੰਸਾਰਿਕ ਦ੍ਰਿਸ਼ਟੀਕੋਣ ਵਿੱਚ ਇੱਕ ਨਵੀਂ ਉਮੀਦ ਜਗਾਈ ਹੈ। ਅਖ਼ਬਾਰ ਮੁਤਾਬਕ, ਦੋਵਾਂ ਦੇਸ਼ਾਂ ਵੱਲੋਂ “ਰਣਨੀਤਕ ਸਥਿਰਤਾ ਦੇ ਇੱਕ ਰਚਨਾਤਮਕ ਚੀਨ-ਅਮਰੀਕਾ ਸਬੰਧ” ਨੂੰ ਬਣਾਉਣ ਦਾ ਸੰਕਲਪ ਮਹਿਜ਼ ਇੱਕ ਦੁਵੱਲਾ ਸਮਝੌਤਾ ਨਹੀਂ ਹੈ, ਬਲਕਿ ਇਹ ਦੁਨੀਆ ਦੀਆਂ ਦੋ ਮਹਾਂਸ਼ਕਤੀਆਂ ਵੱਲੋਂ ਆਲਮੀ ਸਥਿਰਤਾ ਅਤੇ ਲੋਕ-ਭਲਾਈ ਲਈ ਜ਼ਿੰਮੇਵਾਰੀ ਚੁੱਕਣ ਦਾ ਇੱਕ ਵੱਡਾ ਪ੍ਰਦਰਸ਼ਨ ਹੈ।

ਗਲੋਬਲ ਟਾਈਮਜ਼ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਅੱਜ ਦੇ ਦੌਰ ਵਿੱਚ, ਚਾਹੇ ਉਹ ਮੱਧ ਪੂਰਬ ਦਾ ਤਣਾਅ ਹੋਵੇ, ਯੂਕਰੇਨ ਦਾ ਸੰਕਟ ਹੋਵੇ ਜਾਂ ਕੋਰੀਆਈ ਪ੍ਰਾਇਦੀਪ ਦੇ ਮੁੱਦੇ-ਇਨ੍ਹਾਂ ਸਾਰੇ ਖੇਤਰੀ ਵਿਵਾਦਾਂ ਦਾ ਹੱਲ ਅਤੇ ਨਵੀਆਂ ਸੰਸਾਰਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਇੱਕ ਸਥਿਰ, ਸਿਹਤਮੰਦ ਅਤੇ ਟਿਕਾਊ ਚੀਨ-ਅਮਰੀਕਾ ਸਬੰਧਾਂ ’ਤੇ ਹੀ ਨਿਰਭਰ ਕਰਦਾ ਹੈ। ਰਿਪੋਰਟ ਵਿੱਚ ਨੌਂ ਸਾਲ ਪਹਿਲਾਂ ਦੇ ਮੁਕਾਬਲੇ ਇਸ ਵਾਰ ਰਾਸ਼ਟਰਪਤੀ ਟਰੰਪ ਦੇ ਨਾਲ ਆਏ ਵਪਾਰਕ ਵਫ਼ਦ ਵਿੱਚ ਆਈ ਵੱਡੀ ਤਬਦੀਲੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ। ਜਿੱਥੇ ਪਹਿਲਾਂ ਅਮਰੀਕੀ ਵਫ਼ਦ ਵਿੱਚ ਊਰਜਾ, ਹਵਾਬਾਜ਼ੀ ਅਤੇ ਖੇਤੀਬਾੜੀ ਖੇਤਰਾਂ ਦਾ ਦਬਦਬਾ ਹੁੰਦਾ ਸੀ, ਉੱਥੇ ਹੁਣ ਤਕਨਾਲੋਜੀ ਦੇ ਮਾਹਿਰ ਅਤੇ ਵਾਲ ਸਟ੍ਰੀਟ (ਵਿੱਤੀ ਖੇਤਰ) ਦੇ ਦਿੱਗਜ ਇਸ ਦੀ ਅਗਵਾਈ ਕਰ ਰਹੇ ਹਨ।

ਚੀਨੀ ਮੀਡੀਆ ਅਨੁਸਾਰ, ਇਹ ਬਦਲਾਅ ਸਿੱਧ ਕਰਦਾ ਹੈ ਕਿ ਦੋਵਾਂ ਦੇਸ਼ਾਂ ਦੇ ਸਹਿਯੋਗ ਦਾ ਦਾਇਰਾ ਹੁਣ ਹੋਰ ਡੂੰਘਾ ਅਤੇ ਵਿਆਪਕ ਹੋ ਚੁੱਕਾ ਹੈ। ਦੱਖਣੀ ਕੋਰੀਆ ਵਿੱਚ ਹੋਈ ਆਰਥਿਕ ਅਤੇ ਵਪਾਰਕ ਸਲਾਹ-ਮਸ਼ਵਰੇ ਦੇ ਸੱਤਵੇਂ ਦੌਰ ਦੇ “ਸੰਤੁਲਿਤ ਅਤੇ ਸਕਾਰਾਤਮਕ ਨਤੀਜੇ” ਇਸ ਗੱਲ ਦਾ ਪੁਖਤਾ ਸਬੂਤ ਹਨ ਕਿ ਇਹ ਨਵੀਂ ਭਾਈਵਾਲੀ ਹੁਣ ਅਮਲੀ ਰੂਪ ਵਿੱਚ ਜ਼ਮੀਨ ’ਤੇ ਉਤਰ ਰਹੀ ਹੈ। ਗਲੋਬਲ ਟਾਈਮਜ਼ ਦੀ ਇਸ ਰਿਪੋਰਟ ਮੁਤਾਬਕ, ਇਹ ਨਵਾਂ ਰਣਨੀਤਕ ਮੋੜ ਦੁਨੀਆ ਨੂੰ ‘ਜ਼ੀਰੋ-ਸਮ ਗੇਮ’ (ਇੱਕ ਦਾ ਫਾਇਦਾ, ਦੂਜੇ ਦਾ ਨੁਕਸਾਨ) ਦੀ ਪੁਰਾਣੀ ਸੋਚ ਤੋਂ ਬਾਹਰ ਨਿਕਲਣ ਦਾ ਇਤਿਹਾਸਕ ਮੌਕਾ ਦਿੰਦਾ ਹੈ। ਜੇਕਰ ਦੋਵੇਂ ਦੇਸ਼ ਆਪਣੀ ਬੁਨਿਆਦ ਨੂੰ ਮਜ਼ਬੂਤ ਰੱਖਦੇ ਹੋਏ ਇੱਕੋ ਦਿਸ਼ਾ ਵਿੱਚ ਕਦਮ ਵਧਾਉਂਦੇ ਹਨ, ਤਾਂ ਇਹ ਅਸ਼ਾਂਤ ਚੱਲ ਰਹੀ ਦੁਨੀਆ ਵਿੱਚ ਸਾਂਝੇ ਵਿਕਾਸ ਅਤੇ ਵਿਸ਼ਵ ਸ਼ਾਂਤੀ ਲਈ ਇੱਕ ਨਵਾਂ ਮੀਲ ਪੱਥਰ ਸਾਬਤ ਹੋਵੇਗਾ।

# >> 1970 ਵਰਗੇ ਤੇਲ ਸੰਕਟ ਦੀ ਮੁੜ ਦਸਤਕ <<

# ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲਾਰੈਂਸ ਵੌਂਗ ਨੇ ਦੁਨੀਆ ਨੂੰ ਦਿੱਤੀ ਵੱਡੀ ਚਿਤਾਵਨੀ





ਜਲੰਧਰ/ਸਿੰਗਾਪੁਰ-ਸਟ੍ਰੇਟ ਆਫ਼ ਹੋਰਮੁਜ਼ ਦੇ ਚੱਲ ਰਹੇ ਗੰਭੀਰ ਸੰਕਟ ਨੂੰ ਲੈ ਕੇ ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲਾਰੈਂਸ ਵੌਂਗ ਨੇ ਵਿਸ਼ਵ ਭਰ ਨੂੰ ਇੱਕ ਵੱਡੀ ਚਿਤਾਵਨੀ ਜਾਰੀ ਕੀਤੀ ਹੈ।

ਪ੍ਰਧਾਨ ਮੰਤਰੀ ਵੌਂਗ ਅਨੁਸਾਰ, ਜੇਕਰ ਇਹ ਅਹਿਮ ਸਮੁੰਦਰੀ ਰਸਤਾ ਲੰਬੇ ਸਮੇਂ ਤੱਕ ਬੰਦ ਰਹਿੰਦਾ ਹੈ, ਤਾਂ ਦੁਨੀਆ ਨੂੰ 1970 ਦੇ ਦਹਾਕੇ ਵਰਗੇ ਭਿਆਨਕ ਤੇਲ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨਾਲ ਵਿਸ਼ਵ ਪੱਧਰ 'ਤੇ ਤੇਲ ਦੀ ਭਾਰੀ ਕਿੱਲਤ, ਵਧਦੀ ਮਹਿੰਗਾਈ ਅਤੇ ਕਈ ਦੇਸ਼ਾਂ ਦੀ ਆਰਥਿਕਤਾ ਮੰਦੀ ਦੀ ਲਪੇਟ ਵਿੱਚ ਆਉਣ ਦਾ ਖ਼ਤਰਾ ਪੈਦਾ ਹੋ ਗਿਆ ਹੈ।

ਆਪਣੇ ਸੰਬੋਧਨ ਵਿੱਚ ਪੀਐਮ ਵੌਂਗ ਨੇ ਦੱਸਿਆ ਕਿ ਈਰਾਨ ਯੁੱਧ ਦੇ ਚੱਲਦਿਆਂ ਹੋਰਮੁਜ਼ ਜਲਡਮਰੂਮੱਧ ਪਿਛਲੇ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਬੰਦ ਹੈ, ਜਿਸ ਕਾਰਨ ਵਿਸ਼ਵ ਪੱਧਰ 'ਤੇ ਊਰਜਾ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਚਿੰਤਾ ਜਤਾਉਂਦਿਆਂ ਕਿਹਾ ਕਿ ਏਸ਼ੀਆਈ ਦੇਸ਼, ਜੋ ਖਾੜੀ ਦੇਸ਼ਾਂ ਤੋਂ ਆਉਣ ਵਾਲੀ ਊਰਜਾ ਅਤੇ ਹੋਰ ਜ਼ਰੂਰੀ ਵਸਤਾਂ 'ਤੇ ਬਹੁਤ ਜ਼ਿਆਦਾ ਨਿਰਭਰ ਹਨ, ਇਸ ਸੰਕਟ ਦੀ ਸਭ ਤੋਂ ਵੱਡੀ ਮਾਰ ਝੱਲ ਰਹੇ ਹਨ।

## ਸਿਰਫ਼ ਤੇਲ ਹੀ ਨਹੀਂ, ਖਾਦਾਂ ਅਤੇ ਭੋਜਨ ਦੀ ਵੀ ਹੋਵੇਗੀ ਕਿੱਲਤ

ਸਿੰਗਾਪੁਰ ਦੇ ਪ੍ਰਧਾਨ ਮੰਤਰੀ ਨੇ ਸਾਫ਼ ਕੀਤਾ ਕਿ ਇਹ ਰੁਕਾਵਟ ਸਿਰਫ਼ ਤੇਲ ਜਾਂ ਊਰਜਾ ਤੱਕ ਹੀ ਸੀਮਤ ਨਹੀਂ ਰਹੇਗੀ। ਇਸ ਦਾ ਸਿੱਧਾ ਅਸਰ ਖਾਦਾਂ, ਖੁਰਾਕੀ ਵਸਤਾਂ ਅਤੇ ਹੋਰ ਜ਼ਰੂਰੀ ਚੀਜ਼ਾਂ ਦੀ ਸਪਲਾਈ 'ਤੇ ਵੀ ਪਵੇਗਾ। ਖੇਤਰ ਦੇ ਕਈ ਦੇਸ਼ਾਂ ਵਿੱਚ ਪਹਿਲਾਂ ਹੀ ਈਂਧਨ ਦੀ ਕਮੀ ਕਾਰਨ ਏਅਰਲਾਈਨਜ਼ ਨੇ ਆਪਣੀਆਂ ਉਡਾਣਾਂ ਘਟਾ ਦਿੱਤੀਆਂ ਹਨ ਅਤੇ ਫੈਕਟਰੀਆਂ ਵਿੱਚ ਉਤਪਾਦਨ ਵਿੱਚ ਦੇਰੀ ਹੋਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ।

## ਕੱਚੇ ਤੇਲ ਦੀਆਂ ਕੀਮਤਾਂ 'ਚ 50 ਫੀਸਦੀ ਉਛਾਲ

ਈਰਾਨ ਵਿੱਚ ਚੱਲ ਰਹੀ ਜੰਗ ਕਾਰਨ ਪਿਛਲੇ ਦੋ ਮਹੀਨਿਆਂ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਲਗਭਗ 50 ਫੀਸਦੀ ਦਾ ਵੱਡਾ ਉਛਾਲ ਦੇਖਣ ਨੂੰ ਮਿਲਿਆ ਹੈ। ਇਸ ਬੇਤਹਾਸ਼ਾ ਵਾਧੇ ਕਾਰਨ ਏਸ਼ੀਆ ਦੇ ਤੇਲ ਦਰਾਮਦ ਕਰਨ ਵਾਲੇ ਦੇਸ਼ਾਂ 'ਤੇ ਆਰਥਿਕ ਦਬਾਅ ਲਗਾਤਾਰ ਵਧ ਰਿਹਾ ਹੈ। ਪੀਐਮ ਵੌਂਗ ਨੇ ਭਰੋਸਾ ਦਿੱਤਾ ਕਿ ਇਸ ਔਖੀ ਘੜੀ ਵਿੱਚ ਸਿੰਗਾਪੁਰ ਸਰਕਾਰ ਹਰ ਕਦਮ 'ਤੇ ਆਪਣੇ ਨਾਗਰਿਕਾਂ ਦੇ ਨਾਲ ਖੜ੍ਹੀ ਹੈ।

## ਸਥਿਤੀ ਨੂੰ ਆਮ ਹੋਣ ਵਿਚ ਲੱਗਣਗੇ ਕਈ ਮਹੀਨੇ

ਵੌਂਗ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਅੱਜ ਇਹ ਸਮੁੰਦਰੀ ਰਸਤਾ (ਸਟ੍ਰੇਟ ਆਫ਼ ਹੋਰਮੁਜ਼) ਖੁੱਲ੍ਹ ਵੀ ਜਾਂਦਾ ਹੈ, ਤਾਂ ਵੀ ਸਥਿਤੀ ਨੂੰ ਪੂਰੀ ਤਰ੍ਹਾਂ ਪਟੜੀ 'ਤੇ ਆਉਣ ਲਈ ਕਈ ਮਹੀਨਿਆਂ ਦਾ ਸਮਾਂ ਲੱਗ ਸਕਦਾ ਹੈ। ਕਿਉਂਕਿ ਪੋਰਟਸ (ਬੰਦਰਗਾਹਾਂ) ਅਤੇ ਐਨਰਜੀ ਇੰਫਰਾਸਟਰੱਕਚਰ ਨੂੰ ਪਹੁੰਚੇ ਨੁਕਸਾਨ ਨੂੰ ਠੀਕ ਕਰਨਾ ਅਤੇ ਵਪਾਰਕ ਜਹਾਜ਼ਾਂ ਦੀ ਆਵਾਜਾਈ ਲਈ ਮੁੜ ਸੁਰੱਖਿਅਤ ਮਾਹੌਲ ਤੇ ਭਰੋਸਾ ਬਹਾਲ ਕਰਨਾ ਇੱਕ ਵੱਡੀ ਚੁਣੌਤੀ ਹੋਵੇਗਾ।

# ਗੁਰਦਾਸਪੁਰ ਵਿਚ ਖ਼ੂਨੀ ਖੇਡ: ਜ਼ਮੀਨੀ ਵਿਵਾਦ ਨੇ ਲਈ ਦੋ ਜਾਨਾਂ

## ✪ ਵੱਡੇ ਭਰਾ ਵੱਲੋਂ ਭਰਾ-ਭਰਜਾਈ ਦਾ ਬੇਰਹਿਮੀ ਨਾਲ ਕਤਲ



ਗੁਰਦਾਸਪੁਰ/ਕਾਹਨੂੰਵਾਨ-ਜ਼ਿਲ੍ਹਾ ਗੁਰਦਾਸਪੁਰ ਦੇ ਥਾਣਾ ਕਾਹਨੂੰਵਾਨ ਅਧੀਨ ਪੈਂਦੇ ਪਿੰਡ ਨੈਣੇਕੋਟ ਵਿੱਚ ਦੇਰ ਰਾਤ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦੇਣ ਵਾਲੀ ਇੱਕ ਸੂਚਨਾ ਸਾਹਮਣੇ ਆਈ ਹੈ। ਇੱਥੇ ਜ਼ਮੀਨੀ ਝਗੜੇ ਦੀ ਰੰਜਿਸ਼ ਕਾਰਨ ਇੱਕ ਵੱਡੇ ਭਰਾ ਨੇ ਆਪਣੇ ਹੀ ਸਕੇ ਛੋਟੇ ਭਰਾ ਅਤੇ ਭਰਜਾਈ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦੋਹਰੇ ਕਤਲ ਕਾਂਡ ਤੋਂ ਬਾਅਦ ਪੂਰੇ ਇਲਾਕੇ ਵਿੱਚ ਦਹਿਸ਼ਤ ਅਤੇ ਮਾਤਮ ਦਾ ਮਾਹੌਲ ਹੈ।


ਜਾਣਕਾਰੀ ਅਨੁਸਾਰ, ਮੁਲਜ਼ਮ ਅਮਰਜੀਤ ਸਿੰਘ ਦਾ ਆਪਣੇ ਛੋਟੇ ਭਰਾ ਅਜੈਬ ਸਿੰਘ ਨਾਲ ਜ਼ਮੀਨ ਨੂੰ ਲੈ ਕੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਇਹ ਵਿਵਾਦ ਇੰਨਾ ਵਧ ਗਿਆ ਕਿ ਅਮਰਜੀਤ ਸਿੰਘ ਨੇ ਖ਼ੂਨੀ ਖੇਡ ਖੇਡਣ ਦਾ ਫੈਸਲਾ ਕਰ ਲਿਆ।

ਅਮਰਜੀਤ ਸਿੰਘ ਨੇ ਸਭ ਤੋਂ ਪਹਿਲਾਂ ਖੇਤਾਂ ਵਿੱਚ ਕੰਮ ਕਰ ਰਹੇ ਆਪਣੇ ਛੋਟੇ ਭਰਾ ਅਜੈਬ ਸਿੰਘ 'ਤੇ ਗੋਲੀਆਂ ਚਲਾਈਆਂ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਭਰਾ ਦਾ ਕਤਲ ਕਰਨ ਤੋਂ ਬਾਅਦ ਮੁਲਜ਼ਮ ਦਾ ਗੁੱਸਾ ਸ਼ਾਂਤ ਨਹੀਂ ਹੋਇਆ। ਉਹ ਸਿੱਧਾ ਅਜੈਬ ਸਿੰਘ ਦੇ ਘਰ ਪਹੁੰਚਿਆ ਅਤੇ ਉੱਥੇ ਮੌਜੂਦ ਆਪਣੀ ਭਰਜਾਈ ਕਮਲ ਕੌਰ 'ਤੇ ਵੀ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ। ਕਮਲ ਕੌਰ ਦੀ ਵੀ ਮੌਕੇ 'ਤੇ ਮੌਤ ਹੋ ਗਈ।

ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਅਮਰਜੀਤ ਸਿੰਘ ਮੌਕੇ ਤੋਂ ਫਰਾਰ ਨਹੀਂ ਹੋਇਆ, ਸਗੋਂ ਉਸ ਨੇ ਖ਼ੁਦ ਹੀ ਪੁਲਿਸ ਥਾਣਾ ਕਾਹਨੂੰਵਾਨ ਵਿਖੇ ਜਾ ਕੇ ਆਪਣਾ ਗੁਨਾਹ ਕਬੂਲ ਕਰ ਲਿਆ ਅਤੇ ਪੁਲਿਸ ਅੱਗੇ ਆਤਮ-ਸਮਰਪਣ ਕਰ ਦਿੱਤਾ।

# ਐਨਆਈਏ ਵਲੋ ਨਾਰਕੋ ਗਰਗ ਸਮਗਲਰ ਇਕਬਾਲ ਸ਼ੇਰਾ ਗ੍ਰਿਫ਼ਤਾਰ



ਨਵੀਂ ਦਿੱਲੀ/ਮੁਹਾਲੀ-ਕੌਮੀ ਜਾਂਚ ਏਜੰਸੀ ਨੇ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਲੋੜੀਂਦੇ ਨਾਰਕੋ-ਦਹਿਸ਼ਤਗਰਦ ਇਕਬਾਲ ਸਿੰਘ ਉਰਫ਼ ਸ਼ੇਰਾ ਨੂੰ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਸ਼ੇਰਾ ਨੂੰ ਪੁਰਤਗਾਲ ਤੋਂ ਭਾਰਤ ਵਾਪਸ ਲਿਆਂਦਾ ਗਿਆ ਹੈ। ਜਾਂਚ ਮੁਤਾਬਕ ਸ਼ੇਰਾ ਦੇ ਪਾਕਿਸਤਾਨ ਅਧਾਰਿਤ ਅਤਿਵਾਦੀ ਸੰਗਠਨ ਹਿਜ਼ਬੁਲ ਮੁਜਾਹਿਦੀਨ ਨਾਲ ਗੂੜ੍ਹੇ ਸਬੰਧ ਹਨ। ਉਹ ਪਾਕਿਸਤਾਨ ਤੋਂ ਹੈਰੋਇਨ ਦੀ ਤਸਕਰੀ ਕਰਨ ਅਤੇ ਉਸ ਪੈਸੇ ਨੂੰ ਹਵਾਲਾ ਨੈੱਟਵਰਕ ਰਾਹੀਂ ਅਤਿਵਾਦੀ ਸਰਗਰਮੀਆਂ ਲਈ ਵਰਤਣ ਦਾ ਮੁੱਖ ਸਾਜ਼ਿਸ਼ਘਾੜਾ ਸੀ। ਅੰਮ੍ਰਿਤਸਰ ਦਾ ਰਹਿਣ ਵਾਲਾ ਸ਼ੇਰਾ 2020 ਵਿੱਚ ਪੁਰਤਗਾਲ ਭੱਜ ਗਿਆ ਸੀ। ਉਸ ਖ਼ਿਲਾਫ਼ 2021 ਤੋਂ ਇੰਟਰਪੋਲ ਵੱਲੋਂ ਰੈੱਡ ਨੋਟਿਸ ਜਾਰੀ ਸੀ।

# ਫਤਿਹਾਬਾਦ 'ਚ ਅਨੋਖਾ ਮਾਮਲਾ: ਫਿਰੌਤੀ ਮੰਗਣ ਆਏ ਸਾਥੀ ਆਪਸ ਵਿਚ ਭਿੜੇ, ਇੱਕ ਦੀ ਮੌਤ

ਗੋਇੰਦਵਾਲ ਸਾਹਿਬ-ਕਸਬਾ ਫਤਿਹਾਬਾਦ ਵਿੱਚ ਇੱਕ ਅਜੀਬੋ-ਗਰੀਬ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਪੋਲਟਰੀ ਫਾਰਮ ਮਾਲਕ ਦੇ ਘਰ ਗੋਲੀਆਂ ਚਲਾ ਕੇ ਫ਼ਰਾਰ ਹੋ ਰਹੇ ਦੋ ਬਦਮਾਸ਼ ਆਪਸ ਵਿੱਚ ਹੀ ਭਿੜ ਗਏ। ਇਸ ਦੌਰਾਨ ਇੱਕ ਸਾਥੀ ਨੇ ਦੂਜੇ ਦੇ ਸਿਰ ਵਿੱਚ ਗੋਲੀ ਮਾਰ ਕੇ ਉਸ ਦਾ ਕਤਲ ਕਰ ਦਿੱਤਾ। ਪੁਲਿਸ ਅਨੁਸਾਰ, ਮਨਿੰਦਰ ਸਿੰਘ ਨਾਮਕ ਪੋਲਟਰੀ ਫਾਰਮ ਮਾਲਕ ਤੋਂ ਪਿਛਲੇ ਕੁਝ ਦਿਨਾਂ ਤੋਂ ਫਿਰੌਤੀ ਦੀ ਮੰਗ ਕੀਤੀ ਜਾ ਰਹੀ ਸੀ। ਕੁਝ ਦਿਨ ਪਹਿਲਾਂ ਵੀ ਉਸ ਦੇ ਫਾਰਮ 'ਤੇ ਫਾਇਰਿੰਗ ਹੋਈ ਸੀ। ਬੀਤੀ ਰਾਤ ਮੁਲਜ਼ਮ ਰਵੀ (ਨਿਵਾਸੀ ਫਤਿਹਾਬਾਦ) ਅਤੇ ਉਸ ਦਾ ਸਾਥੀ ਜੋਬਨਜੀਤ ਮੁੜ ਮਨਿੰਦਰ ਸਿੰਘ ਦੇ ਘਰ 'ਤੇ ਫਾਇਰਿੰਗ ਕਰਨ ਪਹੁੰਚੇ ਸਨ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਜਦੋਂ ਦੋਵੇਂ ਫ਼ਰਾਰ ਹੋ ਰਹੇ ਸਨ, ਤਾਂ ਰਸਤੇ ਵਿੱਚ ਕਿਸੇ ਗੱਲ ਨੂੰ ਲੈ ਕੇ ਦੋਵਾਂ ਵਿਚਾਲੇ ਤਕਰਾਰ ਹੋ ਗਈ। ਸੂਤਰਾਂ ਮੁਤਾਬਕ ਪੈਸਿਆਂ ਦੇ ਲੈਣ-ਦੇਣ ਜਾਂ ਕਿਸੇ ਹੋਰ ਰੰਜਿਸ਼ ਕਾਰਨ ਜੋਬਨਜੀਤ ਅਤੇ ਰਵੀ ਵਿੱਚ ਬਹਿਸ ਹੋਈ। ਗੁੱਸੇ ਵਿੱਚ ਆ ਕੇ ਜੋਬਨਜੀਤ ਨੇ ਆਪਣੇ ਨਾਜਾਇਜ਼ ਪਿਸਤੌਲ ਨਾਲ ਰਵੀ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ, ਜਿਸ ਕਾਰਨ ਰਵੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਐੱਸ.ਐੱਸ.ਪੀ. ਸੁਰਿੰਦਰ ਲਾਂਬਾ ਨੇ ਦੱਸਿਆ ਕਿ ਇਹ ਦੋਵੇਂ ਮੁਲਜ਼ਮ ਇਲਾਕੇ ਵਿੱਚ ਫਿਰੌਤੀ ਮੰਗਣ ਅਤੇ ਧਮਕੀਆਂ ਦੇਣ ਦੇ ਕਈ ਮਾਮਲਿਆਂ ਵਿੱਚ ਸ਼ਾਮਲ ਸਨ ਅਤੇ ਪੁਲਿਸ ਨੂੰ ਪਹਿਲਾਂ ਹੀ ਲੋੜੀਂਦੇ ਸਨ। ਪੁਲਿਸ ਵੱਲੋਂ ਫ਼ਰਾਰ ਮੁਲਜ਼ਮ ਜੋਬਨਜੀਤ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਮੋਦੀ ਦੇ 'ਸੰਕਲਪ' 'ਤੇ ਰੂਸ ਦੀ ਟਿਪਣੀ- ਪਾਬੰਦੀਆਂ ਤੋਂ ਨਾ ਡਰੇ ਭਾਰਤ, ਅਸੀਂ ਦੇਵਾਂਗੇ ਬਿਨਾਂ ਰੁਕਾਵਟ ਤੇਲ!

## ✪ ਬ੍ਰਿਕਸ ਬੈਠਕ ਤੋਂ ਪਹਿਲਾਂ ਰੂਸ ਦਾ ਵੱਡਾ ਦਾਅ; ਭਾਰਤ ਨੂੰ ਯਾਦ ਕਰਵਾਈ 1947 ਤੋਂ ਬਾਅਦ ਵਾਲੀ 'ਪੁਰਾਣੀ ਦੋਸਤੀ' ✪ ਰੂਸ ਦੀ ਸਲਾਹ: "ਅਮਰੀਕੀ ਪਾਬੰਦੀਆਂ ਗੈਰ-ਕਾਨੂੰਨੀ, ਚੀਨ ਨਾਲ ਮਿਲ ਕੇ ਤਿਕੋਣੀ ਵਾਰਤਾ ਕਰੋ ਸ਼ੁਰੂ"

**ਨਿਊਜ਼ ਵਿਸ਼ਲੇਸ਼ਣ**

ਰੂਸ ਅੱਜ ਕਿੱਥੇ ਖੜ੍ਹਾ ਹੈ ਅਤੇ ਭਾਰਤ ਦੀ ਵਿਦੇਸ਼ ਨੀਤੀ ਬਾਰੇ ਉਸ ਦੀ ਕੀ ਸਮਝ ਹੈ, ਲਾਵਰੋਵ ਦੇ ਬਿਆਨਾਂ ਤੋਂ ਇਸ ਦਾ ਸਾਫ਼ ਸੰਕੇਤ ਮਿਲਿਆ ਹੈ। ਕੂਟਨੀਤਕ ਸ਼ਬਦਾਵਲੀ ਵਿੱਚ ਉਸਨੇ ਆਪਣੀ ਰਾਏ ਭਾਰਤ ਨੂੰ ਦੱਸ ਦਿੱਤੀ ਹੈ। ਸਰਗੇਈ ਲਾਵਰੋਵ ਨੇ ਬ੍ਰਿਕਸ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਸ਼ਿਰਕਤ ਕਰਨ ਲਈ ਭਾਰਤ ਪਹੁੰਚਣ ਤੋਂ ਠੀਕ ਪਹਿਲਾਂ ਇਹ ਮਹੱਤਵਪੂਰਨ ਟਿੱਪਣੀ ਕੀਤੀ ਹੈ ਕਿ ਭਾਰਤ ਨੂੰ ਕੱਚੇ ਤੇਲ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੈ। ਰੂਸ ਤੇਲ ਅਤੇ ਗੈਸ ਦੀ ਨਿਰਵਿਘਨ ਵਿਕਰੀ ਜਾਰੀ ਰੱਖਣ ਲਈ ਤਿਆਰ ਹੈ। ਲਾਵਰੋਵ ਨੇ ਇਹ ਬਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤੇਲ-ਗੈਸ ਦੀ ਖਪਤ ਘਟਾਉਣ ਦੇ ਸੱਦੇ ਤੋਂ ਦੋ ਦਿਨ ਬਾਅਦ ਦਿੱਤਾ ਹੈ। ਮੋਦੀ ਨੇ ਕਿਹਾ ਸੀ ਕਿ ਜਿਸ ਖੇਤਰ ਤੋਂ ਦੁਨੀਆ ਦੇ ਵੱਡੇ ਹਿੱਸੇ ਨੂੰ ਤੇਲ ਮਿਲਦਾ ਹੈ, ਅੱਜ ਉਹ ਯੁੱਧ ਵਿੱਚ ਉਲਝਿਆ ਹੋਇਆ ਹੈ। ਇਸ ਲਈ ਜਦੋਂ ਤੱਕ ਹਾਲਾਤ ਆਮ ਨਹੀਂ ਹੁੰਦੇ, "ਸਾਨੂੰ ਸਾਰਿਆਂ ਨੂੰ ਮਿਲ ਕੇ ਛੋਟੇ-ਛੋਟੇ ਸੰਕਲਪ ਲੈਣੇ ਪੈਣਗੇ।"

ਮਗਰ ਹੁਣ ਰੂਸ ਦੇ ਵਿਦੇਸ਼ ਮੰਤਰੀ ਨੇ ਕਿਹਾ ਹੈ ਕਿ ਭਾਰਤ ਲਈ ਤੇਲ ਦੀ ਕੋਈ ਕਮੀ



ਨਹੀਂ ਹੈ। ਸੰਕੇਤਕ ਭਾਸ਼ਾ ਵਿੱਚ ਇਸ ਦਾ ਅਰਥ ਹੈ ਕਿ ਕਮੀ ਭਾਰਤ ਸਰਕਾਰ ਦੀਆਂ ਨੀਤੀਗਤ ਪਹਿਲ ਅਤੇ ਕੂਟਨੀਤਕ ਹੌਸਲੇ ਵਿੱਚ ਹੈ। ਉਹ ਚਾਹੇ, ਤਾਂ ਆਪਣੀ ਜਨਤਾ ਨੂੰ ਤੇਲ-ਗੈਸ ਦੀ ਕਿੱਲਤ ਤੋਂ ਬਚਾ ਸਕਦੀ ਹੈ। ਭਾਰਤ ਦੀ ਘਰੇਲੂ ਰਾਜਨੀਤੀ ਤੋਂ ਲੈ ਕੇ ਅੰਤਰਰਾਸ਼ਟਰੀ ਦ੍ਰਿਸ਼ ਤੱਕ ਇਸ ਬਿਆਨ ਦੇ ਦੂਰਗਾਮੀ ਅਰਥ ਹਨ।

ਜਦੋਂ ਲਾਵਰੋਵ ਨੂੰ ਪੁੱਛਿਆ ਗਿਆ ਕਿ ਕੀ ਰੂਸੀ ਕੰਪਨੀਆਂ 'ਤੇ ਪਾਬੰਦੀਆਂ ਲੱਗਣ ਤੋਂ ਬਾਅਦ ਭਾਰਤ ਵੱਲੋਂ ਤੇਲ ਦੀ ਦਰਾਮਦ (ਇੰਪੋਰਟ) ਘਟਾਉਣ ਨਾਲ ਰੂਸ ਚਿੰਤਤ ਹੈ? ਤਾਂ ਉਨ੍ਹਾਂ ਨੇ ਇਸ ਦਾ ਸਾਰਾ ਦੋਸ਼ ਅਮਰੀਕਾ ਸਿਰ ਮੜ੍ਹ ਦਿੱਤਾ। ਉਨ੍ਹਾਂ ਅਮਰੀਕੀ ਪਾਬੰਦੀਆਂ ਨੂੰ "ਗੈਰ-ਕਾਨੂੰਨੀ" ਦੱਸਦਿਆਂ ਕਿਹਾ ਕਿ ਭਾਰਤ ਨੂੰ ਇਨ੍ਹਾਂ ਦੇ ਦਬਾਅ ਵਿੱਚ ਨਹੀਂ ਆਉਣਾ ਚਾਹੀਦਾ।

ਰੂਸੀ ਵਿਦੇਸ਼ ਮੰਤਰੀ ਨੇ ਭਾਰਤ ਨੂੰ ਭਾਵੁਕ ਅਤੇ ਇਤਿਹਾਸਕ ਪੱਖ ਤੋਂ ਘੇਰਨ ਦੀ ਕੋਸ਼ਿਸ਼ ਵੀ ਕੀਤੀ। ਉਨ੍ਹਾਂ ਯਾਦ ਦਿਵਾਇਆ ਕਿ ਪਰਮਾਣੂ ਊਰਜਾ: ਦੋਵਾਂ ਦੇਸ਼ਾਂ ਦਾ ਸਹਿਯੋਗ ਬਹੁਤ ਪੁਰਾਣਾ ਹੈ, ਜੋ ਭਾਰਤ ਦੀ ਊਰਜਾ ਸੁਰੱਖਿਆ ਦੀ ਰੀੜ੍ਹ ਦੀ ਹੱਡੀ ਹੈ।

ਆਜ਼ਾਦੀ ਤੋਂ ਬਾਅਦ ਜਦੋਂ ਦੁਨੀਆ ਦਾ ਕੋਈ ਵੀ ਦੇਸ਼ ਭਾਰਤ ਨੂੰ ਸੈਨਿਕ ਤਾਕਤ ਵਧਾਉਣ ਲਈ ਹਥਿਆਰ ਜਾਂ ਮਦਦ ਦੇਣ ਨੂੰ ਤਿਆਰ ਨਹੀਂ ਸੀ, ਉਦੋਂ ਸੋਵੀਅਤ ਸੰਘ (ਰੂਸ) ਹੀ ਭਾਰਤ ਦੇ ਨਾਲ ਖੜ੍ਹਿਆ ਸੀ।

ਲਾਵਰੋਵ ਨੇ ਭਾਰਤ ਸਰਕਾਰ ਨੂੰ ਇੱਕ ਹੋਰ ਸਖ਼ਤ ਕੂਟਨੀਤਕ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਰੂਸ-ਭਾਰਤ-ਚੀਨ ਤਿਕੋਣੀ ਵਾਰਤਾ ਦੇ ਢਾਂਚੇ ਨੂੰ ਦੁਬਾਰਾ ਸਰਗਰਮ ਕਰਨਾ ਚਾਹੀਦਾ ਹੈ। ਚੀਨ ਨਾਲ ਚੱਲ ਰਹੇ ਸਰਹੱਦੀ ਵਿਵਾਦ ਦੇ ਮੱਦੇਨਜ਼ਰ ਭਾਰਤ ਸਰਕਾਰ ਲਈ ਇਹ ਸਲਾਹ ਕਾਫ਼ੀ ਕੌੜੀ ਅਤੇ ਚੁਣੌਤੀਪੂਰਨ ਮੰਨੀ ਜਾ ਰਹੀ ਹੈ।

ਰੂਸ ਦੇ ਇਸ ਬਿਆਨ ਨੇ ਭਾਰਤ ਦੀ ਵਿਦੇਸ਼ ਨੀਤੀ ਦੇ ਸਾਹਮਣੇ ਇੱਕ ਵੱਡੀ ਪ੍ਰੀਖਿਆ ਖੜ੍ਹੀ ਕਰ ਦਿੱਤੀ ਹੈ। ਇੱਕ ਪਾਸੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਦਾ ਦਬਾਅ ਹੈ, ਅਤੇ ਦੂਜੇ ਪਾਸੇ ਰੂਸ ਨਾਲ ਪੁਰਾਣੀ ਦੋਸਤੀ ਅਤੇ ਸਸਤੇ ਤੇਲ ਦਾ ਫਾਇਦਾ। ਬ੍ਰਿਕਸ ਦੀ ਬੈਠਕ ਦੌਰਾਨ ਹੁਣ ਸਭ ਦੀਆਂ ਨਜ਼ਰਾਂ ਭਾਰਤ ਦੇ ਅਗਲੇ ਕਦਮ 'ਤੇ ਟਿਕੀਆਂ ਹੋਈਆਂ ਹਨ।

# ਸ਼ੀ-ਟਰੰਪ ਮੁਲਾਕਾਤ ਤੋਂ ਬਾਅਦ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਉਛਲੀਆਂ

## ✪ ਅਮਰੀਕਾ ਤੋਂ ਤੇਲ ਖਰੀਦੇਗਾ ਚੀਨ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਆਗੂ ਸ਼ੀ ਜਿਨਪਿੰਗ ਵਿਚਕਾਰ ਹੋਈ ਉੱਚ-ਪੱਧਰੀ ਗੱਲਬਾਤ ਤੋਂ ਬਾਅਦ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵੱਡਾ ਉਛਾਲ ਦੇਖਣ ਨੂੰ ਮਿਲਿਆ ਹੈ। ਇਹ ਤੇਜ਼ੀ ਰਾਸ਼ਟਰਪਤੀ ਟਰੰਪ ਦੇ ਉਸ ਬਿਆਨ ਤੋਂ ਬਾਅਦ ਆਈ ਹੈ, ਜਿਸ ਵਿੱਚ ਉਨ੍ਹਾਂ ਦਾਅਵਾ ਕੀਤਾ ਕਿ ਚੀਨ ਅਮਰੀਕਾ ਤੋਂ ਕੱਚਾ ਤੇਲ ਖਰੀਦਣ ਲਈ ਸਹਿਮਤ ਹੋ ਗਿਆ ਹੈ।

ਇਸ ਖ਼ਬਰ ਦੇ ਆਉਂਦਿਆਂ ਹੀ ਅੰਤਰਰਾਸ਼ਟਰੀ ਬੈਂਚਮਾਰਕ ਬਰੈਂਟ ਕਰੂਡ (ਭਰਣਟ ਚਰੁਦੲ) ਜੁਲਾਈ ਵਾਅਦਾ 3.25% ਦੀ ਤੇਜ਼ੀ ਨਾਲ 104.46 ਡਾਲਰ ਪ੍ਰਤੀ ਬੈਰਲ 'ਤੇ ਪਹੁੰਚ ਗਿਆ। ਦੂਜੇ ਪਾਸੇ, ਅਮਰੀਕੀ ਵੇਸਟ ਟੈਕਸਾਸ ਇੰਟਰਮੀਡੀਏਟ ਜੂਨ ਵਾਅਦਾ ਵੀ 2.11% ਵਧ ਕੇ 103.30 ਡਾਲਰ ਪ੍ਰਤੀ ਬੈਰਲ 'ਤੇ ਬੰਦ ਹੋਇਆ।

ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਬੈਠਕ ਤੋਂ ਬਾਅਦ ਫੌਕਸ ਨਿਊਜ਼ ਨੂੰ ਦਿੱਤੇ ਇੱਕ ਰਿਕਾਰਡਿਡ ਇੰਟਰਵਿਊ ਵਿੱਚ ਟਰੰਪ ਨੇ ਕਿਹਾ ਕਿ "ਉਹ (ਚੀਨ) ਸੰਯੁਕਤ ਰਾਜ ਅਮਰੀਕਾ ਤੋਂ ਤੇਲ ਖਰੀਦਣ ਲਈ ਸਹਿਮਤ ਹੋ ਗਏ ਹਨ। ਉਹ ਟੈਕਸਾਸ ਜਾਣਗੇ, ਅਤੇ ਅਸੀਂ ਚੀਨੀ ਜਹਾਜ਼ਾਂ ਨੂੰ ਟੈਕਸਾਸ, ਲੂਸੀਆਨਾ ਅਤੇ ਅਲਾਸਕਾ ਭੇਜਣਾ ਸ਼ੁਰੂ ਕਰਾਂਗੇ।"

ਹਾਲਾਂਕਿ, ਚੀਨ ਸਰਕਾਰ ਵੱਲੋਂ ਅਜੇ




ਤੱਕ ਇਨ੍ਹਾਂ ਊਰਜਾ ਖਰੀਦਾਂ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ।

ਤੇਲ ਦੀਆਂ ਕੀਮਤਾਂ ਵਿੱਚ ਵਾਧੇ ਦਾ ਦੂਜਾ ਵੱਡਾ ਕਾਰਨ ਦੋਵਾਂ ਰਾਸ਼ਟਰਪਤੀਆਂ ਵਿਚਕਾਰ 'ਹੋਰਮੁਜ਼ ਜਲਡਮਰੂ' ਨੂੰ ਖੁੱਲ੍ਹਾ ਰੱਖਣ 'ਤੇ ਬਣੀ ਸਹਿਮਤੀ ਹੈ। ਵਾਈਟ ਹਾਊਸ ਦੇ ਇੱਕ ਅਧਿਕਾਰੀ ਮੁਤਾਬਕ, ਰਾਸ਼ਟਰਪਤੀ ਸ਼ੀ ਨੇ ਸਪੱਸ਼ਟ ਕੀਤਾ ਹੈ ਕਿ ਚੀਨ ਇਸ ਮਹੱਤਵਪੂਰਨ ਸਮੁੰਦਰੀ ਰਸਤੇ ਦੇ ਫੌਜੀਕਰਨ ਅਤੇ ਉੱਥੋਂ ਲੰਘਣ ਵਾਲੇ ਜਹਾਜ਼ਾਂ 'ਤੇ ਕਿਸੇ ਵੀ ਤਰ੍ਹਾਂ ਦਾ ਟੈਕਸ ਲਗਾਉਣ ਦੇ ਸਖ਼ਤ ਖ਼ਿਲਾਫ਼ ਹੈ।

ਅਮਰੀਕੀ ਵਿੱਤ ਮੰਤਰੀ ਸਕਾਟ ਬੇਸੈਂਟ ਨੇ ਇੱਕ ਇੰਟਰਵਿਊ ਵਿੱਚ ਭਰੋਸਾ ਜਤਾਇਆ ਕਿ ਚੀਨ ਇਸ ਸੰਕਟ ਨੂੰ ਹੱਲ ਕਰਨ ਲਈ ਪਰਦੇ ਦੇ ਪਿੱਛੇ ਰਹਿ ਕੇ ਮਦਦ ਕਰੇਗਾ। ਉਨ੍ਹਾਂ ਕਿਹਾ, "ਹੋਰਮੁਜ਼ ਜਲਡਮਰੂ ਨੂੰ ਜਲਦੀ ਤੋਂ ਜਲਦੀ ਖੁਲ੍ਹਵਾਉਣਾ ਚੀਨ ਦੇ ਆਪਣੇ ਹਿੱਤ ਵਿੱਚ ਹੈ, ਕਿਉਂਕਿ ਉਨ੍ਹਾਂ ਦੀ ਊਰਜਾ ਸਪਲਾਈ ਇਸ 'ਤੇ ਬਹੁਤ ਨਿਰਭਰ ਕਰਦੀ ਹੈ।"

ਭਾਵੇਂ ਕਿ ਇਸ ਦੌਰੇ ਤੋਂ ਕੋਈ ਵੱਡੇ ਵਪਾਰਕ ਜਾਂ ਸਿਆਸੀ ਨਤੀਜੇ ਨਹੀਂ ਨਿਕਲੇ, ਪਰ ਦੋਵਾਂ ਧਿਰਾਂ ਨੇ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਕਿ ਉਨ੍ਹਾਂ ਦੇ ਆਪਸੀ ਰਿਸ਼ਤੇ ਹੁਣ ਵਧੇਰੇ ਸਥਿਰ ਹਨ। ਰਾਸ਼ਟਰਪਤੀ ਸ਼ੀ ਨੇ ਰਾਤ ਦੇ ਖਾਣੇ ਦੌਰਾਨ ਕਿਹਾ ਸੀ ਕਿ ਚੀਨ-ਅਮਰੀਕਾ ਸਬੰਧ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਰਿਸ਼ਤੇ ਹਨ ਅਤੇ "ਸਾਨੂੰ ਇਸ ਨੂੰ ਸਫਲ ਬਣਾਉਣਾ ਹੋਵੇਗਾ, ਅਸੀਂ ਇਸ ਨੂੰ ਖਰਾਬ ਨਹੀਂ ਕਰ ਸਕਦੇ।"

## ਤਰਨਤਾਰਨ ਵਿਚ ਪੁਲਿਸ ਅਤੇ ਪ੍ਰਭ ਦਾਸੂਵਾਲ ਗੈਂਗ ਦੇ ਸ਼ੂਟਰਾਂ ਵਿਚਾਲੇ ਮੁੱਠਭੇੜ

ਤਰਨਤਾਰਨ/ਵਲਟੋਹਾ-ਤਰਨਤਾਰਨ ਦੇ ਥਾਣਾ ਵਲਟੋਹਾ ਅਧੀਨ ਪੈਂਦੇ ਪਿੰਡ ਆਸਲ ਉਤਾੜ ਵਿੱਚ ਪੰਜਾਬ ਪੁਲਿਸ ਅਤੇ ਗੈਂਗਸਟਰ ਪ੍ਰਭ ਦਾਸੂਵਾਲ ਦੇ ਗੁਰਗਿਆਂ ਵਿਚਾਲੇ ਇੱਕ ਜ਼ਬਰਦਸਤ ਮੁੱਠਭੇੜ ਹੋਈ।


ਇਸ ਐਨਕਾਊਂਟਰ ਦੌਰਾਨ ਪੁਲਿਸ ਦੀ ਜਵਾਬੀ ਫਾਇਰਿੰਗ ਵਿੱਚ 4 ਮੁਲਜ਼ਮ ਆਕਾਸ਼ਦੀਪ ਸਿੰਘ ਅਤੇ ਸੰਨੀ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਕਾਬੂ ਕਰ ਲਿਆ ਗਿਆ ਹੈ। ਪੁਲਿਸ ਨੇ ਮੁਲਜ਼ਮਾਂ ਕੋਲੋਂ ਪਿਸਤੌਲ ਅਤੇ ਮੋਟਰਸਾਈਕਲ ਬਰਾਮਦ ਕੀਤੇ ਹਨ।

# ਕੈਸ਼ ਅਤੇ ਸ਼ੇਅਰਾਂ ਤੋਂ ਬਾਅਦ ਹੁਣ 'ਸੋਨੇ' ਦੀ ਵਾਰੀ ?

## ✪ ਕੀ ਤੁਹਾਡੇ ਘਰ ਪਏ ਗੋਲਡ 'ਤੇ ਹੈ ਮੋਦੀ ਸਰਕਾਰ ਦੀ ਨਜ਼ਰ ? ✪ ਸੋਨੇ ਨੂੰ 'ਈ-ਗੋਲਡ' ਬਣਾਉਣ ਦੇ ਸਰਕਾਰੀ ਫਾਰਮੂਲੇ 'ਤੇ ਭਖੀ ਬਹਿਸ ! ✪ ਔਰਤਾਂ ਦੇ ਮੰਗਲਸੂਤਰ ਤੋਂ ਲੈ ਕੇ ਲਾਕਰਾਂ ਤੱਕ... ਕੀ ਹੁਣ ਹਰ ਇੱਕ ਗ੍ਰਾਮ ਸੋਨੇ ਦਾ ਹਿਸਾਬ ਲਵੇਗੀ ਸਰਕਾਰ ?

### >> ਨਿਊਜ਼ ਸਟੋਰੀ <<

ਭਾਰਤੀ ਸੱਭਿਆਚਾਰ ਵਿੱਚ ਸੋਨਾ ਸਿਰਫ਼ ਇੱਕ ਧਾਤ ਜਾਂ ਗਹਿਣਾ ਨਹੀਂ ਹੈ, ਸਗੋਂ ਇਹ ਪਰਿਵਾਰ ਦੀ ਸੁਰੱਖਿਆ, ਇੱਜ਼ਤ ਅਤੇ ਮੁਸੀਬਤ ਵੇਲੇ ਦਾ ਸਭ ਤੋਂ ਵੱਡਾ ਸਹਾਰਾ ਹੈ। ਪਰ ਪਿਛਲੇ ਕੁਝ ਸਮੇਂ ਤੋਂ ਸੋਸ਼ਲ ਮੀਡੀਆ 'ਤੇ ਇੱਕ ਬਹਿਸ ਛਿੜੀ ਹੋਈ ਹੈ ਕਿ ਕੀ ਮੋਦੀ ਸਰਕਾਰ ਹੁਣ ਨਕਦੀ ਅਤੇ ਸ਼ੇਅਰਾਂ ਤੋਂ ਬਾਅਦ ਦੇਸ਼ ਦੇ ਘਰਾਂ ਵਿੱਚ ਪਏ ਸੋਨੇ ਨੂੰ ਵੀ ਆਪਣੇ 'ਡਿਜੀਟਲ ਕੰਟਰੋਲ' ਹੇਠ ਲਿਆਉਣ ਦੀ ਤਿਆਰੀ ਕਰ ਰਹੀ ਹੈ ?




### ਵਾਇਰਲ ਪੋਸਟਾਂ ਨੇ ਵਧਾਈ ਚਿੰਤਾ: ਕੀ ਹੈ ਮਾਮਲਾ ?

ਸੋਸ਼ਲ ਮੀਡੀਆ 'ਤੇ ਇੱਕ ਦਾਅਵਾ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ ਜਿਸ ਵਿੱਚ ਕਿਹਾ ਜਾ ਰਿਹਾ ਹੈ ਕਿ ਸਰਕਾਰ ਦੇਸ਼ ਦੇ ਨਾਗਰਿਕਾਂ ਨੂੰ 'ਫਿਜ਼ੀਕਲ ਗੋਲਡ' (ਅਸਲੀ ਸੋਨਾ) ਦੀ ਬਜਾਏ 'ਈ-ਗੋਲਡ' (ਡਿਜੀਟਲ ਸੋਨਾ) ਖਰੀਦਣ ਅਤੇ ਘਰਾਂ ਵਿੱਚ ਪਏ ਸੋਨੇ ਨੂੰ ਬੈਂਕਾਂ ਵਿੱਚ ਜਮ੍ਹਾ ਕਰਵਾਉਣ ਲਈ ਉਤਸ਼ਾਹਿਤ ਕਰ ਰਹੀ ਹੈ। ਲੋਕਾਂ ਵਿੱਚ ਇਹ ਡਰ ਪੈਦਾ ਹੋ ਗਿਆ ਹੈ ਕਿ ਜੇਕਰ ਉਨ੍ਹਾਂ ਦਾ ਸੋਨਾ ਡਿਜੀਟਲ ਸਿਸਟਮ ਵਿੱਚ ਚਲਿਆ ਗਿਆ, ਤਾਂ ਇਸ 'ਤੇ ਉਨ੍ਹਾਂ ਦਾ ਨਿੱਜੀ ਹੱਕ ਖ਼ਤਮ ਹੋ ਜਾਵੇਗਾ ਅਤੇ ਸਰਕਾਰ ਦੀ ਹਰ ਗ੍ਰਾਮ ਸੋਨੇ 'ਤੇ ਨਜ਼ਰ ਰਹੇਗੀ।

### ਸਰਕਾਰ ਦੀ ਅਸਲ ਦਲੀਲ ਕੀ ਹੈ ?

ਜੇਕਰ ਆਰਥਿਕ ਮਾਹਿਰਾਂ ਅਤੇ ਸਰਕਾਰੀ ਨੀਤੀਆਂ ਦੀ ਗੱਲ ਕਰੀਏ, ਤਾਂ ਸਰਕਾਰ ਦਾ ਮਕਸਦ ਸੋਨੇ ਨੂੰ ਖੋਹਣਾ ਨਹੀਂ, ਬਲਕਿ 'ਗੋਲਡ ਮੋਨੇਟਾਈਜ਼ੇਸ਼ਨ ਸਕੀਮ' ਰਾਹੀਂ ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨਾ ਹੈ। ਸਰਕਾਰ ਦੇ ਇਸ ਕਦਮ ਪਿੱਛੇ ਮੁੱਖ ਤਰਕ ਹੇਠ ਲਿਖੇ ਹਨ:

ਭਾਰਤ ਦੁਨੀਆ ਵਿੱਚ ਸੋਨੇ ਦੇ ਸਭ ਤੋਂ ਵੱਡੇ ਖਰੀਦਦਾਰਾਂ ਵਿੱਚੋਂ ਇੱਕ ਹੈ। ਸੋਨਾ ਬਾਹਰੋਂ ਮੰਗਵਾਉਣ ਲਈ ਭਾਰਤ ਨੂੰ ਅਰਬਾਂ ਡਾਲਰ ਖਰਚਣੇ ਪੈਂਦੇ ਹਨ, ਜਿਸ ਨਾਲ ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ ਘਟਦਾ ਹੈ ਅਤੇ ਰੁਪਿਆ ਕਮਜ਼ੋਰ ਹੁੰਦਾ ਹੈ।

ਸਰਕਾਰ ਮੁਤਾਬਕ ਭਾਰਤੀ ਘਰਾਂ ਅਤੇ ਲਾਕਰਾਂ ਵਿੱਚ ਟਨਾਂ ਦੇ ਹਿਸਾਬ ਨਾਲ ਸੋਨਾ ਬੇਕਾਰ ਪਿਆ ਹੈ। ਜੇਕਰ ਇਹ ਸੋਨਾ ਸਿਸਟਮ ਵਿੱਚ ਆ ਜਾਵੇ, ਤਾਂ ਦੇਸ਼ ਨੂੰ ਬਾਹਰੋਂ ਸੋਨਾ ਮੰਗਵਾਉਣ ਦੀ ਲੋੜ ਨਹੀਂ ਪਵੇਗੀ।

ਸਰਕਾਰ ਸੋਵਰਨ ਗੋਲਡ ਬਾਂਡ ਅਤੇ ਈ-ਗੋਲਡ ਵਰਗੇ ਵਿਕਲਪਾਂ ਨੂੰ ਉਤਸ਼ਾਹਿਤ ਕਰ ਰਹੀ ਹੈ, ਜਿੱਥੇ ਸੋਨਾ ਚੋਰੀ ਹੋਣ ਦਾ ਡਰ ਨਹੀਂ ਹੁੰਦਾ ਅਤੇ ਸਾਲਾਨਾ ਵਿਆਜ ਵੀ ਮਿਲਦਾ ਹੈ।

ਸੋਸ਼ਲ ਮੀਡੀਆ 'ਤੇ ਆਮ ਲੋਕਾਂ ਦੇ ਕੁਮੈਂਟਸ ਅਤੇ ਪ੍ਰਤੀਕਿਰਿਆਵਾਂ ਸਰਕਾਰ ਪ੍ਰਤੀ ਵੱਡੇ ਅਵਿਸ਼ਵਾਸ ਨੂੰ ਦਰਸਾਉਂਦੀਆਂ ਹਨ। ਲੋਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਡਰ ਹਨ। ਲੋਕਾਂ ਦਾ ਮੰਨਣਾ ਹੈ ਕਿ ਕੈਸ਼ ਨੂੰ 'ਯੂਪੀਆਈ' ਅਤੇ ਸ਼ੇਅਰਾਂ ਨੂੰ 'ਡੀਮੈਟ' ਕਰਨ ਤੋਂ ਬਾਅਦ ਹੁਣ ਸੋਨੇ ਨੂੰ ਟ੍ਰੈਕੇਬਲ ਬਣਾਇਆ ਜਾ ਰਿਹਾ ਹੈ ਤਾਂ ਜੋ ਹਰ ਚੀਜ਼ 'ਤੇ ਟੈਕਸ ਲਗਾਇਆ ਜਾ ਸਕੇ।

ਲੋਕਾਂ ਨੂੰ ਡਰ ਹੈ ਕਿ ਜੇਕਰ ਭਵਿੱਖ ਵਿੱਚ ਕੋਈ ਨਵਾਂ ਨਿਯਮ ਆ ਗਿਆ ਜਾਂ ਬੈਂਕਿੰਗ ਸਿਸਟਮ ਫੇਲ੍ਹ ਹੋ ਗਿਆ, ਤਾਂ ਉਹ ਆਪਣੇ ਹੀ ਸੋਨੇ ਲਈ ਮੁਥਾਜ ਹੋ ਜਾਣਗੇ।

ਔਰਤਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਗਹਿਣੇ ਅਤੇ ਮੰਗਲਸੂਤਰ ਸਿਰਫ਼ ਨਿਵੇਸ਼ ਨਹੀਂ, ਸਗੋਂ ਪਰਿਵਾਰ ਦੀ ਪਰੰਪਰਾ ਹਨ, ਜਿਨ੍ਹਾਂ ਨੂੰ ਉਹ ਕਿਸੇ ਬੈਂਕ ਵਿੱਚ ਪਿਘਲਾਉਣ ਲਈ ਨਹੀਂ ਦੇ ਸਕਦੀਆਂ।

### ਫਾਇਦਾ ਜਾਂ ਨੁਕਸਾਨ ? ਇੱਕ ਨਿਰਪੱਖ ਵਿਸ਼ਲੇਸ਼ਣ

ਜੇਕਰ ਤੁਸੀਂ ਡਿਜੀਟਲ/ਸਰਕਾਰੀ ਸਕੀਮ ਚੁਣਦੇ ਹੋ ਤਾਂ ਸੋਨੇ ਦੀ ਸ਼ੁੱਧਤਾ ਦੀ ਗਾਰੰਟੀ, ਲਾਕਰ ਦੇ ਖਰਚੇ ਤੋਂ ਮੁਕਤੀ, ਚੋਰੀ ਦਾ ਕੋਈ ਡਰ ਨਹੀਂ ਅਤੇ ਨਾਲ ਹੀ ਸੋਨੇ ਦੀ ਕੀਮਤ ਵਧਣ ਦੇ ਨਾਲ-ਨਾਲ ਵੱਖਰੇ ਤੌਰ 'ਤੇ ਵਿਆਜ ਦੀ ਕਮਾਈ। ਤੁਹਾਡੀ ਸੰਪਤੀ ਪੂਰੀ ਤਰ੍ਹਾਂ ਸਰਕਾਰ ਦੀ ਨਜ਼ਰ ਵਿੱਚ ਆ ਜਾਵੇਗੀ। ਐਮਰਜੈਂਸੀ ਵੇਲੇ ਤੁਸੀਂ ਤੁਰੰਤ ਘਰੋਂ ਸੋਨਾ ਕੱਢ ਕੇ ਵੇਚ ਜਾਂ ਗਿਰਵੀ ਨਹੀਂ ਰੱਖ ਸਕੋਗੇ, ਤੁਹਾਨੂੰ ਸਰਕਾਰੀ ਨਿਯਮਾਂ ਅਤੇ ਪ੍ਰਕਿਰਿਆਵਾਂ ਵਿੱਚੋਂ ਲੰਘਣਾ ਪਵੇਗਾ।

ਫਿਲਹਾਲ ਮੋਦੀ ਸਰਕਾਰ ਨੇ ਘਰਾਂ ਵਿੱਚ ਪਏ ਸੋਨੇ ਨੂੰ ਜ਼ਬਰਦਸਤੀ ਜ਼ਬਤ ਕਰਨ ਜਾਂ ਉਸ 'ਤੇ ਪੂਰੀ ਤਰ੍ਹਾਂ ਕੰਟਰੋਲ ਕਰਨ ਦਾ ਕੋਈ ਕਾਨੂੰਨ ਨਹੀਂ ਬਣਾਇਆ ਹੈ। ਇਹ ਸਕੀਮਾਂ ਪੂਰੀ ਤਰ੍ਹਾਂ ਸਵੈ-ਇੱਛਤ ਹਨ।

ਪਰ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਸਰਕਾਰ ਚਾਹੁੰਦੀ ਹੈ ਕਿ ਆਮ ਭਾਰਤੀ ਆਪਣਾ ਸੋਨਾ ਡਿਜੀਟਲ ਸਿਸਟਮ ਵਿੱਚ ਲਿਆਵੇ, ਤਾਂ ਸਰਕਾਰ ਨੂੰ ਪਹਿਲਾਂ ਲੋਕਾਂ ਦੇ ਮਨਾਂ ਵਿੱਚੋਂ ਡਰ ਦੂਰ ਕਰਨਾ ਪਵੇਗਾ, ਡੇਟਾ ਦੀ ਪ੍ਰਾਈਵੇਸੀ ਦੀ ਗਾਰੰਟੀ ਦੇਣੀ ਪਵੇਗੀ ਅਤੇ ਇਹ ਭਰੋਸਾ ਦਿਵਾਉਣਾ ਪਵੇਗਾ ਕਿ ਸੰਕਟ ਦੇ ਸਮੇਂ ਉਨ੍ਹਾਂ ਦੀ ਨਿੱਜੀ ਸੰਪਤੀ ਸੁਰੱਖਿਅਤ ਰਹੇਗੀ।

ਹੁਣ ਫੈਸਲਾ ਦੇਸ਼ ਦੀ ਜਨਤਾ ਦੇ ਹੱਥ ਵਿੱਚ ਹੈ - ਕੀ ਉਹ ਰਵਾਇਤੀ ਸੁਰੱਖਿਆ (ਫਿਜ਼ੀਕਲ ਗੋਲਡ) 'ਤੇ ਭਰੋਸਾ ਕਾਇਮ ਰੱਖਣਗੇ ਜਾਂ ਆਧੁਨਿਕ ਡਿਜੀਟਲ ਸਹੂਲਤ ਵੱਲ ਕਦਮ ਵਧਾਉਣਗੇ ?

# ਕੈਨੇਡਾ ਦੇ ਸਰੀ 'ਚ ਲੋਡਿਡ ਗੰਨ ਸਣੇ 24 ਸਾਲਾ ਪੰਜਾਬੀ ਨੌਜਵਾਨ ਗ੍ਰਿਫ਼ਤਾਰ

ਸਰੀ ਕੈਨੇਡਾ-ਕੈਨੇਡਾ ਦੇ ਸਰੀ ਸ਼ਹਿਰ ਤੋਂ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਸਰੀ ਪੁਲਸ ਸਰਵਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਇੱਕ ਟ੍ਰੈਫਿਕ ਸਟਾਪ ਦੌਰਾਨ 24 ਸਾਲਾ ਪੰਜਾਬੀ ਨੌਜਵਾਨ ਨੂੰ ਲੋਡਿਡ ਗੰਨ (ਭਰੀ ਹੋਈ ਬੰਦੂਕ) ਸਮੇਤ ਗ੍ਰਿਫ਼ਤਾਰ ਕੀਤਾ ਹੈ। ਫੜੇ ਗਏ ਨੌਜਵਾਨ 'ਤੇ ਹਥਿਆਰਾਂ ਨਾਲ ਸਬੰਧਤ ਕਈ ਗੰਭੀਰ ਮਾਮਲੇ ਦਰਜ ਕੀਤੇ ਗਏ ਹਨ ਅਤੇ ਪੁਲਸ ਵੱਲੋਂ ਉਸ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਪੁਲਸ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਇਹ ਕਾਰਵਾਈ ਸਰੀ ਦੇ ਸਿਟੀ ਸੈਂਟਰ ਇਲਾਕੇ ਵਿੱਚ ਕੀਤੀ ਗਈ। ਰਾਤ ਦੇ ਲਗਭਗ 8 ਵਜੇ 146 ਸਟ੍ਰੀਟ ਅਤੇ 108 ਐਵੇਨਿਊ ਦੇ ਨੇੜੇ ਪੁਲਸ ਅਧਿਕਾਰੀਆਂ ਨੇ ਇੱਕ ਵਾਹਨ ਨੂੰ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਦੇ ਸ਼ੱਕ ਵਿੱਚ ਰੋਕਿਆ ਸੀ। ਜਦੋਂ ਵਾਹਨ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ, ਤਾਂ ਪੁਲਸ ਅਧਿਕਾਰੀ ਉਸ ਵੇਲੇ ਹੈਰਾਨ ਰਹਿ ਗਏ ਜਦੋਂ ਗੱਡੀ ਵਿੱਚੋਂ ਇੱਕ ਲੋਡਿਡ ਗੰਨ ਬਰਾਮਦ ਹੋਈ। ਹਥਿਆਰ ਮਿਲਣ ਤੋਂ ਤੁਰੰਤ ਬਾਅਦ ਪੁਲਸ ਨੇ ਕਾਰਵਾਈ ਕਰਦੇ ਹੋਏ ਵਾਹਨ ਵਿੱਚ ਸਵਾਰ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਲਿਆ। ਗ੍ਰਿਫ਼ਤਾਰ ਕੀਤੇ ਗਏ ਨੌਜਵਾਨ ਦੀ ਪਛਾਣ ਗੁਰਵਿੰਦਰ ਸਿੰਘ (ਉਮਰ 24 ਸਾਲ) ਵਜੋਂ ਹੋਈ ਹੈ। ਸਰੀ ਪੁਲਸ ਨੇ ਨੌਜਵਾਨ ਵਿਰੁੱਧ ਹਥਿਆਰਾਂ ਦੇ ਨਾਜਾਇਜ਼ ਅਤੇ ਖ਼ਤਰਨਾਕ ਇਸਤੇਮਾਲ ਨੂੰ ਲੈ ਕੇ ਕਈ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸ਼ਾਮਲ ਹਨ:

### ✪ ਲੱਗੀਆਂ ਕਈ ਗੰਭੀਰ ਧਾਰਾਵਾਂ



- ਲੋਡਿਡ ਪ੍ਰਤਿਬੰਧਿਤ ਜਾਂ ਵਰਜਿਤ ਹਥਿਆਰ ਕੋਲ ਰੱਖਣਾ।
- ਹਥਿਆਰ ਨੂੰ ਛੁਪਾ ਕੇ ਲਿਜਾਣਾ।
- ਹਥਿਆਰ ਦੀ ਲਾਪਰਵਾਹੀ ਨਾਲ ਸਟੋਰੇਜ (ਰੱਖ-ਰਖਾਅ) ਕਰਨਾ।
- ਬਿਨਾਂ ਕਿਸੇ ਵੈਧ ਲਾਇਸੈਂਸ ਦੇ ਪ੍ਰਤਿਬੰਧਿਤ ਹਥਿਆਰ ਰੱਖਣਾ।
- ਕਿਸੇ ਖ਼ਤਰਨਾਕ ਮਕਸਦ ਲਈ ਹਥਿਆਰ ਦੀ ਵਰਤੋਂ ਜਾਂ ਹਿਰਾਸਤ।

ਨੌਜਵਾਨ 'ਤੇ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਉਹ ਭਲੀ-ਭਾਂਤ ਜਾਣਦਾ ਸੀ ਕਿ ਵਾਹਨ ਦੇ ਅੰਦਰ ਇੱਕ ਵਰਜਿਤ ਹਥਿਆਰ ਮੌਜੂਦ ਹੈ, ਫਿਰ ਵੀ ਉਹ ਉਸ ਵਾਹਨ ਵਿੱਚ ਸਵਾਰ ਸੀ।

ਸਰੀ ਪੁਲਸ ਮੁਤਾਬਕ ਮੁਲਜ਼ਮ ਗੁਰਵਿੰਦਰ ਸਿੰਘ ਫਿਲਹਾਲ ਪੁਲਸ ਦੀ ਹਿਰਾਸਤ ਵਿੱਚ ਹੈ ਅਤੇ ਉਸ ਦੀ ਜ਼ਮਾਨਤ ਨੂੰ ਲੈ ਕੇ ਸੁਣਵਾਈ ਹੋਣੀ ਅਜੇ ਬਾਕੀ ਹੈ।

# ਪੰਜਾਬ ਦੀ ਸਿੱਖ ਰਾਜਨੀਤੀ ਨੂੰ ਤਾਮਿਲਨਾਡੂ ਦੀ ਰਾਜਨੀਤੀ ਤੋਂ ਸਿਖਣ ਦੀ ਲੋੜ

ਬਲਵਿੰਦਰਪਾਲ ਸਿੰਘ ਪ੍ਰੋਫੈਸਰ

## ✪ ਵਾਰਿਸ ਪੰਜਾਬ ਦੇ' ਅਤੇ ਅਕਾਲੀ ਦਲ 'ਪੁਨਰ ਸੁਰਜੀਤ' ਦਾ ਗਠਜੋੜ ਸਿਰੇ ਚੜ੍ਹਨ ਤੋਂ ਪਹਿਲਾਂ ਹੀ ਕਿਉਂ ਟੁੱਟਿਆ ✪ ਬਾਦਲ ਅਕਾਲੀ ਦਲ ਦਾ ਬਦਲ ਕਿਉਂ ਨਹੀਂ ਪੈਦਾ ਹੋ ਸਕਿਆ



ਇਹ ਸੱਚ ਹੈ ਕਿ ਕਿਵੇਂ ਤਾਮਿਲਨਾਡੂ ਵਿੱਚ 'ਸੱਭਿਆਚਾਰਕ ਮਾਣ' ਅਤੇ 'ਖੇਤਰੀ ਪਛਾਣ ਦੀ ਢਾਲ' ਨੇ ਉੱਥੋਂ ਦੀ ਰਾਜਨੀਤੀ ਨੂੰ ਦਿੱਲੀ ਦੇ ਰਿਮੋਟ ਕੰਟਰੋਲ ਤੋਂ ਮੁਕਤ ਰੱਖਿਆ ਹੈ। ਪਰ ਜਦੋਂ ਅਸੀਂ ਇਸੇ ਸੰਦਰਭ ਵਿਚ ਪੰਜਾਬ ਅਤੇ ਸਿੱਖ ਰਾਜਨੀਤੀ ਨੂੰ ਪਰਖਦੇ ਹਾਂ, ਤਾਂ ਇੱਕ ਦਰਦਨਾਕ ਸੱਚ ਸਾਹਮਣੇ ਆਉਂਦਾ ਹੈ ਕਿ ਤਾਮਿਲਨਾਡੂ ਨੇ ਜਿੱਥੇ ਆਪਣੀ ਪਛਾਣ ਸਭਿਆਚਾਰ, ਬੋਲੀ, ਖੇਤਰੀ ਮੁਦਿਆਂ ਨੂੰ ਸਿਆਸੀ ਤਾਕਤ, ਬਣਾਇਆ, ਉੱਥੇ ਪੰਜਾਬ ਦੀ ਸਿੱਖ ਲੀਡਰਸ਼ਿਪ ਨੇ ਪੰਜਾਬੀ ਅਤੇ ਸਿੱਖ ਪਛਾਣ, ਖੇਤਰੀ ਰਾਜਨੀਤੀ ਨੂੰ ਸਿਰਫ਼ ਵੋਟਾਂ ਅਤੇ ਨਿੱਜੀ ਹਿੱਤਾਂ ਲਈ ਖੇਡ ਬਣਾ ਕੇ ਰੱਖ ਦਿੱਤਾ। ਇੱਕ ਸਮਾਂ ਸੀ ਜਦੋਂ ਸ਼ਰੋਮਣੀ ਅਕਾਲੀ ਦਲ ਨੂੰ ਪੰਜਾਬ ਦੇ ਹੱਕਾਂ, ਸੰਘੀ ਢਾਂਚੇ ਤੇ ਸਿੱਖ ਸਿਧਾਂਤਾਂ ਦੀ ਪਹਿਰੇਦਾਰ ਜਥੇਬੰਦੀ ਮੰਨਿਆ ਜਾਂਦਾ ਸੀ। ਅਨੰਦਪੁਰ ਸਾਹਿਬ ਦੇ ਮਤੇ ਵਰਗੇ ਇਤਿਹਾਸਕ ਦਸਤਾਵੇਜ਼ ਤੇ ਸੰਘਰਸ਼ ਪੰਜਾਬ ਦੀ ਖੁਦਮੁਖਤਿਆਰੀ ਦੀ ਗਵਾਹੀ ਭਰਦੇ ਸਨ। ਪਰ ਅਫਸੋਸ, ਬੀਤੇ ਕੁਝ ਦਹਾਕਿਆਂ ਵਿੱਚ ਅਕਾਲੀ ਰਾਜਨੀਤੀ ਨੇ ਆਪਣੇ ਮੂਲ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਤਿਆਗ ਦਿੱਤਾ।

ਪੰਥਕ ਅਤੇ ਪੰਜਾਬ ਦੇ ਹਿੱਤਾਂ ਦੀ ਰਾਜਨੀਤੀ, 'ਪਰਿਵਾਰਵਾਦ' ਅਤੇ 'ਵਪਾਰੀਕਰਨ' ਦੀ ਭੇਟ ਚੜ੍ਹ ਗਈ। ਬੇਅਦਬੀ ਦੇ ਮਾਮਲਿਆਂ ਉੱਤੇ ਰਾਜਨੀਤਿਕ ਸਮਝੌਤੇ, ਸਿੱਖ ਸੰਸਥਾਵਾਂ ਦਾ ਸਿਆਸੀਕਰਨ ਅਤੇ ਦਿੱਲੀ ਦੇ ਦਰਬਾਰ ਅੱਗੇ ਗੋਡੇ ਟੇਕਣ ਦੀ ਨੀਤੀ ਨੇ ਅਕਾਲੀ ਦਲ ਦੇ ਉਸ ਨੈਤਿਕ ਆਧਾਰ ਨੂੰ ਹੀ ਖ਼ਤਮ ਕਰ ਦਿੱਤਾ ਸੀ, ਜਿਸ ਦੇ ਸਿਰ 'ਤੇ ਉਹ ਕਦੇ ਜਿਉਂਦੇ ਸਨ ਤੇ ਪੰਜਾਬ ਹਿਤਾਂ ਲਈ ਮੋਰਚੇ ਲਗਾਉਣੇ ਦੇ ਸਮਰਥ ਸਨ। ਜੇਕਰ ਤਾਮਿਲਨਾਡੂ ਅਤੇ ਪੰਜਾਬ ਦੀ ਰਾਜਨੀਤੀ ਦੀ ਤੁਲਨਾ ਕਰੀਏ, ਤਾਂ ਦੋਵੇਂ ਹੀ ਸੂਬੇ ਆਪਣੀ ਵੱਖਰੀ ਭਾਸ਼ਾਈ, ਸੱਭਿਆਚਾਰਕ ਅਤੇ ਇਤਿਹਾਸਕ ਪਛਾਣ ਲਈ ਮਾਣ ਕਰਦੇ ਹਨ। ਪਰ ਅੱਜ ਪੰਜਾਬ ਦੀ ਰਾਜਨੀਤੀ ਖੇਤਰੀ ਰਾਜਨੀਤੀ ਨੂੰ ਤਿਆਗਕੇ ਦਿਲੀ ਅਗੇ ਗੋਡਿਆਂ ਭਾਰ ਹੈ।

ਤਾਮਿਲਨਾਡੂ ਵਿੱਚ ਕਰੁਣਾਨਿਧੀ, ਜੈਲਲਿਤਾ ਤੋਂ ਲੈ ਕੇ ਅੱਜ ਸਟਾਲਿਨ ਜਾਂ ਸਿਨੇ-ਅਦਾਕਾਰ ਵਿਜੇ ਤੱਕ, ਆਗੂ 'ਖੇਤਰੀ ਰਾਜਨੀਤੀ , ਸੂਬੇ ਦੀ ਪਛਾਣ ਉਪਰ' ਖੜ੍ਹੇ ਹੁੰਦੇ ਹਨ। ਦਿੱਲੀ ਦਾ ਕੋਈ ਵੀ ਹਾਕਮ ਉਨ੍ਹਾਂ ਨੂੰ ਆਪਣੀ ਉਂਗਲ 'ਤੇ ਨਹੀਂ ਨਚਾ ਸਕਦਾ। ਦੂਜੇ ਪਾਸੇ, ਪੰਜਾਬ ਦੇ ਮੌਜੂਦਾ ਆਗੂ (ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ) ਆਪਣੀ ਹੋਂਦ ਲਈ ਦਿੱਲੀ ਦੇ ਹਾਈਕਮਾਂਡ ਵੱਲ ਝਾਕਦੇ ਹਨ,ਦਿਲੀ ਦੇ ਰਿਮੋਟ ਕੰਟਰੋਲ ਰਾਹੀਂ ਚਲਦੇ ਹਨ।

ਤਾਮਿਲਨਾਡੂ ਵਿੱਚ ਸਿਆਸੀ ਵਿਰੋਧ ਦੇ ਬਾਵਜੂਦ ਸਮਾਜਿਕ ਤਾਣਾ-ਬਾਣਾ ਨਹੀਂ ਟੁੱਟਿਆ। ਪਰ ਪੰਜਾਬ ਵਿੱਚ ਸਿਆਸੀ ਆਗੂਆਂ ਦੀਆਂ ਨਾਕਾਮੀਆਂ ਕਾਰਨ ਅੱਜ ਸਮਾਜ ਅੰਦਰੂਨੀ ਤੌਰ 'ਤੇ ਵੰਡਿਆ ਹੋਇਆ ਹੈ ਜਿਵੇਂ ਹਿੰਦੂ, ਸਿਖ ਈਸਾਈ,ਦਲਿਤ ਤੇ ਜੱਟ। ਸਚਾਈ ਇਹ ਹੈ ਕਿ ਵੰਡੇ ਹੋਏ ਸਮਾਜ ਤੇ ਉਸ ਵਿਚੋਂ ਨਿਕਲੀ ਰਾਜਨੀਤੀ ਹਮੇਸ਼ਾ ਕਮਜੋਰ ਹੁੰਦੀ ਹੈ।

ਤਾਮਿਲਨਾਡੂ ਦੇ ਨੌਜਵਾਨਾਂ ਨੇ ਪਰਿਵਾਰਵਾਦ ਤੋਂ ਅੱਕ ਕੇ ਅਭਿਨੇਤਾ 'ਵਿਜੇ' ਨੂੰ ਇੱਕ 'ਪੋਸਟ-ਦ੍ਰਵਿੜ' ਵਿਕਲਪ ਵਜੋਂ ਚੁਣਿਆ, ਜਿਸ ਨੇ ਹਉਮੈ ਦੀ ਬਜਾਏ ਸਹਿਜਤਾ ਨਾਲ ਪਛਾਣ ਦੀ ਗੱਲ ਕੀਤੀ। ਪੰਜਾਬ ਨੇ ਵੀ ਬਦਲਾਅ ਲਈ ਪ੍ਰਯੋਗ ਕੀਤੇ, ਪਰ ਇੱਥੇ ਬਦਲਾਅ ਦੇ ਨਾਮ 'ਤੇ ਆਏ ਨਵੇਂ ਵਿਕਲਪ ਆਪ ਦੇ ਆਗੂ ਵੀ ਦਿੱਲੀ ਦੇ ਇਸ਼ਾਰਿਆਂ 'ਤੇ ਚੱਲਣ ਵਾਲੇ ਰਾਬੋਟ ਸਾਬਤ ਹੋਏ, ਜਿਸ ਨਾਲ ਪੰਜਾਬ ਦਾ ਖੇਤਰੀ ਸਵੈ-ਮਾਣ ਨੂੰ ਨੁਕਸਾਨ ਪਹੁੰਚਿਆ।

ਅੱਜ ਪੰਜਾਬ ਦੀ ਤ੍ਰਾਸਦੀ ਇਹ ਹੈ ਕਿ ਲੋਕਾਂ ਦਾ ਪੰਜਾਬ ਦੇ ਰਵਾਇਤੀ ਅਤੇ ਮੌਜੂਦਾ ਆਗੂਆਂ ਉੱਤੋਂ ਵਿਸ਼ਵਾਸ ਪੂਰੀ ਤਰ੍ਹਾਂ ਉੱਠ ਚੁੱਕਾ ਹੈ। ਪੰਜਾਬ ਦਾ ਨੌਜਵਾਨ ਨਸ਼ਿਆਂ, ਬੇਰੁਜ਼ਗਾਰੀ ਅਤੇ ਸਿਸਟਮ ਦੀ ਬੇਰੁਖ਼ੀ ਤੋਂ ਤੰਗ ਆ ਕੇ ਵਿਦੇਸ਼ਾਂ ਵੱਲ ਭੱਜ ਰਿਹਾ ਹੈ।ਇਹ ਸਿਰਫ਼ ਆਰਥਿਕ ਹਿਜਰਤ ਨਹੀਂ ਹੈ, ਇਹ ਪੰਜਾਬ ਦੀ ਲੀਡਰਸ਼ਿਪ ਦੇ ਖ਼ਿਲਾਫ਼ ਇੱਕ 'ਨੋ-ਕਾਨਫੀਡੈਂਸ ਮੋਸ਼ਨ' (ਅਵਿਸ਼ਵਾਸ ਮਤਾ) ਹੈ।

ਜਦੋਂ ਲੋਕਾਂ ਦਾ ਆਪਣੇ ਆਗੂਆਂ 'ਤੇ ਭਰੋਸਾ ਖ਼ਤਮ ਹੋ ਜਾਂਦਾ ਹੈ, ਤਾਂ ਰਾਜਨੀਤੀ ਵਿੱਚ ਇੱਕ ਖ਼ਤਰਨਾਕ 'ਖਲਾਅ' ਪੈਦਾ ਹੁੰਦਾ ਹੈ। ਇਸ ਖਲਾਅ ਕਾਰਨ ਪੰਜਾਬ ਦੀ ਰਾਜਨੀਤੀ ਡਾਵਾਂ ਡੋਲ ਹੈ।

ਪੰਜਾਬ ਵਿਚ ਖੇਤਰੀ ਰਾਜਨੀਤੀ ਦਾ ਉਭਾਰ ਇਸੇ ਕਾਰਣ ਨਹੀਂ ਹੋ ਸਕਿਆ, ਕਿਉਂ ਕਿ ਖੇਤਰੀ ਰਾਜਨੀਤੀ ਕਰਨ ਵਾਲੀਆਂ ਪਾਰਟੀਆਂ ਵਿਚ ਏਕਤਾ ਦੀ ਘਾਟ ਹੈ, ਇਕ ਦੂਜੇ ਨੂੰ ਨੀਵਾਂ ਦਿਖਾਉਣ ਦੀ ਸੋਚ , ਸਤਾ ਦੀ ਲਾਲਸਾ ਹੈ ।

'ਵਾਰਿਸ ਪੰਜਾਬ ਦੇ' ਅਤੇ ਸਿਮਰਨਜੀਤ ਸਿੰਘ ਮਾਨ ਵਰਗੇ ਧੜਿਆਂ ਦੀ ਰਾਜਨੀਤੀ ਵਧੇਰੇ ਕੱਟੜ, ਜਜ਼ਬਾਤੀ ਅਤੇ ਖ਼ਾਲਿਸਤਾਨੀ ਪੈਂਤੜੇ ਦੁਆਲੇ ਕੇਂਦਰਿਤ ਹੈ। ਦੂਜੇ ਪਾਸੇ, ਅਕਾਲੀ ਦਲ ਨੂੰ ਪੁਨਰ ਸੁਰਜੀਤ ਕਰਨ ਦਾ ਦਾਅਵਾ ਕਰਨ ਵਾਲੇ ਆਗੂ (ਜਿਵੇਂ ਸੁਧਾਰ ਲਹਿਰ ਵਾਲੇ) ਅਜੇ ਵੀ ਭਾਰਤੀ ਸੰਵਿਧਾਨ ਦੇ ਦਾਇਰੇ ਅੰਦਰ ਰਹਿ ਕੇ ਰਵਾਇਤੀ ਚੋਣ ਸਿਆਸਤ ਅਤੇ ਸੂਬਾਈ ਸੱਤਾ ਹਾਸਲ ਕਰਨ ਦੀ ਨੀਤੀ 'ਤੇ ਚੱਲਣਾ ਚਾਹੁੰਦੇ ਹਨ। ਇਹ ਦੋਵੇਂ ਰਾਹ ਇੱਕ ਬਿੰਦੂ 'ਤੇ ਮਿਲਣਾ ਅਸੰਭਵ ਵਰਗਾ ਹੈ।

ਜਦੋਂ ਤੱਕ ਸਾਰੇ ਆਗੂ ਆਪਣੀ ਨਿੱਜੀ ਹਉਮੈ ਤਿਆਗ ਕੇ ਕਿਸੇ ਇੱਕ ਸਾਂਝੇ ਚਿਹਰੇ,ਸਾਂਝੇ ਏਜੰਡੇ ਜਾਂ ਸਾਂਝੀ ਕਮੇਟੀ ਦੇ ਅਧੀਨ ਚੱਲਣ ਲਈ ਤਿਆਰ ਨਹੀਂ ਹੁੰਦੇ, ਉਦੋਂ ਤੱਕ ਕੋਈ ਸਮਝੌਤਾ ਸਿਰੇ ਨਹੀਂ ਚੜ੍ਹ ਸਕਦਾ।

ਪੰਜਾਬ ਦੀ ਰਾਜਨੀਤੀ ਦਾ ਇਹ ਇਤਿਹਾਸ ਰਿਹਾ ਹੈ ਕਿ ਜਦੋਂ ਵੀ ਪੰਥਕ ਤਾਕਤਾਂ ਇਕੱਠੀਆਂ ਹੋਣ ਲੱਗਦੀਆਂ ਹਨ, ਤਾਂ ਦਿੱਲੀ ਦੀ ਕੇਂਦਰੀ ਸਿਆਸਤ ਅਜਿਹੇ ਹਾਲਾਤ ਪੈਦਾ ਕਰ ਦਿੰਦੀ ਹੈ ਕਿ ਖੇਤਰੀ ਪਾਰਟੀਆਂ ਵਿਚ ਹੋਰ ਧੜੇ ਪੈਦਾ ਕਰਕੇ ਖੇਤਰੀ ਰਾਜਨੀਤੀ ਨੂੰ ਕਮਜ਼ੋਰ ਕੀਤਾ ਜਾਵੇ ਤੇ ਲੋਕਾਂ ਦਾ ਉਨ੍ਹਾਂ ਉਪਰ ਵਿਸਵਾਸ਼ ਟੁਟ ਜਾਵੇ।

ਸ਼ਰੋਮਣੀ ਅਕਾਲੀ ਦਲ (ਬਾਦਲ) ਦੇ ਕਮਜ਼ੋਰ ਹੋਣ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਜੋ ਪੰਥਕ ਵੋਟ ਬੈਂਕ ਦਾ ਖਲਾਅ ਪੈਦਾ ਹੋਇਆ ਹੈ, ਇਹ ਸਾਰੇ ਧੜੇ ਉਸ ਖ਼ਾਲੀ ਥਾਂ ਉੱਤੇ ਕਬਜ਼ਾ ਕਰਕੇ ਸੱਤਾ ਦੀਆਂ ਪੌੜੀਆਂ ਚੜ੍ਹਨਾ ਚਾਹੁੰਦੇ ਹਨ, ਨਾ ਕਿ ਪੰਥਕ ਸਿਧਾਂਤਾਂ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੇ ਹਨ।

ਅੱਜ ਪੰਜਾਬ ਦੇ ਸਾਹਮਣੇ ਸਭ ਤੋਂ ਵੱਡੇ ਸੰਕਟ ਆਰਥਿਕਤਾ, ਨੌਜਵਾਨਾਂ ਦਾ ਪਲਾਇਨ, ਖੇਤੀ ਇੰਡਸਟਰੀ ਦੀ ਘਾਟ, ਸਿਹਤ ਸਹੂਲਤਾਂ ਦੀ ਘਾਟ, ਡਿੱਗ ਰਿਹਾ ਪਾਣੀ ਦਾ ਪੱਧਰ ਅਤੇ ਨਸ਼ੇ ਹਨ। ਇਨ੍ਹਾਂ ਧੜਿਆਂ ਕੋਲ ਇਨ੍ਹਾਂ ਆਧੁਨਿਕ ਸਮੱਸਿਆਵਾਂ ਦਾ ਕੋਈ ਠੋਸ ਰੋਡਮੈਪ ਨਹੀਂ ਹੈ। ਇਹ ਸਿਰਫ਼ ਜਜ਼ਬਾਤੀ ਨਾਅਰਿਆਂ ਨਾਲ ਭੀੜ ਤਾਂ ਇਕੱਠੀ ਕਰ ਸਕਦੇ ਹਨ, ਪਰ ਪੰਜਾਬ ਨੂੰ ਸਥਿਰ ਭਵਿੱਖ ਨਹੀਂ ਦੇ ਸਕਦੇ।

ਪੰਜਾਬ ਦੀ ਸਿਆਸਤ ਅਤੇ ਖਾਸ ਕਰਕੇ ਪੰਥਕ ਹਲਕਿਆਂ ਵਿੱਚ ਵਾਰਿਸ ਪੰਜਾਬ ਦੇ, ਸ਼ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਅਤੇ ਸੁਖਬੀਰ ਬਾਦਲ ਦੇ ਵਿਰੋਧ ਵਿੱਚੋਂ ਨਿਕਲੇ ਅਕਾਲੀ ਦਲ (ਸੁਧਾਰ ਲਹਿਰ/ਪੁਨਰ ਸੁਰਜੀਤ) ਵਰਗੇ ਧੜਿਆਂ ਵਿਚਾਲੇ ਚੱਲ ਰਹੀ ਖਿੱਚੋਤਾਣ ਨੇ ਇੱਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਸਿਆਸੀ ਹਿੱਤਾਂ ਤੇ ਸਿਧਾਂਤਾਂ ਦੇ ਟਕਰਾਅ ਦਰਮਿਆਨ 'ਏਕਤਾ' ਦੀਆਂ ਕੋਸ਼ਿਸ਼ਾਂ ਸਿਰਫ ਕਾਗਜ਼ੀ ਸਾਬਤ ਹੋਈਆਂ ਹਨ।

ਬੀਤੀ 18 ਅਪ੍ਰੈਲ ਨੂੰ ਜਲੰਧਰ ਵਿਖੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਦੀ ਅਗਵਾਈ ਹੇਠ ਜਿਸ ਉਮੀਦ ਨਾਲ ਇਸ ਕਮੇਟੀ ਦਾ ਗਠਨ ਕੀਤਾ ਗਿਆ ਸੀ, ਉਹ ਇੱਕ ਮਹੀਨੇ ਦੇ ਅੰਦਰ ਹੀ ਦਮ ਤੋੜ ਗਈ। ਸਿਆਸੀ ਗਲਿਆਰਿਆਂ ਵਿੱਚ ਇਹ ਚਰਚਾ ਸੀ ਕਿ ਇਹ ਗਠਜੋੜ ਹੋਰ ਛੋਟੀਆਂ ਪੰਥਕ ਪਾਰਟੀਆਂ ਨੂੰ ਨਾਲ ਲੈ ਕੇ ਇੱਕ 'ਤੀਜਾ ਫਰੰਟ' ਬਣਾਏਗਾ, ਜੋ ਚੋਣਾਂ ਵਿੱਚ ਵੱਡਾ ਉਲਟਫੇਰ ਕਰ ਸਕਦਾ ਹੈ। ਪਰ ਮੂਲ ਅਤੇ ਸਿਧਾਂਤਕ ਮੁੱਦਿਆਂ 'ਤੇ ਬਣੀ ਅਸਹਿਮਤੀ ਨੇ ਇਸ ਸੰਭਾਵਨਾ ਨੂੰ ਸ਼ੁਰੂਆਤ ਵਿੱਚ ਹੀ ਖ਼ਤਮ ਕਰ ਦਿੱਤਾ।

'ਵਾਰਿਸ ਪੰਜਾਬ ਦੇ' ਜਥੇਬੰਦੀ ਵੱਲੋਂ ਗਠਜੋੜ ਤੋੜਨ ਲਈ ਜੋ ਤਰਕ ਦਿੱਤੇ ਗਏ ਹਨ, ਉਹ ਪੰਥਕ ਰਾਜਨੀਤੀ ਦੇ ਅੰਦਰੂਨੀ ਵਿਰੋਧਾਭਾਸ ਨੂੰ ਉਜਾਗਰ ਕਰਦੇ ਹਨ:

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 2 ਦਸੰਬਰ ਨੂੰ ਜਾਰੀ ਹੋਏ ਹੁਕਮਨਾਮੇ ਮੁਤਾਬਕ ਇਹ ਤੈਅ ਹੋਇਆ ਸੀ ਕਿ ਨੈਤਿਕ ਆਧਾਰ ਗੁਆ ਚੁੱਕੇ ਆਗੂਆਂ ਨੂੰ ਅਗਵਾਈ ਤੋਂ ਦੂਰ ਰੱਖਿਆ ਜਾਵੇਗਾ। ਪਰ ਦੋਸ਼ ਹੈ ਕਿ ਅਕਾਲੀ ਦਲ (ਪੁਨਰ ਸੁਰਜੀਤ) ਨੇ ਅਜਿਹੇ ਵਿਵਾਦਿਤ ਚਿਹਰਿਆਂ ਨੂੰ ਨਾ ਸਿਰਫ਼ ਅੱਗੇ ਲਿਆਂਦਾ, ਸਗੋਂ ਅਹੁਦੇ ਅਤੇ ਕਮਾਨ ਵੀ ਸੌਂਪ ਦਿੱਤੀ।

ਦੂਜੀ ਧਿਰ ਦੀ ਲੀਡਰਸ਼ਿਪ ਵੱਲੋਂ ਲਗਾਤਾਰ ਕੀਤੀ ਜਾ ਰਹੀ ਬਿਆਨਬਾਜ਼ੀ ਨੇ ਗਠਜੋੜ ਦੀ ਬੁਨਿਆਦ ਨੂੰ ਕਮਜ਼ੋਰ ਕਰਨ ਦਾ ਕੰਮ ਕੀਤਾ।

'ਵਾਰਿਸ ਪੰਜਾਬ ਦੇ' ਦੀ ਚਾਰ ਮੈਂਬਰੀ ਕਮੇਟੀ ਮੁਤਾਬਕ, ਦੂਜੀ ਧਿਰ ਵਿੱਚ ਕਈ ਸੁਹਿਰਦ ਆਗੂ ਮੌਜੂਦ ਹਨ, ਪਰ ਉਹ ਖ਼ੁਦ ਆਪਣੀ ਲੀਡਰਸ਼ਿਪ ਅੱਗੇ ਬੇਵੱਸ ਨਜ਼ਰ ਆਏ।

"ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਦੀ ਇਹ ਸਪੱਸ਼ਟ ਭਾਵਨਾ ਹੈ ਕਿ ਪੰਥ ਤੇ ਪੰਜਾਬ ਦੀ ਅਗਵਾਈ ਸਿਰਫ਼ ਉਹੀ ਆਗੂ ਕਰਨ ਜੋ ਪੰਥ ਪ੍ਰਵਾਨਿਤ, ਇਮਾਨਦਾਰ ਤੇ ਸਾਫ਼-ਸੁਥਰੇ ਅਕਸ ਵਾਲੇ ਹੋਣ।"

ਇਸ ਤਾਲਮੇਲ ਕਮੇਟੀ ਦੇ ਭੰਗ ਹੋਣ ਨਾਲ ਸਭ ਤੋਂ ਵੱਡਾ ਨੁਕਸਾਨ ਪੰਥਕ ਵੋਟ ਬੈਂਕ ਨੂੰ ਹੋਣ ਦੇ ਆਸਾਰ ਹਨ। ਏਕੇ ਦੀ ਉਮੀਦ ਲਗਾਈ ਬੈਠੀ ਸਿੱਖ ਸੰਗਤ ਨਿਰਾਸ਼ ਹੋਵੇਗੀ ਅਤੇ ਵੋਟ ਬੈਂਕ ਦਾ ਮੁੜ ਖਿੰਡਣਾ ਤੈਅ ਹੈ, ਜਿਸ ਦਾ ਸਿੱਧਾ ਫਾਇਦਾ ਵਿਰੋਧੀ ਸਿਆਸੀ ਪਾਰਟੀਆਂ ਨੂੰ ਮਿਲੇਗਾ।

ਮੌਜੂਦਾ ਦੌਰ ਵਿੱਚ ਵਾਰਿਸ ਪੰਜਾਬ ਦੇ, ਸ਼ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸੁਖਬੀਰ ਬਾਦਲ ਦੇ ਵਿਰੋਧ ਵਿੱਚੋਂ ਨਿਕਲੇ ਧੜਿਆਂ ਅਤੇ ਪੁਨਰ ਸੁਰਜੀਤ ਵਰਗੇ ਗਰੁੱਪਾਂ ਵਿਚਾਲੇ ਚੱਲ ਰਹੀ ਇਹ ਖਿੱਚੋਤਾਣ ਸਿੱਖ ਸਿਆਸਤ ਦੇ ਡਿੱਗ ਰਹੇ ਮਿਆਰ ਦੀ ਗਵਾਹੀ ਭਰਦੀ ਹੈ। ਜਿਸ ਸਮਝੌਤੇ ਦੀ ਉਮੀਦ ਕੀਤੀ ਜਾ ਰਹੀ ਸੀ, ਉਸ ਦਾ ਇਸ ਤਰ੍ਹਾਂ ਅਸਫ਼ਲ ਹੋਣਾ ਇਹ ਸਾਫ਼ ਕਰਦਾ ਹੈ ਕਿ ਪਰਦੇ ਦੇ ਪਿੱਛੇ ਦੀ ਲੜਾਈ ਸਿਧਾਂਤਾਂ ਦੀ ਘੱਟ ਅਤੇ ਆਪਣੀ-ਆਪਣੀ 'ਸਿਆਸੀ ਹੋਂਦ' ਬਚਾਉਣ ਦੀ ਜ਼ਿਆਦਾ ਹੈ।

ਪੰਜਾਬ ਅਤੇ ਸਿੱਖ ਰਾਜਨੀਤੀ ਨੂੰ ਅੱਜ ਤਾਮਿਲਨਾਡੂ ਦੇ ਮਾਡਲ ਤੋਂ ਸਿੱਖਣ ਦੀ ਲੋੜ ਹੈ। ਜਦੋਂ ਤੱਕ ਪੰਜਾਬ ਦੀ ਸਿਆਸਤ ਵਿੱਚ ਨਿੱਜੀ ਹਿੱਤਾਂ ਨੂੰ ਤਿਆਗ ਕੇ 'ਸਿਧਾਂਤਾਂ ਦੀ ਵਾਪਸੀ' ਨਹੀਂ ਹੁੰਦੀ, ਉਦੋਂ ਤੱਕ ਪੰਜਾਬ ਦਾ ਰਾਜਨੀਤਿਕ ਮੁਕੱਦਰ ਨਹੀਂ ਬਦਲ ਸਕਦਾ। ਅਕਾਲੀ ਦਲ ਸਮੇਤ ਸਮੂਹ ਪੰਜਾਬੀ ਲੀਡਰਸ਼ਿਪ ਲਈ ਇਹ ਆਤਮ-ਮੰਥਨ ਦਾ ਆਖਰੀ ਮੌਕਾ ਹੈ।

# 20ਵੀਂ ਸਦੀ ਦੇ ਉੱਘੇ ਕੀਰਤਨੀਏ-ਰਾਗੀ ਭਾਈ ਜਵਾਲਾ ਸਿੰਘ

(29 ਮਈ) – ਬਰਸੀ 'ਤੇ ਵਿਸ਼ੇਸ਼–



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਗੁਰਬਾਣੀ ਕੀਰਤਨ ਨੂੰ ਪੀੜ੍ਹੀ ਦਰ ਪੀੜ੍ਹੀ ਘਰ-ਘਰ ਪਹੁੰਚਾਉਣ ਵਾਲੇ ਸਿੱਖ ਪੰਥ ਦੇ ਸਤਿਕਾਰਤ ਕੀਰਤਨੀਏ ਰਾਗੀ ਭਾਈ ਜਵਾਲਾ ਸਿੰਘ ਨੂੰ ਹਰੇਕ ਕੀਰਤਨ ਰਸੀਆ ਅੱਜ ਵੀ ਯਾਦ ਕਰਦਾ ਹੈ। ਦਸਾਂ ਨੌਹਾਂ ਦੀ ਕਿਰਤ ਕਰਕੇ ਗੁਜ਼ਾਰਾ ਕਰਦਿਆਂ, ਹਿਰਦੇ ਘਰ ਵਿੱਚੋਂ ਨਿਕਲੀਆਂ ਕੀਰਤਨ ਦੀਆਂ ਧੁਨਾਂ ਤੇ ਰੀਤਾਂ ਨੂੰ ਗਾਇਨ ਕਰਦਿਆਂ, ਤੰਤੀ ਸਾਜ, ਸਿਰੰਦੇ ਦੇ ਸਾਜ, ਬਾਕੀ ਸਾਜਾਂ ਨੂੰ ਮੋਢਿਆਂ 'ਤੇ ਚੁੱਕ ਕੇ ਪੈਦਲ ਚੱਲਦਿਆਂ ਜੀਵਨ ਭਰ ਕੀਰਤਨ ਕੀਤਾ। ਪਿੰਡਾਂ, ਸ਼ਹਿਰਾਂ ਨੂੰ ਆਉਣ ਜਾਣ ਦੇ ਸਾਧਨ ਨਹੀਂ ਸਨ। ਸਾਂਝੇ ਪੰਜਾਬ ਵਿੱਚ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਪਹਿਲਾਂ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਭਾਈ ਜਵਾਲਾ ਸਿੰਘ ਨੇ ਕੀਰਤਨ ਕਰਦਿਆਂ ਆਪਣੇ ਬਹੁਮੁੱਲੇ ਵਿਚਾਰਾਂ ਦੁਆਰਾ ਗੁਰਧਾਮਾਂ ਦੀ ਮਾਣ-ਮਰਿਯਾਦਾ ਅਤੇ ਸਿੱਖ ਸਿਧਾਂਤਾਂ ਦਾ ਜਿਹੜਾ ਪ੍ਰਚਾਰ ਕੀਤਾ, ਉਸ ਦਾ ਜ਼ਿਕਰ ਅੱਜ ਵੀ ਕਰਨਾ ਬਣਦਾ ਹੈ। 20ਵੀਂ ਸਦੀ ਦੇ ਪਹਿਲੇ ਅੱਜ ਦੇ ਬਿਖੜੇ ਸਮੇਂ ਜਦੋਂ ਕੋਈ ਸੁੱਖ ਸਹੂਲਤਾਂ ਵੀ ਨਹੀਂ ਸਨ। ਗੁਰਦੁਆਰਾ ਸਾਹਿਬਾਨ ਤੇ ਧਰਮਸ਼ਾਲਾਵਾਂ ਦੀਆਂ ਇਮਾਰਤਾਂ ਅੱਧ-ਕੱਚੀਆਂ ਸਨ, ਆਉਣ ਜਾਣ ਦੇ ਸਾਧਨ ਵੀ ਹੁਣ ਵਰਗੇ ਨਹੀਂ ਸਨ, ਸਾਂਝੇ ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿੱਚ ਪੈਦਲ, ਬੈਲ-ਗੱਡੀਆਂ, ਊਠਾਂ-ਘੋੜਿਆਂ ਰਾਹੀਂ ਸਫ਼ਰ ਕਰਨਾ ਪੈਂਦਾ ਸੀ। ਭਾਈ ਸਾਹਿਬ ਆਪਣੇ ਕੀਰਤਨੀ ਜਥੇ ਨਾਲ ਆਪਣੇ ਪਿੰਡ ਸੈਦਪੁਰ (ਨੇੜੇ ਠੱਠਾ ਟਿੱਬਾ) ਜ਼ਿਲ੍ਹਾ ਕਪੂਰਥਲਾ ਤੋਂ ਸਮੁੱਚੇ ਦੇਸ਼ ਵਿੱਚ ਕੀਰਤਨ ਦੀ ਅਮੋਲਕ ਦਾਤ ਵੰਡਣ ਲਈ ਦਿਨ ਰਾਤ ਸਫ਼ਰ ਕਰਦੇ ਸਨ। ਗੁਰਸਿੱਖ ਸਿਧਾਂਤਾਂ ਨਾਲ ਪਿਆਰ ਕਰਨ ਵਾਲਾ ਹਰ ਗੁਰਸਿੱਖ ਉਨ੍ਹਾਂ ਨਾਲ ਪਿਆਰ ਕਰਦਾ ਸੀ। ਗੁਰਦੁਆਰਾ ਸੁਧਾਰ ਲਹਿਰ ਵਿੱਚ ਸ਼ਹੀਦ ਹੋਣ ਵਾਲੇ ਸ਼ਹੀਦਾਂ ਦੇ ਘਰਾਂ ਵਿੱਚ ਗੁਰਬਾਣੀ ਕੀਰਤਨ ਨਾਲ ਪਰਿਵਾਰਾਂ ਨੂੰ ਢਾਰਸ ਤੇ ਅਰਦਾਸ ਲਈ ਪੁੱਜਣਾ ਭਾਈ ਜਵਾਲਾ ਸਿੰਘ ਆਪਣਾ ਫਰਜ ਸਮਝਦੇ ਸਨ। ਇਸੇ ਕਰਕੇ ਗੁਰਦੁਆਰਾ ਸੁਧਾਰ ਲਹਿਰ ਨਾਲ ਜੁੜਿਆ ਹਰ ਸਿੱਖ ਆਗੂ ਭਾਈ ਸਾਹਿਬ ਨਾਲ ਅਥਾਹ ਪਿਆਰ ਕਰਦਾ ਸੀ। ਉਨ੍ਹਾਂ ਦਾ ਸਿਰੰਦਾ ਅੱਜ ਵੀ ਕੇਂਦਰੀ ਸਿੱਖ ਮਿਊਜ਼ੀਅਮ ਵਿੱਚ ਸਾਂਭਿਆ ਹੋਇਆ ਹੈ। ਰਾਗੀ ਭਾਈ ਜਵਾਲਾ ਸਿੰਘ ਦੇ ਦੋਵੇਂ ਸਪੁੱਤਰ ਸੱਚਖੰਡ ਵਾਸੀ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਦਿੱਲੀ ਵਾਲੇ ਲਗਾਤਾਰ 40-50 ਸਾਲ ਗੁਰ-ਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਤੇ ਹੋਰ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਸੇਵਾ ਨਿਭਾਉਂਦੇ ਰਹੇ। ਜੋ ਆਪਣੇ ਸਮੇਂ ਦੇ ਨਾਮਵਰ ਕੀਰਤਨੀਏ ਸਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਨੇ ਭਾਈ ਜਵਾਲਾ ਸਿੰਘ ਦੀਆਂ ਪੁਰਾਤਨ ਰੀਤਾਂ ਨੂੰ ਇਨ੍ਹਾਂ ਦੇ ਦੋਹਾਂ ਸਪੁੱਤਰਾਂ ਤੋਂ ਗਾਇਨ ਕਰਵਾ ਕੇ ਸੰਭਾਲਣ ਦਾ ਯਤਨ ਕੀਤਾ ਹੈ। ਨਾਲ ਹੀ ਇਨ੍ਹਾਂ ਪੁਰਾਤਨ ਰੀਤਾਂ ਨੂੰ ਗੁਰਮਤਿ ਰੀਤ ਰਤਨਾਵਲੀ ਪੁਸਤਕ ਦੋ ਭਾਗਾਂ ਵਿੱਚ ਭਵਿੱਖ ਦੇ ਕੀਰਤਨੀਆਂ ਤੇ ਰਾਗੀਆਂ ਲਈ ਪ੍ਰਕਾਸ਼ਤ ਕਰਵਾਈ ਗਈ।



ਰਾਗੀ ਭਾਈ ਜਵਾਲਾ ਸਿੰਘ ਤੇ ਸਾਥੀ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਕੀਰਤਨ ਕਰਦੇ ਹੋਏ

ਅੱਜ ਵੀ ਇਹ ਪਰਿਵਾਰ ਗੁਰਬਾਣੀ ਕੀਰਤਨ ਦੇ ਮੰਨੇ-ਪ੍ਰਮੰਨੇ ਸੰਗੀਤਕ ਘਰਾਣੇ ਵਜੋਂ ਕੀਰਤਨ ਦੀ ਸੇਵਾ ਨੂੰ ਸਮਰਪਿਤ ਹੈ। ਭਾਈ ਜਵਾਲਾ ਸਿੰਘ ਦਾ ਜਨਮ ਭਾਈ ਦੇਵਾ ਸਿੰਘ ਦੇ ਘਰ ਸੈਦਪੁਰ (ਕਪੂਰਥਲਾ) ਵਿਖੇ 1872 ਈ: ਵਿੱਚ ਹੋਇਆ। ਆਪਣੇ ਪਿਤਾ ਜੀ ਵਾਂਗ ਪਰਿਵਾਰ ਦੇ ਨਿਰਬਾਹ ਲਈ ਖੇਤੀ-ਬਾੜੀ ਦਾ ਧੰਦਾ ਵੀ ਕੀਤਾ। ਭਾਈ ਜਵਾਲਾ ਸਿੰਘ ਦੇ ਦਾਦਾ ਜੀ ਭਾਈ ਪੰਜਾਬ ਸਿੰਘ ਵੀ ਆਪਣੇ ਸਮੇਂ ਦੇ ਪ੍ਰਸਿੱਧ ਰਾਗੀ ਸਨ। ਭਾਈ ਸਾਹਿਬ ਨੂੰ ਕਲਾਸੀਕਲ ਤੇ ਗੁਰਮਤਿ ਸੰਗੀਤ ਦੀ ਗੁੜ੍ਹਤੀ ਪਰਿਵਾਰ ਵਿੱਚੋਂ ਹੀ ਮਿਲੀ। ਆਪਣੇ ਪਿੰਡ ਦੇ ਗ੍ਰੰਥੀ ਸਿੰਘ ਤੋਂ ਗੁਰਮੁਖੀ ਦਾ ਗਿਆਨ ਪ੍ਰਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਪ੍ਰਾਪਤ ਕੀਤੀ। ਪਿੱਛੋਂ ਫਿਰੋਜ਼ਪੁਰ ਜ਼ਿਲ੍ਹੇ ਦੇ ਇਕ ਪਿੰਡ ਦੇ ਨਿਰਮਲੇ ਸੰਤਾਂ ਦੇ ਡੇਰੇ ਵਿੱਚ ਕੀਰਤਨ ਦੀ ਸਿੱਖਲਾਈ ਪ੍ਰਾਪਤ ਕੀਤੀ। ਇਸ ਤੋਂ ਬਾਅਦ ਅੰਮ੍ਰਿਤਸਰ ਪੁੱਜ ਕੇ ਭਾਈ ਵਸਾਵਾ ਸਿੰਘ ਦੇ ਸ਼ਗਿਰਦ ਬਣੇ। ਹਰ ਸ਼ਹੀਦੀ ਸਾਕੇ ਬਾਅਦ ਵੈਰਾਗਮਈ ਕੀਰਤਨ ਕਰਦਿਆਂ ਸੰਗਤ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ। ਅਣਵੰਡੇ ਪੰਜਾਬ ਦੇ ਉੱਘੇ ਸੰਤ ਮਹਾਂਪੁਰਸ਼ਾਂ ਦੇ ਅਸਥਾਨਾਂ 'ਤੇ ਕਈ-ਕਈ ਦਿਨ ਠਹਿਰ ਕੇ ਕੀਰਤਨ ਦੀਆਂ ਛਹਿਬਰਾਂ ਲਾਉਂਦੇ ਰਹੇ। ਇਸੇ ਕਰਕੇ ਨਿਰਮਲੇ, ਉਦਾਸੀ, ਨਿਹੰਗ ਸਿੰਘ, ਸੇਵਾ-ਪੰਥੀ ਤੇ ਕਾਰਸੇਵਾ ਵਾਲਿਆਂ ਦੇ ਸਾਰੇ ਅਸਥਾਨਾਂ ਤੋਂ ਭਰਪੂਰ ਪਿਆਰ ਪ੍ਰਾਪਤ ਕਰਦੇ ਸਨ।

ਭਾਈ ਸਾਹਿਬ ਦੀ ਤੀਜੀ ਤੇ ਚੌਥੀ ਪੀੜ੍ਹੀ ਵਿੱਚ ਇੰਜੀਨੀਅਰ ਭਾਈ ਕੁਲਤਾਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਅਤੇ ਕਲਾਸੀਕਲ ਅਤੇ ਸ਼ਾਸਤਰੀ ਸੰਗੀਤ ਕਲਾ ਨੂੰ ਪ੍ਰਚਾਰਨ ਵਾਲੇ ਭਾਈ ਬਲਦੀਪ ਸਿੰਘ ਦਿੱਲੀ ਦੇਸ਼ ਵਿਦੇਸ਼ ਵਿੱਚ ਵਿਚਰ ਕੇ ਸੇਵਾ ਨਿਭਾ ਰਹੇ ਹਨ। ਸਮੁੱਚੇ ਪੰਥ ਨੂੰ ਕੀਰਤਨ ਦੀਆਂ ਮਧੁਰ ਧੁਨਾਂ ਨਾਲ ਜੋੜਨ ਵਾਲੇ ਭਾਈ ਜਵਾਲਾ ਸਿੰਘ 29 ਮਈ, 1952 ਈ: ਵਿੱਚ ਗੁਰਬਾਣੀ ਕੀਰਤਨ ਦੇ ਆਪਣੇ ਪਿਆਰੇ ਸਰੋਤਿਆਂ ਨੂੰ ਸਦੀਵੀ ਵਿਛੋੜਾ ਦੇ ਗਏ। ਅੱਜ ਉਨ੍ਹਾਂ ਦੀ 74ਵੀਂ ਯਾਦ ਵਿੱਚ ਸਮੁੱਚਾ ਸਿੱਖ ਜਗਤ ਉਨ੍ਹਾਂ ਵੱਲੋਂ ਪਾਏ ਯੋਗਦਾਨ ਨੂੰ ਯਾਦ ਕਰ ਰਿਹਾ ਹੈ।

## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਪੀਟਰਬਰੋ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ

ਪੀਟਰਬਰੋ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ, ਕੰਮ ਦਾ ਵੇਰਵਾ, ਯੋਗਤਾ ਅਤੇ ਸ਼ਰਤਾਂ ਹੇਠਾਂ ਲਿਖੇ ਅਨੁਸਾਰ ਹਨ: **ਸਥਾਨ:–** ਪੀਟਰਬਰੋ ਵਿਖੇ

**ਮੁੱਖ ਕੰਮ:–** ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਕਰਨਾ ਅਤੇ ਅਖੰਡ ਪਾਠ ਕਰਨ ਜਾਣਦਾ ਹੋਵੇ।

**ਸਮਾਂ:–** ਦੋ ਸਾਲ ਲਈ ਸਵੇਰੇ ਸ਼ਾਮ ਸੇਵਾ, (ਕੰਮ 28 ਘੰਟੇ ਪ੍ਰਤੀ ਹਫ਼ਤਾ)।

ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ।

**ਸ਼ਰਤਾਂ:–** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਰਸੋਈ ਵਿੱਚ ਪ੍ਰਸ਼ਾਦ ਬਨਾਉਣ ਦੀ ਸੇਵਾ ਵੀ ਕਰ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ । ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।

**ਬੰਦ ਹੋਣ ਦੀ ਤਾਰੀਕ:–** ਗਿਆਨਵਾਨ ਅਤੇ ਤਜ਼ਰਬੇਕਾਰ ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਲਿਖਤੀ ਅਰਜ਼ੀਆਂ 5 ਜੂਨ 2026 ਤੋਂ ਪਹਿਲਾਂ ਭੇਜਣ ਦੀ ਕ੍ਰਿਪਾ ਕਰਨ। ਜਾਂ ਅਮਰੀਕ ਸਿੰਘ ਨੂੰ ਈਮੇਲ ਰਾਹੀਂ ਭੇਜੋ।

## Vacancy for (Tier - 5) Religious worker

**Main Duties:** Performing Kirtan (Hymn Singing), Nitnem, Sukhmani Sahib Paath, Akhand Paath Kirtan in Morning and Evening.

**Location:** **Peterborough.**

**Duration & Remuneration:** **24 months. Attractive Salary will be according to UK employment Law. Job related accomodation shall be provided.**

**Requirements:** Should be able to perform Kirtan and carry out other religious activities as listed in main duties. Must be able to carryout making Parsaad. Must read and speak Punjabi. Must have sufficient experience. Work reference required from previous employer. Must have right to work in U.K.

*Candidates with knowledge and experience Please apply with 'cv' to*
**Email:sangha.amrik@btinternet.com** ***before 5th June 2026***

**SRI GURU SINGH SABHA GURDWARA, PETERBOROUGH**
**NEWARK ROAD, PETERBOROUGH, PE1 5XS, U.K.**
***For Information contact:*** **Amrik Singh Sangha: 07979 706505**

## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: M: 07966 388 388**

ਗੁਰਮੀਤ ਸਿੰਘ ਪਲਾਹੀ
-9815802070

# ਸਿਆਸਤ ਵਿੱਚ ਜਵਾਬਦੇਹੀ, ਨੈਤਿਕਤਾ ਅਤੇ ਆਦਰਸ਼ਾਂ ਦਾ ਘਾਣ

**ਨੈਤਿਕਤਾ, ਆਦਰਸ਼ ਅਤੇ ਜਵਾਬਦੇਹੀ ਦੀ ਬਾਤ ਇਕੱਲੀ 'ਨੀਟ' ਦੀ ਪ੍ਰੀਖਿਆ ਤੱਕ ਹੀ ਸੀਮਤ ਨਹੀਂ ਹੈ। ਇਹ ਨੈਤਿਕਤਾ ਅਤੇ ਜਵਾਬਦੇਹੀ ਦਾ ਸਵਾਲ ਸਿੱਧਾ ਦੇਸ਼ ਦੇ ਸਭ ਤੋਂ ਵੱਡੇ ਹਾਕਮ ਦੇ ਕਿਰਦਾਰ ਤੱਕ ਪੁੱਜਦਾ ਹੈ। ਉਹ ਹਾਕਮ, ਜਿਹੜਾ ਆਮ ਲੋਕਾਂ ਨੂੰ ਵਿਦੇਸ਼ ਯਾਤਰਾਵਾਂ ਨਾ ਕਰਨ ਦੀ ਸਲਾਹ ਦਿੰਦਾ ਹੈ ਅਤੇ ਪੈਟਰੋਲ ਦੀ ਬਚਤ ਕਰਨ ਦੇ ਉਪਦੇਸ਼ ਦਿੰਦਾ ਹੈ, ਉਹ ਖ਼ੁਦ ਪੰਜ-ਪੰਜ ਦੇਸ਼ਾਂ ਦੀਆਂ ਯਾਤਰਾਵਾਂ 'ਤੇ ਨਿਕਲ ਜਾਂਦਾ ਹੈ। ਸਰਕਾਰੀ ਖ਼ਰਚਿਆਂ ਦੀ ਹੱਦ ਵੇਖੋ ਕਿ ਕਿਸੇ ਪ੍ਰੋਜੈਕਟ ਦਾ ਉਦਘਾਟਨ ਕਰਨ ਜਾਂ ਸੌਂਹ ਚੁੱਕ ਸਮਾਗਮਾਂ ਲਈ ਲਗਭਗ ਹਰ ਦੂਜੇ ਦਿਨ ਦੇਸ਼ ਦੇ ਕਿਸੇ ਨਾ ਕਿਸੇ ਕੋਨੇ ਲਈ ਹਵਾਈ ਉਡਾਨਾਂ ਭਰੀਆਂ ਜਾਂਦੀਆਂ ਹਨ।**



ਅਸਲ ਵਿੱਚ ਨੈਤਿਕਤਾ ਅਤੇ ਆਦਰਸ਼ ਇਹੋ ਜਿਹੇ ਸ਼ਬਦ ਹਨ, ਜਿਨ੍ਹਾਂ ਨੂੰ ਨਿਭਾਉਣ ਲਈ ਜਵਾਬਦੇਹੀ ਦਾ ਡਰ ਹੋਣਾ ਬੇਹੱਦ ਜ਼ਰੂਰੀ ਹੈ, ਪਰ ਭਾਰਤੀ ਸਿਆਸਤਦਾਨਾਂ ਨੇ ਇਸ ਨੂੰ ਬਿਲਕੁਲ ਭੁਲਾ ਦਿੱਤਾ ਹੈ। ਕੀ ਅੱਜ ਜਵਾਬਦੇਹੀ, ਨੈਤਿਕਤਾ ਅਤੇ ਆਦਰਸ਼ਾਂ ਦੀ ਗੱਲ ਕਰਨ ਦਾ ਸਮਾਂ ਨਹੀਂ ਆ ਗਿਆ? ਇਨ੍ਹਾਂ ਤਿੰਨਾਂ ਕਦਰਾਂ-ਕੀਮਤਾਂ ਦਾ ਭੰਡਾਰ ਤਾਂ ਸੱਤਾ ਪੱਖ ਵੱਲੋਂ ਖ਼ਤਮ ਹੋਇਆ ਪ੍ਰਤੀਤ ਹੁੰਦਾ ਹੈ। ਇੱਕ ਨਹੀਂ ਬੋਲਿਆ, ਦੋ ਨਹੀਂ ਬੋਲੇ, ਤਿੰਨ ਨਹੀਂ ਬੋਲੇ... ਅਤੇ ਜੇਕਰ ਕੋਈ ਵੀ ਕੁਝ ਨਹੀਂ ਬੋਲੇਗਾ, ਤਾਂ ਫਿਰ ਹਾਕਮ ਧਿਰ ਦੀ ਤਾਂ ਕੋਈ ਗ਼ਲਤੀ ਹੀ ਨਜ਼ਰ ਨਹੀਂ ਆਵੇਗੀ।

ਜੇਕਰ ਅਸੀਂ ਸਹੀ ਹੋਣ ਦੇ ਬਹੁਮਤ ਵਾਲੀ ਦਲੀਲ ਨੂੰ ਮੰਨ ਵੀ ਲਈਏ, ਤਾਂ ਵੀ 'ਨੀਟ' ਦੇ ਇਮਤਿਹਾਨ ਵਿੱਚ ਜੋ ਧੋਖਾਧੜੀ ਹੋਈ ਹੈ, ਉਸ ਉੱਤੇ ਆਪਣੀ ਜ਼ਿੰਮੇਵਾਰੀ ਤੋਂ ਚੁੱਪ ਵੱਟ ਕੇ ਹਾਕਮ ਧਿਰ ਨੇ ਮਾਮਲਾ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਦ ਸਰਕਾਰ ਹਰ ਪਾਸੇ ਬਚਤ ਦੀ ਗੱਲ ਕਰਦੀ ਹੈ ਅਤੇ ਦੂਜੇ ਮੁਲਕਾਂ ਵਿੱਚ ਨੇਤਾਵਾਂ ਤੋਂ ਲੈ ਕੇ ਜੱਜਾਂ ਤੱਕ ਦੇ ਸਾਈਕਲ 'ਤੇ ਦਫ਼ਤਰ ਜਾਣ ਦੀਆਂ ਮਿਸਾਲਾਂ ਸੁਣੀਆਂ ਜਾਂਦੀਆਂ ਹਨ, ਉੱਥੇ ਸਾਡੇ ਦੇਸ਼ ਵਿੱਚ ਨੀਟ ਇਮਤਿਹਾਨ ਦੁਬਾਰਾ ਲਿਆ ਜਾ ਰਿਹਾ ਹੈ। ਇਸ ਦੁਬਾਰਾ ਹੋਣ ਵਾਲੇ ਇਮਤਿਹਾਨ ਵਿੱਚ ਲੱਗਣ ਵਾਲੇ ਅਰਬਾਂ-ਖਰਬਾਂ ਰੁਪਈਆਂ ਦਾ ਬੋਝ ਦੇਸ਼ ਦੀ ਆਮ ਜਨਤਾ ਦੀ ਜੇਬ 'ਤੇ ਪਵੇਗਾ। ਇਹ ਸਿਰੇ ਦੀ ਉਸ ਮਹਿਕਮੇ ਦੀ ਨਾਕਾਮੀ ਨਹੀਂ ਹੈ, ਜਿਹੜਾ ਇਹ ਇਮਤਿਹਾਨ ਆਯੋਜਿਤ ਕਰਦਾ ਹੈ? ਪਰ ਉਸ ਵਿਭਾਗ ਦੇ ਮੰਤਰੀ ਦੇ ਮੂੰਹੋਂ ਅਸਤੀਫ਼ੇ ਦੀ ਗੱਲ ਨਿਕਲਣੀ ਤਾਂ ਦੂਰ, ਜ਼ਿੰਮੇਵਾਰੀ ਕਬੂਲਣ ਤੱਕ ਦੀ ਕਾਰਵਾਈ ਵੀ ਦੇਖਣ ਨੂੰ ਨਹੀਂ ਮਿਲੀ। ਕੀ ਇਹ ਗ਼ੈਰ-ਜ਼ੁੰਮੇਵਾਰੀ ਦੀ ਹੱਦ ਨਹੀਂ ਹੈ?

ਇਸ ਸਮੁੱਚੇ ਘਟਨਾਕ੍ਰਮ 'ਤੇ ਗੱਲ ਕਰਦਿਆਂ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਦੇ ਉਹ ਬੋਲ ਯਾਦ ਆਉਂਦੇ ਹਨ, ਜਿਨ੍ਹਾਂ ਕੁਝ ਸਮਾਂ ਪਹਿਲਾਂ ਆਖਿਆ ਸੀ- "ਸਾਡੀ ਸਰਕਾਰ ਵਿੱਚ ਅਸਤੀਫ਼ੇ ਨਹੀਂ ਹੁੰਦੇ, ਇਹ ਯੂ.ਪੀ.ਏ. ਵਿੱਚ ਹੁੰਦਾ ਸੀ।" ਇਨ੍ਹਾਂ ਸ਼ਬਦਾਂ ਦਾ ਸਿੱਧਾ ਤੇ ਸਪਸ਼ਟ ਅਰਥ ਕੀ ਹੈ? ਕੀ ਇਹੋ ਕਿ ਸਾਡੀ ਸਰਕਾਰ ਵਿੱਚ ਕੋਈ ਜਵਾਬਦੇਹੀ, ਕੋਈ ਨੈਤਿਕਤਾ ਨਹੀਂ ਹੈ ਅਤੇ ਇਹ ਸਭ ਕਦਰਾਂ-ਕੀਮਤਾਂ ਸਿਰਫ਼ ਯੂ.ਪੀ.ਏ. ਸਰਕਾਰ ਦੇ ਹਿੱਸੇ ਹੀ ਆਈਆਂ ਸਨ? ਜਦਕਿ ਰਾਜਗ ਸਰਕਾਰ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਉੱਤੇ ਅਤੇ ਮੁਕਤ ਹੈ। ਕੀ ਅਸਲ ਵਿੱਚ ਇਹ ਸ਼ਬਦ ਮੌਜੂਦਾ ਸਰਕਾਰ ਦੇ ਕੰਮਕਾਜ ਵਿੱਚ ਪੱਥਰ 'ਤੇ ਲਕੀਰ ਵਾਂਗ ਸੱਚ ਸਾਬਤ ਹੁੰਦੇ ਨਹੀਂ ਦਿਖਾਈ ਦੇ ਰਹੇ ਹਨ? ਸਰਕਾਰ ਦੇ ਮੰਤਰੀ ਭਾਵੇਂ ਕਿੱਡੀ ਵੀ ਵੱਡੀ ਨਾਕਾਮੀ ਦੀ ਸਿਖ਼ਰ 'ਤੇ ਪਹੁੰਚ ਜਾਣ, ਨਾ ਤਾਂ ਉਨ੍ਹਾਂ ਤੋਂ ਕੋਈ ਸਵਾਲ ਪੁੱਛਿਆ ਜਾਵੇਗਾ ਅਤੇ ਨਾ ਹੀ ਉਹ ਕਿਸੇ ਨੂੰ ਜਵਾਬ ਦੇਣ ਦੇ ਪਾਬੰਦ ਹੋਣਗੇ। ਕੀ ਇਹ ਠੀਕ ਹੈ?

ਜ਼ਮੀਨੀ ਸੱਚਾਈ ਤਾਂ ਇਹ ਹੈ ਕਿ ਜਿਹੜਾ ਮੰਤਰੀ ਆਪਣੇ ਵਿਭਾਗ ਦੇ ਕੰਮਕਾਰ ਤੋਂ ਜਿੰਨਾ ਦੂਰ ਅਤੇ ਨਿਰਲੇਪ ਰਹਿੰਦਾ ਹੈ, ਉਨਾ ਹੀ ਉਸ ਦਾ ਸਿਆਸੀ ਭਵਿੱਖ ਵਧੇਰੇ ਸੁਰੱਖਿਅਤ ਰਹਿੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਵਿਭਾਗ ਚਲਾਉਣ ਦੀ ਅਸਲ ਜ਼ਿੰਮੇਵਾਰੀ ਸਿੱਧੀ 'ਪ੍ਰਧਾਨ ਮੰਤਰੀ ਦਫ਼ਤਰ' (ਪੀ. ਐੱਮ. ਓ.) ਦੀ ਹੈ, ਜੋ ਕਿਸੇ ਵੀ ਮੰਤਰੀ ਦੀ ਆਪਣੇ ਹੀ ਵਿਭਾਗ ਵਿੱਚ ਬਹੁਤੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰਦਾ। ਉਂਝ ਵੀ, ਜਦੋਂ ਦੇਸ਼ ਹਰ ਵੇਲੇ 'ਚੋਣ ਮੋਡ' ਵਿੱਚ ਰਹਿੰਦਾ ਹੈ, ਤਾਂ ਵਿਭਾਗਾਂ ਦੇ ਮੰਤਰੀਆਂ ਨੂੰ ਚੋਣਾਂ ਜਿੱਤਣ ਲਈ ਇੱਕ ਫ਼ੌਜੀ ਅਫ਼ਸਰ ਵਾਂਗ ਉਨ੍ਹਾਂ ਸੂਬਿਆਂ ਵਿੱਚ ਤੈਨਾਤ ਕਰ ਦਿੱਤਾ ਜਾਂਦਾ ਹੈ, ਜਿੱਥੇ ਚੋਣਾਂ ਦਾ ਐਲਾਨ ਹੁੰਦਾ ਹੈ। ਇਹ ਮੰਤਰੀ ਉਸ ਸੂਬੇ ਦੇ ਚੋਣ ਨਤੀਜਿਆਂ ਤੱਕ ਉੱਥੇ ਹੀ ਡਟੇ ਰਹਿੰਦੇ ਹਨ। ਹਾਂ, ਕਦੇ-ਕਦੇ ਉਹ ਦਿੱਲੀ ਦਾ ਇੱਕ 'ਪਹਿਲਵਾਨੀ ਗੇੜਾ' ਜ਼ਰੂਰ ਮਾਰਦੇ ਹਨ, ਤਾਂ ਜੋ ਗ਼ੈਰ-ਚੋਣਵੇਂ ਕੰਮਕਾਜ ਵਿੱਚ ਹਾਜ਼ਰੀ ਲਵਾਈ ਜਾ ਸਕੇ ਜਾਂ ਫਿਰ ਮਜਬੂਰੀ ਵੱਸ ਪਾਰਲੀਮੈਂਟ ਦੇ ਇਜਲਾਸ ਵਿੱਚ ਕੁਝ ਸਮਾਂ ਗੁਜ਼ਾਰਿਆ ਜਾ ਸਕੇ।

ਜੇਕਰ ਅਸੀਂ ਇਤਿਹਾਸ ਦੇ ਪੰਨੇ ਫਰੋਲੀਏ, ਤਾਂ ਸਾਲ 2024 ਵਿੱਚ 'ਰਾਸ਼ਟਰੀ ਪ੍ਰੀਖਿਆ ਏਜੰਸੀ' (ਯੂਜੀ) ਨੇ 5 ਮਈ ਨੂੰ ਨੀਟ ਪ੍ਰੀਖਿਆ ਕਰਵਾਈ ਸੀ। ਪ੍ਰੀਖਿਆ ਖ਼ਤਮ ਹੋਣ ਦੇ ਕੁਝ ਘੰਟਿਆਂ ਅੰਦਰ ਹੀ ਪੇਪਰ ਲੀਕ ਹੋਣ ਦੀਆਂ ਖ਼ਬਰਾਂ ਸੋਸ਼ਲ ਮੀਡੀਆ 'ਤੇ ਜੰਗਲ ਦੀ ਅੱਗ ਵਾਂਗ ਫੈਲ ਗਈਆਂ। ਖ਼ੁਲਾਸਾ ਹੋਇਆ ਕਿ ਇੱਕ-ਇੱਕ ਪੇਪਰ 30 ਤੋਂ 50 ਲੱਖ ਰੁਪਏ ਵਿੱਚ ਵੇਚਿਆ ਗਿਆ। ਨਤੀਜਾ ਇਹ ਨਿਕਲਿਆ ਕਿ ਵਿਦਿਆਰਥੀਆਂ ਨੇ ਅਸਾਧਾਰਨ ਤੌਰ 'ਤੇ 720 ਵਿੱਚੋਂ 720 ਪੂਰੇ ਅੰਕ ਪ੍ਰਾਪਤ ਕਰ ਲਏ। ਜਦੋਂ ਵਿਵਾਦ ਵਧਿਆ, ਤਾਂ ਸ਼ੱਕੀ ਵਿਦਿਆਰਥੀਆਂ ਦੀ ਮੁੜ-ਪ੍ਰੀਖਿਆ ਕਰਵਾਈ ਗਈ, ਜਿੱਥੇ ਕਈਆਂ ਦੇ ਅੰਕ 718 ਜਾਂ 719 ਆਏ, ਜੋ ਕਿ ਨੀਟ ਦੀ ਮਾਰਕਿੰਗ ਸਕੀਮ ਮੁਤਾਬਕ ਪੂਰੀ ਤਰ੍ਹਾਂ ਗ਼ੈਰ-ਵਿਹਾਰਕ ਅਤੇ ਅਸੰਭਵ ਸਨ। ਇਸ ਤੋਂ ਬਾਅਦ ਇਹ ਇਮਤਿਹਾਨ ਸਿਆਸੀ ਦੰਗਲ ਦਾ ਮੈਦਾਨ ਬਣ ਗਿਆ। ਮਾਮਲਾ ਸੁਪਰੀਮ ਕੋਰਟ ਪਹੁੰਚਿਆ, ਪਰ ਉਸ ਸਮੇਂ ਕੋਰਟ ਨੇ ਪੇਪਰ ਲੀਕ ਨੂੰ 'ਖੇਤਰੀ' ਮੰਨਦਿਆਂ ਪੂਰੇ ਦੇਸ਼ ਵਿੱਚ ਮੁੜ ਪ੍ਰੀਖਿਆ ਕਰਵਾਉਣ ਤੋਂ ਇਨਕਾਰ ਕਰ ਦਿੱਤਾ।

ਪਰ ਅਫ਼ਸੋਸ! ਦੋ ਸਾਲਾਂ ਬਾਅਦ, ਜਦੋਂ ਨੀਟ ਪ੍ਰੀਖਿਆ ਦੇ ਪੇਪਰ ਲੀਕ ਹੋਣ ਦੀ ਖ਼ਬਰ ਆਉਂਦੀ ਹੈ, ਤਾਂ ਪਤਾ ਲੱਗਦਾ ਹੈ ਕਿ ਇੱਕ ਆਮ ਅਧਿਆਪਕ ਪੁਲਿਸ ਤੱਕ ਪਹੁੰਚਦਾ ਹੈ, ਪਰ ਕਿਸੇ ਨੇ ਵੀ ਉਸ ਦੀ ਆਵਾਜ਼ ਨੂੰ ਗੰਭੀਰਤਾ ਨਾਲ ਨਹੀਂ ਲਿਆ। ਜਦੋਂ ਦੇਸ਼ ਭਰ ਵਿੱਚ ਹੰਗਾਮਾ ਮਚਿਆ, ਤਾਂ ਪ੍ਰੀਖਿਆ ਦੁਬਾਰਾ ਕਰਵਾਉਣ ਦਾ ਐਲਾਨ ਕਰ ਦਿੱਤਾ ਗਿਆ। ਇਹ ਕਿੰਨੀ ਨਾਮੋਸ਼ੀ ਅਤੇ ਸਿਤਮ ਦੀ ਗੱਲ ਹੈ ਕਿ ਜੋ ਲੀਕ ਦੋ ਸਾਲ ਪਹਿਲਾਂ 'ਖੇਤਰੀ' ਸੀ, ਉਹ ਅੱਜ ਪੂਰੇ ਰਾਸ਼ਟਰ ਵਿੱਚ ਕੋੜ੍ਹ ਵਾਂਗ ਫੈਲ ਚੁੱਕੀ ਹੈ, ਪਰ ਕਿਸੇ ਵੀ ਮੰਤਰੀ ਜਾਂ ਉੱਚ ਹਾਕਮ ਨੇ ਅਸਤੀਫ਼ਾ ਦੇਣਾ ਜਾਂ ਜ਼ਿੰਮੇਵਾਰੀ ਲੈਣਾ ਮੁਨਾਸਿਬ ਨਹੀਂ ਸਮਝਿਆ। ਕੀ ਇਹ ਨੈਤਿਕਤਾ ਹੈ?

ਦੇਸ਼ ਦੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ 2024 ਵਿੱਚ ਬਿਆਨ ਦਿੱਤਾ ਸੀ ਕਿ 'ਪੇਪਰ ਲੀਕ ਦਾ ਕੋਈ ਸਬੂਤ ਨਹੀਂ ਮਿਲਿਆ' ਅਤੇ ਇਸ ਨੂੰ ਵਿਰੋਧੀ ਧਿਰ ਦੀ ਸਾਜ਼ਿਸ਼ ਕਰਾਰ ਦਿੰਦਿਆਂ ਕਿਹਾ ਸੀ ਕਿ ਵਿਦਿਆਰਥੀਆਂ ਨੂੰ ਭੜਕਾਇਆ ਜਾ ਰਿਹਾ ਹੈ। ਪਰ ਫਿਰ ਬਿਨਾਂ ਸਮਾਂ ਗੁਆਏ ਉਨ੍ਹਾਂ ਨੇ ਕੁਝ ਵਿਦਿਆਰਥੀਆਂ ਲਈ ਦੁਬਾਰਾ ਪ੍ਰੀਖਿਆ ਦਾ ਐਲਾਨ ਵੀ ਕਰ ਦਿੱਤਾ ਅਤੇ ਆਖਿਆ ਕਿ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਕੋਈ ਸਬੂਤ ਨਹੀਂ ਸੀ, ਤਾਂ ਪ੍ਰੀਖਿਆ ਦੁਬਾਰਾ ਕਿਉਂ ਹੋਈ? ਅਤੇ ਜੇ ਦੋਸ਼ੀ ਸਨ, ਤਾਂ ਉਨ੍ਹਾਂ ਨੂੰ ਉਦੋਂ ਕਿਉਂ ਬਖ਼ਸ਼ ਦਿੱਤਾ ਗਿਆ? ਕੀ ਗਾਰੰਟੀ ਹੈ ਕਿ ਇਸ ਦੌਰਾਨ ਪੇਪਰ ਲੀਕ ਦਾ ਇਹ ਗੋਰਖਧੰਦਾ ਬੰਦ ਰਿਹਾ ਹੋਵੇਗਾ?

ਇੰਨੇ ਵੱਡੇ ਮਸਲੇ 'ਤੇ ਹਾਕਮਾਂ ਦੀ ਇਹ ਗੂੜ੍ਹੀ ਚੁੱਪੀ ਬੇਹੱਦ ਰੜਕਦੀ ਹੈ। ਅੱਜ ਹਰ ਆਮ ਆਦਮੀ ਇੰਟਰਨੈੱਟ ਰਾਹੀਂ ਸੱਤਾ ਅਤੇ 'ਰਾਸ਼ਟਰੀ ਪ੍ਰੀਖਿਆ ਏਜੰਸੀ'(ਐੱਨ. ਟੀ. ਏ) ਦੇ ਵਜੂਦ 'ਤੇ ਸਵਾਲ ਚੁੱਕ ਰਿਹਾ ਹੈ। ਇਹ ਗੰਭੀਰ ਦੋਸ਼ ਲਾਏ ਜਾ ਰਹੇ ਹਨ ਕਿ ਇਸ ਪੂਰੇ ਖੇਡ ਵਿੱਚ ਵੱਡੇ-ਵੱਡੇ ਕੋਚਿੰਗ ਇੰਸਟੀਚਿਊਟਾਂ ਅਤੇ ਮਾਫ਼ੀਆ ਦਾ ਹੱਥ ਹੈ। ਕਿਸੇ ਵੀ ਦੇਸ਼ ਦੀ ਹਕੂਮਤ ਲਈ ਇਸ ਤੋਂ ਵੱਡੀ ਨਾਕਾਮੀ ਹੋਰ ਕੀ ਹੋ ਸਕਦੀ ਹੈ ਕਿ ਉਹ ਆਪਣੇ ਮੁਲਕ ਦੀਆਂ ਰਾਸ਼ਟਰੀ ਸੰਸਥਾਵਾਂ ਦੀ ਪਵਿੱਤਰਤਾ ਅਤੇ ਲੱਖਾਂ ਬੱਚਿਆਂ ਦੇ ਭਵਿੱਖ ਦੀ ਰੱਖਿਆ ਕਰਨ ਵਿੱਚ ਪੂਰੀ ਤਰ੍ਹਾਂ ਅਸਫ਼ਲ ਸਾਬਤ ਹੋਈ ਹੈ।

ਕਿਸੇ ਵੀ ਦੇਸ਼ ਦੀ ਸਾਖ ਅਤੇ ਮਜ਼ਬੂਤੀ ਲਈ ਉਸ ਦੀਆਂ ਰਾਸ਼ਟਰੀ ਸੰਸਥਾਵਾਂ ਦਾ ਨਿਰਪੱਖ ਹੋਣਾ ਬੇਹੱਦ ਜ਼ਰੂਰੀ ਹੈ। ਪਰ ਅਫ਼ਸੋਸ ਕਿ 2024 ਤੋਂ ਪ੍ਰੀਖਿਆ ਦੀ ਪਵਿੱਤਰਤਾ ਲਗਾਤਾਰ ਭੰਗ ਹੋਣ ਤੋਂ ਬਾਅਦ ਵੀ, ਇਸ ਪ੍ਰਣਾਲੀ ਨਾਲ ਜੁੜੇ ਮੁੱਖ ਜ਼ਿੰਮੇਵਾਰਾਂ ਨੂੰ ਹਮੇਸ਼ਾਂ 'ਪਵਿੱਤਰ' (ਪਾਕ-ਸਾਫ਼) ਹੀ ਮੰਨਿਆ ਗਿਆ। ਕਿਸੇ ਵੀ ਵੱਡੇ ਅਹੁਦੇਦਾਰ 'ਤੇ ਕੋਈ ਸਖ਼ਤ ਕਾਰਵਾਈ ਨਹੀਂ ਹੋਈ। ਇਸੇ ਨਾਕਾਮੀ ਦਾ ਨਤੀਜਾ ਹੈ ਕਿ ਅੱਜ ਲੱਖਾਂ ਹੋਣਹਾਰ ਵਿਦਿਆਰਥੀ ਰੋਂਦੇ ਹੋਏ ਇਹ ਸਵਾਲ ਕਰ ਰਹੇ ਹਨ ਕਿ ਆਖ਼ਰ ਉਨ੍ਹਾਂ ਦਾ ਕਸੂਰ ਕੀ ਹੈ? ਸ਼ਾਇਦ ਉਨ੍ਹਾਂ ਦਾ ਕਸੂਰ ਸਿਰਫ਼ ਇਹੀ ਹੈ ਕਿ ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਇੰਨੇ ਵੱਡੇ ਭ੍ਰਿਸ਼ਟਾਚਾਰ ਨੂੰ ਹਿੰਮਤ ਕਰਕੇ ਲੋਕਾਂ ਸਾਹ-ਮਣੇ ਲਿਆਂਦਾ। ਇਹੋ ਜਿਹੇ ਹਾਲਾਤ ਨੂੰ ਦੇਖ ਕੇ ਡਰ ਲੱਗਦਾ ਹੈ ਕਿ ਸਾਨੂੰ ਹਾਲੇ ਉਨੇ ਕੁ ਹੀ ਭ੍ਰਿਸ਼ਟਾਚਾਰ ਦਾ ਪਤਾ ਹੈ ਜਿੰਨਾ ਕੁ ਸਾਹਮਣੇ ਆਇਆ ਹੈ, ਨਾ ਜਾਣੇ ਪਰਦੇ ਪਿੱਛੇ ਅਸਲੀ ਹਾਲਾਤ ਕਿੰਨੇ ਡਰਾਉਣੇ ਹੋਣਗੇ। ਸਿਤਮ ਦੇਖੋ ਦੇਸ਼ ਦੇ 551 ਸ਼ਹਿਰਾਂ ਅਤੇ ਵਿਦੇਸ਼ਾਂ ਦੇ 14 ਕੇਂਦਰਾਂ ਵਿੱਚ ਹੋਈ ਇਸ ਪ੍ਰਵੇਸ਼ ਪ੍ਰੀਖਿਆ ਬਾਰੇ ਇਹ ਦੋਸ਼ ਸਹੀ ਸਾਬਤ ਹੋ ਚੁੱਕਾ ਹੈ ਕਿ ਜੋ ਪ੍ਰਸ਼ਨ-ਪੱਤਰ ਲੀਕ ਹੋਏ, ਹੂਬਹੂ ਉਹੀ ਪ੍ਰੀਖਿਆ ਵਿੱਚ ਪਾਏ ਗਏ।

ਨੈਤਿਕਤਾ, ਆਦਰਸ਼ ਅਤੇ ਜਵਾਬਦੇਹੀ ਦੀ ਬਾਤ ਇਕੱਲੀ 'ਨੀਟ' ਦੀ ਪ੍ਰੀਖਿਆ ਤੱਕ ਹੀ ਸੀਮਤ ਨਹੀਂ ਹੈ। ਇਹ ਨੈਤਿਕਤਾ ਅਤੇ ਜਵਾਬਦੇਹੀ ਦਾ ਸਵਾਲ ਸਿੱਧਾ ਦੇਸ਼ ਦੇ ਸਭ ਤੋਂ ਵੱਡੇ ਹਾਕਮ ਦੇ ਕਿਰਦਾਰ ਤੱਕ ਪੁੱਜਦਾ ਹੈ। ਉਹ ਹਾਕਮ, ਜਿਹੜਾ ਆਮ ਲੋਕਾਂ ਨੂੰ ਵਿਦੇਸ਼ ਯਾਤਰਾਵਾਂ ਨਾ ਕਰਨ ਦੀ ਸਲਾਹ ਦਿੰਦਾ ਹੈ ਅਤੇ ਪੈਟਰੋਲ ਦੀ ਬਚਤ ਕਰਨ ਦੇ ਉਪਦੇਸ਼ ਦਿੰਦਾ ਹੈ, ਉਹ ਖ਼ੁਦ ਪੰਜ-ਪੰਜ ਦੇਸ਼ਾਂ ਦੀਆਂ ਯਾਤਰਾਵਾਂ 'ਤੇ ਨਿਕਲ ਜਾਂਦਾ ਹੈ। ਸਰਕਾਰੀ ਖ਼ਰਚਿਆਂ ਦੀ ਹੱਦ ਵੇਖੋ ਕਿ ਕਿਸੇ ਪ੍ਰੋਜੈਕਟ ਦਾ ਉਦਘਾਟਨ ਕਰਨ ਜਾਂ ਸੌਂਹ ਚੁੱਕ ਸਮਾਗਮਾਂ ਲਈ ਲਗਭਗ ਹਰ ਦੂਜੇ ਦਿਨ ਦੇਸ਼ ਦੇ ਕਿਸੇ ਨਾ ਕਿਸੇ ਕੋਨੇ ਲਈ ਹਵਾਈ ਉਡਾਨਾਂ ਭਰੀਆਂ ਜਾਂਦੀਆਂ ਹਨ।

ਨੈਤਿਕ ਕਦਰਾਂ-ਕੀਮਤਾਂ ਨੂੰ ਲਤਾੜਨ ਦੀ ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਪ੍ਰਧਾਨ ਮੰਤਰੀ ਦੇਸ਼ ਦੇ ਗ਼ਰੀਬ ਕਿਸਾਨਾਂ ਨੂੰ ਵਿਦੇਸ਼ਾਂ ਤੋਂ ਆਉਣ ਵਾਲੀ ਕੀਮਤੀ ਖਾਦ ਦੀ ਵਰਤੋਂ ਛੱਡ ਕੇ, ਪੁਰਾਣੇ ਤਰੀਕਿਆਂ ਨਾਲ ਖੇਤੀ ਕਰਨ ਦਾ ਮਸ਼ਵਰਾ ਦਿੰਦੇ ਹਨ। ਸ਼ਾਇਦ ਪ੍ਰਧਾਨ ਮੰਤਰੀ ਉਹ ਦੌਰ ਭੁੱਲ ਗਏ ਹਨ ਜਦੋਂ ਦੇਸ਼ ਵਿੱਚ ਅਨਾਜ ਦੀ ਭਾਰੀ ਕਮੀ ਸੀ ਅਤੇ ਸਾਨੂੰ ਪੇਟ ਭਰਨ ਲਈ ਸਮੁੰਦਰ ਦੇ ਰਸਤੇ ਵਿਦੇਸ਼ਾਂ (ਖ਼ਾਸ ਕਰਕੇ ਅਮਰੀਕਾ) ਤੋਂ ਕਣਕ ਤੇ ਚੌਲ ਮੰਗਵਾਉਣੇ ਪੈਂਦੇ ਸਨ। ਕੀ ਪ੍ਰਧਾਨ ਮੰਤਰੀ ਦੇਸ਼ ਨੂੰ ਮੁੜ ਉਸੇ ਪਰਨਿਰਭਰਤਾ ਅਤੇ ਸੰਕਟ ਦੇ ਦੌਰ ਵਿੱਚ ਲੈ ਕੇ ਜਾਣ ਦੇ ਚਾਹਵਾਨ ਹਨ?

ਪ੍ਰਧਾਨ ਮੰਤਰੀ ਲੋਕਾਂ ਨੂੰ ਤਾਂ ਵੱਡੇ-ਵੱਡੇ ਉਪਦੇਸ਼ ਦਿੰਦੇ ਹਨ, ਪਰ ਕੀ ਉਹ ਖ਼ੁਦ ਇਸ ਸੰਕਟ ਦੀ ਘੜੀ ਵਿੱਚ ਨੈਤਿਕ ਹੌਸਲਾ ਦਿਖਾਉਂਦੇ ਹੋਏ ਆਪਣੇ ਮੰਤਰੀਆਂ-ਸੰਤਰੀਆਂ ਨੂੰ ਵੀ ਵੀ.ਆਈ.ਪੀ. ਕਲਚਰ ਛੱਡ ਕੇ ਆਮ ਲੋਕਾਂ ਵਾਂਗ ਰਹਿਣ ਦੀ ਪ੍ਰੇਰਨਾ ਨਹੀਂ ਦੇ ਸਕਦੇ? ਕੀ ਉਹ ਨੇਤਾਵਾਂ ਨੂੰ ਲਗਜ਼ਰੀ ਕੋਠੀਆਂ ਅਤੇ ਵੱਡੀਆਂ ਗੱਡੀਆਂ ਦੇ ਕਾਫ਼ਲਿਆਂ ਦੀ ਆਦਤ ਛੱਡਣ ਲਈ ਨਹੀਂ ਕਹਿ ਸਕਦੇ? ਯਾਦ ਰੱਖਣਾ ਚਾਹੀਦਾ ਹੈ ਕਿ ਪੱਛਮੀ ਅਤੇ ਵਿਕਸਿਤ ਦੇਸ਼ਾਂ ਵਿੱਚ ਪ੍ਰਧਾਨ ਮੰਤਰੀ ਅਜਿਹੇ ਸ਼ਾਹੀ ਕਾਫ਼ਲਿਆਂ ਦੀ ਵਰਤੋਂ ਨਹੀਂ ਕਰਦੇ। ਉੱਥੋਂ ਦੇ ਸਿਆਸਤਦਾਨ ਅਕਸਰ ਮੈਟਰੋ ਵਿੱਚ ਸਫ਼ਰ ਕਰਦੇ ਹਨ, ਆਪਣਾ ਬਾਲਣ, ਗੈਸ ਅਤੇ ਬਿਜਲੀ ਖ਼ੁਦ ਬਚਾਉਂਦੇ ਹਨ ਅਤੇ ਜਨਤਾ ਦੇ ਪੈਸੇ ਦੀ ਜਵਾਬਦੇਹੀ ਤੈਅ ਕਰਦੇ ਹਨ। ਜਦੋਂ ਤੱਕ ਦੇਸ਼ ਦੇ ਹਾਕਮ ਆਪਣੀ ਕਥਨੀ ਅਤੇ ਕਰਨੀ ਦੇ ਇਸ ਪਾੜੇ ਨੂੰ ਖ਼ਤਮ ਨਹੀਂ ਕਰਦੇ, ਉਦੋਂ ਤੱਕ ਪ੍ਰਸ਼ਾਸਨਿਕ ਸੁਧਾਰਾਂ ਦੀ ਗੱਲ ਕਰਨਾ ਬੇਮਾਅਨਾ ਹੈ। ਜੇਕਰ ਦੇਸ਼ ਦੇ ਲੱਖਾਂ ਨੌਜਵਾਨਾਂ ਦਾ ਭਵਿੱਖ ਪੇਪਰ ਲੀਕ ਮਾਫ਼ੀਆ ਦੇ ਹੱਥਾਂ ਵਿੱਚ ਸੁਰੱਖਿਅਤ ਨਹੀਂ ਹੈ, ਅਤੇ ਸਰਕਾਰ ਜ਼ਿੰਮੇਵਾਰੀ ਲੈਣ ਦੀ ਬਜਾਏ ਚੁੱਪੀ ਧਾਰੀ ਬੈਠੀ ਹੈ, ਤਾਂ 'ਆਦਰਸ਼' ਅਤੇ 'ਨੈਤਿਕਤਾ' ਸਿਰਫ਼ ਭਾਸ਼ਣਾਂ ਦੇ ਸ਼ਬਦ ਬਣ ਕੇ ਰਹਿ ਜਾਣਗੇ। ਜਵਾਬਦੇਹੀ ਦਾ ਡਰ ਸਿਰਫ਼ ਕਾਨੂੰਨ ਨਾਲ ਨਹੀਂ, ਬਲਕਿ ਸੱਤਾ ਦੇ ਸਿਖ਼ਰ 'ਤੇ ਬੈਠੇ ਲੋਕਾਂ ਦੇ ਆਪਣੇ ਆਚਰਣ ਤੋਂ ਸ਼ੁਰੂ ਹੋਣਾ ਚਾਹੀਦਾ ਹੈ। ਜੇਕਰ ਅੱਜ ਵੀ ਅਸੀਂ ਸਵਾਲ ਨਾ ਪੁੱਛੇ, ਤਾਂ ਇਹ ਸਿਸਟਮ ਆਉਣ ਵਾਲੀਆਂ ਕਈ ਪੀੜ੍ਹੀਆਂ ਦਾ ਭਵਿੱਖ ਇੰਝ ਹੀ ਦਾਅ 'ਤੇ ਲਾਉਂਦਾ ਰਹੇਗਾ।

# ਗੁਰੁ ਬੈਠਾ ਅਮਰੁ ਸਰੂਪ ਹੋਇ


– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




## ਕਿਸ਼ਤ–38

ਦਰ ਅਸਲ ਆਪ ਜੀ ਏਥੇ ਭੱਲਾ ਪ੍ਰਵਾਰ ਦੇ ਘਰਾਂ ਦੇ ਨੇੜੇ ਹੀ ਕਿਤੇ ਖੇਡ ਰਹੇ ਸਨ ਜਿਨ੍ਹਾਂ ਨੂੰ ਵੇਖ ਕੇ ਮਾਤਾ ਮਨਸਾ ਦੇਵੀ ਜੀ ਨੇ ਧੀ ਭਾਨੀ ਲਈ ਇਹੋ ਜਿਹਾ ਵਰ ਲੱਭਣ ਲਈ ਰਾਇ ਦਿੱਤੀ ਸੀ। ਸੁਣ ਕੇ ਬਾਬਾ ਅਮਰਦਾਸ ਸਾਹਿਬ ਜੀ ਨੇ ਜਦੋਂ ਆਪ ਧਿਆਨ ਨਾਲ ਵੇਖਿਆ ਤਾਂ ਬਾਕੀ ਸਭ ਕੁਝ ਢੁੱਕਵਾਂ ਨਜ਼ਰ ਆਇਆ ਪਰ, ਇਨ੍ਹਾਂ ਨੂੰ ਲਾਹੌਰੋਂ ਆਇਆਂ ਹੋਣ ਕਰ ਕੇ ਪਛਾਣ ਨਾ ਹੋਈ। ਸਮੇਂ ਦੇ ਰਿਵਾਜ ਅਨੁਸਾਰ ਬ੍ਰਾਹਮਣ ਨੂੰ ਆਖਿਆ ਕਿ ਉਹ ਪਤਾ ਕਰੇ ਕਿ ਇਹ ਲੜਕਾ ਕਿਨ੍ਹਾਂ ਦਾ ਹੈ ਜੋ ਉਨ੍ਹਾਂ ਦੀ ਪਛਾਣ ਵਿਚ ਨਹੀਂ ਆਇਆ। ਪ੍ਰੋਹਤ ਨੇ ਸ੍ਰੀ ਜੇਠਾ ਜੀ ਨੂੰ ਪੁੱਛ ਕੇ ਜਦੋਂ ਬਾਬਾ ਜੀ ਨੂੰ ਦੱਸਿਆ ਤਾਂ ਆਪ ਇਸ ਪ੍ਰਵਾਰ ਬਾਰੇ ਜਾਣ ਕੇ ਬਹੁਤ ਪ੍ਰਸੰਨ ਹੋਏ ਕਿ ਇਸ ਦੇ ਨਾਨਕੇ ਗੁਆਂਢੀਆਂ ਨੂੰ ਵੀ ਆਪ ਜੀ ਚੰਗੀ ਤਰਹ ਜਾਣਦੇ ਹਨ। ਆਪ ਜੀ ਨੇ ਮਾਤਾ ਮਨਸਾ ਦੇਵੀ ਜੀ ਨੂੰ ਦੱਸਿਆ,

'ਮਨਸਾ ਦੇਵੀ! ਇਸ ਵਰਗਾ ਬੱਸ ਇਹੀ ਹੈ'।

ਇਹ ਜਾਣ ਕੇ ਮਾਤਾ ਜੀ ਵੀ ਪ੍ਰਸੰਨ ਹੋਏ ਤਾਂ ਸ੍ਰੀ ਹਰਿਦਾਸ ਜੀ ਨਾਲ ਸੰਪਰਕ ਕੀਤਾ ਗਿਆ। ਉਨ੍ਹਾਂ ਦੀ ਖ਼ੁਸ਼ੀ ਨਾਲ ਆਪ ਜੀ ਨੇ ਜੇਠਾ ਜੀ ਦੀ ਝੋਲੀ ਵਿਚ ਸ਼ਗਨ ਪਾ ਦਿੱਤਾ। ਸਬੱਬੀਂ ਇਸ ਤੋਂ ਕੁਝ ਦਿਨ ਬਾਦ ਹੀ ਲਾਹੌਰ ਤੋਂ ਸ਼ਰੀਕ ਵੀ ਆ ਗਏ ਅਰ ਹਰਿਦਾਸ ਜੀ ਨੂੰ ਮਨਾ ਕੇ ਵਾਪਸ ਲਾਹੌਰ ਲੈ ਗਏ।

ਪਿੱਛੋਂ ਸੋਢੀ ਆਇ ਕੈ ਲੈ ਗਏ ਹਰਿਦਾਸ ਨੂੰ ਮਨਾਈ।
ਗਏ ਲਹੌਰ ਜਨੇਤ ਕਰਿ ਆਏ।
ਬੀਬੀ ਭਾਨੀ ਜੀ ਨੂੰ ਲੈ ਗਏ ਪਰਨਾਏ।25॥

ਨੀਯਤ ਸਮੇਂ ਸਿਰ ਚਾਉ ਨਾਲ ਲਾਹੌਰੋਂ ਬਰਾਤ ਆਈ ਅਰ 11 ਫੱਗਣ ਸੰਮਤ 1602 ਭਾਵ ਸੰਨ 1545 ਨੂੰ ਬੀਬੀ ਭਾਨੀ ਜੀ ਦਾ ਸ੍ਰੀ ਰਾਮਦਾਸ ਜੀ ਨਾਲ ਵਿਆਹ ਹੋ ਗਿਆ। ਇਸ ਸਮੇਂ ਬੀਬੀ ਭਾਨੀ ਜੀ ਦੀ ਉਮਰ 12 ਸਾਲ ਅਰ ਸ੍ਰੀ ਰਾਮਦਾਸ ਜੀ ਦੀ 15 ਸਾਲ ਦੇ ਕਰੀਬ ਸੀ।

ਸੰਮਤ ਸੋਲਾਂ ਸੈ ਦੁਇ ਸੀ ਜਦਿ ਗਇਆ।
**ਤਬ ਬੀਬੀ ਭਾਨੀ ਜੀ ਦਾ ਵਿਆਹ ਸੀ ਭਇਆ।**
20॥ ਬੰ.ਨਾ.

ਕਾਰੋਬਾਰ ਅਤੇ ਸ਼ਰੀਕਾਂ ਪੱਖੋਂ ਲਾਹੌਰ ਦਾ ਮਾਹੌਲ ਕੋਈ ਸੁਖਾਵਾਂ ਨਾ ਹੋਣ ਕਾਰਨ ਸ੍ਰੀ ਰਾਮਦਾਸ ਜੀ ਬੀਬੀ ਭਾਨੀ ਜੀ ਸਹਿਤ ਬਾਸਰ ਕੇ ਰਹਿਣ ਲਈ ਆ ਗਏ। ਜਦੋਂ ਬਾਬਾ ਅਮਰਦਾਸ ਜੀ ਨੂੰ ਗੁਰੂ ਅੰਗਦ ਸਾਹਿਬ ਨੇ ਗੋਇੰਦਵਾਲ ਦੀ ਉਸਾਰੀ ਕਰਨ ਭੇਜਿਆ ਤਾਂ ਆਪ ਜੀ ਨੇ ਜੇਠਾ ਜੀ ਨੂੰ ਆਪਣੇ ਨਾਲ ਜੋੜ ਲਿਆ। ਜਲਦੀ ਹੀ ਗੁਰੂ ਅੰਗਦ ਸਾਹਿਬ ਨੇ ਜਦੋਂ ਬਾਬਾ ਜੀ ਨੂੰ ਆਪਣਾ ਪ੍ਰਵਾਰ, ਸਬੰਧੀ ਅਤੇ ਹੋਰਨਾਂ ਨੂੰ ਗੋਇੰਦਵਾਲ ਵਸਾਉਣ ਲਈ ਪ੍ਰੇਰਿਆ ਤਾਂ ਬਾਕੀਆਂ ਦੇ ਨਾਲ ਸ੍ਰੀ ਜੇਠਾ ਜੀ ਅਰ ਬੀਬੀ ਭਾਨੀ ਜੀ ਵੀ ਇਥੇ ਆ ਗਏ ਅਰ ਗੁਰੂ ਕੀ ਹਵੇਲੀ ਵਿਚ ਹੀ ਰਹਿਣ ਲੱਗੇ।




ਸਮਾਂ ਪਾ ਕੇ ਆਪ ਜੀ ਦੇ ਘਰ 8 ਅੱਸੂ ਸੰਮਤ 1607/ ਸੰਨ 1550 ਨੂੰ ਪ੍ਰਿਥੀ ਚੰਦ, 4 ਹਾੜ ਸੰਮਤ 1609/ ਸੰਨ 1552 ਨੂੰ ਮਹਾਂਦੇਵ ਤੇ 18 ਵੈਸਾਖ ਸੰਮਤ 1610/ ਸੰਨ 1553 ਸ੍ਰੀ (ਗੁਰੂ) ਅਰਜਨ ਦੇਵ ਜੀ ਨੇ ਜਨਮ ਲਿਆ।

ਨੋਟ: ਜਨਮ ਤਾਰੀਖ਼ਾਂ ਆਦਿ ਸਬੰਧੀ ਮੱਤ-ਭੇਦ ਭਾਈ ਕੇਸਰ ਸਿੰਘ ਛਿੱਬਰ, ਪੰਡਿਤ ਗੁਲਾਬ ਸਿੰਘ ਗ੍ਰਿਵੜੀ ਅਰ ਗਿਆਨੀ ਗਿਆਨ ਸਿੰਘ ਜੀ ਆਦਿ ਹੋਰ ਵਿਦਿਵਾਨਾਂ ਦੇ ਇਤਿਹਾਸਕ ਗ੍ਰੰਥਾਂ ਦੇ ਹਵਾਲੇ ਅੰਤਿਕਾ ਵਿਚ ਦਿੱਤੇ ਜਾਣਗੇ।

### ਗੋਇੰਦਵਾਲ ਨਿਵਾਸ–ਸਿੱਖੀ ਧਾਰਨ ਕਰਨੀ

ਗੋਇੰਦਵਾਲ ਸਾਹਿਬ ਦੇ ਨਿਵਾਸ ਨੇ ਸ੍ਰੀ ਜੇਠਾ ਜੀ ਦੇ ਜੀਵਨ ਵਿਚ ਅਨੋਖਾ ਵਿਗਾਸ ਲਿਆਂਦਾ। ਭਾਵੇਂ ਇਸ ਪ੍ਰਵਾਰ ਵਿਚ ਆਇਆਂ ਪਹਿਲੇ ਦਿਨ ਤੋਂ ਹੀ ਆਪ ਜੀ ਸਹਿਜ ਮਹਿਸੂਸ ਕਰਦੇ ਸਨ ਪਰ, ਜਿਉਂ ਜਿਉਂ ਸਮਾਂ ਬੀਤਦਾ ਗਿਆ, ਜੁਆਨ ਹੋਏ, ਗੁਰੂ-ਬਾਬਾ ਜੀ ਨਾਲ ਅੰਦਰਲੀ ਨੇੜਤਾ ਵਧਦੀ ਗਈ ਅਰ ਉਸ ਸੁਗੰਧੀ ਨੇ ਆਪ ਜੀ ਦੀ ਸੁਰਤੀ ਨੂੰ ਵੀ ਉਸੇ ਪਾਸੇ ਖਿੱਚ ਲਿਆ ਜਿਸ ਪਾਸੇ ਉਹ ਆਪ ਚੱਲ ਰਹੇ ਸਨ।

ਸਾਡੀ ਜਾਚੇ, ਸ੍ਰੀ ਜੇਠਾ ਜੀ ਨੂੰ ਗੁਰੂ ਅੰਗਦ ਸਾਹਿਬ ਜੀ ਦੇ ਦੀਦਾਰ ਵੀ ਜ਼ਰੂਰ ਹੋਏ ਹੋਣਗੇ ਕਿਉਂਕਿ ਜਦੋਂ ਬਾਸਰ ਕੇ ਤੋਂ ਸਾਰੇ ਆਏ ਹਨ ਤਾਂ ਉਨ੍ਹਾਂ ਨੂੰ ਨਾਲ ਲੈ ਕੇ ਬਾਬਾ ਜੀ ਖਡੂਰ ਸਾਹਿਬ ਗੁਰੂ-ਦਰਸ਼ਨਾਂ ਲਈ ਗਏ ਸਨ। ਫਿਰ ਇਸ ਤੋਂ ਬਾਦ ਬਾਬਾ ਜੀ ਅਕਸਰ ਰੋਜ਼ ਹੀ ਖਡੂਰ ਸਾਹਿਬ ਆਉਣ ਜਾਣ ਕਰਦੇ ਸਨ। ਇਸ ਤੋਂ ਇਲਾਵਾ ਇਕ ਵਾਰ ਗੁਰੂ ਅੰਗਦ ਸਾਹਿਬ ਜੀ ਖ਼ੁਦ ਗੋਇੰਦਵਾਲ ਮਿਲਣ ਵਾਸਤੇ ਆਏ ਸਨ, ਜਿਸ ਕਰ ਕੇ ਅਸੀਂ ਮੰਨਦੇ ਹਾਂ ਕਿ ਇਸ ਸਮੇਂ ਦੌਰਾਨ ਸ੍ਰੀ ਜੇਠਾ ਜੀ ਨੂੰ ਵੀ ਜ਼ਰੂਰ ਧੰਨ ਗੁਰੂ ਅੰਗਦ ਸਾਹਿਬ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਹੋਈਆਂ ਹੋਣਗੀਆਂ।

ਚੇਤ ਸੁਦੀ ਚਉਥ ਸੰਮਤ 1609 ਭਾਵ ਸੰਨ 1552 ਨੂੰ ਗੁਰੂ ਅੰਗਦ ਸਾਹਿਬ ਜੀ ਆਪਣੀ ਥਾਂ 'ਤੇ ਬਾਬਾ ਅਮਰਦਾਸ ਜੀ ਨੂੰ ਗੁਰਿਆਈ ਸੌਂਪ ਕੇ ਜੋਤੀ-ਜੋਤਿ ਸਮਾ ਗਏ। ਉਸ ਉਪਰੰਤ ਗੁਰੂ ਅਮਰਦਾਸ ਪਾਤਸ਼ਾਹ ਜੀ ਜਦੋਂ ਗੋਇੰਦਵਾਲ ਆ ਟਿਕੇ ਤਾਂ ਇਥੋਂ ਦਾ ਸਾਰਾ ਮਾਹੌਲ ਹੀ ਹੋਰ ਵਿਗਾਸ ਵਾਲਾ ਹੋ ਗਿਆ। ਆਪ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਪਾਸੋਂ ਸਿੱਖੀ ਦੀ ਦਾਤ ਪ੍ਰਾਪਤ ਕੀਤੀ। ਉਪਰੰਤ ਹਰ ਸਮੇਂ ਗੁਰੂ ਸਾਹਿਬ ਜੀ ਦੀ ਸੰਗਤ ਵਿਚ ਰਹਿਣ ਅਤੇ ਸੇਵਾ ਵਿਚ ਸਦਾ ਤਤਪਰ ਰਹਿਣ ਨੇ ਜੀਵਨ ਵਿਚ ਜੋ ਚੜ੍ਹਦੀ ਕਲਾ ਲੈ ਆਂਦੀ, ਉਸੇ ਦਾ ਅਨੁਭਵ ਸ਼ਾਇਦ ਆਪ ਜੀ ਨੇ ਐਸੇ ਅਨੇਕ ਸ਼ਬਦਾਂ ਵਿਚ ਫਿਰ ਕੀਤਾ ਹੈ:

ਮੇਰੈ ਹੀਅਰੈ ਰਤਨੁ ਨਾਮੁ ਹਰਿ
ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥
ਜਨਮ ਜਨਮ ਕੇ ਕਿਲਵਿਖ ਦੁਖ
ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ।1॥
ਗੁ.ਗ੍ਰ.ਸਾ. ਪੰਨਾ 696

ਤਿਸੁ ਸਤਿਗੁਰ ਕੀ ਸਭਿ ਪਗੀ
ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ॥
ਸੋ ਸਤਿਗੁਰੁ ਕਹਹੁ ਸਭਿ ਧੰਨੁ ਧੰਨੁ
**ਜਿਨਿ ਹਰਿ ਭਗਤਿ ਭੰਡਾਰ ਲਹਾਇਆ॥3॥**
ਗੁ.ਗ੍ਰ.ਸਾ. ਪੰਨਾ 586

ਤਿਸੁ ਗੁਰ ਕਉ ਹਉ ਵਾਰਿਆ
ਜਿਨਿ ਹਰਿ ਕੀ ਹਰਿ ਕਥਾ ਸੁਣਾਈ॥
ਤਿਸੁ ਗੁਰ ਕਉ ਸਦ ਬਲਿਹਾਰਣੈ
ਜਿਨਿ ਹਰਿ ਸੇਵਾ ਬਣਤ ਬਣਾਈ॥
ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ
ਜਿਥੈ ਕਿਥੈ ਮੈਨੋ ਲਏ ਛਡਾਈ॥
ਤਿਸੁ ਗੁਰ ਕਉ ਸਾਬਾਸਿ ਹੈ
ਜਿਨਿ ਹਰਿ ਸੋਝੀ ਪਾਈ॥
ਨਾਨਕੁ ਗੁਰ ਵਿਟਹੁ ਵਾਰਿਆ
ਜਿਨਿ ਹਰਿ ਨਾਮੁ ਦੀਆ
ਮੇਰੇ ਮਨ ਕੀ ਆਸ ਪੁਰਾਈ॥5॥
ਗੁ.ਗ੍ਰ.ਸਾ. ਪੰਨਾ 587

ਇਸੇ ਘੜੀ ਦਾ ਹੀ ਵਰਨਣ ਬਾਦ ਵਿਚ ਭੱਟਾਂ ਨੇ ਇਉਂ ਕੀਤਾ ਹੈ:

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ
ਜਲ੍ਨ ਤੀਰਿ ਬਿਪਾਸ ਬਨਾਯਉ॥
ਗਯਉ ਦੁਖੁ ਦੂਰਿ ਬਰਖਨ ਕੋ
ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ॥
6॥10॥
ਸਮਰਥ ਗੁਰੂ ਸਿਰਿ ਹਥੁ ਧਰ੍ਉ॥
ਗੁਰਿ ਕੀਨੀ ਕ੍ਰਿਪਾ ਹਰਿ ਨਾਮੁ
ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਉ॥
ਨਿਸਿ ਬਾਸੁਰ ਏਕ ਸਮਾਨ ਧਿਆਨ
ਸੁ ਨਾਮ ਸੁਨੇ ਸੁਤੁ ਭਾਨ ਡਰ੍ਉ॥
ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ
ਪਾਰਸ ਭੇਟਿ ਪਰਸੁ ਕਰ੍ਉ॥
ਰਾਮਦਾਸੁ ਗੁਰੂ ਹਰਿ ਸਤਿ ਕੀਅਉ
ਸਮਰਥ ਗੁਰੂ ਸਿਰਿ ਹਥੁ ਧਰ੍ਉ॥7॥11॥
ਗੁ.ਗ੍ਰ.ਸਾ. ਪੰਨਾ 1400

ਨੇਤਰਾਂ ਵਿਚ ਲੱਜਿਆ, ਹਿਰਦੇ ਵਿਚ ਨਿੰਮਰਤਾ, ਜ਼ੁਬਾਨ ਵਿਚ ਮਿਠਾਸ, ਸੁਭਾਅ ਵਿਚ ਸਤ,ਸੰਤੋਖ,ਦਇਆ,ਧਰਮ ਤੇ ਧੀਰਜ ਆਦਿ ਸ਼ੁਭ ਗੁਣਾਂ ਦਾ ਸੁਮੇਲ ਜੇ ਕਿਸੇ ਵੇਖਣਾ ਹੋਵੇ ਤਾਂ ਸ੍ਰੀ ਜੇਠਾ ਜੀ ਵਿਚ ਵੇਖਿਆ ਜਾ ਸਕਦਾ ਸੀ। ਸਤਿਗੁਰਾਂ ਦੀ ਆਗਿਆਕਾਰਤਾ, ਸੇਵਾ ਵਿਚ ਹਰ ਸਮੇਂ ਸਾਵਧਾਨ ਰਹਿਣਾ ਅਰ ਨੀਂਦ ਤੇ ਆਲਸ ਦਾ ਜੀਵਨ ਵਿਚ ਕਿਤੇ ਨਿਸ਼ਾਨ ਨਹੀਂ ਸੀ।

ਬਾਉਲੀ ਸਾਹਿਬ ਦੀ ਸੇਵਾ ਵਿਚ

ਭਾਈ ਗੁਰਦਾਸ ਜੀ ਨੇ ਇਕ ਕਬਿੱਤ ਵਿਚ ਗੁਰੂ ਕੇ ਅਜਿਹੇ ਸਿੱਖ ਦਾ ਖ਼ੂਬਸੂਰਤ ਚਿੱਤਰਣ ਕੀਤਾ ਹੈ:

**ਸਤਿਗੁਰ ਚਰਨ ਸਰਨਿ ਚਲਿ ਜਾਇ ਸਿਖ**
**ਚਰਨ ਸਰਨਿ ਤਾ ਕੀ ਜਗਤੁ ਚਲਿ ਆਵਈ॥**
**ਸਤਿਗੁਰ ਆਗਿਆ ਸਤਿ ਸਤਿ ਕਰਿ ਮਾਨੈ ਸਿਖ**
**ਆਗਿਆ ਤਾਹਿ ਸਕਲ ਸੰਸਾਰਹਿ ਹਿਤਾਵਈ॥**
**ਸਤਿਗੁਰ ਸੇਵਾ ਭਾਇ ਪ੍ਰਾਨ ਪੂਜਾ ਕਰੈ ਸਿਖ**
**ਸਰਬ ਨਿਧਾਨ ਅਗ੍ਰਭਾਗ ਲਿਵ ਲਾਵਈ॥**
**ਸਤਿਗੁਰ ਸੀਖਿਆ ਦੀਖਿਆ ਹਿਰਦੈ ਪ੍ਰਵੇਸ ਜਾਹਿ**
**ਤਾ ਕੀ ਸੀਖ ਸੁਨਤ ਪਰਮ ਪਦ ਪਾਵਈ॥87॥**

ਸਾਡੀ ਜਾਚੇ, ਪਿਆਰੇ ਜੇਠਾ ਜੀ ਉਪਰੋਕਤ ਸਿਖ ਭਾਵਨਾ ਨਾਲ ਪੂਰਨ ਓਤ-ਪੋਤ ਸਨ। ਉਨ੍ਹਾਂ ਦੇ ਮਨ ਵਿਚ ਇਸ ਘਰ ਦਾ ਜੁਆਈ ਹੋਣ ਵਾਲਾ ਕੋਈ ਮਾਨ ਨਹੀਂ ਸੀ, ਗੁਰੂ ਪਾਤਸ਼ਾਹ ਜੀ ਜੋ ਸੇਵਾ ਇਨ੍ਹਾਂ ਜ਼ਿੰਮੇ ਲਾਉਂਦੇ ਪੂਰੀ ਜਿੰਦ-ਜਾਨ ਨਾਲ ਸੇਵਾ ਨਿਭਾਉਣ ਦਾ ਯਤਨ ਕਰਦੇ। ਹਜ਼ੂਰ ਦੇ ਅੰਦਰ ਵੀ ਜੇਠਾ ਜੀ ਲਈ ਵਿਸ਼ੇਸ਼ ਆਦਰ ਭਰੀ ਖਿੱਚ ਸੀ। ਆਪ ਜੀ ਨੇ ਇਨ੍ਹਾਂ ਨੂੰ ਹੀ ਇਕ ਤਰਹ ਬਾਉਲੀ ਦੀ ਕਾਰ-ਸੇਵਾ ਦਾ ਮੁੱਖ ਜ਼ਿੰਮੇਦਾਰ ਥਾਪਿਆ ਹੋਇਆ ਸੀ ਜਿਵੇਂ ਸੰਗਤਾਂ ਨੂੰ ਲੋੜ ਅਨੁਸਾਰ ਟੋਕਰੀਆਂ ਅਰ ਕਹੀਆਂ ਮੁਹੱਈਆ ਕਰਨੀਆਂ ਅਰ ਵਾਪਸ ਸੰਭਾਲਣੀਆਂ। ਨਾਲ ਹੀ ਜੋ ਕਾਰੀਗਰ ਮਜ਼ਦੂਰ ਲੱਗੇ ਹੋਏ ਸਨ ਉਨ੍ਹਾਂ ਦੀ ਲੋੜ ਅਨੁਸਾਰ ਚੂਨਾ ਅਰ ਇੱਟਾਂ ਵਗੈਰਾ ਮੁਹੱਈਆ ਕਰਨਾ ਅਰ ਉਨ੍ਹਾਂ ਦੀ ਬਣਦੀ ਉਜਰਤ ਅਦਾ ਕਰਨੀ ਆਦਿ ਪਰ, ਇਨ੍ਹਾਂ ਜ਼ਿੰਮੇਦਾਰੀਆਂ ਦੇ ਨਾਲ ਸਮਾਂ ਬਣਨ 'ਤੇ ਆਪ ਜੀ ਕਹੀ ਅਤੇ ਟੋਕਰੀ ਵੀ ਚੁੱਕ ਲੈਂਦੇ ਤੇ ਮਿੱਟੀ ਨਾਲ ਭਰ ਭਰ ਕੇ ਬਾਕੀ ਸੇਵਾਦਾਰਾਂ ਨਾਲ ਦੂਰ ਨਿਸਚਤ ਥਾਂ 'ਤੇ ਸੁੱਟਣ ਦੀ ਸੇਵਾ ਕਰਦੇ ਰਹਿੰਦੇ। ਸੁਭਾਵਿਕ ਹੈ ਕਿ ਇਉਂ ਮਿੱਟੀ-ਘੱਟੇ ਦੇ ਕੰਮ ਵਿਚ ਪਿਆਂ ਹੋਇਆਂ ਸਿਰ ਤੋਂ ਲੈ ਕੇ ਪੈਰਾਂ ਤੱਕ ਮਿੱਟੀ ਨਾਲ ਮਿੱਟੀ ਹੋਇ ਰਹਿੰਦੇ।

ਚਲਦਾ.....

ਲੜੀਵਾਰ ਨਾਵਲ

ਲੇਖਕ
ਗੁਰਨਾਮ ਬਾਵਾ
ਮ +91 83073 6430




# ਬੰਦੂਕ ਤੋਂ ਕਲਮ ਤੱਕ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-8**

**ਮਾਂ ਅੱਗੋਂ ਕੁਝ ਹੋਰ ਪੁੱਛਦੀ ਮੈਂ ਬਾਹਰ ਨਿਕਲ ਫਿਰ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਿਆ। ਮਾਂ ਕਿਸੇ ਅਣਹੋਣੀ ਤੋਂ ਡਰਦੀ ਸੋਚਾਂ ਵਿੱਚ ਪੈ ਗਈ। ਉਸ ਨੂੰ ਪਤਾ ਸੀ ਕ੍ਰਿਪਾਲ ਸਿੰਘ ਨੇ ਤਾਂ ਐਨੀਂ ਮਾਰ ਖਾ ਕੇ ਵੀ ਕਿਸੇ ਬਾਰੇ ਕੁਝ ਨਹੀਂ ਦੱਸਿਆ ਸੀ ਪਰ ਅੱਜ ਕੱਲ੍ਹ ਤਾਂ ਪੁਲਸ ਦੀ ਚੜ੍ਹ ਮੱਚੀ ਹੋਈ ਹੈ। ਨਾਲੇ ਇਹ ਅੱਜ ਕੱਲ੍ਹ ਦੇ ਮੁੰਡੇ ਚਾਰ ਛਿੱਤਰ ਨਹੀਂ ਸਹਿੰਦੇ ਤੇ ਸਾਰਾ ਕੁਝ ਟੇਪ ਰਿਕਾਰਡ ਵਾਂਗ ਬੋਲਣ ਲੱਗ ਜਾਂਦੇ ਆ। ਇਹ ਗੱਲ ਵੀ ਉਸ ਦੇ ਦਿਮਾਗ ਵਿੱਚ ਆਈ ਜੇਕਰ ਇਹ ਕਾਲਜ ਵਿੱਚ ਪੜ੍ਹ ਰਹੇ ਆ ਤਾਂ ਫਿਰ ਇਨ੍ਹਾਂ ਨੂੰ ਪੁਲਸ ਤੋਂ ਲੁਕਣ ਜਾਂ ਡਰਨ ਦੀ ਕੀ ਜ਼ਰੂਰਤ ਆ? ਇਹ ਕਮਲਜੀਤ ਤਾਂ ਭੋਲਾ ਹੈ। ਐਵੇਂ ਨਾ ਕਿਸੇ ਮੁਸੀਬਤ ਵਿੱਚ ਫੱਸ ਜਾਏ। ਇਹ ਨੂੰ ਸਮਝਾਉਣਾ ਪੈਣਾ। ਇਹ ਸਾਰਾ ਕੁਝ ਸੋਚ ਕੇ ਵਾਹਿਗੁਰੂ ਭਲੀ ਕਰੀਂ ਕਹਿ ਕੇ ਉੱਠ ਪਈ ਤੇ ਘਰ ਦੇ ਕੰਮਾਂ ਵਿੱਚ ਰੁੱਝ ਗਈ।**




## ਭਾਗ 10

ਮੇਰੇ ਭਾਵੇਂ ਆਪਣੀ ਕਲਾਸ ਵਿੱਚ ਵੀ ਦੋ ਨਵੇਂ ਦੋਸਤ ਬਣ ਗਏ ਸਨ, ਪਰ ਫਿਰ ਵੀ ਮੈਂ ਸਮੇਂ ਤੋਂ ਪਹਿਲਾਂ ਸਕੂਲ ਆ ਜਾਂਦਾ ਅਤੇ ਘੰਟਾ, ਅੱਧਾ ਘੰਟਾ ਇਨ੍ਹਾਂ ਦੋਵਾਂ ਨਾਲ ਜ਼ਰੂਰ ਬਿਤਾਉਂਦਾ। ਉਹ ਦੋਵੇਂ ਵੀ ਮੈਨੂੰ ਛੋਟੇ ਭਰਾ ਵਾਂਗ ਪਿਆਰ ਕਰਨ ਲੱਗ ਪਏ ਸਨ। ਉਹ ਹੁਣ ਮੇਰੇ ਨਾਲ ਹਾਸਾ-ਮਜ਼ਾਕ ਵੀ ਕਰ ਲੈਂਦੇ ਸਨ।

ਮੇਰੇ ਮਨ ਵਿੱਚ ਦੋਵਾਂ ਬਾਰੇ ਜਾਣਕਾਰੀ ਲੈਣ ਦੀ ਤੀਬਰ ਇੱਛਾ ਵੱਧਣ ਲੱਗ ਪਈ ਕਿ ਅਸਲ ਵਿੱਚ ਇਹ ਕੌਣ ਹਨ ਤੇ ਕਿੱਥੋਂ ਦੇ ਰਹਿਣ ਵਾਲੇ ਹਨ। ਮੈਨੂੰ ਐਨਾਂ ਤਾਂ ਪਤਾ ਸੀ ਇਹ ਏਥੇ ਹੀ ਕਾਲਜ ਦੇ ਹੋਸਟਲ ਵਿੱਚ ਰਹਿੰਦੇ ਹਨ ਪਰ ਪਿੰਡ ਜਾਂ ਆਪਣੇ ਸ਼ਹਿਰ ਬਾਰੇ ਉਨ੍ਹਾਂ ਕਦੇ ਨਹੀਂ ਦੱਸਿਆ ਸੀ, ਨਾ ਹੀ ਪਹਿਲਾਂ ਮੈਂ ਉਨ੍ਹਾਂ ਤੋਂ ਪੁੱਛਿਆ ਸੀ। ਪਰ ਚਾਰ ਦਿਨ ਉਹ ਮੈਨੂੰ ਨਾ ਮਿਲੇ ਤਾਂ ਮੇਰੇ ਮਨ ਵਿੱਚ ਆਇਆ ਜੇਕਰ ਉਨ੍ਹਾਂ ਦੇ ਪਿੰਡ ਜਾਂ ਸ਼ਹਿਰ ਦਾ ਪਤਾ ਹੁੰਦਾ ਤਾਂ ਆਪ ਜਾ ਕੇ ਮਿਲ ਆਉਂਦਾ।

ਅੱਜ ਮੈਂ ਪਹਿਲਾ ਪੀਰੀਅਡ ਨਾ ਲਾਉਣ ਦਾ ਮਨ ਬਣਾ ਲਿਆ ਤੇ ਕੰਟੀਨ ਵੱਲ ਤੁਰ ਪਿਆ। ਦੱਸ ਕੁ ਮਿੰਟ ਬੈਠਣ ਤੋਂ ਬਾਅਦ ਮੈਨੂੰ ਮਹਿਸੂਸ ਹੋਇਆ ਕਿ ਬਿਨਾਂ ਕੁਝ ਖਾਣ-ਪੀਣ ਤੋਂ ਬੈਠਾ ਤਾਂ ਸ਼ਾਇਦ ਕੰਟੀਨ ਵਾਲਾ ਮੈਨੂੰ ਜ਼ਿਆਦਾ ਦੇਰ ਨਾ ਬੈਠਣ ਦੇਵੇ। ਮੈਂ ਇਹ ਸੋਚਦਾ ਚਾਹ ਦਾ ਟੋਕਨ ਲੈਣ ਲਈ ਉੱਠਣ ਹੀ ਲੱਗਾ ਸੀ ਤਾਂ ਮੇਰੇ ਕੋਲ ਵਰਿੰਦਰ ਸਿੰਘ ਆ ਖੜ੍ਹਾ ਹੋਇਆ।

ਉਸ ਨੂੰ ਸਾਹਮਣੇ ਦੇਖ ਮੈਂ ਖ਼ੁਸ਼ੀ ਨਾਲ ਖਿੜ ਗਿਆ ਤੇ ਹੱਥ ਮਿਲਾਉਂਦੇ ਹੋਏ ਨੇ ਵਰਿੰਦਰ ਨੂੰ ਜੱਫ਼ੀ ਪਾ ਲਈ ਤੇ ਕਿਹਾ, ਸ਼ੁਕਰ ਹੈ, ਤੁਸੀਂ ਤਾਂ ਅੱਜ ਮਿਲੇ, ਮੇਰਾ ਤਾਂ ਤੁਹਾਡੇ ਬਿਨਾਂ ਦਿਲ ਹੀ ਨਹੀਂ ਲੱਗ ਰਿਹਾ ਸੀ।

ਵਰਿੰਦਰ ਵੀ ਹੱਸਦਿਆਂ ਬੋਲਿਆ, ਸੱਜਣ ਹੁੰਦੇ ਨਸ਼ਿਆਂ ਵਰਗੇ, ਛੱਡਣੇ ਸੌਖੇ ਨਹੀਂ। ਚੱਲ, ਬੈਠ ਮੈਂ ਚਾਹ ਲੈ ਕੇ ਆਇਆ।

ਵਰਿੰਦਰ ਦੋ ਕੱਪ ਚਾਹ ਫੜੀ ਮੇਰੇ ਕੋਲ ਆ ਬੈਠਾ। ਅਸੀਂ ਦੋਵਾਂ ਨੇ ਚਾਹ ਦੇ ਘੁੱਟ ਭਰਨੇ ਸ਼ੁਰੂ ਕਰ ਦਿੱਤੇ। ਚਾਹ ਖ਼ਤਮ ਹੋਣ ਤੱਕ ਦੋਵਾਂ ਵਿੱਚ ਕੋਈ ਗੱਲਬਾਤ ਨਾ ਹੋਈ। ਚਾਹ ਦਾ ਖ਼ਾਲੀ ਗਿਲਾਸ ਮੇਜ ਉਪਰ ਰੱਖਦਿਆਂ ਮੈਂ ਗੱਲ ਸ਼ੁਰੂ ਕਰਦਿਆਂ ਪੁੱਛਿਆ, ਨਰਿੰਦਰ ਵੀਰ ਕਿੱਥੇ ਨੇ? ਨਾਲੇ ਤੁਸੀਂ ਬਿਨਾਂ ਦੱਸਿਆਂ ਐਨੇ ਦਿਨ ਕਿੱਥੇ ਸੀ? ਸਭ ਸੁੱਖ ਤਾਂ ਹੈ?

ਮੇਰੇ ਵੱਲੋਂ ਕੀਤੇ ਲਗਾਤਾਰ ਸਵਾਲਾਂ ਦੇ ਜਵਾਬ ਦੇਂਦੇ ਹੋਏ ਵਰਿੰਦਰ ਨੇ ਗੰਭੀਰਤਾ ਨਾਲ ਕਿਹਾ, ਉਹ ਵੀ ਕੱਲ੍ਹ ਆ ਜਾਏਗਾ।

ਮੈਂ ਕੁਝ ਹੋਰ ਪੁੱਛਦਾ, ਵਰਿੰਦਰ ਪਹਿਲਾਂ ਹੀ ਬੋਲ ਪਿਆ, ਸਾਨੂੰ ਐਥੇ ਰਹਿਣ ਲਈ ਇਕ ਕਮਰੇ ਦੀ ਜ਼ਰੂਰਤ ਹੈ। ਇਸ ਵਿੱਚ ਕੋਈ ਮਦਦ ਕਰ ਸਕਦਾ ਤੂੰ?

ਵਰਿੰਦਰ ਦੀ ਆਵਾਜ਼ ਵਿੱਚ ਘਬਰਾਹਟ ਤੇ ਕਾਹਲ ਸੀ। ਉਹ ਜਿਵੇਂ ਐਥੋਂ ਜਲਦੀ ਜਾਣਾ ਚਾਹੁੰਦਾ ਹੋਵੇ। ਮੈਂ ਵਰਿੰਦਰ ਦਾ ਚਿਹਰਾ ਪੜ੍ਹ ਕੇ ਕਿਹਾ, ਚਲੋ ਮੇਰੇ ਨਾਲ ਮੇਰੇ ਘਰ।

ਉਸ ਕੋਲ ਵੀ ਮੇਰੀ ਪੇਸ਼ਕਸ਼ ਮੰਨਣ ਤੋਂ ਇਲਾਵਾ ਹੋਰ ਕੋਈ ਹੱਲ ਨਹੀਂ ਸੀ ਪਰ ਉਹ ਸੌਖਿਆਂ ਮੰਨਣ ਦਾ ਵਿਖਾਵਾ ਵੀ ਨਹੀਂ ਕਰਨਾ ਚਾਹੁੰਦਾ ਸੀ।

ਉਹ ਮੈਨੂੰ ਕਹਿਣ ਲੱਗਾ, ਨਹੀਂ ਯਾਰ, ਤੇਰੇ ਘਰ ਨਹੀਂ।

ਮੈਂ ਬੜੀ ਬੇਬਾਕੀ ਨਾਲ ਬੋਲਿਆ, ਉੱਠੋ ਚੱਲੀਏ ਐਵੇਂ ਨਾ ਡਰਾਮਾ ਕਰ ਕੇ ਦਿਖਾਉ।

ਮੈਂ ਅੱਗੇ-ਅੱਗੇ ਤੇ ਉਹ ਮੇਰੇ ਪਿੱਛੇ-ਪਿੱਛੇ ਚੁੱਪ ਚਾਪ ਤੁਰ ਪਿਆ। ਸਾਈਕਲ ਮਗਰ ਬੈਠਾ ਵਰਿੰਦਰ ਚੌਕਸ ਸੀ। ਪੰਜ ਦੱਸ ਮਿੰਟਾਂ ਵਿੱਚ ਸਾਈਕਲ ਇਕ ਛੋਟੇ ਜਿਹੇ ਕਾਲੇ ਗੇਟ ਸਾਹਮਣੇ ਰੁੱਕ ਗਿਆ। ਇਹ ਮੇਰਾ ਘਰ ਸੀ।

ਸਾਈਕਲ ਖੜ੍ਹਾ ਕਰ ਮੈਂ ਗੇਟ ਖੜਕਾਇਆ। ਗੇਟ ਮੇਰੀ ਮਾਂ ਨੇ ਖੋਲ੍ਹਿਆ ਤੇ ਅਚਾਨਕ ਪੁੱਛਿਆ, ਅੱਜ ਜਲਦੀ ਆ ਗਿਆ, ਕੀ ਗੱਲ ਐ?

ਪਰ ਉਹ ਪਿੱਛੇ ਖਲੋਤੇ ਅਣਜਾਣ ਨੌਜਵਾਨ ਨੂੰ ਦੇਖ ਮੇਰਾ ਜਵਾਬ ਸੁਣੇ ਬਿਨਾਂ ਪਿੱਛੇ ਹੋ ਅੰਦਰ ਚਲੀ ਗਈ। ਮੇਰੇ ਪਿਤਾ ਜੀ ਪਿਛਲੇ ਦੋ ਸਾਲਾਂ ਦੇ ਦੁੱਬਈ ਗਏ ਸਨ ਅਤੇ ਮੇਰਾ ਵੱਡਾ ਭਰਾ ਟਾਟਾਨਗਰ (ਝਾਰਖੰਡ) ਮਾਮਿਆਂ ਕੋਲ ਟਰੱਕ ਸਪੇਅਰ ਪਾਰਟਸ ਦੀ ਦੁਕਾਨ 'ਤੇ ਕੰਮ ਸਿੱਖਣ ਗਿਆ ਸੀ, ਅਸੀਂ ਦੋਵੇਂ ਮਾਂ ਪੁੱਤ ਇਕੱਲੇ ਹੀ ਰਹਿੰਦੇ ਸੀ।

ਮੈਂ ਸਾਈਕਲ ਅੰਦਰ ਕਰਦਿਆਂ ਵਰਿੰਦਰ ਨੂੰ ਕਿਹਾ, ਆ ਜੋ ਭਾਜੀ, ਅੰਦਰ ਆ ਜਾਉ।

ਉਹ ਵੀ ਮੋਢੇ 'ਤੇ ਛੋਟਾ ਜਿਹਾ ਬੈਗ ਟੰਗੀ ਮੇਰੇ ਪਿੱਛੇ ਚੁੱਪ-ਚਾਪ ਅੰਦਰ ਆ ਗਿਆ।

ਮੈਂ ਉਸ ਨੂੰ ਬੈਠਕ ਵਿੱਚ ਬਿਠਾ ਮਾਂ ਕੋਲ ਰਸੋਈ ਵਿੱਚ ਚਲਾ ਗਿਆ। ਮਾਂ ਦੇ ਪੁੱਛਣ ਤੋਂ ਪਹਿਲਾਂ ਹੀ ਮੈਂ ਵਰਿੰਦਰ ਬਾਰੇ ਦੱਸਿਆ ਇਹ ਵੀ ਕ੍ਰਿਪਾਲ ਵੀਰ ਜੀ ਵਾਂਗ ਮੇਰੇ ਵੀਰ ਜੀ ਹਨ।

ਮਾਂ ਕ੍ਰਿਪਾਲ ਦਾ ਨਾਮ ਸੁਣ ਇਕ ਵਾਰ ਤਾਂ ਡਰ ਗਈ ਪਰ ਉਸ ਨੇ ਮੈਨੂੰ ਕੁਝ ਨਾ ਕਿਹਾ, ਬੱਸ ਪਾਣੀ ਦਾ ਗਿਲਾਸ ਫੜਾ ਸਿਰਫ਼ ਐਨਾਂ ਹੀ ਕਿਹਾ, ਜਾ ਪਾਣੀ ਦੇ ਆ ਤੇ ਨਾਲੇ ਪੁੱਛ ਲੈ ਫੁਲਕਾ ਬਣਾਵਾਂ ਜਾਂ ਪਹਿਲਾਂ ਚਾਹ ਬਣਾ ਦਿਆਂ?

ਮੈਂ ਰਸੋਈ ਵਿੱਚੋਂ ਬਾਹਰ ਨਿਕਲਦਾ ਬੋਲਿਆ, ਫੁਲਕਾ ਹੀ ਬਣਾ ਲੋ, ਚਾਹ ਤਾਂ ਅਸੀਂ ਹੁਣੇ ਪੀ ਕੇ ਹੀ ਆਏ ਆਂ।

ਥੋੜ੍ਹੀ ਦੇਰ ਬਾਅਦ ਰੋਟੀ ਆ ਗਈ। ਦੋਵਾਂ ਨੇ ਰੋਟੀ ਖਾ ਕੇ ਹੱਥ ਧੋ ਲਏ ਤਾਂ ਮਾਂ ਨੇ ਮੈਨੂੰ ਹਦਾਇਤ ਕਰਦੇ ਕਿਹਾ, ਆਪਣੇ ਵੀਰ ਨੂੰ ਚੁਬਾਰੇ ਵਿੱਚ ਬਿਠਾ, ਐਥੇ ਕੋਈ ਨਾ ਕੋਈ ਗਲੀ ਗੁਆਂਢ ਵਾਲੀਆਂ ਔਰਤਾਂ ਆ ਜਾਂਦੀਆਂ ਹਨ, ਤੇ ਫਿਰ ਇਸ ਬਾਰੇ ਪੁੱਛਣਗੀਆਂ ਇਹ ਮੁੰਡਾ ਕੌਣ ਹੈ? ਸਮਝ ਗਿਆ।

ਮੈਂ ਸਿਰ ਹਿਲਾਉਂਦੇ ਹਾਂ ਕਹੀ ਤੇ ਵਰਿੰਦਰ ਦਾ ਬੈਗ ਚੁੱਕ ਲਿਆ। ਵਰਿੰਦਰ ਨੇ ਵੀ ਮੇਰੀ ਮਾਂ ਦੀ ਹਦਾਇਤ ਸੁਣ ਲਈ ਸੀ ਤੇ ਸਮਝ ਗਿਆ ਸੀ। ਮਾਂ ਦੇ ਦਿਮਾਗ ਵਿੱਚ ਸੀ ਇਹ ਸਵੇਰੇ ਚਲਾ ਜਾਵੇਗਾ। ਵਰਿੰਦਰ ਵੀ ਬਿਨਾਂ ਬੋਲੇ ਮੇਰੇ ਮਗਰ ਚੁਬਾਰੇ 'ਤੇ ਆ ਗਿਆ।

ਮੈਂ ਜਦ ਵਰਿੰਦਰ ਨੂੰ ਚੁਬਾਰੇ ਵਿੱਚ ਬਿਠਾ ਹੇਠਾਂ ਆਇਆ ਤਾਂ ਮੈਨੂੰ ਬੈਠਕ ਵਿੱਚ ਬੁਲਾ ਮੇਰੀ ਮਾਂ ਨੇ ਚਿੰਤਾ ਕਰਦਿਆਂ ਪੁੱਛਿਆ, ਇਹ ਹੈ ਕੌਣ? ਤੈਨੂੰ ਕਿੱਥੇ ਤੇ ਕਿਵੇਂ ਮਿਲਿਆ?

ਮੈਂ ਆਪਣੀ ਮਾਂ ਦੀ ਤਸੱਲੀ ਕਰਾਉਂਦੇ ਕਿਹਾ, ਇਨ੍ਹਾਂ ਨੂੰ ਇਕ ਵਾਰ ਕ੍ਰਿਪਾਲ ਵੀਰ ਜੀ ਨਾਲ ਮੈਂ ਖ਼ਾਲਸਾ ਕਾਲਜ ਮਿਲਿਆ ਸੀ ਤੇ ਹੁਣ ਇਹ ਐਥੇ ਮੇਰੇ ਸਕੂਲ ਦੇ ਨਾਲ ਜੋ ਗੌਰਮੈਂਟ ਕਾਲਜ ਹੈ, ਉਥੋਂ ਬੀ.ਐਡ. ਕਰ ਰਹੇ ਹਨ। ਉਥੇ ਹੀ ਮੇਰੀ ਕੰਟੀਨ ਵਿੱਚ ਇਨ੍ਹਾਂ ਨਾਲ ਮੁਲਾਕਾਤ ਹੋਈ ਸੀ ਤੇ ਮੈਂ ਇਨ੍ਹਾਂ ਨੂੰ ਪਹਿਚਾਣ ਲਿਆ, ਉਸ ਦਿਨ ਤੋਂ ਹੀ ਇਹ ਮੈਨੂੰ ਵੀਰ ਕ੍ਰਿਪਾਲ ਵਾਂਗ ਚੰਗੇ ਲੱਗਣ ਲੱਗ ਪਏ।

ਮਾਂ ਨੇ ਫਿਰ ਵੀ ਫ਼ਿਕਰ ਕਰਦੇ ਕਿਹਾ, ਚੱਲ ਉਹ ਤਾਂ ਤੇਰੀ ਗੱਲ ਠੀਕ ਹੈ ਪਰ ਐਥੇ ਮੇਰਾ ਮਤਲਬ ਆਪਣੇ ਘਰ ਕਿਵੇਂ ਆਇਆ ਹੈ?

ਮੈਂ ਵੀ ਜਵਾਬ ਦੇਂਦੇ ਹੋਏ ਬੇਝਿੱਜਕ ਹੋ ਕੇ ਕਿਹਾ, ਇਹ ਰਹਿਣ ਲਈ ਕਮਰਾ ਲੱਭ ਰਹੇ ਸੀ, ਮੈਂ ਕਿਹਾ ਬਾਹਰ ਕਿਉਂ ਰਹਿਣਾ ਆਪਣਾ ਚੁਬਾਰਾ ਕਿਸ ਲਈ ਹੈ? ਮੈਂ ਹੀ ਵਰਿੰਦਰ ਵੀਰ ਦੇ ਨਾਂਹ ਕਰਨ 'ਤੇ ਵੀ ਐਥੇ ਲੈ ਕੇ ਆਇਆ ਹਾਂ।

ਮਾਂ ਅੱਗੋਂ ਕੁਝ ਹੋਰ ਪੁੱਛਦੀ ਮੈਂ ਬਾਹਰ ਨਿਕਲ ਫਿਰ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਿਆ। ਮਾਂ ਕਿਸੇ ਅਣਹੋਣੀ ਤੋਂ ਡਰਦੀ ਸੋਚਾਂ ਵਿੱਚ ਪੈ ਗਈ। ਉਸ ਨੂੰ ਪਤਾ ਸੀ ਕ੍ਰਿਪਾਲ ਸਿੰਘ ਨੇ ਤਾਂ ਐਨੀਂ ਮਾਰ ਖਾ ਕੇ ਵੀ ਕਿਸੇ ਬਾਰੇ ਕੁਝ ਨਹੀਂ ਦੱਸਿਆ ਸੀ ਪਰ ਅੱਜ ਕੱਲ੍ਹ ਤਾਂ ਪੁਲਸ ਦੀ ਚੜ੍ਹ ਮੱਚੀ ਹੋਈ ਹੈ। ਨਾਲੇ ਇਹ ਅੱਜ ਕੱਲ੍ਹ ਦੇ ਮੁੰਡੇ ਚਾਰ ਛਿੱਤਰ ਨਹੀਂ ਸਹਿੰਦੇ ਤੇ ਸਾਰਾ ਕੁਝ ਟੇਪ ਰਿਕਾਰਡ ਵਾਂਗ ਬੋਲਣ ਲੱਗ ਜਾਂਦੇ ਆ। ਇਹ ਗੱਲ ਵੀ ਉਸ ਦੇ ਦਿਮਾਗ ਵਿੱਚ ਆਈ ਜੇਕਰ ਇਹ ਕਾਲਜ ਵਿੱਚ ਪੜ੍ਹ ਰਹੇ ਆ ਤਾਂ ਫਿਰ ਇਨ੍ਹਾਂ ਨੂੰ ਪੁਲਸ ਤੋਂ ਲੁਕਣ ਜਾਂ ਡਰਨ ਦੀ ਕੀ ਜ਼ਰੂਰਤ ਆ? ਇਹ ਕਮਲਜੀਤ ਤਾਂ ਭੋਲਾ ਹੈ। ਐਵੇਂ ਨਾ ਕਿਸੇ ਮੁਸੀਬਤ ਵਿੱਚ ਫੱਸ ਜਾਏ। ਇਹ ਨੂੰ ਸਮਝਾਉਣਾ ਪੈਣਾ। ਇਹ ਸਾਰਾ ਕੁਝ ਸੋਚ ਕੇ ਵਾਹਿਗੁਰੂ ਭਲੀ ਕਰੀਂ ਕਹਿ ਕੇ ਉੱਠ ਪਈ ਤੇ ਘਰ ਦੇ ਕੰਮਾਂ ਵਿੱਚ ਰੁੱਝ ਗਈ।

ਰਾਤ ਨੂੰ ਕਮਰੇ ਵਿੱਚ ਨੇੜੇ-ਨੇੜੇ ਡੱਠੇ ਮੰਜਿਆਂ 'ਤੇ ਬੈਠੇ ਅਸੀਂ ਦੋਵੇਂ ਸੌਣ ਦੀ ਤਿਆਰੀ ਕਰ ਰਹੇ ਸੀ ਤਾਂ ਵਰਿੰਦਰ ਨੇ ਮੈਨੂੰ ਪੁੱਛਿਆ, ਨੀਂਦ ਤਾਂ ਨਹੀਂ ਆ ਰਹੀ?

ਮੈਂ ਚਾਮ੍ਹਲ ਕੇ ਜਵਾਬ ਦਿੱਤਾ, ਨਾ ਜੀ ਐਨੀ ਜਲਦੀ ਕਿੱਥੇ?

ਮੈਂ ਵੱਡਾ ਬਲਬ ਬੰਦ ਕਰਕੇ ਡਿਮ ਲਾਈਟ ਵਾਲਾ ਬਲਬ ਜਗਾ ਕੇ ਆਪਣੇ ਮੰਜੇ 'ਤੇ ਆ ਬੈਠਾ।

ਚਲਦਾ......

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ !
-ਸੰਪਾਦਕ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**703. ਪਰਮਾਰਥ ਦਾ ਰਸਤਾ ਕਿਹਨਾਂ ਨੂੰ ਪ੍ਰਗਟ ਹੁੰਦਾ ਹੈ?**

ਗੁਰਮੁਖਾਂ ਨੂੰ! ਪ੍ਰਭੂ ਦੇ ਦਰ ਤੇ ਉਹਨਾਂ ਨੂੰ ਕੋਈ ਰੋਕ ਨਹੀਂ ਪੈਂਦੀ । "ਗੁਰਮੁਖਾ ਨੇ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ॥ ਅੰਗ 42" । ਅਤੇ, "ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ ॥3॥ ਅੰਗ 377" । ਨਾਮ ਨੂੰ ਮੰਨਣ ਨਾਲ਼ ਪਰਮਾਰਥ ਦਾ ਮਾਰਗ ਪ੍ਰਗਟ ਹੋ ਜਾਂਦਾ ਹੈ, ਕਿਉਂਕਿ ਨਾਮ ਦਾ ਹੀ ਸਭ (ਜਗ੍ਹਾ) ਚਾਨਣ ਹੈ । "ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ ॥ ਅੰਗ 1241" । ਲੇਕਿਨ ਨਾਮ ਦਾ ਮੰਨਣਾ ਸਤਿਗੁਰੂ ਦੇ ਮਿਲਾਪ ਰਾਹੀਂ ਹੁੰਦਾ ਹੈ; ਜਿਹਨਾਂ ਨੂੰ ਉਹ ਆਪ (ਦਇਆ ਕਰਕੇ) ਨਾਮ ਦੇਵੇ । "ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ੍ ਦੇਵੈ ਸੋਈ॥9॥ ਅੰਗ 1241" ।

**704. ਕਿਹਨਾਂ ਦੀ ਸੋਭਾ ਨਿਰਮਲ ਹੁੰਦੀ ਹੈ ਤੇ ਸਾਰੇ ਜਹਾਨ 'ਚ ਪ੍ਰਗਟ ਹੁੰਦੀ ਹੈ?**

ਜਿਹਨਾਂ ਦੇ ਮਨ ਵਿਚ ਪਾਰਬ੍ਰਹਮੁ ਵਸ ਜਾਂਦਾ ਹੈ, ਉਹ ਪੂਰੇ ਪ੍ਰਧਾਨ (ਭਾਵ ਸਭ ਤੋਂ ਉੱਪਰ) ਹੁੰਦੇ ਹਨ । ਉਹਨਾਂ ਦੀ ਸੋਭਾ ਦਾਗ ਰਹਿਤ ਹੁੰਦੀ ਹੈ ਤੇ ਸਾਰੇ ਜਹਾਨ ਵਿਚ ਪ੍ਰਗਟ ਹੋ ਜਾਂਦੀ ਹੈ । ਭਾਵ ਸਾਰੇ ਜਹਾਨ ਵਿਚ ਉਹਨਾਂ ਦੀ ਸੋਭਾ ਹੁੰਦੀ ਹੈ । "ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ ॥ ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ ॥ ਅੰਗ 45" ।

**705. ਸੰਸਾਰ ਵਿਚ ਚਾਨਣ ਕਿੱਦਾਂ ਪ੍ਰਗਟ ਹੁੰਦਾ ਹੈ? ਸੰਸਾਰ 'ਚ ਹੋਰ ਕੀ ਪ੍ਰਗਟ ਹੁੰਦਾ ਹੈ?**

ਕਲਿਜੁਗ ਵਿਚ ਪ੍ਰਭੂ ਦੀ ਕੀਰਤੀ ਨਾਲ਼ ਸੰਸਾਰ ਵਿਚ (ਗਿਆਨ ਰੂਪੀ) ਚਾਨਣ ਪ੍ਰਗਟ ਹੋ ਜਾਂਦਾ ਹੈ । "ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ ਅੰਗ 145"। ਗੁਰੂ ਦਾ ਬਚਨ ਵੀ ਸੰਸਾਰ ਵਿਚ ਪ੍ਰਗਟ ਹੋ ਜਾਂਦਾ ਹੈ; ਭਾਵ ਸਾਰੇ ਸੰਸਾਰ ਵਿਚ ਫੈਲ ਜਾਂਦਾ ਹੈ । "ਗੁਰ ਕਾ ਬਚਨੁ ਪਰਗਟੁ ਸੰਸਾਰਿ ॥ ਅੰਗ 177" । ਅਤੇ, ਸਤਿਗੁਰੂ ਜੀ ਸਤਿ ਬਚਨ ਆਖਦੇ ਹਨ ਕਿ ਉਹ ਪ੍ਰਭੂ ਸਭ ਵਿਚ ਪ੍ਰਗਟ ਹੈ; ਭਾਵ ਮੌਜੂਦ ਹੈ । "ਸਤਿ ਬਚਨ ਨਾਨਕੁ ਕਹੈ ਪਰਗਟ ਸਭ ਮਾਹਿ ॥ ਅੰਗ 815" ।

**706. ਅਉਗੁਣਾਂ ਨੂੰ ਕੌਣ ਮੇਟਦਾ ਹੈ ਤੇ ਗੁਣਾਂ ਨੂੰ ਕੌਣ ਪ੍ਰਗਟ ਕਰਦਾ ਹੈ? ਅਉਗੁਣ ਕਿੱਦਾਂ ਮਿਟਦੇ ਹਨ ਤੇ ਗੁਣ ਕਿੱਦਾਂ ਪ੍ਰਗਟ ਹੁੰਦੇ ਹਨ?**

ਇਹ ਕੰਮ ਗੁਰੂ ਕਰਦਾ ਹੈ! ਮੈਂ ਆਪਣੇ ਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸਨੇ ਮੇਰੇ ਅਉਗਣ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਮੇਟ ਕੇ ਗੁਣ (ਦਯਾ, ਧਰਮ, ਸਤਿ, ਸੰਤੋਖ ਤੇ ਧੀਰਜ) ਪ੍ਰਗਟ ਕਰ ਦਿੱਤੇ। "ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ ਪਰਗਟੀਆਏ ॥ ਅੰਗ 303" । ਮੇਰੇ ਚਿੱਤ ਵਿਚ ਉਹ ਪ੍ਰਭੂ ਪਤੀ ਆਇਆ, ਮੈਂ ਉਸਨੂੰ ਮਨ ਵਿਚ ਵਸਾ ਲਿਆ ਤੇ ਸਾਰੇ ਅਵਗੁਣ ਵਿਸਾਰ ਦਿੱਤੇ । ਜਦੋਂ ਉਸ ਪ੍ਰਭੂ ਨੂੰ ਚੰਗਾ ਲੱਗਿਆ ਤਾਂ ਮੇਰੇ ਵਿਚ ਗੁਣ ਪ੍ਰਗਟ ਹੋ ਗਏ; ਸਤਿਗੁਰੂ ਨੇ ਆਪ ਮੈਨੂੰ (ਗੁਣਾਂ ਨਾਲ) ਸੰਵਾਰ ਦਿੱਤਾ । "ਸੋ ਸਹੁ ਚਿਤਿ ਆਇਆ ਮੰਨਿ ਵਸਾਇਆ ਅਵਗਣ ਸਭਿ ਵਿਸਾਰੇ ॥ ਜਾ ਤਿਸੁ ਭਾਣਾ ਗੁਣ ਪਰਗਟ ਹੋਏ ਸਤਿਗੁਰ ਆਪਿ ਸਵਾਰੇ ॥ ਅੰਗ 441" । ਰਾਤ ਦਿਨ ਪ੍ਰਭੂ ਦੇ ਗੁਣ ਗਾਉਣ ਨਾਲ ਪ੍ਰਭੂ ਗੁਣ ਪ੍ਰਗਟ ਕਰ ਦਿੰਦਾ ਹੈ । "ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥ ਅੰਗ 512" ।

**707. ਗਿਆਨ ਕਿੱਦਾਂ ਪ੍ਰਗਟ ਹੁੰਦਾ ਹੈ?**

ਸਹਿਜ ਸੁਭਾਏ ਪ੍ਰਭੂ ਦੇ ਨਾਮ ਨੂੰ ਧਿਆਉਣ ਨਾਲ ਗਿਆਨ ਪ੍ਰਗਟ ਹੋ ਜਾਂਦਾ ਹੈ । "ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ ॥1॥ ਅੰਗ 429" । ਜਿਹਨਾਂ ਤੇ ਪ੍ਰਭੂ ਆਪ ਦਇਆਲ ਹੁੰਦਾ ਹੈ, ਉਹਨਾਂ ਦੇ ਮਨ ਵਿਚ ਗਿਆਨ ਪੈਦਾ ਹੋ ਜਾਂਦਾ ਹੈ । "ਜਿਨ ਕਉ ਆਪਿ ਦਇਆਲੁ ਹੋਇ ਤਿਨ ਉਪਜੈ ਮਨਿ ਗਿਆਨੁ ॥ ਅੰਗ 45" । ਅੰਗ 1069 ਤੇ ਵੀ ਸਤਿਗੁਰੂ ਜੀ ਦੱਸਦੇ ਹਨ ਕਿ ਗਿਆਨ ਰੂਪੀ ਰਤਨ ਮਨ 'ਚੋਂ ਪ੍ਰਗਟ ਹੁੰਦਾ ਹੈ । "ਗਿਆਨ ਰਤਨੁ ਮਨਿ ਪਰਗਟੁ ਭਇਆ ॥ ਅੰਗ 1069"।

**708. ਸੱਚੀ ਬਾਣੀ ਕਿਹਨੂੰ ਪ੍ਰਗਟ ਹੁੰਦੀ ਹੈ?**

ਗੁਰੂ ਅਨੁਸਾਰੀ ਨੂੰ! "ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥ ਅੰਗ 946" ।

**709. ਸਭ ਕੁਛ ਕਿਸਤੋਂ ਪ੍ਰਗਟ ਹੁੰਦਾ ਹੈ?**

ਪ੍ਰਭੂ ਦੇ ਨਾਮ ਤੋਂ! ਨਾਮ ਤੋਂ ਹੀ ਸਭ ਕੁਛ ਪ੍ਰਗਟ ਹੁੰਦਾ ਹੈ ਤੇ ਨਾਮ ਤੋਂ ਹੀ ਸੋਝੀ ਪੈਂਦੀ ਹੈ; ਭਾਵ ਗਿਆਨ ਹੁੰਦਾ ਹੈ । "ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥ ਅੰਗ 946" ।

**710. ਮਨ ਕਿੱਦਾਂ ਪ੍ਰਗਟ ਹੁੰਦਾ ਹੈ?**

ਪ੍ਰਭੂ ਦਾ ਨਾਮ ਲੈਣ ਨਾਲ਼! "ਨਾਮੁ ਲੈਤ ਮਨੁ ਪਰਗਟੁ ਭਇਆ ॥ ਅੰਗ 1142" ।

**711. ਸਾਰੀ ਲੋਕਾਈ 'ਚ ਪਤਿ ਕਿੱਦਾਂ ਪ੍ਰਗਟ ਹੁੰਦੀ ਹੈ?**

ਪੂਰੇ ਗੁਰੂ ਰਾਹੀਂ ਮੈਂ ਪ੍ਰਭੂ ਦਾ ਮਹਿਲ ਪ੍ਰਾਪਤ ਕਰ ਲਿਆ ਤੇ ਮੇਰੀ ਪਤਿ (ਇੱਜ਼ਤ) ਸਾਰੀ ਲੋਕਾਈ (ਜਹਾਨ) ਵਿਚ ਪ੍ਰਗਟ ਹੋ ਗਈ; ਭਾਵ ਫੈਲ ਗਈ । "ਪੂਰੇ ਗੁਰ ਤੇ ਮਹਲੁ ਪਾਇਆ ਪਤਿ ਪਰਗਟੁ ਲੋਈ ॥ ਅੰਗ 1248" ।

**712. ਸਾਕਤ ਕੌਣ ਹਨ?/ ਸਾਕਤ ਦੀ ਪ੍ਰੀਭਾਸ਼ਾ:**

ਜਿਨ੍ਹਾਂ ਮਨੁੱਖਾਂ ਨੂੰ ਪ੍ਰਭੂ ਨਾਲ ਪ੍ਰੀਤ ਨਹੀਂ, ਉਹ ਮੂਰਖ ਸਾਕਤ ਮਨੁੱਖ ਕੱਚੇ ਹੁੰਦੇ ਹਨ; ਕੱਚ ਵਾਂਗ ਵਾਰ ਵਾਰ ਟੁੱਟਦੇ ਤੇ ਘੜੇ ਜਾਂਦੇ ਹਨ (ਜਨਮਿ ਮਰੈ ਸੋ ਕਾਚੋ ਕਾਚਾ ॥ ਅੰਗ 288" ।) । ਉਹਨਾਂ ਨੂੰ ਜਨਮ ਮਰਨ ਦਾ ਭਾਰੀ ਦੁਖ ਸਹਾਰਨਾ ਪੈਂਦਾ ਹੈ ਤੇ ਉਹ ਗਰਭ ਜੋਨ ਵਿਚ ਵਾਰ ਵਾਰ ਮਰ ਕੇ ਤਬਾਹ ਹੁੰਦੇ ਰਹਿੰਦੇ ਹਨ (ਗਰਭ ਜੋਨਿ ਵਿਸਟਾ ਕਾ ਵਾਸੁ ॥ ਅੰਗ 362" ।) । "ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ ਤੇ ਸਾਕਤ ਮੂੜ ਨਰ ਕਾਚੇ ॥ ਤਿਨ ਕਉ ਜਨਮੁ ਮਰਣੁ ਅਤਿ ਭਾਰੀ ਵਿਚਿ ਵਿਸਟਾ ਮਰਿ ਮਰਿ ਪਾਚੇ ॥2॥ ਅੰਗ 169" ।

ਜਿਹਨਾਂ ਦੀ ਗੁਰੂ ਸਤਿਗੁਰੂ ਨਾਲ਼ ਭੇਂਟ ਨਹੀਂ ਹੋਈ ਉਹ ਸਾਕਤ, ਮੂਰਖ ਤੇ ਕਮਲੇ ਹੁੰਦੇ ਹਨ । "ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ ਤੇ ਸਾਕਤ ਮੂੜ ਦਿਵਾਨੇ ॥ ਅੰਗ 170" ।

ਹੇ ਮੇਰੇ ਮਨ ! ਜਿਹੜੇ ਮਨੁੱਖ ਪ੍ਰਭੂ ਦੇ ਨਾਮ ਤੋਂ ਬਿਨਾ ਜੋ ਦੂਜੇ (ਮਾਇਆ) ਨਾਲ ਜੁੜਦੇ ਹਨ, ਉਹ ਸਾਕਤ (ਮਾਇਆਧਾਰੀ, ਪ੍ਰਭੂ ਤੋਂ ਬੇਮੁਖ/ਮੁਨਕਰ) ਹੁੰਦੇ ਹਨ, ਜਮ ਨੇ ਉਹਨਾਂ ਨੂੰ ਘੁੱਟ (ਫੜ) ਲਿਆ ਹੁੰਦਾ ਹੈ । ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦਾ ਨਾਮ ਵਿਸਾਰ ਦਿੱਤਾ, ਉਹ ਸਾਕਤ ਹਨ ਤੇ (ਰੱਬ ਦੇ) ਚੋਰ ਹਨ; ਹੇ ਮੇਰੇ ਮਨ ! ਉਹਨਾਂ ਦੇ ਨੇੜੇ ਨਹੀਂ ਢੁੱਕਣਾ ਚਾਹੀਦਾ । "ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ॥ ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ ॥4॥ ਅੰਗ 170" । ਜਿਹੜੇ ਮਨੁੱਖ ਮਾਇਆ ਕਾਰਨ ਸੰਸਾਰ ਰੂਪੀ ਜੰਗਲ ਵਿਚ ਭਟਕਦੇ ਹਨ, ਉਹ ਸਾਕਤ ਤੇ ਮੂਰਖ ਹੁੰਦੇ ਹਨ ਤੇ (ਅੰਤ ਨੂੰ) ਮਾਇਆ ਹੱਥੋਂ ਠਗੇ ਜਾਂਦੇ ਹਨ। "ਜੋ ਨਰ ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ ਮੁਹੇ ॥ ਅੰਗ 1336" ।

ਚਲਦਾ...

ਪੰਜਾਬ ਟਾਈਮਜ਼
PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)
6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.................................................................
ADDRESS.............................................................
..........................................POST CODE.......................
TEL.....................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
*www.panjabtimes.uk Email: Panjabtimes@aol.com*

## ਸ਼ਿਕਾਗੋ ਨੇੜੇ ਭਿਆਨਕ ਸੜਕ ਹਾਦਸੇ ਵਿੱਚ ਭਾਰਤੀ ਵਿਦਿਆਰਥਣ ਦੀ ਮੌਤ, ਛੇ ਹੋਰ ਜ਼ਖਮੀ



ਸ਼ਿਕਾਗੋ, : ਅਮਰੀਕਾ ਦੇ ਸ਼ਿਕਾਗੋ ਨੇੜੇ ਹੋਏ ਇਕ ਦਰਦਨਾਕ ਸੜਕ ਹਾਦਸੇ ਵਿੱਚ ਪੱਚੀ ਸਾਲਾ ਭਾਰਤੀ ਵਿਦਿਆਰਥਣ ਨਵਿਆ ਗਡੂਸੂ ਦੀ ਮੌਤ ਹੋ ਗਈ ਜਦਕਿ ਛੇ ਹੋਰ ਲੋਕ ਜ਼ਖਮੀ ਹੋਏ ਹਨ ਅਤੇ ਇਹ ਹਾਦਸਾ ਸ਼ਨੀਵਾਰ ਦੇਰ ਰਾਤ ਇੰਡਿਆਨਾ ਸੂਬੇ ਦੇ ਲੇਕ ਕਾਊਂਟੀ ਵਿੱਚ ਇੰਟਰਸਟੇਟ-ਸਾਹਟ ਹਾਈਵੇ ਤੇ ਵਾਪਰਿਆ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਨਵਿਆ ਗਡੂਸੂ ਨੂੰ ਰਾਤ ਬਾਰਾਂ ਵੱਜ ਕੇ ਸੋਲਾਂ ਮਿੰਟ ਤੇ ਮ੍ਰਿਤ ਘੋਸ਼ਿਤ ਕਰ ਦਿੱਤਾ ਗਿਆ ਅਤੇ ਲੇਕ ਕਾਊਂਟੀ ਕੋਰੋਨਰ ਦਫ਼ਤਰ ਨੇ ਦੱਸਿਆ ਕਿ ਉਸਦੀ ਮੌਤ ਹਾਦਸੇ ਦੌਰਾਨ ਲੱਗੀਆਂ ਗੰਭੀਰ ਸੱਟਾਂ ਕਾਰਨ ਹੋਈ ਹੈ। ਸ਼ਿਕਾਗੋ ਸਥਿਤ ਭਾਰਤੀ ਵਾਣਿਜ ਦੂਤਾਵਾਸ ਨੇ ਘਟਨਾ ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਹ ਪੀੜਤ ਪਰਿਵਾਰ ਨਾਲ ਸੰਪਰਕ ਵਿੱਚ ਹੈ ਅਤੇ ਦੂਤਾਵਾਸ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਪਰਿਵਾਰ ਨਾਲ ਹਮਦਰਦੀ ਜਤਾਈ ਹੈ। ਇੰਡਿਆਨਾ ਸਟੇਟ ਪੁਲਿਸ ਅਨੁਸਾਰ ਹਾਦਸਾ ਰਾਤ ਕਰੀਬ ਗਿਆਰਾਂ ਵੱਜ ਕੇ ਪੰਦਰਾਂ ਮਿੰਟ ਤੇ ਵਾਪਰਿਆ ਜਦੋਂ ਸੱਤ ਲੋਕਾਂ ਨੂੰ ਲੈ ਕੇ ਜਾ ਰਹੀ ਲਾਲ ਰੰਗ ਦੀ ਮਿਨੀ ਵੈਨ ਇਕ ਖ਼ਰਾਬ ਵਾਹਨ ਦੇ ਪਿੱਛੇ ਹੌਲੀ ਰਫ਼ਤਾਰ ਨਾਲ ਚੱਲ ਰਹੀ ਸੀ ਅਤੇ ਇਸ ਦੌਰਾਨ ਪਿੱਛੋਂ ਆ ਰਹੀ ਇਕ ਕਾਰ ਦੇ ਚਾਲਕ ਨੂੰ ਵੈਨ ਦੀ ਹੌਲੀ ਰਫ਼ਤਾਰ ਦਾ ਅੰਦਾਜ਼ਾ ਨਾ ਹੋ ਸਕਿਆ ਜਿਸ ਕਾਰਨ ਉਸਦੀ ਕਾਰ ਮਿਨੀ ਵੈਨ ਨਾਲ ਟਕਰਾ ਗਈ। ਟੱਕਰ ਮਗਰੋਂ ਮਿਨੀ ਵੈਨ ਸੜਕ ਤੋਂ ਹੇਠਾਂ ਖੱਡ ਵਿੱਚ ਜਾ ਡਿੱਗੀ ਅਤੇ ਪੁਲਿਸ ਨੇ ਦੱਸਿਆ ਕਿ ਵੈਨ ਵਿੱਚ ਸਿਰਫ਼ ਅੱਗੇ ਦੋ ਸੀਟਾਂ ਸਨ ਜਦਕਿ ਹੋਰ ਯਾਤਰੀ ਮੰਬਾਂ ਦੇ ਡੱਬਿਆਂ "ਤੇ ਬਿਨ੍ਹਾਂ ਸੀਟ ਬੈਲਟ ਬੈਠੇ ਹੋਏ ਸਨ।

# PANJAB TIMES FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਸੁਜਿੰਦਰ ਸਿੰਘ ਸੰਘਾ



ਪੰਜਾਬ 'ਚ ਸਿਆਸੀ ਪਾਰਟੀਆਂ, ਗਰੁਪਾਂ ਅਤੇ ਭਗਵੰਤ ਸਿੰਘ ਮਾਨ ਦੀ "ਆਪ" ਸਰਕਾਰ ਦੇ ਰਾਜਨੀਤਕ ਵਿਵਾਦ-ਸੰਵਾਦ-ਹਿਤ ਜੋ ਮਰਜੀ ਹੋਣ, ਸ਼੍ਰੀ ਗੁਰੂ ਗਰੰਥ ਸਾਹਿਬ ਅਤੇ ਸਿਖ ਭਾਵਨਾਵਾਂ ਨਾਲ ਸਬੰਧਿਤ ਕੋਈ ਵੀ ਕਾਨੂੰਨ ਸ਼੍ਰੋਮਣੀ ਗੁਰਦ-ਵਾਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮੁਕੰਮਲ ਸਹਿਮਤੀ ਬਿਨਾਂ ਬਣਾਉਣਾ ਸਰਾਸਰ ਗਲਤ ਅਤੇ ਸਿਖ ਪੰਥਕ ਸੰਸਥਾਵਾਂ ਨੂੰ ਢਾਹ ਲਾਉਣ ਬਰਾਬਰ ਹੈ।

............................................

Not with standing any partisan political interests of the AAP led Punjab government of Bhagwant Singh Mann; the legislation affecting Sikh religious sentiments, relating to SGGS should not have been enacted without the open and expressed consent of the SGPC Amritsar and Sri Akal Takhat Sahib - all objections should be addressed without delay.

........................................

The back title of my new book in Punjabi - Perspectives from Britain - may become historic; as the UK Labour history shows that implosions for leadership in UK Labour have lost them power - this may be the last time to have 400+ Labour MPs in House of Commons



................................

What's needed for further improving Indian economy is to be in closer collaboration and partnership with the surrounding South West Asian countries. BRICS presidency of India can be a good opportunity to make this happen e.g. start with opening the land trade routes for economic growth and to save on fuel, time, assets and improve employemnt in Punjab.

......................................

From UK to USA and India...faultlines in democracy are becoming pronounced...politics are less for people and places... more as dominant political classes' ego, power, exploitation.... Much of the political class suffers from intellectual, moral and ethical deficits..

..................................

ਯੂ ਕੇ, ਅਮਰੀਕਾ ... ਭਾਰਤ...ਵਿਚ ਜਮਹੂਰੀਅਤ ਦੀਆਂ ਕਮਜ਼ੋਰੀਆਂ ਹਰ ਦੇਸ਼ ਵਿੱਚ ਪੇਸ਼ ਹੋ ਰਹੀਆਂ ਹਨ। ਰਾਜਨੀਤੀ ਲੋਕਾਂ ਲਈ ਘਟ, ਥਾਹੋਂ ਥਾਹੀਂ ਸਿਆਸੀ ਜਮਾਤਾਂ ਲਈ ਸ਼ਕਤੀ-ਸਿਆਸਤ, ਹਓਮੈਂ, ਪੈਸੇ...ਦੀ ਖੇਡ ਬਣਕੇ ਰਹਿ ਗਈ ਹੈ। ਬਹੁਤੇ ਸਿਆਸਤਦਾਨ ਬੌਧਿਕਤਾ, ਕਦਰਾਂ-ਕੀਮਤਾਂ, ਇਖਲਾਕ ਤੋਂ ਸਖਣੇ ਦਿਸ ਰਹੇ ਹਨ।

....................................


Many democracies - including the UK democracy - has many faultlines. An obvious one is that around 50% of eligible voters just didn't vote. Sir Keir Starmer led UK Labour government can and should bring in legislation for 'Duty to Vote' for enhancing the democratic system for a fair representation.

.................................

ਜਮਹੂਰੀਅਤਾਂ 'ਚ ਵੀ ਬਹੁਤ ਕਮਜ਼ੋਰੀਆਂ ਹਨ। ਇਹ ਯੂ ਕੇ ਦੇ ਜਮਹੂਰੀ ਢਾਂਚੇ ਵੀ ਹਨ। ਪ੍ਰਮੁੱਖ ਦਿਸੀ ਕਮਜ਼ੋਰੀ ਇਹ ਹੈ ਕਿ 50% ਦੁਆਲੇ ਵੋਟਰ ਲੋਕ, ਵੋਟ ਹੀ ਨਹੀਂ ਪਾਉਂਦੇ। ਕੀਥ ਸਟਾਮਰ ਦੀ ਲੇਬਰ ਸਰਕਾਰ ਸਮਰੱਥ ਹੈ ਕਿ ਵੋਟ ਪਾਉਣੀ ਜਮਹੂਰੀਅਤ ਦੀ ਰਾਖੀ ਲਈ, ਸਿਧਾਂਤਕ ਤੇ ਕਾਨੂੰਨੀ ਜਿੰਮੇਵਾਰੀ ਤਹਿ ਕਰੇ। ਤਾਂ ਕਿ ਚੋਣਾਂ ਦੇ ਨਤੀਜੇ ਨੁਮਾਇੰਦਾ ਹੋ ਸਕਣ।

..................................................

Former USA President Bill Clinton defines the current reality and failures of leadership in Iran-War - but where does it leave



# *ਭਾਰਤੀ ਸ਼ਹਿਰ ਦੇ ਨਾਮ 'ਤੇ ਰੱਖਿਆ ਗਿਆ ਸਕਾਟਲੈਂਡ ਦੇ ਛੋਟੇ ਜਿਹੇ ਪਿੰਡ ਦਾ ਨਾਮ

ਗਲਾਸਗੋ-(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਭਾਰਤ ਦੇ ਪ੍ਰਸਿੱਧ ਸ਼ਹਿਰ ਅਤੇ ਬਿਹਾਰ ਪ੍ਰਦੇਸ਼ ਦੀ ਰਾਜਧਾਨੀ ਮਹਾਂਨਗਰ ਪਟਨਾ ਦੇ ਨਾਮ 'ਤੇ ਸਕਾਟਲੈਂਡ ਦੇ ਪਿੰਡ ਪਟਨਾ ਦਾ ਨਾਮ ਰੱਖਿਆ ਗਿਆ ਸੀ। ਸਕਾਟਲੈਂਡ ਦਾ ਪਟਨਾ ਪਿੰਡ 1802 ਵਿੱਚ ਵਸਾਇਆ ਗਿਆ ਸੀ। ਇਸਨੂੰ ਵਸਾਉਣ ਵਾਲਾ ਸਕਾਟਲੈਂਡ ਦਾ ਵਿਲੀਅਮ ਫੁਲਾਰਟਨ ਸੀ, ਜੋ ਕਿ ਸਕਾਟਲੈਂਡ ਦਾ ਇੱਕ ਜਿਮੀਦਾਰ ਅਤੇ ਰਾਜਨੀਤਿਕ ਵਿਅਕਤੀ ਸੀ। ਉਸਦਾ ਪਿਤਾ ਜੌਨ ਫੁਲਾਰਟਨ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਵਿੱਚ ਮੇਜਰ ਜਨਰਲ ਸੀ ਅਤੇ ਭਾਰਤ ਦੇ ਪਟਨਾ ਸ਼ਹਿਰ ਵਿੱਚ ਤਾਇਨਾਤ ਸੀ। ਵਿਲੀਅਮ ਫੁਲਾਰਟਨ ਦਾ ਜਨਮ ਪਟਨਾ ਸ਼ਹਿਰ ਵਿੱਚ ਹੀ ਹੋਇਆ ਸੀ।

ਜਦੋਂ ਵਿਲੀਅਮ ਫੁਲਾਰਟਨ ਵਾਪਸ ਸਕਾਟਲੈਂਡ ਆਇਆ ਤਾਂ ਉਨ੍ਹਾਂ ਨੇ ਆਪਣੇ ਕਾਰੋਬਾਰ ਕੋਇਲੇ ਦੀਆਂ ਖਾਣਾਂ ਲਈ ਮਜ਼ਦੂਰਾਂ ਦੇ ਰਹਿਣ ਵਾਸਤੇ ਇੱਕ ਨਵਾਂ ਪਿੰਡ ਵਸਾਇਆ। ਆਪਣੇ ਜਨਮ ਸਥਾਨ ਨਾਲ ਪਿਆਰ ਅਤੇ ਯਾਦ ਵਜੋਂ ਉਸਨੇ ਇਸ ਪਿੰਡ ਦਾ ਨਾਮ "ਪਟਨਾ" ਰੱਖ ਦਿੱਤਾ। ਸਕਾਟਲੈਂਡ ਦਾ ਇਹ ਪਟਨਾ ਪਿੰਡ ਪੂਰਬੀ ਏਅਰਸ਼ਾਇਰ ਵਿੱਚ ਸਥਿਤ ਹੈ ਅਤੇ ਇਸ ਦੇ ਵਿਚੋਂ ਮਸ਼ਹੂਰ ਨਦੀ ਡੂਨ ਲੰਘਦੀ ਹੈ। ਜਿਕਰਯੋਗ ਹੈ ਕਿ ਇਸੇ ਨਦੀ ਦਾ ਨਾਮ ਨਾਲ ਬਿਹਾਰ ਸ਼ਹਿਰ ਵਿੱਚ ਡੂਨ ਪਬਲਿਕ ਸਕੂਲ ਵੀ ਚੱਲਦੇ ਹਨ। ਇਹ ਪਿੰਡ ਗਲਾਸਗੋ ਤੋਂ ਲਗਭਗ 45 ਮੀਲ ਦੱਖਣ-ਪੱਛਮ ਵੱਲ ਵਸਿਆ ਹੋਇਆ ਹੈ।ਜਦੋਂ ਕਿ ਭਾਰਤੀ ਪਟਨਾ ਸ਼ਹਿਰ ਦੇ ਘੱਟ ਨਾਗਰਿਕ ਹੀ ਸਕਾਟਲੈਂਡ ਵਿੱਚ ਉਨ੍ਹਾਂ ਦੇ ਸ਼ਹਿਰ ਦੇ ਨਾਮ 'ਤੇ ਵਸਾਏ ਗਏ ਪਿੰਡ ਬਾਰੇ ਜਾਣਦੇ ਹਨ। ਸਕਾਟਲੈਂਡ ਦੇ ਪਿੰਡ ਪਟਨਾ ਵਿੱਚ 2,300 ਦੇ ਕਰੀਬ ਨਿਵਾਸੀ ਹਨ ਅਤੇ ਵਧੇਰੇ ਜਾਣਦੇ ਹਨ ਕਿ ਉਨ੍ਹਾਂ ਦੇ ਪਿੰਡ ਦਾ ਨਾਮ ਕਿਵੇਂ ਪਿਆ। ਸਕਾਟਲੈਂਡ ਦਾ ਪਟਨਾ ਪਿੰਡ ਭਾਰਤ ਦੇ ਪਟਨਾ ਸ਼ਹਿਰ ਤੋਂ 8000 ਕਿੱਲੋਮੀਟਰ ਤੋਂ ਵੱਧ ਦੀ ਦੂਰੀ 'ਤੇ ਹੈ।




ਦਿਲਚਸਪ ਗੱਲ ਇਹ ਹੈ ਕਿ ਸਕਾਟਲੈਂਡ ਦੇ ਇਸ ਛੋਟੇ ਪਿੰਡ ਅਤੇ ਭਾਰਤ ਦੇ ਵੱਡੇ ਸ਼ਹਿਰ ਵਿਚਕਾਰ ਅੱਜ ਵੀ ਸੱਭਿਆਚਾਰਕ ਸਬੰਧਾਂ ਦੀ ਗੱਲ ਕੀਤੀ ਜਾਂਦੀ ਹੈ। ਪਟਨਾ ਪਿੰਡ ਦੇ ਪ੍ਰਾਈਮਰੀ ਸਕੂਲ ਦੇ ਨਿਸ਼ਾਨ ਵਿੱਚ ਭਾਰਤ ਦੇ ਬਿਹਾਰ ਦੀ ਯਾਦ ਦਿਵਾਉਂਦੇ ਚਿੰਨ੍ਹ ਜਿਵੇਂ ਚੌਲਾਂ ਦਾ ਪੌਦਾ ਦਰਸਾਇਆ ਗਿਆ ਹੈ ਅਤੇ ਬੱਚਿਆਂ ਨੂੰ ਭਾਰਤੀ ਪਟਨਾ ਸ਼ਹਿਰ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਕੁਝ ਸਾਲ ਪਹਿਲਾਂ ਇਸ ਪਿੰਡ ਵਿੱਚ "ਬਿਹਾਰ ਡੇਅ" ਵੀ ਮਨਾਇਆ ਗਿਆ ਸੀ, ਜਿਸ ਵਿੱਚ ਉਸ ਸਮੇਂ ਦੇ ਯੂਕੇ ਵਿੱਚ ਭਾਰਤੀ ਹਾਈ ਕਮਿਸ਼ਨਰ ਵਾਈ ਕੇ ਸਿਨਹਾ, ਜੋ ਕਿ ਭਾਰਤ ਦੇ ਪਟਨਾ ਸ਼ਹਿਰ ਦੇ ਜੰਮਪਲ ਸਨ, ਨੇ ਬਿਹਾਰ ਡੇਅ ਲਈ ਪਟਨਾ ਪਿੰਡ ਵਿੱਚ ਇੱਕ ਜਸ਼ਨ ਸਮਾਗਮ ਵਿੱਚ ਸ਼ਿਰਕਤ ਕੀਤੀ ਸੀ। ਇਸ ਤਰ੍ਹਾਂ ਸਕਾਟਲੈਂਡ ਦਾ ਪਟਨਾ ਪਿੰਡ ਸਿਰਫ ਇੱਕ ਨਾਮ ਨਹੀਂ, ਸਗੋਂ ਭਾਰਤ ਅਤੇ ਸਕਾਟਲੈਂਡ ਦੇ ਇਤਿਹਾਸਕ ਰਿਸ਼ਤਿਆਂ ਦੀ ਨਿਸ਼ਾਨੀ ਵੀ ਹੈ।

# ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ

## ਨਿਰਮਲ ਸਿੰਘ ਕੰਧਾਲਵੀ





'ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ' ਗੁਰਬਾਣੀ ਦੀ ਇਹ ਤੁਕ ਆਪਣੇ ਆਪ ਹੀ ਇਸ ਦੇ ਅਰਥ ਬਿਆਨ ਕਰਦੀ ਹੈ। ਆਮ ਤੌਰ 'ਤੇ ਵੀ ਕਹਿ ਦਿਤਾ ਜਾਂਦਾ ਹੈ ਕਿ ਜੋ ਬੀਜੋਗੇ ਉਹੀ ਵੱਢੋਗੇ। ਤਕਰੀਬਨ ਹਰੇਕ ਸਭਿਆਚਾਰ 'ਚ ਇਹ ਵਿਚਾਰ ਪ੍ਰਗਟ ਕੀਤਾ ਜਾਂਦਾ ਹੈ ਕਿ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਹੀ ਫਲ ਉਸ ਨੂੰ ਮਿਲਦਾ ਹੈ।

ਇਸ ਸਬੰਧੀ ਇੱਥੇ ਮੈਂ ਆਪਣੇ ਨਾਲ ਵਾਪਰੀਆਂ ਦੋ ਘਟਨਾਵਾਂ ਦਾ ਜ਼ਿਕਰ ਕਰਨਾ ਚਾਹਾਂਗਾ, ਜਿਨ੍ਹਾਂ ਦਾ ਆਪਸ ਵਿਚ ਬਹੁਤ ਡੂੰਘਾ ਸਬੰਧ ਹੈ। ਪਹਿਲੀ ਘਟਨਾ ਤਾਂ ਅਜੇ ਚਾਰ ਹਫ਼ਤੇ ਪਹਿਲਾਂ ਯਾਨੀ ਕਿ 20 ਅਪ੍ਰੈਲ 2026 ਨੂੰ ਮੇਰੇ ਨਾਲ ਵਾਪਰੀ ਹੈ ਤੇ ਦੂਸਰੀ ਸੰਨ 1969 ਦੀ ਹੈ। ਦੋਨਾਂ ਘਟਨਾਵਾਂ ਦਾ ਜ਼ਿਕਰ ਪੜ੍ਹ ਕੇ ਪਾਠਕ ਇਨ੍ਹਾਂ ਦੇ ਆਪਸੀ ਸਬੰਧ ਬਾਰੇ ਸਮਝ ਜਾਣਗੇ। ਪਹਿਲਾਂ ਜ਼ਿਕਰ ਹੈ ਚਾਰ ਹਫ਼ਤੇ ਪਹਿਲਾਂ ਵਾਪਰੀ ਘਟਨਾ ਦਾ।

ਸੰਨ 2024 'ਚ ਮੇਰੇ ਦੋ ਸਟੈਂਟ ਪਏ ਸਨ ਪਰ ਦੋ ਸਾਲ ਦੇ ਵਿਚ ਵਿਚ ਹੀ ਦਿਲ ਦੀ ਉਹੋ ਹੀ ਤਕਲੀਫ਼ ਦੁਬਾਰਾ ਫੇਰ ਹੋ ਗਈ। ਮੈਂ ਕਾਰਡਿਆਲੋਜਿਸਟ ਨੂੰ ਕਿਹਾ ਕਿ ਉਹ ਮੇਰੀ ਬਾਈਪਾਸ ਸਰਜਰੀ ਕਰ ਦੇਣ। ਉਨ੍ਹਾਂ ਨੇ ਕੁਝ ਟੈਸਟ ਕੀਤੇ ਤੇ ਦੱਸਿਆ ਕਿ ਕੁਝ ਕਾਰਨਾਂ ਕਰ ਕੇ ਬਾਈਪਾਸ ਸਰਜਰੀ ਕਰਨੀ ਖ਼ਤਰੇ ਤੋਂ ਖ਼ਾਲੀ ਨਹੀਂ। ਮੈਂ ਕਿਹਾ ਕਿ ਮੈਂ ਕਿਸੇ ਸੀਨੀਅਰ ਕਾਰਡਿਆਲੋਜਿਸਟ ਨਾਲ ਮੁਲਾਕਾਤ ਕਰ ਕੇ ਉਸ ਦੀ ਵੀ ਰਾਇ ਲੈਣੀ ਚਾਹੁੰਦਾ ਹਾਂ। ਡਾਕਟਰ ਨੇ ਮੇਰਾ ਕੇਸ ਸੀਨੀਅਰ ਕਾਰਡਿਆਲੋਜਿਸਟ ਕੋਲ ਭੇਜ ਦਿਤਾ ਤੇ ਮੈਨੂੰ ਵੀ ਚਿੱਠੀ ਦੀ ਕਾਪੀ ਆ ਗਈ॥ ਇਕ ਮਹੀਨਾ ਉਡੀਕ ਕੇ ਮੈਂ ਦਿਤੇ ਹੋਏ ਨੰਬਰ 'ਤੇ ਫ਼ੂਨ ਕੀਤਾ। ਉਧਰੋਂ ਰਿਕਾਰਡ ਕੀਤਾ ਹੋਇਆ ਮੈਸੇਜ ਕਿ ਆਪਣਾ ਨਾਮ ਪਤਾ ਅਤੇ ਟੈਲੀਫ਼ੂਨ ਨੰਬਰ ਛੱਡੋ, ਤੁਹਾਨੂੰ ਵਾਪਸ ਫ਼ੂਨ ਕੀਤਾ ਜਾਵੇਗਾ। ਪਰ ਅਨੇਕਾਂ ਵਾਰੀ ਫ਼ੂਨ ਕਰਨ ਦੇ ਬਾਵਜੂਦ ਵੀ ਕਿਸੇ ਨੇ ਵਾਪਸੀ ਫ਼ੂਨ ਨਾ ਕੀਤਾ। ਤਿੰਨ ਮਹੀਨੇ ਲੰਘ ਗਏ। ਅਖੀਰ ਅੱਕ ਕੇ ਮੈਂ ਇਕ ਦਿਨ ਥੋੜ੍ਹੇ ਸਖ਼ਤ ਲਫ਼ਜ਼ਾਂ 'ਚ ਸੁਨੇਹਾ ਛੱਡਿਆ ਤਾਂ 20 ਅਪ੍ਰੈਲ 2026 ਨੂੰ ਸਾਢੇ ਦਸ ਵਜੇ ਦਾ ਮੁਲਾਕਾਤ ਦਾ ਸਮਾਂ ਮਿਲ ਗਿਆ।

ਹਸਪਤਾਲਾਂ 'ਚ ਅੱਜ ਕਲ ਕਾਰ ਪਾਰਕਿੰਗ ਦੀ ਬੜੀ ਮੁਸ਼ਕਿਲ ਆਉਂਦੀ ਹੈ, ਸੋ ਮੈਂ ਸੋਚਿਆ ਕਿ ਮੈਂ ਕਾਰ ਗੁਰਦੁਆਰਾ ਸਾਹਿਬ ਦੇ ਕਾਰ ਪਾਰਕ 'ਚ ਖੜ੍ਹੀ ਕਰ ਦੇਵਾਂਗਾ ਤੇ ਉੱਥੋਂ ਬੱਸ ਫੜ ਕੇ, ਹਸਪਤਾਲ ਚਲਿਆ ਜਾਵਾਂਗਾ ਜੋ ਕਿ ਸਿਰਫ਼ ਦੋ ਕੁ ਸਟਾਪ ਹੀ ਅੱਗੇ ਹੈ। ਉਸ ਦਿਨ ਬੱਸ ਪਾਸ ਪਤਾ ਨਹੀਂ ਕਿੱਥੇ ਰੱਖ ਲਿਆ, ਲੱਭਿਆ ਨਹੀਂ, ਸੋ ਵਿਚਾਰ ਬਦਲ ਲਿਆ ਕਿ ਕਾਰ ਹੀ ਲੈ ਜਾਣੀ ਹੈ, ਪੰਦਰਾਂ ਵੀਹ ਮਿੰਟ ਪਹਿਲਾਂ ਚਲਾ ਜਾਵਾਂਗਾ। ਤੀਸਰੀ ਵਾਰੀ ਫੇਰ ਵਿਚਾਰ ਬਦਲ ਲਿਆ ਕਿ ਅੱਜ ਕਾਰ ਵੀ ਨਹੀਂ ਲੈ ਕੇ ਜਾਣੀ, ਟੈਕਸੀ 'ਤੇ ਜਾਵਾਂਗਾ। ਸੋ, ਟੈਕਸੀ ਆਰਡਰ ਕਰ ਦਿਤੀ। ਟੈਕਸੀ ਵਾਲ਼ਾ ਪੰਜ ਮਿੰਟ ਪਹਿਲਾਂ ਹੀ ਆ ਗਿਆ। ਮੈਂ ਜਾਣ ਲਈ ਬਿਲਕੁਲ ਤਿਆਰ ਬੈਠਾ ਸਾਂ ਕਿ ਅਚਾਨਕ ਛਾਤੀ 'ਚ ਤੇਜ਼ ਦਰਦ ਨੇ ਆ ਦਬੋਚਿਆ। ਮੈਂ ਉਸੇ ਹਾਲਤ 'ਚ ਹੀ 999 ਨੰਬਰ ਘੁਮਾ ਦਿਤਾ ਤੇ ਆਪਣੀ ਪੂਰੀ ਜਾਣਕਾਰੀ ਦੇਣ 'ਚ ਕਾਮਯਾਬ ਰਿਹਾ। ਪੰਜ ਮਿੰਟ ਤੋਂ ਪਹਿਲਾਂ ਪਹਿਲਾਂ ਹੀ ਐਂਬੂਲੈਂਸ ਪਹੁੰਚ ਗਈ ਤੇ ਉਨ੍ਹਾਂ ਫ਼ਸਟ ਏਡ ਦਿਤੀ ਤੇ ਮੈਨੂੰ ਹਸਪਤਾਲ ਲੈ ਗਏ, ਜਿੱਥੇ ਉਨ੍ਹਾਂ ਨੇ ਦੱਸਿਆ ਕਿ ਮੈਨੂੰ ਹਾਰਟ ਅਟੈਕ ਹੋਇਆ ਸੀ, ਗ਼ਨੀਮਤ ਇਹ ਰਹੀ ਕਿ ਬਹੁਤ ਜਲਦੀ ਫ਼ਸਟ ਏਡ ਮਿਲਣ ਕਰ ਕੇ ਬਚਾਅ ਹੋ ਗਿਆ ਸੀ ਨਹੀਂ ਮਸਲਾ ਗੰਭੀਰ ਵੀ ਹੋ ਸਕਦਾ ਸੀ, ਮਲਟੀਪਲ ਅਟੈਕ ਹੋ ਸਕਦੇ ਸਨ। ਖ਼ੈਰ, ਕੁਝ ਦਿਨ ਬਾਅਦ ਮੇਰੀ ਬਾਈਪਾਸ ਸਰਜਰੀ ਹੋ ਗਈ ਤੇ ਹੁਣ ਮੈਂ ਘਰ ਆ ਗਿਆ ਹਾਂ ਤੇ ਹੌਲ਼ੀ ਹੌਲ਼ੀ ਸਿਹਤਯਾਬ ਹੋ ਰਿਹਾ ਹਾਂ।

ਮੈਂ ਅਜੇ ਵੀ ਸੋਚੀ ਜਾ ਰਿਹਾ ਹਾਂ ਕਿ ਉਹ ਕਿਹੜੀ ਅਦਿੱਖ ਸ਼ਕਤੀ ਸੀ ਜਿਸ ਨੇ ਮੇਰੇ ਕੋਲੋਂ ਤਿੰਨ ਵਾਰੀ ਫ਼ੈਸਲਾ ਬਦਲਵਾਇਆ ਕਿ ਹਸਪਤਾਲ ਕਿਵੇਂ ਜਾਵਾਂ। ਜੇ ਮੈਂ ਕਾਰ ਵਿਚ ਜਾਂਦਾ, ਬੱਸ ਵਿਚ ਬੈਠਾ ਹੁੰਦਾ ਜਾਂ ਟੈਕਸੀ 'ਚ ਜਾਂਦਿਆਂ ਰਾਹ ਵਿਚ ਇਹ ਭਾਣਾ ਵਾਪਰ ਜਾਂਦਾ ਤਾਂ ਕੀ ਮੈਨੂੰ ਇੰਨੀ ਜਲਦੀ ਫ਼ਸਟ-ਏਡ ਮਿਲ ਸਕਦੀ ਸੀ? ਕਾਰ ਚਲਾਉਂਦਿਆਂ ਹਾਰਟ ਅਟੈਕ ਹੋ ਜਾਂਦਾ ਤਾਂ ਹਾਦਸਾ ਵੀ ਹੋ ਸਕਦਾ ਸੀ।

ਹੁਣ ਦੂਸਰੀ ਘਟਨਾ ਜੋ ਅੱਜ ਤੋਂ ਤਕਰੀਬਨ ਛਪੰਜਾ ਸਾਲ ਪਹਿਲਾਂ ਵਾਪਰੀ। ਲੁਧਿਆਣੇ ਗਵਰਨਮੈਂਟ ਕਾਲਜ 'ਚ ਪੜ੍ਹਦਾ ਸਾਂ। ਲਾਲਾ ਸ਼ਾਮ ਲਾਲ ਦੇ ਮਕਾਨ 'ਚ ਕਮਰਾ ਕਿਰਾਏ 'ਤੇ ਲਿਆ ਹੋਇਆ ਸੀ। ਭਲੇ ਵੇਲਿਆਂ 'ਚ ਲਾਲਾ ਜੀ ਨੇ ਰੋਪੜ ਜ਼ਿਲ੍ਹੇ ਦੇ ਇਕ ਪਿੰਡੋਂ ਆ ਕੇ ਚੰਗਾ ਖੁੱਲ੍ਹਾ-ਡੁੱਲ੍ਹਾ ਪਲਾਟ ਖ਼ਰੀਦ ਕੇ ਇਕ ਆਪਣੇ ਲਈ ਤੇ ਦੋ ਪੋਰਸ਼ਨ ਕਿਰਾਏ 'ਤੇ ਦੇਣ ਲਈ ਉਸਾਰ ਲਏ ਸਨ। ਹਰੇਕ ਪੋਰਸ਼ਨ 'ਚ ਦੋ ਛੋਟੇ ਛੋਟੇ ਕਮਰੇ ਅਤੇ ਇਕ ਛੋਟੀ ਜਿਹੀ ਰਸੋਈ ਸੀ। ਦੋ ਗੁਸਲਖ਼ਾਨੇ ਸਨ ਜੋ ਸਭ ਦੇ ਸਾਂਝੇ ਸਨ। ਮੈਨੂੰ ਦੋ ਕਮਰਿਆਂ ਦੀ ਲੋੜ ਨਹੀਂ ਸੀ, ਮੇਰੀ ਲਾਲਾ ਜੀ ਨਾਲ ਗੱਲ ਮੁੱਕ ਗਈ ਸੀ ਕਿ ਮੈਂ ਇਕ ਕਮਰਾ ਹੀ ਰੱਖਾਂਗਾ ਤੇ ਕਿਰਾਇਆ ਪੂਰੇ ਪੋਰਸ਼ਨ ਦਾ ਦੇਵਾਂਗਾ। ਲਾਲਾ ਜੀ ਖ਼ੁਸ਼ ਸਨ ਕਿ ਉਨ੍ਹਾਂ ਨੂੰ ਪੂਰੇ ਪੋਰਸ਼ਨ ਦਾ ਕਿਰਾਇਆ ਮਿਲ ਰਿਹਾ ਸੀ ਨਹੀਂ ਤਾਂ ਸ਼ਹਿਰਾਂ 'ਚ ਇਕੱਲੇ ਬੰਦੇ ਨੂੰ ਛੇਤੀ ਕੀਤੇ ਮਾਲਕ ਮਕਾਨ ਕਮਰਾ ਕਿਰਾਏ 'ਤੇ ਨਹੀਂ ਦਿੰਦੇ।

ਮਹੀਨੇ ਕੁ ਬਾਅਦ ਹੀ ਖਾਲੀ ਪਿਆ ਪੋਰਸ਼ਨ ਇਕ ਹਰਿਆਣਵੀ ਜੋੜੇ ਨੇ ਲੈ ਲਿਆ। ਬੰਦਾ ਬਿਜਲੀ ਮਹਿਕਮੇ 'ਚ ਕੰਮ ਕਰਦਾ ਸੀ। ਉਹਦੇ ਘਰ ਵਾਲ਼ੀ ਹਰਿਆਣੇ ਦੇ ਕਿਸੇ ਬਹੁਤ ਹੀ ਪੇਂਡੂ ਇਲਾਕੇ 'ਚੋਂ ਸੀ। ਉਸ ਦੀ ਭਾਸ਼ਾ ਸਾਨੂੰ ਕਿਸੇ ਨੂੰ ਵੀ ਸਮਝ ਨਾ ਪੈਂਦੀ। ਇਕ ਉਨ੍ਹਾਂ ਦਾ ਢਾਈ ਤਿੰਨ ਸਾਲ ਦਾ ਬੱਚਾ ਸੀ। ਪਗੜੀਧਾਰੀ ਬੰਦਿਆਂ ਤੋਂ ਪਤਾ ਨਹੀਂ ਉਸ ਜ਼ਨਾਨੀ ਨੂੰ ਕਿਉਂ ਏਨੀ ਨਫ਼ਰਤ ਸੀ? ਜਦੋਂ ਕਦੇ ਵੀ ਉਸ ਦੀ ਨਿਗਾਹ ਮੇਰੇ 'ਤੇ ਪੈਂਦੀ ਤਾਂ ਬਸ ਉਹਦੀਆਂ ਅੱਖਾਂ 'ਚ ਨਫ਼ਰਤ ਦੇ ਭਾਂਬੜ ਹੀ ਦਿਸਦੇ। ਮੈਂ ਹਮੇਸ਼ਾ ਉਸ ਤੋਂ ਨਜ਼ਰਾਂ ਚੁਰਾਉਂਦਾ ਰਹਿੰਦਾ। ਚੰਗੀ ਗੱਲ ਇਹ ਸੀ ਕਿ ਉਸ ਨੇ ਇਕ ਪੈਰ 'ਚ ਝਾਂਜਰ ਪਾਈ ਹੋਈ ਸੀ ਤੇ ਪਤਾ ਲੱਗ ਜਾਂਦਾ ਸੀ ਕਿ ਉਹ ਵਿਹੜੇ 'ਚ ਘੁੰਮ ਰਹੀ ਹੈ। ਮੈਂ ਬਹੁਤਾ ਸਮਾਂ ਤਾਂ ਆਪਣੇ ਕਮਰੇ 'ਚ ਹੀ ਕਿਤਾਬਾਂ 'ਚ ਖੁੱਭਿਆ ਰਹਿੰਦਾ ਸਾਂ। ਬਿਨਾਂ ਲੋੜ ਤੋਂ ਮੈਂ ਵਿਹੜੇ 'ਚ ਵੀ ਨਾ ਨਿਕਲਦਾ।

ਇਕ ਦਿਨ ਮੈਂ ਕਾਲਜ ਤੋਂ ਆਇਆ ਤਾਂ ਉਹ ਵਿਹੜੇ 'ਚ ਲੜਕੇ ਆਪਣੇ ਨੂੰ ਪੱਟਾਂ 'ਚ ਪਾਈ ਡੁਸਕੀ ਜਾਵੇ। ਮਕਾਨ ਮਾਲਕਣ ਤੇ ਇਕ ਹੋਰ ਔਰਤ ਉਹਨੂੰ ਦਿਲਾਸਾ ਦੇਈ ਜਾਣ। ਪਤਾ ਨਹੀਂ ਕਿਉਂ ਮੈਂ ਹੌਸਲਾ ਕਰ ਕੇ ਨੇੜੇ ਹੋ ਕੇ ਦੇਖਿਆ ਤਾਂ ਲੜਕੇ ਦੇ ਚਿਹਰੇ ਦਾ ਰੰਗ ਬਦਲਿਆ ਹੋਇਆ ਸੀ। ਮੈਨੂੰ ਮਸਲਾ ਗੰਭੀਰ ਜਾਪਿਆ। ਮੈਂ ਉਸ ਨੂੰ ਕਿਹਾ ਕਿ ਉਹ ਮੇਰੇ ਨਾਲ ਸਾਈਕਲ 'ਤੇ ਬੈਠੇ ਮੈਂ ਹਸਪਤਾਲ ਲੈ ਚਲਦਾ ਹਾਂ। ਪਹਿਲਾਂ ਤਾਂ ਉਹ ਹਿਚਕਚਾਈ ਪਰ ਦੂਜੀਆਂ ਔਰਤਾਂ ਦੇ ਕਹਿਣ 'ਤੇ ਤਿਆਰ ਹੋ ਗਈ। ਉਨ੍ਹਾਂ ਦਿਨਾਂ 'ਚ ਅੱਜ ਵਰਗੀਆਂ ਸਹੂਲਤਾਂ ਨਹੀਂ ਸਨ। ਲੈਂਡਲਾਈਨ ਫ਼ੂਨ ਵੀ ਕਿਤੇ ਕਿਤੇ ਹੀ ਹੁੰਦਾ ਸੀ, ਹਸਪਤਾਲ ਦਾ ਨੰਬਰ ਤਾਂ ਕੀਹਦੇ ਕੋਲ ਹੋਣਾ ਸੀ। ਵੈਸੇ ਵੀ ਸ਼ਹਿਰ ਵਿਚ ਹੀ ਲੋਕਲ ਕਾਲ ਮਿਲਾਉਣ ਨੂੰ ਲੰਬਾ ਇੰਤਜ਼ਾਰ ਕਰਨਾ ਪੈਂਦਾ ਸੀ। ਅੱਜ ਵਾਂਗ ਥਰੀਵੀਲ੍ਹਰ ਵੀ ਹਰਲ ਹਰਲ ਕਰਦੇ ਨਹੀਂ ਸਨ ਫਿਰਦੇ। ਜ਼ਿਆਦਾ ਕਰ ਕੇ ਰਿਕਸ਼ਾ ਹੀ ਵਰਤਿਆ ਜਾਂਦਾ ਸੀ ਤੇ ਉਹ ਵੀ ਮੇਨ ਸੜਕ ਤੋਂ ਮਿਲਣਾ ਸੀ ਜੋ ਇੱਥੋਂ ਦੂਰ ਸੀ।

ਉਨ੍ਹਾਂ ਦਿਨਾਂ 'ਚ ਅੱਜ ਵਰਗਾ ਭੀੜ-ਭੜੱਕਾ ਨਹੀਂ ਸੀ ਹੁੰਦਾ ਸ਼ਹਿਰਾਂ 'ਚ। ਨਾਲੇ ਮੇਰਾ ਤਾਂ ਉਹ ਰੋਜ਼ ਦਾ ਰੂਟ ਸੀ। ਜਿੰਨਾ ਹੋ ਸਕਦਾ ਸੀ ਮੈਂ ਤੇਜ਼ ਸਾਈਕਲ ਚਲਾਇਆ ਤੇ ਡੀ.ਐਮ.ਸੀ. ਹਸਪਤਾਲ ਦੀ ਐਮਰਜੈਂਸੀ 'ਚ ਜਾ ਸਾਈਕਲ ਖਲ੍ਹਾਰਿਆ। ਇਕ ਡਾਕਟਰ ਕੁਝ ਲਿਖ ਰਿਹਾ ਸੀ ਅਤੇ ਦੋ ਨਰਸਾਂ ਗੱਲਾਂ ਕਰ ਰਹੀਆਂ ਸਨ। ਬੱਚੇ ਨੂੰ ਦੇਖਦਿਆਂ ਹੀ ਇਕ ਨਰਸ ਤੇ ਡਾਕਟਰ ਕਾਹਲੀ ਕਾਹਲੀ ਬੱਚੇ ਨੂੰ ਅੰਦਰ ਲੈ ਗਏ ਤੇ ਦੂਸਰੀ ਨਰਸ ਸਾਡੇ ਕੋਲੋਂ ਲੋੜੀਂਦੀ ਜਾਣਕਾਰੀ ਲੈ ਕੇ ਫਾਰਮ ਭਰਨ ਲੱਗ ਪਈ। ਬੱਚੇ ਦੀ ਮਾਂ ਰੋਈ ਜਾ ਰਹੀ ਸੀ ਤੇ ਨਰਸ ਉਸ ਨੂੰ ਤਸੱਲੀਆਂ ਦੇ ਰਹੀ ਸੀ। ਅੱਧੇ ਕੁ ਘੰਟੇ ਬਾਅਦ ਜਦ ਬੱਚੇ ਨੂੰ ਬਾਹਰ ਲਿਆਂਦਾ ਗਿਆ ਤਾਂ, ਉਹ ਬਿਲਕੁਲ ਠੀਕ-ਠਾਕ ਸੀ ਪਰ ਘਬਰਾਇਆ ਹੋਇਆ। ਡਾਕਟਰ ਨੇ ਦੱਸਿਆ ਕਿ ਬੱਚੇ ਦੀਆਂ ਦੋਵੇਂ ਨਾਸਾਂ ਵਿਚ ਛੋਲਿਆਂ ਦੀ ਦਾਲ਼ ਦੇ ਦਾਣੇ ਫ਼ਸੇ ਹੋਏ ਸਨ। ਇਕ ਨਾਸ ਦਾ ਸਾਹ ਤਾਂ ਦਾਣੇ ਨੇ ਬਿਲਕੁਲ ਬੰਦ ਕੀਤਾ ਹੋਇਆ ਸੀ ਤੇ ਦੂਜੀ ਨਾਸ ਰਾਹੀਂ ਥੋੜ੍ਹਾ ਥੋੜ੍ਹਾ ਹੀ ਸਾਹ ਆ ਰਿਹਾ ਸੀ। ਡਾਕਟਰ ਨੇ ਦੱਸਿਆ ਜੇ ਬੱਚੇ ਨੂੰ ਲਿਆਉਣ ਵਿਚ ਥੋੜ੍ਹੀ ਦੇਰ ਹੋਰ ਹੋ ਜਾਂਦੀ ਤਾਂ ਬੱਚੇ ਦੀ ਜਾਨ ਵੀ ਜਾ ਸਕਦੀ ਸੀ ਜਾਂ ਦਿਮਾਗ਼ 'ਚ ਗੰਭੀਰ ਨੁਕਸ ਪੈ ਸਕਦਾ ਸੀ। ਮਾਂ ਨੇ ਦੱਸਿਆ ਕਿ ਉਸ ਨੇ ਦਾਲ਼ ਧੋ ਕੇ ਮੰਜੇ ਉੱਪਰ ਸੁੱਕਣੀ ਪਾਈ ਹੋਈ ਸੀ ਜਿੱਥੋਂ ਬੱਚੇ ਨੇ ਖੇਡਦਿਆਂ ਖੇਡਦਿਆਂ ਦਾਣੇ ਨਾਸਾਂ 'ਚ ਫ਼ਸਾ ਲਏ ਸਨ।

ਉਹ ਔਰਤ ਜੋ ਮੈਨੂੰ ਦੇਖ ਕੇ ਹੀ ਨਫ਼ਰਤ ਉਗਲਦੀ ਸੀ, ਹੁਣ ਉਸ ਦੀ ਹਿੰਮਤ ਨਹੀਂ ਸੀ ਪੈ ਰਹੀ ਕਿ ਮੇਰੇ ਨਾਲ ਨਜ਼ਰਾਂ ਮਿਲਾਵੇ। ਸਾਈਕਲ ਦੇ ਪਿੱਛੇ ਬੈਠੀ ਉਹ ਰਲਵੀਂ ਮਿਲਵੀਂ ਭਾਸ਼ਾ 'ਚ ਮੇਰਾ ਧੰਨਵਾਦ ਕਰੀ ਜਾ ਰਹੀ ਸੀ।


ਪਾਠਕ ਜਨੋਂ! ਉੱਪਰਲੀਆਂ ਦੋਵਾਂ ਘਟਨਾਵਾਂ ਵਿਚ ਮਿੰਟਾਂ ਸਕਿੰਟਾਂ 'ਚ ਕੁਝ ਦਾ ਕੁਝ ਹੋ ਸਕਦਾ ਸੀ, ਜ਼ਿੰਦਗੀ ਅਤੇ ਮੌਤ। ਜਿਸ ਦਿਨ ਦੀ ਮੇਰੇ ਨਾਲ ਹਾਰਟ-ਅਟੈਕ ਵਾਲੀ ਘਟਨਾ ਵਾਪਰੀ ਹੈ ਮੈਂ ਇਹੀ ਸੋਚੀ ਜਾਂਦਾ ਹਾਂ ਕਿ ਕੀ ਉਸ ਅਗੰਮ ਸ਼ਕਤੀ ਨੇ ਮੈਨੂੰ ਉਸ ਬੱਚੇ ਦੀ ਜ਼ਿੰਦਗੀ ਬਚਾਉਣ 'ਚ ਆਪਣਾ ਯੋਗਦਾਨ ਪਾਉਣ ਬਦਲੇ ਹੀ ਮੇਰੀ ਜਾਨ ਬਚਾਈ ਹੈ। ਅੱਖ ਦੇ ਫੋਰ 'ਚ ਹੀ ਐਂਬੂਲੈਂਸ ਦਾ ਆ ਜਾਣਾ ਕਿਸੇ ਚਮਤਕਾਰ ਨਾਲੋਂ ਘੱਟ ਨਹੀਂ ਸੀ। ਹਸਪਤਾਲ ਨੂੰ ਜਾਣ ਬਾਰੇ ਵਾਰ ਵਾਰ ਸਲਾਹ ਬਦਲਣੀ ਕਿ ਕਿਵੇਂ ਜਾਇਆ ਜਾਵੇ? ਟੈਕਸੀ 'ਚ ਬੈਠਣ ਤੋਂ ਪਹਿਲਾਂ ਹੀ ਛਾਤੀ 'ਚ ਦਰਦ ਹੋਣੀ। ਪਾਠਕ ਇਸ ਨੂੰ ਮੌਕਾ-ਮੇਲ ਵੀ ਕਹਿ ਸਕਦੇ ਹਨ ਕਿਉਂਕਿ ਰੋਜ਼ਾਨਾ ਸੈਂਕੜੇ ਹਾਦਸੇ ਵਾਪਰਦੇ ਹਨ ਜਿੱਥੇ ਮਿੰਟਾਂ ਸਕਿੰਟਾਂ ਦੇ ਫ਼ਰਕ ਨਾਲ ਜੀਵਨ ਬਚਦੇ ਹਨ ਅਤੇ ਖ਼ਤਮ ਹੁੰਦੇ ਹਨ। ਪਰ ਮੇਰਾ ਮਨ ਇਸ ਗੁਰਵਾਕ ਨੂੰ ਮੰਨਣ ਦੀ ਹੀ ਹਾਮੀ ਭਰਦਾ ਹੈ ਕਿ, ''ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ''

# ਪਾਠਕਾਂ ਦੇ ਪੱਤਰ

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। -ਡਾਇਰੈਕਟਰ, ਪੰਜਾਬ ਟਾਈਮਜ਼

## ਗੱਲਾਂ ਕਰਨੀਆਂ ਸੁਖਾਲੀਆਂ, ਪਰ ਔਖੇ ਪਾਲਣ ---?

ਅਰਥਾਤ ਕੋਈ ਕੰਮ ਲੈ ਲਵੋ ਕੋਈ ਯੋਜਨਾ ਲੈ ਲਵੋ। ਬਣਾਣੀ ਬਹੁਤ ਸੌਖੀ ਹੈ ਪਰ ਉਸ ਨੂੰ ਪੂਰਾ ਕਰਨਾ ਬਹੁਤ ਔਖਾ ਹੈ। ਗੱਲ ਐਨ ਆਰ ਆਈ ਵੀਰਾਂ ਦਾ ਜੋ ਹਾਲ ਆਪਣੇ ਦੇਸ਼ ਵਿੱਚ ਹੁੰਦਾ ਹੈ। ਸਭ ਨੂੰ ਪਤਾ ਹੈ। ਐਨ ਆਰ ਆਈ ਸਭਾ ਸ: ਦਲਬਾਗ ਸਿੰਘ ਸਵਰਗੀ ਨਵਾਂ ਸ਼ਹਿਰ ਤੋਂ ਸ਼ੁਰੂ ਹੋਈ ਸੀ, ਉਨ੍ਹਾਂ ਦੇ ਯਤਨਾਂ ਦੁਆਰਾ ਰੱਲ ਮਿਲ ਕੇ ਹੋਰ ਕਈ ਸਾਥੀਆਂ ਨਾਲ ਐਨ ਆਰ ਆਈ ਸਭਾ ਬਣ ਗਈ, ਉਸ ਦਾ ਦਫ਼ਤਰ ਜਲੰਧਰ ਦੇ ਕਮਿਸ਼ਨਰ ਸਾਹਿਬ ਤੋਂ ਸ਼ੁਰੂ ਹੋਇਆ, ਜਲੰਧਰ ਹੀ ਦਫ਼ਤਰ ਬਣ ਗਿਆ, ਪਹਿਲਾਂ ਪਹਿਲ ਬਹੁਤ ਚਰਚਾ ਦਾ ਵਿਸ਼ਾ ਬਣਿਆ, ਪ੍ਰਧਾਨ ਹੋਰ ਅਹੁਦੇਦਾਰ ਨਿਯੁਕਤ ਹੋਏ। ਫਿਰ ਐਨ ਆਰ ਆਈ ਥਾਣੇ ਹਰ ਜ਼ਿਲ੍ਹੇ ਵਿੱਚ ਬਣਾਇਆ ਤਾਂ ਕਿ ਐਨ ਆਰ ਆਈ ਵੀਰਾਂ ਦੀ ਮਦਦ ਲਈ ਵੱਖਰਾ ਡਿਪਾਰਟਮੈਂਟ ਹੈ। ਇਸ ਦਾ ਕੰਮ ਸੀ ਐਨ ਆਰ ਆਈ ਵੀਰਾਂ ਨੂੰ ਵੱਧ ਤੋਂ ਵੱਧ ਇਨਸਾਫ ਦਿਵਾਇਆ ਜਾਵੇ। ਪਹਿਲਾਂ ਪਹਿਲ ਕੁਝ ਅਰਥਾਤ 20% ਕੰਮ ਠੀਕ ਰਿਹਾ। ਫਿਰ ਐਨ ਆਰ ਆਈ ਪੁਲਸ ਸਟੇਸ਼ਨ ਵਿੱਚ ਐਸ ਐਚ ਓ ਜੋ ਜ਼ਿਲ੍ਹੇ ਦਾ ਕੁਰੱਪਟ ਥਾਣੇਦਾਰ ਹੁੰਦਾ ਸੀ ਲਾਇਆ ਜਾਂਦਾ ਕਿਉਂਕਿ ਪੈਸੇ ਖਰਚ ਕਰਕੇ ਇਹ job ਲਈ ਜਾਂਦੀ ਸੀ। ਇਕ ਮਿਸਾਲ ਹੈ ਕਿ ਹੁਸ਼ਿਆਰਪੁਰ ਐਨ ਆਰ ਆਈ ਥਾਣੇ ਦੇ ਐਸ ਐਚ ਓ ਸਾਹਿਬ ਨੇ ਇਕ ਐਨ ਆਰ ਆਈ ਪਰਿਵਾਰ ਦੀ ਕੋਠੀ ਜੋ ਸ਼ਾਇਦ ਲਾਭ ਸਿੰਘ ਨਗਰ ਹੁਸ਼ਿਆਰਪੁਰ ਵਿਖੇ ਨੱਪ ਲਈ ਸੀ। ਗੱਲ ਕੀ ਜਿਹੜਾ ਪੈਸੇ ਜਾਂ ਚੰਗੀ ਸਿਫਾਰਿਸ਼ ਹੁੰਦੀ ਉਸ ਲਈ ਠੀਕ ਸੀ ਪਰ ਆਮ ਪਰਿਵਾਰ ਅਲਕਾ ਰਾਣੀ ਵਰਗਾ ਕੇਸ ਹੋਵੇ ਹਰ ਇਕ ਦਾ ਇਹੋ ਹਾਲ ਹੁੰਦਾ ਸੀ, ਜਿਸ ਇਨਸਾਨ ਨੇ ਇਸ ਦੀ ਮਦਦ ਕੀਤੀ ਹੈ ਅਸੀਂ ਧੰਨਵਾਦੀ ਹਾਂ। ਇਹੋ ਜਿਹਾ ਇਨਸਾਨ ਕੋਈ ਕੋਈ ਹੈ। ਨਹੀਂ ਤਾਂ ਪੈਸੇ ਭੀ ਖਾ ਲੈਂਦੇ ਹਨ, ਕੰਮ ਭੀ ਨਹੀਂ ਕਰਦੇ, ਬਹੁਤੇ ਕੇਸ ਅਜਿਹੇ ਹਨ ਕਿ ਐਨ ਆਰ ਆਈ ਪਰਿਵਾਰ ਲਈ ਫਿਰ ਇੰਡੀਆ ਜਾਣਾ ਔਖਾ ਸੀ। ਅਜਿਹੇ ਮਾਮਲੇ ਵਿੱਚ ਸਵਰਗੀ ਬਲਵੀਰ ਸਿੰਘ ਜਲੰਧਰ ਤੋਂ ਕਾਫੀ ਮਦਦ ਕਰਦੇ ਸਨ, ਉਨ੍ਹਾਂ ਕੋਲ ਇਕ ਵਾਰੀ ਕੇਸ ਚਲਾ ਜਾਵੇ ਉਸ ਨੂੰ ਪੂਰਾ ਇਨਸਾਫ ਲੈ ਕੇ ਦਿੰਦੇ। ਹਰ ਵਕਤ ਅਜਿਹੀ ਸੇਵਾ ਲਈ ਤਿਆਰ ਰਹਿੰਦੇ, ਫਿਰ ਸ: ਦਲਜੀਤ ਸਿੰਘ ਸਹੋਤਾ ਸਾਹਿਬ ਦਾ ਨਾਮ ਕਾਫੀ ਚਰਚਾ ਵਿੱਚ ਰਿਹਾ, ਜਿਤਨਾ ਦੇਰ ਹੋ ਸਕਿਆ ਐਨ ਆਰ ਆਈ ਵੀਰਾਂ ਦੀ ਕਾਫੀ ਮਦਦ ਕੀਤੀ, ਭਾਵੇਂ ਪਿੰਡ ਮਾਹਲਪੁਰ ਵਾੜੀਆ ਵਿੱਚ ਰਹਿੰਦੇ ਸਨ, ਕਿਸੇ ਵੇਲੇ ਉਨ੍ਹਾਂ ਨੂੰ ਮਿਲ ਸਕਦੇ, ਗੱਲ ਸੁਣਦੇ, ਫਿਰ ਉਸ ਦਾ ਹੱਲ ਕੱਢ ਕੇ ਦਿੰਦੇ ਸਨ, ਹੁਣ ਭਾਵੇਂ ਜ਼ਿਆਦਾ busy ਹੋਣ ਕਰਕੇ ਟੈਲੀਫੋਨ 'ਤੇ ਜਵਾਬ ਦੇਣਾ ਭੀ ਔਖਾ। ਚਲੋ ਕਦੀ ਕਦਾਈਂ ਜਰੂਰ ਟੈਲੀਫੋਨ 'ਤੇ ਗੱਲ ਕਰ ਲੈਂਦੇ ਹਨ, ਮਦਦ ਜਿਤਨੀ ਹੋ ਸਕੇ ਕਰਦੇ ਹਨ। ਹੁਣ ਦੇ ਹਾਲਾਤ ਅਜਿਹੇ ਹਨ ਮੈਂ ਹੁਸ਼ਿਆਰਪੁਰ ਐਨ ਆਰ ਆਈ ਥਾਣੇ ਦੀ ਇਕ ਕੇਸ ਦੀ ਕਹਾਣੀ ਲਿਖਣ ਲੱਗਾ ਹਾਂ, ਐਨ ਆਰ ਆਈ ਵੀਰ U.K. ਵਿੱਚ ਹੈ, ਪਰ ਐਸ ਐਚ ਓ ਸਾਹਿਬ ਲਿਖਦੇ ਹਨ ਮੈਂ ਦੋਵਾਂ ਧਿਰਾਂ ਨੂੰ ਥਾਣੇ ਸੱਦ ਕੇ ਗੱਲਬਾਤ ਕੀਤੀ ਮਗਰੋਂ ਐਨ ਆਰ ਆਈ ਵੀਰ ਝੂਠੀਆਂ ਦਰਖਾਸਤ ਲਿਖਦਾ ਹੈ। ਦੂਸਰਾ ਐਸ ਐਚ ਓ ਰਿਪੋਰਟ ਵਿੱਚ ਲਿਖ ਰਿਹਾ ਹੈ ਅਕਸਰ ਝੂਠੀਆਂ ਦਰਖਾਸਤਾਂ ਲਿਖਣ ਦਾ ਆਦੀ ਹੈ? ਅਰਥਾਤ ਜੋ ਹੁਣ ਦਾ ਕੇਸ ਹੈ ਉਸ ਤਰ੍ਹਾਂ ਖੱਜਲ ਖੁਆਰੀ ਵੱਧ ਤੋਂ ਵੱਧ ਕੀਤੀ ਜਾਂਦੀ, ਫਿਰ ਐਨ ਆਰ ਆਈ ਥਾਣਿਆਂ ਵਿੱਚ ਇਕ ਪੱਕੀ ਆਦਤ ਬਣ ਗਈ ਹੈ ਸੋ ਐਨ ਆਰ ਆਈ ਇਨਸਾਫ਼ ਲੈਣਾ ਆਮ ਆਦਮੀ ਦਾ ਕੰਮ ਨਹੀ, ਭਾਵੇਂ ਅਸੀਂ ਕਈ ਐਡਵਰਟਾਈਜ਼ਮੈਂਟਾਂ ਪੜ੍ਹਦੇ ਹਾਂ, U.K. ਵਿੱਚ ਇਹੋ ਕਹਿੰਦੇ ਹਨ ਕਿ ਇਥੇ ਕਮੇਟੀ ਫਲਾਣੇ ਫਲਾਣੇ ਨਾਂ ਲਿਖ ਕੇ ਬਣਾਈ ਹੈ ਕਹੀ ਜੋ ਮਰਜੀ ਜਾਣ ਪਰ ਐਨ ਆਰ ਆਈ ਵੀਰਾਂ ਨੂੰ ਇਨਸਾਫ ਮਿਲਣਾ ਔਖਾ ਹੈ। ਹਾਂ ਇਨਸਾਫ ਲੈਣ ਵਾਲਾ ਹੋਵੇ ਫਿਰ ਗੱਲ ਵੱਖਰੀ। ਐਨ ਆਰ ਆਈ ਸਭਾ ਨਾਲੋਂ ਤਾਂ ਸਾਡੇ ਪੰਜਾਬ ਦੇ ਦੇਸ-ਪ੍ਰਦੇਸ ਸੀ ਹੋਰ ਪੇਪਰ ਹਨ, ਉਨ੍ਹਾਂ ਸਭਾਵਾਂ ਨਾਲੋਂ ਜ਼ਿਆਦਾ ਮਦਦ ਕਰ ਦਿੰਦੇ ਹਨ। ਪੁਲਸ ਅਫ਼ਸਰ ਸਾਹਿਬ, ਇਹ ਜਰੂਰ ਹੈ ਜਿਸ ਨਾਲ ਜੋ ਹੁਣ ਵਾਲੇ ਕੇਸ ਵਿੱਚ ਹੋਇਆ ਕਿਸੇ ਹੋਰ ਨਾਲ ਵਾਪਰ ਜਾਂਦਾ ਹੈ ਪੰਜਾਬੀ ਪੇਪਰ-ਅੰਗ੍ਰੇਜ਼ੀ ਪੇਪਰ ਨਾਲ ਗੱਲਬਾਤ ਕਰਕੇ ਆਪਣਾ ਕੇਸ ਦਰਜ ਕਰਵਾਉ, ਘੱਟੋ-ਘੱਟ ਆਮ ਜਨਤਾ ਤੋਂ ਪਤਾ ਲੱਗੇਗਾ, ਸਰਕਾਰੀ ਅਫ਼ਸਰ ਦੇ ਕੰਨ ਖੜ੍ਹੇ ਹੋ ਜਾਂਦੇ ਹਨ, ਘੱਟੋ-ਘੱਟ ਉਸ ਨੂੰ ਲਾਈਨ ਹਾਜ਼ਰ ਕਰ ਦਿੱਤਾ ਜਾਂਦਾ ਹੈ। ਇਹ ਜਰੂਰ ਕੋਈ ਲੀਡਰ ਇਥੇ U.K. ਕਨੇਡਾ, ਅਮਰੀਕਾ ਜਾ ਕੇ ਲੈਕਚਰਬਾਜੀ ਕਰਦਾ ਹੈ ਉਸ ਦੀ ਕੋਈ ਗੱਲ 'ਤੇ ਯਕੀਨ ਨਾ ਕਰੋ, ਐਵੇਂ ਟੈਲੀਫੂਨ ਅਖ਼ਬਾਰ ਵਿੱਚ ਕੱਢਵਾ ਦਿੰਦੇ ਹਨ ਜਦੋਂ ਇੰਡੀਆ ਤੁਸੀਂ ਜਾਂਦੇ ਹੋ ਉਹ ਟੈਲੀਫੂਨ ਕੋਈ ਚੁੱਕਦਾ ਹੀ ਨਹੀਂ, ਜੋ ਮਰਜੀ ਕਰ ਲਵੋ। -K.Jogi




## ਸਿੱਖ ਕੌਮ ਨੂੰ ਅੱਜ ਲੋੜ ਹੈ ਗੁਰੂ ਗੋਬਿੰਦ ਸਿੰਘ ਵੱਲੋਂ ਬਖ਼ਸ਼ਿਸ਼ ਕੀਤੇ ਵਿਧਾਨ ਗੁਰੂ ਗ੍ਰੰਥ ਗੁਰ ਖ਼ਾਲਸਾ ਪੰਥ ਉੱਤੇ ਪਹਿਰਾ ਦੇਣ ਦੀ

ਸਤਿਕਾਰ ਯੋਗ ਸ: ਤਰਲੋਚਨ ਸਿੰਘ, ਵਿਰਕ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਹਿ

ਆਪ ਜੀ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵੈਸਾਖੀ ਦੇ ਪ੍ਰੋਗਰਾਮ ਵਿੱਚ ਖ਼ਾਲਸਾ ਰਾਜ ਨੂੰ ਰੁਪਮਾਨ ਕਰਦੀ ਹੋਈ ਪ੍ਰਦਰਸ਼ਨੀ ਲਾ ਰਹੇ ਹੋ, ਇਹ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਹ ਸਮੇਂ ਦੀ ਮੰਗ ਵੀ ਹੈ ਕਿ ਅਸੀਂ ਖ਼ਾਲਸਾ ਰਾਜ ਬਾਰੇ ਸਿੱਖ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਈਏ। ਖ਼ਾਲਸਾ ਰਾਜ ਦੇ ਇਤਿਹਾਸ ਨੂੰ ਸਾਡੇ ਇਤਿਹਾਸਕਾਰਾਂ ਨੇ ਲੜੀ ਵਾਰ 1469 ਤੋਂ 1708 ਅਤੇ 1708 ਤੋਂ 1799 ਤੱਕ ਲਿਖਿਆ ਹੈ, ਜੈਸਾ ਕਿ ਡਾ: ਗੰਡਾ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਨੇ ਸਭ ਤੋਂ ਪਹਿਲਾਂ A short history of the Sikhs, 1469-1765, ਇਸੇ ਤਰ੍ਹਾਂ ਪ੍ਰਿੰਸੀਪਲ ਸਤਿਬੀਰ ਸਿੰਘ ਨੇ 1469 ਤੋਂ 1708 ਅਤੇ 1708 ਤੋਂ 1799 ਤੱਕ ਲਿਖਿਆ। ਡਾ: ਸੁਖਦਿਆਲ ਸਿੰਘ ਨੇ ਵੀ 1469 ਤੋਂ 1708 ਅਤੇ 1708 ਤੋਂ 1799 ਤੱਕ ਲਿਖਿਆ। ਪ੍ਰੇਮ ਸਿੰਘ ਦੀ ਕਿਤਾਬ, ਖ਼ਾਲਸਾ ਰਾਜ ਦੇ ਉਸਰਈਏ ਅਤੇ ਸ: ਜਗਜੀਤ ਸਿੰਘ ਦੀ ਕਿਤਾਬ ਸਿੱਖ ਇਨਕਲਾਬ ਅਤੇ ਡਾ: ਕਿਰਨਜੋਤ ਕੌਰ ਦੀ ਲਿਖੀ 1699 ਦੀ ਵੈਸਾਖੀ, ਇਕ ਅਲੌਕਿਕ ਸਫ਼ਰ, ਨਿਰਮਲ ਪੰਥ ਤੋਂ ਖ਼ਾਲਸਾ ਪੰਥ ਤੱਕ ਰਾਜ ਕਰੇਗਾ ਖ਼ਾਲਸਾ ਲੇਖਕ ਸੋਹਣ ਸਿੰਘ ਸਿੱਤਲ ਵਰਗੀਆਂ ਕਿਤਾਬਾਂ ਸਿੱਖ ਨੌਜਵਾਨਾਂ ਨੂੰ ਪੜ੍ਹਨੀਆਂ ਚਾਹੀਦੀਆਂ ਹਨ। ਖ਼ਾਲਸਾ ਰਾਜ ਪ੍ਰਦਰਸ਼ਨੀ ਦੇ ਇਸ਼ਤਿਹਾਰ ਵਿੱਚ ਸਰਕਾਰ-ਏ-ਖ਼ਾਲਸਾ ਦਾ ਵੀ ਇਕ ਚਿਤਰ ਹੈ। ਸਰਕਾਰ-ਏ-ਖ਼ਾਲਸਾ, ਭਾਵ ਖ਼ਾਲਸੇ ਦੀ ਅਗਵਾਈ ਵਿੱਚ ਲੋਕਾਂ ਦਾ ਗਣਰਾਜ, Peoples Republic led by Khalsa (ਸਿਰਦਾਰ ਕਪੂਰ ਸਿੰਘ) ਖ਼ਾਲਸੇ ਦਾ ਰਾਜਨੀਤਕ ਨਿਸ਼ਾਨਾ 1708 ਤੋਂ ਬਾਅਦ ਅੱਜ ਤੱਕ ਸਿੱਖ ਆਪਣੀ ਅਰਦਾਸ ਵਿੱਚ ਰੋਜ਼ ਪੜ੍ਹਦੇ ਆ ਰਹੇ ਹਨ : ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ। ਖ੍ਵਾਰ ਹੋਇ ਸਭ ਮਿਲੇਂਗੇ ਬਚੇ ਸਰਣ ਜੋ ਹੋਇ। ਭਾਵ ਕਿ ਸਿੱਖ ਹਮੇਸ਼ਾ ਅਜ਼ਾਦ ਅਤੇ ਪ੍ਰਭਤਾ-ਸੰਪੰਨ ਰਹਿਣਗੇ। ਅਤੇ ਇਸ ਨੂੰ ਕੋਈ ਚੁਣੌਤੀ ਨਹੀਂ ਦੇ ਸਕਦਾ। ਅੰਤ ਵਿੱਚ ਸਾਰੇ, ਚਾਹੇ ਉਹ ਇਸ ਗੱਲ ਨੂੰ ਚੰਗਾ ਨਾ ਸਮਝਦੇ ਹੋਣ, ਇਸ ਗੱਲ ਨੂੰ ਪ੍ਰਵਾਨ ਕਰ ਲੈਣਗੇ ਅਤੇ ਉਨ੍ਹਾਂ ਨੂੰ ਇਸ ਇਵਜਾਨੇ ਵਜੋਂ ਨਿਗਰਾਨੀ, ਸ਼ਾਂਤੀ ਅਤੇ ਸੁਰੱਖਿਆ ਪ੍ਰਾਪਤ ਹੋਵੇਗੀ, ਜੇ ਸਮਾਜ ਨੂੰ ਇਕੱਠਿਆਂ ਰੱਖਣਾ ਹੈ ਤਾਂ ਸਿੱਖ ਸਿਧਾਂਤ ਬੜਾ ਜ਼ਰੂਰੀ ਤੇ ਲਾਭਕਾਰੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਮੁੱਖ ਵਿੱਚੋਂ ਇਨ੍ਹਾਂ ਸ਼ਬਦਾਂ ਦਾ ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ। ਖ੍ਵਾਰ ਹੋਇ ਸਭ ਮਿਲੇਂਗੇ ਬਚੇ ਸਰਣ ਜੋ ਹੋਇ। ਵਿੱਚ ਪ੍ਰਾਪਤ ਹੁੰਦੇ ਸਿਧਾਂਤਾਂ ਤੋਂ ਬਿਨਾਂ ਹੋਰ ਕੋਈ ਸੱਚੀ ਅਤੇ ਭਰੋਸੇਯੋਗ ਅਗਵਾਈ ਨਹੀਂ ਹੈ।



ਸਿੱਖ ਕੌਮ ਨੂੰ ਅੱਜ ਲੋੜ ਹੈ ਗੁਰੂ ਗੋਬਿੰਦ ਸਿੰਘ ਵੱਲੋਂ ਬਖ਼ਸ਼ਿਸ਼ ਕੀਤੇ ਵਿਧਾਨ ਗੁਰੂ ਗ੍ਰੰਥ ਗੁਰ ਖ਼ਾਲਸਾ ਪੰਥ ਉੱਤੇ ਪਹਿਰਾ ਦੇਣ ਦੀ। ਅੰਤ ਇਕ ਵਾਰੀ ਫਿਰ ਖ਼ਾਲਸਾ ਰਾਜ ਦੀ ਪ੍ਰਦਰਸ਼ਨੀ ਲਾਉਣ ਲਈ ਆਪ ਜੀ ਨੂੰ ਵਧਾਈ ਦਿੰਦਾ ਹੋਇਆ ਸਮਾਪਤੀ ਕਰਦਾ ਹਾਂ।

ਭੁੱਲਾਂ ਚੁੱਕਾਂ ਦੀ ਖ਼ਿਮਾਂ
ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

## ਮੁਰਦਾ ਹੋਇਆ ਜਿਊਂਦਾ



ਇੱਕ ਹੈਰਾਨ ਕਰ ਦੇਣ ਵਾਲੀ ਘਟਨਾ ਵਿੱਚ, ਜਿਸ ਵਿਅਕਤੀ ਨੂੰ ਡਾਕਟਰਾਂ ਨੇ ਮ੍ਰਿਤਕ ਘੋਸ਼ਿਤ ਕਰ ਦਿੱਤਾ ਸੀ, ਉਹ ਫਿਊਨਰਲ ਹੋਮ ਵਿੱਚ ਜ਼ਿੰਦਾ ਮਿਲਿਆ। ਇਸ ਘਟਨਾ ਨੇ ਪਰਿਵਾਰਕ ਮੈਂਬਰਾਂ ਅਤੇ ਸਟਾਫ਼ ਨੂੰ ਸਦਮੇ ਵਿੱਚ ਪਾ ਦਿੱਤਾ। ਹਸਪਤਾਲ ਵਿੱਚ ਡਾਕਟਰਾਂ ਨੇ ਉਸ ਵਿਅਕਤੀ ਵਿੱਚ ਕੋਈ ਹਰਕਤ ਜਾਂ ਸਾਹ ਨਾ ਵੇਖਣ ਤੋਂ ਬਾਅਦ ਉਸਨੂੰ ਮਰਾ ਹੋਇਆ ਐਲਾਨ ਕਰ ਦਿੱਤਾ। ਦੁਖੀ ਪਰਿਵਾਰ ਨੇ ਸਾਰੀਆਂ ਕਾਰਵਾਈਆਂ ਪੂਰੀਆਂ ਕਰਕੇ ਲਾਸ਼ ਨੂੰ ਅੰਤਿਮ ਸੰਸਕਾਰ ਲਈ ਫਿਊਨਰਲ ਹੋਮ ਭੇਜ ਦਿੱਤਾ। ਪਰ ਜਦੋਂ ਅੰਤਿਮ ਤਿਆਰੀਆਂ ਚੱਲ ਰਹੀਆਂ ਸਨ, ਤਾਂ ਉੱਥੇ ਕੰਮ ਕਰਨ ਵਾਲਿਆਂ ਨੇ ਦੇਖਿਆ ਕਿ ਵਿਅਕਤੀ ਹੌਲੀ-ਹੌਲੀ ਸਾਹ ਲੈ ਰਿਹਾ ਹੈ। ਪਹਿਲਾਂ ਉਹਨਾਂ ਨੂੰ ਯਕੀਨ ਨਹੀਂ ਹੋਇਆ, ਪਰ ਧਿਆਨ ਨਾਲ ਵੇਖਣ ਤੋਂ ਬਾਅਦ ਤੁਰੰਤ ਮੈਡੀਕਲ ਟੀਮ ਨੂੰ ਬੁਲਾਇਆ ਗਿਆ। ਮੌਕੇ 'ਤੇ ਪਹੁੰਚੇ ਪੈਰਾਮੈਡਿਕਸ ਵੀ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਵਿਅਕਤੀ ਦੀ ਨਬਜ਼ ਚੱਲ ਰਹੀ ਸੀ ਅਤੇ ਉਹ ਜ਼ਿੰਦਾ ਸੀ। ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿੱਥੇ ਉਸਦਾ ਇਲਾਜ ਸ਼ੁਰੂ ਕੀਤਾ ਗਿਆ। ਡਾਕਟਰਾਂ ਨੇ ਇਸ ਘਟਨਾ ਨੂੰ "ਚਮਤਕਾਰ" ਦੱਸਿਆ ਹੈ। ਸ਼ੁਰੂਆਤੀ ਜਾਣਕਾਰੀ ਮੁਤਾਬਕ ਉਹ ਵਿਅਕਤੀ ਬਹੁਤ ਡੂੰਘੀ ਬੇਹੋਸ਼ੀ ਵਿੱਚ ਸੀ, ਜਿਸ ਕਾਰਨ ਗਲਤੀ ਨਾਲ ਉਸਨੂੰ ਮ੍ਰਿਤਕ ਸਮਝ ਲਿਆ ਗਿਆ। ਇਸ ਘਟਨਾ ਤੋਂ ਬਾਅਦ ਮੈਡੀਕਲ ਪ੍ਰਕਿਰਿਆਵਾਂ 'ਤੇ ਗੰਭੀਰ ਸਵਾਲ ਖੜੇ ਹੋ ਗਏ ਹਨ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# THE STEEL FRAME OF INDIA CANNOT STAND IF MORALITY MELTS WITHIN IT

**Dr Iqbal Singh Lalpura**
**9780003333**



India recently woke up to deeply disturbing news from Punjab. The Central Bureau of Investigation reportedly raided premises connected with officials linked to the Vigilance establishment, while in another case a senior police officer of DIG rank was arrested on allegations of illegal gratification. Public discussions and media reports further suggested that a civilian conduit allegedly named several senior IPS and IAS officers while describing a wider network of corruption and influence. Whether every allegation is ultimately proved or disproved is the responsibility of investigative agencies and courts, but the larger issue before the nation cannot be ignored.

If institutions created to fight corruption themselves come under suspicion, what message reaches the ordinary citizen? This concern is not limited to Punjab alone. Across India, senior bureaucrats, police officers, and public servants have faced inquiries, arrests, vigilance investigations, and prosecutions. During elections, Chief Secretaries, Directors General of Police, District Magistrates, and other senior officials are frequently transferred or removed on allegations of bias or misuse of authority. Slowly but steadily, public confidence in the neutrality and moral strength of the administrative system appears to be weakening.

India inherited its bureaucratic framework from the British Empire. The Indian Civil Service and Imperial Police were not ordinary government jobs; they were designed as the administrative machinery to govern a vast subcontinent. The British selected only a handful of candidates every year, mostly from the finest universities of England. Their numbers were extremely small, sometimes less than twenty annually. Before being posted to India, they were trained rigorously in administration, law, discipline, conduct, and governance.

Their loyalty was unquestionably to the British Crown and not to India. Yet history also records that the British invested heavily in administrative discipline, supervision, and institutional standards. Officers were expected to be firm, punctual, financially honest, humble in public conduct, and upright in administration. No indiscipline was tolerated. Corruption was treated as a disgrace capable of ending a career permanently.

That is one reason why many older generations still speak of certain aspects of British administration with respect. The system may have been foreign and imperial, but it was often perceived as efficient and predictable. The word of an officer carried authority because people believed that he was unlikely to compromise his conscience for personal benefit.

After Independence, India retained much of this administrative structure. The "steel frame" of governance continued, but its loyalty shifted from the Crown to the Constitution of India. Indian officers took charge of governance and administration. In the early decades after Independence, many civil servants carried forward traditions of discipline, sacrifice, and nation-building. They worked under difficult conditions, managed communal tensions, responded to natural disasters, and helped strengthen a newly independent democracy.

However, with time, the system slowly began changing. The generation of Indian-origin officers recruited during British rule retired around the late 1970s and early 1980s. Thereafter, a new administrative culture gradually emerged. India expanded economically and politically. Government spending increased massively. Political competition intensified. Alongside growing opportunities came growing temptations.

Today's civil servants are academically brilliant. Many are doctors, engineers, management graduates, and highly accomplished professionals. The civil services examination remains among the toughest competitive examinations in the world. Lakhs of young Indians compete every year for a few hundred positions because bureaucracy continues to offer power, prestige, influence, and security.

A large majority of officers remain honest and hardworking. Many continue to serve the nation with sincerity under enormous pressure. Yet the concern arises because even a small percentage of corruption at senior levels can deeply damage institutional credibility.

The present crisis is not merely administrative. It is moral.

"Examinations create officers; character creates guardians of democracy."

Passing a difficult examination proves intelligence, memory, analytical skill, and hard work. But governance requires something greater — integrity, moral courage, humility, and commitment to justice. A nation cannot be governed by qualifications alone.

"A nation is not governed by examinations alone, but by the moral courage of those who pass them."

The growing concern today is that in many places constitutional courage is being replaced by a culture of convenience and compliance. "Yes Boss" often appears more rewarding than "Yes Constitution." Instead of advising political leadership honestly and fearlessly, some officers allegedly become instruments for irregular or unlawful decisions. Transfers, contracts, mining, excise, land matters, recruitment, and investigations sometimes become areas where political interests, criminal networks, and corrupt administrative elements intersect.

Money on such a scale rarely emerges from honest activity. Illegal wealth often originates from exploitation of public systems, organised corruption, criminal activity, or misuse of state authority. When corrupt businessmen, criminal elements, compromised officials, and political power begin operating together, the ordinary citizen becomes helpless. Laws are then applied selectively. Honest officers become isolated. Fear replaces fairness.

The danger is not merely to governance but to democracy itself. Institutions survive on public trust. Citizens may tolerate inefficiency or delays, but once they lose faith in fairness and honesty, frustration turns into cynicism. Democracy then becomes vulnerable to instability and public anger. The real strength of India's civil services was never intelligence alone. India has always produced intelligent people. The true strength of the administrative system was character.

An officer with moral courage and a strong backbone can become the finest protector and implementer of government policy. Such an officer may disagree respectfully with unlawful pressure while still loyally implementing legitimate decisions of elected governments. He or she understands that loyalty to the Constitution must remain above loyalty to individuals.

Unfortunately, modern bureaucratic culture often appears to reward networking more than integrity. Officers seen as close to centres of political influence are frequently considered more successful than those who maintain independence. Honest officers sometimes face repeated transfers, isolation, or denial of important responsibilities. This sends a deeply damaging message to younger generations entering public service. The larger question therefore becomes unavoidable: how foolproof is our present system of selection, verification, training, and supervision?

Can an examination truly measure honesty? Can interviews fully judge moral strength? Can training academies alone create integrity?

Perhaps not. "Brilliance without ethics is more dangerous than ignorance with power."

A highly intelligent but morally compromised officer can manipulate systems far more effectively than an ordinary criminal. That is why ethics and accountability become essential pillars of governance.

Training academies do attempt to teach constitutional values, discipline, and professionalism. Yet morality cannot be built only through lectures or textbooks. Ethical conduct develops through institutional culture, leadership examples, transparent accountability, and certainty of punishment for wrongdoing.

There is also a wider social issue involved. Society itself increasingly celebrates wealth and influence without questioning how they were acquired. Expensive lifestyles, visible power, and access to authority often receive admiration, while simplicity and integrity appear less glamorous. In such an environment, moral decline within institutions reflects a broader moral confusion within society itself.

Still, India should not lose hope. Even today, thousands of officers across the country quietly serve with honesty, courage, and dedication. Some risk their careers to uphold the law. Some fight organised crime and corruption. Some protect the weak during communal tension or political pressure. India continues to stand strong because such officers still exist in large numbers. But reforms can no longer be delayed.

India must strengthen not only examinations but ethical foundations. Recruitment should continue rewarding merit, but greater attention must also be given to integrity assessment, psychological evaluation, and moral orientation. Honest officers deserve institutional protection and public respect. Internal vigilance systems must function independently and swiftly. Political leadership must recognise that corrupt officers ultimately damage governments more than opposition parties ever can.

Most importantly, society itself must begin respecting integrity more than influence.


The British built an administrative machine to serve an empire. Independent India must build an administrative culture worthy of a civilisation and a democracy. Efficiency without morality creates fear. Power without ethics creates corruption. Intelligence without character creates manipulation.

India does not merely need successful officers. India needs trustworthy officers. The future of governance will not be decided only in examination halls. It will ultimately be decided in the conscience of those who hold authority.

*Former Chairman National Commission for Minorities Govt of India*

# ਪੰਜਾਬੀ ਫ਼ਿਲਮਾਂ ਅਤੇ ਦੇਸੀ ਟੀ.ਵੀ. ਚੈਨਲਾਂ ਰਾਹੀਂ ਸਿੱਖੀ ਸਰੂਪ ਨੂੰ ਮਲੀਆਮੇਟ ਕਰਨ ਦੀ ਸਾਜ਼ਿਸ਼

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਪਿੱਛੇ ਜਿਹੇ ਪੰਜਾਬੀ ਦੇ ਸਮਕਾਲੀ ਪੇਪਰਾਂ ਵਿੱਚ ਇੱਕ ਇਸ਼ਤਿਹਾਰ ਪੜ੍ਹਨੇ ਨੂੰ ਮਿਲ਼ਿਆ ਕਿ ਪੀ.ਟੀ.ਸੀ. ਪੰਜਾਬੀ ਦੀ ਪੇਸ਼ਕਸ਼ ਪੰਜਾਬੀ ਫ਼ਿਲਮ 'ਡਿਸਕੋ ਸਿੰਘ'। 'ਡਿਸਕੋ ਸਿੰਘ' ਤੋਂ ਪਹਿਲਾਂ 'ਸਿੰਘ ਇਜ਼ ਕਿੰਗ' ਇੱਕ ਫ਼ਿਲਮ ਹਿੰਦੀ ਵਿੱਚ ਵੀ ਬਣ ਚੁੱਕੀ ਹੈ। ਦੋਹਾਂ ਹੀ ਫ਼ਿਲਮਾਂ ਵਿੱਚ ਰੋਮਾਂ ਦੀ ਬੇਅਦਬੀ ਕਰ ਕੇ ਛਾਂਗੀਆਂ ਹੋਈਆਂ ਦਾੜ੍ਹੀਆਂ ਅਤੇ ਮੋਨੇ ਸਿਰਾਂ 'ਤੇ ਨੋਕਦਾਰ ਬੱਧੀਆਂ ਠੋਕਵੀਆਂ ਪੱਗਾਂ ਵਾਲ਼ੇ ਮੁੱਖ ਪਾਤਰਾਂ ਨੂੰ ਸਿੱਖ ਰੋਲ ਮਾਡਲ ਵਜੋਂ ਵਿਖਾਇਆ ਗਿਆ ਹੈ। ਜੋ ਕਿ 'ਸਿੱਖ ਧਰਮ' ਅਤੇ 'ਸਾਬਤ ਸੂਰਤਿ ਦਸਤਾਰ ਸਿਰਾ', ਸਿੱਖੀ ਦੇ ਸਰੂਪ ਨੂੰ ਵਿਗਾੜ ਕੇ ਪੇਸ਼ ਕੀਤਾ ਗਿਆ ਹੈ। ਇਸ ਤੋਂ ਵੀ ਅੱਗੇ ਵੇਖੀਏ ਤਾਂ ਪੰਜਾਬ ਪੁਲੀਸ ਦੇ ਬਹੁਗਿਣਤੀ ਦੇ ਪੁਲਸ ਮੁਲਾਜ਼ਮਾਂ ਤੋਂ ਇਲਾਵਾ ਪੀ.ਟੀ.ਸੀ. ਪੰਜਾਬੀ ਤੇ ਪ੍ਰੋਗਰਾਮ ਕਰਨ ਵਾਲ਼ੇ ਗੀਤਕਾਰ ਗਾਇਕ ਅਤੇ ਪ੍ਰੀਜ਼ੈਟਰਾਂ ਨੇ ਵੀ ਰੋਮਾਂ ਦੀ ਨਿਸ਼ਾਨੀ ਰੱਖਣ ਤਕ ਛਾਂਗੀਆਂ ਦਾੜ੍ਹੀਆਂ ਅਤੇ ਮੁੰਨੇ ਹੋਏ ਸਿਰਾਂ 'ਤੇ ਨੋਕਦਾਰ ਪੱਗਾਂ ਬੱਧੀਆਂ ਹੋਈਆਂ ਵੇਖਣ ਨੂੰ ਮਿਲਦੀਆਂ ਹਨ। ਸਿੱਖਾਂ ਦੇ ਇਸ ਵਿਗੜੇ ਹੋਏ ਸਿੱਖੀ ਸਰੂਪ ਤੇ ਮੋਹਰ ਲਾਉਣ ਲਈ ਪੀ.ਟੀ.ਸੀ. ਪੰਜਾਬੀ ਮੋਹਰੀ ਰੋਲ ਅਦਾ ਕਰ ਰਿਹਾ ਹੈ। ਪੀ. ਟੀ. ਸੀ. ਪੰਜਾਬੀ 'ਤੇ ਨਾਨ–ਸਟਾਪ ਪ੍ਰੋਗਰਾਮ ਵੇਖਣ ਵਾਲ਼ਿਆਂ ਨੂੰ ਕਿਸੇ ਸਬੂਤ ਦੀ ਵੀ ਲੋੜ ਨਹੀਂ ਹੈ ਕਿਉਂਕਿ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਦਾਹੜੀ ਛਾਂਗ ਕੇ ਰੋਮਾਂ ਦੀ ਬੇਅਦਬੀ ਕਰਨ ਦਾ ਅਰਥ ਹੈ ਸਿੱਖੀ ਦਾ ਬੰਦ–ਬੰਦ ਕੱਟ ਦੇਣਾ।

ਵੀਹਵੀਂ ਸਦੀ ਦੇ ਮਹਾਨ ਸਿੱਖ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਕਿਹਾ ਕਰਦੇ ਸਨ ਕਿ "ਮੈਂ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਨਫ਼ਰਤ ਫੈਲਾਉਂਦਾ ਹਾਂ, ਇਹ ਗਲਤ ਹੈ। ਮੈਂ ਤਾਂ ਬਸ ਗੁਰੂਆਂ ਦੀ ਸਿੱਖਿਆ ਹੀ ਪ੍ਰਚਾਰਦਾ ਹਾਂ, ਮੈਂ ਅੰਮ੍ਰਿਤ ਪ੍ਰਚਾਰ ਹੀ ਕਰਦਾ ਹਾਂ ਅਤੇ ਸਿੱਖ ਨੌਜਵਾਨਾਂ ਨੂੰ ਦਾੜ੍ਹੀਆਂ ਛਾਂਗਣਾਂ ਬੰਦ ਕਰਨ, ਸਿਗਰਟ ਅਤੇ ਸ਼ਰਾਬ ਪੀਣਾ ਛੱਡਣ ਲਈ ਪ੍ਰੇਰਦਾ ਹਾਂ। ਸਿੱਖ ਧਰਮ ਦੇ ਸ਼ਹੀਦ ਸਿੰਘ ਤਾਂ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਲਈ ਚਰਖੜੀਆਂ 'ਤੇ ਚੜ੍ਹੇ ਅਤੇ ਬੰਦ–ਬੰਦ ਕਟਵਾ ਦਿੱਤੇ ਪਰ ਅੱਜ ਦੇ ਸਿੱਖ ਨੌਜਵਾਨ ਦਾੜ੍ਹੀਆਂ ਛਾਂਗ ਕੇ ਮੁੰਨ ਕੇ ਸਿੱਖੀ ਦਾ ਹੀ ਬੰਦ–ਬੰਦ ਕੱਟੀ ਜਾ ਰਹੇ ਹਨ। ਮੈਂ ਇਹਨਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਅਤੇ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗ ਕੇ ਗੁਰੂ ਵਾਲ਼ੇ ਬਣਨ ਦੀ ਪ੍ਰੇਰਨਾ ਦਿੰਦਾ ਹਾਂ ਕਿਉਂਕਿ ਧਰਮ ਦਾ ਪ੍ਰਚਾਰ ਕਰਨਾ ਮੇਰਾ ਸੰਵਿਧਾਨਕ ਹੱਕ ਹੈ।"

ਪੀ.ਟੀ.ਸੀ. ਪੰਜਾਬੀ ਵਾਲ਼ੇ ਸਿੱਖੀ ਅਤੇ ਸਿੱਖ ਦਾ ਬਾਹਰੀ ਸਰੂਪ ਵਿਗਾੜ ਕੇ ਪਤਿਤਪੁਣੇ ਨੂੰ ਉਤਸ਼ਾਹਿਤ ਤਾਂ ਕਰ ਹੀ ਰਹੇ ਹਨ ਅਤੇ ਨਾਲ ਹੀ ਪੰਜਾਬੀ ਵਿਰਸੇ ਦਾ ਅੰਗਰੇਜ਼ੀਕਰਨ ਵੀ ਕਰ ਰਹੇ ਹਨ। ਪੰਜਾਬੀ ਅਤੇ ਪੰਜਾਬੀਅਤ ਦੇ ਨਾਂ 'ਤੇ ਬਣਨ ਵਾਲ਼ੀਆਂ ਪੰਜਾਬੀ ਫ਼ਿਲਮਾਂ ਦਾ ਨਾਂ ਵੀ ਅੰਗਰੇਜ਼ੀ ਭਾਸ਼ਾ ਵਿੱਚ ਰੱਖਿਆ ਜਾਣ ਲੱਗਾ ਹੈ। ਆਓ ਹੁਣ ਇਹਨਾਂ ਪੰਜਾਬੀ ਫ਼ਿਲਮਾਂ ਦੇ ਕੁਝ ਅੰਗਰੇਜ਼ੀ ਨਾਵਾਂ ਦੇ ਨਮੂਨੇ ਵੇਖੀਏ ਜਿਵੇਂ ਕਿ 'ਜੱਟ ਐਂਡ ਜੂਲੀਅਟ–1', 'ਜੱਟ ਐਂਡ ਜੂਲੀਅਟ–2', 'ਕੈਰੀ ਆਨ ਜੱਟਾ', 'ਨੌਟੀ ਜੱਟ', 'ਡੈਡੀ ਕੂਲ ਮੁੰਡੇ ਫੂਲ', 'ਮਾਈ ਸੈਲਫ ਘੈਂਟ', 'ਜੱਟ ਜੇਮਸ ਬਾਂਡ' ਅਤੇ 'ਡਿਸਕੋ ਸਿੰਘ'। ਅਜਿਹੀਆਂ ਅੰਗਰੇਜ਼ੀ ਨਾਂ ਵਾਲ਼ੀਆਂ ਪੰਜਾਬੀ ਫ਼ਿਲਮਾਂ ਦੇ ਨਿਰਮਾਤਾ ਤੇ ਨਿਰਦੇਸ਼ਕ ਆਪਣੀ ਫ਼ਿਲਮ ਹਿੱਟ ਕਰਾਉਣ ਲਈ ਪੰਜਾਬੀ ਪਹਿਰਾਵੇ ਦੀ ਥਾਂ ਅੰਗਰੇਜ਼ੀ ਡਰੈਸਾਂ ਦੀ ਵਰਤੋਂ ਕਰ ਰਹੇ ਹਨ। ਇਹਨਾਂ ਫ਼ਿਲਮਾਂ ਵਿੱਚ ਕੰਮ ਕਰਨ ਵਾਲ਼ੀਆਂ ਪੰਜਾਬੀ ਕੁੜੀਆਂ ਕਮੀਜ਼ ਦੀ ਥਾਂ ਸਲੀਵਲੈਸ ਫਰਾਕ ਅਤੇ ਸਲਵਾਰ ਦੀ ਥਾਂ ਲੱਤਾਂ ਨੰਗੀਆਂ ਰੱਖਣ ਲਈ ਸਕਰਟ ਪਾਉਂਦੀਆਂ ਹਨ। ਕੁੜੀਆਂ ਨੂੰ ਪੈਂਟਾਂ ਏਨੀਆਂ ਘੁਟਵੀਆਂ ਪੁਆਈਆਂ ਜਾਂਦੀਆਂ ਹਨ ਕਿ ਸ਼ੱਕ ਹੋਣ ਲੱਗਦਾ ਹੈ ਕਿ ਲੱਤਾਂ ਨੇ ਪੈਂਟ ਪਾਈ ਹੋਈ ਹੈ ਜਾਂ ਪੈਂਟ ਨੇ ਲੱਤਾਂ ਦਾ ਰੂਪ ਧਾਰਿਆ ਹੋਇਆ ਹੈ।

ਪੰਜਾਬੀ ਗੀਤਾਂ ਦੀਆਂ ਵੀਡਿਓ ਫ਼ਿਲਮਾਂ ਵਿੱਚ ਵੀ ਅਕਸਰ ਉਕਤ ਵਰਤਾਰਾ ਹੀ ਵੇਖਣ ਨੂੰ ਮਿਲਦਾ ਹੈ। ਬਹੁਤ ਸਾਰੇ ਗੀਤਕਾਰ ਅਤੇ ਗਾਇਕ ਵੀਡੀਓ ਫ਼ਿਲਮ ਬਣਾਉਣ ਵੇਲੇ ਤਾਂ ਮੁੰਨੇ ਹੋਏ ਸਿਰ 'ਤੇ ਪੱਗ ਬੰਨ੍ਹ ਲੈਂਦੇ ਹਨ ਪਰ ਅੱਗੋਂ ਪਿੱਛੋਂ ਤਾਂ ਨੰਗੇ ਸਿਰ ਹੀ ਵਿਚਰਦੇ ਹਨ ਅਤੇ ਕਈ ਵਾਰੀ ਸਿੱਧੀਆਂ ਪੁੱਠੀਆ ਟੋਪੀਆਂ ਵੀ ਲੈ ਲੈਂਦੇ ਹਨ। ਇਹਨਾਂ ਬਹੁਰੁਪੀਏ ਕਲਾਕਾਰਾਂ ਵੱਲੋਂ ਸਿੱਖੀ ਸਰੂਪ ਨੂੰ ਸਿਰਫ਼ ਪੈਸੇ ਕਮਾਉਣ ਲਈ ਹੀ ਵਰਤਿਆ ਜਾ ਰਿਹਾ ਹੈ। ਅਜਿਹੀਆਂ ਵੀਡਿਓ ਫ਼ਿਲਮਾਂ ਵਿੱਚ ਕੰਮ ਕਰਨ ਵਾਲ਼ੇ ਮੁੰਡੇ ਕੁੜੀਆਂ ਨੇ ਪੈਸੇ ਕਮਾਉਣ ਅਤੇ ਚੰਦ ਦਿਨਾਂ ਦੀ ਬੱਲੇ–ਬੱਲੇ ਲਈ ਸਿੱਖੀ ਸਰੂਪ ਅਤੇ ਪੰਜਾਬੀ ਪਹਿਰਾਵੇ ਨੂੰ ਤਿਆਗ ਦਿੱਤਾ ਹੈ ਅਤੇ ਆਪਣੇ ਆਪ ਨੂੰ 'ਮਾਡਰਨ' ਤੇ 'ਅਪ–ਟੂ ਡੇਟ' ਦੱਸਦੇ ਹਨ ਅਤੇ ਸਿੱਖੀ ਸਰੂਪ ਅਤੇ ਪੰਜਾਬੀ ਪਹਿਰਾਵੇ ਵਾਲ਼ਿਆਂ ਨੂੰ ਬੈਕਵਰਡ ਸਮਝਦੇ ਹਨ, ਪਰ ਇਹਨਾਂ ਨੂੰ ਕੌਣ ਸਮਝਾਵੇ ਕਿ ਅਸਲੀ ਸੁੰਦਰਤਾ ਉਸ ਦੇ ਸਾਬਤ ਸੂਰਤ ਚਿਹਰੇ ਅਤੇ ਉਸ ਦੇ ਆਚਰਣ ਵਿੱਚ ਹੁੰਦੀ ਹੈ। ਸੀਲ, ਸੰਜਮ ਤੇ ਸਾਦਾ ਪਹਿਰਾਵਾ ਮਨੁੱਖੀ ਆਚਰਣ ਦੇ ਵਿਸ਼ੇਸ਼ ਅੰਗ ਹਨ। ਸੰਜਮ ਰਹਿਤ ਜੀਵਨ, ਅਸ਼ਲੀਲ ਮੰਨ ਸੁੰਦਰ ਤੇ ਦਿਲ ਨੂੰ ਮੋਹਣ ਵਾਲ਼ੇ ਪਹਿਰਾਵੇ ਹੇਠ ਉਵੇਂ ਹੈ ਜਿਵੇਂ ਕਿਸੇ ਹਲਕੀ ਧਾਤ ਨੂੰ ਮੁਲੰਮਾ ਕੀਤਾ ਹੋਵੇ।

ਖ਼ਾਲਸੇ ਦੀ ਸਾਜਨਾ 1699 ਵਿੱਚ ਹੋਈ ਸੀ ਪਰ ਮੌਜੂਦਾ ਪੰਜਾਬ ਦੇ ਵਾਹੀਕਾਰਾਂ ਦੀ ਅਜ਼ਾਦ ਤੇ ਦਲੇਰਾਨਾ ਸਪਿਰਟ ਨੂੰ ਸਿੱਖ ਦੇ ਨਾਂਅ ਨਾਲ ਜੋੜਨ ਦਾ ਕਾਰਨ ਵੀ ਸਿੱਖ ਦਾ ਸਾਬਤ ਸੂਰਤ ਦਸਤਾਰ ਸਿਰਾ ਵਾਲ਼ਾ ਸਰੂਪ ਹੈ ਜੋ ਉਸ ਨੂੰ ਖ਼ਾਲਸਾ ਨਾਂ ਹੇਠ 1699 ਨੂੰ ਪ੍ਰਾਪਤ ਹੋਇਆ ਵਰਨਾ ਪੰਜਾਬ ਅਜਿਹੀ ਵਡਿਆਈ ਦਾ ਹੱਕਦਾਰ 'ਪੰਜਾਬੀ' ਤਾਂ ਹੋ ਸਕਦਾ ਸੀ ਪਰ 'ਸਿੱਖ' ਨਾ ਹੁੰਦਾ। ਸਿੱਖਾਂ ਦੀ ਇਹ ਵਡਿਆਈ ਅਜ਼ਾਦ ਹਸਤੀ ਅੱਡਰੀ ਰਹਿਣੀ ਤੇ ਸਰੂਪ ਸਿੱਖ ਵਿਰੋਧੀਆਂ ਨੂੰ ਨਹੀਂ ਭਾਉਂਦਾ।

ਖ਼ਾਲਸਾ ਪੰਥ ਦੀ ਵਿਰੋਧਤਾ ਵੀ ਆਪਣੀ ਬੁੱਕਲ ਵਿੱਚੋਂ ਹੀ ਸ਼ੁਰੂ ਹੋ ਗਈ ਹੈ। ਪੰਜਾਬੀ ਲੋਕ ਹੀ, ਜਿਨ੍ਹਾਂ ਵਿੱਚੋਂ ਜਨਮ ਲੈ ਕੇ ਸਿੱਖਾਂ ਨੇ ਵਿਸ਼ਵ ਧਰਮੀ ਹੋਣ ਦਾ ਨਮੂਨਾ ਪੇਸ਼ ਕੀਤਾ; ਇਸ ਦੀ ਵਧਦੀ ਪ੍ਰਭਿਤਾ ਨੂੰ ਸਹਾਰ ਨਹੀਂ ਸਕੇ ਅਤੇ ਇੱਕ ਟੋਲੇ ਨੇ ਸਮੁੱਚੇ ਤੌਰ 'ਤੇ ਸਿੱਖ ਜਜ਼ਬੇ ਨਾਲ ਖੇਡਣੋਂ ਵੀ ਗੁਰੇਜ਼ ਨਹੀਂ ਕੀਤਾ (ਜੂਨ 1984 ਦਾ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦਾ ਹਮਲਾ ਅਤੇ ਨਵੰਬਰ 1984 ਨੂੰ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿੱਚ ਸਿੱਖਾਂ ਦੀ ਹੋਈ ਨਸਲਕੁਸ਼ੀ ਇਸ ਦੀਆਂ ਪ੍ਰਤੱਖ ਉਦਾਹਰਣਾਂ ਹਨ)। ਜਦੋਂ ਮੌਕਾ ਬਣਿਆ ਇਹਨਾਂ ਨੇ ਸਿੱਖ ਇਤਿਹਾਸ ਨੂੰ ਕਾਲ਼ਾ ਕਰਨ, ਸਿੱਖੀ ਸਰੂਪ ਨੂੰ ਵਿਗਾੜਨ, ਸਿੱਖ ਧਰਮ ਦੀ ਅਪਣਾਈ ਪੰਜਾਬੀ ਬੋਲੀ ਤੇ ਲਿੱਪੀ ਦਾ ਕੱਟੜ ਵਿਰੋਧ ਅਤੇ ਸਿੱਖ ਰਸਮਾਂ ਅਤੇ ਸਿੱਖੀ ਸਰੂਪ 'ਤੇ ਚੋਟ ਕਰਨ ਤੋਂ ਢਿਲ ਨਹੀਂ ਕੀਤੀ (ਛਾਂਗੀਆਂ ਦਾੜ੍ਹੀਆਂ ਅਤੇ ਮੋਨੇ ਸਿਰਾਂ ਤੇ ਬੱਧੀਆਂ ਨੋਕਦਾਰ ਪੋਚਵੀਆਂ ਪੱਗਾਂ ਇਸ ਦਾ ਪ੍ਰਤੱਖ ਸਬੂਤ ਹਨ)। ਇਸ ਦਾ ਵਿਰੋਧ ਅਜ਼ਾਦ ਭਾਰਤ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਪਿੱਛੋਂ ਬਹੁਤ ਹਾਨੀਕਾਰਕ ਸਾਬਤ ਹੋਇਆ ਹੈ, ਕਿਉਂਕਿ ਕਹੀ ਜਾਂਦੀ ਭਾਰਤ ਦੀ 'ਸੈਕੂਲਰ ਸਰਕਾਰ' ਦਾ ਬਹੁਤ ਵੱਡਾ ਹਿੱਸਾ ਉਕਤ ਸ਼੍ਰੇਣੀ ਦੇ ਫ਼ਿਰਕੂਪੁਣੇ ਤੋਂ ਪ੍ਰਭਾਵਿਤ ਹੈ। ਪਰ ਅਜਿਹੇ ਵਧੇਰੇ ਹਾਨੀਕਾਰਕ ਪ੍ਰਭਾਵ ਉਹਨਾਂ ਸੁਸਾਇਟੀਆਂ ਦਾ ਹੈ, ਜੋ ਸਿੱਖ ਹੋਂਦ ਨੂੰ ਅੰਦਰੋਂ ਅੰਦਰ ਇਹ ਸਿੱਧ ਕਰਨ ਵਿੱਚ ਲੱਗੀਆਂ ਹੋਈਆਂ ਹਨ ਕਿ ਸਿੱਖ ਹਿੰਦੂ ਸਮਾਜ ਦਾ ਹੀ ਅਗਾਂਹਵਧੂ ਕੇਸਾਧਾਰੀ ਫ਼ਿਰਕਾ ਹੈ ਭਾਵ ਸਿੱਖ ਵੀ ਕੇਸਾਧਾਰੀ ਹਿੰਦੂ ਹੀ ਹਨ।

ਇਸ ਸਮੇਂ ਸਿੱਖ ਕੌਮ ਨੂੰ ਦੁਵੱਲੀ ਟੱਕਰ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਪਹਿਲੀ ਟੱਕਰ ਅਨਮਤ ਵਾਲ਼ਿਆਂ ਦੀ ਉਸ ਵੱਡੀ ਗਿਣਤੀ ਨਾਲ਼ ਹੈ ਜੋ ਸਿੱਖ ਦੀ ਸਰਬਸਾਂਝੀ ਵਿਚਾਰਧਾਰਾ ਅਤੇ ਸਿੱਖੀ ਸਰੂਪ ਨੂੰ ਓਪਰਾ ਜਾਣਦੀ ਹੈ ਅਤੇ ਇੱਕ ਮਜ਼੍ਹਬ, ਇੱਕ ਭਾਸ਼ਾ ਤੇ ਇੱਕ ਕੌਮੀਅਤ ਦਾ ਦੇਸ਼ ਬਣਾਉਣ ਦੀ ਇੱਛਾ ਹਰ ਦੂਜੇ ਅਨਸਰ ਨੂੰ ਕੁਚਲ ਦੇਣ ਦੀ ਚਾਹਵਾਨ ਹੈ। ਪੀ.ਟੀ.ਸੀ. ਪੰਜਾਬੀ ਦੇ ਮਾਧਿਅਮ ਰਾਹੀਂ 'ਪੰਜਾਬੀ ਸੱਭਿਆਚਾਰ' ਦੇ ਬੁਰਕੇ ਹੇਠ 'ਸਿੱਖ ਸੱਭਿਆਚਾਰ' ਦੀਆਂ ਧਜੀਆਂ ਉਡਾਈਆਂ ਜਾ ਰਹੀਆਂ ਹਨ ਅਤੇ ਪੰਜਾਬੀ ਸੱਭਿਆਚਾਰ ਦਾ ਵੀ ਪੱਛਮੀਕਰਨ ਕਰ ਕੇ ਪੰਜਾਬ ਵਾਸੀਆਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਜੋ ਹਥਿਆਰ ਅੱਜ ਦਾ ਸਿੱਖ ਵਿਰੋਧੀ ਅਨਸਰ ਸਿੱਖਾਂ ਦੇ ਖ਼ਿਲਾਫ਼ ਵਰਤ ਰਿਹਾ ਹੈ, ਉਹ ਵਰਤਮਾਨ ਕਾਲ ਦੇ ਜੰਗੀ ਸਾਧਨਾਂ ਦਾ ਉਹ ਹਥਿਆਰ ਹੈ, ਜਿਸ ਤੋਂ ਸਿੱਖੀ ਨੂੰ ਬਚਾਉਣਾ ਕਿਸੇ ਵਿਸ਼ੇਸ਼ ਯਤਨਾਂ ਤੋਂ ਬਿਨਾਂ ਸੰਭਵ ਨਹੀਂ ਹੈ। ਇਹ ਹਥਿਆਰ ਟੀ.ਵੀ. ਚੈਨਲਾਂ ਅਤੇ ਸੋਸ਼ਲ ਮੀਡੀਏ ਰਾਹੀਂ ਸਿੱਖੀ ਦਾ ਸਰੂਪ ਵਿਗਾੜ ਕੇ, ਬੜੇ ਮਿੱਠੇ ਤੇ ਮਨਭਾਉਣੇ ਤਰੀਕੇ ਨਾਲ ਸਿੱਖੀ ਦੀ ਵਿਲੱਖਣਤਾ ਖ਼ਤਮ ਕਰ ਰਿਹਾ ਹੈ। ਅਸੀਂ ਸਿੱਖ ਨੌਜਵਾਨ ਮੁੰਡੇ ਕੁੜੀਆਂ ਨੂੰ ਬੇਨਤੀ ਕਰਾਂਗੇ ਕਿ ਗਲੈਮਰ ਦੀ ਦੁਨੀਆਂ ਵਿੱਚੋਂ ਨਿਕਲ਼ ਕੇ ਸਿੱਖ ਸੱਭਿਆਚਾਰ ਅਪਨਾਓ ਅਤੇ ਸਾਦਾ ਤੇ ਸੁਖੀ ਜੀਵਨ ਜੀਊਣ ਲਈ ਆਪਣਾ ਮਾਣਮੱਤਾ ਸਿੱਖ ਇਤਿਹਾਸ ਪੜ੍ਹ ਕੇ ਗੁਰਮਤਿ ਦੇ ਧਾਰਨੀ ਹੋਵੋ। ਫੈਸ਼ਨ ਦੀ ਚਕਾਚੋਂਧ ਜ਼ਿਆਦਾ ਦੇਰ ਨਹੀਂ ਰਹਿੰਦੀ ਅਤੇ ਜੁਆਨੀ ਢਲ਼ਦਿਆਂ ਹੀ ਜ਼ਿੰਦਗੀ ਹਨੇਰਿਆਂ ਵਿੱਚ ਗੁਆਚ ਜਾਂਦੀ ਹੈ।

ਸਾਡਾ ਇਹ ਲੇਖ ਲਿਖਣ ਤੋਂ ਭਾਵ ਮਨੋਰੰਜਨ ਦਾ ਵਿਰੋਧ ਕਰਨਾ ਨਹੀਂ ਹੈ ਕਿਉਂਕਿ ਮਨੋਰੰਜਨ ਪੰਜਾਬੀ ਵਿਰਸੇ ਦੀ ਪ੍ਰੰਪਰਾ ਰਹੀ ਹੈ। ਅਸੀਂ ਪੰਜਾਬੀ ਸੱਭਿਆਚਾਰ ਦਾ ਪੱਛਮੀ ਕਰਨ ਦੇ ਵਿਰੋਧ ਵਿੱਚ ਹਾਂ। ਪੀ.ਟੀ.ਸੀ. ਪੰਜਾਬੀ ਨੇ ਇਸ ਹੱਦ ਤਕ ਵਪਾਰੀਕਰਨ ਕਰ ਦਿੱਤਾ ਹੈ ਕਿ ਪੰਜਾਬ ਦੇ ਬਹੁਗਿਣਤੀ ਨੌਜਵਾਨ ਮੁੰਡੇ ਕੁੜੀਆਂ ਨੇ ਨੱਚ ਗਾ ਕੇ ਪੈਸੇ ਕਮਾਉਣ ਦਾ ਕਿੱਤਾ ਅਪਣਾ ਲਿਆ ਹੈ ਅਤੇ ਪੈਸਾ ਕਮਾਉਣ ਦੀ ਦੌੜ ਵਿੱਚ ਅਜੋਕੀ ਨੌਜਵਾਨ ਪੀੜ੍ਹੀ ਨੇ ਪੰਜਾਬੀ ਵਿਰਸੇ ਦੀਆਂ ਕਦਰਾਂ ਕੀਮਤਾਂ ਦੀ ਮਿੱਟੀ ਪਲੀਤ ਕੀਤੀ ਹੋਈ ਹੈ। ਕਿਸੇ ਗੀਤਕਾਰ ਜਾਂ ਗਾਇਕ ਦਾ ਕੋਈ ਗੀਤ ਲੋਕਾਂ ਨੂੰ ਪਸੰਦ ਆ ਜਾਂਦਾ ਹੈ ਤਾਂ ਪੀ.ਟੀ.ਸੀ. ਪੰਜਾਬੀ ਵਾਲ਼ੇ ਉਸ ਨੂੰ ਇਸ ਢੰਗ ਨਾਲ ਪੇਸ਼ ਕਰਦੇ ਹਨ ਕਿ ਕਈ ਸਿੱਖ ਨੌਜਵਾਨ ਜਮੀਨਾਂ ਵੇਚ ਕੇ ਅਤੇ ਕਰਜ਼ਾ ਲੈ ਕੇ ਗੀਤ ਰਿਕ–ਾਰਡ ਕਰਨ ਅਤੇ ਗੀਤ ਦੀ ਵੀਡਿਓ ਬਣਾਉਣ ਲਈ ਉਮੜ ਪੈਂਦੇ ਹਨ। ਇਹਨਾਂ 'ਚੋਂ ਬਹੁਤ ਸਾਰੇ ਆਪਣੇ ਪੈਸੇ ਦਾ ਨੁਕਸਾਨ ਕਰਾ ਕੇ ਪੀ.ਟੀ.ਸੀ. ਪੰਜਾਬੀ ਵਾਲ਼ਿਆਂ ਦੀ ਜਾਨ ਨੂੰ ਰੋਂਦੇ ਹਨ। ਇਹਨਾਂ ਵਿੱਚੋਂ ਬਹੁਤ ਸਾਰੇ ਨਿਰਾਸ਼ ਹੋ ਕੇ ਨੌਜਵਾਨ ਮੁੰਡੇ ਤਾਂ ਕਈ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ ਤੇ ਮੁਟਿਆਰਾਂ ਮਜ਼ਬੂਰੀ ਦੀ ਹਾਲਤ ਵਿੱਚ ਜਾਂ ਕਿਸੇ ਆਰਕੈਸਟਰਾ ਨਾਲ ਨੱਚ ਕੇ ਗੁਜ਼ਾਰਾ ਕਰਨ ਲੱਗ ਪਈਆਂ ਹਨ ਜਾਂ ਫਿਰ ਕੈਟਰਸ ਦੇ ਨਾਲ ਮਿਲ਼ ਕੇ ਵਿਆਹਾਂ ਮੌਕੇ ਮੈਰਿਜ ਪੈਲਸਾਂ ਵਿੱਚ ਸ਼ਰਾਬ ਵਰਤਾਉਣ ਦਾ ਕੰਮ ਕਰਨ ਲੱਗ ਪਈਆਂ ਹਨ।

ਅੰਗਰੇਜ਼ੀ ਨਾਂ ਵਾਲ਼ੀਆਂ ਪੰਜਾਬੀ ਫ਼ਿਲਮਾਂ ਵਿੱਚ ਕੰਮ ਕਰਨ ਵਾਲ਼ੇ ਸਿੱਖ ਨੌਜਵਾਨ ਆਪਣੇ ਨਾਂਅ ਨਾਲ ਸਿੰਘ ਦੀ ਵਰਤੋਂ ਕਰਨ ਦੀ ਬਜਾਏ ਆਪਣੇ ਪਹਿਲੇ ਨਾਂ ਨਾਲ ਕੇਵਲ ਗੋਤ ਹੀ ਵਰਤਦੇ ਹਨ ਜਾਂ ਹੈਰੀ, ਗੈਰੀ, ਗਰੇਵਾਲ, ਬੋਬੀ ਡੇਵਿਡ, ਪੋਲ ਆਦਿ ਨਾਵਾਂ ਨਾਲ਼ ਜਾਣੇ ਜਾਂਦੇ ਹਨ।


'ਸਿੰਘ', ਸਿੱਖ ਕੌਮ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ਿਆ ਹੋਇਆ ਨਾਂ ਹੈ ਅਤੇ 'ਡਿਸਕੋ' ਅੰਗਰੇਜ਼ੀ ਨਾਚ ਦਾ ਨਾਂ ਹੈ। 'ਡਿਸਕੋ' ਨਾਲ 'ਸਿੰਘ' ਸ਼ਬਦ ਜੋੜਨਾ, ਸਿੱਖ ਕੌਮ ਨਾਲ ਕੀਤਾ ਗਿਆ ਬੇਹੂਦਾ ਮਜ਼ਾਕ ਹੈ ਅਤੇ ਸਿੱਖ ਵਿਰੋਧੀ ਨੀਤੀ ਦਾ ਸੂਚਕ ਹੈ। ਪੰਜਾਬ, ਪੰਜਾਬੀ, ਪੰਜਾਬੀਅਤ ਦੀ ਆੜ ਹੇਠ ਸਿੱਖ ਸਮਾਜ ਵਿਚੋਂ ਸਿੱਖ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਨੂੰ ਨਜ਼ਰ ਅੰਦਾਜ਼ ਕਰਕੇ, ਸਿੱਖ ਮਨਾਂ ਅੰਦਰ ਦਸ਼ਮੇਸ਼ ਪਿਤਾ ਦੇ ਅੰਮ੍ਰਿਤ ਦੇ ਨਿਸ਼ਚੇ ਨੂੰ ਪੇਟਲਾ ਕਰਕੇ ਉਨ੍ਹਾਂ ਅੰਦਰੋਂ ਖਾਲਸਾਈ ਸਪਿਰਟ ਖਤਮ ਕੀਤੀ ਜਾ ਰਹੀ ਹੈ । ਪੰਥ ਦਰਦੀਆਂ ਨੂੰ ਅਜਿਹੀਆਂ ਸਾਜ਼ਿਸ਼ਾਂ ਦਾ ਨੋਟਿਸ ਲੈਣਾ ਚਾਹੀਦਾ ਹੈ। ਜਾਣੇ ਅਣਜਾਣੇ ਵਿੱਚ ਕਿਸੇ ਦੀ ਸ਼ਾਨ ਦੇ ਖ਼ਿਲਾਫ਼ ਕੁਝ ਲਿਖਿਆ ਗਿਆ ਹੋਵੇ ਤਾਂ ਖ਼ਿਮਾ ਦਾ ਜਾਚਕ ਹਾਂ।

**ਨੋਟ** : ਉਪਰੋਕਤ ਲੇਖ 2020 ਵਿੱਚ ਲਿਖਿਆ ਗਿਆ ਸੀ ਅਤੇ ਇੰਗਲੈਂਡ ਤੋਂ ਛਪਦੇ ਪੰਜਾਬੀ ਪੇਪਰਾਂ ਵਿੱਚ ਛਪ ਚੁੱਕਾ ਹੈ।

**ਨੋਟ** : ਦਸ਼ਮੇਸ਼ ਪਿਤਾ ਵੱਲੋਂ ਸ਼ੂਦਰਾਂ ਨੂੰ ਖੰਡੇ ਦੀ ਪਾਹੁਲ ਦੇ ਕੇ ਸਰਦਾਰ ਬਣਾਉਣ ਵਾਲੀ 1699 ਦੀ ਵਿਸਾਖੀ ਦਾ ਗਿੱਧੇ–ਭੰਗੜੇ ਵਾਲ਼ੀ ਤਿਉਹਾਰੀ ਵਿਸਾਖੀ ਨਾਲ ਕੋਈ ਸਰੋਕਾਰ ਨਹੀਂ ਹੈ। ਇਸ ਦਾ ਪੂਰਾ ਇਤਿਹਾਸ ਜਾਣਨ ਲਈ ਡਾਕਟਰ ਕਿਰਨਪ੍ਰੀਤ ਕੌਰ ਦੀ ਲਿਖੀ ਕਿਤਾਬ '1699 ਦੀ ਵਿਸਾਖੀ : ਇੱਕ ਅਲੌਕਿਕ ਸਫ਼ਰ, ਨਿਰਮਲ ਪੰਥ ਤੋਂ ਖ਼ਾਲਸਾ ਪੰਥ ਤਕ' ਜ਼ਰੂਰ ਪੜ੍ਹੋ। ਇਹ ਕਿਤਾਬ ਲੜੀਵਾਰ 'ਪੰਜਾਬ ਟਾਈਮਜ਼' ਵਿੱਚ ਛਪ ਵੀ ਚੁੱਕੀ ਹੈ ਅਤੇ ਇਹ ਕਿਤਾਬ ਦਾਸ ਪਾਸੋਂ ਪ੍ਰਾਪਤ ਕੀਤੀ ਜਾ ਸਕਦੀ ਹੈ।




ਮੇਜਰ ਸਿੰਘ ਨਾਭਾ
ਮੋ. 9463553962



ਸਰਕਾਰੀ ਮੁਲਾਜ਼ਮਾਂ ਨੂੰ ਸਰਵਿਸ ਨਿਯਮਾਂ ਅਨੁਸਾਰ ਬਹੁਤ ਸਾਰੀਆਂ ਦਿੱਤੀਆਂ ਸਹੂਲਤਾਂ ਵਿਚ ਉਨ੍ਹਾਂ ਅਤੇ ਪਰਿਵਾਰ ਦੇ ਨਿਰਭਰ ਮੈਂਬਰਾਂ ਦੇ ਇਲਾਜ ਲਈ ਆਏ ਖਰਚ ਦੀ ਨਿਯਮਾਂ ਮੁਤਾਬਕ ਪ੍ਰਤੀ ਪੂਰਤੀ ਵੀ ਕੀਤੀ ਜਾਂਦੀ ਹੈ। ਇਨ੍ਹਾਂ ਮੁਲਜਮਾਂ ਨੂੰ ਕਿਸੇ ਵੀ ਹਸਪਤਾਲ ਤੋਂ ਇਲਾਜ ਕਰਾਉਣ ਤੇ ਆਏ ਖਰਚੇ ਦੀ ਪ੍ਰਤੀ ਪੂਰਤੀ ਕਰਨ ਲਈ ਵਿਵਸਥਾ ਕੀਤੀ ਹੋਈ ਹੈ। ਪ੍ਰਾਈਵੇਟ ਹਸਪਤਾਲਾਂ ਵਿੱਚ ਕਰਵਾਏ ਇਲਾਜ ਦੇ ਖਰਚੇ ਜ਼ਿਆਦਾ ਹੁੰਦੇ ਹਨ , ਜੋ ਪੂਰੇ ਨਹੀਂ ਮਿਲਦੇ, ਇਹ ਗੱਲ ਵੀ ਮਰੀਜ਼ਾਂ ਲਈ ਸਿਰਦਰਦੀ ਬਣਦੀ ਹੈ।

ਦੂਸਰਾ ਮੈਡੀਕਲ ਬਿਲਾਂ ਦੇ ਪਾਸ ਹੋਣ ਲਈ ਕੋਈ ਸਮਾਂ-ਬੱਧ ਵਿਵਸਥਾ ਨਾ ਹੋਣ ਕਾਰਨ ਬਹੁਤੇ ਮਰੀਜ਼ਾਂ ਦੇ ਬਿੱਲ ਦਫਤਰਾਂ ਵਿਚ ਰੁਲਦੇ ਫਿਰਦੇ ਰਹਿੰਦੇ ਹਨ। ਲੰਮੇ ਸਮੇਂ ਬਾਅਦ ਇਤਰਾਜ਼ ਲਾ ਕੇ ਵਾਪਸ ਕਰ ਦਿੱਤੇ ਜਾਂਦੇ ਹਨ ਇਸ ਤਰ੍ਹਾਂ ਕਈ ਕਈ ਸਾਲਾਂ ਤੋਂ ਵੱਧ ਦਾ ਸਮਾਂ ਬਿੱਲ ਪਾਸ ਹੋਣ ਨੂੰ ਲੱਗ ਜਾਂਦਾ ਹੈ। ਸਿਹਤ ਵਿਭਾਗ ਨੇ ਇਹ ਬਿੱਲ ਪਾਸ ਕਰਨੇ ਹੁੰਦੇ ਹਨ। ਇਨ੍ਹਾਂ ਬਿਲਾਂ ਨੂੰ ਅਪਲਾਈ ਕਰਨ ਲਈ ਵੱਖ ਵੱਖ ਜਿਲ੍ਹਿਆਂ ਵਿਚ ਵੱਖ ਵੱਖ ਫਾਰਮ ਦੁਕਾਨਾਂ ਵਾਲਿਆਂ ਨੇ ਛਾਪੇ ਹੋਏ ਹਨ ਜਿਨ੍ਹਾਂ ਵਿਚ ਕਈ ਅਣਲੋੜੀਂਦੇ ਫਾਰਮ ਵੀ ਛਾਪ ਰੱਖੇ ਹਨ। ਵਿਭਾਗ ਵਲੋਂ ਸਮੇਂ ਸਮੇਂ ਆਪਣੀ ਵੈਬਸਾਈਟ ਤੇ ਇਹ ਪੂਰੇ ਲੋੜੀਂਦੇ ਦਸਤਾਵੇਜ਼ ਡਾਊਨਲੋਡ ਕਰਨੇ ਚਾਹੀਦੇ ਹਨ ਤਾਂ ਕਿ ਮਰੀਜ਼ਾਂ ਨੂੰ ਸ਼ੁਰੂਆਤ ਦੀ ਖੱਜਲਖੁਆਰੀ ਤੋਂ ਛੁਟਕਾਰਾ ਮਿਲ ਸਕੇ। ਵੱਖ-ਵੱਖ ਮਹਿਕਮਿਆਂ ਵਲੋਂ ਵੀ ਇਨ੍ਹਾਂ ਫਾਰਮਾਂ ਵਿਚ ਇਕਸਾਰਤਾ ਨਾਲ ਅਪਲਾਈ ਕਰਾਉਣਾ ਚਾਹੀਦਾ ਹੈ ਤਾਂ ਕਿ ਮਰੀਜ਼ ਆਸਾਨੀ ਨਾਲ ਇਹ ਫਾਰਮ ਆਪ ਹੀ ਭਰ ਸਕੇ ਨਹੀਂ ਤਾਂ ਬਾਹਰੋਂ ਬਿਲ ਬਣਾਉਣ ਲਈ ਕਈ ਵਾਰੀ ਹਜਾਰਾਂ ਰੁਪਏ ਵੀ ਦੇਣੇ ਪੈਂਦੇ ਹਨ।

ਹੁਣ ਗੱਲ ਆਉਂਦੀ ਹੈ ਬਿਲਾਂ ਦੇ ਪਾਸ ਹੋਣ ਦੇ ਸਮੇਂ ਦੀ, ਰੈਗੂਲਰ ਮੁਲਾਜ਼ਮ ਤਾਂ ਜਿਨ੍ਹਾਂ ਦੇ ਵੱਡੇ ਖਰਚੇ ਹੁੰਦੇ ਹਨ ਤਨਖਾਹਾਂ ਕਰਕੇ ਲੰਬਾ ਸਮਾਂ ਮੈਡੀਕਲ ਬਿਲਾਂ ਦੀ ਪ੍ਰਤੀ ਪੂਰਤੀ ਲਈ ਇੰਤਜਾਰ ਕਰ ਲੈਂਦੇ ਹਨ ਪਰ ਪੈਨਸ਼ਨਰ ਜਿਨ੍ਹਾਂ ਦੇ ਇਲਾਜ ਉੱਪਰ ਲੱਖਾਂ ਰੁਪਏ ਖਰਚੇ ਜਾਂਦੇ ਹਨ ਉਨ੍ਹਾਂ ਲਈ ਔਖਾ ਜਰੂਰ ਹੈ। ਇਧਰੋਂ ਉਧਰੋਂ ਪੈਸੇ ਫੜ੍ਹ ਕੇ ਇਲਾਜ ਕਰਾਇਆ ਹੁੰਦਾ ਹੈ ਜਿਸ ਕਰਕੇ ਵਾਅਦੇ ਮੁਤਾਬਕ ਪੈਸੇ ਮੋੜਨੇ ਸੌਖੇ ਨਹੀਂ, ਜਿਸ ਕਰਕੇ ਉਨ੍ਹਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਸਰਕਾਰ ਨੇ ਬਿੱਲ ਪਾਸ ਕਰਨੇ ਹੀ ਹੁੰਦੇ ਹਨ ਤਾਂ ਇਨ੍ਹਾਂ ਦਾ ਨਿਪਟਾਰਾ ਜਲਦੀ ਕਿਉਂ ਨਹੀਂ ਕੀਤਾ ਜਾਂਦਾ, ਹੁਣ ਤਾਂ ਸਾਰੇ ਮਹਿਕਮੇ ਕੰਪਿਊਟਰਾਈਜ਼ਡ ਹੋ ਗਏ ਹਨ। ਸਿਹਤ ਵਿਭਾਗ ਵਲੋਂ ਜਿਲ੍ਹਾ ਪੱਧਰ ਅਤੇ ਸਟੇਟ ਪੱਧਰ ਤੇ ਇਹ ਬਿਲ ਉਨ੍ਹਾਂ ਦੀਆਂ ਰਕਮਾਂ ਮੁਤਾਬਕ ਪਾਸ ਕਰਨ ਲਈ ਮੈਡੀਕਲ ਬੋਰਡ ਦੇ ਮੈਂਬਰਾਂ ਦਾ ਗਠਨ ਕੀਤਾ ਹੋਇਆ ਹੈ। ਇੱਕ ਲੱਖ ਤੋਂ ਉੱਪਰ ਮੈਡੀਕਲ ਬਿਲ ਹੈਲਥ ਡਾਇਰੈਕਟਰ ਦੇ ਦਫਤਰੋਂ ਪਾਸ ਹੁੰਦਾ ਹੈ ਪਰ ਇੱਕ ਲੱਖ ਤੋਂ ਵੱਧ ਵਾਲੇ ਬਿਲ ਸਿਵਲ ਸਰਜਨ ਦਫਤਰ ਵਲੋਂ ਗਠਿਤ ਬੋਰਡ ਦੀ ਮੀਟਿੰਗ ਵਲੋਂ ਪਾਸ ਕਰਕੇ ਭੇਜਣ ਕਾਰਨ ਦੇਰੀ ਦਾ ਕਾਰਨ ਬਣਦਾ ਹੈ ਜੋ ਨਹੀਂ ਹੋਣਾ ਚਾਹੀਦਾ ਸਗੋਂ ਡੀਲਿੰਗ ਕਲਰਕ ਜਾਂ ਸੁਪਰਡੰਟ ਵਲੋਂ ਰਕਮ ਵੈਰੀਫਾਈ ਕਰਕੇ ਹੀ ਅੱਗੇ ਭੇਜ ਦੇਣਾ ਚਾਹੀਦਾ ਹੈ, ਜੇ ਮੈਡੀਕਲ ਬੋਰਡ ਨੇ ਚੈਕ ਕਰ ਕੇ ਹੀ ਭੇਜਣਾ ਹੈ ਤਾਂ ਡਾਇਰੈਕਟਰ ਸਿਹਤ ਸੇਵਾਵਾਂ ਕੋਲ ਭੇਜਣ ਦੀ ਕੀ ਤੁੱਕ ਰਹਿ ਜਾਂਦੀ ਹੈ। ਇਸ ਤਰ੍ਹਾਂ ਮਹਿਕਮੇ ਦਾ ਕੰਮ ਵਧਦਾ ਹੀ ਹੈ। ਇਸੇ ਕਰਕੇ ਕਈ ਵਾਰ ਜਿਲ੍ਹੇ ਵਿਚੋਂ ਬਿਲ ਨੂੰ ਉੱਪਰ ਜਾਣ ਲਈ ਮਹੀਨੇ ਤੋਂ ਵੀ ਵੱਧ ਸਮਾਂ ਲੱਗ ਜਾਂਦਾ ਹੈ। ਉਂਝ ਇਹ ਵੀ ਇੱਕ ਦੇਰੀ ਦਾ ਕਾਰਨ ਜਾਪਦਾ ਹੈ ਕਿ ਮਹਿਕਮੇ ਦਾ ਸਿਸਟਮ ਲੜੀਵਾਰ ਆਏ ਕੇਸਾਂ ਨੂੰ ਲੜੀ ਵਿਚ ਨਹੀਂ ਰੱਖਦਾ। ਇਸ ਸਬੰਧ ਵਿਚ ਉੱਚ ਅਧਿਕਾਰੀਆਂ ਨੂੰ ਇਸ ਸਿਸਟਮ ਨੂੰ ਸਮਾਂ-ਬੱਧ ਕਰਨਾ ਚਾਹੀਦਾ ਹੈ ਜੋ ਕਿ ਪਿਛਲੇ ਦਿਨੀਂ ਮਾਣਯੋਗ ਹਾਈ ਕੋਰਟ ਦੇ ਇੱਕ ਫੈਸਲੇ ਵਿਚ ਦੋ ਮਹੀਨੇ ਅੰਦਰ ਮੈਡੀਕਲ ਬਿਲਾਂ ਦੀ ਪ੍ਰਤੀਪੂਰਤੀ ਕਰਨ ਲਈ ਕਿਹਾ ਹੈ। ਸਿੱਖਿਆ ਵਿਭਾਗ ਨੇ ਆਂਪਣੇ ਮੁਲਾਜ਼ਮਾਂ ਲਈ ਆਨ ਲਾਈਨ ਸਿਹਤ ਵਿਭਾਗ ਦੇ ਬੋਰਡ ਵਲੋਂ ਪਾਸ ਹੋਏ ਬਿਲ ਭੇਜਣ ਲਈ ਹੇਠਲੇ ਅਧਿਕਾਰੀਆਂ ਨੂੰ ਪੱਤਰ ਜਾਰੀ ਕੀਤਾ ਹੈ ਪਰ ਇਹ ਕੰਮ ਵੀ ਢਿੱਲਾ ਹੈ ਇਸ ਨੂੰ ਘੱਟੋ ਘੱਟ ਸੀਮਤ ਸਮੇਂ ਵਿਚ ਕਰਨ ਦੀ ਲੋੜ ਹੈ।

ਵੈਸੇ ਤਾਂ ਇਹ ਕੰਮ ਜਿਲ੍ਹਾ ਪੱਧਰ ਤੇ ਹੀ ਬਜਟ ਜਾਰੀ ਕਰਨ ਦੀ ਵਿਵਸਥਾ ਹੋਣੀ ਚਾਹੀਦੀ ਹੈ। ਸਬੰਧਤ ਡੀ.ਡੀ.ਓ. ਵਲੋਂ ਸਿਰਫ ਪਾਸ ਹੋਏ ਬਿਲ ਦੀ ਈਮੇਲ ਤੇ ਭੇਜੀ ਕਾਪੀ ਨੂੰ ਮੁੱਖ ਦਫਤਰ ਵਲੋਂ ਮੰਨ ਲੈਣਾ ਚਾਹੀਦਾ ਹੈ ਕਰਮਚਾਰੀ ਦੀ ਈਮੇਲ ਤੋਂ ਭੇਜਣ ਲਈ ਪੈਨਸ਼ਨਰਾਂ ਨੂੰ ਦਿੱਕਤ ਆਉਂਦੀ ਹੈ, ਜੋ ਦਸਤਾਵੇਜ਼ ਅਪਲੋਡ ਕਰਨ ਲਈ ਮੰਗੇ ਜਾਂਦੇ ਹਨ, ਉਹ ਜਿਆਦਾ ਹੋਣ ਕਾਰਨ ਪੈਨਸ਼ਨਰਾਂ ਲਈ ਆਪਣੀ ਆਈ ਡੀ ਤੋਂ ਅਪਲੋਡ ਕਰਨੇ ਸੌਖੇ ਨਹੀਂ ਕਿਉਂ ਕਿ ਇਹ ਸੀਮਤ ਐਮ.ਬੀ. ਵਿਚ ਫਾਈਲ ਬਣਾ ਕੇ ਭੇਜਣੀ ਹੁੰਦੀ ਹੈ ਇਸ ਲਈ ਇਹ ਬਾਹਰੋਂ ਕੈਫੇ ਤੋਂ ਕਰਵਾਉਣੀ ਪੈਂਦੀ ਹੈ। ਸਰਕਾਰ ਵਲੋਂ ਪੈਨਸ਼ਨਰਾਂ ਦੇ ਮੈਡੀਕਲ ਬਿਲਾਂ ਨੂੰ ਪਹਿਲ ਦੇ ਆਧਾਰ ਤੇ ਬਜ਼ਟ ਅਲਾਟ ਕਰਨਾ ਚਾਹੀਦਾ ਹੈ।

ਬਹੁਤ ਸਾਰੇ ਪੈਨਸ਼ਨਰ ਮਰੀਜ਼ ਤਾਂ ਬਿਲਾਂ ਦੇ ਪੈਸੇ ਉਡੀਕਦੇ ਇਸ ਜਹਾਨ ਤੋਂ ਵੀ ਚਲੇ ਜਾਂਦੇ ਹਨ। ਵੱਡੇਰੀਆਂ ਉਮਰਾਂ ਕਰਕੇ ਬਿਮਾਰੀਆਂ ਉਂਝ ਵੀ ਜਿਆਦਾ ਪਕੜ ਕਰ ਜਾਂਦੀਆਂ ਹਨ ਜਿਸ ਕਰਕੇ ਪੈਨਸ਼ਨਰ ਖਰਚਿਆਂ ਦੀ ਚਿੰਤਾ ਕਰਕੇ ਕਈ ਵਾਰੀ ਐਵੇਂ ਹੀ ਦਿਲ ਨੂੰ ਲਾ ਕੇ ਨਵੀਂਆਂ ਬਿਮਾਰੀਆਂ ਤੋਂ ਗ੍ਰਸ਼ਤ ਹੋ ਕੇ ਹੋਰ ਵੀ ਪਹਿਲਾਂ ਹੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਜਾਂਦੇ ਹਨ। ਇਸ ਲਈ ਘੱਟੋ ਘੱਟ ਪੈਨਸ਼ਨਰਾਂ ਦੇ ਇਲਾਜ ਦੇ ਖਰਚੇ ਨੂੰ ਨਾਲ ਦੀ ਨਾਲ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਜ਼ਿੰਦਗੀ ਨੂੰ ਵਧੀਆ ਤਰੀਕੇ ਨਾਲ ਮਾਣ ਸਕਣ। ਬਹੁਤ ਸਾਰੇ ਪ੍ਰਾਈਵੇਟ ਅਦਾਰੇ ਆਪਣੇ ਮੁਲਾਜ਼ਮਾਂ ਦਾ ਸਾਰਾ ਇਲਾਜ਼ ਫਰੀ ਕਰਾਉਂਦੇ ਹਨ, ਡੀਫੈਂਸ ਕਰਮਚਾਰੀਆਂ ਲਈ ਨਿਸਚਤ ਕੀਤੇ ਪ੍ਰਾਈਵੇਟ ਹਸਪਤਾਲਾਂ 'ਚ ਉਨ੍ਹਾਂ ਦਾ ਪੂਰਾ ਫਰੀ ਇਲਾਜ਼ ਕੀਤਾ ਜਾਂਦਾ ਹੈ। ਨਹੀਂ ਤਾਂ ਇਸ ਤਰ੍ਹਾਂ ਹੀ ਪੰਜਾਬ ਸਰਕਾਰ ਨੂੰ ਕਰਨਾ ਚਾਹੀਦਾ ਹੈ। ਹੋਰ ਨਹੀਂ ਤਾਂ ਘੱਟੋ-ਘੱਟ ਪੈਨਸ਼ਨਰਾਂ ਦੇ ਮੈਡੀਕਲ ਬਿਲਾਂ ਨੂੰ ਪਹਿਲ ਦੇ ਆਧਾਰ ਤੇ ਬਜ਼ਟ ਅਲਾਟ ਕਰਨਾ ਚਾਹੀਦਾ ਹੈ।

## ਸਕਾਟਿਸ਼ ਪਾਰਲੀਮੈਂਟ ਲਈ ਨਵੇਂ ਚੁਣੇ ਸੰਸਦ ਮੈਂਬਰਾਂ ਨੇ ਸਹੁੰ ਚੁੱਕੀ

ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ)-ਸਕਾਟਿਸ਼ ਸੰਸਦ ਦੀਆਂ ਚੋਣਾਂ ਤੋਂ ਬਾਅਦ ਜਿੱਤੇ ਹੋਏ ਮੈਂਬਰ ਪਾਰਲੀਮੈਂਟ ਨੇ ਅਧਿਕਾਰਤ ਤੌਰ 'ਤੇ ਸਕਾਟਿਸ਼ ਸੰਸਦ ਲਈ ਸਹੁੰ ਚੁੱਕੀ। ਕੁੱਲ 129 ਸੰਸਦ ਮੈਂਬਰਾਂ ਵਿੱਚੋਂ 64 ਨੇ ਪਹਿਲੀ ਵਾਰ ਸੰਸਦ ਮੈਂਬਰ ਬਣਨ 'ਤੇ ਸਹੁੰ ਚੁੱਕੀ। ਮੈਂਬਰਾਂ ਨੇ ਸਕਾਟਲੈਂਡ ਅਤੇ ਰਾਜੇ ਪ੍ਰਤੀ ਵਫ਼ਾਦਾਰੀ ਦੀ ਸਹੁੰ ਖਾਧੀ। ਇਹ ਬਿਆਨ ਸਕਾਟਸ, ਗੇਲਿਕ, ਹਿੰਦੀ, ਪੋਲਿਸ਼, ਮੈਂਡਰਿਨ ਅਤੇ ਫ੍ਰੈਂਚ ਸਮੇਤ ਕਈ ਭਾਸ਼ਾਵਾਂ ਵਿੱਚ ਅਨੁਵਾਦ ਕੀਤੇ ਗਏ। ਮੁੱਖ ਨੇਤਾਵਾਂ ਵਿੱਚ ਸਕਾਟਿਸ਼ ਨੈਸ਼ਨਲ ਪਾਰਟੀ ਪ੍ਰਧਾਨ ਜੌਹਨ ਸਵਿੰਨੀ, ਲੇਬਰ ਪਾਰਟੀ ਪ੍ਰਧਾਨ ਅਨਸ ਸਰਵਰ, ਰਿਫੌਰਮ ਯੂਕੇ ਪ੍ਰਧਾਨ ਮੈਲਕਮ ਅਫੌਰਮ, ਟੌਰੀ ਪਾਰਟੀ ਪ੍ਰਧਾਨ ਰਸਲ ਫਿੰਡਲੇਅ, ਲਿਬਰਲ ਡੈਮੋਕ੍ਰੇਟਿਕ ਪ੍ਰਧਾਨ ਅਲੈਕਸ ਕੋਲ ਹਮਿਲਟਨ ਅਤੇ ਭਾਰਤੀ ਵਿਦਿਆਰਥੀ ਕਿਊ ਮਨੀਵਾਨਨ ਨੇ ਵੀ ਸਹੁੰ ਚੁੱਕੀ। ਇਸ ਤੋਂ ਬਾਅਦ ਸਾਰੇ ਸੰਸਦ ਮੈਂਬਰ ਇੱਕ ਨਵੇਂ ਪ੍ਰੀਜ਼ਾਈਡਿੰਗ ਅਫਸਰ ਦੀ ਚੋਣ ਕਰਨਗੇ। ਭਾਰਤ ਵਿੱਚ ਇਸ ਨੂੰ ਸੰਸਦ ਦਾ ਸਪੀਕਰ ਕਿਹਾ ਜਾਂਦਾ ਹੈ।



ਪ੍ਰੀਜ਼ਾਈਡਿੰਗ ਅਫਸਰ ਸੰਸਦ ਵਿੱਚ ਬਹਿਸਾਂ ਦੀ ਪ੍ਰਧਾਨਗੀ ਕਰਦਾ ਹੈ, ਬਹਿਸਾਂ ਵਿੱਚ ਬੁਲਾਰਿਆਂ ਦੀ ਚੋਣ ਕਰਦਾ ਹੈ ਅਤੇ ਦੇਸ਼ ਅਤੇ ਵਿਦੇਸ਼ ਵਿੱਚ ਸੰਸਦ ਦੀ ਨੁਮਾਇੰਦਗੀ ਕਰਦਾ ਹੈ। ਪ੍ਰੀਜ਼ਾਈਡਿੰਗ ਅਫਸਰ ਨੂੰ ਨਿਰਪੱਖ ਅਹੁਦਾ ਸੰਭਾਲਣ ਲਈ ਆਪਣੀ ਪਾਰਟੀ ਮੈਂਬਰਸ਼ਿਪ ਤੋਂ ਅਸਤੀਫਾ ਦੇਣਾ ਪੈਂਦਾ ਹੈ।

ਪ੍ਰਿਜ਼ਾਈਡਿੰਗ ਅਫਸਰ ਵਜੋਂ ਸਾਬਕਾ ਗ੍ਰੀਨ ਪਾਰਟੀ ਦੇ ਸੰਸਦ ਮੈਂਬਰ ਐਲੀਸਨ ਜੌਹਨਸਟੋਨ ਦੀ ਜਗ੍ਹਾ ਲੈਣ ਲਈ ਚਾਰ ਉਮੀਦਵਾਰ ਦੌੜ ਵਿੱਚ ਹਨ, ਜਿਨ੍ਹਾਂ ਵਿੱਚ ਲਿਬਰਲ ਡੈਮੋਕਰੇਟ ਦੇ ਲੀਅਮ ਮੈਕਆਰਥਰ, ਜਿਸਨੇ ਪਿਛਲੀ ਸੰਸਦ ਵਿੱਚ ਇਸ ਭੂਮਿਕਾ ਵਿੱਚ ਡਿਪਟੀ ਵਜੋਂ ਸੇਵਾ ਨਿਭਾਈ ਸੀ ਅਤੇ ਨਾਲ ਹੀ ਸਕਾਟਿਸ਼ ਨੈਸ਼ਨਲ ਪਾਰਟੀ ਦੇ ਕੈਨੀ ਕਗਿਬਸਨ, ਸਟੂਅਰਟ ਮੈਕਮਿਲਨ ਅਤੇ ਕਲੇਅਰ ਹਾਗੀ ਦੌੜ ਵਿੱਚ ਸ਼ਾਮਲ ਹਨ।

# "ਬਲੂ ਬੈਜ" ਦੀ ਗੈਰ-ਕਾਨੂੰਨੀ ਵਰਤੋਂ 'ਤੇ ਸਖ਼ਤੀ ਕਰਨ ਦੀ ਮੰਗ

ਲੰਡਨ-ਸ਼ਹਿਰਾਂ ਵਿੱਚ ਲੋਕਾਂ ਲਈ ਅਪਾਹਜਾਂ ਦੇ "ਬਲੂ ਬੈਜ" ਵਾਲੀਆਂ ਪਾਰਕਿੰਗ ਜਗ੍ਹਾਂ ਬਣਾਈਆਂ ਗਈਆਂ ਸਨ, ਤਾਂ ਜੋ ਜਿਨ੍ਹਾਂ ਨੂੰ ਤੁਰਨ ਵਿੱਚ ਮੁਸ਼ਕਲ ਹੋਵੇ ਉਹਨਾਂ ਨੂੰ ਸਹੂਲਤ ਮਿਲ ਸਕੇ। ਪਰ ਹੌਲੀ-ਹੌਲੀ ਕੁਝ ਲੋਕ ਇਸਦਾ ਗਲਤ ਫਾਇਦਾ ਚੁੱਕਣ ਲੱਗ ਪਏ। ਕੋਈ ਆਪਣੇ ਰਿਸ਼ਤੇਦਾਰ ਦਾ ਬੈਜ ਵਰਤਦਾ, ਕੋਈ ਨਕਲੀ ਬੈਜ ਬਣਵਾ ਲੈਂਦਾ। ਕੌਂਸਲਾਂ ਦੁਆਰਾ ਚਿੰਤਾ ਅਤੇ ਧਿਆਨ ਘਾਟਾ ਹਾਈਪਰਐਕਟੀਵਿਟੀ ਡਿਸਆਰਡਰ (ਅਧੂਧ) ਵਾਲੇ ਲੋਕਾਂ ਨੂੰ ਹਜ਼ਾਰਾਂ ਵਿੱਚ ਬੈਜ ਦਿੱਤੇ ਜਾ ਰਹੇ ਹਨ।

ਪੰਜ ਦਹਾਕਿਆਂ ਤੋਂ ਵੱਧ ਸਮੇਂ ਬਾਅਦ, ਇਹ ਸਪੱਸ਼ਟ ਹੈ ਕਿ ਤੁਰੰਤ ਸੁਧਾਰ ਦੀ ਲੋੜ ਹੈ। ਅਖੌਤੀ "ਲੁਕੀਆਂ ਅਪੰਗਤਾਵਾਂ" ਲਈ ਦਿੱਤੇ ਗਏ ਪਾਸਾਂ ਦੀ ਗਿਣਤੀ 2021 ਵਿੱਚ 18,000 ਤੋਂ ਤਿੰਨ ਗੁਣਾ ਵੱਧ ਕੇ ਪਿਛਲੇ ਸਾਲ 55,000 ਹੋ ਗਈ ਹੈ। ਇਹ ਧਮਾਕਾ 2019 ਵਿੱਚ ਲਾਗੂ ਕੀਤੇ ਗਏ ਨਿਯਮ ਬਦਲਾਵਾਂ ਤੋਂ ਬਾਅਦ ਹੋਇਆ ਹੈ ਜਿਸ ਨਾਲ "ਅਦਿੱਖ" ਸਥਿਤੀਆਂ ਵਾਲੇ ਲੋਕਾਂ ਨੂੰ ਬੈਜ ਲਈ ਅਰਜ਼ੀ ਦੇਣ ਦੀ ਆਗਿਆ ਮਿਲੀ। ਪਾਰਕਨਸਨਸ ਅਤੇ ਗੰਭੀਰ ਗਠੀਏ ਵਰਗੀਆਂ ਸਥਿਤੀਆਂ ਵਾਲੇ ਲੋਕ ਨੀਲੇ ਬੈਜ ਦੇ ਹੱਕਦਾਰ ਹਨ। ਨਿਯਮ ਬਦਲਾਅ ਨੇ ਉਹਨਾਂ ਨੂੰ ਅਨੁਕੂਲ ਬਣਾਇਆ। ਪਰ ਯੋਗਤਾ ਮਾਪਦੰਡਾਂ ਵਿੱਚ ਅੱਪਡੇਟ ਦੇ ਨਤੀਜੇ ਵਜੋਂ ਸਿਸਟਮ ਦੀ ਬਹੁਤ ਜ਼ਿਆਦਾ ਦੁਰਵਰਤੋਂ ਵੀ ਹੋਈ ਹੈ। ਏਏ ਨੇ ਇਸ ਸਾਲ ਦੇ ਸ਼ੁਰੂ ਵਿੱਚ ਬੈਜਾਂ ਦੀ ਗੈਰ-ਕਾਨੂੰਨੀ ਵਰਤੋਂ 'ਤੇ ਸਖ਼ਤੀ ਕਰਨ ਦੀ ਮੰਗ ਕੀਤੀ ਸੀ ਜਦੋਂ ਅੰਕੜਿਆਂ ਤੋਂ ਪਤਾ ਲੱਗਿਆ ਸੀ ਕਿ ਬ੍ਰਿਟੇਨ ਵਿੱਚ ਹੁਣ 20 ਵਿੱਚੋਂ ਇੱਕ ਵਿਅਕਤੀ ਕੋਲ ਇੱਕ ਹੈ, ਜਿਸ ਨਾਲ ਵਿਆਪਕ ਧੋਖਾਧੜੀ ਦਾ ਡਰ ਹੈ।

ਸਿੱਧੇ ਸ਼ਬਦਾਂ ਵਿੱਚ, ਨੀਲੇ ਬੈਜ - ਜੋ ਕਿ ਅਪਾਹਜ ਬੇਅ ਤੱਕ ਪਹੁੰਚ ਦੇਣ ਦੇ ਨਾਲ-ਨਾਲ, ਯੋਗ ਡਰਾਈਵਰਾਂ ਜਾਂ ਯਾਤਰੀਆਂ ਨੂੰ ਲੈ ਕੇ ਜਾਣ ਵਾਲੀਆਂ ਕਾਰਾਂ ਨੂੰ ਤਿੰਨ ਘੰਟਿਆਂ ਤੱਕ ਦੋਹਰੀ ਪੀਲੀਆਂ ਲਾਈਨਾਂ 'ਤੇ ਪਾਰਕ ਕਰਨ ਦੀ ਆਗਿਆ ਦਿੰਦੇ ਹਨ - ਉਨ੍ਹਾਂ ਲਈ ਰਾਖਵੇਂ ਰੱਖੇ ਜਾਣੇ ਚਾਹੀਦੇ ਹਨ ਜਿਨ੍ਹਾਂ ਨੂੰ ਸੱਚਮੁੱਚ ਉਨ੍ਹਾਂ ਦੀ ਲੋੜ ਹੈ। ਚਿੰਤਾ ਅਤੇ ਅਧੂਧ ਦੋਵਾਂ ਦੇ ਨਿਦਾਨ ਵਿੱਚ ਹੋਏ ਵਿਸਫੋਟ ਨੂੰ ਦੇਖਦੇ ਹੋਏ ਸਮੱਸਿਆ ਖਾਸ ਤੌਰ 'ਤੇ ਗੰਭੀਰ ਹੈ, ਖਾਸ ਕਰਕੇ ਨੌਜਵਾਨਾਂ ਵਿੱਚ।

ਜੇਕਰ ਸਿਸਟਮ ਨੂੰ ਉਨ੍ਹਾਂ ਲੋਕਾਂ ਨੂੰ ਬੈਜ ਦਿੱਤੇ ਜਾਣ ਤੋਂ ਰੋਕਣ ਲਈ ਸਖ਼ਤ ਨਹੀਂ ਕੀਤਾ ਜਾਂਦਾ ਜਿਨ੍ਹਾਂ ਨੂੰ ਸੱਚਮੁੱਚ ਉਨ੍ਹਾਂ ਦੀ ਲੋੜ ਨਹੀਂ ਹੈ, ਤਾਂ ਇਹ ਅਸਲ, ਜੀਵਨ-ਸੀਮਤ ਅਪਾਹਜਤਾਵਾਂ ਵਾਲੇ ਬ੍ਰਿਟਿਸ਼ ਲੋਕ ਹੋਣਗੇ ਜੋ ਪੀੜਤ ਹੋਣਗੇ।

# ਸਰਕਾਰੀ ਮਦਦ ਦਾ ਗਲਤ ਇਸਤੇਮਾਲ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ

ਇੱਕ ਹੈਰਾਨ ਕਰ ਦੇਣ ਵਾਲੇ ਮਾਮਲੇ ਵਿੱਚ, ਆਪਣੇ ਆਪ ਨੂੰ "ਘਰ ਤੱਕ ਸੀਮਿਤ" ਦੱਸ ਕੇ ਸਰਕਾਰੀ ਫਾਇਦੇ ਲੈ ਰਹੀ ਇਕ ਔਰਤ ਦਾ ਭੇਦ ਉਸ ਵੇਲੇ ਖੁਲਿਆ ਜਦੋਂ ਉਹ ਜਿਮ ਵਿੱਚ ਵਰਕਆਉਟ ਕਰਦੀ ਅਤੇ ਕਾਂਬੈਟ ਟ੍ਰੇਨਿੰਗ ਕਲਾਸਾਂ ਵਿੱਚ ਹਿੱਸਾ ਲੈਂਦੀ ਕੈਮਰੇ ਵਿੱਚ ਕੈਦ ਹੋ ਗਈ। ਰਿਪੋਰਟਾਂ ਮੁਤਾਬਕ, ਔਰਤ ਨੇ ਸਰਕਾਰ ਨੂੰ ਦੱਸਿਆ ਸੀ ਕਿ ਉਹ ਗੰਭੀਰ ਸਿਹਤ ਸਮੱਸਿਆਵਾਂ ਕਾਰਨ ਘਰ ਤੋਂ ਬਾਹਰ ਨਹੀਂ ਨਿਕਲ ਸਕਦੀ ਅਤੇ ਆਮ ਜੀਵਨ ਵੀ ਨਹੀਂ ਜੀ ਸਕਦੀ। ਇਸ ਆਧਾਰ 'ਤੇ ਉਹ ਕਈ ਸਾਲਾਂ ਤੱਕ ਹਜ਼ਾਰਾਂ ਪੌਂਡ ਦੀ ਮਦਦ ਰਕਮ ਲੈਂਦੀ ਰਹੀ। ਪਰ ਸ਼ੱਕ ਪੈਣ 'ਤੇ ਅਧਿਕਾਰੀਆਂ ਨੇ ਜਾਂਚ ਸ਼ੁਰੂ ਕੀਤੀ। ਗੁਪਤ ਨਿਗਰਾਨੀ ਦੌਰਾਨ ਪਤਾ ਲੱਗਿਆ ਕਿ ਉਹ ਨਿਯਮਿਤ ਤੌਰ 'ਤੇ ਜਿਮ ਜਾਂਦੀ ਸੀ, ਕਠਿਨ ਵਰਕਆਉਟ ਕਰਦੀ ਸੀ ਅਤੇ ਕਾਂਬੈਟ ਫਿਟਨੈੱਸ ਕਲਾਸਾਂ ਵਿੱਚ ਭਾਗ ਲੈਂਦੀ ਸੀ। ਜਾਂਚ ਟੀਮ ਨੇ ਵੀਡੀਓ ਸਬੂਤ ਇਕੱਠੇ ਕੀਤੇ, ਜਿਨ੍ਹਾਂ ਵਿੱਚ ਔਰਤ ਨੂੰ ਦੌੜਦੇ, ਭਾਰੀ ਕਸਰਤ ਕਰਦੇ ਅਤੇ ਟ੍ਰੇਨਿੰਗ ਸੈਸ਼ਨਾਂ ਦਾ ਆਨੰਦ ਮਾਣਦੇ ਵੇਖਿਆ ਗਿਆ। ਇਹ ਸਭ ਉਸਦੇ ਦਾਅਵਿਆਂ ਦੇ ਬਿਲਕੁਲ ਉਲਟ ਸੀ। ਅਦਾਲਤ ਵਿੱਚ ਮਾਮਲਾ ਪਹੁੰਚਣ ਤੋਂ ਬਾਅਦ ਜੱਜ ਨੇ ਕਿਹਾ ਕਿ ਔਰਤ ਨੇ ਟੈਕਸਦਾਤਿਆਂ ਦੇ ਪੈਸੇ ਨਾਲ ਧੋਖਾਧੜੀ ਕੀਤੀ ਅਤੇ ਸਿਸਟਮ ਦਾ ਗਲਤ ਫਾਇਦਾ ਚੁੱਕਿਆ। ਪਤਾ ਲੱਗਿਆ ਕਿ ਉਸ ਨੇ ਕਰੀਬ £25,000 ਦੀ ਧੋਖਾਧੜੀ ਕੀਤੀ ਸੀ। ਅੰਤ ਵਿੱਚ ਅਦਾਲਤ ਨੇ ਉਸਨੂੰ ਦੋਸ਼ੀ ਕਰਾਰ ਦਿੰਦੇ ਹੋਏ ਜੇਲ੍ਹ ਦੀ ਸਜ਼ਾ ਸੁਣਾਈ। ਇਸ ਮਾਮਲੇ ਤੋਂ ਬਾਅਦ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਸਰਕਾਰੀ ਮਦਦ ਦਾ ਗਲਤ ਇਸਤੇਮਾਲ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਇੰਗਲੈਂਡ ਦੇ ਸਕੂਲਾਂ 'ਚ ਮੈਨਿੰਜਾਈਟਿਸ ਦੇ ਨਵੇਂ ਮਾਮਲੇ, ਇੱਕ ਵਿਦਿਆਰਥੀ ਦੀ ਮੌਤ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਰੀਡਿੰਗ ਅਤੇ ਆਕਸਫੋਰਡਸ਼ਾਇਰ ਇਲਾਕਿਆਂ ਵਿੱਚ ਮੈਨਿੰਜਾਈਟਿਸ ਦੇ ਨਵੇਂ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਚਿੰਤਾ ਦਾ ਮਾਹੌਲ ਬਣ ਗਿਆ ਹੈ। ਇੱਕ ਸਿਕਸਥ ਫਾਰਮ ਵਿਦਿਆਰਥੀ ਦੀ ਮੌਤ ਹੋ ਗਈ ਹੈ, ਜਦਕਿ ਦੋ ਹੋਰ ਵਿਦਿਆਰਥੀਆਂ ਦਾ ਇਲਾਜ ਚੱਲ ਰਿਹਾ ਹੈ। ਸਿਹਤ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਮਾਮਲੇ ਕੇਂਟ ਵਿੱਚ ਮਾਰਚ ਮਹੀਨੇ ਦੌਰਾਨ ਫੈਲੇ ਮੈਨਿੰਜਾਈਟਿਸ ਬੀ ਦੇ ਪ੍ਰਕੋਪ ਨਾਲ ਜੁੜੇ ਨਹੀਂ ਹਨ।

ਮ੍ਰਿਤਕ ਵਿਦਿਆਰਥੀ ਦੀ ਪਛਾਣ ਆਕਸਫੋਰਡਸ਼ਾਇਰ ਦੇ ਹੈਨਲੀ ਕਾਲਜ ਦੇ ਵਿਦਿਆਰਥੀ ਵਜੋਂ ਹੋਈ ਹੈ। ਇਸ ਤੋਂ ਇਲਾਵਾ ਰੀਡਿੰਗ ਬਲੂ ਕੋਟ ਸਕੂਲ ਅਤੇ ਹਾਈਡਾਊਨ ਸੈਕੰਡਰੀ ਸਕੂਲ ਐਂਡ ਸਿਕਸਥ ਫਾਰਮ ਸੈਂਟਰ ਦੇ ਦੋ ਵਿਦਿਆਰਥੀਆਂ ਦਾ ਹਸਪਤਾਲ ਵਿੱਚ ਇਲਾਜ ਕੀਤਾ ਜਾ ਰਿਹਾ ਹੈ।

ਯੂਕੇ ਹੈਲਥ ਸਕਿਊਰਟੀ ਏਜੰਸੀ (UKHSA) ਨੇ ਦੱਸਿਆ ਕਿ ਤਿੰਨਾਂ ਮਾਮਲਿਆਂ ਵਿੱਚ ਮੈਨਿੰਗੋਕੋਕਲ ਇਨਫੈਕਸ਼ਨ ਦੀ ਪੁਸ਼ਟੀ ਹੋਈ ਹੈ। ਸਿਹਤ ਅਧਿਕਾਰੀਆਂ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਨਜ਼ਦੀਕੀ ਸੰਪਰਕ ਵਿੱਚ ਰਹੇ ਲੋਕਾਂ ਨੂੰ ਸਾਵਧਾਨੀ ਵਜੋਂ ਐਂਟੀਬਾਇਓਟਿਕ ਦਵਾਈਆਂ ਦੇਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਸਿਹਤ ਸੁਰੱਖਿਆ ਵਿਭਾਗ ਦੀ ਕਨਸਲਟੈਂਟ ਡਾ. ਰੇਚਲ ਮੀਰਕਲ ਨੇ ਕਿਹਾ ਕਿ ਇਹ ਖ਼ਬਰ ਬਹੁਤ ਦੁਖਦਾਈ ਹੈ ਅਤੇ ਮ੍ਰਿਤਕ ਵਿਦਿਆਰਥੀ ਦੇ ਪਰਿਵਾਰ ਅਤੇ ਦੋਸਤਾਂ ਨਾਲ ਸੰਵੇਦਨਾ ਪ੍ਰਗਟ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵਿੱਚ ਚਿੰਤਾ ਹੋਣਾ ਕੁਦਰਤੀ ਹੈ, ਪਰ ਮੈਨਿੰਜਾਈਟਿਸ ਆਮ ਤੌਰ ਤੇ ਬਹੁਤ ਨੇੜਲੇ ਸੰਪਰਕ ਨਾਲ ਹੀ ਫੈਲਦੀ ਹੈ ਅਤੇ ਵੱਡੇ ਪੱਧਰ ਫ਼ਰਸਤੂੰਤੇ ਇਸ ਦੇ ਫੈਲਣ ਦੇ ਮਾਮਲੇ ਘੱਟ ਹੀ ਹੁੰਦੇ ਹਨ।

ਯੂਕੇ ਹੈਲਥ ਸਕਿਊਰਟੀ ਏਜੰਸੀ ਨੇ ਕਿਹਾ ਕਿ ਮੌਜੂਦਾ ਸਮੇਂ ਇਹ ਮਾਮਲੇ ਸੀਮਿਤ ਗਰੁੱਪਾਂ ਤੱਕ ਹੀ ਹਨ ਅਤੇ ਆਮ ਲੋਕਾਂ ਲਈ ਖ਼ਤਰਾ ਘੱਟ ਮੰਨਿਆ ਜਾ ਰਿਹਾ ਹੈ। ਸਿਹਤ ਟੀਮਾਂ ਸਕੂਲਾਂ ਅਤੇ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਸਥਿਤੀ ਫ਼ਰਸਤੂੰਤੇ ਨਜ਼ਰ ਰੱਖ ਰਹੀਆਂ ਹਨ। ਹੈਨਲੀ ਕਾਲਜ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਕਾਲਜ ਪ੍ਰਬੰਧਕਾਂ ਦੀਆਂ ਸੰਵੇਦਨਾਵਾਂ ਮ੍ਰਿਤਕ ਵਿਦਿਆਰਥੀ ਦੇ ਪਰਿਵਾਰ ਨਾਲ ਹਨ ਅਤੇ ਕਾਲਜ ਵੱਲੋਂ ਪ੍ਰਭਾਵਿਤ ਵਿਦਿਆਰਥੀਆਂ ਅਤੇ ਸਟਾਫ਼ ਨੂੰ ਸਹਾਇਤਾ ਦਿੱਤੀ ਜਾ ਰਹੀ ਹੈ। ਕਾਲਜ ਨੇ ਪਰਿਵਾਰ ਦੀ ਨਿੱਜਤਾ ਦਾ ਸਤਿਕਾਰ ਕਰਦਿਆਂ ਹੋਰ ਵੇਰਵੇ ਜਾਰੀ ਕਰਨ ਤੋਂ ਇਨਕਾਰ ਕੀਤਾ ਹੈ।

ਜ਼ਿਕਰਯੋਗ ਹੈ ਕਿ ਇਸ ਸਾਲ ਮਾਰਚ ਵਿੱਚ ਕੇਂਟ ਵਿੱਚ ਮੈਨਿੰਜਾਈਟਿਸ ਬੀ ਦੇ ਪ੍ਰਕੋਪ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਸੀ। ਉਸ ਵੇਲੇ ਹਜ਼ਾਰਾਂ ਲੋਕਾਂ ਨੂੰ ਟੀਕੇ ਅਤੇ ਐਂਟੀਬਾਇਓਟਿਕ ਦਵਾਈਆਂ ਦਿੱਤੀਆਂ ਗਈਆਂ ਸਨ ਤਾਂ ਜੋ ਬਿਮਾਰੀ ਦੇ ਫੈਲਾਅ ਨੂੰ ਰੋਕਿਆ ਜਾ ਸਕੇ।

ਯੂਨੀਵਰਸਿਟੀ ਆਫ਼ ਬਾਥ ਦੇ ਮਾਈਕ੍ਰੋਬਾਇਲ ਪੈਥੋਜੈਨਿਸਿਟੀ ਦੇ ਪ੍ਰੋਫੈਸਰ ਐਂਡਰੂ ਪ੍ਰੈਸਟਨ ਨੇ ਕਿਹਾ ਕਿ ਨਵੇਂ ਮਾਮਲੇ ਵੀ ਕਾਲਜ ਉਮਰ ਦੇ ਨੌਜਵਾਨਾਂ ਵਿੱਚ ਸਾਹਮਣੇ ਆਏ ਹਨ, ਪਰ ਹੁਣ ਤੱਕ ਇਹ ਮਾਮਲੇ ਇਕ ਖਾਸ ਸਮਾਜਿਕ ਗਰੁੱਪ ਤੱਕ ਹੀ ਸੀਮਿਤ ਹਨ। ਉਨ੍ਹਾਂ ਕਿਹਾ ਕਿ ਤੁਰੰਤ ਸੰਪਰਕ ਖੋਜ ਅਤੇ ਦਵਾਈਆਂ ਦੇਣ ਕਾਰਨ ਹਾਲਾਤ ਫ਼ਰਸਤੂੰਤੇ ਕਾਬੂ ਪਾਉਣ ਵਿੱਚ ਮਦਦ ਮਿਲ ਰਹੀ ਹੈ।

ਮਾਹਿਰਾਂ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਜੇਕਰ ਕਿਸੇ ਨੂੰ ਤੇਜ਼ ਬੁਖ਼ਾਰ, ਸਿਰ ਦਰਦ, ਗਰਦਨ ਵਿੱਚ ਜਕੜਨ, ਚੱਕਰ ਆਉਣ, ਚਮੜੀ ਤੇ ਦਾਣੇ ਜਾਂ ਰੋਸ਼ਨੀ ਤੋਂ ਤਕਲੀਫ਼ ਵਰਗੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਡਾਕਟਰੀ ਸਲਾਹ ਲਈ ਜਾਵੇ।

# ਆਸਟ੍ਰੇਲੀਆ 'ਚ ਨਵੇਂ ਨਿੱਜੀ ਕਾਲਜਾਂ ਅਤੇ ਸਿਖਲਾਈ ਸੰਸਥਾਵਾਂ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੋਰਸ ਪੇਸ਼ ਕਰਨ 'ਤੇ ਲੱਗੀ ਰੋਕ

**ਕੈਨਬਰਾ, : ਆਸਟ੍ਰੇਲੀਆਈ ਸਰਕਾਰ ਨੇ ਵੀਜ਼ਾ ਪ੍ਰਣਾਲੀ ਦੀ ਦੁਰਵਰਤੋਂ ਨੂੰ ਰੋਕਣ ਲਈ ਇੱਕ ਵੱਡਾ ਕਦਮ ਚੁੱਕਿਆ ਹੈ ਅਤੇ ਲੇਬਰ ਸਰਕਾਰ ਨੇ ਨਵੇਂ ਪ੍ਰਾਈਵੇਟ ਕਾਲਜਾਂ ਅਤੇ ਸਿਖਲਾਈ ਸੰਸਥਾਵਾਂ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੋਰਸ ਪੇਸ਼ ਕਰਨ ਤੇ ਬਾਰਾਂ ਮਹੀਨਿਆਂ ਦੀ ਅਸਥਾਈ ਰੋਕ ਲਗਾ ਦਿੱਤੀ ਹੈ। ਇਹ ਨਵਾਂ ਨਿਯਮ ਸੋਮਵਾਰ ਤੋਂ ਲਾਗੂ ਹੋ ਗਿਆ ਹੈ ਜਿਸ ਦਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ ਸੈਕਟਰ ਤੇ ਬੁਰਾ ਅਸਰ ਪੈ ਸਕਦਾ ਹੈ। ਇਸ ਫੈਸਲੇ ਦਾ ਮੁੱਖ ਮਕਸਦ ਸਿਸਟਮ ਵਿੱਚ ਸੁਧਾਰ ਕਰਨਾ ਅਤੇ ਜਾਅਲੀ ਵਿਦਿਆਰਥੀਆਂ ਤੇ ਗੈਰ-ਕਾਨੂੰਨੀ ਏਜੰਟਾਂ ਤੇ ਨੱਥ ਪਾਉਣਾ ਹੈ ਅਤੇ ਅੰਤਰਰਾਸ਼ਟਰੀ ਸਿੱਖਿਆ ਦੇ ਸਹਾਇਕ ਮੰਤਰੀ ਜੂਲੀਅਨ ਹਿੱਲ ਨੇ ਇਸ ਬਾਰੇ ਗੱਲ ਕਰਦਿਆਂ ਕਿਹਾ ਕਿ ਵਿਦੇਸ਼ੀ ਵਿਦਿਆਰਥੀਆਂ ਨੂੰ ਵੀਈਟੀ ਜਾਂ ਈ ਐਲ ਆਈ ਸੀ ਓ ਐਸ ਕੋਰਸ ਪੜ੍ਹਾਉਣ ਲਈ ਨਵੇਂ ਰਜਿਸਟ੍ਰੇਸ਼ਨਾਂ ਨੂੰ ਮੁਅੱਤਲ ਕਰਨਾ ਕੋਈ ਸੌਖਾ ਫੈਸਲਾ ਨਹੀਂ ਸੀ। ਉਨ੍ਹਾਂ ਅੱਗੇ ਕਿਹਾ ਕਿ ਇਹ ਕਦਮ ਮਾਰਕੀਟ ਵਿੱਚ ਵਧ ਰਹੀ ਭੀੜ ਅਤੇ ਗੁਣਵੱਤਾ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਜ਼ਰੂਰੀ ਸੀ ਅਤੇ ਉਨ੍ਹਾਂ ਮੁਤਾਬਕ ਆਸਟ੍ਰੇਲੀਆ ਦੀ ਉੱਚ ਸਿੱਖਿਆ ਦੀ ਸਾਖ ਨੂੰ ਬਚਾਉਣ ਲਈ ਗੁਣਵੱਤਾ, ਇਮਾਨਦਾਰੀ ਅਤੇ ਵਿਦਿਆਰਥੀਆਂ ਦੇ ਤਜ਼ਰਬੇ ਤੇ ਬੇਰਹਿਮੀ ਨਾਲ ਧਿਆਨ ਦੇਣ ਦੀ ਲੋੜ ਹੈ। ਦੂਜੇ ਪਾਸੇ ਯੂਨੀਵਰਸਿਟੀਆਂ ਆਸਟ੍ਰੇਲੀਆ ਦੇ ਚੀਫ ਐਗਜ਼ੀਕਿਊਟਿਵ ਲੂਕ ਸ਼ੀਹੀ ਨੇ ਸਰਕਾਰ ਦੇ ਇਸ ਰਵੱਈਏ ਤੇ ਚਿੰਤਾ ਪ੍ਰਗਟਾਈ ਹੈ ਅਤੇ ਉਨ੍ਹਾਂ ਚੇਤਾਵਨੀ ਦਿੱਤੀ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਅੰਨ੍ਹੇਵਾਹ ਕਟੌਤੀ ਆਰਥਿਕਤਾ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਇਸ ਖੇਤਰ ਤੇ ਹਥੌੜਾ ਚਲਾਉਂਦੇ ਹੋ ਤਾਂ ਤੁਸੀਂ ਹਾਊਸਿੰਗ ਸੰਕਟ ਨੂੰ ਹੱਲ ਨਹੀਂ ਕਰ ਸਕੋਗੇ ਅਤੇ ਉਨ੍ਹਾਂ ਸਪੱਸ਼ਟ ਕੀਤਾ ਕਿ ਵਿਦਿਆਰਥੀ ਦੇਸ਼ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਜ਼ਿਕਰਯੋਗ ਹੈ ਕਿ ਇਹ ਰੋਕ ਸਰਕਾਰੀ ਸਕੂਲਾਂ, ਟੀਏਐਫਈ ਅਤੇ ਪ੍ਰਮੁੱਖ ਸਰਕਾਰੀ ਯੂਨੀਵਰਸਿਟੀਆਂ ਤੇ ਲਾਗੂ ਨਹੀਂ ਹੋਵੇਗੀ ਅਤੇ ਸਰਕਾਰ ਦਾ ਕਹਿਣਾ ਹੈ ਕਿ ਉਹ ਸਹੀ ਕੰਮ ਕਰਨ ਵਾਲੇ ਜਾਇਜ਼ ਸਿੱਖਿਆ ਪ੍ਰਦਾਤਾਵਾਂ ਅਤੇ ਅਸਲ ਵਿਦਿਆਰਥੀਆਂ ਦੀ ਸੁਰੱਖਿਆ ਲਈ ਵਚਨਬੱਧ ਹੈ।**

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼


ਗੁਰਦੁਆਰਾ ਝਿੜਾ ਸਾਹਿਬ ਕਾਂਝਲਾ ਸੰਗਰੂਰ

## ਕਾਉਂਕੇ

ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦਾ ਪਿੰਡ ਕਾਉਂਕੇ ਹੈ, ਜੋ ਜਗਰਾਉਂ ਦੇ ਦੱਖਣ-ਪੱਛਮ ਵੱਲ 7 ਕਿਲੋਮੀਟਰ ਦੂਰ ਹੈ। ਜਗਰਾਉਂ ਦਾ ਅਕਸ਼ਾਂਸ਼ 300-47 ਅਤੇ ਰੇਖਾਂਸ਼ ਦੇਸ਼ਾਂਤਰ 750-28 ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਪਿੰਡ ਵਿੱਚ 1631-32 ਵਿੱਚ ਆਪਣੇ ਚਰਨ ਪਾਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰਾ ਗੁਰੂਸਰ ਬਣਿਆ ਹੋਇਆ ਹੈ। ਇਸ ਗੁਰਦੁਆਰੇ ਨੂੰ ਗੁਰਦੁਆਰਾ ਭੋਰਾ ਸਾਹਿਬ ਵੀ ਆਖਿਆ ਜਾਂਦਾ ਹੈ। ਮੁਕਾਮੀ ਰਿਵਾਇਤ ਅਨੁਸਾਰ ਗੁਰੂ ਨਾਨਕ ਸਾਹਿਬ ਵੀ ਇਸ ਪਿੰਡ ਆਏ ਹਨ। ਇਹ ਗੁਰਦੁਆਰਾ ਪਿੰਡ ਦੇ ਬਾਹਰ ਉੱਤਰ-ਪੱਛਮ ਵੱਲ 2.5 ਕਿਲੋਮੀਟਰ ਦੂਰ ਹੈ। ਇਕ ਛੋਟਾ ਜਿਹਾ ਪ੍ਰਕਾਸ਼ ਅਸਥਾਨ ਮੁਰੱਬਾ ਅਕਾਰ ਦਾ ਅਤੇ ਤਿੰਨ ਪਾਸਿਉਂ ਵਰਾਂਡਾ ਅਤੇ ਉਪਰ ਗੁੰਬਦ ਦਾ ਨਿਰਮਾਣ 1912 ਵਿੱਚ ਕੀਤਾ ਗਿਆ ਸੀ। 1955 ਵਿੱਚ ਇਕ ਵੱਡੇ ਅਹਾਤੇ ਦਾ ਵੱਡੇ ਦੀਵਾਨਾਂ ਵਾਸਤੇ ਵਿਸਥਾਰ ਕੀਤਾ ਗਿਆ ਹੈ। ਗੁਰਦੁਆਰੇ ਦੇ ਅਹਾਤੇ ਅੰਦਰ ਜਾਂਦੇ ਸਮੇਂ ਸੱਜੇ ਹੱਥ ਵੱਲ ਸਰੋਵਰ ਬਣਿਆ ਹੈ, ਅਤੇ ਗੁਰੂ ਕਾ ਲੰਗਰ ਅਤੇ ਰਿਹਾਇਸ਼ੀ ਕਮਰੇ ਯਾਤਰੂਆਂ ਲਈ ਡਿਉਢੀ ਦੇ ਨਾਲ ਹੀ ਬਣੇ ਹੋਏ ਹਨ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜਿਆ ਹੋਇਆ ਮੈਨੇਜਰ ਕਰਦਾ ਹੈ ਅਤੇ ਇਹ ਗੁਰਦੁਆਰਾ ਐਕਟ ਦੇ ਸੈਕਸ਼ਨ 85 ਅਧੀਨ ਹੈ। ਵਿਸਾਖੀ ਅਤੇ ਮਾਘੀ 'ਤੇ ਵੱਡੇ ਜੋੜ-ਮੇਲੇ ਹੁੰਦੇ ਹਨ।

ਪੁਸਤਕ ਸੂਚੀ:-

1. ਵਿਸਾਖਾ ਸਿੰਘ, ਸੰਤ- ਮਾਲਵਾ ਇਤਿਹਾਸ, ਤਿੰਨ ਜਿਲਦਾਂ, ਕਿਸ਼ਨਪੁਰਾ, 1954
2. ਗਿਆਨ ਸਿੰਘ, ਗਿ.- ਤਵਾਰੀਖ ਗੁਰੂ ਖ਼ਾਲਸਾ, ਪਟਿਆਲਾ ਛਾਪ, 1970
3. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, 1996

## ਕਾਂਚੀਪੁਰਮ

ਤਾਮਿਲਨਾਡੂ ਰਿਆਸਤ ਦੇ ਜ਼ਿਲ੍ਹਾ ਚੰਗਲਪਤਿ ਦਾ ਇਕ ਸ਼ਹਿਰ ਕਾਂਚੀਪੁਰਮ ਹੈ, ਜੋ ਮਦਰਾਸ ਤੋਂ 72 ਕਿਲੋਮੀਟਰ ਦੂਰ ਹੈ। ਇਸ ਸ਼ਹਿਰ ਵਿੱਚ ਗੁਰੂ ਨਾਨਕ ਸਾਹਿਬ ਆਪਣੀ ਇਕ ਉਦਾਸੀ ਸਮੇਂ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਗੁਰਦੁਆਰੇ ਦਾ ਪ੍ਰਬੰਧ ਮੁਕਾਮੀ ਕਮੇਟੀ ਕਰਦੀ ਹੈ।

ਪੁਸਤਕ ਸੂਚੀ:-

1. ਦਿਲਗੀਰ, ਹਰਜਿੰਦਰ ਸਿੰਘ, ਡਾ.- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997

## ਕਾਛਾ

ਪਾਕਿਸਤਾਨ ਦੇ ਲਾਹੌਰ ਅੰਦਰ ਪਿੰਡ ਕਾਛਾ ਹੈ, ਜੋ ਲਾਹੌਰ ਤੋਂ 15 ਕਿਲੋਮੀਟਰ ਦੂਰ ਹੈ। ਫਿਰੋਜ਼ਪੁਰ ਰੋਡ ਉੱਤੇ ਕਾਹਨਾ ਬੱਸ ਸਟਾਪ ਤੋਂ ਕੋਈ ਚਾਰ ਕਿਲੋਮੀਟਰ ਦੂਰ ਪੱਛਮੀ ਦਿਸ਼ਾ ਵੱਲ ਹੈ। ਕਾਛਾ ਰੇਲਵੇ ਸਟੇਸ਼ਨ ਵੀ ਹੈ, ਜੋ ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਹੈ।

ਗੁਰੂ ਹਰਿਗੋਬਿੰਦ ਸਾਹਿਬ ਲਾਹੌਰ ਆਉਣ ਸਮੇਂ ਇਥੇ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਇਤਿਹਾਸਕ ਅਸਥਾਨ ਪਿੰਡ ਦੇ ਉਚੇ ਟਿੱਬੇ 'ਤੇ ਸੁਸ਼ੋਭਿਤ ਹੈ, ਜੋ ਗੁਰ-ਦੁਆਰਾ ਸ਼ਿਕਾਰਗੜ੍ਹ ਸਾਹਿਬ, ਕਾਛਾ ਦੇ ਨਾਂ ਨਾਲ ਪ੍ਰਸਿੱਧ ਹੈ। ਗੁਰੂ ਸਾਹਿਬ ਨੇ ਇਥੇ ਸ਼ਿਕਾਰ ਖੇਡਿਆ ਸੀ ਅਤੇ ਉਸ ਸਮੇਂ ਭਾਰੀ ਜੰਗਲ ਇਥੇ ਹੋਇਆ ਕਰਦਾ ਸੀ। ਪਿੰਡ ਤੋਂ ਬਾਹਰ ਗੁਰਦੁਆਰੇ ਦੀ ਗਲੀ ਸਾਹਮਣੇ ਇਕ ਵੱਡਾ ਤਾਲਾਬ ਹੈ। ਇਹ ਤਾਲਾਬ ਦੀਵਾਨ ਲਖਪਤਿ ਨੇ ਬਣਾਇਆ ਸੀ। ਅੱਜ ਕੱਲ੍ਹ ਇਹ ਤਾਲਾਬ ਮੱਛੀ ਪਾਲਣ ਮਹਿਕਮੇ ਦੇ ਅਧੀਨ ਹੈ। ਅੰਗ੍ਰੇਜ਼ਾਂ ਦੇ ਸਮੇਂ ਭਾਈ ਮੱਲ ਜੀ ਨੇ ਇਸ ਅਸਥਾਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਸੀ। ਬਾਅਦ ਵਿੱਚ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧ ਹੇਠ ਆ ਗਿਆ। ਕਮੇਟੀ ਨੇ ਬੱਚਿਆਂ ਦੀ ਉਚ ਵਿੱਦਿਆ ਲਈ ਕਾਲਜ ਬਣਾਉਣਾ ਸੀ, ਜੋ 1947 ਕਾਰਨ ਅਧੂਰਾ ਰਹਿ ਗਿਆ।

1997 ਵਿੱਚ ਇਸ ਪਵਿੱਤਰ ਅਸਥਾਨ ਦਾ ਡਿੱਗਾ ਹੋਇਆ ਢਾਂਚਾ ਖਲੋਤਾ ਸੀ। ਹੁਣ ਉਹ ਵੀ ਮੌਜੂਦ ਨਹੀਂ। ਇਸ ਥਾਂ 'ਤੇ ਇਕ ਮੇਉ ਨੇ ਆਪਣਾ ਮਕਾਨ ਬਣਾ ਲਿਆ ਹੈ। ਗੁਰਦੁਆਰਾ ਸਾਹਿਬ ਦੇ ਰਿਹਾਇਸ਼ੀ ਕਮਰੇ, ਇਕ ਖੂਹ ਅਤੇ ਲੰਗਰ ਹਾਲ ਮੌਜੂਦ ਹੈ। ਅੱਜ ਕੱਲ੍ਹ ਲੋਕਾਂ ਨੇ ਸਾਂਭ ਲਏ ਹਨ।

**ਪੁਸਤਕ ਸੂਚੀ:-**

1. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

## ਕਾਂਝਲਾ

ਪੰਜਾਬ ਦੇ ਜ਼ਿਲ੍ਹਾ ਸੰਗਰੂਰ ਵਿੱਚ ਪਿੰਡ ਕਾਂਝਲਾ ਆਉਂਦਾ ਹੈ, ਜੋ ਸੰਗਰੂਰ ਤੋਂ 18 ਕਿਲੋਮੀਟਰ ਦੂਰ ਹੈ। ਸੰਗਰੂਰ ਦਾ ਅਕਸ਼ਾਂਸ਼ 300-14 ਅਤੇ ਰੇਖਾਂਸ਼ ਦੇਸ਼ਾਂਤਰ 750-50 ਹੈ। ਇਸ ਪਿੰਡ ਵਿੱਚ ਗੁਰੂ ਨਾਨਕ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਆਏ ਸਨ। ਗੁਰੂ ਸਾਹਿ-ਬਾਨ ਦੀ ਯਾਦ ਵਿੱਚ ਇਕੋ ਗੁਰਦੁਆਰਾ ਝਿੜਾ ਸਾਹਿਬ ਬਣਿਆ ਹੋਇਆ ਹੈ। ਗੁਰੂ ਸਾਹਿਬ ਨੇ ਆਪਣੇ ਡੇਰੇ ਪਿੰਡ ਦੇ ਪੱਛਮ ਵੱਲ 200 ਮੀਟਰ ਦੂਰ ਕੰਡੇਦਾਰ ਬਿਰਛਾਂ ਦੇ ਝੁੰਡ (ਝਿੜਾ) ਕੋਲ ਲਾਏ ਸਨ। ਅਜੋਕੀ ਇਮਾਰਤ ਦਾ ਨੀਂਹ ਪੱਥਰ 18 ਅਪ੍ਰੈਲ 1912 ਨੂੰ ਸੰਤ ਅਤਰ ਸਿੰਘ ਦੇ ਸ਼ਾਗਿਰਦ ਸੰਤ ਬਿਸ਼ਨ ਸਿੰਘ ਨੇ ਰੱਖਿਆ ਸੀ, ਜੋ 1936-37 ਵਿੱਚ ਮੁਕੰਮਲ ਹੋਇਆ। ਇਕ ਵੱਡੇ ਹਾਲ ਦੇ ਅੰਦਰ ਹੀ ਸ਼ਾਨਦਾਰ ਸੰਗਮਰਮਰ ਦਾ ਪ੍ਰਕਾਸ਼ ਅਸਥਾਨ ਸੁਸ਼ੋਭਿਤ ਹੈ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਅਤੇ ਉਪਰ ਵੱਡਾ ਗੁੰਬਦ ਹੈ। ਗੁਰਦੁਆਰੇ ਦੇ ਨਾਲ ਹੀ ਸੇਵਾਦਾਰਾਂ ਲਈ ਕਮਰੇ ਬਣੇ ਹੋਏ ਹਨ। ਹਾਲ ਦੇ ਪਿਛਵਾੜੇ ਹਾਲ ਬਣਿਆ ਹੋਇਆ ਹੈ। ਵੱਖਰੇ ਤੌਰ 'ਤੇ ਗੁਰਦੁਆਰੇ ਦੇ ਅਹਾਤੇ ਅੰਦਰ ਗੁਰੂ ਕਾ ਲੰਗਰ ਅਤੇ ਰਿਹਾਇਸ਼ੀ ਕਮਰੇ ਯਾਤਰੂਆਂ ਲਈ ਬਣੇ ਹੋਏ ਹਨ। ਗੁਰਦੁਆਰੇ ਨਾਲ 35 ਏਕੜ ਜ਼ਮੀਨ ਹੈ, ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਸੰਤ ਅੰਤਰ ਸਿੰਘ ਅਤੇ ਸੰਤ ਬਿਸ਼ਨ ਸਿੰਘ ਦੇ ਗੁਰਪੁਰੀ ਦਿਨ ਜੋ ਕ੍ਰਮਵਾਰ ਫ਼ਰਵਰੀ ਅਤੇ ਅਗਸਤ ਵਿੱਚ ਆਉਂਦੇ ਹਨ, ਬੜੇ ਜੋੜ-ਮੇਲੇ ਵਜੋਂ ਮਨਾਏ ਜਾਂਦੇ ਹਨ।

ਮਹਾਨ ਕੋਸ਼ ਅਨੁਸਾਰ ਗੁਰਦੁਆਰੇ ਨਾਲ 20 ਵਿਘੇ ਜ਼ਮੀਨ ਪਿੰਡ ਵੱਲੋਂ ਅਤੇ 70 ਵਿਘੇ ਜ਼ਮੀਨ ਮਾਈ ਬਿਸ਼ਨ ਕੌਰ ਵੱਲੋਂ ਲਾਈ ਗਈ ਹੈ। ਕਾਂਝਲਾ, ਤਹਿਸੀਲ ਧੂਰੀ ਵਿੱਚ ਆਉਂਦਾ ਹੈ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
3. ਫ਼ੌਜਾ ਸਿੰਘ- ਗੁਰੂ ਤੇਗ ਬਹਾਦਰ ਯਾਤਰਾ ਅਸਥਾਨ, ਪ੍ਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ, 1976

## ਕਾਦੀਵਿੰਡ

ਪਾਕਿਸਤਾਨ ਦੀ ਕਾਦੀਵਿੰਡ ਤਹਿਸੀਲ, ਥਾਣਾ ਕਸੂਰ ਵਿੱਚ ਆਉਂਦੀ ਹੈ। ਸਟੀਲ ਬਾਗ, ਜ਼ਿਲ੍ਹਾ ਹਸਪਤਾਲ ਕਸੂਰ ਤੋਂ ਇਕ ਪੱਕੀ ਸੜਕ ਪਿੰਡ ਨੂੰ ਜਾਂਦੀ ਹੈ। ਇਥੋਂ ਟਾਂਗੇ ਆਦਿ ਆਸਾਨੀ ਨਾਲ ਮਿਲ ਜਾਂਦੇ ਹਨ। ਪਿੰਡ ਦੇ ਬਾਹਰਵਾਰ ਗੁਰੂ ਅਮਰਦਾਸ ਸਾਹਿਬ ਦਾ ਪਵਿੱਤਰ ਅਸਥਾਨ ਤਰਗੇ ਦੀ ਜੂਹ ਵਿੱਚ ਹੈ।

ਗੁਰੂ ਅਮਰਦਾਸ ਸਾਹਿਬ ਕਸੂਰ ਵਿੱਚ ਝਾੜੀ ਸਾਹਿਬ ਠਾਹਰੇ ਸਨ, ਤਦੋਂ ਦੀਵਾਨ ਚੰਦ ਦਿੱਲੀ ਵਾਲੇ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਮੇਰੀ ਧਨ-ਦੌਲਤ ਨਾਲ ਕੋਈ ਯਾਦਗਾਰ ਕਾਇਮ ਕਰਵਾ ਦਿਉ ਤਾਂ ਜੋ ਮੇਰਾ ਨਾਂ ਦੁਨੀਆਂ ਵਿੱਚ ਕਾਇਮ ਹੋਵੇ। ਉਸ ਦੀ ਭਾਵਨਾ ਅਨੁਸਾਰ ਹੀ ਗੁਰੂ ਸਾਹਿਬ ਨੇ ਇਕ ਤਾਲਾਬ ਅਤੇ ਪੱਕੇ ਰਿਹਾਇਸ਼ੀ ਮਕਾਨ ਬਣਵਾਏ। ਇਹ ਜ਼ਮੀਨ ਭਾਈ ਬਹਿਲੋਲ ਕਾਦੀਵਿੰਡ ਵਾਲੇ ਦੀ ਸੀ, ਜੋ ਉਸ ਨੇ ਸਾਰੀ 100 ਏਕੜ ਗੁਰੂ ਸਾਹਿਬ ਨੂੰ ਭੇਟਾ ਕਰ ਦਿੱਤੀ। ਬਾਅਦ ਵਿੱਚ ਇਥੋਂ ਦੇ ਲੋਕਾਂ ਨੇ ਭਾਈ ਬਹਿਲੋਲ ਦੀ ਸਮਾਧ ਵੀ ਬਣਾਈ।

ਗੁਰੂ ਸਾਹਿਬ ਵੱਲੋਂ ਬਣਵਾਇਆ ਤਲਾਬ, ਅੱਜ ਕੱਲ੍ਹ ਛੱਪੜ ਦਾ ਰੂਪ ਧਾਰਨ ਕਰ ਚੁੱਕਾ ਹੈ। ਭਾਈ ਬਹਿਲੋਲ ਦੀ ਸਮਾਧ ਵੀ ਆਖ਼ਰੀ ਨਿਸ਼ਾਨੀ ਵਜੋਂ ਮਿਟਣ ਨੂੰ ਤਿਆਰ ਹੈ। ਗੁਰਦੁਆਰੇ ਦੇ ਕਮਰਿਆਂ ਵਿੱਚ ਸਰਕਾਰੀ ਸਕੂਲ ਖੋਲ੍ਹਿਆ ਗਿਆ ਹੈ। ਜ਼ਮੀਨ ਵਕਫ਼ ਬੋਰਡ ਆਫ਼ ਪਾਕਿਸਤਾਨ ਦੇ ਕਬਜ਼ੇ ਵਿੱਚ ਹੈ। ਇਸ ਗੁਰਦੁਆਰੇ ਦੀ ਹਾਲਤ ਦਿਨ-ਬ-ਦਿਨ ਖ਼ਸਤਾ ਹੋ ਰਹੀ ਹੈ। ਪੰਜਾਬ ਦੇ ਪ੍ਰਸਿੱਧ ਲਿਖਾਰੀ ਢਾਡੀ ਬਾਬਾ ਸੋਹਣ ਸਿੰਘ ਸੀਤਲ ਜੀ ਵੀ ਇਸੇ ਪਿੰਡ ਦੇ ਰਹਿਣ ਵਾਲੇ ਸਨ। ਉਨ੍ਹਾਂ ਦਾ ਬਾਗ ਅਤੇ ਘਰ ਅਜੇ ਵੀ ਮੌਜੂਦ ਹਨ। ਪਰ ਦੋਵੇਂ ਮੇਵਾਤ ਦੇ ਸ਼ਰਨਾਰਥੀਆਂ ਦੇ ਪਾਸ ਹਨ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

ਬਾਕੀ ਅਗਲੇ ਹਫ਼ਤੇ ਪੜ੍ਹੋ

# ਬੇਅਦਬੀ ਸੋਧ ਐਕਟ ਕਾਰਣ ਖਾਲਸਾ ਪੰਥ ਰੋਸ ਵਿਚ

**✪ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਈ ਇਕੱਤਰਤਾ ✪ ਜਥੇਦਾਰਾਂ ਨੇ ਸਰਕਾਰ ਨੂੰ ਦਿੱਤੀ ਸਿੱਧੀ ਚੇਤਾਵਨੀ ✪ ਸਰਕਾਰ ਦਾ 'ਮੰਦਬੁੱਧੀ' ਵਾਲਾ ਪ੍ਰਚਾਰ ਫ਼ਰਜ਼ੀ, ਕਾਨੂੰਨ 'ਚ ਕੋਈ ਜ਼ਿਕਰ ਨਹੀਂ: ਐਡਵੋਕੇਟ ਧਾਮੀ ✪ ਸਰਕਾਰ ਦਾ ਮਕਸਦ ਪੰਥ ਨੂੰ ਗ੍ਰੰਥ ਨਾਲੋਂ ਤੋੜਨਾ: ਜਥੇਦਾਰ ਗੜਗੱਜ**

ਤਲਵੰਡੀ ਸਾਬੋ-ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਵਿੱਚ ਦਰਜ ਕਈ ਮੱਦਾਂ (ਧਾਰਾਵਾਂ) ਨੂੰ ਸਿੱਖ ਭਾਵਨਾਵਾਂ ਦੇ ਉਲਟ ਦੱਸਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਇੱਕ ਵਿਸ਼ਾਲ ਤੇ ਇਤਿਹਾਸਕ ਪੰਥਕ ਇਕੱਤਰਤਾ ਹੋਈ।



ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਦੇ ਸੱਦੇ 'ਤੇ ਹੋਈ ਇਸ ਇਕੱਤਰਤਾ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਦੇਸ਼ ਭਰ ਦੀਆਂ ਗ੍ਰੰਥੀ ਸਭਾਵਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦੇ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਰਕਾਰ ਦੇ ਪ੍ਰਚਾਰ ਦੇ ਪਾਜ ਉਧੇੜਦਿਆਂ ਗੰਭੀਰ ਸਵਾਲ ਚੁੱਕੇ। ਉਨ੍ਹਾਂ ਕਿਹਾ:

"ਸਰਕਾਰ ਵੱਲੋਂ ਇਹ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਸ ਐਕਟ ਨਾਲ ਕੋਈ ਵੀ ਦੋਸ਼ੀ 'ਮੰਦਬੁੱਧੀ' ਹੋਣ ਦਾ ਬਹਾਨਾ ਬਣਾ ਕੇ ਬਚ ਨਹੀਂ ਸਕੇਗਾ, ਜਦੋਂ ਕਿ ਅਸਲ ਐਕਟ ਵਿੱਚ ਮੰਦਬੁੱਧੀ ਬਾਰੇ ਕਿਤੇ ਵੀ ਕੋਈ ਜ਼ਿਕਰ ਨਹੀਂ ਹੈ। ਅਸੀਂ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੇ ਖ਼ਿਲਾਫ਼ ਨਹੀਂ ਹਾਂ, ਪਰ ਕਾਨੂੰਨ ਦੀ ਆੜ ਹੇਠ ਸਿੱਖ ਭਾਵਨਾਵਾਂ ਵਿਰੁੱਧ ਦਰਜ ਮੱਦਾਂ ਨੂੰ ਤੁਰੰਤ ਹਟਾਇਆ ਜਾਵੇ। ਇਹ ਕੋਈ ਨਵਾਂ ਕਾਨੂੰਨ ਨਹੀਂ, ਸਗੋਂ 2008 ਦੇ ਐਕਟ ਵਿੱਚ ਸੋਧ ਹੈ, ਜਿਸ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ਨ ਦੇ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਹਨ। ਅਸੀਂ ਸਰਕਾਰ ਨਾਲ ਟਕਰਾਅ ਨਹੀਂ ਚਾਹੁੰਦੇ, ਪਰ ਸਰਕਾਰ ਨੂੰ ਪੰਥਕ ਜਜ਼ਬਾਤ ਸਮਝਣੇ ਚਾਹੀਦੇ ਹਨ।" ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਪਣੇ ਤਿੱਖੇ ਸੰਬੋਧਨ ਵਿੱਚ ਕਿਹਾ ਕਿ ਗੁਰੂ ਸਾਹਿਬ ਦੇ ਸਤਿਕਾਰ ਦੀ ਕੀ ਮਰਿਯਾਦਾ ਹੈ, ਇਹ ਕੋਈ ਸਰਕਾਰ ਨਹੀਂ ਬਲਕਿ 'ਪੰਥ ਖ਼ਾਲਸਾ' ਤੈਅ ਕਰਦਾ ਹੈ। ਉਨ੍ਹਾਂ ਕਿਹਾ ਕਿ "ਕੋਈ ਵੀ ਸਰਕਾਰ ਪੰਥ ਦੇ ਨਿਯਮ ਨਹੀਂ ਘੜ ਸਕਦੀ। ਇਸ ਸਰਕਾਰ ਦਾ ਮਕਸਦ ਸਿਰਫ਼ ਇੱਕੋ ਹੈ ਕਿ ਕਿਵੇਂ ਨਾ ਕਿਵੇਂ ਪੰਥ ਨੂੰ ਗ੍ਰੰਥ ਨਾਲੋਂ ਤੋੜਿਆ ਜਾਵੇ।"

ਜਥੇਦਾਰ ਸਾਹਿਬ ਨੇ ਸਪੱਸ਼ਟ ਕੀਤਾ ਕਿ ਇਸ ਨਵੇਂ ਕਾਨੂੰਨ ਕਾਰਨ ਗ੍ਰੰਥੀ ਸਿੰਘਾਂ ਨੂੰ ਕਿਸੇ ਵੀ ਪੱਖੋਂ ਘਬਰਾਉਣ ਦੀ ਲੋੜ ਨਹੀਂ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਹਰ ਮੋੜ 'ਤੇ ਉਨ੍ਹਾਂ ਦੇ ਨਾਲ ਡਟ ਕੇ ਖੜ੍ਹਾ ਹੈ। ਸਰਕਾਰ ਨੂੰ ਪੰਥਕ ਕਾਰਜਾਂ ਵਿੱਚ ਦਖ਼ਲਅੰਦਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਮੇਜ਼ਬਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਭਰੋਸੇ ਵਿੱਚ ਲਏ ਬਿਨਾਂ ਪਾਸ ਕੀਤਾ ਗਿਆ ਇਹ ਕਾਨੂੰਨ ਸਿੱਖੀ ਪ੍ਰਚਾਰ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਕਰਨ ਦੀ ਇੱਕ ਵੱਡੀ ਸਾਜ਼ਿਸ਼ ਹੈ, ਜਿਸ ਨੂੰ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਗੁਰੂ ਸਾਹਿਬ ਦੇ ਸਰੂਪਾਂ ਦੀ ਸੇਵਾ-ਸੰਭਾਲ ਅਤੇ ਪ੍ਰਚਾਰ ਵਿੱਚ ਸਰਕਾਰੀ ਦਖ਼ਲ ਪ੍ਰਵਾਨ ਨਹੀਂ ਹੈ। ਉੱਥੇ ਹੀ ਗ੍ਰੰਥੀ ਸਭਾ ਦੇ ਪ੍ਰਧਾਨ ਜਗਮੇਲ ਸਿੰਘ ਛਾਜਲਾ ਨੇ ਵੀ ਦੋਸ਼ ਲਾਇਆ ਕਿ ਕਾਨੂੰਨ ਦੀ ਆੜ ਵਿੱਚ ਸਰਕਾਰ ਅਸਲ ਦੋਸ਼ੀਆਂ ਨੂੰ ਫੜਨ ਦੀ ਬਜਾਏ ਗ੍ਰੰਥੀ ਸਿੰਘਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਨਿਸ਼ਾਨਾ ਬਣਾ ਰਹੀ ਹੈ।

## ਪੰਥਕ ਜਗਤ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਭਰੀ ਹਾਜ਼ਰੀ

ਇਸ ਹੰਗਾਮੀ ਇਕੱਤਰਤਾ ਵਿੱਚ ਪੰਥ ਦੀਆਂ ਕਈ ਨਾਮਵਰ ਸ਼ਖਸੀਅਤਾਂ ਸ਼ਾਮਲ ਹੋਈਆਂ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਅਤੇ ਮੇਜਰ ਸਿੰਘ ਢਿੱਲੋਂ, ਸ਼੍ਰੋਮਣੀ ਕਮੇਟੀ ਮੈਂਬਰਾਨ ਮੋਹਨ ਸਿੰਘ ਬੰਗੀ, ਬਾਬਾ ਬੂਟਾ ਸਿੰਘ, ਬੀਬੀ ਜੋਗਿੰਦਰ ਕੌਰ, ਸੁਰਜੀਤ ਸਿੰਘ ਰਾਇਪੁਰ, ਬਾਬਾ ਗੁਰਮੀਤ ਸਿੰਘ ਤਿਲੋਕਾਵਾਲਾ ਆਦਿ ਮੌਜੂਦ ਸਨ।

---

# * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਵਿਕਾਸ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿਤੀ ਜਾਵੇਗੀ- ਮੰਤਰੀ ਗੋਇਲ**

-ਲਾ ਦਿਆਂਗੇ ਲਾਲੇ ਦੀ ਵਹੀ 'ਤੇ ਗੂਠਾ, ਗੱਲ ਕਿਹੜੀ ਆ !



***ਮਾਨ ਸਰਕਾਰ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ, ਕ੍ਰਾਈਮ ਅਤੇ ਡਰੱਗ ਦੀ ਰਾਜਧਾਨੀ ਬਣਾ ਦਿਤਾ- ਚੁੱਘ**

-ਚੁੱਘ ਸਾਬ, ਬਾਕੀ ਦੇਸ਼ 'ਚ ਕਿਹੜਾ ਸਤਿਯੁਗ ਵਰਤਦਾ, ਬੰਗਾਲ ਵਲ ਵੀ ਜ਼ਰਾ ਨਿਗਾਹ ਮਾਰ ਲੈਂਦੇ।



***ਐਨ. ਆਰ. ਆਈ. ਭਾਈਚਾਰੇ ਦੀ ਸੁਰੱਖਿਆ ਅਤੇ ਹੱਕਾਂ ਦੀ ਰੱਖਿਆ ਸਖ਼ਤੀ ਨਾਲ ਕੀਤੀ ਜਾਵੇਗੀ- ਡਾ. ਰਵਜੋਤ ਸਿੰਘ**

-ਹਰੇਕ ਸਰਕਾਰ ਇਹੋ ਜੁਮਲਾ ਦੁਹਰਾਉਂਦੀ ਹੈ ਪਰ ਪਰਨਾਲ਼ਾ ਉੱਥੇ ਦਾ ਉੱਥੇ ਹੀ ਰਹਿੰਦਾ।



***ਗ਼ਲਤੀ ਮੋਦੀ ਸਰਕਾਰ ਦੀ, ਕੀਮਤ ਜੰਨਤਾ ਚੁਕਾਏਗੀ- ਰਾਹੁਲ ਗਾਂਧੀ**

ਨਾਨੀ ਖ਼ਸਮ ਕਰੇ, ਦੋਹਤਾ ਚੱਟੀ ਭਰੇ।



***ਐੱਸ. ਆਈ. ਆਰ. ਦੌਰਾਨ ਇਕ ਵੀ ਯੋਗ ਵੋਟ ਨਹੀਂ ਕੱਟਣ ਦਿਆਂਗੇ- ਭਗਵੰਤ ਮਾਨ**

-ਮਾਨ ਸਾਹਿਬ ਤੁਹਾਨੂੰ ਤਾਂ ਪਤਾ ਵੀ ਨਹੀਂ ਲੱਗਣਾ ਕਿ ਚਿੜੀਆਂ ਨੇ ਕਦੋਂ ਦੁੱਧ ਪੀ ਲਿਆ।



***ਸਾਬਕਾ ਕੈਬਨਿਟ ਮੰਤਰੀ ਰੱਖੜਾ ਵੀ 'ਆਪ' ਵਿਚ ਸ਼ਾਮਲ- ਇਕ ਖ਼ਬਰ**

ਮੈਂ ਦੇਖ ਲਿਆ ਜੱਗ ਸਾਰਾ, ਹੁਣ ਆਇਆ ਤੇਰੇ ਦੁਆਰੇ 'ਤੇ।




***ਮੀਰੀ ਪੀਰੀ ਟਰਸਟ ਮਾਮਲੇ ਨੂੰ ਹੁਣ ਸੁਪਰੀਮ ਕੋਰਟ 'ਚ ਨਾ ਘਸੀਟਿਆ ਜਾਵੇ- ਜਗਦੀਸ਼ ਸਿੰਘ ਝੀਂਡਾ**

-ਖਿੱਚ ਕੇ ਕਾਲੀਨ ਪੈਰਾਂ ਹੇਠੋਂ ਸਾਡਿਉਂ, ਬਹਿ ਜਾਈਏ ਚੁੱਪ ਕਰ, ਮੱਤਾਂ ਸਾਨੂੰ ਦੇਂਵਦੇ।

***ਇਰਾਨ ਜੰਗ ਕਾਰਨ ਬ੍ਰਿਕਸ ਦੇਸ਼ਾਂ ਵਿਚਾਲੇ ਵਧੀਆਂ ਦੂਰੀਆਂ- ਇਕ ਖ਼ਬਰ**

-ਬੇਰੀਆਂ ਨੂੰ ਬੇਰ ਲੱਗ ਗਏ, ਤੈਨੂੰ ਕੁਝ ਨਾ ਲੱਗਾ ਮੁਟਿਆਰੇ।



***ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਅਸਤੀਫ਼ਾ ਦੇਣ ਤੋਂ ਕੀਤਾ ਕੋਰਾ ਇਨਕਾਰ- ਇਕ ਖ਼ਬਰ**

-ਕਿਤੇ 'ਕੱਲੀ ਬਹਿ ਕੇ ਸੋਚੀਂ ਨੀਂ, ਅਸੀਂ ਕੀ ਨਹੀਂ ਕੀਤਾ ਤੇਰੇ ਲਈ।

***117 ਵਿਧਾਇਕਾਂ 'ਚੋਂ 36 ਨੇ ਅਜੇ ਤੱਕ ਆਪਣੀ ਜਾਇਦਾਦ ਦਾ ਵੇਰਵਾ ਨਹੀਂ ਦਿਤਾ- ਇਕ ਖ਼ਬਰ**

-ਅਜੇ ਛੇ ਮਹੀਨੇ ਹੋਰ ਠਹਿਰ ਜਾਉ, ਇਕੱਠਾ ਹੀ ਹਿਸਾਬ ਪੁੱਛ ਲਇਉ।

***ਬੇਅਦਬੀ ਕਾਨੂੰਨ ਬਾਰੇ ਅਕਾਲੀ ਦਲ ਕਿਸ ਹੈਸੀਅਤ 'ਚ ਸ਼੍ਰੋਮਣੀ ਕਮੇਟੀ ਨੂੰ ਦੇ ਰਿਹੈ ਹਦਾਇਤਾਂ- ਰਵੀਇੰਦਰ ਸਿੰਘ**

-ਹੈਸੀਅਤ ਕੁਰਸੀ ਨਾਲ ਬੱਝੀ ਹੁੰਦੀ ਐ ਤੇ ਅਗਲਾ ਕੁਰਸੀ 'ਤੇ ਬੈਠਾ।



***ਮੀਰੀ-ਪੀਰੀ ਮੈਡੀਕਲ ਕਾਲਜ ਦੇ ਮਾਮਲੇ 'ਚ ਹਰਿਆਣਾ ਗੁਰਦੁਆਰਾ ਕਮੇਟੀ ਦੀ ਵੱਡੀ ਜਿੱਤ- ਇਕ ਖ਼ਬਰ**

-ਆਈ ਐ ਮੋਰਚਾ ਜਿੱਤ ਕੇ, ਗੁਰੂ ਜੀ ਤੇਰੀ ਫੌਜ ਰੰਗਲੀ।


***ਬਠਿੰਡਾ 'ਚ ਭਾਜਪਾ ਤੇ 'ਆਪ' ਆਗੂ ਹੋਏ ਆਹਮੋ-ਸਾਹਮਣੇ- ਇਕ ਖ਼ਬਰ**

-ਕੁੰਢੀਆਂ ਦੇ ਸਿੰਙ ਫ਼ਸ ਗਏ, ਕੋਈ ਨਿੱਤਰੂ ਵੜੇਂਵੇਂ ਖਾਣੀ।



***ਜੰਗ ਰੋਕਣ ਲਈ ਟਰੰਪ ਨੇ ਇਰਾਨ ਦਾ ਪ੍ਰਸਤਾਵ ਕੀਤਾ ਰੱਦ- ਇਕ ਖ਼ਬਰ**

-ਗੱਲ ਸਿਰੇ ਲੱਗਣ ਨਹੀਂ ਦੇਣੀ, ਕਾਨਾ ਟਿੰਡ 'ਚ ਫ਼ਸਾਈ ਰੱਖਣਾ।



***ਤਾਇਵਾਨ ਦੇ ਮੁੱਦੇ 'ਤੇ ਚੀਨ ਦੀ ਟਰੰਪ ਨੂੰ ਸਿੱਧੀ ਧਮਕੀ- ਇਕ ਖ਼ਬਰ**

-ਪਰੇ ਹਟ ਜਾ ਬਲਦ ਸਿੰਙ ਮਾਰੂ, ਨੀ ਸੋਨੇ ਦੇ ਤਵੀਤ ਵਾਲੀਏ।

* * * * * *

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

- ਲੇਖਕ -
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-43

**ਹਿੰਦੂਆਂ, ਖਾਸ ਕਰ ਵੈਸ਼ਨਵਾਂ ਵਿੱਚ ਇਹ ਰੀਤ ਕਰੜਾਈ ਨਾਲ ਨਿਭਾਈ ਜਾਂਦੀ ਹੈ । ਜਨਮ ਮਰਨ ਸਮੇਂ, ਮਾਤਾ, ਪਿਤਾ, ਜੂਠੇ ਅਤੇ ਭਿੱਟੇ ਹੋਏ ਮੰਨੇ ਜਾਂਦੇ ਹਨ । ਕਬੀਰ ਜੀ ਦੀ ਰਚਨਾ ਵਿੱਚ ਪਹਿਲਾਂ ਇਸ ਸੁੱਚ-ਭਿੱਟ ਦਾ ਜ਼ਿਕਰ ਹਾਂ ਪੱਖੀ ਰਿਹਾ, ਜਦੋਂ ਉਹ ਖੁਦ ਕਰਦੇ ਸੀ । ਫਿਰ ਕਰੜਾ ਵਿਰੋਧ ਆਇਆ ਹੈ । ਕਬੀਰ ਬਾਣੀ ਦੱਸਦੀ ਹੈ, ਕਬੀਰ ਜੀ ਪਹਿਲਾਂ ਸੁੱਚ ਸੋਧ ਤਾਜ਼ਾ ਪਾਣੀ ਲਿਆਉਣ, ਚੁੱਲ੍ਹਾ ਚੌਕਾ ਲਿੱਪਣ ਪੋਚਣ ਦੀ ਕਿਰਿਆ ਵਿੱਚ ਖੂਬ ਪ੍ਰਵਿਰਤ ਹੋਏ ਸਨ, ਫਿਰ ਉਨ੍ਹਾਂ ਦੀ ਹੀ ਬਾਣੀ ਵਿਰੋਧੀ ਹੋਣਾ ਦੱਸਦੀ ਹੈ ।**

ਅਜੇਹੇ ਲੋਕਾਂ ਸਗੋਂ ਤੀਰਥ ਨੂੰ ਤੀਰਥ ਨਹੀਂ ਸਮਝਿਆ। ਲਉਕੀ (ਕੌੜੀ ਤੂੰਬੀ) ਕਿੰਨੇ ਤੀਰਥਾਂ ਉੱਤੇ ਨੁਹਾਈ ਜਾਵੇ, ਜਿਵੇਂ ਉਸ ਵਿੱਚ ਕੌੜਾਪਨ ਨਹੀਂ ਜਾਂਦਾ, ਲਉਕੀ ਅਠਸਠ ਤੀਰਥ ਨਾਈ, ਕਉਰਾਪਨ ਤਉਨ ਨ ਜਾਈ। ਮਨੁੱਖਾਂ ਦੀ ਭੀ ਅਜੇਹੀ ਦਸ਼ਾ ਹੈ: ਕਬੀਰ ਜੀ ਨੇ ਬੁੱਤ ਪੂਜਾ ਨੂੰ ਭੀ (ਬੁਤ ਪੂਜ ਪੂਜ ਹਿੰਦੂ ਮੂਏ) ਬੇਅਰਥੀ ਘਾਲਣਾ ਦੱਸਿਆ ਹੈ:

ਜੋ ਪਾਥਰ ਕਉ ਕਹਤੇ ਦੇਵ॥
ਤਾਕੀ ਬਿਰਥਾ ਹੋਵੈ ਸੇਵ॥
ਜੋ ਪਾਥਰ ਕੀ ਪਾਂਈ ਪਾਇ॥
ਤਿਸਕੀ ਘਾਲ ਅਜਾਂਈ ਜਾਇ॥
(ਭੈਰਉ ਕਬੀਰ-1160)

ਇਨ੍ਹਾਂ ਕਿਰਿਆ ਕਰਮਾਂ ਅਤੇ ਰੀਤਾਂ ਦੀ ਪਾਲਣਾ ਨਾਲ ਆਤਮਾ ਦਾ ਕੁਝ ਨਹੀਂ ਸਵਰਦਾ। ਛੁਟਕਾਰਾ ਹਰਿ ਕੀ ਸੇਵਾ ਨਾਲ ਹੀ ਹੁੰਦਾ ਹੈ:

ਕਹੁ ਕਬੀਰ ਛੂਟਨੁ ਨਹੀ ਮਨ
ਬਉਰਾ ਰੇ ਛੂਟਨੁ ਹਰਿ ਕੀ ਸੇਵ॥
(ਗਉੜੀ ਕਬੀਰ-336)

ਨੰਗੇ ਫਿਰਨਾ, ਸਿਰ ਮੁੰਡਾਉਣਾ, ਜਤੀ ਆਦਿ ਕਹਾਉਣ, ਜੋਗੀਆਂ ਵਾਲੀ ਕਰਮ ਕਿਰਿਆ ਭੀ ਕਬੀਰ ਜੀ ਦੇ ਹਮਲੇ ਤੋਂ ਬਚ ਨਹੀਂ ਸਕੀ: ਦੇਖੋ ਸ਼ਬਦ,

ਨਗਨ ਫਿਰਤ ਜੋ ਪਾਈਐ ਜੋਗੁ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ॥
(ਗਉੜੀ ਕਬੀਰ ਜੀ, 324)

## ਸਮਾਜਿਕ ਨੀਤੀ:

ਕਬੀਰ ਜੀ ਨੇ ਸਮਾਜਿਕ ਜੀਵਨ ਜੀਵਿਆ ਸੀ, ਉਨ੍ਹਾਂ ਨੇ ਲੋਕ ਜੀਵਨ ਦੇ ਰੰਗ ਢੰਗ ਵੀ ਦੇਖੇ ਸਨ, ਨਿਰਧਨਾਂ ਦਾ ਧਨਵਾਨਾਂ ਵੱਲੋਂ ਅਪਮਾਨ ਤਾਂ ਉਨ੍ਹਾਂ ਨੂੰ ਖੁਦ ਕਈ ਵਾਰ ਸਹਿਨ ਕਰਨਾ ਪਿਆ ਹੋਵੇਗਾ। ਨਿਰਧਨਾਂ ਨਾਲ ਹੋ ਰਹੇ ਦੁਰ-ਵਿਵਹਾਰ ਸਰਧਨਾਂ (ਧਨਵਾਨਾਂ) ਦੇ ਆਦਰ ਹੁੰਦੇ, ਉਨ੍ਹਾਂ ਦੇਖੇ ਤੇ ਉਹ ਹਾਲ ਬਿਆਨ ਵੀ ਕੀਤੇ ਹਨ, ਜੋ ਸਮਾਜ ਵਿੱਚ ਵਰਤਣ ਵਾਲੀ ਇਕ ਸਚਾਈ ਹੈ:

ਨਿਰਧਨ ਆਦਰੁ ਕੋਈ ਨਾ ਦੇਇ॥
ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ॥1॥ ਰਹਾਉ॥
ਜਉ ਨਿਰਧਨੁ ਸਰਧਨ ਕੈ ਜਾਇ॥
ਆਗੇ ਬੈਠਾ ਪੀਠਿ ਫਿਰਾਇ॥
ਜਉ ਸਰਧਨੁ ਨਿਰਧਨ ਕੈ ਜਾਇ॥
ਦੀਆ ਆਦਰੁ ਲੀਆ ਬੁਲਾਇ॥2॥
ਨਿਰਧਨੁ ਸਰਧਨੁ ਦੋਨਉ ਭਾਈ॥
ਪ੍ਰਭ ਕੀ ਕਲਾ ਨ ਮੇਟੀ ਜਾਈ॥
ਕਹਿ ਕਬੀਰ ਨਿਰਧਨੁ ਹੈ ਸੋਈ॥
ਜਾਕੇ ਹਿਰਦੈ ਨਾਮੁ ਨ ਹੋਈ॥
(ਭੈਰਉ ਕਬੀਰ-1159)

ਅੰਤ ਵਿੱਚ ਅਧਿਆਤਮਕ ਸਹਾਰਾ, ਅਤੇ ਗਿਆਨ ਦਾ ਝਲਕਾਰਾ ਦੇ ਕੇ ਸੰਤਾਂ ਭਗਤਾਂ ਵਾਲੀ ਸਿੱਖਿਆ ਦਿੱਤੀ ਹੈ, ਕਹਿ ਕਬੀਰ ਨਿਰਧਨ ਹੈ ਸੋਈ। ਜਾਕੈ ਰਿਹਦੈ ਨਾਮੁ ਨ ਹੋਈ।

ਬਹੁਤਾ ਬੋਲਣ ਦੀ ਸਿੱਖਿਆ ਉਨ੍ਹਾਂ ਖਾਲੀ ਘੜੇ ਦੇ ਰੂਪਕ ਰਾਹੀਂ ਦਿੱਤੀ ਹੈ (ਖਾਲੀ ਘੜਾ ਹੀ ਵਧੇਰੇ ਬੋਲਦਾ ਹੈ)

ਕਹੁ ਕਬੀਰ ਛੂਛਾ ਘਟੁ ਬੋਲੈ,
ਭਰਿਆ ਹੋਇ ਸੁ ਕਬਹੁ ਨ ਡੋਲੈ॥
(ਗੋਂਡ ਕਬੀਰ-870)

ਵਧੇਰੇ ਜ਼ੋਰ ਇਸ ਨੁਕਤੇ ਉੱਤੇ ਹੈ ਕਿ ਅਸੰਤਾਂ ਜਾਂ ਮੂਰਖਾਂ ਨਾਲ ਬੋਲਣਾ ਵਾਧੂ ਝੱਖ ਮਾਰਨ ਦਾ ਕੰਮ ਹੈ। ਅਸੰਤ (ਦੁਸ਼ਟ) ਮਿਲੇ ਤਾਂ ਚੁੱਪ ਕਰ ਰਹਿਣਾ ਹੀ ਠੀਕ ਹੈ।

ਸੰਤੁ ਮਿਲੈ ਕਿਛੁ ਸੁਨੀਐ ਕਹੀਐ॥
ਮਿਲੈ ਅਸੰਤੁ ਮਸਟ ਕਰਿ ਰਹੀਐ।
(ਗੋਂਡ ਕਬੀਰ-870)

ਮੂਰਖ ਸਿਉ ਬੋਲੇ ਝੱਖ ਮਾਰੀ ਵਾਲੀ ਬੋਲਚਾਲ ਸਮੇਂ ਸੂਝਬੂਝ ਵਰਤਣ ਦੀ ਸਿੱਖਿਆ ਹੈ।

ਅਸੰਤੁ ਅਨਾੜੀ ਕਦੇ ਨਾ ਬੂਝੈ॥
ਕਥਨੀ ਕਰੇ ਤੈ ਮਾਇਆ ਨਾਲਿ ਲੂਝੈ॥
(ਗਉੜੀ ਮ: 3, 160)

ਸੰਤਾਂ ਮਾਨਉ ਦੂਤਾਂ ਡਾਨਉ ਏਹ ਕੁਟਵਾਰੀ ਮੇਰੀ। ਨਿਆਇ, ਇਨਸਾਫ ਦੀ ਕੁਤਵਾਲੀ ਦੇ ਸੁਚੱਜੇ ਫਰਜ਼ਾਂ ਨੂੰ ਉਭਾਰਿਆ ਹੈ।

ਪਟਵਾਰੀ ਦਾ ਕੰਮ ਮਾਲੀਏ ਉਗਰਾਹੀ ਕਨਕੂਤ ਲਾਉਣ ਦੇ, ਦੁੱਖ ਦੇਣ ਵਾਲੇ ਧੰਦਿਆਂ ਕਾਰਨ ਕੋਮਲ ਭਾਵਨਾਵਾਂ ਨੂੰ ਲੂਹਣ ਵਾਲਾ ਹੋਣ ਕਾਰਨ ਕਟਾਖਸ਼ੀ ਢੰਗ ਨਾਲ ਵਰਣਨ ਕੀਤਾ ਹੈ। ਹਰਿ ਕੋ ਲੋਗਾ ਮੋਕਉ ਨੀਤਿ ਡਸੈ ਪਟਵਾਰੀ (ਸੂਹੀ ਕਬੀਰ-793)। ਕਬੀਰ ਜੀ ਨੇ ਸਮਾਜਿਕ ਸੂਝ ਵਾਲੀਆਂ ਭੀ ਕਈ ਕੀਮਤੀ ਸਿੱਖਿਆ ਦਿੱਤੀਆਂ ਹਨ।

ਨੀਤੀ ਦੇ ਇਹ ਵਾਕ ਸਦਾ ਕੰਮ ਦੇਣ ਵਾਲੇ ਹਨ:

ਕਬੀਰ ਸਮੁੰਦੁ ਨ ਛੋਡੀਐ
ਜਉ ਅਤਿ ਖਾਰੋ ਹੋਇ॥
ਪੋਖਰਿ ਪੋਖਰਿ ਢੂਢਤੇ
ਭਲੋ ਨ ਕਹਿਹੈ ਕੋਇ॥
(50 ਸਲੋਕ ਕਬੀਰ-1367)

ਕਬੀਰ ਸੰਤੁ ਨ ਛਾਡੈ ਸੰਤਈ
ਜਉ ਕੋਟਿਕ ਮਿਲਹਿ ਅਸੰਤ॥
ਮਲਿਆਗਰੁ ਭੁਯੰਗਮ ਬੇਢਿਓ
ਤ ਸੀਤਲਤਾ ਨ ਤਜੰਤ॥
(174 ਸਲੋਕ ਕਬੀਰ-1373)

## ਵੈਸ਼ਨਵ ਪੰਥੀ ਕਰਮ ਕਾਂਡ :

ਵੈਸ਼ਨਵ ਧਰਮ ਦਾ ਮੁੱਖ ਕਰਮ ਸੁੱਚ ਸੋਧ ਹੈ, ਸੁੱਚ ਸੋਧ ਦੇ ਮੁੱਖ ਰੂਪ ਦੋ ਹਨ। ਪਹਿਲਾ ਚੁੱਲ੍ਹਾ ਚੌਕਾ ਸੁੱਚਾ ਰੱਖਣਾ, ਦੂਜਾ ਪਾਣੀ ਨਵਾਂ ਤੇ ਸੁੱਚਾ ਵਰਤਣਾ, ਬਾਸੇ ਪਏ ਹੋਏ ਪਾਣੀ ਵਿੱਚ, ਜੀਵ ਜੰਤੂ ਪੈਦਾ ਹੋਣ ਤੋਂ ਕਹਿੰਦੇ ਸੂਤਕ ਪੈ ਜਾਂਦਾ ਹੈ। ਇਸ ਤੋਂ ਬਚਣ ਵਾਸਤੇ ਕੋਰੇ ਭਾਂਡਿਆਂ ਨੂੰ ਮੁੱਖਤਾ ਦਿੱਤੀ ਜਾਂਦੀ ਸੀ। ਨਿਤ ਉਠ ਕੋਰੀ ਗਾਗਾਰ (ਘੜੇ) ਵਿੱਚ ਪਾਣੀ ਲਿਆਕੇ ਵਰਤਣਾ ਧਰਮ ਦਾ ਕਰਮ ਸਮਝਿਆ ਜਾਂਦਾ ਸੀ।

ਕਬੀਰ ਜੀ ਨੇ ਆਪਣੀ ਮਾਤਾ ਦੇ ਮੂੰਹ ਵਿੱਚੋਂ- ਨਿਤ ਉਠ ਕੋਰੀ ਗਾਗਰ ਆਨੈ ਦੇ ਕਰਮ-ਕਾਂਡੀ ਬਣਨ ਸਮੇਂ ਦਾ ਕੋੜਾ ਸੱਚ ਕਹਾਇਆ ਹੈ। ਇਹ ਉਸ ਵੇਲੇ ਦੀ ਦਸ਼ਾ ਹੈ ਜਦੋਂ ਉਨ੍ਹਾਂ ਨੇ ਵੈਸ਼ਨਣ ਮੱਤ ਧਾਰਨ ਕਰਕੇ, ਚੁੱਲ੍ਹੇ ਚੌਕੇ ਲਿਪੱਣ ਦੀ ਕਿਰਿਆ ਨਿਭਾਉਣੀ ਆਰੰਭੀ ਹੋਈ ਸੀ।


ਲੀਪਤ ਜੀਉ ਗਇਓ। ਸਦਾ ਚੁੱਲ੍ਹਾ ਲਿਪਣ ਦੀ ਕਿਰਿਆ ਵਿੱਚ ਜੁੱਟੇ ਰਹਿੰਦੇ ਸੀ।

ਸੁੱਚ-ਸੋਧ ਦਾ ਦੂਜਾ ਹਿੱਸਾ ਹੈ, ਸੂਤਕ ਤੋਂ ਪ੍ਰਹੇਜ਼। ਹਿੰਦੂ ਮੱਤ ਅਨੁਸਾਰ ਜਣੇਪੇ ਸਮੇਂ ਸੰਬੰਧਿਤ ਪ੍ਰਾਣੀ, ਘਰ, ਸਥਾਨ, ਭ੍ਰਿਸ਼ਟ ਹੋ ਜਾਂਦੇ ਹਨ। ਅਪਵਿੱਤਰਤਾ ਨੂੰ ਦੂਰ ਕਰਨ ਲਈ ਬ੍ਰਹਿਮਣ 13 ਦਿਨ ਕਈ ਵਾਰ ਵੱਧ ਘੱਟ ਵੀ ਅਜਿਹੇ (ਭ੍ਰਿਸ਼ਟੇ) ਘਰ ਭੋਜਣ ਨਹੀਂ ਕਰਦੇ। ਵੈਸ਼ਨਵ ਕਰਮ ਕਾਂਡ ਦਾ ਸੂਤਕ ਇਕ ਅਹਿਮ ਅੰਗ ਹੈ।

ਹਿੰਦੂਆਂ, ਖਾਸ ਕਰ ਵੈਸ਼ਨਵਾਂ ਵਿੱਚ ਇਹ ਰੀਤ ਕਰੜਾਈ ਨਾਲ ਨਿਭਾਈ ਜਾਂਦੀ ਹੈ। ਜਨਮ ਮਰਨ ਸਮੇਂ, ਮਾਤਾ, ਪਿਤਾ, ਜੂਠੇ ਅਤੇ ਭਿੱਟੇ ਹੋਏ ਮੰਨੇ ਜਾਂਦੇ ਹਨ। ਕਬੀਰ ਜੀ ਦੀ ਰਚਨਾ ਵਿੱਚ ਪਹਿਲਾਂ ਇਸ ਸੁੱਚ-ਭਿੱਟ ਦਾ ਜਿਕਰ ਹਾਂ ਪੱਖੀ ਰਿਹਾ, ਜਦੋਂ ਉਹ ਖੁਦ ਕਰਦੇ ਸੀ। ਫਿਰ ਕਰੜਾ ਵਿਰੋਧ ਆਇਆ ਹੈ।

ਕਬੀਰ ਬਾਣੀ ਦੱਸਦੀ ਹੈ, ਕਬੀਰ ਜੀ ਪਹਿਲਾਂ ਸੁੱਚ ਸੋਧ ਤਾਜ਼ਾ ਪਾਣੀ ਲਿਆਉਣ, ਚੁੱਲ੍ਹਾ ਚੌਕਾ ਲਿੱਪਣ ਪੋਚਣ ਦੀ ਕਿਰਿਆ ਵਿੱਚ ਖੂਬ ਪ੍ਰਵਿਰਤ ਹੋਏ ਸਨ, ਫਿਰ ਉਨ੍ਹਾਂ ਦੀ ਹੀ ਬਾਣੀ ਵਿਰੋਧੀ ਹੋਣਾ ਦੱਸਦੀ ਹੈ।

ਇੰਝ ਕਬੀਰ ਜੀ ਦੇ ਕਈ ਪਦੇ ਇਕ ਦੂਜੇ ਦੇ ਪੂਰਕ ਸਮਝਕੇ ਵਿਚਾਰਨੇ ਠੀਕ ਰਹਿਣਗੇ, ਇਕ ਪਦਾ, ਮਾਤਾ ਜੂਠੀ ਪਿਤਾ ਵੀ ਜੂਠਾ, ਬਸੰਤ ਰਾਗ ਵਿੱਚ ਹੈ। ਦੂਜਾ ਪਦਾ ਜਲ ਹੈ ਸੂਤਕ ਥਲ ਹੈ ਸੂਤਕ ਗਉੜੀ ਰਾਗ ਵਿੱਚ ਹੈ। ਇਹ ਪਦੇ ਗੁਣ-ਆਤਮਕ ਪ੍ਰਵਰਤਨ ਦੇ ਪ੍ਰਮਾਣ ਹਨ: ਸੂਤਕ ਅਤੇ ਸੋਧ ਦੇ ਪ੍ਰਚਾਰਕ ਵਧੇਰੇ ਪੰਡੇ (ਪੰਡਤ) ਹੁੰਦੇ ਹਨ, ਇਨ੍ਹਾਂ ਸ਼ਬਦਾਂ ਦੇ ਸੰਬੋਧਨੀ ਸੁਰ ਦਾ ਨਿਸ਼ਾਨਾ (ਕਹੁ ਪੰਡਤ ਸੂਚਾ ਕਵਨ ਠਾਉ) ਪੰਡਤ ਜੀ ਹੀ ਹਨ।



ਸੰਬੰਧਿਤ ਪਦਿਆਂ ਦਾ ਅਧਿਐਨ ਰਚਨਾ ਦੇ ਇਸ ਪੱਖ ਨੂੰ ਦ੍ਰਿਸ਼ਟੀ ਵਿੱਚ ਰੱਖਦਿਆਂ ਕਰਨ ਦੀ ਲੋੜ ਹੈ। ਜਿਸ ਕਬੀਰ ਜੀ ਨੇ, ਚੁੱਲ੍ਹਾ ਚੌਕਾ ਲਿੱਪਣ ਵਿੱਚ ਜ਼ਿੰਦਗੀ ਦੇ ਕਿੰਨੇ ਹੀ ਵਰ੍ਹੇ ਗੁਆਏ ਸਨ ਫਿਰ ਜੂਠੇ ਬੈਸ ਪਕਾਇਆ ਦੇ ਵਿਅੰਗ ਕਰਨ ਲੱਗੇ। ਰਾਗ ਬਸੰਤ (ਹਿੰਡੋਲ) ਦਾ ਸ਼ਬਦ ਬ੍ਰਹਿਮਣੀ ਸੁੱਚ ਸੋਧ ਉੱਤੇ ਖਰੇ ਖਰੇ ਕਟਾਖਸ਼ ਕਰਦਾ ਹੈ:

ਮਾਤਾ ਜੂਠੀ ਪਿਤਾ ਭੀ ਜੂਠਾ
ਜੂਠੇ ਹੀ ਫਲ ਲਾਗੇ॥
ਆਵਹਿ ਜੂਠੇ ਜਾਹਿ ਭੀ ਜੂਠੇ
ਜੂਠੇ ਮਰਹਿ ਅਭਾਗੇ॥
ਕਹੁ ਪੰਡਿਤ ਸੂਚਾ ਕਵਨੁ ਠਾਉ।
ਜਹਾ ਬੈਸਿ ਹਉ ਭੋਜਨੁ ਖਾਉ॥1॥ਰਹਾਉ
ਜਿਹਬਾ ਜੂਠੀ ਬੋਲਤ ਜੂਠਾ
ਕਰਨ ਨੇਤ੍ਰ ਸਭਿ ਜੂਠੇ॥
ਇੰਦ੍ਰੀ ਕੀ ਜੂਠ ਉਤਰਸਿ ਨਾਹੀ
ਬ੍ਰਹਮ ਅਗਨਿ ਕੇ ਲੂਠੇ॥2॥
ਅਗਨਿ ਭੀ ਜੂਠੀ ਪਾਨੀ ਜੂਠਾ
ਜੂਠੀ ਬੈਸਿ ਪਕਾਇਆ॥
ਜੂਠੀ ਕਰਛੀ ਪਰੋਸਨ ਲਾਗਾ
ਜੂਠੇ ਹੀ ਬੈਠ ਖਾਇਆ॥
ਗੋਬਰੁ ਜੂਠਾ ਚਉਕਾ ਜੂਠਾ।
ਜੂਠੀ ਦੀਨੀ ਕਾਰਾ॥
ਕਹਿ ਕਬੀਰ ਤੇਈ ਨਰ ਸੂਚੇ
ਸਾਚੀ-ਪਰੀ ਬਿਚਾਰਾ॥
(ਬਸੰਤ ਹਿੰਡੋਲ ਘਰ 2, ਕਬੀਰ ਜੀ-1195)

ਸੂਤਕ ਦੇ ਵਿਰੋਧ ਵਿੱਚ ਭੀ ਕਬੀਰ ਜੀ ਨੇ ਇਸੇ ਹੀ ਕਰੜੇ ਅੰਦਾਜ਼ ਵਿੱਚ ਖਰੀਆਂ ਖਰੀਆਂ ਸੁਣਾਈਆਂ ਹਨ:

ਜਲਿ ਹੈ ਸੂਤਕੁ ਥਲਿ ਹੈ
ਸੂਤਕੁ ਸੂਤਕ ਓਪਤਿ ਹੋਈ॥
ਜਨਮੇ ਸੂਤਕੁ ਮੂਏ ਫੁਨਿ
ਸੂਤਕੁ ਸੂਤਕ ਪਰਜ ਬਿਗੋਈ॥
ਕਹੁ ਰੇ ਪੰਡੀਆਂ ਕਉਨ ਪਵੀਤਾ॥
ਐਸਾ ਗਿਆਨੁ ਜਪਹੁ ਮੇਰੇ ਮੀਤਾ॥ਰਹਾਉ॥
ਨੈਨਹੁ ਸੂਤਕੁ ਬੈਨਹੁ ਸੂਤਕੁ
ਸੂਤਕੁ ਸ੍ਰਵਨੀ ਹੋਈ।
ਊਠਤ ਬੈਠਤ ਸੂਤਕੁ ਲਾਗੈ,
ਸੂਤਕੁ ਪਰੈ ਰਸੋਈ॥2॥
ਫਾਸਨ ਕੀ ਬਿਧਿ ਸਭੁ ਕੋਊ
ਜਾਨੈ ਛੂਟਨ ਕੀ ਇਕੁ ਕੋਈ।
ਕਹਿ ਕਬੀਰ ਰਾਮੁ ਰਿਦੇ ਬਿਚਾਰੈ
ਸੂਤਕੁ ਤਿਨੈ ਨ ਹੋਈ॥3॥42॥
(ਗਉੜੀ ਕਬੀਰ-331) **ਚਲਦਾ.....**

# ਐਨ ਆਰ ਆਈ ਵਿਧਵਾ ਬਣ ਕੇ ਪੰਜਾਬੀ ਗੱਭਰੂਆਂ ਨੂੰ ਸ਼ਿਕਾਰ ਬਣਾ ਰਿਹਾ 'ਹੁਸੀਨਾ ਗੈਂਗ'




ਜਲੰਧਰ-ਪੰਜਾਬ ਦੇ ਨੌਜਵਾਨਾਂ ਵਿੱਚ ਵਿਦੇਸ਼ ਜਾਣ ਅਤੇ ਉੱਥੇ ਜਾ ਕੇ ਆਪਣਾ ਕਾਰੋਬਾਰ ਸਥਾਪਿਤ ਕਰਨ ਦਾ ਜਨੂੰਨ ਹੁਣ ਸਾਈਬਰ ਠੱਗਾਂ ਲਈ ਕਮਾਈ ਦਾ ਇੱਕ ਬਹੁਤ ਵੱਡਾ ਅਤੇ ਸ਼ਾਤਿਰ ਜ਼ਰੀਆ ਬਣ ਚੁੱਕਾ ਹੈ। ਪਹਿਲਾਂ ਜਿੱਥੇ ਫਰਜ਼ੀ ਟ੍ਰੈਵਲ ਏਜੰਟ ਨੌਕਰੀ ਅਤੇ ਵੀਜ਼ੇ ਦੇ ਨਾਂ 'ਤੇ ਲੁੱਟ ਕਰਦੇ ਸਨ, ਉੱਥੇ ਹੀ ਹੁਣ ਇੰਟਰਨੈੱਟ ਮੀਡੀਆ 'ਤੇ ਇੱਕ ਨਵਾਂ ਖ਼ਤਰਨਾਕ ਟ੍ਰੈਂਡ ਸਾਹਮਣੇ ਆਇਆ ਹੈ।

ਇੱਥੇ ਸਰਗਰਮ ਮਹਿਲਾ ਠੱਗ ਆਪਣੇ-ਆਪ ਨੂੰ ਵਿਦੇਸ਼ੀ 'ਅਮੀਰ ਐਨ ਆਰ ਆਈ ਵਿਧਵਾ' ਦੱਸ ਕੇ ਨੌਜਵਾਨਾਂ ਨੂੰ ਆਪਣਾ ਸ਼ਿਕਾਰ ਬਣਾ ਰਹੀਆਂ ਹਨ। ਮਹਾਨਗਰ ਜਲੰਧਰ ਵਿੱਚ ਅਜਿਹੇ ਹੀ ਤਿੰਨ ਵੱਖ-ਵੱਖ ਮਾਮਲੇ ਸਾਹਮਣੇ ਆਏ ਹਨ, ਜਿੱਥੇ ਨੌਜਵਾਨਾਂ ਕੋਲੋਂ ਲਗਭਗ 92 ਲੱਖ ਰੁਪਏ ਦੀ ਮੋਟੀ ਰਕਮ ਠੱਗ ਲਈ ਗਈ ਹੈ।

### ਕਿਵੇਂ ਬੁਣਿਆ ਜਾਂਦਾ ਹੈ ਠੱਗੀ ਦਾ ਜਾਲ?

ਇਹ ਗੈਂਗ ਇੰਟਰਨੈੱਟ ਮੀਡੀਆ ਪ੍ਰੋਫਾਈਲਾਂ 'ਤੇ ਮਹਿੰਗੀਆਂ ਗੱਡੀਆਂ, ਆਲੀਸ਼ਾਨ ਬੰਗਲੇ, ਵਿਦੇਸ਼ੀ ਦਫ਼ਤਰ ਅਤੇ ਕਰੋੜਾਂ ਦੇ ਕਾਰੋਬਾਰ ਦੀਆਂ ਫ਼ੋਟੋਆਂ ਪਾ ਕੇ ਆਪਣੇ-ਆਪ ਨੂੰ ਕੈਨੇਡਾ, ਆਸਟ੍ਰੇਲੀਆ ਜਾਂ ਦੁਬਈ ਦੀਆਂ ਸਫ਼ਲ ਬਿਜ਼ਨੈੱਸ ਵੂਮੈਨ ਸਾਬਤ ਕਰਦਾ ਹੈ। ਫਿਰ ਨੌਜਵਾਨਾਂ ਨਾਲ ਦੋਸਤੀ ਕਰ ਕੇ ਉਨ੍ਹਾਂ ਨੂੰ ਵਿਦੇਸ਼ ਵਿੱਚ ਹੋਟਲ ਮੈਨੇਜਮੈਂਟ ਸੰਭਾਲਣ, ਪ੍ਰਾਪਰਟੀ ਵਿੱਚ ਹਿੱਸੇਦਾਰੀ ਦੇਣ, ਬਿਜ਼ਨੈੱਸ ਪਾਰਟਨਰ ਬਣਾਉਣ ਜਾਂ ਵਿਆਹ ਕਰ ਕੇ ਉੱਥੇ ਪੱਕੇ ਤੌਰ 'ਤੇ ਵਸਾਉਣ ਦੇ ਸੁਪਨੇ ਦਿਖਾਏ ਜਾਂਦੇ ਹਨ। ਲੰਬੀ ਗੱਲਬਾਤ ਰਾਹੀਂ ਪੂਰਾ ਭਰੋਸਾ ਜਿੱਤਣ ਤੋਂ ਬਾਅਦ, ਵੱਖ-ਵੱਖ ਸਰਕਾਰੀ ਫੀਸਾਂ ਅਤੇ ਪ੍ਰੋਸੈਸਿੰਗ ਦੇ ਬਹਾਨੇ ਪੈਸੇ ਮੰਗਣੇ ਸ਼ੁਰੂ ਕੀਤੇ ਜਾਂਦੇ ਹਨ।

## ਅੱਖਾਂ ਬੰਦ ਕਰ ਕੇ ਨਾ ਕਰੋ ਭਰੋਸਾ

ਪੰਜਾਬ ਟਾਈਮਜ਼ ਅਨੁਸਾਰ "ਸੋਸ਼ਲ ਮੀਡੀਆ 'ਤੇ ਦਿਖਾਈ ਜਾਣ ਵਾਲੀ ਲਗਜ਼ਰੀ ਲਾਈਫ ਸਟਾਈਲ ਅਤੇ ਵਿਦੇਸ਼ੀ ਬਿਜ਼ਨੈੱਸ ਆਫ਼ਰਸ 'ਤੇ ਅੱਖਾਂ ਬੰਦ ਕਰ ਕੇ ਭਰੋਸਾ ਕਰਨਾ ਬੇਹੱਦ ਖ਼ਤਰਨਾਕ ਹੋ ਸਕਦਾ ਹੈ। ਕਿਸੇ ਵੀ ਵਿਦੇਸ਼ੀ ਨੌਕਰੀ, ਕਾਰੋਬਾਰ ਜਾਂ ਨਿਵੇਸ਼ ਦੇ ਪ੍ਰਸਤਾਵ ਦੀ ਪੁਸ਼ਟੀ ਹਮੇਸ਼ਾ ਸਰਕਾਰੀ ਪੋਰਟਲ ਅਤੇ ਅਧਿਕਾਰਤ ਏਜੰਸੀਆਂ ਰਾਹੀਂ ਜ਼ਰੂਰ ਕਰੋ। ਕਿਸੇ ਅਣਜਾਣ ਵਿਅਕਤੀ ਦੇ ਖਾਤੇ ਵਿੱਚ ਪੈਸੇ ਟ੍ਰਾਂਸਫਰ ਕਰਨ ਤੋਂ ਬਚੋ।"

### ਜਲੰਧਰ ਦੇ ਇਹ 3 ਨੌਜਵਾਨ ਬਣੇ ਸ਼ਿਕਾਰ

ਕੇਸ 1: ਕੈਨੇਡਾ 'ਚ ਕਾਰੋਬਾਰ ਦਾ ਝਾਂਸਾ, 24 ਲੱਖ ਲਈ ਗਿਰਵੀ ਰੱਖਣੀ ਪਈ ਜ਼ਮੀਨ। ਬਸਤੀ ਨੌ ਦੇ ਰਹਿਣ ਵਾਲੇ ਸਾਹਿਲ ਨੂੰ ਸੋਸ਼ਲ ਮੀਡੀਆ ਰਾਹੀਂ ਇੱਕ ਔਰਤ ਨੇ ਸੰਪਰਕ ਕੀਤਾ। ਖ਼ੁਦ ਨੂੰ ਕੈਨੇਡਾ ਦੀ ਐਨ ਆਰ ਆਈ ਬਿਜ਼ਨੈੱਸ ਵੂਮੈਨ ਦੱਸ ਕੇ ਉਸ ਨੇ ਸਾਹਿਲ ਨੂੰ ਇੱਕ ਵੱਡੀ ਕੰਪਨੀ ਵਿੱਚ ਹਿੱਸੇਦਾਰੀ ਦਾ ਝਾਂਸਾ ਦਿੱਤਾ। ਕਰੀਬ ਡੇਢ ਮਹੀਨੇ ਦੀ ਗੱਲਬਾਤ ਤੋਂ ਬਾਅਦ ਠੱਗਾਂ ਨੇ ਨਕਲੀ ਕੈਨੇਡੀਅਨ ਲੋਕੇਸ਼ਨ, ਫਰਜ਼ੀ ਕੰਪਨੀ ਦੇ ਦਸਤਾਵੇਜ਼ ਅਤੇ ਇਨਵੈਸਟਮੈਂਟ ਐਗਰੀਮੈਂਟ ਭੇਜ ਕੇ ਸਾਹਿਲ ਨੂੰ ਪੂਰਾ ਯਕੀਨ ਦਿਵਾ ਦਿੱਤਾ। ਇਸ ਤੋਂ ਬਾਅਦ ਰਿਫੰਡੇਬਲ ਸਕਿਓਰਿਟੀ ਅਤੇ ਪ੍ਰੋਸੈਸਿੰਗ ਫੀਸ ਦੇ ਨਾਂ 'ਤੇ ਉਸ ਕੋਲੋਂ 24 ਲੱਖ ਰੁਪਏ ਠੱਗ ਲਏ ਗਏ। ਇਸ ਰਕਮ ਦਾ ਇੰਤਜ਼ਾਮ ਕਰਨ ਲਈ ਸਾਹਿਲ ਨੂੰ ਆਪਣੀ ਪੁਰਾਣੀ ਜ਼ਮੀਨ ਤੱਕ ਗਿਰਵੀ ਰੱਖਣੀ ਪੈ ਗਈ।

### ਕੇਸ 2: ਨਕਲੀ ਅਫ਼ਸਰ ਤੋਂ ਇੰਟਰਵਿਊ ਕਰਵਾ ਕੇ ਲੱਕੜ ਦੇ ਕਾਰੀਗਰ ਤੋਂ ਠੱਗੇ 31 ਲੱਖ

ਦੂਜੇ ਮਾਮਲੇ ਵਿੱਚ ਲੱਕੜ ਦਾ ਕੰਮ ਕਰਨ ਵਾਲੇ ਅਮਨਦੀਪ ਨੂੰ ਵਿਦੇਸ਼ ਵਿੱਚ ਸੈਟਲ ਕਰਨ ਦਾ ਵਾਅਦਾ ਕੀਤਾ ਗਿਆ। ਔਰਤ ਨੇ ਖ਼ੁਦ ਨੂੰ ਉੱਥੇ ਦੀ ਪੱਕੀ ਨਾਗਰਿਕ ਦੱਸ ਕੇ ਬਿਜ਼ਨੈੱਸ ਪਾਰਟਨਰ ਬਣਨ ਦਾ ਆਫ਼ਰ ਦਿੱਤਾ। ਭਰੋਸਾ ਜਿੱਤਣ ਲਈ ਠੱਗਾਂ ਨੇ ਇੱਕ ਵਿਅਕਤੀ ਨੂੰ ਫਰਜ਼ੀ ਵੀਜ਼ਾ ਅਧਿਕਾਰੀ ਬਣਾ ਕੇ ਵੀਡੀਓ ਕਾਲ 'ਤੇ ਅਮਨਦੀਪ ਦੀ ਇੰਟਰਵਿਊ ਵੀ ਕਰਵਾਈ। ਇਸ ਤੋਂ ਬਾਅਦ ਵੱਖ-ਵੱਖ ਫੀਸਾਂ ਦੇ ਨਾਂ 'ਤੇ 31 ਲੱਖ ਰੁਪਏ ਠੱਗ ਲਏ ਗਏ। ਬਾਅਦ ਵਿੱਚ ਜਦੋਂ ਅਮਨਦੀਪ ਨੇ ਐਗਰੀਮੈਂਟ ਅਤੇ ਵੈੱਬਸਾਈਟ ਦੀ ਜਾਂਚ ਕਰਵਾਈ ਤਾਂ ਉਸ ਵਿੱਚ ਅੰਗਰੇਜ਼ੀ ਦੀਆਂ ਕਈ ਗਲਤੀਆਂ ਮਿਲੀਆਂ ਅਤੇ ਵੈੱਬਸਾਈਟ ਵੀ ਸਿਰਫ਼ 3 ਮਹੀਨੇ ਪੁਰਾਣੀ ਨਿਕਲੀ, ਪਰ ਉਦੋਂ ਤੱਕ ਉਹ ਆਪਣੀ ਸਾਰੀ ਜਮ੍ਹਾ ਪੂੰਜੀ ਗੁਆ ਚੁੱਕਾ ਸੀ।

ਕੇਸ 3: ਦੁਬਈ ਦੀ 'ਅਮੀਰ ਵਿਧਵਾ' ਨੇ ਫਸਾਇਆ, ਮਾਂ ਦੇ ਗਹਿਣੇ ਤੱਕ ਵਿਕੇ-ਸ਼ਹਿਰ ਦੇ ਰਹਿਣ ਵਾਲੇ ਰਾਜੇਸ਼ ਨੂੰ ਦੁਬਈ ਦੀ ਇੱਕ ਕਥਿਤ ਅਮੀਰ ਔਰਤ ਨੇ ਆਪਣੇ ਜਾਲ ਵਿੱਚ ਫਸਾਇਆ ਅਤੇ ਦੁਬਈ ਵਿੱਚ ਲਗਜ਼ਰੀ ਆਫ਼ਿਸ ਦਿਵਾਉਣ ਦਾ ਝਾਂਸਾ ਦਿੱਤਾ। ਹੌਲੀ-ਹੌਲੀ ਟ੍ਰੇਡ ਲਾਇਸੈਂਸ, ਪ੍ਰੋਸੈਸਿੰਗ ਫੀਸ ਅਤੇ ਹਵਾਈ ਟਿਕਟ ਦੇ ਨਾਂ 'ਤੇ ਉਸ ਕੋਲੋਂ 37 ਲੱਖ ਰੁਪਏ ਵਸੂਲ ਲਏ ਗਏ। ਇਹ ਰਕਮ ਇਕੱਠੀ ਕਰਨ ਲਈ ਰਾਜੇਸ਼ (ਗੁਰਕੀਰਤ) ਨੇ ਪਰਿਵਾਰ ਦੀ ਸਾਰੀ ਬੱਚਤ ਖ਼ਰਚ ਕਰ ਦਿੱਤੀ ਅਤੇ ਆਪਣੀ ਮਾਂ ਦੇ ਗਹਿਣੇ ਤੱਕ ਵੇਚ ਦਿੱਤੇ। ਆਖ਼ਰਕਾਰ, ਟਿਕਟ ਭੇਜਣ ਦਾ ਝਾਂਸਾ ਦੇ ਕੇ ਔਰਤ ਨੇ ਆਪਣਾ ਅਕਾਊਂਟ ਬੰਦ ਕਰ ਦਿੱਤਾ ਅਤੇ ਨੌਜਵਾਨ ਨੂੰ ਬਲਾਕ ਕਰ ਦਿੱਤਾ।

# ਮੋਬਾਈਲ ਸਕ੍ਰੀਨ ਤੋਂ ਸਿੱਧਾ ਪਾਲੀਵੁੱਡ ਦੇ ਵੱਡੇ ਪਰਦੇ 'ਤੇ !

## ✪ ਮਹਿਜ਼ ਸਾਢੇ 5 ਸਾਲ ਦੀ ਉਮਰ ਵਿਚ ਫਿਲਮੀ ਸਟਾਰ ਬਣਿਆ ਰੀਲਾਂ ਵਾਲਾ ਨਿੱਕਾ 'ਬਾਜ'

ਚੰਡੀਗੜ੍ਹ-ਸੋਸ਼ਲ ਮੀਡੀਆ 'ਤੇ ਆਪਣੇ ਡੈਡੀ ਨਾਲ ਕਿਊਟ ਅਤੇ ਮਾਸੂਮ ਰੀਲਾਂ ਬਣਾ ਕੇ ਲੱਖਾਂ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲਾ ਸਾਰਿਆਂ ਦਾ ਚਹੇਤਾ ਨਿੱਕਾ 'ਬਾਜ' ਹੁਣ ਇੱਕ ਵੱਡੇ ਮੁਕਾਮ 'ਤੇ ਪਹੁੰਚ ਗਿਆ ਹੈ। ਛੋਟੇ ਮੋਬਾਈਲ ਫੋਨਾਂ ਦੀ ਸਕ੍ਰੀਨ 'ਤੇ ਧਮਾਲ ਮਚਾਉਣ ਵਾਲਾ ਇਹ ਨਿੱਕਾ ਜਿਹਾ ਬਾਲ ਕਲਾਕਾਰ ਹੁਣ ਪਾਲੀਵੁੱਡ (ਪੰਜਾਬੀ ਸਿਨੇਮਾ) ਦੇ ਵੱਡੇ ਪਰਦੇ 'ਤੇ ਬਤੌਰ ਫਿਲਮੀ ਸਟਾਰ ਚਮਕ ਉੱਠਿਆ ਹੈ। ਹਾਲ ਹੀ ਵਿੱਚ ਰਿਲੀਜ਼ ਹੋਈ ਪੰਜਾਬੀ ਫਿਲਮ 'ਹਾਏ ਨੀ ਬੇਬੇ ਮੇਰੀਏ' ਵਿੱਚ ਬਾਜ ਨੇ ਆਪਣੀ ਸ਼ਾਨਦਾਰ ਅਤੇ ਮਾਸੂਮ ਅਦਾਕਾਰੀ ਦਾ ਅਜਿਹਾ ਜਲਵਾ ਦਿਖਾਇਆ ਹੈ ਕਿ ਸਿਨੇਮਾਘਰਾਂ ਵਿੱਚ ਹਰ ਕੋਈ ਉਸ ਦਾ ਦੀਵਾਨਾ ਹੋ ਗਿਆ ਹੈ।



ਤੁਹਾਨੂੰ ਇਹ ਸੁਣ ਕੇ ਬੇਹੱਦ ਹੈਰਾਨੀ ਹੋਵੇਗੀ ਕਿ ਵੱਡੇ-ਵੱਡੀਆਂ ਅਦਾਕਾਰਾਂ ਵਾਂਗ ਪਰਦੇ 'ਤੇ ਡਾਇਲਾਗ ਬੋਲਣ ਵਾਲੇ ਬਾਜ ਦੀ ਉਮਰ ਮਹਿਜ਼ ਸਾਢੇ ਪੰਜ ਸਾਲ ਹੈ। ਉਹ ਅਜੇ ਪਹਿਲੀ ਕਲਾਸ ਵਿੱਚ ਪੜ੍ਹਦਾ ਹੈ। ਜਿੱਥੇ ਇਸ ਉਮਰ ਵਿੱਚ ਆਮ ਤੌਰ 'ਤੇ ਬੱਚੇ ਸਿਰਫ਼ ਖੇਡਣ-ਕੁੱਦਣ ਵਿੱਚ ਮਸਤ ਰਹਿੰਦੇ ਹਨ, ਉੱਥੇ ਹੀ ਨਿੱਕਾ ਬਾਜ ਆਪਣੀ ਸਕੂਲ ਦੀ ਪੜ੍ਹਾਈ ਦੇ ਨਾਲ-ਨਾਲ ਫਿਲਮਾਂ ਦੀ ਸ਼ੂਟਿੰਗ ਦੇ ਰੁੱਝੇ ਹੋਏ ਸ਼ੈਡਿਊਲ ਨੂੰ ਵੀ ਬੜੀ ਸਮਝਦਾਰੀ ਨਾਲ ਸੰਭਾਲ ਰਿਹਾ ਹੈ।

ਇਸ ਨਿੱਕੇ ਸਟਾਰ ਨੇ ਆਪਣੀ ਮਾਸੂਮੀਅਤ ਭਰੇ ਅੰਦਾਜ਼ ਵਿੱਚ ਦੱਸਿਆ ਕਿ "ਸਕੂਲ ਜਾਣ ਦੇ ਨਾਲ-ਨਾਲ ਫਿਲਮ ਦੀ ਸ਼ੂਟਿੰਗ ਕਰਨਾ ਉਸ ਲਈ ਥੋੜਾ ਮੁਸ਼ਕਿਲ ਜ਼ਰੂਰ ਸੀ। ਪਰ ਉਸ ਨੇ ਅੱਗੇ ਬੜੀ ਖੁਸ਼ੀ ਨਾਲ ਕਿਹਾ ਜਦੋਂ ਹੁਣ ਲੋਕ ਮੈਨੂੰ ਫਿਲਮਾਂ ਕਰਕੇ ਪਛਾਣਦੇ ਨੇ ਅਤੇ ਪਿਆਰ ਦਿੰਦੇ ਨੇ, ਤਾਂ ਮੈਨੂੰ ਬਹੁਤ ਜ਼ਿਆਦਾ ਖੁਸ਼ੀ ਹੁੰਦੀ ਹੈ ਅਤੇ ਮੇਰੀ ਸਾਰੀ ਮਿਹਨਤ ਸਫ਼ਲ ਹੋ ਜਾਂਦੀ ਹੈ।"

ਬਾਜ ਨੇ ਆਪਣੇ ਸਫ਼ਰ ਦੀ ਸ਼ੁਰੂਆਤ ਇੰਸਟਾਗ੍ਰਾਮ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਆਪਣੇ ਪਿਤਾ ਨਾਲ ਮਜ਼ੇਦਾਰ ਅਤੇ ਪਿਆਰੀਆਂ ਵੀਡੀਓਜ਼ ਬਣਾ ਕੇ ਕੀਤੀ ਸੀ। ਦੇਖਦੇ ਹੀ ਦੇਖਦੇ ਉਸ ਦੀਆਂ ਵੀਡੀਓਜ਼ ਇੰਨੀਆਂ ਵਾਇਰਲ ਹੋਈਆਂ ਕਿ ਉਹ ਪੰਜਾਬ ਦੇ ਘਰ-ਘਰ ਵਿੱਚ ਪਛਾਣਿਆ ਜਾਣ ਲੱਗਾ। ਇਸੇ ਪ੍ਰਸਿੱਧੀ ਸਦਕਾ ਉਸ ਨੂੰ ਪਾਲੀਵੁੱਡ ਦੇ ਵੱਡੇ ਪ੍ਰੋਜੈਕਟਾਂ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਫਿਲਮ 'ਹਾਏ ਨੀ ਬੇਬੇ ਮੇਰੀਏ' ਵਿੱਚ ਉਸ ਦੀ ਅਦਾਕਾਰੀ ਨੂੰ ਦੇਖ ਕੇ ਫਿਲਮ ਇੰਡਸਟਰੀ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਨਿੱਕਾ ਬਾਜ ਆਉਣ ਵਾਲੇ ਸਮੇਂ ਵਿੱਚ ਪੰਜਾਬੀ ਸਿਨੇਮਾ ਦਾ ਇੱਕ ਬਹੁਤ ਵੱਡਾ ਸਿਤਾਰਾ ਬਣੇਗਾ।

# ਕਾਵਿ-ਕਿਆਰੀ

## ਗਜ਼ਲ



ਡਾ. ਮੁਹਿੰਦਰ ਸਿੰਘ ਰਾਏ

ਦੁਸ਼ਮਣ ਨੂੰ ਗਲ਼ ਲਾ ਬੈਠੇ ਹਾਂ।
ਸਭ ਮਿੱਤਰਾਂ ਨੂੰ ਭੁਲਾ ਬੈਠੇ ਹਾਂ।
ਦੇ ਕੁਰਬਾਨੀਆਂ ਅਜ਼ਾਦੀ ਲਈ,
ਫੇ ਗੁਲਾਮੀ ਗਲ਼ ਪੁਆ ਬੈਠੇ ਹਾਂ।
ਮਾਰਨਾ ਚਾਹੁੰਦੇ ਜੋ, ਉਹਨਾਂ ਕੋਲੋਂ,
ਹਰ ਪੁੱਠੀ ਲੈ ਸਲਾਹ ਬੈਠੇ ਹਾਂ।
ਜੋਸ਼ ਵਿੱਚ ਆ ਕੇ ਭੱਥੇ ਵਿੱਚੋਂ,
ਸਾਰੇ ਤੀਰ ਗੁਆ ਬੈਠੇ ਹਾਂ।
ਰਲ਼ ਕੇ ਬਹੁ ਗਿਣਤੀ ਦੇ ਨਾਲ,
ਝੁੱਗਾ ਚੌੜ ਕਰਵਾ ਬੈਠੇ ਹਾਂ।
ਦਿੱਤਾ ਸੀ ਜੋ ਬੋਧੀਆਂ ਜੈਨੀਆਂ ਨੂੰ,
ਮਿੱਠਾ ਜ਼ਹਿਰ ਉਹੀ ਖਾ ਬੈਠੇ ਹਾਂ ।
ਸੱਚ ਮੋਹਰੇ ਝੂਠ ਚਮਕਾਉਂਦੇ,
ਅੱਖੀਂ ਲਿਸ਼ਕਾਰਾ ਪਵਾ ਬੈਠੇ ਹਾਂ ।
ਹੱਕ ਮੰਗੀਏ ਤਾਂ ਮਾਰੇ ਜਾਈਏ,
ਅਕਾਲ ਤਖਤ ਢੁਆ ਬੈਠੇ ਹਾਂ ।
ਥੱਕ ਗਏ ਹਾਂ ਇਨਸਾਫ਼ ਮੰਗਦੇ,
ਜੁਤੀਆਂ ਪੈਰ ਘਸਾ ਬੈਠੇ ਹਾਂ ।
ਬਦਲੀ ਜਾਣ ਇਤਿਹਾਸ ਵੀ ਸਾਡਾ,
ਆਪਣੀ ਬੋਲੀ ਗੋਦ ਛੁਪਾ ਬੈਠੇ ਹਾਂ।
ਸ੍ਰੀ ਗੁਰੂ ਗ੍ਰੰਥ ਦਾ ਛੱਡ ਕੇ ਪੱਲਾ,
ਜਾ ਕੁੰਭ ਦੇ ਮੇਲੇ ਨਹਾ ਬੈਠੇ ਹਾਂ ।
ਸਿਰ ਉੱਤੋਂ ਲੰਘਦੀ ਗੱਲ ਗੁਰੂ ਦੀ,
ਪੱਗਾਂ 'ਚ ਸਿਰ ਫਸਾ ਬੈਠੇ ਹਾਂ।
ਡੰਗ ਰਹੇ ਹਾਂ ਕੌਮ ਆਪਣੀ ਹੀ,
ਅਣਖ ਦੀ ਕੰਜ ਲੁਹਾ ਬੈਠੇ ਹਾਂ ।
ਸੱਚੇ ਮਲਾਹ ਸੀ ਅਜ਼ਾਦੀ ਬੇੜੀ ਦੇ,
ਮੰਝਧਾਰ ਵਿੱਚ ਮਲਾਹ ਬੈਠੇ ਹਾਂ।
ਉਹ ਸਾਡੀ ਹੂਕ ਨੂੰ ਸ਼ੋਰ ਨੇ ਕਹਿੰਦੇ,
'ਰਾਏ' ਚੁੱਪ ਨੂੰ ਕਥਾ ਬਣਾ ਬੈਠੇ ਹਾਂ।

## ਮਾਵਾਂ



ਰਛਪਾਲ ਸਿੰਘ ਰੈਸਲ (ਨਾਭਾ)

ਐਸੀ ਵੀ ਇੱਕ ਮਾਂ ਹੁੰਦੀ ਆ
ਕੱਲਮ-ਕੱਲਿਆਂ ਰਹਿੰਦੀ ਵੀ ਜੋ,
ਪੂਰਾ ਸ਼ਹਿਰ ਗਰਾਂ ਹੁੰਦੀ ਆ।
ਐਸੀ ਵੀ ਇੱਕ ਮਾਂ ਹੁੰਦੀ ਆ।

ਤਿਲ ਤਿਲ ਕਰਕੇ ਜੋੜੀ ਜਾਵੇ,
ਜਗ ਦਾ ਕਰਜ਼ਾ ਮੋੜੀ ਜਾਵੇ।
ਲੱਖਾਂ ਥੁੜਾਂ ਦੀ ਮਾਰੀ ਵੀ ਜੋ,
ਸਬਰ ਦਾ ਉੱਚਾ ਨਾ ਹੁੰਦੀ ਆ।
ਐਸੀ ਵੀ ਇੱਕ ਮਾਂ ਹੁੰਦੀ ਆ

ਰੋਮ ਰੋਮ ਕਰਜਾਈ ਹੋਵੇ,
ਜਦ ਉਹ ਡਾਢਾ ਲਾਡ ਲਡਾਵੇ।
ਵਿੱਚ ਵਿਦੇਸ਼ਾਂ ਪੁੱਤ ਨੂੰ ਤੋਰੇ,
ਦਿਲ 'ਤੇ ਪੱਥਰ ਰੱਖ ਕੇ ਹਾਏ।
ਔਸੀਆਂ ਪਾਉਂਦੀ ਤਾਂ ਹੁੰਦੀ ਆ।
ਐਸੀ ਵੀ ਇੱਕ ਮਾਂ ਹੁੰਦੀ ਆ

ਚੰਗੇ ਕਰਮ ਕਮਾਵਣ ਆਈ,
ਆਪਣਾ ਆਪ ਲੁਟਾਵਣ ਆਈ।
ਮਮਤਾ ਦੇ ਨਾਲ ਭਰ ਭਰ ਡੁੱਲਦੀ,
ਅੰਮ੍ਰਿਤ ਰਸ ਵਰਸਾਵਣ ਆਈ।
ਲੱਖਾਂ ਲਾਡ ਲਡਾ ਕੇ ਵੀ ਜੋ,
ਦੁਰਕਾਰੀ ਥਾਂ ਥਾਂ ਹੁੰਦੀ ਆ।
ਐਸੀ ਵੀ ਇੱਕ ਮਾਂ ਹੁੰਦੀ ਆ।

## ਪਾਣੀ 'ਚ ਮਧਾਣੀ



ਲੇਖਕ :- ਨਛੱਤਰ ਸਿੰਘ ਭੋਗਲ "ਭਾਖੜੀਆਣਾ"

ਦੁੱਖ ਵੇਲੇ ਕੋਈ ਬਾਂਹ ਨਾ ਫੜਦਾ
ਨਾ ਕੋਈ ਸੁਣਦਾ ਦਰਦ ਕਹਾਣੀ,
ਪਿਆਰ ਦੀ ਖੈਰ ਨਾ ਕਾਸੇ ਪੈਣੀ
ਨਾ ਪਾ ਪਾਣੀ ਵਿੱਚ ਮਧਾਣੀ।

ਚਾਂਦੀ ਦੇ ਚੰਦ ਛਿੱਲੜਾਂ ਪਿੱਛੇ
ਸੱਚੇ ਇਸ਼ਕ ਨੂੰ ਵਣਜ ਬਣਾਇਆ,
ਅੱਜ ਦੇ ਰਾਂਝਿਆਂ ਨੇ ਰਲ-ਮਿਲ ਕੇ
ਸੱਥ ਵਿੱਚ ਰੋਲੀ ਹੀਰ ਨਿਮਾਣੀ।

ਗੁੱਸੇ-ਗਿਲਿਆਂ ਦੇ ਅਸਵਾਰਾਂ
ਦਿੱਤਾ ਨਿੰਮ ਤੇ ਚਾੜ੍ਹ ਕਰੇਲਾ,
ਕਿਹੜੇ ਸਤਿਯੁਗ ਦੀ ਗੱਲ ਕਰਦੈਂ
ਇੱਜ਼ਤ-ਆਬਰੂ ਹੋਈ ਨਿਮਾਣੀ।

ਟੱਬਰ ਟੀਰੂ ਜੋ ਪਾਲਿਆ ਹੱਥੀਂ
ਪੁੱਤ-ਪੋਤਰੇ, ਨੋਂਹਾਂ, ਧੀਆਂ,
ਕੁਨਬੇ ਦਾ ਰੁੱਖ ਹੱਥੀਂ ਲਾ ਕੇ
ਉਹਦੀ ਸੰਘਣੀ ਛਾਂ ਨਾ ਮਾਣੀ।

ਪੈਂਦੀ ਬਾਤ, ਨਾ ਭਰਨ ਹੁੰਗਾਰਾ
ਅੱਧਸੁੱਤੇ, ਅਣਜਾਣ, ਬੇਸੁਰਤੇ,
ਸਾਡੀ ਬਾਤ ਅਜੇ ਨਾ ਮੁੱਕੀ
ਇੱਥੋਂ ਹੁੰਦੀ ਸ਼ੁਰੂ ਕਹਾਣੀ।

ਸੁੱਕੀਆਂ ਨਦੀਆਂ, ਨਹਿਰਾਂ, ਝਰਨੇ
ਚੋਅ-ਕੱਸੀਆਂ ਵਿੱਚ ਉੱਗੀ ਕਾਹੀ,
ਸੁੱਕੇ ਖੂਹ ਅੜੰਭਦੇ ਜਾਪਣ
ਲੱਗਾ ਛੂਹਣ ਪਤਾਲ ਨੂੰ ਪਾਣੀ।

ਮੌਤ ਖੜ੍ਹੀ ਹੋਵੇ ਜਦ ਸਿਰ 'ਤੇ
ਕਬੂਤਰ ਵਾਂਗੂੰ ਮੀਚ ਨਾ ਅੱਖਾਂ,
ਕੰਧ ਉੱਤੇ ਹੈ ਸੱਚ ਉੱਕਰਿਆ
ਕਹਿੰਦਾ ਬਣੋ ਸਮੇਂ ਦੇ ਹਾਣੀ।

ਕੋਈ ਕਿਸੇ ਦੀ ਗੱਲ ਨਾ ਜਰਦਾ
ਸੁਣਨ ਤੋਂ ਨਾਬਰ ਤਰਲੇ-ਹਾੜ੍ਹੇ,
ਅੱਖੀਂ ਵੇਖ ਕੇ ਮੱਖੀ ਨਿਗਲਣ
"ਕੌਣ ਕਹੇ ਢਕ ਅੱਗਾ ਰਾਣੀ"

ਛੱਡਦੇ ਭੀੜ ਦਾ ਹਿੱਸਾ ਬਣਨਾ
ਇਹ ਤੇਰੀ ਪਹਿਚਾਣ ਨੂੰ ਖ਼ਤਰਾ,
ਆਪਣੀ ਤੋਰੇ ਤੁਰਨਾ ਸਿੱਖ ਲੈ
ਬਣ ਦਰਿਆ ਦੇ ਵਹਿਣ ਦਾ ਹਾਣੀ।

ਲਾਲਚੀ, ਹੋਛੇ, ਗ਼ਰਜ਼ ਦੇ ਰਿਸ਼ਤੇ
ਲੋੜ ਪੈਣ ਤੇ ਕੰਮ ਨਾ ਆਉਂਦੇ,
ਬੁਰਕੀ-ਬਟੂਏ ਦੇ ਜੋ ਸਾਥੀ
ਭੀੜ ਪਈ, ਖਿੰਡ ਜਾਵੇ ਢਾਣੀ।

ਸਕਿਆਂ ਦੇ ਨਾਲ਼ ਵਫ਼ਾ ਕਮਾ ਲੈ
ਸੱਜੀਆਂ-ਖੱਬੀਆਂ ਬਾਂਹਾਂ ਬਣ ਜਾ,
ਛੱਡ ਕੇ ਵੈਰ-ਵਿਰੋਧ ਕਮਾਉਣੇ
ਬਣ ਨਿਰਛਲ-ਨਿਰਵੈਰ ਪ੍ਰਾਣੀ।

ਸੱਜਣ ਜ਼ਹਿਰ ਵਿਖਾਈ ਦਿੰਦੇ
ਗੈਰ ਦਾ ਸੰਗ ਸਵਰਗੀ ਝੂਟਾ,
ਅਪਣੱਤ ਨਾਲ਼ ਨਾ ਵਫ਼ਾ ਕਮਾਉਂਦੇ
ਗੈਰਾਂ ਦਾ ਪਏ ਭਰਦੇ ਪਾਣੀ।

ਕੀਮਤੀ ਹੀਰੇ ਲੱਭਣੇ ਔਖੇ
ਜਾਂ ਫਿਰ ਭਾਗਾਂ ਨਾਲ਼ ਥਿਆਉਂਦੇ,
'ਭੋਗਲ' ਤੇਰਾ ਸਾਥ ਪਾਉਣ ਲਈ
ਲੱਖ ਰਾਹਾਂ ਦੀ ਖ਼ਾਕ ਮੈਂ ਛਾਣੀ।

## ਖ਼ੁਸ਼ਬੂ

ਲਹੂ ਤੇਰੇ ਦੀ ਮਹਿਕ ਵਿੱਚ, ਆਜ਼ਾਦੀ ਦੀ ਖ਼ੁਸ਼ਬੂ।
ਜਜ਼ਬਾ ਜੋਸ਼ ਹੁਲਾਸ ਤੇ, ਜ਼ਿੰਦਾ ਦਿਲੀ ਦੀ ਰੂਹ।
ਕਮਜ਼ੋਰ ਗਰੀਬ ਨਿਤਾਣਿਆਂ, ਸੁਨਹਿਰੀ ਦਿਸਦੀ ਆਸ।
ਦੁੱਖ ਦਲਿਦਰ ਤੇ ਪੀੜ ਦੇ, ਦੂਰ ਹੋਣ ਦਾ ਸਾਸ।
ਲੁੱਟ ਖਸੁੱਟ ਤੇ ਚੋਰੀਆਂ, ਜਾਪਣ ਚੱਲੀਆਂ ਮੁੱਕ।
ਬਸੰਤ ਬਹਾਰਾਂ ਮੁੜ ਰਹੀਆਂ, ਬਾਗ਼ ਗਏ ਜੋ ਸੁੱਕ।
ਰਿਸ਼ਵਤ ਖੋਰੀ ਠੱਗੀਆਂ, ਮੁੱਕਣ ਦਿਸੇ ਇਨਸਾਫ਼।
ਵਾਤਾਵਰਨ ਵਿੱਚੋਂ ਪ੍ਰਦੂਸ਼ ਵੀ, ਹੁੰਦਾ ਜਾਪੇ ਸਾਫ਼।
ਕੋਡੇ ਰਾਖਸ਼ ਬਣਨਗੇ, ਦਿਸਦੇ ਨੇਕ ਇਨਸਾਨ।
ਕੂੜ ਕੁਸੱਤ ਤੇ ਕੁਫ਼ਰ ਨੂੰ, ਭਜਾਉਂਦਾ ਦਿਸੇ ਇਮਾਨ।
ਹੱਕ ਸੱਚ ਤੇ ਕਿਰਤ ਦਾ, ਪੈਂਦਾ ਜਾਪੇ ਮੁੱਲ।
ਜਾਪੇ ਜਲਦੀ ਹੋ ਰਿਹਾ, ਜ਼ੁਲਮ ਦਾ ਦੀਵਾ ਗੁੱਲ।
ਲਹੂ ਤੇਰੇ ਦੀ ਮਹਿਕ ਵਿੱਚ, ਆਜ਼ਾਦੀ ਦੀ ਖ਼ੁਸ਼ਬੂ।
ਜਜ਼ਬਾ ਜੋਸ਼ ਹੁਲਾਸ ਤੇ, ਜ਼ਿੰਦਾ ਦਿਲੀ ਦੀ ਰੂਹ।



**ਲੇਖਕ: ਨਰਾਇਣ ਸਿੰਘ**
**ਲਲਕਾਰ ਵਿੱਚੋਂ ਧੰਨਵਾਦ ਸਹਿਤ**

## ਵਕਾਰ

ਨਰਾਜ਼ਗੀਆਂ ਹੋਣ ਲੱਖ ਭਾਵੇਂ, ਸਾਹਮਣੇ ਤੋਂ ਹੋਣ ਵਾਰ,
ਫੇਰ ਵੀ ਕੋਈ ਦੁਸ਼ਮਣੀ ਦਾ, ਮਿਆਰ ਹੋਣਾ ਚਾਹੀਦਾ।

ਗੱਲ ਕੋਈ ਕਹਿਣੀ ਹੋਵੇ, ਤਾਂ ਸਾਫ਼ ਸਾਫ਼ ਕਹੇ ਕੋਈ,
ਜਿਸ ਦਾ ਕੋਈ ਬਹਿਸ ਵਿੱਚ, ਸਰੋਕਾਰ ਹੋਣਾ ਚਾਹੀਦਾ।

ਹਰ ਜੰਗ ਦਾ ਨਤੀਜਾ, ਹਮੇਸ਼ਾਂ ਜਿੱਤ ਨਹੀਂ ਹੁੰਦੀ,
ਹਾਰ ਕੇ ਵੀ ਬੰਦੇ ਦਾ ਕੋਈ, ਵਕਾਰ ਹੋਣਾ ਚਾਹੀਦਾ।

ਜ਼ੁਲਮ ਦੇ ਅੱਗੇ ਸਿਰ ਨੂੰ, ਝੁਕਾਉਣਾ ਕਦੀ ਵੀ ਨਾ ਪਵੇ,
ਦਰਦ ਵਿੱਚ ਵੀ ਆਦਮੀ ਨੂੰ, ਖ਼ੁਦਦਾਰ ਹੋਣਾ ਚਾਹੀਦਾ।

ਚਿਣਗ ਸਚਾਈ ਦੀ ਸਦਾ, ਧੁਖਦੀ ਰਹੇ ਦਿਲ ਵਿੱਚ,
ਚਿਹਰਾ ਫੇਰ ਵੀ ਹਮੇਸ਼ਾਂ, ਚਮਕਦਾਰ ਹੋਣਾ ਚਾਹੀਦਾ।

ਲਹਿਜੇ ਵਿੱਚ ਤਲਖੀ ਭਾਵੇਂ, ਪਰ ਗੱਲ ਹੋਵੇ ਸਦਾ ਮਿੱਠੀ,
ਪਰਵਾਹ ਗੱਲਬਾਤ ਦਾ, ਅਸਰਦਾਰ ਹੋਣਾ ਚਾਹੀਦਾ।

ਹਜੂਮ ਤਾਂ ਸੰਸਾਰ ਵਿੱਚ, ਬੜੇ ਘੁੰਮਣ ਸੱਜੇ ਖੱਬੇ,
ਪਰ ਕਾਫਲੇ ਦਾ ਅਗਾਂਹ ਵਧੂ, ਸਿਰਦਾਰ ਹੋਣਾ ਚਾਹੀਦਾ।

ਲੋਕਰਾਜੀ, ਲੋਕ ਪੱਖੀ ਗੱਲ, ਹੋਣੀ ਨਹੀਂ ਔਖੀ ਕਦੀ,
ਪਰ ਸੱਚਾ ਸਰਕਾਰ ਦਾ, ਕਿਰਦਾਰ ਹੋਣਾ ਚਾਹੀਦਾ।

ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ
ਯੂ ਕੇ



## ਕਵਿਤਾ

ਰਣਵੀਰ ਸਿੰਘ ਰਾਣਾ



ਭੀੜਾਂ ਹੀ ਭੀੜਾਂ ਮਿਲਦੀਆਂ ਰਹੀਆਂ ਹਰ ਵੇਲੇ,
ਇਹਨਾਂ ਚੋਂ ਸੱਜਣ ਪਿਆਰੇ ਨਹੀਂ ਮਿਲਦੇ।

ਰਹਿ ਗਿਆ ਪਿਆਰ ਹੁਣ ਸਰੀਰਾਂ ਤੱਕ,
ਮਾਮਲੇ ਨੀ ਅੱਜ ਕੱਲ ਬਣਦੇ ਦਿਲ ਦੇ।

ਟੁੱਟ ਕੇ ਭੁਰ ਗਏ ਰੇਤ ਵਾਂਗ,
ਜਿਹੜੇ ਕਹਿੰਦੇ ਸੀ ਅਸੀਂ ਹਾਂ ਪੱਥਰ ਸਿੱਲ੍ਹ ਦੇ।

ਪਿਛਲੇ ਆਖਣ ਹਾਲੇ ਤੱਕ ਸਾਡਾ ਕੁਝ ਬਣਿਆ ਨਹੀਂ,
ਸਾਰੀ ਉਮਰ ਪ੍ਰਦੇਸੀ ਪੀੜ ਹੋ ਗਏ ਨੇ ਵਾਂਗ ਤਿੱਲ ਦੇ।

ਲਾਲਚ ਇਨ੍ਹਾਂ ਹੱਡ ਵਿੱਚ ਰੱਚ ਗਿਆ,
ਲੋਕੀ ਹਰ ਰਿਸ਼ਤੇ ਨਾਤੇ ਜਾਂਦੇ ਨੇ ਛਿੱਲ ਦੇ।

ਹਰ ਹੀਲਾ ਵਸੀਲਾ ਕਰਕੇ ਵੇਖ ਲਿਆ,
ਆਖਿਰ ਆਖਣ ਬੱਚੇ ਵਿਗਾੜ ਦਿਤੇ ਸਾਡੀ ਢਿੱਲ ਦੇ।

ਜਿਹੜੇ ਆਖਣ ਸਾਡੀ ਅੱਖ ਵਿੱਚ ਕਿਹੜਾ ਰੜਕੇ,
ਢਿੱਡਾਂ ਜੰਮਿਆਂ ਭੁੰਨੇ ਵਾਂਗੂੰ ਖਿੱਲ ਦੇ।

ਡੱਕਾਂ ਦੂਹਰਾ ਨੀ ਕੀਤਾ ਕਦੇ ਕੌਮ ਲਈ,
ਉੱਚੀਆਂ ਬਾਹਾਂ ਕਰਕੇ ਸਟੇਜਾਂ 'ਤੇ ਉਹੀ ਕਿੱਲਦੇ,

ਜਿਹੜੇ ਤੁਰਦੇ ਮੋਹ ਪਿਆਰ ਛੱਡ ਪ੍ਰੀਵਾਰ ਦਾ
ਉਹ ਆਪਣੇ ਦ੍ਰਿੜ ਇਰਾਦਿਆਂ 'ਤੋਂ ਕਦੇ ਨਹੀਂ ਹਿੱਲਦੇ।

ਧੋਖਾ ਦੇ ਕੇ ਉਹਨਾਂ ਸਾਡੇ ਪਿੰਡ ਵਿਆਹ ਕਰਵਾ ਲਿਆ,
" ਰਾਣੇ " ਨੂੰ ਆਖੀ ਜਾਵਣ ਮੁੰਡੇ ਨੇ ਪਿੰਡ "ਗਿੱਲ" ਦੇ।

# ਮੋਦੀ ਨੂੰ ਸਵਾਲ ਪੁੱਛਣ ਵਾਲੀ ਨਾਰਵੇ ਦੀ ਪੱਤਰਕਾਰ ਹੈਲੇ ਲਿੰਗ ਦੇ ਫੇਸਬੁੱਕ ਤੇ ਇੰਸਟਾਗ੍ਰਾਮ ਅਕਾਊਂਟ ਸਸਪੈਂਡ

## ✪ ਪੱਤਰਕਾਰ ਨੇ ਕਿਹਾ-'ਪ੍ਰੈੱਸ ਦੀ ਆਜ਼ਾਦੀ ਲਈ ਛੋਟੀ ਜਿਹੀ ਕੀਮਤ'





ਚੰਡੀਗੜ੍ਹ-ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਓਸਲੋ (ਨਾਰਵੇ) ਫੇਰੀ ਦੌਰਾਨ ਮੀਡੀਆ ਇੰਟਰੈਕਸ਼ਨ ਨੂੰ ਲੈ ਕੇ ਸਵਾਲ ਚੁੱਕਣ ਵਾਲੀ ਨਾਰਵੇ ਦੀ ਮਹਿਲਾ ਪੱਤਰਕਾਰ ਹੈਲੇ ਲਿੰਗ ਨਾਲ ਜੁੜਿਆ ਵਿਵਾਦ ਹੁਣ ਹੋਰ ਡੂੰਘਾ ਹੋ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਨੂੰ 'ਦੁਨੀਆ ਦੇ ਸਭ ਤੋਂ ਆਜ਼ਾਦ ਮੀਡੀਆ' ਦੇ ਸਵਾਲਾਂ ਦਾ ਸਾਹਮਣਾ ਕਰਨ ਦੀ ਚੁਣੌਤੀ ਦੇਣ ਵਾਲੀ ਵੀਡੀਓ ਵਾਇਰਲ ਹੋਣ ਤੋਂ ਬਾਅਦ, ਮੈਟਾ ਵੱਲੋਂ ਵੱਡੀ ਕਾਰਵਾਈ ਕਰਦਿਆਂ ਹੈਲੇ ਲਿੰਗ ਦੇ ਇੰਸਟਾਗ੍ਰਾਮ ਅਤੇ ਫੇਸਬੁੱਕ ਅਕਾਊਂਟਸ ਨੂੰ ਮੁਅੱਤਲ (ਸਸਪੈਂਡ) ਕਰ ਦਿੱਤਾ ਗਿਆ ਹੈ।

ਨਾਰਵੇ ਦੇ ਮਸ਼ਹੂਰ ਅਖ਼ਬਾਰ 'ਡੈਗਸਵਿਸਨ ਦੀ ਪੱਤਰਕਾਰ ਹੈਲੇ ਲਿੰਗ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (ਪਹਿਲਾਂ ਟਵਿੱਟਰ) 'ਤੇ ਇਸ ਕਾਰਵਾਈ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਲਿਖਿਆ:ਜੇਕਰ ਤੁਸੀਂ ਮੇਰੇ ਨਾਲ ਇੰਸਟਾਗ੍ਰਾਮ ਜਾਂ ਫੇਸਬੁੱਕ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਮੈਂ ਦੱਸਣਾ ਚਾਹੁੰਦੀ ਹਾਂ ਕਿ ਮੇਰੇ ਦੋਵੇਂ ਅਕਾਊਂਟਸ ਸਸਪੈਂਡ ਕਰ ਦਿੱਤੇ ਗਏ ਹਨ। ਮੈਂ ਵੱਧ ਤੋਂ ਵੱਧ ਭਾਰਤੀਆਂ ਦੇ ਸਵਾਲਾਂ ਦੇ ਜਵਾਬ ਦੇਣਾ ਚਾਹੁੰਦੀ ਸੀ, ਪਰ ਹੁਣ ਇਸ ਵਿੱਚ ਦੇਰੀ ਹੋਵੇਗੀ। ਉਮੀਦ ਹੈ ਕਿ ਮੇਰੇ ਅਕਾਊਂਟਸ ਜਲਦੀ ਵਾਪਸ ਮਿਲ ਜਾਣਗੇ"

ਪੱਤਰਕਾਰ ਵੱਲੋਂ ਸਾਂਝੇ ਕੀਤੇ ਗਏ ਸਕ੍ਰੀਨਸ਼ਾਟ ਮੁਤਾਬਕ, 'ਮੈਟਾ' ਵੱਲੋਂ ਉਨ੍ਹਾਂ ਦਾ ਇੰਸਟਾਗ੍ਰਾਮ ਅਕਾਊਂਟ 19 ਮਈ 2026 ਨੂੰ ਸਸਪੈਂਡ ਕੀਤਾ ਗਿਆ ਹੈ ਅਤੇ ਅਪੀਲ ਕਰਨ ਲਈ 180 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ। ਹਾਲਾਂਕਿ ਅਕਾਊਂਟ ਬੰਦ ਹੋਣ ਦੇ ਅਸਲ ਕਾਰਨਾਂ ਦਾ ਅਜੇ ਅਧਿਕਾਰਤ ਪਤਾ ਨਹੀਂ ਲੱਗ ਸਕਿਆ, ਪਰ ਹੈਲੇ ਲਿੰਗ ਨੇ ਇਸ ਨੂੰ 'ਪ੍ਰੈੱਸ ਦੀ ਆਜ਼ਾਦੀ ਲਈ ਚੁਕਾਉਣੀ ਪਈ ਇੱਕ ਛੋਟੀ ਜਿਹੀ ਕੀਮਤ' ਦੱਸਿਆ ਹੈ।

### ਅਧਿਕਾਰਤ ਬ੍ਰੀਫਿੰਗ ਦੌਰਾਨ ਭਾਰਤੀ ਅਧਿਕਾਰੀਆਂ ਨਾਲ ਤਿੱਖੀ ਬਹਿਸ

ਇਸ ਤੋਂ ਪਹਿਲਾਂ, ਇੱਕ ਅਧਿਕਾਰਤ ਮੀਡੀਆ ਬ੍ਰੀਫਿੰਗ ਦੌਰਾਨ ਹੈਲੇ ਲਿੰਗ ਨੇ ਭਾਰਤੀ ਅਧਿਕਾਰੀਆਂ ਨੂੰ ਮਨੁੱਖੀ ਅਧਿਕਾਰਾਂ ਦੀ ਕਥਿਤ ਉਲੰਘਣਾ ਅਤੇ ਭਾਰਤ 'ਤੇ 'ਭਰੋਸਾ' ਕਰਨ ਦੇ ਸਵਾਲਾਂ ਨਾਲ ਘੇਰਨ ਦੀ ਕੋਸ਼ਿਸ਼ ਕੀਤੀ ਸੀ। ਇਸ 'ਤੇ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੱਛਮੀ) ਸਿਬੀ ਜਾਰਜ ਨੇ ਬੇਹੱਦ ਤਿੱਖਾ ਅਤੇ ਕਰਾਰਾ ਜਵਾਬ ਦਿੱਤਾ।

ਸਿਬੀ ਜਾਰਜ ਨੇ ਭਾਰਤੀ ਲੋਕਤੰਤਰ ਦਾ ਪੱਖ ਪੂਰਦਿਆਂ ਕਿਹਾ ,"ਅਸੀਂ ਦੁਨੀਆ ਦੀ ਕੁੱਲ ਆਬਾਦੀ ਦਾ ਛੇਵਾਂ ਹਿੱਸਾ ਹਾਂ, ਪਰ ਸਾਡੇ ਕੋਲ ਦੁਨੀਆ ਦੀਆਂ ਮੁਸ਼ਕਿਲਾਂ ਦਾ ਛੇਵਾਂ ਹਿੱਸਾ ਨਹੀਂ ਹੈ।"

"ਸਾਡਾ ਸੰਵਿਧਾਨ ਦੇਸ਼ ਦੇ ਹਰ ਨਾਗਰਿਕ ਨੂੰ ਮੌਲਿਕ ਅਧਿਕਾਰਾਂ ਦੀ ਗਾਰੰਟੀ ਦਿੰਦਾ ਹੈ। ਜੇਕਰ ਕਿਸੇ ਦੇ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ, ਤਾਂ ਉਹ ਸਿੱਧਾ ਅਦਾਲਤ ਜਾ ਸਕਦਾ ਹੈ।"

ਉਨ੍ਹਾਂ ਨੇ ਭਾਰਤ ਵਿਰੁੱਧ ਬਾਹਰੀ ਟਿੱਪਣੀਆਂ ਕਰਨ ਅਤੇ ਚੋਣਵੇਂ ਨੈਰੇਟਿਵ ਘੜਨ ਵਾਲੇ ਵਿਦੇਸ਼ੀ ਤੱਤਾਂ ਦੀ ਵੀ ਸਖ਼ਤ ਨਿੰਦਾ ਕੀਤੀ।


### "ਮੈਂ ਕੋਈ ਜਾਸੂਸ ਨਹੀਂ" : ਪੱਤਰਕਾਰ ਦੀ ਸਫ਼ਾਈ

ਸੋਸ਼ਲ ਮੀਡੀਆ 'ਤੇ ਭਾਰਤੀ ਯੂਜ਼ਰਸ ਵੱਲੋਂ ਹੋ ਰਹੀ ਭਾਰੀ ਟ੍ਰੋਲਿੰਗ ਅਤੇ 'ਵਿਦੇਸ਼ੀ ਏਜੰਟ' ਜਾਂ 'ਚੀਨੀ ਜਾਸੂਸ' ਹੋਣ ਦੇ ਲੱਗ ਰਹੇ ਦੋਸ਼ਾਂ 'ਤੇ ਹੈਲੇ ਲਿੰਗ ਨੇ ਮੁੜ ਸਫ਼ਾਈ ਪੇਸ਼ ਕੀਤੀ ਹੈ। ਉਨ੍ਹਾਂ ਨੇ ਸਪੱਸ਼ਟ ਕਰਦਿਆਂ ਲਿਖਿਆ ਕਿ ਪੱਤਰਕਾਰੀ ਕਈ ਵਾਰ ਟਕਰਾਅ ਵਾਲੀ ਹੁੰਦੀ ਹੈ ਅਤੇ ਸਵਾਲਾਂ ਦੇ ਜਵਾਬ ਲੱਭਣਾ ਉਨ੍ਹਾਂ ਦਾ ਫ਼ਰਜ਼ ਹੈ।

ਉਨ੍ਹਾਂ ਸਾਫ਼ ਕੀਤਾ, "ਮੈਂ ਕੋਈ ਵਿਦੇਸ਼ੀ ਜਾਸੂਸ ਨਹੀਂ ਹਾਂ ਅਤੇ ਨਾ ਹੀ ਮੈਨੂੰ ਕਿਸੇ ਸਰਕਾਰ ਨੇ ਭੇਜਿਆ ਹੈ। ਜੇਕਰ ਕੋਈ ਸ਼ਕਤੀਸ਼ਾਲੀ ਵਿਅਕਤੀ ਮੇਰੇ ਸਵਾਲ ਦਾ ਜਵਾਬ ਨਹੀਂ ਦਿੰਦਾ, ਤਾਂ ਮੈਂ ਦੁਬਾਰਾ ਟੋਕ ਕੇ ਸਹੀ ਜਵਾਬ ਲੈਣ ਦੀ ਕੋਸ਼ਿਸ਼ ਕਰਦੀ ਹਾਂ, ਇਹ ਮੇਰੀ ਡਿਊਟੀ ਹੈ।" ਦੱਸਣਯੋਗ ਹੈ ਕਿ ਇਸ ਪੂਰੇ ਵਿਵਾਦ ਤੋਂ ਬਾਅਦ ਜਿੱਥੇ ਹੈਲੇ ਲਿੰਗ ਦੇ ਮੈਟਾ ਅਕਾਊਂਟਸ ਬੰਦ ਹੋਏ ਹਨ, ਉੱਥੇ ਹੀ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (ਯ) 'ਤੇ ਉਨ੍ਹਾਂ ਦੇ ਫਾਲੋਅਰਜ਼ ਦੀ ਗਿਣਤੀ ਵਿੱਚ ਭਾਰੀ ਉਛਾਲ ਦੇਖਣ ਨੂੰ ਮਿਲਿਆ ਹੈ।

# ਸਾਧਵੀ ਜਿਨਸੀ ਸ਼ੋਸ਼ਣ ਮਾਮਲਾ: ਡੇਰਾ ਮੁਖੀ ਨੇ ਹਾਈ ਕੋਰਟ 'ਚ ਜਾਂਚ ਪ੍ਰਕਿਰਿਆ 'ਤੇ ਚੁੱਕੇ ਸਵਾਲ

## ✪ ਕਿਹਾ-'ਦਾਅਵਿਆਂ 'ਚ ਆਪਾ-ਵਿਰੋਧ ਤੇ ਦੋਸ਼ਾਂ 'ਚ 7 ਸਾਲ ਦੀ ਦੇਰੀ'



ਚੰਡੀਗੜ੍ਹ-ਸਾਧਵੀ ਜਿਨਸੀ ਸ਼ੋਸ਼ਣ ਮਾਮਲੇ ਵਿੱਚ ਸਜ਼ਾ ਕੱਟ ਰਹੇ ਡੇਰਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੇ ਹਾਈ ਕੋਰਟ ਵਿੱਚ ਸੁਣਵਾਈ ਦੌਰਾਨ ਜਾਂਚ ਅਤੇ ਟ੍ਰਾਇਲ ਪ੍ਰਕਿਰਿਆ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਸਜ਼ਾ ਖ਼ਿਲਾਫ਼ ਦਾਇਰ ਅਪੀਲ 'ਤੇ ਸੁਣਵਾਈ ਦੌਰਾਨ ਡੇਰਾ ਮੁਖੀ ਵੱਲੋਂ ਅਦਾਲਤ ਵਿੱਚ ਦਲੀਲ ਦਿੱਤੀ ਗਈ ਕਿ ਇਸਤਗਾਸਾ ਧਿਰ ਦੀ ਪੂਰੀ ਕਹਾਣੀ ਆਪਾ ਵਿਰੋਧੀ ਹੈ ਅਤੇ ਇਹ ਬਿਆਨਾਂ ਨੂੰ ਦਬਾ ਕੇ ਤੇ ਦੇਰੀ ਨਾਲ ਤਿਆਰ ਕੀਤੀ ਗਈ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਹਾਈ ਕੋਰਟ ਨੇ ਅਗਲੀ ਸੁਣਵਾਈ ਜੁਲਾਈ ਮਹੀਨੇ ਤੱਕ ਮੁਲਤਵੀ ਕਰ ਦਿੱਤੀ ਹੈ।

### ਬਚਾਅ ਧਿਰ ਦੀਆਂ ਮੁੱਖ ਦਲੀਲਾਂ: 7 ਸਾਲ ਦੀ ਦੇਰੀ ਅਤੇ ਬਿਆਨਾਂ ਵਿੱਚ ਬਦਲਾਅ

ਸੁਣਵਾਈ ਦੌਰਾਨ ਡੇਰਾ ਮੁਖੀ ਦੇ ਵਕੀਲ ਨੇ ਅਦਾਲਤ ਸਾਹਮਣੇ ਕਈ ਅਹਿਮ ਨੁਕਤੇ ਰੱਖੇ:

ਦੋਸ਼ਾਂ ਵਿੱਚ ਦੇਰੀ: ਬਚਾਅ ਧਿਰ ਨੇ ਦਾਅਵਾ ਕੀਤਾ ਕਿ ਕਥਿਤ ਘਟਨਾਵਾਂ ਸਾਲ 1999 ਦੀਆਂ ਦੱਸੀਆਂ ਗਈਆਂ ਹਨ, ਪਰ ਪਹਿਲੀ ਵਾਰ ਜਬਰ-ਜਨਾਹ ਦਾ ਦੋਸ਼ 7 ਸਾਲ ਬਾਅਦ ਯਾਨੀ ਸਾਲ 2006 ਵਿੱਚ ਸਾਹਮਣੇ ਆਇਆ।

ਪੁਰਾਣੇ ਬਿਆਨਾਂ ਵਿੱਚ ਜ਼ਿਕਰ ਨਹੀਂ: ਵਕੀਲ ਮੁਤਾਬਕ, ਸਾਲ 2002 ਤੋਂ 2005 ਤੱਕ ਪੀੜਤਾ ਵੱਲੋਂ ਦਿੱਤੇ ਗਏ ਕਈ ਬਿਆਨਾਂ ਵਿੱਚ ਅਜਿਹਾ ਕੋਈ ਦੋਸ਼ ਨਹੀਂ ਸੀ। ਇੱਥੋਂ ਤੱਕ ਕਿ 25 ਫਰਵਰੀ 2005 ਨੂੰ ਦਿੱਤੇ ਬਿਆਨ ਵਿੱਚ ਵੀ ਸਿਰਫ ਦੂਜੇ ਮਾਮਲੇ ਦਾ ਜ਼ਿਕਰ ਸੀ, ਪਰ 2006 ਵਿੱਚ ਅਚਾਨਕ ਜਬਰ-ਜਨਾਹ ਦਾ ਦੋਸ਼ ਜੋੜ ਦਿੱਤਾ ਗਿਆ। ਪ੍ਰੇਮ ਪੱਤਰ 'ਤੇ ਸਵਾਲ: ਇਸਤਗਾਸਾ ਧਿਰ ਦਾ ਦਾਅਵਾ ਹੈ ਕਿ 1999 ਵਿੱਚ ਪੀੜਤਾ ਨੂੰ ਇੱਕ ਪ੍ਰੇਮ ਪੱਤਰ ਦਿਖਾ ਕੇ ਦਬਾਅ ਬਣਾਇਆ ਗਿਆ ਸੀ, ਜਦਕਿ ਰਿਕਾਰਡ ਵਿੱਚ ਮੌਜੂਦ ਅਹਿਮ ਪੱਤਰ ਸਾਲ 2001 ਦਾ ਹੈ। ਘਟਨਾ ਸਥਾਨ ਬਾਰੇ ਅਸਪੱਸ਼ਟਤਾ: ਬਚਾਅ ਧਿਰ ਨੇ ਕਿਹਾ ਕਿ ਚਾਰਜਸ਼ੀਟ ਵਿੱਚ ਸਿਰਫ 'ਡੇਰਾ ਸੱਚਾ ਸੌਦਾ ਖੇਤਰ ਸਥਿਤ ਗੁਫਾ' ਲਿਖਿਆ ਗਿਆ ਹੈ, ਜਦਕਿ ਗਵਾਹੀਆਂ ਦੌਰਾਨ ਦੋ ਵੱਖ-ਵੱਖ ਪੁਰਾਣੇ ਅਤੇ ਨਵੇਂ ਡੇਰਿਆਂ ਦਾ ਜ਼ਿਕਰ ਆਇਆ ਹੈ, ਜੋ ਕਿ ਜਾਂਚ 'ਤੇ ਸਵਾਲ ਖੜ੍ਹੇ ਕਰਦਾ ਹੈ।

### ਕੀ ਹੈ ਪੂਰਾ ਮਾਮਲਾ ?

ਜ਼ਿਕਰਯੋਗ ਹੈ ਕਿ ਡੇਰੇ ਦੀਆਂ ਦੋ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਦੇ ਇਸ ਬੇਹੱਦ ਚਰਚਿਤ ਮਾਮਲੇ ਵਿੱਚ ਪੰਚਕੂਲਾ ਦੀ ਵਿਸ਼ੇਸ਼ ਸੀਬੀਆਈ ਕੋਰਟ ਨੇ ਅਗਸਤ 2017 ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਦੋਸ਼ੀ ਕਰਾਰ ਦਿੱਤਾ ਸੀ।

ਅਦਾਲਤ ਨੇ ਉਸ ਨੂੰ 10-10 ਸਾਲ ਦੀ ਸਜ਼ਾ ਸੁਣਾਈ ਸੀ, ਜਿਸ ਖ਼ਿਲਾਫ਼ ਹੁਣ ਹਾਈ ਕੋਰਟ ਵਿੱਚ ਕਾਨੂੰਨੀ ਲੜਾਈ ਜਾਰੀ ਹੈ। ਅਦਾਲਤ ਵੱਲੋਂ ਹੁਣ ਜੁਲਾਈ ਵਿੱਚ ਹੋਣ ਵਾਲੀ ਅਗਲੀ ਸੁਣਵਾਈ ਦੌਰਾਨ ਇਨ੍ਹਾਂ ਦਲੀਲਾਂ 'ਤੇ ਅਗਲੇਰੀ ਵਿਚਾਰ ਕੀਤੀ ਜਾਵੇਗੀ।

# ਮੁੜ ਲੱਗ ਸਕਦੈ ਲੋਕਡਾਊਨ ? ਇਬੋਲਾ ਦੇ ਦੁਰਲੱਭ ਸਟ੍ਰੇਨ ਕਾਰਨ ਵਿਸ਼ਵ ਸਿਹਤ ਸੰਗਠਨ ਵੱਲੋਂ 'ਗਲੋਬਲ ਹੈਲਥ ਐਮਰਜੈਂਸੀ' ਦਾ ਐਲਾਨ

ਸਾਲ 2019 ਵਿੱਚ ਕੋਰੋਨਾ ਵਾਇਰਸ ਦੇ ਆਤੰਕ ਕਾਰਨ ਪੂਰੀ ਦੁਨੀਆ ਘਰਾਂ ਵਿੱਚ ਡੱਕੇ ਜਾਣ ਲਈ ਮਜਬੂਰ ਹੋ ਗਈ ਸੀ ਅਤੇ ਲੱਖਾਂ ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ ਸੀ। ਹੁਣ ਅਜਿਹਾ ਹੀ ਇੱਕ ਹੋਰ ਵੱਡਾ ਖ਼ਤਰਾ ਵਿਸ਼ਵ ਪੱਧਰ 'ਤੇ ਮੰਡਰਾਉਣ ਲੱਗਾ ਹੈ। ਅਫ਼ਰੀਕੀ ਦੇਸ਼ ਡੈਮੋਕ੍ਰੇਟਿਕ ਰਿਪਬਲਿਕ ਆਫ਼ ਕਾਂਗੋ ਵਿੱਚ ਇਬੋਲਾ ਵਾਇਰਸ ਦੇ ਇੱਕ ਬੇਹੱਦ ਦੁਰਲੱਭ ਅਤੇ ਖ਼ਤਰਨਾਕ ਸਟ੍ਰੇਨ ਦੇ ਫੈਲਣ ਕਾਰਨ ਹਾਹਾਕਾਰ ਮਚ ਗਈ ਹੈ। ਇਸ ਬਿਮਾਰੀ ਕਾਰਨ ਹੁਣ ਤੱਕ 87 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਸ ਤੋਂ ਬਾਅਦ ਵਿਸ਼ਵ ਸਿਹਤ ਸੰਗਠਨ ਨੇ ਤੁਰੰਤ ਕਾਰਵਾਈ ਕਰਦਿਆਂ ਇਸ ਨੂੰ 'ਗਲੋਬਲ ਪੱਧਰ 'ਤੇ ਜਨਤਕ ਸਿਹਤ ਐਮਰਜੈਂਸੀ' ਐਲਾਨ ਦਿੱਤਾ ਹੈ। 'ਬੁੰਡੀਬੁਗਿਓ' ਸਟ੍ਰੇਨ ਦਾ ਕਹਿਰ: ਕੋਈ ਵੈਕਸੀਨ ਵੀ ਮੌਜੂਦ ਨਹੀਂ-ਅਫ਼ਰੀਕਾ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਮੁਤਾਬਕ ਇਹ ਮਾਰੂ ਪ੍ਰਕੋਪ ਇਬੋਲਾ ਦੇ 'ਬੁੰਡੀਬੁਗਿਓ ਸਟ੍ਰੇਨ ਕਾਰਨ ਫੈਲ ਰਿਹਾ ਹੈ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਇਬੋਲਾ ਦੇ ਆਮ ਸਟ੍ਰੇਨਾਂ ਦੇ ਉਲਟ, ਇਸ ਖ਼ਾਸ ਦੁਰਲੱਭ ਸਟ੍ਰੇਨ ਦੀ ਰੋਕਥਾਮ ਲਈ ਇਸ ਵੇਲੇ ਵਿਸ਼ਵ ਵਿੱਚ ਕੋਈ ਵੀ ਪ੍ਰਮਾਣਿਤ ਵੈਕਸੀਨ (ਟੀਕਾ) ਮੌਜੂਦ ਨਹੀਂ ਹੈ। ਜਾਂਚ ਮੁਤਾਬਕ ਕਾਂਗੋ ਦੇ ਪੂਰਬੀ ਸੂਬੇ 'ਇਤੁਰੀ' ਦੇ ਮਾਈਨਿੰਗ (ਖਣਨ) ਖੇਤਰਾਂ ਵਿੱਚ ਇਹ ਵਾਇਰਸ ਸਭ ਤੋਂ ਪਹਿਲਾਂ ਸ਼ੁਰੂ ਹੋਇਆ ਸੀ। ਇਹ ਵਾਇਰਸ ਹੁਣ ਤੱਕ 336 ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਚੁੱਕਾ ਹੈ। ਇਸ ਦਾ ਅਸਰ ਹੁਣ ਗੁਆਂਢੀ ਦੇਸ਼ਾਂ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ; ਯੂਗਾਂਡਾ ਵਿੱਚ ਵੀ ਇਸ ਦਾ ਇੱਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਕਾਂਗੋ ਤੋਂ ਆਏ ਇੱਕ ਸੰਕਰਮਿਤ ਵਿਅਕਤੀ ਦੀ ਮੌਤ ਹੋ ਗਈ ਹੈ। ਇਸ ਘਾਤਕ ਬਿਮਾਰੀ ਨਾਲ ਨਜਿੱਠਣ ਵਿੱਚ ਸਿਹਤ ਕਰਮਚਾਰੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਲਾਕੇ ਵਿੱਚ ਸਰਗਰਮ ਅੱਤਵਾਦੀ ਸੰਗਠਨਾਂ ਦੀ ਹਿੰਸਾ ਅਤੇ ਅਸੁਰੱਖਿਅਤ ਮਾਹੌਲ ਕਾਰਨ ਮੈਡੀਕਲ ਟੀਮਾਂ ਲਈ ਮਰੀਜ਼ਾਂ ਦੀ ਸਹੀ ਤਰੀਕੇ ਨਾਲ ਸਕ੍ਰੀਨਿੰਗ ਅਤੇ 'ਕਾਂਟੈਕਟ ਟ੍ਰੇਸਿੰਗ' (ਸੰਕਰਮਿਤ ਲੋਕਾਂ ਦੇ ਸੰਪਰਕ ਵਿੱਚ ਆਏ ਵਿਅਕਤੀਆਂ ਦੀ ਪਛਾਣ) ਕਰਨਾ ਬੇਹੱਦ ਚੁਣੌਤੀਪੂਰਨ ਬਣ ਗਿਆ ਹੈ।

# ਟਰੰਪ ਨੂੰ ਖਾਲੀ ਹੱਥ ਮੋੜਨ ਤੋਂ ਬਾਅਦ ਪੁਤਿਨ ਦਾ ਸਵਾਗਤ

## ✪ ਚੀਨ ਨੇ ਦਿਖਾਇਆ ਵਿਸ਼ਵ ਸ਼ਕਤੀ ਦਾ ਨਵਾਂ ਚਿਹਰਾ !

ਬੀਜਿੰਗ-ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਦੋ-ਦਿਨਾ ਚੀਨ ਯਾਤਰਾ ਨੇ ਵਿਸ਼ਵ ਭਰ ਦੀਆਂ ਸਿਆਸੀ ਸਫ਼ਾਂ ਵਿੱਚ ਹਲਚਲ ਮਚਾ ਦਿੱਤੀ ਹੈ। ਆਪਣੇ ਇਸ ਦੌਰੇ ਦੌਰਾਨ ਪੁਤਿਨ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਨਾਲ ਸਾਲ 2001 ਦੀ 'ਗੁੱਡ-ਨੇਬਰਲੀਨੈੱਸ ਐਂਡ ਫ੍ਰੈਂਡਲੀ ਕੋਆਪ੍ਰੇਸ਼ਨ' ਸੰਧੀ ਦੀ 25ਵੀਂ ਵਰ੍ਹੇਗੰਢ ਦੇ ਵਿਸ਼ੇਸ਼ ਪ੍ਰੋਗਰਾਮ ਵਿੱਚ ਹਿੱਸਾ ਲੈਣਗੇ। ਹਾਲਾਂਕਿ, ਕੌਮਾਂਤਰੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਮੁਲਾਕਾਤ ਸਿਰਫ਼ ਇਕ ਰਸਮੀ ਪ੍ਰੋਗਰਾਮ ਨਹੀਂ, ਸਗੋਂ ਬਦਲ ਰਹੀ ਗਲੋਬਲ ਰਾਜਨੀਤੀ ਅਤੇ ਨਵੇਂ ਭੂ-ਸਿਆਸੀ ਸਮੀਕਰਨਾਂ ਦਾ ਇੱਕ ਬਹੁਤ ਵੱਡਾ ਸੰਕੇਤ ਹੈ।

ਟਰੰਪ ਦੇ ਦੌਰੇ ਫ਼ੌਰਨ ਬਾਅਦ ਪੁਤਿਨ ਦੀ ਆਮਦ: ਬੀਜਿੰਗ ਦੇ -ਰੂਸੀ ਰਾਸ਼ਟਰਪਤੀ ਦੀ ਇਹ ਯਾਤਰਾ ਅਜਿਹੇ ਨਾਜ਼ੁਕ ਸਮੇਂ 'ਤੇ ਹੋ ਰਹੀ ਹੈ, ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹਾਲ ਹੀ ਵਿੱਚ ਚੀਨ ਦਾ ਦੌਰਾ ਕਰ ਕੇ ਪਰਤੇ ਹਨ। ਟਰੰਪ ਨੇ ਭਾਵੇਂ ਚੀਨ ਨਾਲ ਵੱਡੇ ਵਪਾਰਕ ਸਮਝੌਤੇ ਕਰਨ ਦੇ ਦਾਅਵੇ ਕੀਤੇ ਸਨ, ਪਰ ਤਾਈਵਾਨ, ਈਰਾਨ ਜੰਗ ਅਤੇ ਰਣਨੀਤਕ ਮੁਕਾਬਲੇਬਾਜ਼ੀ ਵਰਗੇ ਅਹਿਮ ਅਤੇ ਗੰਭੀਰ ਮੁੱਦਿਆਂ 'ਤੇ ਕੋਈ ਠੋਸ ਪ੍ਰਗਤੀ ਸਾਹਮਣੇ ਨਹੀਂ ਆ ਸਕੀ। ਵਿਸ਼ਲੇਸ਼ਕਾਂ ਅਨੁਸਾਰ, ਅਮਰੀਕਾ ਨਾਲ ਗੱਲਬਾਤ ਬੇਸਿੱਟਾ ਰਹਿਣ ਤੋਂ ਬਾਅਦ ਚੀਨ ਨੇ ਰੂਸ ਨੂੰ ਸਾਫ਼ ਸੰਕੇਤ ਦੇ ਦਿੱਤਾ ਹੈ ਕਿ ਬੀਜਿੰਗ ਅਜੇ ਮਾਸਕੋ ਤੋਂ ਦੂਰੀ ਬਣਾਉਣ ਦੇ ਬਿਲਕੁਲ ਮੂਡ ਵਿੱਚ ਨਹੀਂ ਹੈ।

ਰੂਸ ਬਣਿਆ ਚੀਨ ਦਾ 'ਜੂਨੀਅਰ ਪਾਰਟਨਰ', ਪੁਤਿਨ ਨੂੰ ਜ਼ਿਆਦਾ ਲੋ-ਲੰਡਨ ਦੇ ਕਿੰਗਜ਼ ਕਾਲਜ ਦੀ ਰੱਖਿਆ ਮਾਹਿਰ ਮਰੀਨਾ ਮਿਰੋਨ ਅਨੁਸਾਰ, ਮੌਜੂਦਾ ਹਾਲਾਤ ਵਿੱਚ ਰੂਸ ਅਤੇ ਚੀਨ ਦੇ ਸਬੰਧਾਂ ਵਿੱਚ ਕੋਈ ਵੱਡਾ ਉਲਟਫੇਰ ਹੋਣ ਦੀ ਉਮੀਦ ਨਹੀਂ ਹੈ, ਪਰ ਦੋਵਾਂ ਵਿਚਾਲੇ ਆਰਥਿਕ ਅਤੇ ਫ਼ੌਜੀ ਸਹਿਯੋਗ ਹੋਰ ਜ਼ਿਆਦਾ ਗੂੜ੍ਹਾ ਹੋਵੇਗਾ। ਵਿਸ਼ੇਸ਼ ਕਰਕੇ ਊਰਜਾ, ਡਰੋਨ ਤਕਨਾਲੋਜੀ ਅਤੇ ਫ਼ੌਜੀ ਸਾਜ਼ੋ-ਸਾਮਾਨ ਦੇ ਖੇਤਰਾਂ ਵਿੱਚ ਦੋਵੇਂ ਦੇਸ਼ ਆਪਣੀ ਸਾਂਝੇਦਾਰੀ ਵਧਾ ਸਕਦੇ ਹਨ।

ਮਾਹਿਰ ਟਿਮੋਥੀ ਐਸ਼ ਦਾ ਕਹਿਣਾ ਹੈ ਕਿ ਇਸ ਸਾਂਝੇਦਾਰੀ ਵਿੱਚ ਚੀਨ ਹੁਣ ਬਹੁਤ ਮਜ਼ਬੂਤ ਸਥਿਤੀ ਵਿੱਚ ਹੈ। ਚੀਨ ਨੂੰ ਰੂਸ ਤੋਂ ਸਸਤੀ ਊਰਜਾ (ਤੇਲ ਤੇ ਗੈਸ) ਚਾਹੀਦੀ ਹੈ, ਜਦੋਂ ਕਿ ਯੂਕ੍ਰੇਨ ਜੰਗ ਕਾਰਨ ਅੰਤਰਰਾਸ਼ਟਰੀ ਪਾਬੰਦੀਆਂ ਝੱਲ ਰਹੇ ਰੂਸ ਨੂੰ ਚੀਨ ਦੀ ਉੱਚ-ਤਕਨੀਕੀ ਮਦਦ ਦੀ ਸਖ਼ਤ ਲੋੜ ਹੈ। ਯੂਕ੍ਰੇਨ ਜੰਗ ਤੋਂ ਬਾਅਦ ਰੂਸ ਹੁਣ ਇਸ ਰਿਸ਼ਤੇ ਵਿੱਚ ਚੀਨ ਦਾ 'ਜੂਨੀਅਰ ਪਾਰਟਨਰ' ਬਣ ਕੇ ਰਹਿ ਗਿਆ ਹੈ।



'ਮਲਟੀਪੋਲਰ ਵਰਲਡ' (ਬਹੁ-ਧਰੁਵੀ ਵਿਸ਼ਵ) ਦਾ ਸਾਂਝਾ ਏਜੰਡਾ-'ਅਲ ਜਜ਼ੀਰਾ' ਦੀ ਇੱਕ ਰਿਪੋਰਟ ਮੁਤਾਬਕ, ਰੂਸ ਅਤੇ ਚੀਨ ਲਗਾਤਾਰ ਇਕ ਅਜਿਹੀ ਨਵੀਂ ਵਿਸ਼ਵ ਵਿਵਸਥਾ ਦੀ ਵਕਾਲਤ ਕਰ ਰਹੇ ਹਨ, ਜਿੱਥੇ ਅਮਰੀਕਾ ਵਰਗੀ ਇੱਕੋ-ਇੱਕ ਮਹਾਸ਼ਕਤੀ ਦਾ ਦਬਦਬਾ ਨਾ ਹੋਵੇ। ਦੋਵੇਂ ਦੇਸ਼ ਖ਼ੁਦ ਨੂੰ 'ਮਲਟੀਪੋਲਰ ਵਰਲਡ' ਦੇ ਸਮਰਥਕ ਵਜੋਂ ਪੇਸ਼ ਕਰ ਰਹੇ ਹਨ। ਭਾਵੇਂ ਦੋਵੇਂ ਰਸਮੀ ਤੌਰ 'ਤੇ ਮਿਲਟਰੀ ਭਾਈਵਾਲ (ਸੰਧੀਬੱਧ ਫ਼ੌਜੀ ਦੋਸਤ) ਨਹੀਂ ਹਨ, ਪਰ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਅਤੇ ਅਮਰੀਕੀ ਨੀਤੀਆਂ ਦੇ ਵਿਰੋਧ ਨੇ ਉਨ੍ਹਾਂ ਨੂੰ ਰਣਨੀਤਕ ਤੌਰ 'ਤੇ ਇੱਕ-ਦੂਜੇ ਦੇ ਬਹੁਤ ਨੇੜੇ ਲਿਆ ਦਿੱਤਾ ਹੈ।

ਈਰਾਨ-ਇਜ਼ਰਾਈਲ ਜੰਗ ਅਤੇ ਯੂਕ੍ਰੇਨ ਸੰਕਟ 'ਤੇ ਚਰਚਾ-ਇਸ ਹਾਈ-ਪ੍ਰੋਫਾਈਲ ਬੀਜਿੰਗ ਵਾਰਤਾ 'ਤੇ ਅਮਰੀਕਾ-ਇਜ਼ਰਾਈਲ ਅਤੇ ਈਰਾਨ ਵਿਚਾਲੇ ਚੱਲ ਰਹੇ ਭਿਆਨਕ ਤਣਾਅ ਦਾ ਵੱਡਾ ਪਰਛਾਵਾਂ ਰਹੇਗਾ।

ਊਰਜਾ ਸੰਕਟ: ਹੋਰਮੁਜ਼ ਸਟ੍ਰੇਟ ਵਿੱਚ ਵਧਦੇ ਮਿਲਟਰੀ ਤਣਾਅ ਕਾਰਨ ਖਾੜੀ ਦੇਸ਼ਾਂ ਦੀ ਊਰਜਾ ਸਪਲਾਈ ਪ੍ਰਭਾਵਿਤ ਹੋ ਰਹੀ ਹੈ, ਜਿਸ ਦਾ ਸਭ ਤੋਂ ਵੱਡਾ ਜੋਖਮ ਚੀਨ ਦੀ ਆਰਥਿਕਤਾ 'ਤੇ ਪੈ ਸਕਦਾ ਹੈ। ਦੂਜੇ ਪਾਸੇ, ਰੂਸ ਨੂੰ ਇਸ ਸਥਿਤੀ ਦਾ ਆਰਥਿਕ ਫਾਇਦਾ ਮਿਲ ਰਿਹਾ ਹੈ।

ਯੂਕ੍ਰੇਨ ਜੰਗ: ਮਾਹਿਰਾਂ ਮੁਤਾਬਕ, ਚੀਨ ਖ਼ੁਦ ਨੂੰ ਇੱਕ 'ਨਿਰਪੱਖ ਵਿਚੋਲੇ' ਵਜੋਂ ਪੇਸ਼ ਕਰਨਾ ਜਾਰੀ ਰੱਖੇਗਾ ਅਤੇ ਉਹ ਯੂਕ੍ਰੇਨ ਮੁੱਦੇ 'ਤੇ ਰੂਸ 'ਤੇ ਕੋਈ ਦਬਾਅ ਨਹੀਂ ਪਾਵੇਗਾ। ਚੀਨ ਇਹ ਕਦੇ ਨਹੀਂ ਚਾਹੇਗਾ ਕਿ ਉਸ ਦੇ ਅਹਿਮ ਰਣਨੀਤਕ ਦੋਸਤ ਰੂਸ ਨੂੰ ਕੌਮਾਂਤਰੀ ਪੱਧਰ 'ਤੇ ਕਿਸੇ ਅਪਮਾਨਜਨਕ ਸਥਿਤੀ ਦਾ ਸਾਹਮਣਾ ਕਰਨਾ ਪਵੇ।

ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇੱਕ ਦਿਨ ਅਮਰੀਕੀ ਰਾਸ਼ਟਰਪਤੀ ਅਤੇ ਅਗਲੇ ਹੀ ਦਿਨ ਰੂਸੀ ਰਾਸ਼ਟਰਪਤੀ ਦੀ ਮੇਜ਼ਬਾਨੀ ਕਰ ਕੇ ਚੀਨ ਨੇ ਸੁਪਰਪਾਵਰ ਹੋਣ ਦਾ ਨਵਾਂ ਚਿਹਰਾ ਦਿਖਾਇਆ ਹੈ। ਬੀਜਿੰਗ ਨੇ ਸੰਸਾਰ ਨੂੰ ਸਾਫ਼ ਕਰ ਦਿੱਤਾ ਹੈ ਕਿ ਮੌਜੂਦਾ ਵਿਸ਼ਵ ਰਾਜਨੀਤੀ ਵਿੱਚ ਉਸ ਨੂੰ ਨਜ਼ਰਅੰਦਾਜ਼ ਕਰਨਾ ਨਾਮੁਮਕਿਨ ਹੈ ਅਤੇ ਉਹ ਇੱਕੋ ਸਮੇਂ ਦੋ ਵਿਰੋਧੀ ਮਹਾਸ਼ਕਤੀਆਂ ਨਾਲ ਗੱਲਬਾਤ ਕਰ ਕੇ ਵਿਸ਼ਵ ਸ਼ਕਤੀ ਦੇ ਸੰਤੁਲਨ ਨੂੰ ਆਪਣੇ ਪੱਖ ਵਿੱਚ ਮੋੜਨ ਦੀ ਪੂਰੀ ਸਮਰੱਥਾ ਰੱਖਦਾ ਹੈ।

# ਐਚ-1ਬੀ ਅਤੇ ਵੀਜ਼ਾ ਨਿਯਮਾਂ 'ਚ ਵੱਡੇ ਬਦਲਾਅ ਦੀ ਤਿਆਰੀ

## ✪ ਅਮਰੀਕਾ ਜਾਣ ਦੇ ਚਾਹਵਾਨ ਭਾਰਤੀਆਂ ਦੀ ਵਧੀ ਮੁਸੀਬਤ

ਵਾਸ਼ਿੰਗਟਨ (ਬਿਊਰੋ)-ਅਮਰੀਕਾ ਵਿੱਚ ਰਹਿਣ, ਪੜ੍ਹਨ ਅਤੇ ਉੱਥੇ ਕੰਮ ਕਰਨ ਦਾ ਸੁਪਨਾ ਦੇਖਣ ਵਾਲੇ ਭਾਰਤੀ ਪੇਸ਼ੇਵਰਾਂ , ਵਿਦਿਆਰਥੀਆਂ ਅਤੇ ਪ੍ਰਵਾਸੀ ਪਰਿਵਾਰਾਂ ਲਈ ਇੱਕ ਬੇਹੱਦ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਅਮਰੀਕਾ ਵਿੱਚ 2026 ਦੀਆਂ ਚੋਣਾਂ ਤੋਂ ਪਹਿਲਾਂ ਇਮੀਗ੍ਰੇਸ਼ਨ (ਪ੍ਰਵਾਸ) ਦਾ ਮੁੱਦਾ ਪੂਰੀ ਤਰ੍ਹਾਂ ਭਖ ਗਿਆ ਹੈ। ਇਸੇ ਦੌਰਾਨ ਰਿਪਬਲਿਕਨ ਸੰਸਦ ਮੈਂਬਰ ਟੌਮੀ ਟਿਊਬਰਵਿਲੇ ਵੱਲੋਂ ਇੱਕ ਨਵਾਂ ਅਤੇ ਬੇਹੱਦ ਸਖ਼ਤ ਇਮੀਗ੍ਰੇਸ਼ਨ ਬਿੱਲ ਪੇਸ਼ ਕੀਤਾ ਗਿਆ ਹੈ, ਜਿਸ ਨੂੰ 'ਅਸਾਈਮੀਲੇਸ਼ਨ ਐਕਟ' ਦਾ ਨਾਮ ਦਿੱਤਾ ਗਿਆ ਹੈ। ਇਸ ਦਾ ਸਭ ਤੋਂ ਵੱਡਾ ਅਤੇ ਸਿੱਧਾ ਅਸਰ ਭਾਰਤੀ ਨਾਗਰਿਕਾਂ 'ਤੇ ਪੈਣ ਵਾਲਾ ਹੈ।

ਭਾਰਤੀ ਆਈ.ਟੀ. ਪੇਸ਼ੇਵਰਾਂ ਵਿੱਚ ਸਭ ਤੋਂ ਵੱਧ ਪ੍ਰਸਿੱਧ ਐਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਇਸ ਬਿੱਲ ਰਾਹੀਂ ਨਿਸ਼ਾਨਾ ਬਣਾਇਆ ਗਿਆ ਹੈ। ਬਿੱਲ ਵਿੱਚ ਹੇਠ ਲਿਖੇ ਵੱਡੇ ਬਦਲਾਅ ਪ੍ਰਸਤਾਵਿਤ ਹਨ।

ਐਚ-1ਬੀਵੀਜ਼ਾ ਦਾ ਸਾਲਾਨਾ ਕੋਟਾ ਘਟਾ ਕੇ ਸਿਰਫ਼ 50,000 ਕਰਨ ਦੀ ਯੋਜਨਾ ਹੈ।ਅਮਰੀਕੀ ਕੰਪਨੀਆਂ ਨੂੰ ਹੁਣ ਵਿਦੇਸ਼ੀ ਕਾਮਿਆਂ ਨੂੰ ਸਬੰਧਤ ਕਿੱਤੇ ਦੀ ਔਸਤ ਤਨਖਾਹ ਦਾ 200 ਫੀਸਦੀ (ਦੁੱਗਣਾ) ਭੁਗਤਾਨ ਕਰਨਾ ਲਾਜ਼ਮੀ ਹੋਵੇਗਾ। ਇਹ ਵੀਜ਼ਾ ਸਿਰਫ਼ ਇੱਕ ਵਾਰ 3 ਸਾਲਾਂ ਲਈ ਦਿੱਤਾ ਜਾਵੇਗਾ। ਇਸ ਨੂੰ ਮੁੜ ਰੀਨਿਊ ਜਾਂ ਐਕਸਟੈਂਡ (ਵਧਾਇਆ) ਨਹੀਂ ਕੀਤਾ ਜਾ ਸਕੇਗਾ।




ਪੀਆਰ ਲਈ ਨਵੀਂ ਸ਼ਰਤ: ਵੀਜ਼ਾ ਖ਼ਤਮ ਹੋਣ ਤੋਂ ਬਾਅਦ ਪੱਕੀ ਰਿਹਾਇਸ਼ ਲਈ ਅਪਲਾਈ ਕਰਨ ਤੋਂ ਪਹਿਲਾਂ ਵਿਦੇਸ਼ੀ ਕਾਮੇ ਨੂੰ ਘੱਟੋ-ਘੱਟ 2 ਸਾਲ ਅਮਰੀਕਾ ਤੋਂ ਬਾਹਰ ਰਹਿਣਾ ਪਵੇਗਾ। ਅਮਰੀਕਾ ਵਿੱਚ ਪੜ੍ਹਾਈ ਕਰ ਰਹੇ ਜਾਂ ਜਾਣ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਲਈ ਇਸ ਬਿੱਲ ਵਿੱਚ ਸਭ ਤੋਂ ਮਾੜੀ ਖ਼ਬਰ ਹੈ। ਬਿੱਲ ਮੁਤਾਬਕ ਆਪਸਨਲ ਪਰੈਕਟੀਕਲ ਟਰੇਨਿੰਗ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਗੱਲ ਕਹੀ ਗਈ ਹੈ। ਦੱਸਣਯੋਗ ਹੈ ਕਿ ਇਸੇ ਪ੍ਰੋਗਰਾਮ ਤਹਿਤ ਅੰਤਰਰਾਸ਼ਟਰੀ ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਅਮਰੀਕਾ ਵਿੱਚ ਰਹਿ ਕੇ ਕੰਮ (Work Experience) ਹਾਸਲ ਕਰਦੇ ਸਨ। ਇਸ ਦੇ ਖ਼ਤਮ ਹੋਣ ਨਾਲ ਪੜ੍ਹਾਈ ਤੋਂ ਬਾਅਦ ਨੌਕਰੀ ਮਿਲਣ ਦੇ ਰਾਹ ਬੰਦ ਹੋ ਜਾਣਗੇ।

ਨਵੇਂ ਪ੍ਰਸਤਾਵ ਅਨੁਸਾਰ ਅਮਰੀਕਾ ਹੁਣ ਬਾਹਰੀ ਲੋਕਾਂ ਨੂੰ ਪੱਕੇ ਤੌਰ 'ਤੇ ਵਸਾਉਣ ਦੇ ਮੂਡ ਵਿੱਚ ਨਹੀਂ ਦਿਖ ਰਿਹਾ। ਬਿੱਲ ਵਿੱਚ ਪਰਿਵਾਰਾਂ ਅਤੇ ਨਾਗਰਿਕਤਾ ਨੂੰ ਲੈ ਕੇ ਵੀ ਸਖ਼ਤ ਸ਼ਰਤਾਂ ਰੱਖੀਆਂ ਗਈਆਂ ਹਨ:

ਨਾਗਰਿਕਤਾ ਹਾਸਲ ਕਰਨ ਲਈ ਰਿਹਾਇਸ਼ ਦੀ ਸ਼ਰਤ 5 ਸਾਲ ਤੋਂ ਵਧਾ ਕੇ 10 ਸਾਲ ਕੀਤੀ ਜਾਵੇਗੀ। ਨਾਲ ਹੀ ਅੰਗਰੇਜ਼ੀ ਭਾਸ਼ਾ ਵਿੱਚ ਮੁਹਾਰਤ (ਬੀ2 ਲੈਵਲ) ਹੋਣੀ ਲਾਜ਼ਮੀ ਹੋਵੇਗੀ।

ਪਰਿਵਾਰ-ਅਧਾਰਤ ਇਮੀਗ੍ਰੇਸ਼ਨ ਵਿੱਚ ਹੁਣ ਸਿਰਫ਼ ਪਤੀ-ਪਤਨੀ ਅਤੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਹੀ ਸ਼ਾਮਲ ਕੀਤਾ ਜਾਵੇਗਾ। ਅਮਰੀਕੀ ਨਾਗਰਿਕਾਂ ਦੇ ਮਾਪਿਆਂ ਨੂੰ ਹੁਣ ਪੱਕੀ ਰਿਹਾਇਸ਼ ਨਹੀਂ ਮਿਲੇਗੀ, ਸਗੋਂ ਉਨ੍ਹਾਂ ਨੂੰ ਸਿਰਫ਼ 5 ਸਾਲਾਂ ਦਾ ਗੈਰ-ਪ੍ਰਵਾਸੀ ਵੀਜ਼ਾ ਮਿਲੇਗਾ, ਜਿਸ 'ਤੇ ਉਹ ਕੰਮ ਨਹੀਂ ਕਰ ਸਕਣਗੇ।

### ਹੋਰ ਅਹਿਮ ਬਦਲਾਅ ਜੋ ਪਾਉਣਗੇ ਅਸਰ

ਲਾਟਰੀ ਸਿਸਟਮ ਬੰਦ: ਡਾਇਵਰਸਿਟੀ ਵੀਜ਼ਾ ਲਾਟਰੀ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਤਜਵੀਜ਼ ਹੈ।

ਅਸਾਇਲਮ ਫੀਸ: ਅਸਾਇਲਮ (ਸਿਆਸੀ ਸ਼ਰਨ) ਲੈਣ ਵਾਲਿਆਂ ਲਈ 500 ਡਾਲਰ ਦੀ ਫੀਸ ਲਗਾਈ ਜਾਵੇਗੀ।

ਈ-ਵੈਰੀਫਾਈ ਲਾਜ਼ਮੀ: ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਨੌਕਰੀਆਂ ਤੋਂ ਰੋਕਣ ਲਈ ਦੇਸ਼ ਭਰ ਵਿੱਚ ਈ-ਵੈਰੀਫਾਈ ਸਿਸਟਮ ਲਾਜ਼ਮੀ ਕੀਤਾ ਜਾਵੇਗਾ।

### "ਅਮਰੀਕਾ ਆਉਣਾ ਇੱਕ ਵਿਸ਼ੇਸ਼ ਅਧਿਕਾਰ ਹੈ, ਨਾ ਕਿ ਅਧਿਕਾਰ"

ਬਿੱਲ ਪੇਸ਼ ਕਰਦਿਆਂ ਰਿਪਬਲਿਕਨ ਸਾਂਸਦ ਟੌਮੀ ਟਿਊਬਰਵਿਲੇ ਨੇ ਸਾਫ਼ ਲਫ਼ਜ਼ਾਂ ਵਿੱਚ ਕਿਹਾ ਕਿ ਅਮਰੀਕਾ ਆਉਣਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਦੀ ਦੇਸ਼ ਵਿੱਚ ਕੋਈ ਲੋੜ ਨਹੀਂ ਹੈ ਜੋ ਅਮਰੀਕਾ ਦੇ ਸੱਭਿਆਚਾਰ ਵਿੱਚ ਰਲਣਾ ਨਹੀਂ ਚਾਹੁੰਦੇ। ਜੇਕਰ ਇਹ ਬਿੱਲ ਅਮਰੀਕੀ ਸੰਸਦ ਵਿੱਚ ਪਾਸ ਹੋ ਕੇ ਕਾਨੂੰਨ ਬਣ ਜਾਂਦਾ ਹੈ, ਤਾਂ ਭਾਰਤੀਆਂ ਲਈ ਅਮਰੀਕੀ ਸੁਪਨਾ ਬੇਹੱਦ ਧੁੰਦਲਾ ਅਤੇ ਮੁਸ਼ਕਲ ਹੋ ਜਾਵੇਗਾ। ਖ਼ਾਸ ਕਰਕੇ ਆਈ.ਟੀ. ਸੈਕਟਰ ਅਤੇ ਉੱਚ ਸਿੱਖਿਆ ਲਈ ਜਾਣ ਵਾਲੇ ਪੰਜਾਬੀ ਤੇ ਭਾਰਤੀ ਨੌਜਵਾਨਾਂ ਨੂੰ ਆਪਣੇ ਫੈਸਲਿਆਂ 'ਤੇ ਮੁੜ ਵਿਚਾਰ ਕਰਨਾ ਪੈ ਸਕਦਾ ਹੈ।

# ਬਰਤਾਨੀਆ ਵਿੱਚ ਪੈਨਸ਼ਨ ਸੰਕਟ 1.5 ਕਰੋੜ ਤੋਂ ਵੱਧ ਲੋਕਾਂ ਕੋਲ ਬੁਢਾਪੇ ਲਈ ਲੋੜੀਂਦੀ ਬਚਤ ਨਹੀਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਮੁੜ ਗਠਿਤ ਕੀਤੇ ਗਏ 'ਪੈਨਸ਼ਨ ਕਮਿਸ਼ਨ' ਦੀ ਇੱਕ ਤਾਜ਼ਾ ਰਿਪੋਰਟ ਵਿੱਚ ਦੇਸ਼ ਦੇ ਭਵਿੱਖ ਨੂੰ ਲੈ ਕੇ ਵੱਡੀ ਚਿੰਤਾ ਜਤਾਈ ਗਈ ਹੈ। ਰਿਪੋਰਟ ਮੁਤਾਬਕ, ਬਰਤਾਨੀਆ ਦੇ ਲਗਭਗ 1.5 ਕਰੋੜ (15 ਮਿਲੀਅਨ) ਲੋਕ ਆਪਣੇ ਸੇਵਾਮੁਕਤੀ ਦੇ ਦਿਨਾਂ ਲਈ ਲੋੜੀਂਦੇ ਪੈਸੇ ਨਹੀਂ ਬਚਾ ਰਹੇ ਹਨ। ਕਮਿਸ਼ਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਜਲਦੀ ਹੀ ਨੀਤੀਆਂ ਵਿੱਚ ਬਦਲਾਅ ਨਾ ਕੀਤੇ ਗਏ, ਤਾਂ ਇਹ ਅੰਕੜਾ ਵਧ ਕੇ 1.9 ਕਰੋੜ ਤੱਕ ਪਹੁੰਚ ਸਕਦਾ ਹੈ।

ਮਾਹਰਾਂ ਦੇ ਇਸ ਸੁਤੰਤਰ ਪੈਨਲ ਨੇ ਖੁਲਾਸਾ ਕੀਤਾ ਹੈ ਕਿ ਆਉਣ ਵਾਲੀ ਪੀੜ੍ਹੀ ਦੇ ਬਜ਼ੁਰਗ ਅੱਜ ਦੇ ਬਜ਼ੁਰਗਾਂ ਦੇ ਮੁਕਾਬਲੇ ਆਰਥਿਕ ਤੌਰ 'ਤੇ ਕਾਫ਼ੀ ਕਮਜ਼ੋਰ ਹੋਣਗੇ। ਰਿਪੋਰਟ ਮੁਤਾਬਿਕ ਸਰਕਾਰ ਦੀ 'ਆਟੋ-ਐਨਰੋਲਮੈਂਟ' ਨੀਤੀ ਤਹਿਤ 2.2 ਕਰੋੜ ਤੋਂ ਵੱਧ ਕਰਮਚਾਰੀਆਂ ਦੇ ਪੈਨਸ਼ਨ ਖਾਤੇ ਖੁੱਲ੍ਹੇ ਹਨ, ਪਰ ਅੱਧੀ ਦੇ ਕਰੀਬ ਆਬਾਦੀ ਸਿਰਫ਼ ਕਾਨੂੰਨੀ ਤੌਰ 'ਤੇ ਤੈਅ ਸਭ ਤੋਂ ਘੱਟ ਫੰਡ (ਕੁੱਲ 8%) ਹੀ ਜਮ੍ਹਾਂ ਕਰ ਰਹੀ ਹੈ। ਲੋਕ ਇਸ ਨੂੰ ਲੋੜੀਂਦੀ ਬਚਤ ਮੰਨਣ ਦੀ ਗਲਤੀ ਕਰ ਰਹੇ ਹਨ, ਜੋ ਕਿ ਬੁਢਾਪੇ ਦੇ ਖਰਚਿਆਂ ਲਈ ਬਹੁਤ ਘੱਟ ਹੈ।

ਔਰਤਾਂ ਅਤੇ ਮਰਦਾਂ ਦੀ ਬਚਤ ਵਿੱਚ ਵੀ ਵੱਡਾ ਫਰਕ ਹੈ। ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਰਿਟਾਇਰਮੈਂਟ ਦੇ ਨੇੜੇ ਪਹੁੰਚ ਚੁੱਕੀਆਂ ਔਰਤਾਂ ਕੋਲ ਮਰਦਾਂ ਦੇ ਮੁਕਾਬਲੇ ਅੱਧੀ ਪੈਨਸ਼ਨ ਬਚਤ ਹੀ ਹੈ। ਮਰਦਾਂ ਕੋਲ ਜਿੱਥੇ ਔਸਤਨ 156,000 ਪੌਂਡ ਦਾ ਫੰਡ ਹੈ, ਉੱਥੇ ਹੀ ਔਰਤਾਂ ਕੋਲ ਸਿਰਫ਼ 81,000 ਪੌਂਡ ਹੀ ਹਨ। ਇਸ ਦਾ ਮੁੱਖ ਕਾਰਨ ਬੱਚਿਆਂ ਦੀ ਦੇਖਭਾਲ ਲਈ ਨੌਕਰੀਆਂ ਵਿੱਚ ਬ੍ਰੇਕ ਲੈਣਾ ਜਾਂ ਪਾਰਟ-ਟਾਈਮ ਕੰਮ ਕਰਨਾ ਹੈ।

ਸਵੈ-ਰੁਜ਼ਗਾਰ ਵਾਲਿਆਂ ਬਾਰੇ ਖੁਲਾਸਾ ਹੋਇਆ ਹੈ ਕਿ ਕੰਮ ਕਰਨ ਵਾਲੀ ਉਮਰ ਦੇ ਲਗਭਗ 45% ਬਾਲਗ ਪੈਨਸ਼ਨ ਵਿੱਚ ਬਿਲਕੁਲ ਵੀ ਪੈਸਾ ਨਹੀਂ ਪਾ ਰਹੇ। ਖਾਸ ਕਰਕੇ ਆਪਣਾ ਕਾਰੋਬਾਰ ਜਾਂ ਫ੍ਰੀਲਾਂਸ ਕੰਮ ਕਰਨ ਵਾਲੇ ਸਿਰਫ਼ 4% ਲੋਕ ਹੀ ਭਵਿੱਖ ਲਈ ਬਚਤ ਕਰ ਰਹੇ ਹਨ।

ਲਗਭਗ 30% ਲੋਕ ਕਾਨੂੰਨੀ ਉਮਰ ਹੁੰਦੇ ਹੀ ਆਪਣੇ ਪੈਨਸ਼ਨ ਖਾਤੇ ਖਾਲੀ ਕਰ ਰਹੇ ਹਨ। ਉਹ ਇਸ ਪੈਸੇ ਦੀ ਵਰਤੋਂ ਨਵੀਂ ਕਾਰ ਖਰੀਦਣ, ਛੁੱਟੀਆਂ ਮਨਾਉਣ ਜਾਂ ਘਰ ਦੀ ਮੁਰੰਮਤ ਵਰਗੇ ਤਤਕਾਲੀ ਖਰਚਿਆਂ ਲਈ ਕਰ ਰਹੇ ਹਨ, ਜਿਸ ਨਾਲ ਉਨ੍ਹਾਂ ਦਾ ਬੁਢਾਪਾ ਅਸੁਰੱਖਿਅਤ ਹੋ ਰਿਹਾ ਹੈ।

ਇਸ ਕਮਿਸ਼ਨ ਦਾ ਗਠਨ ਸਭ ਤੋਂ ਪਹਿਲਾਂ 2002 ਵਿੱਚ ਟੋਨੀ ਬਲੇਅਰ ਦੀ ਸਰਕਾਰ ਵੇਲੇ ਹੋਇਆ ਸੀ, ਜਿਸ ਨੇ ਮੌਜੂਦਾ ਪੈਨਸ਼ਨ ਪ੍ਰਣਾਲੀ ਤਿਆਰ ਕੀਤੀ ਸੀ। ਹੁਣ ਕੀਰ ਸਟਾਰਮਰ ਦੀ ਲੇਬਰ ਸਰਕਾਰ ਨੇ ਵਧਦੀ ਉਮਰ, ਹੌਲੀ ਆਰਥਿਕਤਾ ਆਦਿ ਚੁਣੌਤੀਆਂ ਨਾਲ ਨਜਿੱਠਣ ਲਈ ਇਸ ਨੂੰ ਦੁਬਾਰਾ ਸਰਗਰਮ ਕੀਤਾ ਹੈ।

ਬੈਰੋਨੈਸ ਜੀਨੀ ਡ੍ਰੇਕ ਦੀ ਅਗਵਾਈ ਵਿੱਚ ਇਹ ਕਮਿਸ਼ਨ ਵੱਖ-ਵੱਖ ਖੇਤਰਾਂ ਦੇ ਮਾਹਰਾਂ ਨਾਲ ਸਲਾਹ-ਮਸ਼ਵਰਾ ਕਰਕੇ 2027 ਦੇ ਸ਼ੁਰੂ ਵਿੱਚ ਆਪਣੀ ਅੰਤਿਮ ਰਿਪੋਰਟ ਪੇਸ਼ ਕਰੇਗਾ। ਉਮੀਦ ਕੀਤੀ ਜਾ ਰਹੀ ਹੈ ਕਿ ਸਰਕਾਰ ਆਉਣ ਵਾਲੇ ਸਮੇਂ ਵਿੱਚ ਕੰਪਨੀਆਂ ਵੱਲੋਂ ਪੈਨਸ਼ਨ ਵਿੱਚ ਪਾਏ ਜਾਣ ਵਾਲੇ ਹਿੱਸੇ ਨੂੰ ਵਧਾਉਣ ਅਤੇ ਸਵੈ-ਰੁਜ਼ਗਾਰ ਵਾਲੇ ਲੋਕਾਂ ਲਈ ਨਵੇਂ ਕਾਨੂੰਨ ਬਣਾਉਣ ਵਰਗੇ ਸਖ਼ਤ ਕਦਮ ਚੁੱਕ ਸਕਦੀ ਹੈ।

## ਜੌਹਨ ਸਵਿੰਨੀ ਸਕਾਟਲੈਂਡ ਦੇ ਅੱਠਵੇਂ ਫਸਟ ਮਨਿਸਟਰ ਬਣੇ



ਗਲਾਸਗੋ-(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਜੌਹਨ ਸਵਿੰਨੀ ਜੋ ਕਿ ਮਈ 2024 ਵਿੱਚ ਪਹਿਲੀ ਵਾਰ ਸਕਾਟਲੈਂਡ ਦੇ ਫਸਟ ਮਨਿਸਟਰ ਬਣੇ ਸਨ ਅਤੇ ਉਨ੍ਹਾਂ ਦੀ ਪਾਰਟੀ 7 ਮਈ 2026 ਨੂੰ ਸਕਾਟਿਸ਼ ਪਾਰਲੀਮੈਂਟ ਚੋਣਾਂ ਵਿੱਚ ਕੁੱਲ 129 ਸੀਟਾਂ ਵਿੱਚੋਂ 58 ਸੀਟਾਂ ਜਿੱਤ ਕੇ ਸੱਭ ਤੋਂ ਵੱਡੀ ਪਾਰਟੀ ਬਣੀ ਸੀ। ਅੱਜ ਸਵਿੰਨੀ ਨੇ ਮੁੜ ਦੂਜੀ ਵਾਰ ਅਤੇ ਸਕਾਟਲੈਂਡ ਦੇ ਅੱਠਵੇਂ ਪਹਿਲੇ ਮੰਤਰੀ ਵਜੋਂ ਸਹੁੰ ਚੁੱਕੀ। ਸਕਾਟਿਸ਼ ਸੰਸਦ ਵਿੱਚ ਕੱਲ੍ਹ ਵੋਟਾਂ ਰਾਹੀਂ ਉਹਨਾਂ ਨੂੰ ਸੰਸਦ ਦਾ ਨੇਤਾ ਨਾਮਜ਼ਦ ਕੀਤਾ ਗਿਆ ਸੀ।ਪਹਿਲੇ ਮੰਤਰੀ ਵਜੋਂ ਸਵਿੰਨੀ ਦਾ ਪਹਿਲਾ ਕੰਮ ਆਪਣੀ ਨਵੀਂ ਕੈਬਿਨੇਟ ਦੀ ਨਿਯੁਕਤੀ ਕਰਨਾ ਹੋਵੇਗਾ। ਮਹਾਰਾਜਾ ਚਾਰਲਸ ਤੀਜੇ ਵੱਲੋਂ ਜੌਹਨ ਸਵਿੰਨੀ ਦੀ ਨਿਯੁਕਤੀ ਨੂੰ ਮਨਜ਼ੂਰੀ ਦੇਣ ਤੋਂ ਬਾਅਦ ਸਵਿੰਨੀ ਨੂੰ ਅਧਿਕਾਰਿਕ ਤੌਰ 'ਤੇ ਪਹਿਲੇ ਮੰਤਰੀ ਦੇ ਅਹੁਦੇ ਲਈ ਮਨਜ਼ੂਰ ਕੀਤਾ ਗਿਆ। ਸਕਾਟਿਸ਼ ਸੰਸਦ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਸਵਿੰਨੀ ਨੇ ਸੰਸਦੀ ਕਾਰਜਕਾਲ ਲਈ ਆਪਣੀਆਂ ਯੋਜਨਾਵਾਂ ਦਾ ਜ਼ਿਕਰ ਕੀਤਾ, ਜਿਸ ਵਿੱਚ ਰਹਿਣ-ਸਹਿਣ ਦੀ ਲਾਗਤ ਨਾਲ ਨਜਿੱਠਣ, ਐਨ. ਐਚ. ਐਸ. ਵਿੱਚ ਸੁਧਾਰ ਕਰਨ, ਸਕਾਟਲੈਂਡ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਆਰਥਿਕਤਾ ਨੂੰ ਵਧਾਉਣ ਲਈ ਕਾਰਵਾਈ ਸ਼ਾਮਲ ਹੈ। ਉਹਨਾਂ ਨੇ ਸਕਾਟਲੈਂਡ ਦੀ ਤਰੱਕੀ ਲਈ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਇਕੱਠੇ ਕੰਮ ਕਰਨ ਦਾ ਵੀ ਵਾਅਦਾ ਕੀਤਾ।




## ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ

ਹਲਕਾ ਸਮਾਣਾ ਤੋਂ ਵੱਡੀ ਗਿਣਤੀ ਵਿੱਚ ਸ.ਸੁਖਬੀਰ ਸਿੰਘ ਬਾਦਲ ਜੀ ਦੀ ਅਗਵਾਈ ਹੇਠ ਝਾੜੂ ਪਾਰਟੀ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਹੋਏ ਸ਼ਾਮਿਲ, ਜਿਸ ਨਾਲ ਪਾਰਟੀ ਨੂੰ ਵੱਡੀ ਮਜਬੂਤੀ ਮਿਲੀ ।

## ਅਮਰੀਕਾ 'ਚ ਡਿਪੋਰਟੇਸ਼ਨ ਮੁਹਿੰਮ ਕਾਰਨ ਡਿਟੇਨਸ਼ਨ ਸੈਂਟਰਾਂ 'ਚ ਭੀੜ ਵਧੀ

**ਵਾਸ਼ਿੰਗਟਨ ਡੀ.ਸੀ.: ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੋਬ ਬੌਂਟਾ ਨੇ ਸ਼ੁੱਕਰਵਾਰ ਨੂੰ ਆਈਸੀਈ ਡਿਟੇਨਸ਼ਨ ਸੈਂਟਰਾਂ ਦੀਆਂ ਹਾਲਤਾਂ ਬਾਰੇ ਇੱਕ ਤਿੱਖੀ ਰਿਪੋਰਟ ਜਾਰੀ ਕੀਤੀ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ ਅਮਰੀਕਾ ਚ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਚੱਲ ਰਹੀ ਵੱਡੀ ਡਿਪੋਰਟੇਸ਼ਨ ਮੁਹਿੰਮ ਕਾਰਨ ਡਿਟੇਨਸ਼ਨ ਸੈਂਟਰਾਂ ਚ ਭੀੜ ਬਹੁਤ ਵੱਧ ਗਈ ਹੈ ਅਤੇ ਕੈਦੀਆਂ ਲਈ ਹਾਲਾਤ ਹੋਰ ਵੀ ਖਰਾਬ ਹੋ ਚੁੱਕੇ ਹਨ। ਰਿਪੋਰਟ ਮੁਤਾਬਕ ਪਿਛਲੇ ਸਾਲ ਦੌਰਾਨ ਕੈਲੀਫੋਰਨੀਆ ਦੇ ਸੱਤ ਆਈਸੀਈ ਸੈਂਟਰਾਂ ਦੀ ਜਾਂਚ ਕੀਤੀ ਗਈ ਜਿੱਥੇ ਮੈਡੀਕਲ ਸਹੂਲਤਾਂ ਦੀ ਘਾਟ, ਇਲਾਜ ਵਿਚ ਦੇਰੀ, ਗੰਦਾ ਅਤੇ ਅਸੁਰੱਖਿਅਤ ਵਾਤਾਵਰਣ, ਘੱਟ ਖਾਣਾ, ਪੀਣ ਵਾਲੇ ਸਾਫ਼ ਪਾਣੀ ਦੀ ਕਮੀ ਅਤੇ ਸੁਰੱਖਿਆ ਕਰਮਚਾਰੀਆਂ ਵੱਲੋਂ ਜ਼ਰੂਰਤ ਤੋਂ ਵੱਧ ਬਲ ਦੀ ਵਰਤੋਂ ਵਰਗੀਆਂ ਗੰਭੀਰ ਸਮੱਸਿਆਵਾਂ ਸਾਹਮਣੇ ਆਈਆਂ ਹਨ ਅਤੇ ਸਤੰਬਰ ਤੋਂ ਮਾਰਚ ਤੱਕ ਛੇ ਕੈਦੀਆਂ ਦੀ ਮੌਤ ਹੋਈ ਹੈ ਜੋ ਕਿ ਦੋ ਹਜ਼ਾਰ ਸਤਾਰਾਂ ਤੋਂ ਬਾਅਦ ਸਭ ਤੋਂ ਵੱਧ ਗਿਣਤੀ ਹੈ।**

# ਕੈਨੇਡਾ ਵਿਚ ਫਿਰੌਤੀ ਤੇ ਗੋਲੀਬਾਰੀ ਮਾਮਲੇ ਵਿਚ 22 ਸਾਲਾ ਪੰਜਾਬੀ ਨੌਜਵਾਨ ਗੁਰਸੇਵਕ ਸਿੰਘ ਗ੍ਰਿਫ਼ਤਾਰ



**ਵੈਨਕੂਵਰ-ਗੋਲੀਬਾਰੀ ਕਰਨ ਦੇ ਮਾਮਲੇ ਵਿੱਚ ਸਰੀ ਅਤੇ ਐਬਸਫੋਰਡ ਪੁਲੀਸ ਨੇ ਸਾਂਝੀ ਕਾਰਵਾਈ ਕਰਦਿਆਂ ਲੰਘੇ ਦਸੰਬਰ ਮਹੀਨੇ ਵਾਪਰੀਆਂ ਵਾਰਦਾਤਾਂ ਦੇ ਸਬੰਧ ਵਿੱਚ 22 ਸਾਲਾਂ ਦੇ ਇੱਕ ਪੰਜਾਬੀ ਨੌਜਵਾਨ ਗੁਰਸੇਵਕ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ।**


**ਜਾਣਕਾਰੀ ਅਨੁਸਾਰ ਮੁਲਜ਼ਮ ਗੁਰਸੇਵਕ ਸਿੰਘ ਖ਼ਿਲਾਫ਼ ਸਖ਼ਤ ਕਾਨੂੰਨੀ ਧਾਰਾਵਾਂ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ। ਜਾਂਚ ਅਧਿਕਾਰੀਆਂ ਮੁਤਾਬਕ ਮੁਲਜ਼ਮ 'ਤੇ ਸਰੀ ਪੁਲੀਸ ਵੱਲੋਂ 9 ਅਤੇ ਐਬਸਫੋਰਡ ਪੁਲੀਸ ਵੱਲੋਂ ਵੱਖ-ਵੱਖ ਧਾਰਾਵਾਂ ਹੇਠ 6 ਸੰਗੀਨ ਦੋਸ਼ ਆਇਦ ਕੀਤੇ ਗਏ ਹਨ।**

**ਉਕਤ ਮੁਲਜ਼ਮ ਨੇ ਪਹਿਲਾਂ ਸਰੀ ਵਿੱਚ ਦੋ ਵੱਖ-ਵੱਖ ਕਾਰੋਬਾਰੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਫਿਰ ਐਬਸਫੋਰਡ ਵਿੱਚ ਇੱਕ ਹੋਰ ਕਾਰੋਬਾਰੀ ਸਥਾਨ 'ਤੇ ਵਾਰਦਾਤ ਨੂੰ ਅੰਜਾਮ ਦਿੱਤਾ। ਇਨ੍ਹਾਂ ਥਾਵਾਂ 'ਤੇ ਪਹਿਲਾਂ ਮੋਟੀਆਂ ਫਿਰੌਤੀਆਂ ਦੀ ਮੰਗ ਕੀਤੀ ਗਈ ਸੀ ਅਤੇ ਬਾਅਦ ਵਿੱਚ ਦਹਿਸ਼ਤ ਫੈਲਾਉਣ ਦੇ ਮਕਸਦ ਨਾਲ ਅੰਨ੍ਹੇਵਾਹ ਗੋਲੀਬਾਰੀ ਕੀਤੀ ਗਈ। ਰਾਹਤ ਦੀ ਗੱਲ ਇਹ ਰਹੀ ਕਿ ਇਨ੍ਹਾਂ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਗੋਲੀਆਂ ਲੱਗਣ ਕਾਰਨ ਇਮਾਰਤਾਂ ਦੀ ਭੰਨ-ਤੋੜ ਹੋਈ ਅਤੇ ਉੱਥੇ ਖੜ੍ਹੇ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ ਸਨ।**

**ਇਸ ਹਾਈ-ਪ੍ਰੋਫਾਈਲ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੁਲੀਸ ਵੱਲੋਂ ਇੱਕ ਵਿਸ਼ੇਸ਼ ਟੀਮ ਗਠਿਤ ਕਰਕੇ ਲੰਬੀ ਅਤੇ ਬਾਰੀਕੀ ਨਾਲ ਜਾਂਚ ਕੀਤੀ ਗਈ ਸੀ। ਡਿਜੀਟਲ ਸਬੂਤਾਂ ਅਤੇ ਖੁਫ਼ੀਆ ਜਾਣਕਾਰੀਆਂ ਦੇ ਆਧਾਰ 'ਤੇ ਆਖ਼ਰਕਾਰ ਮੁਲਜ਼ਮ ਦੀ ਪਛਾਣ ਕਰਕੇ ਉਸ ਨੂੰ ਦਬੋਚ ਲਿਆ ਗਿਆ। ਪੁਲੀਸ ਪ੍ਰਸ਼ਾਸਨ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਨੌਜਵਾਨ ਨੂੰ ਅਗਲੇ ਹਫ਼ਤੇ ਸਥਾਨਕ ਅਦਾਲਤ ਵਿੱਚ ਪੇਸ਼ ਕਰਕੇ ਕਾਨੂੰਨੀ ਰਿਮਾਂਡ ਹਾਸਲ ਕੀਤਾ ਜਾਵੇਗਾ।**


**ਸਰੀ ਪੁਲੀਸ ਦੇ ਉੱਚ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਕੈਨੇਡਾ ਦੀ ਧਰਤੀ 'ਤੇ ਅਜਿਹੀਆਂ ਗੈਂਗਸਟਰਵਾਦੀ ਅਤੇ ਫਿਰੌਤੀ ਦੀਆਂ ਗਤੀਵਿਧੀਆਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਪਰਾਧੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕਰਨ ਲਈ ਪੁਲੀਸ ਪੂਰੀ ਵਾਹ ਲਾ ਰਹੀ ਹੈ।**

**ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਅਪਰਾਧੀਆਂ ਬਾਰੇ ਸੂਚਨਾ ਦੇਣ ਵਾਲਿਆਂ ਲਈ ਲੱਖਾਂ ਡਾਲਰਾਂ ਦੀ ਇਨਾਮੀ ਰਾਸ਼ੀ ਦਾ ਐਲਾਨ ਕੀਤਾ ਗਿਆ ਹੈ। ਇਸ ਸਕੀਮ ਦੇ ਬੇਹੱਦ ਹਾਂ-ਪੱਖੀ ਨਤੀਜੇ ਦੇਖਣ ਨੂੰ ਮਿਲ ਰਹੇ ਹਨ। ਹੁਣ ਆਮ ਲੋਕ ਖ਼ੁਦ ਅੱਗੇ ਆ ਕੇ ਪੁਲੀਸ ਦੀ ਮਦਦ ਕਰ ਰਹੇ ਹਨ, ਜਿਸ ਸਦਕਾ ਅਜਿਹੇ ਸ਼ਰਾਰਤੀ ਅਤੇ ਅਪਰਾਧਿਕ ਅਨਸਰਾਂ ਦੀਆਂ ਗ੍ਰਿਫ਼ਤਾਰੀਆਂ ਸੰਭਵ ਹੋ ਰਹੀਆਂ ਹਨ।**



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

UK-born, well-educated, handsome Jatt Sikh boy (British citizen), age 23, height 5'9", holding a good government job in the UK. Seeking a beautiful, cultured and well-educated Jatt Sikh girl who understands family values. Interested families may share their biodata. Please contact: ✆ 00 91 80549-52346 or email:jatinder.pkg@gmail.com

ਯੂ ਕੇ ਦੇ ਜੰਮ-ਪਲ ਪੜ੍ਹੇ-ਲਿਖੇ ਸੋਹਣੇ ਜਵਾਨ, ਜੱਟ ਸਿੱਖ ਲੜਕੇ (ਬ੍ਰਿਟਿਸ਼ ਨਾਗਰਿਕ), ਉਮਰ 23 ਸਾਲ, ਕੱਦ 5'9", ਯੂ ਕੇ ਵਿੱਚ ਚੰਗੀ ਸਰਕਾਰੀ ਨੌਕਰੀ ਲਈ ਸੁੰਦਰ, ਸੰਸਕਾਰੀ ਅਤੇ ਪੜ੍ਹੀ-ਲਿਖੀ ਜੱਟ ਸਿੱਖ ਲੜਕੀ ਦੀ ਲੋੜ ਹੈ, ਜੋ ਪਰਿਵਾਰਕ ਮੁੱਲਾਂ ਨੂੰ ਸਮਝਣ ਵਾਲੀ ਹੋਵੇ। ਚਾਹਵਾਨ ਪਰਿਵਾਰ ਲੜਕੀ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰ ਸਕਦੇ ਹਨ: 00 91 80549-52346 ਜਾਂ ਈਮੇਲ ਕਰੋ ਜੀ: email:jatinder.pkg@gmail.com

UK born Jatt Sikh boy aged 26 years old, height 5ft 10' working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.


# ਬੇਅਦਬੀ ਕਾਨੂੰਨ ਦੀਆਂ ਸੋਧਾਂ 'ਤੇ ਭੜਕਿਆ ਸਿੱਖ ਲੀਡਰਸ਼ਿਪ

## ✪ ਸਰਕਾਰ ਨੂੰ 15 ਦਿਨਾਂ ਦਾ ਅਲਟੀਮੇਟਮ; ਅੰਦੋਲਨ ਦੀ ਚੇਤਾਵਨੀ



ਸ੍ਰੀ ਅਨੰਦਪੁਰ ਸਾਹਿਬ-ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਨੂੰ ਲੈ ਕੇ ਸਿੱਖ ਕੌਮ ਅਤੇ ਰਾਜ ਸਰਕਾਰ ਵਿਚਾਲੇ ਟਕਰਾਅ ਬੇਹੱਦ ਤਿੱਖਾ ਹੋ ਗਿਆ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਦਸ਼ਮੇਸ਼ ਦੀਵਾਨ ਹਾਲ ਵਿਖੇ ਹੋਈ ਇੱਕ ਹੰਗਾਮੀ ਅਤੇ ਵਿਸ਼ੇਸ਼ ਪੰਥਕ ਇਕੱਤਰਤਾ ਵਿੱਚ ਸਿੱਖ ਜਥੇਬੰਦੀਆਂ, ਗ੍ਰੰਥੀ, ਪਾਠੀ, ਪ੍ਰਚਾਰਕਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕਸੁਰ ਹੁੰਦਿਆਂ ਇਸ ਕਾਨੂੰਨ ਦੀਆਂ ਵਿਵਾਦਤ ਮੱਦਾਂ (ਧਾਰਾਵਾਂ) ਨੂੰ ਤੁਰੰਤ ਹਟਾਉਣ ਲਈ ਪੰਜਾਬ ਸਰਕਾਰ ਨੂੰ 15 ਦਿਨਾਂ ਦਾ ਅਲਟੀਮੇਟਮ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਰਕਾਰ 'ਤੇ ਸਖ਼ਤ ਸ਼ਬਦਾਂ ਵਿੱਚ ਹਮਲਾ ਬੋਲਦਿਆਂ ਦੋਸ਼ ਲਾਇਆ ਕਿ ਇਹ ਸੋਧਾਂ ਸਿੱਖ ਕੌਮ ਨੂੰ ਭਰੋਸੇ ਵਿੱਚ ਲਏ ਬਿਨਾਂ, ਇੱਕ ਸਾਜ਼ਿਸ਼ ਤਹਿਤ ਕੀਤੀਆਂ ਗਈਆਂ ਹਨ।

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਆਦਾ ਅਤੇ ਸਰੂਪ ਨਾਲ ਜੁੜੇ ਕਿਸੇ ਵੀ ਮਸਲੇ 'ਤੇ ਫ਼ੈਸਲਾ ਲੈਣ ਦਾ ਸਰਵਉੱਚ ਅਧਿਕਾਰ ਕੇਵਲ ਅਤੇ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਹੈ। ਸਰਕਾਰ ਨੇ ਕਾਨੂੰਨ ਵਿੱਚ 'ਕਸਟੋਡੀਅਨ' ਸ਼ਬਦ ਦੀ ਵਰਤੋਂ ਕਰਕੇ ਪੰਥਕ ਪਰੰਪਰਾਵਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਜੇਕਰ ਸਾਡੇ ਇਤਰਾਜ਼ ਦੂਰ ਨਾ ਕੀਤੇ ਗਏ, ਤਾਂ ਪੰਥ ਇਸ ਕਾਨੂੰਨ ਨੂੰ ਕਿਸੇ ਵੀ ਕੀਮਤ 'ਤੇ ਪ੍ਰਵਾਨ ਨਹੀਂ ਕਰੇਗਾ।"

### "ਗੁਰੂ ਸਾਹਿਬ ਨੂੰ ਦੁਨਿਆਵੀ ਕਾਨੂੰਨ ਅਧੀਨ ਲਿਆਉਣ ਦੀ ਸਰਕਾਰੀ ਸਾਜ਼ਿਸ਼"- ਧਾਮੀ-

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਪੱਸ਼ਟ ਕੀਤਾ ਕਿ ਸਿੱਖ ਗੁਰਦੁਆਰਾ ਐਕਟ 1925 ਇੱਕ ਸੁਤੰਤਰ ਵਿਧਾਨ ਹੈ, ਜਿਸ ਦੀ ਖ਼ੁਦਮੁਖਤਿਆਰੀ ਨੂੰ ਕੋਈ ਵੀ ਸਰਕਾਰ ਚੁਣੌਤੀ ਨਹੀਂ ਦੇ ਸਕਦੀ। ਧਾਮੀ ਨੇ ਕਿਹਾ, "ਅਸੀਂ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਦੇ ਪੱਖ ਵਿੱਚ ਹਾਂ, ਪਰ ਸਰਕਾਰ ਸਜ਼ਾ ਦੇ ਬਹਾਨੇ ਸਿੱਖ ਸਿਧਾਂਤਾਂ, ਭਾਵਨਾਵਾਂ ਅਤੇ ਮਰਿਆਦਾ ਨਾਲ ਖਿਲਵਾੜ ਕਰ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੁਨਿਆਵੀ ਕਾਨੂੰਨ ਦੇ ਅਧੀਨ ਲਿਆਉਣ ਦੀ ਇਹ ਸਰਕਾਰੀ ਚਾਲ ਸਮੁੱਚੀ ਕੌਮ ਲਈ ਇੱਕ ਵੱਡੀ ਚੁਣੌਤੀ ਹੈ। ਸਰਕਾਰ ਨੇ ਸਿਆਸੀ ਦਾਅ ਖੇਡ ਕੇ ਪੰਜਾਬ ਦੇ ਬਾਕੀ ਮੁੱਖ ਮੁੱਦਿਆਂ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕੀਤੀ ਹੈ।"

### ਪੰਥਕ ਸਖ਼ਸ਼ੀਅਤਾਂ ਵੱਲੋਂ ਤਿੱਖਾ ਵਿਰੋਧ

ਇਸ ਇਕੱਠ ਵਿੱਚ ਨਿਰਮਲਾ ਸੰਪਰਦਾ ਦੇ ਨੁਮਾਇੰਦਿਆਂ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਬਲਜੀਤ ਸਿੰਘ, ਅਤੇ ਪ੍ਰਮੁੱਖ ਸਿੱਖ ਚਿੰਤਕਾਂ ਨੇ ਵੀ ਸ਼ਮੂਲੀਅਤ ਕੀਤੀ। ਬੁਲਾਰਿਆਂ ਨੇ ਇਸ ਕਾਨੂੰਨ ਨੂੰ "ਸਿੱਖਾਂ ਅਤੇ ਸ਼ਬਦ ਗੁਰੂ ਵਿਚਾਲੇ ਸਰਕਾਰੀ ਨਿਗਰਾਨੀ" ਵਾਲਾ ਕਾਲਾ ਕਾਨੂੰਨ ਕਰਾਰ ਦਿੱਤਾ ਅਤੇ ਸੰਗਤ ਨੂੰ ਇਸ ਵਿਰੁੱਧ ਜਾਗਰੂਕ ਹੋਣ ਦਾ ਸੱਦਾ ਦਿੱਤਾ।

### ਵੱਡੇ ਸੰਘਰਸ਼ ਦੀ ਚੇਤਾਵਨੀ

ਸ਼੍ਰੋਮਣੀ ਕਮੇਟੀ ਅਤੇ ਪੰਥਕ ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ 15 ਦਿਨਾਂ ਦੇ ਅੰਦਰ-ਅੰਦਰ ਇਨ੍ਹਾਂ ਵਿਵਾਦਤ ਸੋਧਾਂ ਨੂੰ ਵਾਪਸ ਨਾ ਲਿਆ ਗਿਆ, ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਸਮੁੱਚੀ ਕੌਮ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਸਰਕਾਰ ਖ਼ਿਲਾਫ਼ ਇੱਕ ਵੱਡਾ ਅਤੇ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ। ਇਸ ਅਲਟੀਮੇਟਮ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਅਤੇ ਧਾਰਮਿਕ ਹਲਕਿਆਂ ਵਿੱਚ ਹਲਚਲ ਤੇਜ਼ ਹੋ ਗਈ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਸਰਕਾਰ ਪੰਥਕ ਰੋਸ ਅੱਗੇ ਝੁਕਦੀ ਹੈ ਜਾਂ ਟਕਰਾਅ ਦਾ ਨਵਾਂ ਰਾਹ ਚੁਣਦੀ ਹੈ।

# ਗੁਰੂਬਾਣੀ ਦੇ ਲਾਈਵ ਚਲਦੇ ਕੀਰਤਨ ਪ੍ਰੋਗਰਾਮ ਵਿੱਚ ਨਸ਼ਿਆਂ ਦੇ ਐਡ, ਇਸ ਤੋਂ ਵੱਡੀ ਬੇਅਦਬੀ ਹੋਰ ਕੀ ਹੋਵੇਗੀ.?

## ਗੁਰਬਾਣੀ ਦੇ ਪ੍ਰਸਾਰਣ ਦੌਰਾਨ ਗੰਧਲੇ ਇਸ਼ਤਿਹਾਰ ਚਲਾਉਂਣ ਵਾਲੇ ਚੈਨਲਾਂ ਉਪਰ ਕਸਿਆ ਜਾਏ ਸ਼ਿਕੰਜਾ-ਕੌਮ ਲਈ ਖ਼ਤਰੇ ਦੀ ਘੰਟੀ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਅੱਜ ਦਾ ਸਮਾਂ ਟੈਕਨੋਲੋਜੀ ਦਾ ਸਮਾਂ ਹੈ। ਗੁਰਬਾਣੀ ਦੀ ਅਵਾਜ਼ ਹੁਣ ਸਿਰਫ਼ ਗੁਰਦੁਆਰਿਆਂ ਦੀਆਂ ਚਾਰ ਦੀਵਾਰੀਆਂ ਤੱਕ ਸੀਮਿਤ ਨਹੀਂ ਰਹੀ, ਸਗੋਂ ਦੁਨੀਆ ਦੇ ਹਰ ਕੋਨੇ ਤੱਕ ਲਾਈਵ ਟੈਲੀਕਾਸਟ ਰਾਹੀਂ ਪਹੁੰਚ ਰਹੀ ਹੈ। ਇਹ ਇਕ ਵੱਡੀ ਸੇਵਾ ਹੈ, ਪਰ ਦੁੱਖ ਦੀ ਗੱਲ ਇਹ ਹੈ ਕਿ ਇਸ ਪਵਿੱਤਰ ਸੇਵਾ ਨੂੰ ਕਈ ਲੋਕਾਂ ਨੇ ਕਮਾਈ ਦਾ ਜ਼ਰੀਆ ਬਣਾ ਦਿੱਤਾ ਹੈ। ਅੱਜ ਲਾਈਵ ਚਲਦੇ ਕੀਰਤਨ, ਕਥਾ ਅਤੇ ਗੁਰਬਾਣੀ ਦੇ ਪ੍ਰਸਾਰਣ ਦੌਰਾਨ ਨਸ਼ਿਆਂ, ਜੂਏ, ਸੱਟੇਬਾਜ਼ੀ, ਫ਼ਜ਼ੂਲ ਮਨੋਰੰਜਨ ਅਤੇ ਹੋਰ ਕਈ ਤਰ੍ਹਾਂ ਦੇ ਭੜਕਾਊ ਇਸ਼ਤਿਹਾਰ ਦਿਖਾਏ ਜਾ ਰਹੇ ਹਨ। ਇਹ ਸਿਰਫ਼ ਅਣਗਹਿਲੀ ਨਹੀਂ, ਸਗੋਂ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਖੁੱਲ੍ਹੀ ਬੇਅਦਬੀ ਹੈ। ਜਦੋਂ ਇੱਕ ਪਾਸੇ ਰਾਗੀ ਸਿੰਘ ਅੰਮ੍ਰਿਤ ਨਾਮੁ ਨਿਧਾਨੁ ਹੈ, ਦਾ ਕੀਰਤਨ ਕਰ ਰਹੇ ਹੁੰਦੇ ਹਨ ਤੇ ਦੂਜੇ ਪਾਸੇ ਸਕਰੀਨ ਉੱਤੇ ਨਸ਼ਿਆਂ ਜਾਂ ਸੱਟੇਬਾਜ਼ੀ ਦੇ ਐਡ ਚਮਕ ਰਹੇ ਹੁੰਦੇ ਹਨ, ਤਾਂ ਇਹ ਸਿਰਫ਼ ਸ਼ਰਮਨਾਕ ਹੀ ਨਹੀਂ, ਸਿੱਖ ਕੌਮ ਦੀ ਆਤਮਿਕ ਮਰਿਆਦਾ ਉੱਤੇ ਵੱਡਾ ਘਾਟਾ ਹੈ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਚੰਡੀਗੜ੍ਹ ਵਿੱਚ ਸਾਬਕਾ ਮੁੱਖ ਮੰਤਰੀ ਦੇ ਗ੍ਰਹਿ ਵਿਖੇ ਪ੍ਰਮੁੱਖ ਅਧਿਆਤਮਿਕ ਮੁਖੀ ਦੀ ਆਮਦ, ਪਰਿਵਾਰ ਵੱਲੋਂ ਸ਼ੁਕਰਾਨਾ

ਚੰਡੀਗੜ੍ਹ : ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮਿਲਣ ਲਈ ਉਨ੍ਹਾਂ ਦੇ ਚੰਡੀਗੜ੍ਹ ਸਥਿਤ ਨਿਵਾਸ ਅਸਥਾਨ ਤੇ ਪਹੁੰਚੇ ਜਿੱਥੇ ਇਸ ਦੌਰੇ ਦੌਰਾਨ ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਦੀ ਸਿਹਤ ਬਾਰੇ ਪੁੱਛਿਆ ਅਤੇ ਪਰਿਵਾਰ ਨੂੰ ਆਪਣਾ ਆਸ਼ੀਰਵਾਦ ਦਿੱਤਾ। ਪੰਜਾਬ ਦੀ ਸਿਆਸਤ ਅਤੇ ਅਧਿਆਤਮ ਦੇ ਨਜ਼ਰੀਏ ਤੋਂ ਇਹ ਇੱਕ ਬਹੁਤ ਖਾਸ ਅਤੇ ਨਿੱਜੀ ਮੁਲਾਕਾਤ ਰਹੀ ਜਿਸ ਦੌਰਾਨ ਅਧਿਆਤਮਿਕ ਮੁਖੀ ਨੇ ਅਚਾਨਕ ਸਾਬਕਾ ਮੁੱਖ ਮੰਤਰੀ ਦੇ ਘਰ ਪਹੁੰਚ ਕੇ ਸਾਰਿਆਂ ਨੂੰ ਖੁਸ਼ੀ ਭਰੀ ਹੈਰਾਨੀ ਵਿਚ ਪਾ ਦਿੱਤਾ। ਕੈਪਟਨ ਅਮਰਿੰਦਰ ਸਿੰਘ ਦੀ ਧੀ ਅਤੇ ਭਾਰਤੀ ਜਨਤਾ ਪਾਰਟੀ ਦੀ ਮਹਿਲਾ ਆਗੂ ਜੈ ਇੰਦਰ ਕੌਰ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਤੇ ਇਸ ਵਿਸ਼ੇਸ਼ ਮੌਕੇ ਦੀਆਂ ਤਸਵੀਰਾਂ ਅਤੇ ਜਾਣਕਾਰੀ ਸਾਂਝੀ ਕਰਦਿਆਂ ਇੱਕ ਭਾਵੁਕ ਸੁਨੇਹਾ ਵੀ ਲਿਖਿਆ ਜਿਸ ਵਿੱਚ ਉਨ੍ਹਾਂ ਨੇ ਆਪਣੇ ਘਰ ਆਉਣ ਤੇ ਡੂੰਘੀ ਖੁਸ਼ੀ ਅਤੇ ਸ਼ੁਕਰਗੁਜ਼ਾਰੀ ਦਾ ਪ੍ਰਗਟਾਵਾ ਕੀਤਾ।

# ਬਰਤਾਨੀਆਂ ਦੀ ਪਹਿਲੀ ਮਹਿਲਾ ਸਿੱਖ ਸਾਂਸਦ ਪ੍ਰੀਤ ਕੌਰ ਗਿੱਲ ਬਣੀ ਰਾਜ ਸਿਹਤ ਅਤੇ ਸਮਾਜ ਭਲਾਈ ਮੰਤਰੀ


ਰਾਜ ਸਿਹਤ ਮੰਤਰੀ ਪ੍ਰੀਤ ਕੌਰ ਗਿੱਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕੱਲ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਮਿਲ ਰਹੀ ਚਣੌਤੀ ਤੋਂ ਬਾਅਦ ਰਾਜ ਸਿਹਤ ਮੰਤਰੀ ਜੇਸ ਫਿਲਿਪਸ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਜਿਸ ਤੋਂ ਬਾਅਦ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਬਰਤਾਨੀਆਂ ਦੀ ਪਹਿਲੀ ਮਹਿਲਾ ਸਿੱਖ ਸਾਂਸਦ ਪ੍ਰੀਤ ਕੌਰ ਗਿੱਲ ਨੂੰ ਮੰਤਰੀ ਮੰਡਲ ਵਿੱਚ ਸ਼ਾਮਿਲ ਕਰਦਿਆਂ ਰਾਜ ਸਿਹਤ ਅਤੇ ਸਮਾਜ ਭਲਾਈ ਮੰਤਰੀ ਦਾ ਅਹੁਦਾ ਦਿੱਤਾ ਹੈ। ਪ੍ਰੀਤ ਕੌਰ ਗਿੱਲ ਪਹਿਲਾਂ ਦੀ ਸ਼ੈਡੋ ਮੰਤਰੀ ਵਜੋਂ ਸੇਵਾਵਾਂ ਨਿਭਾਅ ਚੁੱਕੀ ਹੈ, ਬ੍ਰਮਿੰਘਮ ਦੇ ਐਜਬਾਸਟਨ ਤੋਂ ਸੰਸਦ ਮੈਂਬਰ ਇਸ ਖੇਤਰ ਦਾ ਤਜ਼ਰਬਾ ਰੱਖਦੀ ਹੈ। ਜਿਕਰਯੋਗ ਹੈ ਕਿ ਪ੍ਰੀਤ ਕੌਰ ਗਿੱਲ 2017 ਵਿੱਚ ਪਹਿਲੀ ਵਾਰ ਸੰਸਦ ਮੈਂਬਰ ਚੁਣੀ ਗਈ ਸੀ। ਉਹ ਹੁਣ ਤੱਕ ਅੰਤਰਰਾਸ਼ਟਰੀ ਵਿਕਾਸ ਸ਼ੈਡੋ ਮੰਤਰੀ, ਪ੍ਰਾਇਮਰੀ ਕੇਅਰ ਅਤੇ ਪਬਲਿਕ ਸਿਹਤ ਸ਼ੈਡੋ ਮੰਤਰੀ ਦੇ ਅਹੁਦਿਆਂ ਤੇ ਰਹਿ ਚੁੱਕੀ ਹੈ। ਇਸ ਤੋਂ ਇਲਾਵਾ ਸਿੱਖਾਂ ਲਈ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ ਦੀ ਚੇਅਰਪਰਸਨ ਦੀ ਜਿੰਮੇਂਵਾਰੀ ਵੀ ਨਿਭਾਅ ਚੁੱਕੀ ਹੈ।

ਪ੍ਰੀਤ ਕੌਰ ਦੀ ਨਿਯੁਤਕੀ ਦਾ ਸਿੱਖ ਭਾਈਚਾਰੇ ਵੱਲੋਂ ਸਿੱਖ ਫੈਡਰੇਸ਼ਨ ਯੂ ਕੇ ਦੇ ਭਾਈ ਅਮਰੀਕ ਸਿੰਘ ਗਿੱਲ, ਗੁਰਦੁਆਰਾ ਸਮੈਦਿਕ ਦੇ ਮੁੱਖ ਸੇਵਾਦਾਰ ਜਤਿੰਦਰ ਸਿੰਘ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਗੁਰਮੇਲ ਸਿੰਘ ਮੱਲੀ ਆਦਿ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

# ਭੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

### ਪਾਠ 30

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Last week, we made two letter words. Let us make three or more letter words with ਘ, ਰ, ਲ, ਵ, ੜ. Some times you need sound modifiers to make the right sound, but we will make just MUKTA words.

ਰਮਨ ਰਕੜ ਰਮਤ ਰਤਨ ਰਗੜ

ਲਕੜ ਲੜਨ ਲਲਤ ਵਸਣ ਵਰਸ

ਵਰਕ ਵਟਣ

"ੜ" ਨਾਲ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ।

Class Exercise : Make three letter words which at least use one of the letters - ਘ, ਰ, ਲ, ਵ, ੜ

Note: Certain words above require the use of adhak; for the purpose of this activity we are leaving those words in mukta form

ਸਿੱਖਿਆ - ਗੁਰਮੁਖੀ Page 60 Level I

MANAK
SOLICITORS



**Jasdeep Singh Jandu LL.B (Hons.) - Jas**
Head of Wills & Probate & Powers of Attorney

Jas joined this firm as a Trainee Solicitor in September 2007 and now leads one of our Private Client Departments. Jas's clear, practical advice ensures your wishes are protected and your loved ones are cared for as you wish, giving you lasting peace of mind.

Contact Jas on telephone 020 8464 7432 or by email jas@manaksolicitors.co.uk for personal and confidential advice and support today.

**Biggin Hill I Gravesend I Orpington I Sevenoaks**



manaksolicitors.co.uk
01689 870 769

reviewsolicitors Excellent

Lexcel Legal Practice Quality Mark Law Society Accredited




Rajbir Singh Manak MA (Hons)

Surinder Singh Manak LLB (Hons)


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਪੰਜਾਬ ਦੇ 2350 ਸਾਲ ਪੁਰਾਣੇ ਇਤਿਹਾਸ ਬਾਰੇ 504 ਪੰਨਿਆਂ ਦੀ ਵੱਡੀ ਅਤੇ ਅਹਿਮ ਖੋਜ ਪੁਸਤਕ




ਸਿਕੰਦਰ ਮਹਾਨ ਦਾ ਹਿੰਦੋਸਤਾਨ ਉਪਰ ਹਮਲਾ ਅਤੇ ਰਾਜੇ ਪੋਰਸ ਨਾਲ ਜੰਗ ਦਰਿਆ ਜੇਹਲਮ ਦੇ ਕੰਢੇ ਤੇ ਲੜਾਈ ਅਤੇ ਪੰਜਾਬੀਆਂ ਵਲੋਂ ਮੁਕਾਬਲਾ ਮਈ 15, 2026, ਸੈਨ ਹੋਜ਼ੇ, ਕੈਲੇਫੋਰਨੀਆ ਅਫਰੀਕਾ ਦੀ ਇਕ ਕਹਾਵਤ ਹੈ, "ਜਿਨਾਂ ਚਿਰ ਸ਼ੇਰਾਂ ਕੋਲ ਆਪਣੇ ਇਤਿਹਾਸਕਾਰ ਨਾ ਹੋਣ, ਉਨਾਂ ਚਿਰ ਉਹਨਾਂ ਦੇ ਸ਼ਿਕਾਰ ਦੀਆਂ ਕਹਾਣੀਆਂ ਵਿਚ ਸ਼ਿਕਾਰੀਆਂ ਦੇ ਹੀ ਗੁਣ ਗਾਏ ਜਾਣਗੇ।" ਇਹ ਗੱਲ ਪੰਜਾਬ ਦੀ ਸ਼ੇਰਾਂ ਵਰਗੀ ਕੌਮ ਦੇ ਇਤਿਹਾਸ ਤੇ ਐਨ ਢੁੱਕਦੀ ਹੈ ਕਿਉਂਕਿ ਸਾਡਾ ਪੁਰਾਤਨ ਇਤਿਹਾਸ ਲਿਖਣ ਵਾਲਾ ਹੀ ਕੋਈ ਨਹੀਂ ਸੀ।

ਬੇਸ਼ਕ ਪੋਰਸ ਅਤੇ ਸਿਕੰਦਰ ਦੀ ਇਤਿਹਾਸਕ ਲੜਾਈ ਇਸ ਪੁਸਤਕ ਦਾ ਮੁਖ ਵਿਸ਼ਾ ਹੈ, ਪਰ ਸਿਕੰਦਰ ਨਾਲ ਹੋਰ ਬੇਅੰਤ ਕਬੀਲੇ ਅਤੇ ਛੋਟੇ ਰਾਜੇ ਪੰਜਾਬ, ਪਿਸ਼ਾਵਰ, ਸਵਾਤ, ਮਾਝੇ, ਅਤੇ ਸਿੰਧ ਵਿਚ ਤਕਰੀਬਨ 15 ਥਾਹਾਂ ਤੇ ਆਪਣੀ ਸਮਰਥਾ ਅਨੁਸਾਰ ਬਹਾਦਰੀ ਨਾਲ ਭਿੜੇ। ਉਹਨਾਂ ਲੜਾਈਆਂ ਉਪਰ ਵੀ ਕਾਫੀ ਚਾਨਣਾ ਪਾਇਆ ਗਿਆ ਹੈ। ਇਹ ਪੁਸਤਕ ਯੁਰੋਕੇਂਦਰੀ ਪੱਖਪਾਤ ਤੋਂ ਮੁਕਤ ਹੈ।

ਇਹ ਕਿਰਤ ਭਾਰਤੀ ਮੂਲ ਦੇ ਇਕ ਅਮਰੀਕਨ ਖੋਜਕਾਰ ਵਲੋਂ ਸਿਕੰਦਰ ਦੇ ਭਾਰਤ ਉੱਤੇ ਹਮਲੇ ਬਾਰੇ ਪਹਿਲਾ ਵਿਸਤ੍ਰਿਤ ਅਧਿਅਨ ਅਤੇ ਵਿਸ਼ਲੇਸ਼ਣ ਪੇਸ਼ ਕਰਦੀ ਹੈ। ਪਾਠਕਾਂ ਦੀ ਸਹਾਇਤਾ ਲਈ ਇਸ ਵਿਚ 120 ਚਿੱਤਰ ਹਨ ਜਿਹਨਾਂ ਵਿਚ 30 ਤੋਂ ਵੱਧ ਪੁਰਾਤਨ ਅਤੇ ਅਜੋਕੇ ਨਕਸ਼ੇ ਸ਼ਾਮਲ ਹਨ।

ਪੁਰਾਤਨ ਯੂਨਾਨੀ ਇਤਿਹਾਸਕਾਰ ਪਲੂਟਾਰਕ ਅਨੁਸਾਰ, ਭਾਰਤੀਆਂ, ਭਾਵ ਪੰਜਾਬੀਆਂ ਦੀ ਸਿਕੰਦਰ ਨਾਲ ਹੋਈ ਲੜਾਈ ਨੇ "ਮਕਦੂਨੀਆਂ ਦੀ ਹਿੰਮਤ ਦੀ ਧਾਰ ਖੁੰਢੀ ਕਰ ਦਿੱਤੀ ਸੀ।" ਉਹਦੀ ਫੌਜ ਨੇ ਬਿਆਸ ਦਰਿਆ ਦੇ ਕੰਢੇ ਤੇ ਬਗਾਵਤ ਕਰ ਦਿੱਤੀ ਸੀ ਅਤੇ ਉਹਨੂੰ ਪੰਜਾਬ ਵਿਚੋਂ ਨਿਕਲਣ ਲਈ ਮਜਬੂਰ ਹੋਣਾ ਪਿਆ। ਸਿਕੰਦਰ ਦੀ ਮਹਾਨਤਾ ਯੂਰਪ, ਈਰਾਨ, ਅਤੇ ਭਾਰਤ ਵਿੱਚ ਲਗਭਗ 5 ਲੱਖ ਲੋਕਾਂ ਦੇ ਕਤਲੇਆਮ ਨਾਲ ਦਾਗਦਾਰ ਹੋ ਜਾਂਦੀ ਹੈ। ਸਿਕੰਦਰ ਦੀ ਨਿੱਜੀ ਜ਼ਿੰਦਗੀ ਦੀਆਂ ਘਟਨਾਵਾਂ, ਅਤੇ ਉਹਦੀ ਮੌਤ ਉਪਰੰਤ ਜਿਹਨਾਂ ਖਾਨਾਜੰਗੀ ਘਟਨਾਵਾਂ ਵਿਚ ਉਹਦੇ ਪੂਰੇ ਪਰਿਵਾਰ ਦਾ ਨਾਸ਼ ਹੋ ਜਾਂਦਾ ਹੈ, ਉਹ ਬਿਲਕੁਲ ਪ੍ਰਾਚੀਨ ਯੂਨਾਨ ਦੇ ਵਿਯੋਗ ਨਾਟਕ (ਤਰਾਸਦੀ) ਵਰਗੀਆਂ ਲੱਗਦੀਆਂ ਹਨ।

"ਲੇਖਕ ਨੇ ਪ੍ਰਾਚੀਨ ਅਤੇ ਆਧੁਨਿਕ ਸਰੋਤਾਂ ਵਿਚ ਡੂੰਘਾਈ ਨਾਲ ਜਾ ਕੇ ਇਸੇ ਵਿਸ਼ੇ ਦਾ ਵਿਸਤ੍ਰਿਤ ਅਧਿਅਨ ਕੀਤਾ ਹੈ। ਆਪਣੀ ਡੂੰਘੀ ਸਮਝ ਨਾਲ, ਉਸਨੇ ਸਿਕੰਦਰ ਮਹਾਨ ਅਤੇ ਪੋਰਸ ਦੀ ਅਗਵਾਈ ਹੇਠ ਬਹਾਦਰ ਪੰਜਾਬੀਆਂ ਵਿਚਕਾਰ ਹੋਈ ਭਿਆਨਕ ਇਤਿਹਾਸਕ ਲੜਾਈ ਬਾਰੇ ਇਕ ਨਵਾਂ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਇਹ ਪ੍ਰਾਚੀਨ ਭਾਰਤੀ ਇਤਿਹਾਸ ਦੇ ਘੱਟ ਜਾਣੇ ਜਾਂਦੇ ਦੌਰ ਦੇ ਸੰਬੰਧ ਵਿਚ ਬਹੁਤ ਕੀਮਤੀ ਯੋਗਦਾਨ ਹੈ। ਉਸ ਨੇ ਜ਼ਜਬੇ ਨਾਲ ਇਹ ਮਹੱਤਵਪੂਰਨ, ਦਸਤਾਵੇਜ਼ੀ ਅਤੇ ਵਿਸ਼ਾਲ ਕੰਮ ਪੂਰਾ ਕੀਤਾ ਹੈ।" – ਗੁਰਦਰਸ਼ਨ ਸਿੰਘ ਢਿੱਲੋਂ, ਸਾਬਕਾ ਪ੍ਰੋਫੈਸਰ ਆਫ ਹਿਸਟਰੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਇਹ ਅਹਿਮ ਇਤਿਹਾਸਕ ਘਟਨਾ 326 ਈਸਾ ਪੂਰਵ ਭਾਵ 2350 ਸਾਲ ਪਹਿਲਾਂ ਵਾਪਰੀ ਸੀ ਜਿਹਦੇ ਬਾਰੇ ਹਿੰਦੋਸਤਾਨ ਦਾ ਪੁਰ–ਾਤਨ ਇਤਿਹਾਸ ਮੂੰਹ ਵਿਚ ਘੁੰਗਣੀਆਂ ਪਾਈ ਬੈਠਾ ਹੈ। ਇਹਦੇ ਬਾਰੇ ਸਾਨੂੰ ਜੋ ਵੀ ਬਿਰਤਾਂਤ ਮਿਲਦੇ ਹਨ, ਉਹ ਸਿਰਫ ਪੁਰਾਤਨ ਯੂਨਾਨੀ ਅਤੇ ਬਹੁਤ ਬਾਦ ਦੀਆਂ ਯੂਰਪੀਨ ਲਿਖਤਾਂ ਵਿਚੋਂ ਹੀ ਮਿਲਦੇ ਹਨ, ਪਰ ਉਹਨਾਂ ਵਿਚ ਪੱਖਪਾਤ ਵੀ ਝਲਕਦਾ ਹੈ। ਲੇਖਕ ਨੇ ਇਹ ਪੁਸਤਕ ਉਹਨਾਂ ਮੂਲ ਸਰੋਤਾਂ, ਸਮਕਾਲੀ ਸਰੋਤਾਂ, ਹੋਰ ਸੈਂਕੜੇ ਪੁਸਤਕਾਂ, ਖੋਜ ਪੱਤਰਾਂ, ਅਤੇ ਬੇਅੰਤ ਨਕਸ਼ਿਆਂ ਅਤੇ ਚਿਤਰਾਂ ਨੂੰ ਘੋਖ ਕੇ 14 ਸਾਲ ਦੀ ਲੰਮੀ ਖੋਜ ਦੇ ਆਧਾਰ ਤੇ ਲਿਖੀ ਹੈ।

ਪੰਜਾਬ ਵਿਚ ਬਹੁਤੇ ਲੋਕ ਰਾਜੇ ਪੋਰਸ ਅਤੇ ਸਿਕੰਦਰ ਬਾਰੇ ਸਿਰਫ ਏਨਾ ਹੀ ਜਾਣਦੇ ਹਨ ਕਿ ਦੋਹਾਂ ਦੀ ਲੜਾਈ ਹੋਈ ਜਿਸ ਦੇ ਅੰਤ ਵਿਚ ਸਿਕੰਦਰ ਦੇ ਸਿਪਾਹੀਆਂ ਨੇ ਪੋਰਸ ਨੂੰ ਫੜ ਕੇ ਸਿਕੰਦਰ ਦੇ ਸਾਹਮਣੇ ਲਿਆਂਦਾ ਅਤੇ ਉਸ ਨੇ ਪੋਰਸ ਨੂੰ ਪੁਛਿਆ ਕਿ ਦੱਸ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ। ਇਸ ਦੇ ਉੱਤਰ ਵਿਚ ਪੋਰਸ ਨੇ ਜੁਆਬ ਦਿੱਤਾ ਕਿ ਜਿਵੇਂ ਇਕ ਰਾਜੇ ਨੂੰ ਦੂਜੇ ਰਾਜੇ ਨਾਲ ਕਰਨਾ ਚਾਹੀਦਾ ਹੈ।

ਰਾਜੇ ਪੋਰਸ ਦੀ ਅਣਖ ਅਤੇ ਸੂਰਮਗਤੀ ਦੀ ਕਹਾਣੀ ਇਕ ਨਾਟਕੀ ਅੰਦਾਜ਼ ਵਿਚ ਬੋਲੇ ਇਕ ਟੋਟਕੇ ਨਾਲ ਬਿਆਨ ਨਹੀਂ ਕੀਤੀ ਜਾ ਸਕਦੀ। ਇਹ ਇੱਕੋ ਦਿਨ 12,000 ਸ਼ਹੀਦ ਹੋਏ ਪੰਜਾਬੀਆਂ ਨਾਲ ਕੋਝਾ ਮਜ਼ਾਕ ਹੈ। ਰਾਜੇ ਪੋਰਸ ਦੀ ਤੇ ਪੰਜਾਬੀਆਂ ਦੀ ਸੂਰਮਗਤੀ ਦੀ ਅਸਲ ਕਹਾਣੀ ਇਸ ਪੁਸਤਕ ਵਿਚ ਵੇਰਵੇ ਸਹਿਤ ਦਿੱਤੀ ਗਈ ਹੈ।

ਪੋਰਸ ਅਤੇ ਸਿਕੰਦਰ ਦਰਮਿਆਨ ਆਮ ਜਾਣਿਆ ਜਾਂਦਾ ਸੰਬਾਦ ਉਸ ਵੇਲੇ ਅਤੇ ਇਸ ਹਾਲਾਤ ਵਿਚ ਹੋਇਆ ਸੀ ਜਦੋਂ ਉਸ ਦੀ ਲਾਸਾਨੀ ਬਹਾਦਰੀ ਤੋਂ ਪ੍ਰਭਾਵਿਤ ਹੋ ਕਿ ਸਿਕੰਦਰ ਨੇ ਪੋਰਸ ਨੂੰ ਸਿਰਫ ਉਸ ਦਾ ਹੀ ਰਾਜ ਹੀ ਨਹੀਂ ਲਾਗਲੇ ਜਿੱਤੇ ਹੋਏ ਇਲਾਕਿਆਂ ਦਾ ਰਾਜ ਵੀ ਦੇ ਦਿੱਤਾ ਸੀ। ਇਸ ਸੰਬਾਦ ਵਿਚ ਕਈ ਹੋਰ ਮਹਤਵਪੂਰਨ ਗੱਲਾਂ ਵੀ ਹੋਈਆਂ ਸਨ ਜੋ ਇਸ ਪੁਸਤਕ ਵਿਚ ਦਰਜ ਹਨ।

ਇਸ ਪੁਸਤਕ ਦੀ ਭੂਮਿਕਾ ਵਿਸਤਾਰ–ਪੂਰਵਿਕ ਹੈ ਜੋ ਇੰਨੇ ਪੁਰਾਣੇ ਇਤਿਹਾਸ ਨੂੰ ਸਮਝਣ ਲਈ ਪਾਠਕਾਂ ਲਈ ਬਹੁਤ ਲਾਹੇਵੰਦ ਹੈ। ਇਸ ਵਿਚ ਬਹੁਤ ਵਿਸਤ੍ਰਿਤ ਸ਼ਬਦਕੋਸ਼ ਵੀ ਹੈ ਜੋ ਸਿਕੰਦਰ ਦੇ ਯੁੱਗ ਦੇ ਪ੍ਰਾਚੀਨ ਨਾਵਾਂ ਅਤੇ ਮਹੱਤਵਪੂਰਨ ਅਸਥਾਨਾਂ ਨੂੰ ਉਹਨਾਂ ਦੇ ਆਧੁਨਿਕ ਨਾਵਾਂ ਨਾਲ ਸੂਚੀਬੱਧ ਕਰਦਾ ਹੈ। ਇਹਨਾਂ ਦੀ ਮਦਦ ਨਾਲ ਅੱਜ ਦਾ ਪਾਠਕ ਉਹਨਾਂ ਵਿਅਕਤੀਆਂ, ਸ਼ਹਿਰਾਂ ਅਤੇ ਕਸਬਿਆਂ ਦੇ ਨਾਮ ਸਮਝ ਸਕਦਾ ਹੈ ਅਤੇ ਉਹਨਾਂ ਅਸਥਾਨਾਂ ਨੂੰ ਹਾਲੇ ਵੀ ਲੱਭ ਸਕਦਾ ਹੈ ਜਿਹਨਾਂ ਦਾ ਜ਼ਿਕਰ ਪੁਰਾਤਨ ਯੂਨਾਨ ਦੇ ਇਤਿਹਾਸਕਾਰਾਂ ਨੇ ਸਿਰਫ ਯੂਨਾਨੀ ਭਾਸ਼ਾ ਵਿਚ ਹੀ ਕੀਤਾ ਹੈ।

ਇਹ ਪੁਸਤਕ ਅਮਰੀਕਾ ਦੀ ਆਰਚਵੇਅ ਪਬਲਿਸ਼ਿੰਗ ਕੰਪਨੀ (ਅਰਚਹਾਓ ਫੁਬਲਸਿਹਨਿਗ) ਨੇ ਛਾਪੀ ਹੈ ਜੋ ਕਿ ਅਮਰੀਕਾ ਦੀ ਬਹੁਤ ਵੱਡੀ ਅਤੇ ਮਸ਼ਹੂਰ ਪਬਲਸ਼ਿੰਗ ਕੰਪਨੀ (Simon & Schuster) ਦੀ ਭਾਈਵਾਲ ਹੈ। ਇਹ ਪੁਸਤਕ (www.amazon.com) ਤੇ ਵੀ ਸਾਰੀ ਦੁਨੀਆਂ ਵਿਚ ਛਪੇ ਰੂਪ ਵਿਚ ਵੀ ਅਤੇ ਈਬੁਕ ਰੂਪ ਵਿਚ ਵੀ ਉਪਲਭਦ ਹੈ।

ਪੁਸਤਕ ਦਾ ਵੇਰਵਾ:
ਭਾਸ਼ਾ: ਅੰਗਰੇਜ਼ੀ
ਪ੍ਰਕਾਸ਼ਨ ਮਿਤੀ: 5/4/2026
ਫਾਰਮੈਟ: ਸੌਫਟਕਵਰ ਫਾਰਮੈਟ:ਈਬੁੱਕ
ਆਕਾਰ: 6"x9" ਆਕਾਰ: ਲਾਗੂ ਨਹੀਂ
ਪੰਨਾ ਗਿਣਤੀ: 504 ਪੰਨਾ ਗਿਣਤੀ: 504
ISBN: 978-1665791878 ISBN: 978-1665791885
ਆਈਟਮ ਵਜ਼ਨ: 1.47 ਪੌਂਡ ਕੀਮਤ: $35.99/ਈਬੁਕ: $8.99 ਅਮਰੀਕਨ

ਪੁਸਤਕ ਮਿਲਣ ਦਾ ਵੇਰਵਾ:
Archway Publishing
1151 W. 2nd St
Bloomington IN 47403 USA
www.archwaypublishing.com
Phone: +844-669-3957
https://www.archwaypublishing.com/en/bookstore/bookdetails/866092-alexander-the-greats-invasion-of-india-and-battle-with-king-porus

ਇਸ ਤੋਂ ਇਲਾਵਾ ਇਹ ਪੁਸਤਕ www.amazon.com ਤੋਂ ਅਤੇ Barnes & Noble ਸਟੋਰਾਂ ਤੋਂ ਵੀ ਸੌਫਟ ਕਵਰ ਅਤੇ ਈਬੁਕ ਦੇ ਰੂਪ ਵਿਚ ਮਿਲਦੀ ਹੈ।

**ਲੇਖਕ ਬਾਰੇ:**

ਡਾ: ਤਰਲੋਚਨ ਸਿੰਘ ਨਾਹਲ ਸਿੱਖ ਧਰਮ ਅਤੇ ਪੰਜਾਬ ਦੇ ਇਤਿਹਾਸ ਵਿੱਚ ਮੁਹਾਰਤ ਰੱਖਣ ਵਾਲੇ ਇਕ ਸੁਤੰਤਰ ਖੋਜ ਵਿਦਵਾਨ ਹਨ। ਉਹਨਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਅੰਗਰੇਜ਼ੀ ਸਾਹਿਤ ਵਿਚ ਐਮ. ਏ. ਦੀ ਡਿਗਰੀ ਪ੍ਰਾਪਤ ਕੀਤੀ। ਉਹ 1979 ਵਿਚ ਅਮਰੀਕਾ ਆ ਗਏ ਅਤੇ 1999 ਵਿਚ ਉਹਨਾਂ ਨੇ ਸੀਨੀਅਰ ਯੂਨੀਵਰਸਿਟੀ ਅਮਰੀਕਾ ਤੋਂ ਪ੍ਰੋ: ਨੋਇਲ ਕਿੰਗ ਦੀ ਰਹਿਨੁਮਾਈ ਵਿਚ ਪੀਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ ਜੋ ਉਸ ਵੇਲੇ ਯੂਨੀਵਰਸਿਟੀ ਆਫ ਕੈਲੇਫੋਰਨੀਆ, ਸਾਂਟਾ ਕਰੂਜ਼ ਵਿੱਚ ਪ੍ਰੋਫੈਸਰ ਅਮੈਰੀਟਸ ਸਨ। ਡਾ: ਨਾਹਲ ਨੇ ਸਿੱਖੀ ਵਿਚ ਧਰਮ ਅਤੇ ਰਾਜਨੀਤੀ ਅਤੇ ਮੌਜੂਦਾ ਸਿੱਖ ਸੰਘਰਸ਼ ਸਬੰਧੀ Religion and Politics in Sikhism: The Khalsa Perspective ਨਾਮੀ ਇਕ ਵੱਡੀ ਪੁਸਤਕ ਲਿਖੀ ਜੋ ਸਿੰਘ ਬਰਦਰਜ਼, ਅੰਮ੍ਰਿਤਸਰ ਵਲੋਂ 2011 ਵਿਚ ਪ੍ਰਕਾਸ਼ਿਤ ਹੋਈ ਹੈ। ਡਾ: ਨਾਹਲ ਪਿਛਲੇ ਚਾਰ ਦਹਾਕਿਆਂ ਤੋਂ ਸਿਲੀਕਨ ਵੈਲੀ ਵਿਚ ਟੈਕਨੌਲੋਜੀ ਦੇ ਖੇਤਰ ਵਿਚ ਪ੍ਰਿੰਸੀਪਲ ਤਕਨੀਕੀ ਲਿਖਾਰੀ ਹਨ।

ਡਾ: ਤਰਲੋਚਨ ਸਿੰਘ ਨਾਹਲ
Contact: godespunjab@gmail.com

## ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਸਭਾ ਅਪ੍ਰੀਲੀਆ ਵਲੋ ਖਾਲਸਾ ਸਾਜਨਾ ਦਿਹਾੜੇ ਨੂੰ ਸਮਰਪਿਤ 24 ਮਈ ਨੂੰ ਸਜਾਇਆ ਜਾਵੇਗਾ ਅਲੌਕਿਕ ਨਗਰ ਕੀਰਤਨ

ਰੋਮ ਇਟਲੀ 19 ਮਈ (ਗੁਰਸ਼ਰਨ ਸਿੰਘ ਸੋਨੀ) ਸੰਨ 1699 ਈ: ਦੀ ਵਿਸਾਖੀ ਨੂੰ ਸਾਹਿਬ–ਏ–ਕਮਾਲ ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸਾਜੇ ਗਏ ਖਾਲਸੇ ਦੇ ਸਾਜਨਾ ਦਿਹਾੜੇ ਨੂੰ ਸਮਰਪਿਤ ਵੱਖ ਵੱਖ ਦੇਸ਼ਾਂ ਤੇ ਵਿਦੇਸ਼ਾਂ ਵਿੱਚ ਨਗਰ ਕੀਰਤਨ ਸਜਾਏ ਗਏ। ਇਸ ਲੜੀ ਨੂੰ ਸਮਰਪਿਤ ਰਾਜਧਾਨੀ ਰੋਮ ਦੇ ਨਜ਼ਦੀਕ ਤੇ ਜਿਲ੍ਹਾ ਲਾਤੀਨਾ ਦੇ ਸ਼ਹਿਰ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਸਭਾ ਅਪ੍ਰੀਲੀਆ (ਲਾਤੀਨਾ) ਵਲੋ ਸਮੂਹ ਸੰਗਤਾਂ ਦੇ ਸਹਿਯੋਗ ਨਾਲ 24 ਮਈ 2026 ਦਿਨ ਐਤਵਾਰ ਨੂੰ ਅਲੌਕਿਕ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 22 ਮਈ ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ ਇਲਾਹੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਤੇ 24 ਮਈ ਦਿਨ ਐਤਵਾਰ ਨੂੰ ਸਵੇਰੇ 9:30 ਵਜੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਤੇ ਭੋਗ ਉਪਰੰਤ ਲਗਭਗ ਸਵੇਰੇ 11 ਵਜੇ ਪੰਜ ਨਿਸ਼ਾਨਚੀ ਸਿੰਘਾਂ ਪੰਜ ਪਿਆਰੇ ਸਾਹਿਬਾਨਾਂ ਦੀ ਅਗਵਾਈ ਅਤੇ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ ਜੋ ਕਿ ਨਗਰ ਦੀ ਪਰਿਕਰਮਾ ਕਰਦੇ ਹੋਏ ਸ਼ਹਿਰ ਦੇ ਰੇਲਵੇ ਸਟੇਸ਼ਨ ਦੇ ਨਜ਼ਦੀਕ " ਪਾਰਕੋ ਮਿੱਲੈ " ਪਾਰਕ ਪਹੁੰਚਣ ਉਪਰੰਤ ਪੜਾਅ ਕੀਤਾ ਜਾਵੇਗਾ ਤੇ ਇਸ ਮੌਕੇ ਭਾਈ ਭਾਈ ਸਰਬਜੀਤ ਸਿੰਘ ਮਾਣਕਪੁਰੀ ਦੇ ਜੱਥੇ ਵੱਲੋਂ ਖ਼ਾਲਸੇ ਦੇ ਸਿਰਜਣਾ ਦਿਹਾੜੇ ਦਾ ਇਤਿਹਾਸ ਸੰਗਤਾਂ ਨੂੰ ਜ਼ੋਸ਼ੀਲੇ ਅੰਦਾਜ਼ ਵਿੱਚ ਸੁਣਾ ਕੇ ਨਿਹਾਲ ਕੀਤਾ ਜਾਵੇਗਾ। ਤੇ ਇਸ ਮੌਕੇ ਮਿਸਲ ਮੀਰੀ ਪੀਰੀ ਰੋਮਾ ਦੇ ਗੱਤਕੇ ਵਾਲੇ ਜਥੇ ਵਲੋਂ ਗੱਤਕੇ ਦੇ ਹੈਂਰਤ ਮਈ ਜੌਹਰ ਦਿਖਾਏ ਜਾਣਗੇ। ਤੇ ਸੰਗਤਾਂ ਲਈ ਵੱਖ ਵੱਖ ਪ੍ਰਕਾਰ ਦੇ ਲੰਗਰ ਅਤੁੱਟ ਵਰਤਾਏ ਜਾਣਗੇ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਤੇ ਸੇਵਾਦਾਰਾਂ ਵੱਲੋਂ ਇਲਾਕੇ ਦੀਆਂ ਸਮੂਹ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕਾਂ ਤੇ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਪਾਵਨ ਦਿਹਾੜੇ ਨੂੰ ਸਮਰਪਿਤ ਸਜਾਏ ਜਾ ਰਹੇ ਨਗਰ ਕੀਰਤਨ ਵਿੱਚ ਹਾਜ਼ਰੀ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਦੂਜੇ ਪਾਸੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਪ੍ਰਸ਼ਾਸਨ ਦੀਆਂ ਸਖ਼ਤ ਹਿਦਾਇਤਾਂ ਦੀ ਪਾਲਣਾ ਕਰਨਾ ਸਾਡਾ ਸਾਰਿਆਂ ਦਾ ਮੁਢਲਾ ਫਰਜ਼ ਹੈ।

# ਕੈਨੇਡਾ ਦੀ 2026 ਦੀ ਮਰਦਮਸ਼ੁਮਾਰੀ : ਆਪਣੀ ਬੋਲੀ ਅਤੇ ਪਛਾਣ ਦੀ ਅਹਿਮੀਅਤ

ਡਾ. ਗੁਰਵਿੰਦਰ ਸਿੰਘ
604-825-1550



ਹਰੇਕ ਪੰਜ ਸਾਲ ਬਾਅਦ ਕੈਨੇਡਾ ਦਾ ਅੰਕੜਾ ਵਿਭਾਗ ਮਰਦਮਸ਼ੁਮਾਰੀ ਕਰਦਾ ਹੈ। ਮਰਦਮਸ਼ੁਮਾਰੀ ਦੌਰਾਨ ਕੈਨੇਡਾ ਵਿੱਚ ਵਸਦੇ ਲੋਕਾਂ ਦੀ ਗਿਣਤੀ ਤੋਂ ਇਲਾਵਾ, ਉਨ੍ਹਾਂ ਦੇ ਪਰਿਵਾਰਕ ਪਿਛੋਕੜ, ਧਰਮ, ਭਾਸ਼ਾ, ਕੰਮ-ਕਾਰ ਅਤੇ ਆਮਦਨ ਆਦਿ ਬਾਰੇ ਅੰਕੜੇ ਇਕੱਤਰ ਕੀਤੇ ਜਾਂਦੇ ਹਨ। ਮਰਦਮਸ਼ੁਮਾਰੀ ਰਾਹੀਂ ਹੀ ਕੈਨੇਡਾ ਸਰਕਾਰ ਨੂੰ ਦੇਸ਼ ਵਿੱਚ ਸੱਭਿਆਚਾਰਕ ਵੰਨ-ਸਵੰਨਤਾ, ਸਮਾਜਿਕ ਬਦਲਾਵਾਂ ਅਤੇ ਆਰਥਿਕ ਝੁਕਾਵਾਂ ਬਾਰੇ ਜਾਣਕਾਰੀ ਹਾਸਲ ਹੁੰਦੀ ਹੈ। ਮਰਦਮਸ਼ੁਮਾਰੀ ਦੇ ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਹੀ ਸਰਕਾਰ ਨੂੰ ਲੋਕਾਂ ਲਈ ਵੱਖ- ਵੱਖ ਸਹੂਲਤਾਂ ਬਾਰੇ ਫ਼ੈਸਲੇ ਲੈਣ ਵਿੱਚ ਸੇਧ ਮਿਲਦੀ ਹੈ। ਕੈਨੇਡਾ ਦੇ ਨਾਗਰਿਕਾਂ ਅਤੇ ਸਥਾਈ ਆਵਾਸੀਆਂ ਤੋਂ ਇਲਾਵਾ, ਇੱਥੇ ਪੜ੍ਹਨ ਆਏ ਵਿਦਿਆਰਥੀਆਂ ਅਤੇ ਕਾਮਿਆਂ ਨੂੰ ਵੀ ਇਸ ਮਰਦਮਸ਼ੁਮਾਰੀ ਵਿਚ ਹਿੱਸਾ ਲੈਣ ਦਾ ਹੱਕ ਹੈ। ਅੱਜਕੱਲ੍ਹ ਕੈਨੇਡਾ ਵਾਸੀਆਂ ਨੂੰ ਡਾਕ ਰਾਹੀਂ ਚਿੱਠੀਆਂ ਮਿਲ ਰਹੀਆਂ ਹਨ, ਜਿਨ੍ਹਾਂ ਵਿਚ ਮਰਦਮਸ਼ੁਮਾਰੀ ਬਾਰੇ ਗੁਪਤ ਕੋਡ ਲਿਖਿਆ ਹੁੰਦਾ ਹੈ, ਜੋ ਮਰਦਮਸ਼ੁਮਾਰੀ ਦੀ ਵੈੱਬਸਾਈਟ 'ਤੇ ਫਾਰਮ ਭਰਨ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਇਹ ਫਾਰਮ ਦੋ ਵੱਖੋ- ਵੱਖਰੇ ਕਿਸਮ ਦੇ ਹਨ, ਜਿਨ੍ਹਾਂ ਵਿੱਚ ਇੱਕ ਲੰਮਾ ਅਤੇ ਦੂਸਰਾ ਛੋਟਾ ਹੈ। ਪੰਝੱਤਰ ਫ਼ੀਸਦੀ ਲੋਕਾਂ ਨੂੰ ਛੋਟਾ ਫਾਰਮ ਭਰਨ ਲਈ ਮਿਲ ਰਿਹਾ ਹੈ, ਜਦਕਿ ਪੱਚੀ ਫ਼ੀਸਦੀ ਲੋਕਾਂ ਨੂੰ ਲੰਮਾ ਫਾਰਮ ਭਰਨ ਲਈ ਮਿਲ ਰਿਹਾ ਹੈ। ਡਾਕ ਰਾਹੀਂ ਮਰਦਮਸ਼ੁਮਾਰੀ ਬਾਰੇ ਪਹੁੰਚੀਆਂ ਚਿੱਠੀਆਂ ਮਕਾਨ ਮਾਲਕਾਂ ਤੋਂ ਇਲਾਵਾ ਕਿਰਾਏਦਾਰਾਂ ਲਈ ਵੀ ਹਨ, ਜੋ ਕਿ ਉਨ੍ਹਾਂ ਨੂੰ ਪਹੁੰਚਾਈਆਂ ਜਾਣੀਆਂ ਜ਼ਰੂਰੀ ਹਨ। ਉਂਝ ਚਾਹੇ ਇਸ ਦੀ ਤਾਰੀਖ ਮਈ ਦੇ ਦੂਜੇ ਹਫਤੇ ਤੱਕ ਸੀਮਤ ਹੁੰਦੀ ਹੈ, ਐਪਰ ਮਰਦਮਸ਼ੁਮਾਰੀ ਵਿਭਾਗ ਨਾਲ ਹੋਈ ਗੱਲਬਾਤ ਅਨੁਸਾਰ ਇਹ ਫਾਰਮ ਕੁਝ ਮਗਰੋਂ ਵੀ ਸਵੀਕਾਰ ਕੀਤੇ ਜਾ ਸਕਦੇ ਹਨ। ਜੇਕਰ ਕਿਸੇ ਨੂੰ ਫਾਰਮ ਨਹੀਂ ਮਿਲ ਰਿਹਾ ਜਾਂ ਫੋਨ ਨਹੀਂ ਆਉਂਦਾ, ਤਾਂ ਉਹ ਫੋਨ ਨੰਬਰ 1-833-852-2026 'ਤੇ ਸੰਪਰਕ ਕਰਕੇ ਜਾਣਕਾਰੀ ਹਾਸਲ ਕਰ ਸਕਦਾ ਹੈ।

ਪਹਿਲਾ ਵਿਚਾਰਨ ਯੋਗ ਪੱਖ ਇਹ ਹੈ ਕਿ ਸਰਕਾਰੀ ਵੈਬਸਾਈਟ 'ਤੇ ਮਰਦਮਸ਼ੁਮਾਰੀ ਫਾਰਮ ਜਾਂ ਘਰੇ ਮਿਲੇ ਫਾਰਮ ਭਰਨ ਸਮੇਂ ਪਹਿਲੇ ਪੰਨੇ 'ਤੇ ਪਛਾਣ ਪੁੱਛੀ ਜਾਂਦੀ ਹੈ, ਜਿਵੇਂ ਕਿ ਵਾਈਟ, ਬਲੈਕ, ਚੀਨੀ, ਫਿਲਪਾਈਨੀ, ਜਪਾਨੀ, ਕੋਰੀਅਨ, ਅਰਬ, ਲੈਟਿਨ ਅਮਰੀਕਨ, ਸਾਊਥ ਏਸ਼ੀਅਨ, ਸਾਊਥ ਈਸਟ ਏਸ਼ੀਅਨ, ਵੈਸਟ ਏਸ਼ੀਅਨ ਆਦਿ ਲਿਖਿਆ ਹੁੰਦਾ ਹੈ। ਜ਼ਿਆਦਾਤਰ ਪੰਜਾਬੀ ਉਸ ਵਿੱਚ ਸਾਊਥ ਏਸ਼ਅਨ ਭਾਵ ਦੱਖਣੀ ਏਸ਼ੀਆਈ ਭਰਦੇ ਹਨ, ਕਿਉਂਕਿ ਇਸ ਖਾਨੇ ਦੇ ਵਿਸਥਾਰ ਵਿੱਚ ਸਾਊਥ ਏਸ਼ੀਅਨ ਅਧੀਨ ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀ ਆਦਿਕ ਲਿਖਿਆ ਹੁੰਦਾ ਹੈ, ਐਪਰ ਇਹ ਸਹੀ ਜਾਣਕਾਰੀ ਨਹੀਂ ਹੈ। ਸਾਡੀ ਇਹ ਪਛਾਣ ਨਹੀਂ ਹੈ। ਇਸ ਦੀ ਥਾਂ ਫਾਰਮ ਦੇ ਪਹਿਲੇ ਪੰਨੇ ਦੇ ਅੰਤ ਵਿੱਚ 'ਅਦਰਜ਼' ਭਾਵ 'ਹੋਰ' ਲਿਖਿਆ ਹੈ, ਉਸ ਵਿੱਚ ਸਹੀ ਦਾ ਨਿਸ਼ਾਨ ਲਾ ਕੇ, ਅੱਗੇ ਪਛਾਣ ਭਰ ਸਕਦੇ ਹਾਂ, ਜਿਵੇਂ ਕਿ ਸਿੱਖ। ਇਥੇ ਸਪਸ਼ਟ ਹੋਣਾ ਚਾਹੀਦਾ ਹੈ ਕਿ ਅਸੀਂ ਦੱਖਣੀ ਏਸ਼ੀਆਈ ਨਹੀਂ ਹਾਂ। ਇਹ ਇੱਕ ਨਸਲਵਾਦੀ ਵਰਤਾਰਾ ਹੈ। ਅਸੀਂ ਕੈਨੇਡੀਅਨ ਸਿੱਖ ਹੁੰਦੇ ਹੋਏ ਵੀ ਆਪਣੀ ਬੋਲੀ ਪੱਖੋਂ ਪੰਜਾਬੀ ਹਾਂ, ਐਪਰ ਅਸੀਂ ਦੱਖਣੀ ਏਸ਼ੀਆਈ ਨਹੀਂ ਹਾਂ।

ਦੂਜਾ ਮਹੱਤਵਪੂਰਨ ਪੱਖ ਇਹ ਹੈ ਕਿ ਕੈਨੇਡਾ ਸਰਕਾਰ ਵੱਲੋਂ ਮਰਦਮਸ਼ੁਮਾਰੀ ਫਾਰਮਾਂ ਵਿੱਚ ਭਾਸ਼ਾ ਦਾ ਖਾਨਾ ਦਰਜ ਕੀਤਾ ਗਿਆ ਹੈ। ਭਾਸ਼ਾ ਪੱਖੋਂ ਅੰਕੜਿਆਂ ਦੇ ਆਧਾਰ 'ਤੇ ਹੀ ਵੱਖ-ਵੱਖ ਬੋਲੀਆਂ ਬੋਲਣ ਵਾਲੇ ਲੋਕਾਂ ਲਈ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਕੈਨੇਡਾ ਵਿੱਚ ਬੋਲੀਆਂ ਜਾਣ ਵਾਲੀਆਂ ਵੱਖ-ਵੱਖ ਜ਼ਬਾਨਾਂ ਵਿਚ ਪੰਜਾਬੀ ਦੀ ਚੜ੍ਹਦੀ ਕਲਾ ਦੀਆਂ ਮਿਸਾਲਾਂ, ਪੰਜਾਬ ਦੀ ਧਰਤੀ 'ਤੇ ਵੀ ਦਿੱਤੀਆਂ ਜਾਂਦੀਆਂ ਹਨ। ਇਥੇ ਵਸਦੇ ਪੰਜਾਬੀਆਂ ਅੰਦਰ ਮਾਂ-ਬੋਲੀ ਲਈ ਠਾਠਾਂ ਮਾਰਦੇ ਪਿਆਰ ਦੀ ਗੱਲ ਕਰਦਿਆਂ, ਆਮ ਹੀ ਕਿਹਾ ਜਾਂਦਾ ਹੈ ਕਿ ਕੈਨੇਡਾ ਵਿੱਚ 'ਪੰਜਾਬ' ਵੱਸਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ 120 ਸਾਲ ਤੋਂ ਵੱਧ ਸਮੇਂ ਤੋਂ ਇਥੇ ਵਸੇ ਪੰਜਾਬੀਆਂ ਨੇ ਆਪਣੀ ਬੋਲੀ ਅਤੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੈ। ਕੈਨੇਡਾ ਵਿਚ ਵੱਖ-ਵੱਖ ਸਮੇਂ ਹੋਈ ਮਰਦਮਸ਼ੁਮਾਰੀ ਦੇ ਅੰਕੜੇ ਪੰਜਾਬੀ ਦੀ ਤਰੱਕੀ ਦੀ ਗਵਾਹੀ ਭਰਦੇ ਹਨ। ਇਨ੍ਹਾਂ ਅਨੁਸਾਰ ਪਿਛਲੇ ਤਿੰਨ ਦਹਾਕਿਆਂ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ, ਕੈਨੇਡਾ ਦੀ ਕੁੱਲ ਗਿਣਤੀ ਦੇ ਹਿਸਾਬ ਨਾਲ 0.43 ਫੀਸਦੀ ਤੋਂ ਵਧ ਕੇ 1.7 ਫੀਸਦੀ ਦੇ ਨੇੜੇ ਜਾ ਪਹੁੰਚੀ ਹੈ। ਜੇਕਰ ਕੈਨੇਡਾ 'ਚ ਪੰਜਾਬੀਆਂ ਵੱਲੋਂ ਆਪਣੀ ਮਾਂ ਬੋਲੀ ਪੰਜਾਬੀ ਲਿਖਵਾਉਣ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇਹ 1991 ਵਿੱਚ 113, 220 (0.43%), 1996 ਵਿੱਚ 201, 780 (0.70%), 2001 ਵਿੱਚ 271, 200 (0.90%), 2006 ਵਿੱਚ 367, 505 (1.18%), 2011 ਵਿੱਚ 459,990 (1.30 %) ਅਤੇ 2016 ਵਿੱਚ 568,375 (1.7%) ਤੱਕ ਪਹੁੰਚ ਚੁੱਕੀ ਹੈ। 2021 ਦੀ ਮਰਦਮਸ਼ੁਮਾਰੀ ਵਿੱਚ, ਮਾਂ ਬੋਲੀ ਪੰਜਾਬੀ ਲਿਖਵਾਉਣ ਵਾਲਿਆਂ ਦੀ ਗਿਣਤੀ 763,787, ਘਰਾਂ 'ਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 827,150 ਅਤੇ ਬਾਕੀ ਜ਼ਬਾਨਾਂ ਨਾਲ ਪੰਜਾਬੀ ਵੀ ਬੋਲਣ ਵਾਲਿਆਂ ਦੀ ਗਿਣਤੀ 9 ਲੱਖ 42 ਹਜ਼ਾਰ ਤੋਂ ਵੱਧ ਸੀ। ਹੁਣ ਕੈਨੇਡਾ ਵਿੱਚ 2 ਮਿਲੀਅਨ ਦੇ ਕਰੀਬ ਪੰਜਾਬੀ ਰਹਿੰਦੇ ਹਨ, ਜਿਸ ਹਿਸਾਬ ਨਾਲ 2026 ਦੀ ਮਰਦਮਸ਼ੁਮਾਰੀ ਵਿੱਚ ਪੰਜਾਬੀਆਂ ਦੀ ਕੈਨੇਡਾ ਵਿਚਲੀ ਵਸੋਂ ਦੇ ਹਿਸਾਬ ਨਾਲ ਅੰਕੜੇ ਦੁੱਗਣੇ ਹੋਣੇ ਚਾਹੀਦੇ ਹਨ।

ਕੈਨੇਡਾ ਵਸਦੇ ਪੰਜਾਬੀਆਂ ਦੀ ਗਿਣਤੀ ਲਗਾਤਾਰ ਵਧਣ ਦੇ ਅੰਕੜਿਆਂ ਮੁਤਾਬਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵੀ ਵਧਣੀ ਜ਼ਰੂਰੀ ਹੈ। ਇਹ ਵੀ ਆਮ ਹੀ ਕਿਹਾ ਜਾਂਦਾ ਹੈ ਕਿ ਪੰਜਾਬੀ ਕੈਨੇਡਾ ਵਿਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਤੀਜੀ ਬੋਲੀ ਹੈ। ਪਰ ਇਹ ਜਾਣ ਕੇ ਪੰਜਾਬੀਆਂ ਨੂੰ ਦੁੱਖ ਤੇ ਹੈਰਾਨੀ ਹੋਵੇਗੀ ਕਿ ਕੁਝ ਸਮਾਂ ਪਹਿਲਾਂ ਪੰਜਾਬੀ ਦਾ ਸਥਾਨ ਤੀਜਾ ਜ਼ਰੂਰ ਹੁੰਦਾ ਸੀ, ਪਰ ਹੁਣ ਇਹ ਨਹੀਂ ਰਿਹਾ, ਜਿਸ ਦੀ ਸਹੀ ਤਸਵੀਰ ਪੰਜਾਬੀਆਂ ਤੱਕ ਪਹੁੰਚਾਉਣੀ ਜ਼ਰੂਰੀ ਹੈ। ਇਹ ਕੌੜੀ ਸੱਚਾਈ ਹੈ ਕਿ ਕੈਨੇਡਾ ਵਿਚ ਪੰਜਾਬੀ ਬੋਲੀ ਤੀਜੇ ਸਥਾਨ ਤੋਂ ਖਿਸਕ ਕੇ ਪੰਜਵੇਂ ਥਾਂ 'ਤੇ ਪਹੁੰਚ ਚੁੱਕੀ ਹੈ। ਬੋਲੀ ਆਧਾਰਿਤ ਅੰਕੜਿਆਂ ਅਨੁਸਾਰ ਸੰਨ 2011 ਦੀ ਜਨ-ਗਣਨਾ ਅਨੁਸਾਰ, ਅੰਗਰੇਜ਼ੀ ਤੇ ਫਰੈਂਚ ਤੋਂ ਮਗਰੋਂ, ਇੰਮੀਗਰੇਟ ਭਾਈਚਾਰਿਆਂ ਦੀਆਂ ਮਾਂ- ਬੋਲੀਆਂ ਦੀ ਸੂਚੀ 'ਚ ਪੰਜਾਬੀ ਪਹਿਲੇ ਥਾਂ 'ਤੇ ਸੀ, ਭਾਵ ਕੁਲ ਮਿਲਾ ਕੇ ਕੈਨੇਡਾ ਵਿੱਚ ਤੀਜੇ ਸਥਾਨ 'ਤੇ। ਸੰਨ 2011 ਦੇ ਅੰਕੜਿਆਂ ਮੁਤਾਬਿਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 459,990 ਸੀ, ਜਦਕਿ ਚੀਨੀ ਭਾਈਚਾਰੇ ਵਲੋਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ 'ਚ ਕੈਂਟਨੀਜ਼ ਬੋਲਣ ਵਾਲੇ 388,935 ਅਤੇ ਮੈਂਡਰੀਨ ਬੋਲਣ ਵਾਲੇ 255,160 ਸਨ, ਐਪਰ ਪੰਜ ਸਾਲਾਂ ਮਗਰੋਂ 2016 ਦੇ ਅੰਕੜਿਆਂ ਅਨੁਸਾਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਸਿਰਫ਼ 568, 375 ਤੱਕ ਹੀ ਪਹੁੰਚ ਸਕੀ। ਦੂਜੇ ਪਾਸੇ ਮੈਂਡਰੀਨ ਬੋਲਣ ਵਾਲੇ 610, 835 ਅਤੇ ਕੈਂਟਨੀਜ਼ ਬੋਲਣ ਵਾਲੇ 594,030 ਦੀ ਗਿਣਤੀ ਤੱਕ ਪਹੁੰਚ ਗਏ। ਇਉਂ ਪੰਜਾਬੀ ਬੋਲਣ ਵਾਲੇ ਤੀਜੇ ਥਾਂ ਤੋਂ ਪੰਜਵੇਂ 'ਤੇ ਆ ਪਹੁੰਚੇ, ਜਦਕਿ ਤੀਜੀ ਤੇ ਚੌਥੀ ਥਾਂ ਮੈਂਡਰੀਨ ਤੇ ਕੈਂਟਨੀਜ਼ ਨੇ ਲੈ ਲਈ। ਛੇਵੇਂ ਤੇ ਸੱਤਵੇਂ ਥਾਂ 'ਤੇ ਕ੍ਰਮਵਾਰ ਫਿਲਪੀਨੋ ਭਾਈਚਾਰੇ ਦੀ ਬੋਲੀ ਟੈਗਾਲੋਗ (510,420) ਅਤੇ ਸਪੈਨਿਸ਼ (495, 090) ਆਉਂਦੀਆਂ ਹਨ। ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ, ਉਨ੍ਹਾਂ ਦੀ ਵਸੋਂ ਦੇ ਅਨੁਪਾਤ ਮੁਤਾਬਕ ਨਾ ਵਧਣੀ, ਪੰਜਾਬੀ ਭਾਈਚਾਰੇ ਲਈ ਚਿੰਤਾ ਦਾ ਵਿਸ਼ਾ ਹੈ।

ਕੈਨੇਡਾ ਵਸਦੇ ਪੰਜਾਬੀਆਂ ਵੱਲੋਂ ਇਸ ਗੱਲ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ ਕਿ ਕੀ ਕਾਰਨ ਹੈ ਕਿ ਕੈਨੇਡਾ 'ਚ ਪੰਜਾਬੀਆਂ ਦੀ ਗਿਣਤੀ ਤਾਂ ਬੜੀ ਤੇਜ਼ੀ ਨਾਲ ਵੱਧ ਰਹੀ ਹੈ, ਐਪਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਪੱਛੜ ਰਹੀ ਹੈ। ਇਹਨਾਂ ਕਾਰਨਾਂ ਨੂੰ ਖੁੱਲ੍ਹੇ ਮਨ ਨਾਲ ਵਿਚਾਰਨ ਦੀ ਲੋੜ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਮਰਦਸ਼ਸ਼ੁਮਾਰੀ ਸਮੇਂ ਪੰਜਾਬੀਆਂ ਵੱਲੋਂ ਮਾਂ-ਬੋਲੀ ਲਿਖਵਾਉਣ ਲਈ ਉਤਸ਼ਾਹ ਉਨਾ ਨਹੀਂ ਦਿਸਦਾ, ਜਿੰਨਾ ਹੋਣਾ ਚਾਹੀਦਾ ਹੈ। ਕੈਨੇਡਾ ਦੇ ਪੰਜਾਬੀ ਮੀਡੀਏ ਵੱਲੋਂ ਵਾਰ-ਵਾਰ ਪ੍ਰਚਾਰਨ ਦੇ ਬਾਵਜੂਦ ਬਹੁਤ ਸਾਰੇ ਪੰਜਾਬੀ ਮਰਦਮਸ਼ੁਮਾਰੀ ਮੌਕੇ ਫਾਰਮ ਭਰਨ ਦੌਰਾਨ, ਆਪਣੀ ਮਾਂ - ਬੋਲੀ ਲਿਖਵਾਉਣ ਤੋਂ ਹੀ ਘੇਸਲ ਮਾਰ ਜਾਂਦੇ ਹਨ। ਜੇ ਰੁਝਾਨ ਇਹੀ ਰਿਹਾ, ਤਾਂ 2026 ਦੀ ਮਰਦਸਸ਼ੁਮਾਰੀ ਵਿੱਚ ਪੰਜਾਬੀ ਬੋਲੀ ਦਾ ਪੰਜਵਾਂ ਸਥਾਨ ਵੀ ਖੁੱਸਣ 'ਚ ਦੇਰ ਨਹੀਂ ਲੱਗਣੀ।

ਦੂਜੀ ਗੱਲ ਇਹ ਹੈ ਕਿ ਪੰਜਾਬੀ ਕੈਨੇਡਾ 'ਚ ਅਜੇ ਵੀ ਵਿਦੇਸ਼ੀ ਭਾਸ਼ਾ ਹੀ ਹੈ ਅਤੇ ਕੈਨੇਡੀਅਨ ਭਾਸ਼ਾ ਵਜੋਂ ਮਾਨਤਾ ਹਾਸਿਲ ਨਹੀਂ ਕਰ ਸਕੀ। ਇਹ ਗੱਲ ਜ਼ਿਕਰਯੋਗ ਹੈ ਕਿ ਕੈਨੇਡਾ 'ਚ ਦੋ ਮੁੱਖ ਭਾਸ਼ਾਵਾਂ ਅੰਗਰੇਜ਼ੀ ਤੇ ਫਰੈਂਚ ਦਫ਼ਤਰੀ ਰੂਪ 'ਚ ਸਰਕਾਰੀ ਭਾਸ਼ਾਵਾਂ ਹਨ, ਐਪਰ ਇਥੇ 'ਰਾਸ਼ਟਰੀ ਭਾਸ਼ਾ' ਦੇ ਨਾਂ 'ਤੇ ਝਗੜੇ ਖੜੇ ਕਰਨ ਵਾਲਾ ਅਜਿਹਾ ਕੋਈ ਰੇੜਕਾ ਨਹੀਂ, ਜਿਵੇਂ ਕਿ ਭਾਰਤ 'ਚ ਹਿੰਦੀ ਨੂੰ ਲੈ ਕੇ ਇਕ ਭਾਸ਼ਾ ਤੇ ਇਕ ਰਾਸ਼ਟਰ' ਆਦਿ ਦੇ ਬੇਤੁਕੇ ਨਾਅਰੇ ਲਾਏ ਜਾਂਦੇ ਹਨ। ਇਥੇ ਚੁਣੌਤੀ ਇਹ ਹੈ ਕਿ ਇੰਮੀਗਰਾਂਟ ਭਾਈਚਾਰੇ ਦੀ ਬੋਲੀ ਹੋਣ ਕਾਰਨ ਪੰਜਾਬੀ ਅਜੇ ਵੀ ਸੰਘਰਸ਼ ਦੇ ਦੌਰ ਵਿਚੋਂ ਗੁਜ਼ਰ ਰਹੀ ਹੈ।

ਅੱਜ ਕੈਨੇਡਾ 'ਚ ਵਸਦੇ ਪੰਜਾਬੀ ਜੇਕਰ ਆਪਣੀ ਨਾਗਰਿਕਤਾ ਕਾਰਨ ਕੈਨੇਡੀਅਨ ਹਨ, ਤਾਂ ਫਿਰ ਉਨ੍ਹਾਂ ਦੀ ਬੋਲੀ ਵਿਦੇਸ਼ੀ ਕਿਵੇਂ ਹੋਈ? ਜੇਕਰ ਪਾਰਲੀਮੈਂਟ 'ਚ ਪੰਜਾਬੀਆਂ ਦੀ ਗਿਣਤੀ ਡੇਢ ਦਰਜਨ ਹੈ ਤੇ ਕਈ ਸੂਬਿਆਂ 'ਚ ਵੀ ਪੰਜਾਬੀ ਸਿਆਸਤਦਾਨਾਂ ਦਾ ਬੋਲਬਾਲਾ ਹੈ, ਫਿਰ ਉਹ ਆਪਣੀ ਮਾਂ ਬੋਲੀ ਪੰਜਾਬੀ ਲਈ ਦ੍ਰਿੜ ਇਰਾਦਾ ਕਿਉਂ ਨਹੀਂ ਰੱਖਦੇ?

ਤੀਜੀ ਗੱਲ, ਪੰਜਾਬੀ ਮਾਪਿਆਂ 'ਤੇ ਆਉਂਦੀ ਹੈ। ਜੇਕਰ ਬੀ.ਸੀ. ਸੂਬੇ ਦੇ ਹੀ ਗੱਲ ਕਰੀਏ, ਤਾਂ ਇਥੋਂ ਦੇ ਸਾਬਕਾ ਵਿੱਦਿਆ ਮੰਤਰੀ ਮਨਮੋਹਣ ਸਿੰਘ (ਮੋਅ) ਸਹੋਤਾ ਦੇ ਉੱਦਮ ਨਾਲ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲ ਗਿਆ ਸੀ ਤੇ ਪੰਜਾਬੀ ਸਕੂਲਾਂ 'ਚ ਪੜ੍ਹਾਉਣ ਦਾ ਰਾਹ ਪੱਧਰ ਹੋ ਗਿਆ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਪੜ੍ਹਾਉਣ ਵਾਲੇ ਸਕੂਲ, ਅਕੈਡਮੀਆਂ ਤੇ ਹੋਰ ਅਦਾਰੇ ਆਪੋ- ਆਪਣੇ ਪੱਧਰ 'ਤੇ ਉਪਰਾਲੇ ਕਰ ਲਹੇ ਹਨ, ਪਰ ਪਬਲਿਕ ਸਕੂਲਾਂ 'ਚ ਪੰਜਾਬੀ ਪੜ੍ਹਾਈ ਜਾਣ ਲਈ ਬੱਚਿਆਂ ਦਾ ਨਾਂ, ਪੰਜਾਬੀ ਲਈ ਖਾਸ ਤੌਰ 'ਤੇ ਦਾਖਿਲ ਕਰਨ ਦੀ ਲੋੜ ਹੁੰਦੀ ਹੈ। ਦੁੱਖ ਇਸ ਗੱਲ ਦਾ ਹੈ ਕਿ ਲਗਾਤਾਰ ਪ੍ਰਚਾਰ ਦੇ ਬਾਵਜੂਦ ਲੋੜੀਂਦੀ ਗਿਣਤੀ ਤੱਕ ਨਾਂ ਰਜਿਸਟਰ ਨਹੀਂ ਹੁੰਦੇ ਤੇ ਪੰਜਾਬੀ ਪੜ੍ਹਾਉਣ ਦਾ ਮੌਕਾ ਹੱਥੋਂ ਖੁੰਝ ਜਾਂਦਾ ਹੈ। ਇਥੇ ਬਹੁਤ ਸਾਰੇ ਪੰਜਾਬੀ ਪਰਿਵਾਰਾਂ ਅੰਦਰ ਉਤਸ਼ਾਹ ਦੀ ਘਾਟ ਵੱਡਾ ਨੁਕਸਾਨ ਕਰਵਾ ਰਹੀ ਹੈ ਤੇ ਪੰਜਾਬੀ ਪੜ੍ਹਾਉਣ ਦੀ ਮਿਲ ਰਹੀ ਸਹੂਲਤ ਤੋਂ ਬੱਚੇ ਵਾਂਝੇ ਰਹਿ ਰਹੇ ਹਨ। ਉਂਵ ਸਰਕਾਰੀ ਪਹੁੰਚ ਦੀ ਵੀ ਇਹ ਖੋਟ ਹੈ ਅਤੇ ਬੱਚਿਆਂ ਦੀ ਗਿਣਤੀ ਦੀ ਸ਼ਰਤ ਲਾ ਕੇ 'ਗੱਡੇ ਨਾਲ ਕੱਟਾ' ਬੰਨਣ ਵਾਲੀ ਨੀਤੀ ਵਰਤੀ ਜਾ ਰਹੀ ਹੈ। ਇਹ ਸ਼ਰਤ ਹਟਾਉਣ ਲਈ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ।

ਕੈਨੇਡਾ 'ਚ ਜੇਕਰ ਸੰਘਣੀ ਪੰਜਾਬੀ ਵਸੋਂ ਵਾਲੇ ਇਲਾਕਿਆਂ ਦੀ ਗੱਲ ਕਰੀਏ , ਤਾਂ ਇਥੇ ਪੰਜਾਬ ਦੇ ਸਿੱਖ, ਹਿੰਦੂ, ਮੁਸਲਮਾਨ ਭਾਵ ਵੱਖ-ਵੱਖ ਧਰਮਾਂ, ਰੰਗਾਂ, ਨਸਲਾਂ ਤੇ ਫਿਰਕਿਆਂ ਦੇ ਪੰਜਾਬੀ ਵਸਦੇ ਹਨ। ਇਥੋਂ ਤੱਕ ਕਿ 'ਭਾਰਤੀ ਪੰਜਾਬੀ' ਤੇ 'ਪਾਕਿਸਤਾਨੀ ਪੰਜਾਬੀ' ਵਾਲਾ ਫਰਕ ਵੀ ਇਥੇ ਨਜ਼ਰ ਨਹੀਂ ਆਉਂਦਾ। ਉਂਵ ਵੀ ਅਸੀਂ ਅਕਸਰ ਆਖਦੇ ਹਾਂ ਕਿ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਸੰਖਿਆ ਭਾਰਤੀ ਪੰਜਾਬ ਨਾਲੋਂ ਕਿਤੇ ਵੱਧ ਹੈ। ਕੈਨੇਡਾ ਵਿੱਚ ਪੰਜਾਬੀ ਆਬਾਦੀ ਵਾਲੇ ਸ਼ਹਿਰਾਂ 'ਚ ਵਸਣ ਵਾਲੇ, ਪਾਕਿਸਤਾਨੀ ਪੰਜਾਬ ਦੇ ਪੰਜਾਬੀ ਜ਼ਿਆਦਾਤਰ ਲਾਹੌਰ ਦੇ ਨੇੜੇ-ਤੇੜੇ ਦੇ ਹੀ ਹਨ। ਉਹਨਾਂ 'ਚੋਂ ਵਧੇਰੇ ਬੋਲਦੇ ਪੰਜਾਬੀ ਹੀ ਹਨ, ਜਿਸ ਕਰਕੇ ਮਰਦਮਸ਼ੁਮਾਰੀ ਦੌਰਾਨ ਲਹਿੰਦੇ ਪੰਜਾਬ ਦੇ ਪੰਜਾਬੀਆਂ ਨੂੰ ਆਪਣੀ ਜ਼ਬਾਨ ਪੰਜਾਬੀ ਲਿਖਵਾਉਣੀ ਚਾਹੀਦੀ ਹੈ। ਭਾਰਤੀ ਪੰਜਾਬ ਦੇ ਕੈਨੇਡਾ ਵਸਦੇ ਭਾਈਚਾਰਿਆਂ ਦੀ ਗੱਲ ਕਰੀਏ, ਤਾਂ ਵੱਡੀ ਗਿਣਤੀ 'ਚ ਪੰਜਾਬੀ ਵਸਦੇ ਹਨ, ਐਪਰ ਜ਼ਬਾਨ ਪੰਜਾਬੀ ਲਿਖਵਾਉਣ ਵੇਲੇ ਖੁੰਝ ਜਾਂਦੇ ਹਨ, ਜੋ ਕਿ ਨੁਕਸਾਨਦੇਹ ਸਾਬਤ ਹੁੰਦਾ ਹੈ। ਇਸ ਕਰਕੇ ਇਹ ਪ੍ਰਣ ਕੀਤਾ ਜਾਏ ਕਿ ਜਨ-ਗਣਨਾ ਸਮੇਂ ਪੰਜਾਬੀ ਲਿਖਵਾਉਣ ਵਿੱਚ ਕਦੇ ਵੀ ਢਿੱਲ ਨਾ ਦਿਖਾਈਏ।

ਭਾਰਤੀ ਸਿਆਸਤ 'ਚ 'ਇਕ ਬੋਲੀ' ਤੇ ਰਾਸ਼ਟਰ' ਦਾ ਨਾਅਰਾ ਕੈਨੇਡਾ 'ਚ ਪੰਜਾਬੀ ਬੋਲੀ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ 'ਚ ਘਾਤਕ ਬਣ ਰਿਹਾ ਹੈ। ਮਈ 2026 ਨੂੰ ਮਰਦਮਸ਼ੁਮਾਰੀ ਮੌਕੇ ਕੈਨੇਡਾ ਵਸਦਾ ਹਰ ਪੰਜਾਬੀ ਜੇਕਰ ਆਪਣੇ ਘਰ 'ਚ ਬੋਲੀ ਜਾਣ ਵਾਲੀ ਜ਼ਬਾਨ ਪੰਜਾਬੀ ਲਿਖਾਏ, ਤਾਂ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਸਾਰ ਵਿੱਚ ਕੈਨੇਡੀਅਨ ਪੰਜਾਬੀ ਮੋਹਰੀ ਹੋ ਨਿੱਬੜਨਗੇ।

# ਨਸਲਵਾਦੀਆਂ ’ਤੇ ਭਾਰੀ ਪਈ ਸਿੱਖ ਪੰਥ ਵਲੋਂ ਮਨੁੱਖਤਾ ਦੀ ਸੇਵਾ

## ✪ ਆਸਟ੍ਰੇਲੀਆ ਵਿੱਚ ਵਧਿਆ ਸਿੱਖੀ ਦਾ ਮਾਣ, ਨਸਲਵਾਦੀਆਂ ਖ਼ਿਲਾਫ਼ ਸਰਕਾਰ ਸਖ਼ਤ ✪ ਨਿਓ-ਨਾਜ਼ੀ ਗਰੁੱਪ ’ਤੇ ਪਾਬੰਦੀ ਅਤੇ 15 ਸਾਲ ਦੀ ਸਜ਼ਾ

ਖਾਸ ਖ਼ਬਰ

ਆਸਟ੍ਰੇਲੀਆ ਦੀ ਧਰਤੀ ’ਤੇ ਇਸ ਵੇਲੇ ਦੋ ਬਿਲਕੁਲ ਉਲਟ ਤਸਵੀਰਾਂ ਦੇਖਣ ਨੂੰ ਮਿਲ ਰਹੀਆਂ ਹਨ। ਇੱਕ ਪਾਸੇ ਉਹ ਕੱਟੜਪੰਥੀ ਅਤੇ ਨਸਲਵਾਦੀ ਤਾਕਤਾਂ ਹਨ ਜੋ ਸਮਾਜ ਵਿੱਚ ਵੰਡੀਆਂ ਪਾ ਕੇ ਨਫ਼ਰਤ ਦਾ ਮਾਹੌਲ ਸਿਰਜਣਾ ਚਾਹੁੰਦੀਆਂ ਹਨ, ਅਤੇ ਦੂਜੇ ਪਾਸੇ ਸਿੱਖ ਪੰਥ ਹੈ ਜੋ ਆਪਣੀ ਹੋਂਦ ਅਤੇ ਸ਼ਾਨ ਨੂੰ ਮਨੁੱਖਤਾ ਦੀ ਨਿਰਸਵਾਰਥ ਸੇਵਾ (ਸਰਬੱਤ ਦੇ ਭਲੇ) ਦੇ ਜ਼ਰੀਏ ਹੋਰ ਮਜ਼ਬੂਤ ਕਰ ਰਿਹਾ ਹੈ। ਹਾਲ ਹੀ ਵਿੱਚ ਆਸਟ੍ਰੇਲੀਆਈ ਸਰਕਾਰ ਵੱਲੋਂ ਦੇਸ਼ ਦੇ ਸਭ ਤੋਂ ਵੱਡੇ ਨਿਓ-ਨਾਜ਼ੀ (ਨਵ-ਨਾਜ਼ੀਵਾਦੀ) ਗਰੁੱਪ ‘ਨੈਸ਼ਨਲ ਸੋਸ਼ਲਿਸਟ ਨੈੱਟਵਰਕ’ ਯਾਨੀ ‘ਵਾਈਟ ਆਸਟ੍ਰੇਲੀਆ’ ’ਤੇ ਲਗਾਈ ਗਈ ਪੂਰਨ ਪਾਬੰਦੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਉੱਥੋਂ ਦੀਆਂ ਸਰਕਾਰਾਂ ਹੁਣ ਨਸਲਵਾਦੀਆਂ ਨੂੰ ਨੱਥ ਪਾਉਣ ਅਤੇ ਘੱਟ-ਗਿਣਤੀਆਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਤਿਆਰ ਹਨ।

ਸੰਘੀ ਸਰਕਾਰ ਨੇ ਪਿਛਲੇ ਸਾਲ ਦਸੰਬਰ ਵਿੱਚ ਬੋਂਡਾਈ ਬੀਚ ’ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਜਨਵਰੀ ਵਿੱਚ ਸੰਸਦ ਦੇ ਵਿਸ਼ੇਸ਼ ਸੈਸ਼ਨ ਦੌਰਾਨ ਇਹ ਸਖ਼ਤ ਕਾਨੂੰਨ ਪਾਸ ਕੀਤਾ ਸੀ। ਇਸ ਕਾਨੂੰਨ ਦੇ ਤਹਿਤ ਐਨਐਸਐਨ ਹੁਣ ‘ਹਿਜ਼ਬ ਉਤ-ਤਹਿਰੀਰ’ ਤੋਂ ਬਾਅਦ ਦੇਸ਼ ਦਾ ਦੂਜਾ ਅਜਿਹਾ ਸੰਗਠਨ ਬਣ ਗਿਆ ਹੈ ਜਿਸ ’ਤੇ ਪੂਰਨ ਬੈਨ ਲਗਾਇਆ ਗਿਆ ਹੈ।

ਗ੍ਰਹਿ ਮੰਤਰੀ ਟੋਨੀ ਬਰਕ ਅਤੇ ਖੁਫੀਆ ਏਜੰਸੀ ‘ਆਸਟ੍ਰੇਲੀਅਨ ਸਕਿਊਰਿਟੀ ਇੰਟੈਲੀਜੈਂਸ ਆਰਗੇਨਾਈਜ਼ੇਸ਼ਨ’ ਦੇ ਮੁਖੀ ਮਾਈਕ ਬਰਗੇਸ ਨੇ ਸਪੱਸ਼ਟ ਕੀਤਾ ਕਿ ਇਹ ਗਰੁੱਪ ਪਹਿਲਾਂ ਕਾਨੂੰਨ ਦੀਆਂ ਕਮੀਆਂ ਦਾ ਫਾਇਦਾ ਉਠਾ ਕੇ ਬਚਦੇ ਆ ਰਹੇ ਸਨ, ਜਿਸ ਨੂੰ ਉਨ੍ਹਾਂ ਨੇ ਕਾਨੂੰਨੀ ਤੌਰ ’ਤੇ ਸਹੀ ਪਰ ਬਹੁਤ ਹੀ ਭਿਆਨਕ ਦੱਸਿਆ। ਇਹ ਸੰਗਠਨ ਅੱਤਵਾਦੀ ਸੰਗਠਨ ਦੀ ਪਰਿਭਾਸ਼ਾ ਦੇ ਘੇਰੇ ਤੋਂ ਬਚ ਕੇ ਨਫ਼ਰਤ ਫੈਲਾਉਂਦੇ ਸਨ।





ਗ੍ਰਹਿ ਮੰਤਰੀ ਮੁਤਾਬਕ, ਏ ਆਈ ਐਸ ਆਈ ਓ ਨੇ ਅਪ੍ਰੈਲ ਵਿੱਚ ਹੀ ਇਸ ਗਰੁੱਪ ’ਤੇ ਪਾਬੰਦੀ ਲਗਾਉਣ ਦੀ ਸਿਫ਼ਾਰਸ਼ ਕੀਤੀ ਸੀ, ਜਿਸ ਤੋਂ ਤੁਰੰਤ ਬਾਅਦ ਇਸ ਗਰੁੱਪ ਨੇ ਚੋਣ ਕਮਿਸ਼ਨ ਕੋਲ ਸਿਆਸੀ ਪਾਰਟੀ ਵਜੋਂ ਰਜਿਸਟ੍ਰੇਸ਼ਨ ਲਈ ਅਪਲਾਈ ਕਰ ਦਿੱਤਾ ਸੀ। ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਅਦਾਲਤ ਵਿੱਚ ਇਸ ਚੁਣੌਤੀ ਦਾ ਮਜ਼ਬੂਤੀ ਨਾਲ ਸਾਹਮਣਾ ਕਰਨ ਲਈ ਤਿਆਰ ਹਨ ਅਤੇ ਦੇਸ਼ ਵਿੱਚ ਅਜਿਹੀਆਂ ਨਸਲਵਾਦੀ ਰੈਲੀਆਂ ਅਤੇ ਗਤੀਵਿਧੀਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਹਾਲਾਂਕਿ ਇਸ ਗਰੁੱਪ ਨੇ ਕਾਨੂੰਨ ਤੋਂ ਬਚਣ ਲਈ ‘ਵਾਈਟ ਆਸਟ੍ਰੇਲੀਆ ਪਾਰਟੀ’ ਦੇ ਨਾਮ ਹੇਠ ਸਿਆਸੀ ਰੂਪ ਧਾਰਨ ਕਰਕੇ ਹਾਈ ਕੋਰਟ ਵਿੱਚ ਇਸ ਪਾਬੰਦੀ ਨੂੰ ਚੁਣੌਤੀ ਦਿੱਤੀ ਹੈ ਅਤੇ ਕਾਨੂੰਨ ਨੂੰ ‘ਤਾਨਾਸ਼ਾਹੀ ਦਾ ਰਾਹ’ ਦੱਸਿਆ ਹੈ। ਅਦਾਲਤੀ ਦਸਤਾਵੇਜ਼ਾਂ ਅਨੁਸਾਰ, ਨਿਓ-ਨਾਜ਼ੀ ਗਰੁੱਪ ਨੇ ਦਲੀਲ ਦਿੱਤੀ ਹੈ ਕਿ ਸਰਕਾਰ ਦਾ ਇਹ ਨਵਾਂ ਕਾਨੂੰਨ ਗੈਰ ਕਨੂੰਨੀ ਹੈ ਕਿਉਂਕਿ ਇਹ “ਸਰਕਾਰੀ ਅਤੇ ਸਿਆਸੀ ਸੰਚਾਰ ਦੀ ਆਜ਼ਾਦੀ ’ਦੇ ਵਿਰੁੱਧ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਅਦਾਲਤੀ ਸਮੀਖਿਆ ਤੋਂ ਬਿਨਾਂ ਹੀ ਸਰਕਾਰ ਨੂੰ ਕਿਸੇ ਨੂੰ ਵੀ ਸਜ਼ਾ ਦੇਣ ਦੀ ਸ਼ਕਤੀ ਦੇ ਕੇ ਸੰਵਿਧਾਨ ਦੀ ਉਲੰਘਣਾ ਕਰਦਾ ਹੈ।” ਪਟੀਸ਼ਨ ਵਿੱਚ ਸਖ਼ਤ ਸ਼ਬਦਾਂ ਦੀ ਵਰਤੋਂ ਕਰਦਿਆਂ ਸੇਵਲ ਨੇ ਕਿਹਾ ਹੈ:

“ਇਹ ਕਾਨੂੰਨ ਅਸਲ ਵਿੱਚ ਤਾਨਾਸ਼ਾਹੀ ਦਾ ਇੱਕ ਰਸਤਾ ਹੈ, ਜੋ ਸਰਕਾਰ ਨੂੰ ਆਪਣੇ ਸਿਆਸੀ ਵਿਰੋਧੀਆਂ ਅਤੇ ਵਿਰੋਧੀ ਵਿਚਾਰਾਂ ਨੂੰ ਦਬਾਉਣ ਅਤੇ ਉਨ੍ਹਾਂ ਨੂੰ ਅਪਰਾਧੀ ਘੋਸ਼ਿਤ ਕਰਨ ਦੀ ਬੇਲਗਾਮ ਸ਼ਕਤੀ ਦਿੰਦਾ ਹੈ।” ਪਰ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸਰਕਾਰ ਨਫ਼ਰਤ, ਅਤੇ ਨਸਲਵਾਦ ਫੈਲਾਉਣ ਵਾਲਿਆਂ ਅੱਗੇ ਝੁਕਣ ਵਾਲੀ ਨਹੀਂ ਹੈ। ਇਸ ਗਰੁੱਪ ਦੇ ਮੈਂਬਰਾਂ ਵੱਲੋਂ ‘ਮਾਰਚ ਫਾਰ ਆਸਟ੍ਰੇਲੀਆ’ ਵਰਗੀਆਂ ਰੈਲੀਆਂ ਰਾਹੀਂ ਪ੍ਰਵਾਸੀਆਂ (ਜਿਨ੍ਹਾਂ ਵਿੱਚ ਵੱਡੀ ਗਿਣਤੀ ਸਿੱਖਾਂ ਦੀ ਹੈ) ਖ਼ਿਲਾਫ਼ ਜ਼ਹਿਰ ਉਗਲਿਆ ਜਾਂਦਾ ਰਿਹਾ ਹੈ, ਜਿਸ ਨੂੰ ਰੋਕਣ ਲਈ ਸਰਕਾਰ ਨੇ ਇਹ ਇਤਿਹਾਸਕ ਕਦਮ ਚੁੱਕਿਆ ਹੈ।

ਗ੍ਰਹਿ ਮੰਤਰੀ ਟੋਨੀ ਬਰਕ ਨੇ ਸਪੱਸ਼ਟ ਕੀਤਾ ਕਿ ਇਸ ਸੂਚੀਕਰਨ ਤੋਂ ਬਾਅਦ ਹੁਣ ਇਸ ਗਰੁੱਪ ਨੂੰ ਕਿਸੇ ਵੀ ਤਰ੍ਹਾਂ ਦਾ ਸਮਰਥਨ ਦੇਣਾ, ਫੰਡ ਦੇਣਾ, ਭਰਤੀ ਕਰਨਾ ਜਾਂ ਇਸ ਵਿੱਚ ਸ਼ਾਮਲ ਹੋਣਾ ਇੱਕ ਗੰਭੀਰ ਅਪਰਾਧ ਹੈ, ਜਿਸ ਲਈ 15 ਸਾਲ ਤੱਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਲੋਕ ਕਿਸੇ ਨਵੇਂ ਨਾਮ ਹੇਠ ਮੁੜ ਇਕੱਠੇ ਹੋਣ ਦੀ ਕੋਸ਼ਿਸ਼ ਕਰਨਗੇ, ਤਾਂ ਸਰਕਾਰ ਬਿਨਾਂ ਦੇਰੀ ਦੇ ਨਵੇਂ ਨਿਯਮਾਂ ਤਹਿਤ ਉਨ੍ਹਾਂ ’ਤੇ ਵੀ ਪਾਬੰਦੀ ਲਗਾ ਦੇਵੇਗੀ।

ਅਮਰੀਕੀ ਅੱਤਵਾਦੀ ਵਿਚਾਰਧਾਰਾ ਨਾਲ ਸਬੰਧ-ਬੋਂਡਾਈ ਅੱਤਵਾਦੀ ਹਮਲੇ ਤੋਂ ਬਾਅਦ ਆਸਟ੍ਰੇਲੀਆਈ ਸਰਕਾਰ ਵੱਲੋਂ ਸਖ਼ਤ ਨਫ਼ਰਤ ਵਿਰੋਧੀ ਕਾਨੂੰਨ ਲਾਗੂ ਕੀਤੇ ਗਏ ਸਨ। ਇਹਨਾਂ ਕਾਨੂੰਨਾਂ ਦੀ ਪਕੜ ਤੋਂ ਬਚਣ ਲਈ, ਐਨਐਸਐਨ ਨੇ ਇਸ ਸਾਲ ਦੇ ਸ਼ੁਰੂ ਵਿੱਚ ਆਪਣੇ ਆਪ ਨੂੰ ਭੰਗ ਕਰਨ ਦਾ ਐਲਾਨ ਕੀਤਾ ਸੀ। ਪਰ ਖ਼ੁਫੀਆ ਜਾਂਚ ਅਤੇ ਆਨਲਾਈਨ ਗਤੀਵਿਧੀਆਂ ਤੋਂ ਪਤਾ ਲੱਗਾ ਹੈ ਕਿ ਇਹ ਗਰੁੱਪ ਪਰਦੇ ਦੇ ਪਿੱਛੇ ਅਜੇ ਵੀ ਪੂਰੀ ਤਰ੍ਹਾਂ ਸਰਗਰਮ ਹੈ। ਇਹ ਮੈਂਬਰ ਨਾ ਸਿਰਫ਼ ਆਨਲਾਈਨ ਫੰਡ ਇਕੱਠਾ ਕਰ ਰਹੇ ਹਨ, ਬਲਕਿ ਸੱਜੇ-ਪੱਖੀ ਮੀਡੀਆ ਪਲੇਟਫਾਰਮਾਂ ’ਤੇ ਵੀ ਲਗਾਤਾਰ ਦਿਖਾਈ ਦੇ ਰਹੇ ਹਨ।

ਇਸ ਸਾਲ ਮਾਰਚ ਮਹੀਨੇ ਵਿੱਚ, ਐਨਐਸਐਨ ਦੇ ਮੁਖੀ ਥਾਮਸ ਸੇਵਲ ਇੱਕ ਆਨਲਾਈਨ ਵੀਡੀਓ ਪੋਡਕਾਸਟ ਦੌਰਾਨ ਅਮਰੀਕਾ ਦੇ ਬਦਨਾਮ ਨਿਓ-ਨਾਜ਼ੀ ਜੇਮਜ਼ ਮੇਸਨ ਨਾਲ ਨਜ਼ਰ ਆਇਆ ਸੀ। ਜੇਮਜ਼ ਮੇਸਨ ਉਹੀ ਵਿਅਕਤੀ ਹੈ ਜਿਸ ਦੀ ਕਿਤਾਬ ‘ਸੀਜ’ ਤੋਂ ਪ੍ਰਭਾਵਿਤ ਹੋ ਕੇ ਕਈ ਗੋਰੇ ਕੱਟੜਪੰਥੀ ਹਿੰਸਕ ਕਾਰਵਾਈਆਂ ਕਰਦੇ ਹਨ। ਮੇਸਨ ਦੇ ਹਿੰਸਕ ਅਤੇ ਨਸਲੀ ਜੰਗ ਦੇ ਵਿਚਾਰਾਂ ਕਾਰਨ ਕੈਨੇਡਾ ਸਰਕਾਰ ਨੇ 2021 ਵਿੱਚ ਉਸ ਨੂੰ ਅੱਤਵਾਦੀ ਘੋਸ਼ਿਤ ਕਰ ਦਿੱਤਾ ਸੀ।

ਪੋਡਕਾਸਟ ਦੌਰਾਨ ਸੇਵਲ ਨੇ ਮੰਨਿਆ ਸੀ ਕਿ ਉਹ ਹਾਈ ਕੋਰਟ ਤੋਂ ਕਾਨੂੰਨੀ ਸੁਰੱਖਿਆ ਲੈਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਉਹ ਬਿਨਾਂ ਕਿਸੇ ਰੋਕ-ਟੋਕ ਦੇ ਆਪਣੀ ਸਿਆਸੀ ਪਾਰਟੀ ਖੜ੍ਹੀ ਕਰ ਸਕਣ। ਇਸ ਅਦਾਲਤੀ ਕੇਸ ਲਈ ਬਣਾਏ ਗਏ ਆਨਲਾਈਨ ਫੰਡਰੇਜ਼ਰ ਰਾਹੀਂ ਉਨ੍ਹਾਂ ਨੇ $175,000 ਦੇ ਟੀਚੇ ਵਿੱਚੋਂ $157,000 ਇਕੱਠੇ ਕਰ ਲਏ ਹਨ, ਜਿਸ ਵਿੱਚ ਬ੍ਰਿਟੇਨ, ਜਰਮਨੀ ਅਤੇ ਅਮਰੀਕਾ ਵਰਗੇ ਦੇਸ਼ਾਂ ਤੋਂ ਵੀ ਵੱਡੇ ਦਾਨ ਮਿਲੇ ਹਨ।

## ਆਸਟ੍ਰੇਲੀਆ ਵਿੱਚ ਸਿੱਖ ਭਾਈਚਾਰੇ ਦਾ ਮਾਣ ਕਿਉਂ ਵਧ ਰਿਹਾ ਹੈ ?

ਇੱਕ ਪਾਸੇ ਜਿੱਥੇ ਗੋਰੇ ਕੱਟੜਪੰਥੀ ਆਸਟ੍ਰੇਲੀਆ ਨੂੰ ਵੰਡਣ ਦੀ ਨਾਕਾਮ ਕੋਸ਼ਿਸ਼ ਕਰ ਰਹੇ ਹਨ, ਉੱਥੇ ਹੀ ਸਿੱਖ ਭਾਈਚਾਰੇ ਨੇ ਆਪਣੀ ਉੱਚੀ-ਸੁੱਚੀ ਸ਼ਖਸੀਅਤ ਅਤੇ ਕਿਰਦਾਰ ਨਾਲ ਦੇਸ਼ ਦੇ ਨਾਗਰਿਕਾਂ ਅਤੇ ਸਰਕਾਰ ਦੇ ਦਿਲਾਂ ਵਿੱਚ ਖਾਸ ਜਗ੍ਹਾ ਬਣਾਈ ਹੈ। ਅੱਜ ਆਸਟ੍ਰੇਲੀਆ ਵਿੱਚ ਸਿੱਖਾਂ ਦਾ ਮਾਣ ਵਧਣ ਦੇ ਮੁੱਖ ਕਾਰਨ ਹੇਠ ਲਿਖੇ ਹਨ: ਆਸਟ੍ਰੇਲੀਆ ਨੇ ਪਿਛਲੇ ਕੁਝ ਸਾਲਾਂ ਵਿੱਚ ਭਿਆਨਕ ਜੰਗਲੀ ਅੱਗ ਅਤੇ ਹੜ੍ਹਾਂ ਵਰਗੀਆਂ ਕੁਦਰਤੀ ਆਫ਼ਤਾਂ ਦਾ ਸਾਹਮਣਾ ਕੀਤਾ ਹੈ। ਅਜਿਹੇ ਔਖੇ ਸਮੇਂ ਵਿੱਚ ਜਦੋਂ ਲੋਕ ਬੇਘਰ ਹੋ ਗਏ ਸਨ, ਤਾਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਬਿਨਾਂ ਕਿਸੇ ਧਰਮ, ਨਸਲ ਜਾਂ ਰੰਗ ਦੇ ਭੇਦਭਾਵ ਦੇ ਪੀੜਤਾਂ ਅਤੇ ਬਚਾਅ ਕਾਰਜਾਂ ਵਿੱਚ ਜੁਟੇ ਫਾਇਰਫਾਈਟਰਾਂ ਤੱਕ ਗਰਮ ਖਾਣਾ (ਲੰਗਰ) ਅਤੇ ਲੋੜੀਂਦਾ ਸਾਮਾਨ ਪਹੁੰਚਾਇਆ। ਆਸਟ੍ਰੇਲੀਆ ਵਿੱਚ ਸਿੱਖ ਸਿਰਫ਼ ਮਿਹਨਤਕਸ਼ ਕਾਮੇ ਹੀ ਨਹੀਂ, ਬਲਕਿ ਡਾਕਟਰ, ਇੰਜੀਨੀਅਰ, ਵਿਗਿਆਨੀ, ਪ੍ਰੋਫੈਸਰ ਅਤੇ ਸਿਆਸਤਦਾਨ ਵਜੋਂ ਦੇਸ਼ ਦੀ ਆਰਥਿਕਤਾ ਅਤੇ ਵਿਕਾਸ ਵਿੱਚ ਮੋਹਰੀ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਦੀ ਇਮਾਨਦਾਰੀ ਅਤੇ ਸਖ਼ਤ ਮਿਹਨਤ ਨੇ ਸਥਾਨਕ ਲੋਕਾਂ ਵਿੱਚ ਉਨ੍ਹਾਂ ਦਾ ਅਕਸ ਬਹੁਤ ਉੱਚਾ ਕੀਤਾ ਹੈ। ਆਸਟ੍ਰੇਲੀਆ ਦੇ ਬਹੁ-ਸੱਭਿਆਚਾਰਕ ਸਮਾਜ ਦਾ ਇੱਕ ਅਨਿੱਖੜਵਾਂ ਅੰਗ ਬਣ ਚੁੱਕਾ ਹੈ। ਗੁਰੂ ਨਾਨਕ ਦੇਵ ਜੀ ਦੇ ‘ਨਾਮ ਜਪਣਾ, ਕਿਰਤ ਕਰਨੀ, ਤੇ ਵੰਡ ਛਕਣਾ’ ਦੇ ਫਲਸਫੇ ਨੇ ਆਸਟ੍ਰੇਲੀਆਈ ਸਮਾਜ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ, ਜਿਸ ਕਾਰਨ ਉੱਥੋਂ ਦੇ ਪ੍ਰਧਾਨ ਮੰਤਰੀ ਅਤੇ ਸੰਸਦ ਮੈਂਬਰ ਵੀ ਅਕਸਰ ਗੁਰਦੁਆਰਾ ਸਾਹਿਬਾਨ ਨਤਮਸਤਕ ਹੋ ਕੇ ਸਿੱਖਾਂ ਦੀ ਸੇਵਾ ਭਾਵਨਾ ਦੀ ਸ਼ਲਾਘਾ ਕਰਦੇ ਹਨ। ਆਸਟ੍ਰੇਲੀਆਈ ਸਰਕਾਰ ਵੱਲੋਂ ਨਸਲਵਾਦੀ ਗਰੁੱਪਾਂ ’ਤੇ ਲਗਾਈ ਗਈ ਪਾਬੰਦੀ ਅਤੇ ਨਵੇਂ ਸਖ਼ਤ ਕਾਨੂੰਨ ਇਹ ਸਾਬਤ ਕਰਦੇ ਹਨ ਕਿ ਦੇਸ਼ ਦਾ ਕਾਨੂੰਨ ਸਿੱਖਾਂ ਅਤੇ ਹੋਰ ਪ੍ਰਵਾਸੀ ਭਾਈਚਾਰਿਆਂ ਦੀ ਸੁਰੱਖਿਆ ਲਈ ਵਚਨਬੱਧ ਹੈ। ਨਸਲਵਾਦੀਆਂ ਵੱਲੋਂ ਪਾਏ ਜਾ ਰਹੇ ਪਰਾਂ (ਕਾਨੂੰਨੀ ਚੁਣੌਤੀਆਂ) ਨੂੰ ਕੁਚਲਣ ਲਈ ਸਰਕਾਰ ਦਾ ਇਹ ਸਖ਼ਤ ਰੁਖ਼ ਸ਼ਲਾਘਾਯੋਗ ਹੈ। ਸਿੱਖਾਂ ਨੇ ਆਪਣੀ ਹੋਂਦ ਨੂੰ ਕਿਸੇ ਟਕਰਾਅ ਨਾਲ ਨਹੀਂ, ਬਲਕਿ ‘ਸੇਵਾ’ ਅਤੇ ‘ਮੁਹੱਬਤ’ ਦੇ ਹਥਿਆਰ ਨਾਲ ਸਥਾਪਿਤ ਕੀਤਾ ਹੈ। ਇਹ ਘਟਨਾ ਇਸ ਗੱਲ ’ਤੇ ਮੋਹਰ ਲਗਾਉਂਦੀ ਹੈ ਕਿ ਨਫ਼ਰਤ ਫੈਲਾਉਣ ਵਾਲੇ ਭਾਵੇਂ ਜਿੰਨੇ ਮਰਜ਼ੀ ਨਾਮ ਬਦਲ ਕੇ ਆਉਣ, ਪਰ ਜਿੱਤ ਹਮੇਸ਼ਾ ਮਨੁੱਖਤਾ ਦੀ ਸੇਵਾ ਕਰਨ ਵਾਲਿਆਂ ਦੀ ਹੀ ਹੁੰਦੀ ਹੈ। ਸਿੱਖ ਭਾਈਚਾਰੇ ਦੀ ਇਹ ਸ਼ਾਨ ਤੇ ਸੇਵਾ ਦਾ ਸਭਿਆਚਾਰ ਆਸਟ੍ਰੇਲੀਆ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾ ਰਿਹਾ ਹੈ।

## • ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਵਿਚ ਖ਼ੌਫ਼ਨਾਕ ਖੁਲਾਸਾ •

# ਕੋਰੋਨਾ ਨਾਲ ਦੁਨੀਆ ਭਰ ਵਿੱਚ ਸਰਕਾਰੀ ਅੰਕੜਿਆਂ ਤੋਂ 3 ਗੁਣਾ ਵੱਧ ਹੋਈਆਂ ਸਨ ਮੌਤਾਂ

ਨਵੀਂ ਦਿੱਲੀ-ਵਿਸ਼ਵ ਸਿਹਤ ਸੰਗਠਨ ਵੱਲੋਂ ਜਾਰੀ ਕੀਤੀ ਗਈ 'ਵਿਸ਼ਵ ਸਿਹਤ ਅੰਕੜਾ 2026' ਰਿਪੋਰਟ ਵਿੱਚ ਕੋਵਿਡ-19 ਮਹਾਮਾਰੀ ਨੂੰ ਲੈ ਕੇ ਬੇਹੱਦ ਹੈਰਾਨ ਕਰਨ ਵਾਲੇ ਅਤੇ ਖ਼ੌਫ਼ਨਾਕ ਖੁਲਾਸੇ ਕੀਤੇ ਗਏ ਹਨ। ਰਿਪੋਰਟ ਮੁਤਾਬਕ, ਸਾਲ 2020 ਤੋਂ 2023 ਦੇ ਵਿਚਕਾਰ ਗਲੋਬਲ ਪੱਧਰ 'ਤੇ ਕੋਰੋਨਾ ਮਹਾਮਾਰੀ ਕਾਰਨ 22.1 ਮਿਲੀਅਨ (ਕਰੀਬ 2.21 ਕਰੋੜ) ਵਾਧੂ ਮੌਤਾਂ ਹੋਈਆਂ। ਇਹ ਅੰਕੜਾ ਵੱਖ-ਵੱਖ ਦੇਸ਼ਾਂ ਵੱਲੋਂ ਅਧਿਕਾਰਤ ਤੌਰ 'ਤੇ ਰਿਪੋਰਟ ਕੀਤੀਆਂ ਗਈਆਂ 7 ਮਿਲੀਅਨ (70 ਲੱਖ) ਮੌਤਾਂ ਦੇ ਮੁਕਾਬਲੇ ਲਗਭਗ ਤਿੰਨ ਗੁਣਾ ਜ਼ਿਆਦਾ ਹੈ। ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਇਸ ਮਹਾਮਾਰੀ ਨੇ ਸਿਹਤ ਦੇ ਖੇਤਰ ਵਿੱਚ ਵਿਸ਼ਵ ਵੱਲੋਂ ਪਿਛਲੇ ਇੱਕ ਦਹਾਕੇ (10 ਸਾਲ) ਵਿੱਚ ਕੀਤੀ ਗਈ ਤਰੱਕੀ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ।

ਮਹਾਮਾਰੀ ਦਾ ਸਭ ਤੋਂ ਮਾੜਾ ਅਸਰ ਇਨਸਾਨੀ ਉਮਰ 'ਤੇ ਪਿਆ ਹੈ। ਹਾਲੀਆ ਦਹਾਕਿਆਂ ਵਿੱਚ ਇਹ ਹੁਣ ਤੱਕ ਦਾ ਸਭ ਤੋਂ ਤੇਜ਼ ਉਲਟਫੇਰ ਮੰਨਿਆ ਜਾ ਰਿਹਾ ਹੈ:

ਔਸਤ ਜੀਵਨ ਸੰਭਾਵਨਾ: ਸਾਲ 2019 ਤੋਂ 2021 ਦੇ ਵਿਚਕਾਰ ਵਿਸ਼ਵ ਭਰ ਦੇ ਲੋਕਾਂ

## ✪ 10 ਸਾਲ ਦੀ ਤਰੱਕੀ ਹੋਈ ਬਰਬਾਦ



ਦੀ ਔਸਤ ਜੀਵਨ ਸੰਭਾਵਨਾ ਵਿੱਚ 1.8 ਸਾਲ ਦੀ ਗਿਰਾਵਟ ਦਰਜ ਕੀਤੀ ਗਈ। ਇਸੇ ਮਿਆਦ ਦੌਰਾਨ ਬਿਮਾਰੀਆਂ ਤੋਂ ਮੁਕਤ ਸਿਹਤਮੰਦ ਜੀਵਨ ਜਿਊਣ ਦੀ ਸੰਭਾਵਨਾ ਵੀ 1.5 ਸਾਲ ਤੱਕ ਘਟ ਗਈ।

ਰਿਪੋਰਟ ਮੁਤਾਬਕ, ਸਿਹਤ ਪ੍ਰਣਾਲੀਆਂ ਫੇਲ੍ਹ ਹੋਣ ਕਾਰਨ ਸਾਲ 2021 ਵਿੱਚ ਮੌਤਾਂ ਦਾ ਅੰਕੜਾ ਆਪਣੇ ਸਿਖਰ 'ਤੇ ਸੀ।

ਸਾਲ 2021: 10.4 ਮਿਲੀਅਨ (1.04 ਕਰੋੜ) ਵਾਧੂ ਮੌਤਾਂ।

ਸਾਲ 2022: ਇਹ ਅੰਕੜਾ ਘਟ ਕੇ 4.9 ਮਿਲੀਅਨ ਰਹਿ ਗਿਆ।

ਸਾਲ 2023: ਮੌਤਾਂ ਦੀ ਗਿਣਤੀ ਘਟ ਕੇ 3.3 ਮਿਲੀਅਨ ਹੋ ਗਈ।

ਹਾਲਾਂਕਿ, ਵਿਸ਼ਵ ਸਿਹਤ ਸੰਗਠਨ ਨੇ ਚਿਤਾਵਨੀ ਦਿੱਤੀ ਹੈ ਕਿ ਸਥਿਤੀ ਵਿੱਚ ਸੁਧਾਰ ਅਜੇ ਵੀ ਸਾਰੇ ਦੇਸ਼ਾਂ ਵਿੱਚ ਇੱਕੋ ਜਿਹਾ ਨਹੀਂ ਹੈ ਅਤੇ ਕਈ ਪੱਛੜੇ ਦੇਸ਼ ਅਜੇ ਵੀ ਕੋਰੋਨਾ ਤੋਂ ਪਹਿਲਾਂ ਵਾਲੀ ਸਿਹਤ ਸਥਿਤੀ ਵਿੱਚ ਵਾਪਸ ਨਹੀਂ ਆ ਸਕੇ ਹਨ।

ਰਿਪੋਰਟ ਵਿੱਚ ਪਾਇਆ ਗਿਆ ਕਿ ਕੋਰੋਨਾ ਨੇ ਔਰਤਾਂ ਦੇ ਮੁਕਾਬਲੇ ਪੁਰਸ਼ਾਂ ਨੂੰ ਸਭ ਤੋਂ ਵੱਧ ਨਿਸ਼ਾਨਾ ਬਣਾਇਆ। ਸਾਲ 2021 ਵਿੱਚ ਮਹਾਮਾਰੀ ਦੇ ਸਿਖਰ ਦੌਰਾਨ ਮਰਦਾਂ ਦੀ ਮੌਤ ਦਰ ਔਰਤਾਂ ਦੀ ਤੁਲਨਾ ਵਿੱਚ 50% ਵੱਧ ਸੀ।

ਇਸ ਤੋਂ ਇਲਾਵਾ, 85 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਸਭ ਤੋਂ ਵੱਧ ਜਾਨੀ ਨੁਕਸਾਨ ਝੱਲਣਾ ਪਿਆ। ਇਸ ਦਾ ਮੁੱਖ ਕਾਰਨ ਬਜ਼ੁਰਗਾਂ ਵਿੱਚ ਪਹਿਲਾਂ ਤੋਂ ਮੌਜੂਦ ਬਿਮਾਰੀਆਂ ਜਿਵੇਂ ਕਿ ਸ਼ੂਗਰ, ਦਿਲ ਦੇ ਰੋਗ, ਫੇਫੜਿਆਂ ਦੀ ਇਨਫੈਕਸ਼ਨ ਅਤੇ ਕਮਜ਼ੋਰ ਇਮਿਊਨ ਸਿਸਟਮ ਸੀ।

ਸਿਹਤ ਨਿਗਰਾਨੀ ਪ੍ਰਣਾਲੀ ਦੀ ਖੁੱਲ੍ਹੀ ਪੋਲ-ਵਿਸ਼ਵ ਸਿਹਤ ਸੰਗਠਨ ਨੇ ਗਲੋਬਲ ਮੌਤ ਦਰ ਨਿਗਰਾਨੀ ਪ੍ਰਣਾਲੀ ਦੀਆਂ ਵੱਡੀਆਂ ਕਮੀਆਂ ਨੂੰ ਉਜਾਗਰ ਕਰਦੇ ਹੋਏ ਦੱਸਿਆ ਕਿ ਦੁਨੀਆ ਕੋਲ ਮੌਤਾਂ ਦਾ ਸਹੀ ਡੇਟਾ ਹੀ ਉਪਲਬਧ ਨਹੀਂ ਹੈ। ਸਾਲ 2023 ਵਿੱਚ ਦੁਨੀਆ ਭਰ ਵਿੱਚ ਅਨੁਮਾਨਿਤ 61 ਮਿਲੀਅਨ (6.1 ਕਰੋੜ) ਮੌਤਾਂ ਹੋਈਆਂ, ਪਰ ਉਨ੍ਹਾਂ ਵਿੱਚੋਂ ਕੇਵਲ 21 ਮਿਲੀਅਨ ਮੌਤਾਂ ਦੀ ਹੀ ਅਧਿਕਾਰਤ ਜਾਣਕਾਰੀ ਵਿਸ਼ਵ ਸਿਹਤ ਸੰਗਠਨ ਨੂੰ ਮਿਲੀ। ਜਦੋਂ ਕਿ ਸਿਰਫ਼ 12 ਮਿਲੀਅਨ ਮੌਤਾਂ ਦਾ ਹੀ ਡਾਕਟਰੀ ਤੌਰ 'ਤੇ ਪ੍ਰਮਾਣਿਤ ਆਈਸੀਡੀ-ਕੋਡਿਡ ਡੇਟਾ ਮੌਜੂਦ ਸੀ।

ਭਾਰਤ ਦੇ ਅੰਕੜਿਆਂ 'ਤੇ ਵਿਵਾਦ-ਰਿਪੋਰਟ ਵਿੱਚ ਭਾਰਤ ਦਾ ਵੀ ਜ਼ਿਕਰ ਕੀਤਾ ਗਿਆ ਹੈ। WHO ਦੇ ਪੁਰਾਣੇ ਵਿਸ਼ਲੇਸ਼ਣ ਮੁਤਾਬਕ, ਸਾਲ 2020-21 ਦੌਰਾਨ ਭਾਰਤ ਵਿੱਚ ਲਗਭਗ 4.74 ਮਿਲੀਅਨ (47.4 ਲੱਖ) ਵਾਧੂ ਮੌਤਾਂ ਹੋਣ ਦਾ ਅਨੁਮਾਨ ਲਗਾਇਆ ਗਿਆ ਸੀ। ਹਾਲਾਂਕਿ, ਭਾਰਤ ਸਰਕਾਰ ਨੇ ਪਹਿਲਾਂ ਹੀ ਵਿਸ਼ਵ ਸਿਹਤ ਸੰਗਠਨ ਦੇ ਇਹਨਾਂ ਅੰਕੜਿਆਂ ਅਤੇ ਮੁਲਾਂਕਣ ਦੇ ਤਰੀਕਿਆਂ ਨੂੰ ਪੂਰੀ ਤਰ੍ਹਾਂ ਖਾਰਜ ਕਰਦੇ ਹੋਏ ਇਸ ਨੂੰ ਵਿਵਾਦਤ ਦੱਸਿਆ ਸੀ।

## ਜਲੰਧਰ ਵਿਚ ਹੋਈ ਗੁਟਕਾ ਸਾਹਿਬ ਦੀ ਬੇਅਦਬੀ, ਸੰਗਤਾਂ ਵਿਚ ਰੋਸ, ਪੁਲਿਸ ਵੱਲੋਂ ਕੇਸ ਦਰਜ



ਜਲੰਧਰ-ਜਲੰਧਰ ਦੇ 120 ਫੁੱਟ ਰੋਡ 'ਤੇ ਰਾਤ ਦੌਰਾਨ ਸ੍ਰੀ ਗੁਟਕਾ ਸਾਹਿਬ ਦੀ ਹੋਈ ਬੇਅਦਬੀ ਦੇ ਮਾਮਲੇ ਵਿੱਚ ਥਾਣਾ ਬਸਤੀ ਬਾਬਾ ਖੇਲ ਦੀ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਇਸ ਕਾਰਵਾਈ ਤੋਂ ਬਾਅਦ ਜ਼ਿਲ੍ਹੇ ਦੀਆਂ ਸਿੱਖ ਜਥੇਬੰਦੀਆਂ ਨੇ ਅਗਲੇ ਦਿਨ ਆਪਣਾ ਧਰਨਾ ਖ਼ਤਮ ਕਰ ਦਿੱਤਾ ਹੈ। ਸੋਮਵਾਰ ਦੇਰ ਰਾਤ 120 ਫੁੱਟ ਰੋਡ 'ਤੇ ਇੱਕ ਸਿੱਖ ਨੌਜਵਾਨ ਬਘੇਲ ਸਿੰਘ ਨੂੰ ਸ੍ਰੀ ਗੁਟਕਾ ਸਾਹਿਬ ਦੇ ਪਾਵਨ ਅੰਗ ਮਿਲੇ ਸਨ। ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਸਿੱਖ ਜਥੇਬੰਦੀਆਂ ਵਿੱਚ ਭਾਰੀ ਰੋਸ ਫੈਲ ਗਿਆ। ਸੰਗਤਾਂ ਵੱਲੋਂ ਪਹਿਲਾਂ 120 ਫੁੱਟ ਰੋਡ ਅਤੇ ਬਾਅਦ ਵਿੱਚ ਬਸਤੀ ਬਾਬਾ ਖੇਲ ਚੌਕ ਵਿੱਚ ਧਰਨਾ ਲਗਾ ਦਿੱਤਾ ਗਿਆ। ਪੁਲਿਸ ਪ੍ਰਸ਼ਾਸਨ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਅਣਪਛਾਤੇ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕੀਤਾ। ਪੁਲਿਸ ਵੱਲੋਂ ਦਿੱਤੇ ਗਏ ਭਰੋਸੇ ਤੋਂ ਬਾਅਦ ਸੰਗਤ ਸ਼ਾਂਤ ਹੋਈ ਅਤੇ ਮੰਗਲਵਾਰ ਸਵੇਰੇ ਧਰਨਾ ਚੁੱਕ ਲਿਆ ਗਿਆ।

# ਵਿਆਹ ਤੋਂ ਇਨਕਾਰ ਕਰਨ 'ਤੇ ਸਿਰਫ਼ਿਰੇ ਆਸ਼ਿਕ ਨੇ ਮੁਟਿਆਰ ਨੂੰ ਗੰਨ ਪੁਆਇੰਟ 'ਤੇ ਕੀਤਾ ਅਗਵਾ

ਲੁਧਿਆਣਾ-ਪੰਜਾਬ ਦੇ ਉਦਯੋਗਿਕ ਸ਼ਹਿਰ ਲੁਧਿਆਣਾ ਤੋਂ ਇੱਕ ਬੇਹੱਦ ਹੈਰਾਨ ਕਰਨ ਵਾਲੀ ਅਤੇ ਖ਼ੌਫ਼ਨਾਕ ਵਾਰਦਾਤ ਸਾਹਮਣੇ ਆਈ ਹੈ। ਇੱਥੇ ਵਿਆਹ ਦੀ ਪੇਸ਼ਕਸ਼ ਠੁਕਰਾਉਣ ਤੋਂ ਬੌਖਲਾਏ ਇੱਕ ਸਿਰਫ਼ਿਰੇ ਆਸ਼ਿਕ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇੱਕ 29 ਸਾਲਾ ਮੁਟਿਆਰ ਨੂੰ ਪਿਸਤੌਲ ਦੀ ਨੋਕ 'ਤੇ ਅਗਵਾ ਕਰ ਲਿਆ। ਮੁਲਜ਼ਮ ਮੁਟਿਆਰ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਉਸ ਦੀ ਕਾਰ ਸਮੇਤ ਅਗਵਾ ਕਰਕੇ ਲੈ ਗਏ ਹਨ। ਇਸ ਸ਼ਰੇਆਮ ਹੋਈ ਵਾਰਦਾਤ ਤੋਂ ਬਾਅਦ ਇਲਾਕੇ ਵਿੱਚ ਭਾਰੀ ਦਹਿਸ਼ਤ ਦਾ ਮਾਹੌਲ ਹੈ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਪੀੜਤ ਮੁਟਿਆਰ ਦੇ ਭਰਾ ਨੇ ਦੱਸਿਆ ਕਿ ਉਸ ਦੀ 29 ਸਾਲਾ ਵੱਡੀ ਭੈਣ ਬੀਤੀ 13 ਮਈ ਦੀ ਰਾਤ ਦੌਰਾਨ ਆਪਣੀ ਕਾਰ 'ਤੇ ਸਵਾਰ ਹੋ ਕੇ ਬਾਜ਼ਾਰ ਵਿੱਚੋਂ ਘਰ ਦਾ ਰਾਸ਼ਨ ਅਤੇ ਹੋਰ ਜ਼ਰੂਰੀ ਸਾਮਾਨ ਲੈਣ ਗਈ ਸੀ। ਜਦੋਂ ਕਾਫ਼ੀ ਦੇਰ ਹੋਣ ਤੱਕ ਵੀ ਉਹ ਘਰ ਵਾਪਸ ਨਹੀਂ ਪਰਤੀ, ਤਾਂ ਪਰਿਵਾਰ ਨੇ ਚਿੰਤਾ ਦੇ ਮਾਹੌਲ ਵਿੱਚ ਉਸ ਦੀ ਭਾਲ ਸ਼ੁਰੂ ਕੀਤੀ।

### ਵਿਆਹ ਤੋਂ ਇਨਕਾਰ ਬਣਿਆ ਅਗਵਾ ਦਾ ਕਾਰਨ

ਪਰਿਵਾਰ ਵੱਲੋਂ ਕੀਤੀ ਗਈ ਸ਼ੁਰੂਆਤੀ ਛਾਣਬੀਣ ਦੌਰਾਨ ਅਗਵਾ ਦੇ ਪਿੱਛੇ ਦੀ ਖ਼ੌਫ਼ਨਾਕ ਸਾਜ਼ਿਸ਼ ਸਾਹਮਣੇ ਆਈ। ਪੀੜਤ ਮੁਟਿਆਰ ਦੀ ਦੋਸਤੀ ਮੋਗਾ ਦੇ ਰਹਿਣ ਵਾਲੇ ਸੁਖਵਿੰਦਰ ਸਿੰਘ ਨਾਂ ਦੇ ਨੌਜਵਾਨ ਨਾਲ ਸੀ। ਸੁਖਵਿੰਦਰ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ, ਪਰ ਕੁੜੀ ਨੇ ਇਸ ਰਿਸ਼ਤੇ ਅਤੇ ਵਿਆਹ ਦੀ ਪੇਸ਼ਕਸ਼ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਇਸੇ ਗੱਲ ਦੀ ਜ਼ਿੱਦ ਅਤੇ ਰੰਜਿਸ਼ ਰੱਖਦਿਆਂ ਸੁਖਵਿੰਦਰ ਸਿੰਘ ਉਰਫ਼ ਸੁੱਖਾ ਨੇ 13 ਮਈ ਦੀ ਰਾਤ ਨੂੰ ਬਾਜ਼ਾਰ ਗਈ ਕੁੜੀ ਨੂੰ ਰਸਤੇ ਵਿੱਚ ਹੀ ਘੇਰ ਲਿਆ। ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਪਿਸਤੌਲ ਦੀ ਨੋਕ 'ਤੇ ਕੁੜੀ ਨੂੰ ਉਸ ਦੀ ਕਾਰ ਸਮੇਤ ਅਗਵਾ ਕਰ ਲਿਆ ਅਤੇ ਫ਼ਰਾਰ ਹੋ ਗਿਆ।

ਇਸ ਸਬੰਧੀ ਥਾਣਾ ਜਮਾਲਪੁਰ ਦੀ ਪੁਲਿਸ ਨੇ ਪੀੜਤ ਭਰਾ ਦੇ ਬਿਆਨਾਂ ਦੇ ਆਧਾਰ 'ਤੇ ਮੁੱਖ ਮੁਲਜ਼ਮ ਸੁਖਵਿੰਦਰ ਸਿੰਘ ਉਰਫ਼ ਸੁੱਖਾ , ਕਰਮਜੀਤ ਸਿੰਘ (ਦੋਵੇਂ ਵਾਸੀ ਪਿੰਡ ਭਲੂਰ, ਜ਼ਿਲ੍ਹਾ ਮੋਗਾ) ਅਤੇ ਉਨ੍ਹਾਂ ਦੇ ਕੁਝ ਹੋਰ ਅਣਪਛਾਤੇ ਸਾਥੀਆਂ ਖ਼ਿਲਾਫ਼ ਅਗਵਾ ਕਰਨ ਅਤੇ ਜਾਨੋਂ ਮਾਰਨ ਦੀ ਧਮਕੀ ਦੇਣ ਦੀਆਂ ਗੰਭੀਰ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ ਪੁਲਿਸ ਵੱਲੋਂ ਮੁਲਜ਼ਮਾਂ ਦੇ ਮੋਗਾ ਅਤੇ ਹੋਰ ਸੰਭਾਵਿਤ ਟਿਕਾਣਿਆਂ 'ਤੇ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।

# ਪੰਜਾਬੀ ਮਿਊਜ਼ਿਕ ਤੋਂ ਬਾਅਦ ਹੁਣ 'ਹਰਿਆਣਵੀ ਗੀਤਾਂ' ਦਾ ਦਬਦਬਾ

## ✪ ਕੀ ਬਿੱਲਬੋਰਡ ਤੱਕ ਪਹੁੰਚੀ ਹਰਿਆਣਵੀ ਇੰਡਸਟਰੀ ਪੰਜਾਬੀ ਸੰਗੀਤ ਨੂੰ ਪਿੱਛੇ ਛੱਡ ਦੇਵੇਗੀ?






**ਖਾਸ ਖਬਰ**

ਭਾਰਤੀ ਸੰਗੀਤ ਜਗਤ ਵਿੱਚ ਇੱਕ ਵੱਡੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਲੰਬੇ ਸਮੇਂ ਤੱਕ ਗਲੋਬਲ ਪੱਧਰ 'ਤੇ ਰਾਜ ਕਰਨ ਵਾਲੇ ਪੰਜਾਬੀ ਸੰਗੀਤ ਤੋਂ ਬਾਅਦ ਹੁਣ ਹਰਿਆਣਵੀ ਗੀਤ ਤੇਜ਼ੀ ਨਾਲ ਨਵੇਂ ਮਿਆਰ ਸਿਰਜ ਰਹੇ ਹਨ। ਚਾਹੇ ਉਹ ਸਪੋਟੀਫਾਈ ਦੀਆਂ ਚਾਰਟ ਲਿਸਟਾਂ ਹੋਣ ਜਾਂ ਬਿੱਲਬੋਰਡ, ਹਰਿਆਣਵੀ ਕਲਾਕਾਰ ਹੁਣ ਕੌਮਾਂਤਰੀ ਪੱਧਰ 'ਤੇ ਆਪਣੀ ਮੌਜੂਦਗੀ ਦਰਜ ਕਰਵਾ ਰਹੇ ਹਨ। ਹਰਿਆਣਵੀ ਬੋਲੀ ਆਪਣੀ ਖੜ੍ਹੀ ਬੋਲੀ ਅਤੇ ਸਪੱਸ਼ਟ ਗੱਲ ਕਹਿਣ ਦੇ ਅੰਦਾਜ਼ ਲਈ ਜਾਣੀ ਜਾਂਦੀ ਹੈ। ਜਿੱਥੇ ਪੰਜਾਬੀ ਗੀਤਾਂ ਵਿੱਚ ਅੱਜ-ਕੱਲ੍ਹ ਬਹੁਤ ਜ਼ਿਆਦਾ 'ਗਲੈਮਰ' ਅਤੇ 'ਵਿਦੇਸ਼ੀ ਲੋਕੇਸ਼ਨਾਂ' ਦਾ ਪ੍ਰਭਾਵ ਹੈ, ਉੱਥੇ ਹਰਿਆਣਵੀ ਗੀਤ ਅਜੇ ਵੀ ਪੇਂਡੂ ਸੱਭਿਆਚਾਰ, ਖੇਤਾਂ ਅਤੇ ਸਿੱਧੀ ਦੇਸੀ ਗੱਲਬਾਤ ਨਾਲ ਜੁੜੇ ਹੋਏ ਹਨ। ਇਹ ਚੀਜ਼ ਸੁਣਨ ਵਾਲੇ ਨੂੰ ਆਪਣੀ ਮਿੱਟੀ ਦੇ ਨੇੜੇ ਮਹਿਸੂਸ ਕਰਵਾਉਂਦੀ ਹੈ। ਹਰਿਆਣਵੀ ਕਲਾਕਾਰਾਂ ਨੇ ਪੰਜਾਬੀ ਸੰਗੀਤ ਦੀਆਂ ਤਰਜ਼ਾਂ 'ਤੇ ਚੱਲਣ ਦੀ ਬਜਾਏ ਹੁਣ ਆਪਣਾ ਵੱਖਰਾ 'ਹਰਿਆਣਵੀ ਡਰਿੱਲ' ਅਤੇ 'ਹਿਪ-ਹੌਪ' ਤਿਆਰ ਕਰ ਲਿਆ ਹੈ। ਢਾਂਡਾ ਨਿਓਲੀਵਾਲਾ ਵਰਗੇ ਗਾਇਕਾਂ ਨੇ ਹਰਿਆਣਵੀ ਲਹਿਜੇ ਨੂੰ ਪੱਛਮੀ ਬੀਟਸ ਦੇ ਨਾਲ ਬਹੁਤ ਖ਼ੂਬਸੂਰਤੀ ਨਾਲ ਜੋੜਿਆ ਹੈ, ਜੋ ਕਿ ਨੌਜਵਾਨਾਂ ਵਿੱਚ ਬਹੁਤ ਮਕਬੂਲ ਹੋ ਰਿਹਾ ਹੈ।

ਹਰਿਆਣਵੀ ਗੀਤਾਂ ਵਿੱਚ ਆਪਣੀ ਜਾਤ, ਆਪਣੇ ਪਿੰਡ ਅਤੇ ਆਪਣੇ ਰਹਿਣ-ਸਹਿਣ (ਜਿਵੇਂ ਕਿ ਦਾਮਨ, ਹੁੱਕਾ, ਅਤੇ ਖੇਤੀ-ਬਾੜੀ) ਨੂੰ ਬਹੁਤ ਮਾਣ ਨਾਲ ਪੇਸ਼ ਕੀਤਾ ਜਾਂਦਾ ਹੈ। ਇਹ 'ਕਾਸਟ ਪ੍ਰਾਈਡ' ਅਤੇ 'ਰਿਜਨਲ ਪ੍ਰਾਈਡ' ਹਰਿਆਣਾ ਦੇ ਨੌਜਵਾਨਾਂ ਨੂੰ ਆਪਣੇ ਸੰਗੀਤ ਨਾਲ ਬਹੁਤ ਮਜ਼ਬੂਤੀ ਨਾਲ ਜੋੜਦੀ ਹੈ।

ਪੰਜਾਬੀ ਇੰਡਸਟਰੀ ਵਿੱਚ ਪਿਛਲੇ ਕੁਝ ਸਮੇਂ ਤੋਂ 'ਮੇਲ ਡੋਮੀਨੈਂਟ' (ਪੁਰਸ਼ ਪ੍ਰਧਾਨ) ਗੀਤਾਂ ਦਾ ਬੋਲਬਾਲਾ ਰਿਹਾ ਹੈ। ਪਰ ਹਰਿਆਣਵੀ ਇੰਡਸਟਰੀ ਵਿੱਚ ਰੇਣੁਕਾ ਪੰਵਾਰ ਅਤੇ ਸਪਨਾ ਚੌਧਰੀ ਵਰਗੀਆਂ ਕਲਾਕਾਰਾਂ ਨੇ ਪਰਿਵਾਰਕ ਅਤੇ ਸੱਭਿਆਚਾਰਕ ਗੀਤਾਂ (ਜਿਵੇਂ '52 ਗਜ ਕਾ ਦਾਮਨ') ਰਾਹੀਂ ਅਰਬਾਂ ਦੀ ਗਿਣਤੀ ਵਿੱਚ ਵਿਊਜ਼ ਹਾਸਲ ਕੀਤੇ ਹਨ, ਜੋ ਕਿ ਹਰਿਆਣਵੀ ਸੰਗੀਤ ਨੂੰ ਹਰ ਘਰ ਤੱਕ ਲੈ ਗਏ ਹਨ।

ਹਾਲ ਹੀ ਵਿੱਚ ਰਿਲੀਜ਼ ਹੋਇਆ ਗੀਤ 'ਬੈਰਨ', ਜੋ ਸੁਮਿਤ ਅਤੇ ਅਨੁਜ (ਬੰਜਾਰੇ) ਦੁਆਰਾ ਗਾਇਆ ਗਿਆ ਹੈ, ਬਿੱਲਬੋਰਡ ਉੱਤੇ ਪਹਿਲੇ ਨੰਬਰ 'ਤੇ ਪਹੁੰਚ ਕੇ ਸਭ ਨੂੰ ਹੈਰਾਨ ਕਰ ਚੁੱਕਾ ਹੈ। ਇਸ ਗੀਤ ਦੀ ਖਾਸ ਗੱਲ ਇਹ ਹੈ ਕਿ ਇਹ ਪ੍ਰਚਲਿਤ 'ਗੰਨ ਕਲਚਰ' ਤੋਂ ਹਟ ਕੇ ਪਿਆਰ ਅਤੇ ਵਿਛੋੜੇ ਦੇ ਵਿਸ਼ੇ 'ਤੇ ਆਧਾਰਿਤ ਹੈ।

ਇਸ ਤੋਂ ਇਲਾਵਾ, ਰੇਣੁਕਾ ਪੰਵਾਰ ਦੇ ਗੀਤ '52 ਗਜ ਕਾ ਦਾਮਨ' ਨੇ ਯੂਟਿਊਬ 'ਤੇ 1.7 ਬਿਲੀਅਨ ਤੋਂ ਵੱਧ ਵਿਊਜ਼ ਹਾਸਲ ਕਰਕੇ ਇੱਕ ਅਜਿਹਾ ਮੀਲ ਪੱਥਰ ਸਥਾਪਿਤ ਕੀਤਾ ਹੈ, ਜਿਸ ਤੱਕ ਪਹੁੰਚਣਾ ਵੱਡੇ-ਵੱਡੇ ਬਾਲੀਵੁੱਡ ਸਿਤਾਰਿਆਂ ਲਈ ਵੀ ਸੁਪਨਾ ਹੈ।

### ਪੰਜਾਬੀ ਇੰਡਸਟਰੀ ਨਾਲ ਸਮਾਨਤਾਵਾਂ ਅਤੇ ਪ੍ਰਭਾਵ

ਹਰਿਆਣਵੀ ਸੰਗੀਤ ਦੇ ਉਭਾਰ ਦੇ ਪਿੱਛੇ ਪੰਜਾਬੀ ਮਿਊਜ਼ਿਕ ਇੰਡਸਟਰੀ ਦਾ ਵੱਡਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਜਾਣਕਾਰਾਂ ਅਨੁਸਾਰ ਪਹਿਲਾਂ ਸਿਰਫ਼ ਰੋਹਤਕ ਤੱਕ ਸੀਮਿਤ ਰਹਿਣ ਵਾਲੇ ਸਟੂਡੀਓ ਹੁਣ ਹਰਿਆਣਾ ਦੇ ਪਿੰਡ-ਪਿੰਡ ਵਿੱਚ ਖੁੱਲ੍ਹ ਗਏ ਹਨ। ਪੰਜਾਬੀ ਗੀਤਾਂ ਵਾਂਗ ਹੁਣ ਹਰਿਆਣਵੀ ਗੀਤਾਂ ਵਿੱਚ ਵੀ ਜਾਤ ਦਾ ਮਾਣ, ਮਹਿੰਗੀਆਂ ਗੱਡੀਆਂ ਅਤੇ ਹਥਿਆਰਾਂ ਦਾ ਜ਼ਿਕਰ ਆਮ ਹੋ ਗਿਆ ਹੈ। ਕੈਨੇਡਾ, ਆਸਟ੍ਰੇਲੀਆ ਅਤੇ ਯੂਕੇ ਵਿੱਚ ਬੈਠੇ ਹਰਿਆਣਵੀ ਲੋਕਾਂ ਨੇ ਇਸ ਸੰਗੀਤ ਨੂੰ ਗਲੋਬਲ ਹੁਲਾਰਾ ਦਿੱਤਾ ਹੈ।



### ਕੀ ਪੰਜਾਬੀ ਇੰਡਸਟਰੀ ਨੂੰ ਪਿੱਛੇ ਛੱਡ ਦੇਵੇਗਾ ਹਰਿਆਣਾ

ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬੀ ਸੰਗੀਤ ਆਪਣੇ ਸਿਖ਼ਰ ਦੇ ਨੇੜੇ ਪਹੁੰਚ ਚੁੱਕਾ ਹੈ, ਜਦਕਿ ਹਰਿਆਣਵੀ ਇੰਡਸਟਰੀ ਅਜੇ ਆਪਣੇ ਵਿਸਥਾਰ ਦੇ ਦੌਰ ਵਿੱਚ ਹੈ। ਇਹੀ ਕਾਰਨ ਹੈ ਕਿ ਹੁਣ ਕਾਕਾ ਵਰਗੇ ਵੱਡੇ ਪੰਜਾਬੀ ਗਾਇਕ ਵੀ ਹਰਿਆਣਵੀ ਕਲਾਕਾਰਾਂ (ਜੈਰੀ) ਨਾਲ ਕੋਲੈਬੋਰੇਸ਼ਨ ਕਰ ਰਹੇ ਹਨ ਤਾਂ ਜੋ ਨਵੇਂ ਸਰੋਤਿਆਂ ਤੱਕ ਪਹੁੰਚ ਬਣਾਈ ਜਾ ਸਕੇ।

ਹਰਿਆਣਾ ਦੀ ਗਾਇਕੀ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਪੰਡਿਤ ਲਖਮੀ ਚੰਦ ਦੀਆਂ ਰਾਗਿਨੀਆਂ ਤੋਂ ਲੈ ਕੇ ਔਰਤਾਂ ਦੁਆਰਾ ਗਾਏ ਜਾਣ ਵਾਲੇ 'ਜਕੜੀ' ਅਤੇ 'ਜੱਚਾ' ਗੀਤਾਂ ਤੱਕ, ਇਹ ਸਫ਼ਰ ਹੁਣ ਆਧੁਨਿਕ ਬੀਟਸ ਤੇ ਹਾਈ-ਟੈਕ ਵੀਡੀਓਜ਼ ਤੱਕ ਪਹੁੰਚ ਗਿਆ ਹੈ।

ਹਾਲਾਂਕਿ 'ਗੰਨ ਕਲਚਰ' ਕਾਰਨ ਹਰਿਆਣਾ ਪੁਲਿਸ ਨੇ ਕਈ ਗੀਤਾਂ 'ਤੇ ਕਾਰਵਾਈ ਵੀ ਕੀਤੀ ਹੈ, ਪਰ ਫਿਰ ਵੀ ਹਰਿਆਣਵੀ ਸੰਗੀਤ ਦੀ ਮਕਬੂਲੀਅਤ ਵਿੱਚ ਕੋਈ ਕਮੀ ਨਹੀਂ ਆ ਰਹੀ। ਅੱਜ ਹਰਿਆਣਵੀ ਸੰਗੀਤ ਸਿਰਫ਼ ਖੇਤਰੀ ਮਨੋਰੰਜਨ ਨਹੀਂ, ਸਗੋਂ ਇੱਕ ਵੱਡਾ ਵਪਾਰਕ ਬਾਜ਼ਾਰ ਬਣ ਚੁੱਕਾ ਹੈ।

ਵਿਸ਼ਵ ਪੱਧਰ 'ਤੇ ਮਕਬੂਲੀਅਤ ਦੀ ਗੱਲ ਕੀਤੀ ਜਾਵੇ ਤਾਂ ਪੰਜਾਬੀ ਗਾਇਕੀ ਅਜੇ ਵੀ ਹਰਿਆਣਵੀ ਗਾਇਕੀ ਨਾਲੋਂ ਕਾਫ਼ੀ ਅੱਗੇ ਹੈ। ਹਾਲਾਂਕਿ ਹਰਿਆਣਵੀ ਸੰਗੀਤ ਤੇਜ਼ੀ ਨਾਲ ਉੱਭਰ ਰਿਹਾ ਹੈ, ਪਰ ਦੋਵਾਂ ਦੀ ਗਲੋਬਲ ਪਹੁੰਚ ਵਿੱਚ ਵੱਡਾ ਅੰਤਰ ਹੈ। ਪੰਜਾਬੀ ਭਾਈਚਾਰਾ ਦਹਾਕਿਆਂ ਤੋਂ ਕੈਨੇਡਾ, ਯੂਕੇ, ਅਮਰੀਕਾ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਵਸਿਆ ਹੋਇਆ ਹੈ। ਇਸ ਕਾਰਨ ਪੰਜਾਬੀ ਸੰਗੀਤ ਦੀ ਮਾਰਕੀਟ ਪਹਿਲਾਂ ਹੀ ਗਲੋਬਲ ਹੋ ਚੁੱਕੀ ਹੈ। ਸਿੱਧੂ ਮੂਸੇਵਾਲਾ, ਦਿਲਜੀਤ ਦੋਸਾਂਝ, ਏਪੀ ਢਿੱਲੋਂ ਅਤੇ ਕਰਨ ਔਜਲਾ ਵਰਗੇ ਕਲਾਕਾਰ ਬਿੱਲਬੋਰਡ ਅਤੇ ਕੋਚੇਲਾ ਵਰਗੇ ਵੱਡੇ ਅੰਤਰਰਾਸ਼ਟਰੀ ਮੰਚਾਂ 'ਤੇ ਪੰਜਾਬੀ ਸੰਗੀਤ ਨੂੰ ਪਹੁੰਚਾ ਚੁਕੇ ਹਨ। ਪੰਜਾਬੀ ਮਿਊਜ਼ਿਕ ਇੰਡਸਟਰੀ ਪਿਛਲੇ 30-40 ਸਾਲਾਂ ਤੋਂ ਵਪਾਰਕ ਤੌਰ 'ਤੇ ਬਹੁਤ ਮਜ਼ਬੂਤ ਹੈ। ਇਸ ਦੀਆਂ ਵੀਡੀਓਜ਼ ਦੀ ਗੁਣਵੱਤਾ ਅਤੇ ਸੰਗੀਤਕ ਪ੍ਰਯੋਗ ਦੁਨੀਆ ਭਰ ਦੇ ਲੋਕਾਂ ਨੂੰ ਖਿੱਚਦੇ ਹਨ। ਹਰਿਆਣਵੀ ਸੰਗੀਤ ਅਜੇ ਵੀ ਮੁੱਖ ਤੌਰ 'ਤੇ ਉੱਤਰੀ ਭਾਰਤ (ਹਰਿਆਣਾ, ਪੱਛਮੀ ਯੂਪੀ, ਦਿੱਲੀ, ਰਾਜਸਥਾਨ) ਤੱਕ ਵਧੇਰੇ ਸੀਮਤ ਹੈ। ਹਾਲਾਂਕਿ ਇਹ ਹੁਣ ਵਿਦੇਸ਼ਾਂ ਵਿੱਚ ਸੁਣਿਆ ਜਾਣਾ ਸ਼ੁਰੂ ਹੋਇਆ ਹੈ, ਪਰ ਪੰਜਾਬੀ ਗਾਇਕੀ ਜਿੰਨੀ ਵਿਆਪਕ ਪਛਾਣ ਬਣਾਉਣ ਵਿੱਚ ਅਜੇ ਸਮਾਂ ਲੱਗੇਗਾ। ਵਿਸ਼ਵ ਪੱਧਰ 'ਤੇ ਅਜੇ ਪੰਜਾਬੀ ਸੰਗੀਤ ਦਾ ਕੋਈ ਸਾਨੀ ਨਹੀਂ ਹੈ।



# .ਗਦਰੀ ਸੂਰਮਾ ਸ਼ਹੀਦ ਕਰਤਾਰ ਸਿੰਘ ਸਰਾਭਾ

ਡਾ. ਗੁਰਤੇਜ ਸਿੰਘ

ਦੇਸ਼ ਦੇ ਗਲੋਂ ਗ਼ੁਲਾਮੀ ਦੀ ਪੰਜਾਲੀ ਉਤਾਰਨ ਵਾਲੇ ਦੇਸ਼ ਭਗਤਾਂ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਨਾਂ ਮੂਹਰਲੀ ਕਤਾਰ ਵਿੱਚ ਆਉਂਦਾ ਹੈ। ਉਸ ਨੇ ਬਹੁਤ ਛੋਟੀ ਉਮਰੇ ਦੇਸ਼ ਦੀ ਆਜ਼ਾਦੀ ਲਈ ਘਾਲਣਾ ਘਾਲ਼ੀ ਤੇ ਸ਼ਹੀਦੀ ਪ੍ਰਾਪਤ ਕੀਤੀ। ਉਹ ਬਹੁਤ ਦੂਰਅੰਦੇਸ਼, ਦਲੇਰ, ਉੱਚ ਕੋਟੀ ਦਾ ਨੀਤੀਵਾਨ ਅਤੇ ਅਣਥੱਕ ਮਿਹਨਤ ਕਰਨ ਵਾਲਾ ਸਿਰੜੀ ਯੋਧਾ ਸੀ। ਉਸ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿੱਚ ਮਾਤਾ ਸਾਹਿਬ ਕੌਰ ਅਤੇ ਸ. ਮੰਗਲ ਸਿੰਘ ਦੇ ਘਰ 24 ਮਈ 1896 ਨੂੰ ਹੋਇਆ। ਨਿੱਕੀ ਉਮਰੇ ਹੀ ਮਾਪਿਆਂ ਦਾ ਸਾਇਆ ਸਿਰ ਤੋਂ ਉੱਠਣ ਕਾਰਨ ਉਸ ਦੀ ਪਰਵਰਿਸ਼ ਦਾਦਾ ਸ. ਬਦਨ ਸਿੰਘ ਨੇ ਕੀਤੀ। ਪ੍ਰਾਇਮਰੀ ਸਕੂਲ ਦੀ ਪੜ੍ਹਾਈ ਪਿੰਡ ਸਰਾਭਾ ਤੋਂ ਕੀਤੀ। ਇਸ ਤੋਂ ਬਾਅਦ ਮਾਲਵਾ ਸਕੂਲ ਲੁਧਿਆਣਾ ਤੋਂ ਪੜ੍ਹਾਈ ਕੀਤੀ ਤੇ ਦਸਵੀਂ ਜਮਾਤ ਆਪਣੇ ਚਾਚੇ ਕੋਲ ਉੜੀਸਾ 'ਚ ਕੀਤੀ।

ਉਚੇਰੀ ਵਿੱਦਿਆ ਲਈ ਕਰਤਾਰ ਸਿੰਘ ਦੇ ਦਾਦਾ ਜੀ ਨੇ ਉਸ ਨੂੰ ਅਮਰੀਕਾ ਭੇਜਿਆ। ਜਨਵਰੀ 1912 ਵਿੱਚ ਉਹ ਅਮਰੀਕਾ ਦੇ ਸ਼ਹਿਰ ਸਾਂ ਫਰਾਂਸਿਸਕੋ ਬੰਦਰਗਾਹ 'ਤੇ ਉਤਰਿਆ। ਪੁੱਛਗਿੱਛ ਲਈ ਹੋਰ ਹਿੰਦੋਸਤਾਨੀਆਂ ਸਮੇਤ ਉਸ ਨੂੰ ਵੀ ਰੋਕਿਆ ਗਿਆ ਅਤੇ ਪੁੱਛਗਿੱਛ ਅਧਿਕਾਰੀ ਨੇ ਉਸ ਤੋਂ ਬੜੇ ਗੰਭੀਰ ਸਵਾਲ ਪੁੱਛੇ ਜਿਨ੍ਹਾਂ ਦੇ ਜਵਾਬ ਉਸ ਨੇ ਬੜੀ ਵਿਦਵਤਾ ਅਤੇ ਨਿਡਰਤਾ ਨਾਲ ਦਿੱਤੇ ਸਨ। ਉਸ ਤੋਂ ਪੁੱਛਿਆ ਗਿਆ, "ਤੂੰ ਇੱਥੇ ਕੀ ਕਰਨ ਆਇਆ ਹੈਂ?" ਸਰਾਭੇ ਨੇ ਕਿਹਾ, "ਪੜ੍ਹਾਈ ਕਰਨ।" ਫਿਰ ਅਧਿਕਾਰੀ ਨੇ ਪੁੱਛਿਆ, "ਤੂੰ ਇੰਨੀ ਦੂਰ ਪੜ੍ਹਨ ਕਿਉਂ ਆਇਆ ਹੈਂ? ਭਾਰਤ ਵਿੱਚ ਪੜ੍ਹਨ ਲਈ ਕੋਈ ਚੰਗੀ ਜਗ੍ਹਾ ਨਹੀਂ ਸੀ?" ਉਸ ਦਾ ਜਵਾਬ ਸੀ, "ਜਗ੍ਹਾ ਤਾਂ ਸੀ ਪਰ ਵਰਤਮਾਨ ਉਚੇਰੀ ਸਿੱਖਿਆ ਲਈ ਇੱਥੋਂ ਦੀ ਯੂਨੀਵਰਸਿਟੀ 'ਚ ਦਾਖਲਾ ਲੈਣ ਆਇਆ ਹਾਂ।"

ਅਫ਼ਸਰ ਨੇ ਸਖ਼ਤ ਲਹਿਜੇ 'ਚ ਕਿਹਾ, "ਜੇਕਰ ਤੈਨੂੰ ਇੱਥੋਂ ਹੀ ਮੋੜ ਦਿੱਤਾ ਜਾਵੇ ਤਾਂ...?" ਉਸ ਨੇ ਜਵਾਬ ਦਿੱਤਾ, "ਇਹ ਬੜੀ ਵੱਡੀ ਬੇਇਨਸਾਫ਼ੀ ਹੋਵੇਗੀ ਕਿ ਪੜ੍ਹਨ ਆਏ ਇੱਕ ਵਿਦਿਆਰਥੀ ਨੂੰ ਵੀ ਰੋਕਿਆ ਜਾਵੇ। ਹੋ ਸਕਦਾ ਹੈ ਕਿ ਮੈਂ ਇੱਥੋਂ ਪੜ੍ਹ ਕੇ ਲੋਕਾਂ ਦੀ ਚੰਗੀ ਸੇਵਾ ਕਰ ਸਕਾਂ।" ਸਰਾਭੇ ਦੇ ਇਸ ਉੱਤਰ ਨੇ ਅਫ਼ਸਰ ਨੂੰ ਸੰਤੁਸ਼ਟ ਕਰ ਦਿੱਤਾ ਅਤੇ ਉਸ ਨੂੰ ਬਰਕਲੇ ਯੂਨੀਵਰਸਿਟੀ ਵਿੱਚ ਰਸਾਇਣ ਵਿਗਿਆਨ ਦੀ ਪੜ੍ਹਾਈ 'ਚ ਦਾਖ਼ਲਾ ਮਿਲ ਗਿਆ। ਉਨ੍ਹੀਂ ਦਿਨੀਂ ਵਿਦੇਸ਼ਾਂ 'ਚ ਹਿੰਦੋਸਤਾਨੀਆਂ ਨਾਲ ਮਾੜਾ ਸਲੂਕ ਕੀਤਾ ਜਾਂਦਾ ਸੀ। ਉਨ੍ਹਾਂ ਨੂੰ ਗ਼ੁਲਾਮ ਮੁਲਕ ਦੇ ਬਾਸ਼ਿੰਦੇ ਆਖ ਕੇ ਮਿਹਣੇ ਮਿਲਦੇ ਸਨ ਜਿਸ ਕਰਕੇ ਹਿੰਦੋਸਤਾਨੀਆਂ ਦੀ ਅਣਖ ਨੂੰ ਡੂੰਘੀ ਸੱਟ ਵੱਜਦੀ ਸੀ।

ਕੌਮਾ ਗਾਟਾਮਾਰੂ ਦੀ ਘਟਨਾ ਨੇ ਹੋਰ ਦੇਸ਼ ਵਾਸੀਆਂ ਦੇ ਨਾਲ ਨਾਲ ਕਰਤਾਰ ਸਿੰਘ ਸਰਾਭਾ ਦੇ ਮਨ ਨੂੰ ਝੰਜੋੜ ਦਿੱਤਾ। ਸਤੰਬਰ 1914 'ਚ ਇਹ ਸਮੁੰਦਰੀ ਜਹਾਜ਼ ਕਲਕੱਤੇ ਕੋਲ ਬਜਬਜ ਘਾਟ 'ਤੇ ਪਹੁੰਚਿਆ ਸੀ। ਹਿੰਦੋਸਤਾਨ ਦੀ ਬਰਤਾਨਵੀ ਸਰਕਾਰ ਦੀਆਂ ਵਧੀਕੀਆਂ ਨੇ ਮੁਸਾਫ਼ਰਾਂ ਵਿੱਚ ਰੋਹ ਭਰ ਦਿੱਤਾ। ਪੁਲੀਸ ਝੜਪ ਦੌਰਾਨ ਕਾਫ਼ੀ ਮੁਸਾਫ਼ਿਰ ਮਾਰੇ ਗਏ। ਇਸ ਘਟਨਾ ਨੂੰ ਗ਼ਦਰ ਲਹਿਰ ਦੀ ਉਤਪਤੀ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਕਰਤਾਰ ਸਿੰਘ ਸਰਾਭਾ ਕਿਸੇ ਮਿੱਤਰ ਦੀ ਮੱਦਦ ਨਾਲ ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਸੰਸਥਾ ਦੀ ਮੀਟਿੰਗ 'ਚ ਗਿਆ। ਇੱਥੇ ਉਸ ਦੀ ਮੁਲਾਕਾਤ ਬਾਬਾ ਸੋਹਣ ਸਿੰਘ ਭਕਨਾ ਤੇ ਲਾਲਾ ਹਰਦਿਆਲ ਨਾਲ ਹੋਈ। ਉਨ੍ਹਾਂ ਨੇ ਇਸ ਸੰਸਥਾ ਦਾ ਨਾਮ ਬਦਲ ਕੇ ਗ਼ਦਰ ਪਾਰਟੀ ਰੱਖਿਆ। ਹਥਿਆਰਬੰਦ ਇਨਕਲਾਬ ਲਈ ਕਰਤਾਰ ਸਿੰਘ ਸਰਾਭਾ ਨੇ ਆਪਣੀ ਪੜ੍ਹਾਈ ਵਿਚਾਲੇ ਛੱਡ ਦਿੱਤੀ ਤੇ ਆਜ਼ਾਦੀ ਲਈ ਯਤਨ ਆਰੰਭੇ। ਗ਼ਦਰ ਪਾਰਟੀ ਦੀ ਸਥਾਪਨਾ ਤੋਂ ਬਾਅਦ ਲਾਲਾ ਹਰਦਿਆਲ ਹਿੰਦੋਸਤਾਨੀ ਲੋਕਾਂ 'ਚ ਜਾਗ੍ਰਿਤੀ ਲਿਆਉਣ ਲਈ ਅਖ਼ਬਾਰ ਕੱਢਣਾ ਚਾਹੁੰਦੇ ਸਨ ਪਰ ਕਈ ਕਾਰਨਾਂ ਕਰਕੇ ਸੰਭਵ ਨਹੀਂ ਹੋ ਸਕਿਆ ਸੀ।

ਕਰਤਾਰ ਸਿੰਘ ਸਰਾਭਾ ਦੇ ਆਉਣ ਨਾਲ ਉਨ੍ਹਾਂ ਦੀ ਇਹ ਮੁਸ਼ਕਿਲ ਹੱਲ ਹੋ ਗਈ ਸਗੋਂ ਸਰਾਭੇ ਨੇ ਖ਼ੁਦ ਉਨ੍ਹਾਂ ਨੂੰ ਅਖ਼ਬਾਰ ਵਾਸਤੇ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਨੇ ਗ਼ਦਰ ਦੀ ਗੂੰਜ ਅਖ਼ਬਾਰ ਸ਼ੁਰੂ ਕੀਤਾ। ਪਹਿਲੀ ਨਵੰਬਰ 1913 ਨੂੰ ਗ਼ਦਰ ਦਾ ਪਹਿਲਾ ਪਰਚਾ ਉਰਦੂ 'ਚ ਪ੍ਰਕਾਸ਼ਿਤ ਹੋਇਆ। ਲੋਕਾਂ ਦੀ ਮੰਗ ਅਤੇ ਹੋਰ ਜ਼ੁਬਾਨਾਂ ਸਮਝਣ ਵਾਲੇ ਲੋਕਾਂ ਲਈ ਉਨ੍ਹਾਂ ਨੇ ਇੱਕ ਹੋਰ ਉਪਰਾਲਾ ਕੀਤਾ, ਇੱਕ ਜਨਵਰੀ 1914 ਵਿੱਚ ਇਹ ਅਖ਼ਬਾਰ ਗੁਰਮੁਖੀ, ਹਿੰਦੀ, ਗੁਜਰਾਤੀ, ਉਰਦੂ 'ਚ ਛਾਪਿਆ ਜਾਣ ਲੱਗਾ। ਇਸ ਵਿੱਚ ਲੇਖ ਲਿਖਣ ਦਾ ਜ਼ਿੰਮਾ ਕਰਤਾਰ ਸਿੰਘ ਸਰਾਭਾ ਅਤੇ ਲਾਲਾ ਹਰਦਿਆਲ ਦੇ ਸਿਰ ਸੀ ਤੇ ਦੇਸ਼ ਪ੍ਰੇਮ ਦੀਆਂ ਕਵਿਤਾਵਾਂ ਸ. ਹਰਨਾਮ ਸਿੰਘ ਟੁੰਡੀਲਾਟ ਲਿਖਦੇ ਸਨ। ਅਖ਼ਬਾਰ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵੀਹ ਆਦਮੀ ਪੂਰੀ ਤਨਦੇਹੀ ਨਾਲ ਕੰਮ ਕਰਦੇ ਸਨ ਅਤੇ ਪੈਸੇ ਦੀ ਘਾਟ ਨੂੰ ਪੂਰਨ ਲਈ ਦਿਨੇ ਹੱਡ ਭੰਨਵੀਂ ਮਿਹਨਤ ਕਰਦੇ ਸਨ। ਆਪਣੇ ਖਾਣ-ਪੀਣ 'ਤੇ ਵੀ ਘੱਟ ਤੋਂ ਘੱਟ ਪੈਸੇ ਖਰਚਦੇ ਸਨ ਤਾਂ ਜੋ ਅਖ਼ਬਾਰ ਅਤੇ ਪਾਰਟੀ ਦੀਆਂ ਸਰਗਰਮੀਆਂ 'ਚ ਪੈਸੇ ਦੀ ਕਮੀ ਕਰਕੇ ਖੜੋਤ ਨਾ ਆਵੇ। ਕਰਤਾਰ ਸਿੰਘ ਸਰਾਭਾ ਅਖ਼ਬਾਰ ਛਾਪਣ ਅਤੇ ਵੰਡਣ 'ਚ ਰੁੱਝਿਆ ਰਹਿੰਦਾ ਸੀ ਤੇ ਖਾਣਾ ਪੀਣਾ ਵੀ ਭੁੱਲ ਜਾਂਦਾ ਸੀ। ਪਾਰਟੀ ਦਾ ਉਹ ਸਭ ਤੋਂ ਛੋਟੀ ਉਮਰ ਦਾ ਮੈਂਬਰ ਸੀ, ਪਰ ਜ਼ਿੰਮੇਵਾਰੀਆਂ ਬਹੁਤ ਵੱਡੀਆਂ ਸਨ। ਉਸ ਨੂੰ ਛੋਟੀ ਉਮਰ ਦਾ ਪੱਤਰਕਾਰ/ਸੰਪਾਦਕ ਕਹੀਏ ਤਾਂ ਕੋਈ ਅਤਿਕਥਨੀ ਨਹੀ ਹੋਵੇਗੀ।

ਉਨ੍ਹਾਂ ਦੇ ਅਣਥੱਕ ਯਤਨਾਂ ਕਾਰਨ ਗ਼ਦਰ ਦੀ ਗੂੰਜ ਦਿਨੋ-ਦਿਨ ਲੋਕਾਂ 'ਚ ਹਰਮਨ ਪਿਆਰਾ ਹੋ ਰਿਹਾ ਸੀ। ਇਸ ਦੇ ਮਜ਼ਮੂਨ ਇੰਨੇ ਪ੍ਰਭਾਵਸ਼ਾਲੀ ਹੁੰਦੇ ਸਨ ਕਿ ਇਸ ਨੂੰ ਇੱਕ ਵਾਰ ਪੜ੍ਹ ਲੈਣ ਵਾਲੇ ਵਿਅਕਤੀ ਨੂੰ ਵੀ ਆਜ਼ਾਦੀ ਦੀ ਲਗਨ ਲੱਗ ਜਾਂਦੀ ਸੀ ਜੋ ਗ਼ਦਰ ਦੀ ਸਫ਼ਲਤਾ ਲਈ ਲਾਜ਼ਮੀ ਸੀ। ਇਸ ਦਾ ਮੁੱਖ ਮਕਸਦ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਇਨਕਲਾਬ ਲਈ ਲੋਕਾਂ ਨੂੰ ਜਾਗ੍ਰਿਤ ਕਰਨਾ ਸੀ। ਕਰਤਾਰ ਸਿੰਘ ਸਰਾਭਾ ਇਹ ਸਤਰਾਂ ਅਕਸਰ ਗੁਣਗੁਣਾਉਂਦਾ ਸੀ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ/ ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।/ ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਪਹਿਲੀ ਆਲਮੀ ਜੰਗ ਸ਼ੁਰੂ ਹੁੰਦਿਆਂ ਹੀ ਗ਼ਦਰ ਪਾਰਟੀ ਦੇ ਕਾਰਕੁਨ ਅਤੇ ਆਗੂ ਹਿੰਦੋਸਤਾਨ ਆਉਣ ਲੱਗੇ ਸਨ ਤਾਂ ਜੋ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਇਨਕਲਾਬ ਕੀਤਾ ਜਾ ਸਕੇ। ਉਨ੍ਹੀਂ ਦਿਨੀਂ ਅੰਗਰੇਜ਼ ਸਰਕਾਰ ਡਿਫੈਂਸ ਐਕਟ ਆਫ ਇੰਡੀਆ ਅਧੀਨ ਮੁਸਾਫ਼ਰਾਂ ਨੂੰ ਫੜ ਲੈਂਦੀ ਸੀ। ਬਹੁਤ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਪਰ ਕਰਤਾਰ ਸਿੰਘ ਸਰਾਭਾ ਪੁਲੀਸ ਤੋਂ ਅੱਖ ਬਚਾ ਕੇ ਪੰਜਾਬ ਆ ਗਿਆ ਸੀ। ਇੱਥੇ ਆ ਕੇ ਪਤਾ ਲੱਗਿਆ ਕਿ ਉਨ੍ਹਾਂ ਦੇ ਜ਼ਿਆਦਾਤਰ ਸਾਥੀ ਜੇਲ੍ਹਾਂ 'ਚ ਬੰਦ ਹਨ ਜਾਂ ਫਿਰ ਸ਼ਹੀਦ ਹੋ ਗਏ ਹਨ।

ਉਸ ਨੇ ਫਿਰ ਪਾਰਟੀ ਨੂੰ ਸੰਗਠਿਤ ਕੀਤਾ ਅਤੇ ਰੋਜ਼ ਸਾਈਕਲ 'ਤੇ ਪੰਜਾਹ ਮੀਲ ਸਫ਼ਰ ਤੈਅ ਕਰ ਕੇ ਲੋਕਾਂ ਨੂੰ ਗ਼ਦਰ ਲਈ ਪ੍ਰੇਰਿਤ ਕਰਦਾ। ਇਸ ਤੋਂ ਬਾਅਦ ਸਚਿੰਦਰ ਨਾਥ ਸਾਨਿਆਲ ਦੀ ਮਦਦ ਨਾਲ ਰਾਸ ਬਿਹਾਰੀ ਬੋਸ ਨਾਲ ਸੰਪਰਕ ਕੀਤਾ ਅਤੇ ਗ਼ਦਰ ਦੀ ਯੋਜਨਾ ਦੱਸੀ। ਕਰਤਾਰ ਸਿੰਘ ਸਰਾਭਾ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਫ਼ੌਜੀਆਂ ਨੂੰ ਵੀ ਗ਼ਦਰ ਲਈ ਪ੍ਰੇਰਿਤ ਕੀਤਾ। ਇਸ ਲਈ ਉਹ ਮੇਰਠ, ਕਾਨਪਰ, ਫ਼ਿਰੋਜ਼ਪੁਰ ਆਦਿ ਫ਼ੌਜੀ ਛਾਉਣੀਆਂ 'ਚ ਵੀ ਗਏ। ਪਾਰਟੀ ਨੂੰ ਧਨ ਇਕੱਠਾ ਕਰ ਕੇ ਦੇਣ ਦੀ ਜ਼ਿੰਮੇਵਾਰੀ ਨਿਭਾਉਣ ਲਈ ਉਨ੍ਹਾਂ ਨੂੰ ਡਾਕੇ ਮਾਰਨੇ ਪਏ। ਸ਼ਾਹੂਕਾਰਾਂ ਨੂੰ ਲੁੱਟਣ ਤੋਂ ਪਹਿਲਾਂ ਉਨ੍ਹਾਂ ਨੂੰ ਸਮਝਾਉਂਦੇ ਕਿ ਇਹ ਸਭ ਤੁਹਾਡੀ ਤੇ ਲੋਕਾਂ ਦੀ ਭਲਾਈ ਲਈ ਹੀ ਕੀਤਾ ਜਾ ਰਿਹਾ ਹੈ। ਸਾਰੇ ਪ੍ਰਬੰਧਾਂ ਦੀ ਤਿਆਰੀ ਮਗਰੋਂ ਗ਼ਦਰ ਦੀ ਮਿਤੀ 21 ਫਰਵਰੀ 1915 ਨਿਯਤ ਕੀਤੀ ਗਈ। ਕਿਰਪਾਲ ਸਿੰਘ ਨੇ ਇਸ ਦੀ ਸੂਹ ਪੁਲੀਸ ਨੂੰ ਦੇ ਦਿੱਤੀ ਤੇ ਸਰਕਾਰ ਚੌਕੰਨੀ ਹੋ ਗਈ। ਗ਼ਦਰ ਦੀ ਯੋਜਨਾ ਅੱਗੇ ਪਾ ਦਿੱਤੀ ਗਈ, ਪਰ ਬਦਕਿਸਮਤੀ ਨਾਲ ਪੁਲੀਸ ਨੂੰ ਇਸ ਦਾ ਵੀ ਪਤਾ ਚੱਲ ਗਿਆ। ਕਿਰਪਾਲ ਸਿੰਘ ਦੀ ਗ਼ੱਦਾਰੀ ਕਾਰਨ ਦੇਸ਼ ਭਗਤਾਂ ਦਾ ਸੁਪਨਾ ਅਧੂਰਾ ਰਹਿ ਗਿਆ ਸੀ। ਗ਼ਦਰ ਦੇ ਆਗੂਆਂ ਅਤੇ ਕਾਰਕੁਨਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਕਾਬੁਲ ਜਾਣਾ ਚਾਹੁੰਦੇ ਸਨ, ਪਰ ਗ਼ੱਦਾਰਾਂ ਨੂੰ ਸੋਧਣ ਦੇ ਵਿਚਾਰ ਨਾਲ ਵਾਪਸ ਆ ਗਏ। ਦੋ ਮਾਰਚ 1915 ਨੂੰ ਸਰਗੋਧਾ ਦੇ ਚੱਕ ਨੰਬਰ ਪੰਜ ਪੁੱਜੇ ਅਤੇ ਹਥਿਆਰ ਲੈਣ ਲਈ ਰਸਾਲਦਾਰ ਗੰਢਾ ਸਿੰਘ ਕੋਲ ਗਏ ਜਿਸ ਨੇ ਧੋਖੇ ਨਾਲ ਇਨ੍ਹਾਂ ਤਿੰਨਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਲਾਹੌਰ ਦੀ ਸੈਂਟਰਲ ਜੇਲ੍ਹ 'ਚ ਕਈ ਮਹੀਨੇ ਮੁਕੱਦਮਾ ਚਲਦਾ ਰਿਹਾ।

ਕਰਤਾਰ ਸਿੰਘ ਸਰਾਭਾ ਨੇ ਗ਼ਦਰ 'ਚ ਸ਼ਮੂਲੀਅਤ ਅਤੇ ਹਥਿਆਰਬੰਦ ਇਨਕਲਾਬ ਦੀ ਗੱਲ ਕਬੂਲੀ ਸੀ। ਇਸੇ ਕਰਕੇ ਉਸ ਬਾਰੇ ਜੱਜ ਨੇ ਕਿਹਾ ਕਿ ਕਰਤਾਰ ਸਿੰਘ ਭਾਵੇਂ ਛੋਟੀ ਉਮਰ ਦਾ ਹੈ ਪਰ ਸਾਜ਼ਿਸ਼ੀ ਬਹੁਤ ਵੱਡਾ ਹੈ। ਇਸ ਕਾਰਨ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਆਖ਼ਰ 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਨੂੰ ਛੇ ਸਾਥੀਆਂ ਸਮੇਤ ਫਾਂਸੀ ਦੇ ਦਿੱਤੀ ਗਈ। ਜਦੋਂ ਇਹ ਖ਼ਬਰ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੇ ਸੁਣੀ ਤਾਂ ਉਹ ਅਚਨਚੇਤ ਹੀ ਬੋਲੇ, "ਕਰਤਾਰ ਸਿੰਘ ਸਰਾਭਾ ਉਮਰ 'ਚ ਭਾਵੇਂ ਸਾਡੇ ਸਾਰਿਆਂ ਤੋਂ ਛੋਟਾ ਸੀ, ਪਰ ਕੁਰਬਾਨੀ ਵਿੱਚ ਸਾਰਿਆਂ ਤੋਂ ਅੱਗੇ ਲੰਘ ਗਿਆ ਹੈ।"

ਮਹਿਜ਼ ਉੱਨੀ ਸਾਲ ਦੀ ਉਮਰ ਵਿੱਚ ਦੇਸ਼ ਦੀ ਖ਼ਾਤਰ ਜਾਨ ਵਾਰਨ ਕਰਕੇ ਉਹ ਨੌਜਵਾਨਾਂ ਦਾ ਪ੍ਰੇਰਨਾ ਸ੍ਰੋਤ ਬਣ ਗਿਆ। ਸ਼ਹੀਦ ਭਗਤ ਸਿੰਘ ਵੀ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਰਾਜਨੀਤਕ ਗੁਰੂ ਮੰਨਦਾ ਸੀ ਅਤੇ ਉਸ ਦੀ ਤਸਵੀਰ ਹਰ ਵੇਲੇ ਜੇਬ 'ਚ ਰੱਖਦਾ। ਸ਼ਹੀਦ ਭਗਤ ਸਿੰਘ ਅਕਸਰ ਕਹਿੰਦਾ ਸੀ: ਮੈਨੂੰ ਇਉਂ ਲੱਗਦਾ ਏ ਜਿਵੇਂ ਕਰਤਾਰ ਸਿੰਘ ਸਰਾਭਾ ਮੇਰਾ ਵੱਡਾ ਭਰਾ ਹੋਵੇ।

* * * * * *



ਪਹਿਲੀ ਆਲਮੀ ਜੰਗ ਸ਼ੁਰੂ ਹੁੰਦਿਆਂ ਹੀ ਗ਼ਦਰ ਪਾਰਟੀ ਦੇ ਕਾਰਕੁਨ ਅਤੇ ਆਗੂ ਹਿੰਦੋਸਤਾਨ ਆਉਣ ਲੱਗੇ ਸਨ ਤਾਂ ਜੋ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਇਨਕਲਾਬ ਕੀਤਾ ਜਾ ਸਕੇ। ਉਨ੍ਹੀਂ ਦਿਨੀਂ ਅੰਗਰੇਜ਼ ਸਰਕਾਰ ਡਿਫੈਂਸ ਐਕਟ ਆਫ ਇੰਡੀਆ ਅਧੀਨ ਮੁਸਾਫ਼ਰਾਂ ਨੂੰ ਫੜ ਲੈਂਦੀ ਸੀ। ਬਹੁਤ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਪਰ ਕਰਤਾਰ ਸਿੰਘ ਸਰਾਭਾ ਪੁਲੀਸ ਤੋਂ ਅੱਖ ਬਚਾ ਕੇ ਪੰਜਾਬ ਆ ਗਿਆ ਸੀ। ਇੱਥੇ ਆ ਕੇ ਪਤਾ ਲੱਗਿਆ ਕਿ ਉਨ੍ਹਾਂ ਦੇ ਜ਼ਿਆਦਾਤਰ ਸਾਥੀ ਜੇਲ੍ਹਾਂ 'ਚ ਬੰਦ ਹਨ ਜਾਂ ਫਿਰ ਸ਼ਹੀਦ ਹੋ ਗਏ ਹਨ।

# ਸੁਰੱਖਿਆ ਪ੍ਰਦਾਨ ਕਰਦਾ ਸੀ-ਸਾਂਝਾ ਪਰਿਵਾਰ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445





ਸਾਡੇ ਦੇਸ਼ ਦੀ ਸੰਸਕਿਰੀ ਬਲਵਾਨ ਹੈ। ਇਸੇ ਪ੍ਰਸੰਗ ਚ ਅੱਗੇ ਸਾਂਝੇ ਪ੍ਰੀਵਾਰ ਦਾ ਜਿਕਰ ਕਰਦੇ ਹਾਂ। ਸੁਰੱਖਿਆ ਦਾ ਖੇਤਰ ਵਿਸਾਲ ਹੁੰਦਾ ਹੈ, ਜਿਵੇਂ ਕਿ ਸਮਾਜਿਕ ਸੁਰੱਖਿਆ, ਆਰਥਿਕ ਸੁਰੱਖਿਆ ਅਤੇ ਘਰੇਲੂ ਸੁਰੱਖਿਆ ਵਗੈਰਾ ਵਗੈਰਾ। ਸਾਂਝਾ ਪ੍ਰੀਵਾਰ ਇਹਨਾਂ ਸਭ ਤਰ੍ਹਾਂ ਦੀਆਂ ਸੁਰੱਖਿਆਵਾਂ ਦਾ ਵੀ ਘਰ ਹੁੰਦਾ ਸੀ। ਇੱਕ ਅੱਧਾ ਬੰਦਾ ਨਾ ਕੰਮ ਕਰਨ ਵਾਲਾ ਵੀ ਚੱਲ ਜਾਂਦਾ ਸੀ। ਸਾਂਝਾ ਪ੍ਰੀਵਾਰ ਜਦੋਂ ਇਕੱਠਾ ਖੇਤੀਬਾੜੀ ਦਾ ਕੰਮ ਕਰਦਾ ਸੀ ਤਾਂ ਮਿੱਟੀ ਉੱਪਰ-ਥੱਲੇ ਕਰ ਦਿੰਦਾ ਸੀ ਇਸੇ ਲਈ ''ਏਕਤਾ ਵਿੱਚ ਬਲ ਹੈ'' ਸੁਣਿਆ ਹੋਇਆ ਹੈ। ਇਸ ਦੀ ਝਲਕ ਸਾਂਝੇ ਪ੍ਰੀਵਾਰਾਂ ਵਲੋਂ ਖੇਤਾਂ ਦੇ ਕੰਮ ਕਰਨ ਲਈ ਸਾਂਝੇ ਪ੍ਰੀਵਾਰਾਂ ਵਿੱਚ ਮਿਲਦੀ ਸੀ। ਕਿਸਾਨ, ਪੇਂਡੂ ਵਿਰਸਾ ਅਤੇ ਸਾਂਝੇ ਪਰਿਵਾਰ ਇੱਕ ਦੂਜੇ ਦੇ ਅਨੁਪੂਰਕ ਹੁੰਦੇ ਹਨ। ਪਰ ਅੱਜ ਇਹਨਾਂ ਵਿੱਚੋਂ ਖੁਸ਼ਬੂ ਮੱਧਮ ਪੈ ਗਈ ਹੈ। ਵਿਰਸੇ ਨਾਲ ਸਾਡਾ ਪਿਛੋਕੜ ਜਿਉਂਦਾ-ਜਾਗਦਾ ਰਹਿੰਦਾ ਹੈ, ਪਰ ਅਫਸੋਸ਼ ਸਾਡੇ ਵਿਰਸੇ ਦੀਆਂ ਬਹੁਤੀਆਂ ਚੀਜਾਂ ਬੀਤੇ ਦੀ ਕਹਾਣੀ ਬਣ ਗਈਆਂ ਹਨ। ਜਿਹਨਾਂ ਵਿੱਚੋਂ ਸਾਂਝਾ ਪਰਿਵਾਰ ਵੀ ਇਕ ਹੈ। ਸਾਂਝਾ ਪਰਿਵਾਰ ਸਿਰਫ਼ ਇੱਕ ਲਾਣੇਦਾਰ ਦੇ ਸਾਏ ਹੇਠ ਹੀ ਕੰਮ ਕਰਦਾ ਸੀ। ਸਭ ਉਸ ਦੀ ਗੱਲ ਮੰਨ ਲੈਂਦੇ ਸਨ। ਸਾਂਝਾ ਪ੍ਰੀਵਾਰ ਨਰੋਏ ਸਮਾਜ ਦੀ ਆਧਾਰਸ਼ਿਲਾ ਸੀ। ਸਾਂਝੇ ਪ੍ਰੀਵਾਰ ਵਿੱਚ ਸੁਵੱਖਤੇ ਉੱਠ ਕੇ ਪਰਿਵਾਰ ਦੇ ਸਾਰੇ ਮੈਂਬਰ ਆਪਣੇ ਆਪਣੇ ਕੰਮਾਂ ਵਿਚ ਲੱਗ ਜਾਂਦੇ ਸਨ, ਜੋ ਆਥਣੇ ਬਾਣ ਵਾਲੇ ਮੰਜੇ ਤੇ ਸੌਣ ਤੱਕ ਜਾਰੀ ਰਹਿੰਦੇ ਸਨ। ਹਾਲੀ,ਪਾਲੀ ਚਾਟੀ ਅਤੇ ਮਧਾਣੀ ਸਾਂਝੇ ਪ੍ਰੀਵਾਰ ਵਿੱਚ ਵੱਖਰੀ ਰੀਤ ਪਾਉਂਦੇ ਰਹਿੰਦੇ ਸਨ।

ਗਰੀਬ ਗੁਰਬਾ ਵੀ ਝੱਟ ਸਾਂਝੇ ਪ੍ਰੀਵਾਰ ਕੋਲੋ ਮੰਗਣ ਨੂੰ ਤਰਜੀਹ ਦਿੰਦਾ ਸੀ, ਉਸਨੂੰ ਪਤਾ ਹੁੰਦਾ ਸੀ ਕਿ ਕੋਈ ਨਾ ਕੋਈ ਤਾ ਘਰ ਦਾ ਬੰਦਾ ਖੈਰ ਪਾ ਹੀ ਦੇਵੇਗਾ। ਸਾਂਝੇ ਪ੍ਰੀਵਾਰਾਂ ਵਿੱਚ ਕੰਮ ਲਗਨ ਨਾਲ ਕੀਤੇ ਜਾਂਦੇ ਸਨ। ਇੱਕ ਦੂਜੇ ਨੂੰ ਕਹਿਣ ਅਤੇ ਦੂਜੇ ਤੇ ਜਿੰਮਾ ਸੁੱਟਣ ਦੀ ਆਦਤ ਨਹੀਂ ਹੁੰਦੀ। ਸਾਂਝੇ ਪਰਿਵਾਰ ਵਿਚੋਂ ਸੰਸਕਾਰਾਂ, ਪਹਿਰਾਵੇ ਅਤੇ ਬੋਲੀ ਚਾਲੀ ਦਾ ਮੁੱਢ ਬੱਝਦਾ ਸੀ। ਜਿਸ ਸਦਕੇ ਬੱਚਿਆਂ ਦੀ ਗੁਣਵੱਤਾ ਵਧਦੀ ਸੀ। ਸਾਂਝਾ ਪਰਿਵਾਰ ਦਾਦੇ ਦਾਦੀ, ਚਾਚੇ ਚਾਚੀ, ਤਾਇਆ ਤਾਈ ਅਤੇ ਮਾਂ ਪਿਉ ਤੋਂ ਮਿਲੀ ਗੁਣਾਂ ਦੀ ਗੁਥਲੀ ਧੀ ਨੂੰ ਸਹੁਰੇ ਘਰ ਵਿਚ ਵੀ ਮਾਣ ਦਿਵਾਉਂਦੀ ਸੀ। ਗੁਰਬਾਣੀ ਵਿੱਚ ਅੰਕਿਤ ਹੈ।

ਪੇਈਅੜੈ ਸਹੁ ਤੂੰ
ਸਾਹੁਰੜੈ ਸੁਖਿ ਵਸੁ।
ਗੁਰ ਮਿਲਿ ਚਜੁ ਅਚਾਰੁ
ਸਿਖੁ ਤੁਧ ਕਦੇ ਨ ਲਗੈ ਦੁਖੁ॥

ਸਾਂਝਾ ਪ੍ਰੀਵਾਰ ਖੇਤੀ ਹੀ ਨਹੀਂ ਬਾਕੀ ਕਿੱਤਿਆ ਵਿੱਚ ਵੀ ਸਫਲ ਹੁੰਦਾ ਸੀ। ਸਾਂਝੇ ਪ੍ਰੀਵਾਰ ਨਾਲ ਖੇਤੀ ਦਾ ਸੰਬੰਧ ਰਹੇਗਾ, ਕਿਉਂਕਿ ਮਨੁੱਖੀ ਸ਼ਕਤੀ ਦੀ ਲੋੜ ਹੁੰਦੀ ਹੈ। ਸਾਂਝੇ ਘਰ ਪ੍ਰੀਵਾਰ ਸਮਾਜੀਕਰਨ ਦੀ ਨੀਂਹ ਹੁੰਦੇ ਸਨ। ਘਰੋਂ ਮਿਲੇ ਵਿਰਸੇ ਦੇ ਨਿਯਮਾਂ ਦੀ ਉਦਾਹਰਣ ਖੇਤਾਂ ਵਿਚ ਭੱਤਾ ਲੈ ਕੇ ਜਾਣਾ, ਆਟਾ ਗੁੰਨ ਕੇ ਚੁੱਲ੍ਹੇ ਦਾ ਕੰਮ ਕਰਨਾ, ਰਾਤ ਨੂੰ ਚੁੱਲ੍ਹੇ ਵਿਚ ਦੱਬੀ ਅੱਗ ਸਵੇਰੇ ਬਾਲਣੀ ਵਗੈਰਾ ਘਰ ਦੀਆਂ ਔਰਤਾਂ ਦੇ ਹਿੱਸੇ ਸਨ। ਇਹ ਹੀ ਕੰਮ ਧੀ ਸਿੱਖਦੀ ਸੀ। ਇਸ ਨਾਲ ਉਸ ਦੇ ਸਮਾਜੀਕਰਨ ਦਾ ਮੁੱਢ ਬੱਝਦਾ ਸੀ। ਘਰ ਦੀਆਂ ਸੁਆਣੀਆਂ ਹਾਲੀ ਅਤੇ ਪਾਲੀ ਦੇ ਕੰਮ ਵਿਚ ਹੱਥ ਵਟਾਉਂਦੀਆਂ ਸਨ। ਸਾਂਝੇ ਪਰਿਵਾਰ ਦੇ ਕੰਮਾਂ ਬਾਰੇ ਸਾਇਰ ਨੇ ਇਹ ਨਜ਼ਾਰਾ ਇਉਂ ਪੇਸ਼ ਕੀਤਾ ਹੈ-

ਚਿੜੀ ਚਹੁਕਦੀ ਨਾਲ ਉਠ ਤੁਰੇ ਪਾਂਧੀ
ਪਾਈਆਂ ਦੁੱਧ ਵਿਚ ਮਧਾਣੀਆਂ ਨੀ।
ਸੁਬਾ ਸਾਦਕ ਹੋਈ ਜਦੋਂ ਆਣ ਰੋਸ਼ਨ
ਤਦੋਂ ਚਾਲੀਆਂ ਆਣ ਚਿਰਲਾਣੀਆਂ ਨੀ।
ਇਕਨਾਂ ਉਠ ਕੇ ਰਿੜਕਣਾ ਪਾ ਦਿੱਤਾ
ਕਿ ਇਕ ਧੋਂਦੀਆਂ ਫਿਰਨ ਮਧਾਣੀਆਂ ਨੀ।
ਇਕ ਉਠ ਕੇ ਹਲੀ ਤਿਆਰ ਹੋਏ
ਇਕ ਢੂੰਡਦੇ ਫਿਰਨ ਪਰਾਣੀਆਂ ਨੀ।
ਲਈਆਂ ਕੱਢ ਹਰਨਾਲੀਆਂ ਹਾਲੀਆਂ
ਨੇ ਸੀਆਂ ਭੋਇ ਨੂੰ ਜਿਹਨਾਂ ਨੇ ਲਾਣੀਆਂ ਨੀ।
ਘਰ ਬਾਰ ਨਾ ਚੱਕੀਆਂ ਝੋਤੀਆਂ ਨੇ
ਜਿਹਨਾਂ ਤੌਂਣਾਂ ਗੁਨ੍ਹੇ ਪਕਾਣੀਆਂ ਨੀ।
ਕਾਰੋਬਾਰ ਵਿਚ ਹੋਇਆ ਜਹਾਨ ਸਾਰਾ
ਚਰਖੇ ਡਾਹੁੰਦੀਆਂ ਉਠਨ ਸੁਆਣੀਆਂ ਨੀ।

ਸਾਂਝੇ ਪ੍ਰੀਵਾਰ ਵਿੱਚ ਖੇਤੀ ਦੇ ਕੰਮ ਨੂੰ ਜਿੰਮਾ ਸਮਝਿਆ ਜਾਦਾ ਸੀ।ਬਚਕਾਨਾ ਕਾਰਵਾਈ ਲਈ ਕੋਈ ਥਾਂ ਨਹੀਂ ਹੁੰਦੀ ਸੀ।ਕਹਿਣ ਦੀ ਲੋੜ ਨਹੀਂ ਸੀ। ਆਪਣੇ ਆਪ ਸਮੇਂ ਤੇ ਹਰ ਜੀਅ ਕੰਮ ਲੱਗ ਜਾਦਾ ਸੀ। ਬਿਜਨਿਸ ਪ੍ਰੀਵਾਰ ਵੀ ਸਾਂਝੇ ਰੂਪ ਵਿੱਚ ਵੱਧ ਤਰੱਕੀ ਕਰਦੇ ਸਨ। ਜਦੋਂ ਖਿੰਡਰੇ ਉਦੋਂ ਹੀ ਘਾਟਾ ਪੈਣਾ ਵੀ ਸੁਰੂ ਹੋ ਜਾਦਾ ਸੀ। ਮਿੱਤਰ ਨੂੰ ਆਸ ਅਤੇ ਦੁਸ਼ਮਨ ਨੂੰ ਭੈਅ ਵੀ ਸਾਂਝੇ ਪਰਿਵਾਰ ਵਿਚ ਸੀ। ਖੂੰਡੇ ਵਾਲਾ ਸਰਦਾਰ ਲਾਣੇਦਾਰ ਜਿਸ ਦਾ ਘਰ ਵਿਚ ਸਤਿਕਾਰ ਹੁੰਦਾ ਸੀ, ਉਸ ਤੋਂ ਸਾਰਾ ਪਰਿਵਾਰ ਡਰਦਾ ਸੀ। ਖੰਘੂਰਾ ਮਾਰ ਕੇ ਉਸ ਨੂੰ ਘਰ ਵੜਨਾ ਪੈਂਦਾ ਸੀ। ਬਜੁਰਗ ਮੁੱਖੀ ਘਰ ਦਾ ਸ਼ਿੰਗਾਰ ਅਤੇ ਜਿੰਦਰਾ ਸਮਝਿਆ ਜਾਦਾ ਸੀ। ਇਸ ਦੀ ਮਿਸਾਲ ਕਾਵਿ ਸੱਤਰਾਂ ਵਿੱਚ ਜਿਉਂਦੀ :-

ਵਿਹੜੇ ਵੜਦਾ ਖਬਰ ਨਹੀਂ ਕਰਦਾ,
ਬਾਪੂ ਗਲ ਟੱਲ ਪਾ ਦਿਉ

ਅੱਜ ਕੰਮ ਹੋਰ ਤਰਾਂ ਦੇ ਹੋ ਗਏ। ਉਸੇ ਤਰਾਂ ਹੀ ਇਨਸਾਨ ਢਲ ਗਿਆ ਹੈ। ਪਰ ਛੋਟੇ ਪਰਿਵਾਰ ਹੋਣ ਕਰਕੇ ਕਿਸੇ ਕੋਲ ਸਮਾਂ ਨਹੀਂ ਹੈ। ਇਸ ਲਈ ਸਮਾਜਿਕ ਝੰਜਟ ਵੀ ਖੜੇ ਹੋਏ ਹਨ। ਸਾਂਝਾ ਪਰਿਵਾਰ ਸਮੁੱਚੀ ਏਕਤਾ ਵਿਚ ਬਲ ਦਾ ਪ੍ਰਤੀਕ ਹੈ।

ਸਾਂਝੇ ਪਰਿਵਾਰ ਵਿਚ ਦੋ ਚਾਰ ਮੈਂਬਰ ਘਰ ਰਹਿੰਦੇ ਸਨ। ਜਿਸ ਨਾਲ ਘਰ ਦੀ ਸੁਰੱਖਿਆ ਯਕੀਨੀ ਰਹਿੰਦੀ ਸੀ। ਘਰ ਦਾ ਇਕ ਮੈਂਬਰ ਬੱਚੇ ਸਾਂਭਦਾ, ਦੂਜੇ ਨੇ ਘਰ ਦੇ ਕੰਮ ਕਾਰ ਕਰ ਲੈਣੇ, ਤੀਜੇ ਨੇ ਪਸ਼ੂ ਸਾਂਭ ਲਣੈ। ਤਰਤੀਬ ਅਨੁਸਾਰ ਸਾਰਾ ਦਿਨ ਸੁਖੀ ਸਾਦਗੀ, ਖੁਸ਼ੀ-ਖੁਸ਼ੀ ਨਾਲ ਗੁਜਰ ਜਾਂਦਾ ਸੀ। ਘਰ ਵਿਚ ਬਰਕਤ ਹੁੰਦੀ ਰਹਿੰਦੀ ਸੀ। ਸਾਂਝੇ ਰੂਪ ਵਿਚ ਘਰ ਦੀ ਤਰੱਕੀ ਹੁੰਦੀ ਰਹਿੰਦੀ ਸੀ। ਕੋਈ ਵੀ ਕਿਸੇ ਤੇ ਬੋਝ ਨਹੀਂ ਬਣਦਾ ਸੀ। ਸੱਭ ਤੋਂ ਵੱਡਾ ਗੁਣ ਕਿਸੇ ਵਿੱਚ ਵੀ ਮੇਰ-ਤੇਰ ਦੀ ਭਾਵਨਾ ਨਹੀ ਹੁੰਦੀ ਸੀ।

ਸਾਂਝੇ ਪ੍ਰੀਵਾਰ ਦੀ ਖਾਸੀਅਤ ਹੁੰਦੀ ਸੀ ਕਿ ਵੱਡੇ ਪ੍ਰੀਵਾਰ ਵਿੱਚ ਕੋਈ ਨਾ ਕੋਈ ਮੈਂਬਰ ਭਾਗਾਂ ਵਾਲਾ ਜ਼ਰੂਰ ਹੁੰਦਾ ਸੀ, ਜਿਸ ਦਾ ਮੁਕੱਦਰ ਸਭ ਖਾਂਦੇ ਸਨ। ਅੱਜ ਆਪੋਧਾਪ ਮਚੀ ਹੋਈ ਹੈ ਹੁਣ ਖੇਤੀ ਵੀ ਤਕਨੀਕ ਦੀ ਹੋ ਗਈ ਹੈ। 1960 ਦੀ ਹਰੀ ਕ੍ਰਾਂਤੀ ਨੇ ਕਣਕ ਝੋਨੇ ਦੇ ਚੱਕਰ ਵਿੱਚ ਮਜਦੂਰੀ ਸੀਮਤ ਕੀਤੀ ਸੀ ਕਿਉਂਕਿ ਤਕਨੀਕ ਵਧੀ।

ਦੂਜੇ ਪਾਸੇ ਜ਼ਮੀਨਾਂ ਨੂੰ ਵਾਹੀਯੋਗ ਬਣਾਉਣ ਲਈ ਵੀ ਕਿਸਾਨਾਂ ਲਈ ਸਾਂਝੇ ਪ੍ਰੀਵਾਰ ਵਰਦਾਨ ਸਾਬਤ ਹੋਏ ਕਿਉਕਿ ਮਨੁੱਖੀ ਸ਼ਕਤੀ ਦੀ ਲੋੜ ਸੀ। ਸਮੇਂ ਦੇ ਹਲਾਤਾਂ, ਵਿਰਸੇ ਨੂੰ ਪੱਛਮੀਕਰਨ ਅਤੇ ਸਾਂਝੇ ਪਰਿਵਾਰਾਂ ਨੂੰ ਸਮੇਂ ਦੀ ਚਾਲ ਨੇ ਹਾਣੀ ਬਣਾਉਣ ਦੀ ਕੋਸ਼ਿਸ਼ ਤਾਂ ਕੀਤੀ ਪਰ ਨਾ ਇੱਧਰ ਦੇ ਨਾ ਉੱਧਰ ਦੇ ਰਹੇ। ਲਾਲਚ, ਈਰਖਾ ਅਤੇ ਸਮਾਜੀਕਰਨ ਦੀ ਘਾਟ ਨੇ ਸਾਂਝੇ ਪਰਿਵਾਰਾਂ ਨੂੰ ਪ੍ਰਭਾਵਿਤ ਕੀਤਾ। ਚੋਰ ਸੁਭਾਅ ਨੇ ਸਾਂਝੇ ਪਰਿਵਾਰਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਇਸ ਨਾਲ ਵਿਰਸੇ ਅਤੇ ਸਭਿਆਚਾਰ ਨੂੰ ਗ੍ਰਹਿਣ ਲੱਗਣ ਦੇ ਨਾਲ ਕਿਸਾਨੀ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਅਸੁਰੱਖਿਆ ਅਤੇ ਤਣਾਅ ਵਧਿਆ।

ਜਿਵੇ ਜਿਵੇਂ ਤਰੱਕੀ ਹੋਈ ਉਂਵੇ ਉਂਵੇ ਹੀ ਪ੍ਰੀਵਾਰ ਟੁੱਟਣੇ ਵੀ ਤਰੱਕੀ ਹੀ ਸਮਝੀ ਜਾਣ ਲੱਗੀ ।ਨਵੀਂ ਪੀੜੀ ਸਮੇਂ ਦੀ ਹਾਣੀ ਬਣਨ ਲਈ ਖੇਤੀ ਅਤੇ ਵਿਰਸੇ ਨਾਲੋਂ ਦੂਰ ਹੋ ਰਹੀ ਗਈ । ਹਾਲੀ, ਪਾਲੀ, ਪੰਜਾਲੀ ਅਤੇ ਸੁਆਣੀ ਤੋਂ ਦੂਰ ਚਲੀ ਗਈ ਹੈ। ਸਾਡੇ ਵਿਰਸੇ ਵਿੱਚੋਂ ਟੁੱਟੇ ਸਾਂਝੇ ਪਰਿਵਾਰਾਂ ਨੇ ਸ਼ਾਨਾਂਮਈ ਵਿਰਸੇ, ਸਭਿਆਚਾਰ ਖੁਸ਼ਹਾਲੀ ਅਤੇ ਕਿਸਾਨੀ ਨੂੰ ਮੈਲਾ ਕੀਤਾ ਹੈ। ਅਗਲੀ ਪੀੜ੍ਹੀ ਸਾਂਝੇ ਪਰਿਵਾਰਾਂ ਪ੍ਰਤੀ, ਕਿਸਾਨੀ ਪਿਛੋਕੜ ਪ੍ਰਤੀ ਅਤੇ ਵਿਰਸੇ ਬਾਰੇ ਹੈਰਾਨੀ ਪ੍ਰਗਟ ਕਰਦੀ ਹੋਈ ਸਾਹਿਤ ਵਿੱਚ ਪੜ੍ਹਿਆ ਕਰੇਗੀ। ਇਸ ਤੋਂ ਇਲਾਵਾ ਸਾਂਝੇ ਪ੍ਰੀਵਾਰ ਦੇ ਟੁੱਟਣ ਕਰਕੇ ਖੇਤੀ ਰਾਹੀ ਸਿਰਜਿਆ ਸੱਭਿਆਚਾਰ ਵੀ ਘਸਮੈਲਾ ਹੋ ਗਿਆ ਹੈ। ਸਾਂਝੇ ਪ੍ਰੀਵਾਰ ਟੁੱਟਣ ਦਾ ਕਾਰਣ ਈਰਖਾ ਅਤੇ ਲਾਲਚ ਬਣਿਆ। ਹੁਣ ਕੋਈ ਕਿਸੇ ਨੂੰ ਚੰਗੀ ਸਲਾਹ ਦੇਣ ਤੋਂ ਵੀ ਕਚਕਦਾ ਹੈ। ਇਸੇ ਲਈ ਸਮਾਜਿਕ ਕਦਰਾਂ ਕੀਮਤਾਂ ਵਿੱਚ ਗਿਰਾਵਟ ਆਈ। ਘਰੇਲੂ ਹਿੰਸਾ ਵੀ ਵਧੀ। ਘਰ ਵਿੱਚ ਦੂਜਾ ਬੰਦਾ ਨੇਕ ਸਲਾਹ ਵਾਲਾ ਹੀ ਨਹੀਂ ਰਿਹਾ। ਅੱਜ ਸ਼ਰੀਕੇ ਵਿੱਚ ਬੱਚੇ ਨੂੰ ਸਹੀ ਸਲਾਹ ਵੀ ਨਹੀਂ ਮਿਲ ਰਹੀ। ਮੁੱਕਦੀ ਗੱਲ ਇਹ ਹੈ ਕਿ ਸਾਂਝੇ ਪ੍ਰੀਵਾਰ ਸ਼ਰਮ ਹਯਾ ਦੇ ਮੁਜੱਸਮੇ ਹੁੰਦੇ ਸਨ ਜਿਸ ਕਰਕੇ ਸਭ ਤਰ੍ਹਾਂ ਦੀ ਸੁਰੱਖਿਆ ਦਾ ਆਨੰਦ ਸਾਂਝੇ ਪ੍ਰੀਵਾਰਾਂ ਵਿੱਚ ਮਾਣਿਆ ਜਾਂਦਾ ਸੀ।

# ਸ਼ਬਦਾਂ ਦਾ ਦਰਵੇਸ਼ : ਡਾ. ਸੁਰਜੀਤ ਪਾਤਰ

ਡਾ ਅਮਰਜੀਤ ਟਾਂਡਾ
ਸੰਪਰਕ+61 412913021



ਦੋ ਸਾਲ ਪਹਿਲਾਂ ਪੰਜਾਬੀ ਸਾਹਿਤ ਦੇ ਅਸਮਾਨ ਵਿੱਚੋਂ ਇੱਕ ਐਸਾ ਸਿਤਾਰਾ ਟੁੱਟਿਆ ਸੀ, ਜਿਸਦੀ ਰੌਸ਼ਨੀ ਅੱਜ ਵੀ ਪੰਜਾਬੀ ਰੂਹ ਦੇ ਆਕਾਸ਼ ਵਿੱਚ ਧੜਕਦੀ ਹੈ। ਡਾਕਟਰ ਸੁਰਜੀਤ ਪਾਤਰ ਸਿਰਫ਼ ਇੱਕ ਸ਼ਾਇਰ ਨਹੀਂ ਸਨ; ਉਹ ਸ਼ਬਦਾਂ ਦੇ ਉਹ ਦਰਵੇਸ਼ ਸੂਫ਼ੀ ਸੰਤ ਸਨ, ਜੋ ਅੱਖਰਾਂ ਨੂੰ ਅਰਦਾਸ ਬਣਾ ਦਿੰਦੇ ਸਨ।

ਪੰਜਾਬੀ ਰੂਹ ਦਾ ਚਾਨਣ, ਕਵਿਤਾ ਦੇ ਸਰੋਵਰ ਦਾ ਸ਼ਾਂਤ ਚੰਨ ਸੀ ਸੁਰਜੀਤ ਪਾਤਰ। ਅਸੀਂ ਤਕਰੀਬਨ ਲੁਧਿਆਣੇ ਅੱਧੀ ਸਦੀ ਇਕੱਠੇ ਰਹੇ ਸਾਂ। ਹਰ ਰੋਜ਼ ਚਾਹ ਉਤੇ ਤੇ ਹਰ ਸ਼ਾਮ ਨੂੰ...ਵੇਲੇ ਵੀ ਤਕਰੀਬਨ ਮਿਲਦੇ ਹੀ ਰਹਿੰਦੇ ਸਾਂ।

ਉਹਨਾਂ ਦੀ ਕਵਿਤਾ ਕਦੇ ਧੁੱਪ ਵਾਂਗ ਮੱਥੇ ਨੂੰ ਚੁੰਮਦੀ ਸੀ, ਕਦੇ ਬਰਗਦ ਦੀ ਛਾਂ ਵਾਂਗ ਥੱਕੇ ਮਨ ਨੂੰ ਢਕ ਲੈਂਦੀ ਸੀ, ਤੇ ਕਦੇ ਦਰਿਆ ਦੀ ਲਹਿਰ ਬਣ ਕੇ ਅੰਦਰਲੇ ਸੁੱਕੇ ਕੰਢਿਆਂ ਨੂੰ ਛੂਹ ਜਾਂਦੀ ਸੀ।

ਪਾਤਰ ਸਾਹਿਬ ਦੀ ਸ਼ਖ਼ਸੀਅਤ ਇੱਕ ਅਜਿਹੇ ਦੀਵੇ ਵਰਗੀ ਸੀ ਜੋ ਆਪ ਜਗ ਸੜ ਕੇ ਹੋਰਾਂ ਨੂੰ ਰੌਸ਼ਨੀ ਦਿੰਦਾ ਰਿਹਾ।





ਉਹਨਾਂ ਦੀ ਆਵਾਜ਼ ਵਿੱਚ ਮਿੱਟੀ ਦੀ ਖੁਸ਼ਬੂ ਸੀ, ਬੋਲਾਂ ਵਿੱਚ ਚੰਨਣ ਦੀ ਨਰਮੀ, ਅਤੇ ਵਿਚਾਰਾਂ ਵਿੱਚ ਗੁਰੂਆਂ ਦੀ ਬਾਣੀ ਵਾਲੀ ਡੂੰਘਾਈ।

ਉਹ ਪੰਜਾਬੀ ਬੋਲੀ ਦੇ ਉਹ ਸੁਨਹਿਰੀ ਮੋਰ ਸਨ ਜੋ ਦਰਦ ਦੀਆਂ ਘਟਾਵਾਂ ਨੂੰ ਵੇਖ ਕੇ ਨੱਚਦੇ ਸਨ ਅਤੇ ਮਨੁੱਖਤਾ ਦੇ ਰੇਤਲੇ ਮੈਦਾਨ ਵਿੱਚ ਸ਼ਬਦਾਂ ਦੀ ਵਰਖਾ ਕਰਦੇ ਸਨ।

ਉਹਨਾਂ ਦੀ ਕਵਿਤਾ ਕੋਈ ਸਿਆਹੀ ਨਾਲ ਲਿਖੀ ਲਕੀਰ ਨਹੀਂ ਸੀ; ਉਹ ਤਾਂ ਸਮੇਂ ਦੇ ਮੱਥੇ ਉੱਤੇ ਰੱਖਿਆ ਗਿਆ ਠੰਡਾ ਹੱਥ ਸੀ।

ਜਦੋਂ ਦੁਨੀਆਂ ਸਵਾਰਥ ਦੇ ਕੱਚੇ ਘਰਾਂ ਵਿੱਚ ਕੈਦ ਹੋ ਰਹੀ ਸੀ, ਤਦ ਪਾਤਰ ਸਾਹਿਬ ਮਨੁੱਖਤਾ ਦੇ ਖੁੱਲ੍ਹੇ ਦਰਵਾਜ਼ਿਆਂ ਦੀ ਗੱਲ ਕਰਦੇ ਰਹੇ।

ਉਹਨਾਂ ਦੇ ਸ਼ਬਦ ਕਦੇ ਗ਼ਜ਼ਲ ਤੇ ਕਦੇ ਨਜ਼ਮ ਵਾਰਤਕ ਬਣ ਕੇ ਅੰਦਰ ਉਤਰਦੇ, ਕਦੇ ਮਾਂ ਦੀ ਲੋਰੀ ਵਾਂਗ ਮਨ ਨੂੰ ਝੁਲਾਉਂਦੇ, ਤੇ ਕਦੇ ਕਿਸਾਨ ਦੇ ਪਸੀਨੇ ਵਾਂਗ ਧਰਤੀ ਦੀ ਸੱਚਾਈ ਬਿਆਨ ਕਰਦੇ।

ਡਾਕਟਰ ਸੁਰਜੀਤ ਪਾਤਰ ਇੱਕ ਐਸੇ ਬਿਰਖ਼ ਸਨ ਜਿਸਦੀ ਛਾਂ ਹੇਠ ਪੰਜਾਬੀ ਸਾਹਿਤ ਨੇ ਸਾਹ ਲਿਆ। ਉਹਨਾਂ ਦੀ ਨਿਮਰਤਾ ਸਮੁੰਦਰ ਵਰਗੀ ਡੂੰਘੀ ਸੀ-ਚੁੱਪ ਪਰ ਅਸੀਮ।

ਉਹਨਾਂ ਦੇ ਚਿਹਰੇ ਉੱਤੇ ਸਦਾ ਇੱਕ ਅਜਿਹੀ ਸ਼ਾਂਤੀ ਵਸਦੀ ਸੀ ਜਿਵੇਂ ਕਿਸੇ ਝੀਲ ਵਿੱਚ ਸੁਬਹ ਦੀ ਪਹਿਲੀ ਕਿਰਣ ਝਲਕਦੀ ਹੋਵੇ। ਉਹ ਬੋਲਦੇ ਘੱਟ ਸਨ, ਪਰ ਉਹਨਾਂ ਦੀ ਚੁੱਪ ਵੀ ਕਵਿਤਾ ਲੱਗਦੀ ਸੀ।

ਅੱਜ ਜਦੋਂ ਉਹ ਸਰੀਰਕ ਤੌਰ 'ਤੇ ਸਾਡੇ ਵਿਚ ਨਹੀਂ, ਤਦ ਵੀ ਉਹਨਾਂ ਦੀਆਂ ਕਵਿਤਾਵਾਂ ਹਵਾ ਵਿੱਚ ਉੱਡਦੀਆਂ ਚਿੜੀਆਂ ਵਾਂਗ ਲੋਕਾਂ ਦੇ ਦਿਲਾਂ 'ਚ ਆਲ੍ਹਣੇ ਬਣਾ ਰਹੀਆਂ ਹਨ। ਕੁਝ ਲੋਕ ਅੰਤਿਮ ਸਾਹਾਂ ਬਾਦ ਵੀ ਖਤਮ ਨਹੀਂ ਹੁੰਦੇ; ਉਹ ਸਮੇਂ ਦੀ ਰੂਹ ਵਿੱਚ ਰਲ ਜਾਂਦੇ ਹਨ।

ਪਾਤਰ ਸਾਹਿਬ ਵੀ ਹੁਣ ਕਿਸੇ ਕਿਤਾਬ ਦੇ ਸਫ਼ੇ ਤੱਕ ਸੀਮਿਤ ਨਹੀਂ ਰਹੇ ਉਹ ਪੰਜਾਬ ਪੰਜਾਬੀ ਪੰਜਾਬੀਅਤ ਦੇ ਸਾਹਾਂ ਵਿੱਚ ਵਸਦੇ ਹਨ। ਉਹਨਾਂ ਦਾ ਜਾਣਾ ਐਸਾ ਸੀ ਜਿਵੇਂ ਕਿਸੇ ਦਰਿਆ ਵਿੱਚੋਂ ਅਚਾਨਕ ਸੁਰ ਲਾਪਤਾ ਹੋ ਜਾਵੇ, ਜਿਵੇਂ ਬਾਗ ਵਿੱਚੋਂ ਕੋਇਲ ਦੀ ਕੂਕ ਚੁੱਪ ਹੋ ਜਾਵੇ, ਜਿਵੇਂ ਕਿਸੇ ਦਰਵੇਸ਼ ਦੀ ਦੁਆ ਅਸਮਾਨ ਵੱਲ ਉੱਡ ਕੇ ਖਾਮੋਸ਼ ਹੋ ਜਾਵੇ। ਪਰ ਸੱਚ ਇਹ ਹੈ ਕਿ ਵੱਡੇ ਉਚੇ ਸ਼ਾਇਰ ਕਦੇ ਨਹੀਂ ਮਰਦੇ। ਉਹ ਲੋਕਾਂ ਦੀ ਯਾਦ, ਭਾਸ਼ਾ ਅਤੇ ਭਾਵਨਾਵਾਂ ਵਿੱਚ ਧੜਕਦੇ ਹੀ ਰਹਿੰਦੇ ਹਨ।

ਡਾਕਟਰ ਸੁਰਜੀਤ ਪਾਤਰ ਪੰਜਾਬੀ ਸਾਹਿਤ ਦੇ ਮੱਥੇ ਦਾ ਉਹ ਤਿਲਕ ਸਨ, ਜੋ ਸਮੇਂ ਦੀਆਂ ਹਨ੍ਹੇਰੀਆਂ ਵੀ ਮਿਟਾ ਨਹੀਂ ਸਕਦੀਆਂ। ਉਹ ਇੱਕ ਕਵੀ ਨਹੀਂ, ਇੱਕ ਕਵਿਤਾ ਯੁੱਗ ਸਨ ਅਤੇ ਕੁਝ ਯੁੱਗ ਕੈਲੰਡਰਾਂ ਨਾਲ ਨਹੀਂ ਮੁੱਕਦੇ।

*-ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ*

# ਡੀ.ਡੀ. ਪੰਜਾਬੀ ਦੇ ਸਾਹਿਤਕ ਪ੍ਰੋਗਰਾਮ

ਪ੍ਰੋ. ਕੁਲਬੀਰ ਸਿੰਘ



ਬੀ.ਬੀ.ਸੀ. ਦੀ ਨਾਟਕ ਸ਼ਾਖਾ ਦੀ ਸਾਬਕਾ ਮੁਖੀ ਮਾਰਟਿਨ ਐਸਲਿਨ ਨੇ ਆਪਣੀ ਪੁਸਤਕ 'ਐਨਾਟਮੀ ਆਫ਼ ਡਰਾਮਾ' ਵਿਚ ਪ੍ਰਗਟਾਵਾ ਕੀਤਾ ਕਿ ਸਾਹਿਤ ਦੀ ਟੈਲੀਵਿਜ਼ਨ ਨੂੰ ਵੱਡੀ ਦੇਣ ਹੈ ਪਰੰਤੂ ਬਦਲੇ ਵਿਚ ਟੈਲੀਵਿਜ਼ਨ ਨੇ ਸਾਹਿਤ ਨੂੰ ਪ੍ਰਫੁੱਲਤ ਕਰਨ ਵਿਚ ਵੱਡਾ ਯੋਗਦਾਨ ਨਹੀਂ ਪਾਇਆ। ਇਹ ਗੱਲ ਪੰਜਾਬੀ ਸਾਹਿਤ ਅਤੇ ਪੰਜਾਬੀ ਟੈਲੀਵਿਜ਼ਨ 'ਤੇ ਵੀ ਇੰਨ-ਬਿੰਨ ਢੁੱਕਦੀ ਹੈ। ਪਰੰਤੂ ਇਸ ਸਿਲਸਿਲੇ ਵਿਚ ਦੂਰਦਰਸ਼ਨ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਦੂਰਦਰਸ਼ਨ ਦੇ ਸਾਹਿਤਕ ਪ੍ਰੋਗਰਾਮਾਂ ਅਤੇ ਲੜੀਵਾਰ ਨਾਟਕਾਂ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਲੋਕਾਂ ਤੱਕ ਲੈ ਕੇ ਜਾਣ ਵਿਚ ਅਹਿਮ ਭੂਮਿਕਾ ਅਦਾ ਕੀਤੀ ਹੈ। ਪੰਜਾਬੀ ਦੀਆਂ ਚੋਣਵੀਆਂ ਸਾਹਿਤਕ ਰਚਨਾਵਾਂ ਨੂੰ ਨਾਟਕੀ ਰੂਪ ਵਿਚ ਜਨ-ਸਮੂਹ ਤੱਕ ਪਹੁੰਚਾ ਕੇ ਲੋਕਾਂ ਨੂੰ ਸਾਹਿਤਕ ਚੇਟਕ ਲਾਉਣ ਵਿਚ ਮੋਹਰੀ ਭੂਮਿਕਾ ਨਿਭਾਈ ਹੈ।

ਦੂਰਦਰਸ਼ਨ ਜਲੰਧਰ ਹਰੇਕ ਸਾਲ 50 ਦੇ ਕਰੀਬ ਪੰਜਾਬੀ ਨਾਟਕ ਪ੍ਰਸਾਰਿਤ ਕਰਦਾ ਰਿਹਾ ਹੈ। ਹਰੇਕ ਹਫ਼ਤੇ ਦੋ ਨਾਟਕ ਵਿਖਾਏ ਜਾਂਦੇ ਸਨ। ਕਈ ਵਾਰ ਇਹ ਗਿਣਤੀ ਚਾਰ ਤੱਕ ਪਹੁੰਚ ਜਾਂਦੀ ਸੀ। ਇਹ ਉਹ ਸਮਾਂ ਸੀ ਜਦ ਸਾਹਿਤਕ ਪ੍ਰੋਗਰਾਮਾਂ ਦਾ ਬੋਲਬਾਲਾ ਸੀ ਅਤੇ ਦਰਸ਼ਕ ਹਰੇਕ ਹਫ਼ਤੇ ਸਾਹਿਤਕ ਪ੍ਰੋਗਰਾਮਾਂ ਅਤੇ ਲੜੀਵਾਰ ਨਾਟਕਾਂ ਦੀ ਬੇਸਬਰੀ ਨਾਲ ਉਡੀਕ ਕਰਿਆ ਕਰਦੇ ਸਨ।

ਸਮਾਂ ਬਦਲ ਗਿਆ ਹੈ। ਟੈਲੀਵਿਜ਼ਨ ਪ੍ਰੋਗਰਾਮਾਂ ਦੀ ਰੂਪ-ਰੇਖਾ ਅਤੇ ਮੁੰਹ-ਮੁਹਾਂਦਰਾ ਤਬਦੀਲ ਹੋ ਗਿਆ ਹੈ। ਸਮਾਰਟ ਫ਼ੋਨ ਅਤੇ ਸੋਸ਼ਲ ਮੀਡੀਆ ਨੇ ਲੋਕਾਂ ਦੇ ਸੁਹਜ-ਸੁਆਦ ਅਤੇ ਸਮੇਂ ਨੂੰ ਵੱਡੀ ਢਾਹ ਲਾਈ ਹੈ। ਬੀਤੇ ਇਕ ਦੋ ਦਹਾਕਿਆਂ ਦੌਰਾਨ ਭਾਰਤੀ ਟੈਲੀਵਿਜ਼ਨ ਨੇ ਕਈ ਰੰਗ ਵੇਖੇ ਹਨ। ਅਜਿਹੀ ਉਥਲ ਪੁਥਲ ਦੇ ਬਾਵਜੂਦ ਡੀ.ਡੀ. ਪੰਜਾਬੀ ਨੇ ਸਾਹਿਤਕ ਪ੍ਰੋਗਰਾਮਾਂ ਦੇ ਵਜੂਦ ਨੂੰ ਬਚਾ ਕੇ ਰੱਖਿਆ ਹੈ।

ਨਿਰਮਾਤਾ ਨਿਰਦੇਸ਼ਕ ਸ੍ਰੀ ਪੰਕਜ ਦੀ ਦੇਖ-ਰੇਖ ਅਧੀਨ ਪੰਜਾਬੀ, ਹਿੰਦੀ ਅਤੇ ਉਰਦੂ ਦੇ ਸਾਹਿਤਕ ਪ੍ਰੋਗਰਾਮ ਨਿਰੰਤਰ ਜਾਰੀ ਹਨ। ਸ਼ਬਦ ਲੋਕ (ਪੰਜਾਬੀ) ਮਹੀਨੇ ਵਿਚ ਤਿੰਨ ਵਾਰ ਪੇਸ਼ ਕੀਤਾ ਜਾਂਦਾ ਹੈ। ਰਚਨਾ (ਹਿੰਦੀ) ਅਤੇ ਅਦਬ (ਉਰਦੂ) ਮਹੀਨੇ ਵਿਚ ਦੋ ਵਾਰ ਪ੍ਰਸਾਰਿਤ ਹੁੰਦੇ ਹਨ। ਕਵੀ ਦਰਬਾਰ (ਪੰਜਾਬੀ) ਮਹੀਨੇ ਵਿਚ ਇਕ ਵਾਰ, ਕਵੀ ਗੋਸ਼ਟੀ (ਹਿੰਦੀ) ਅਤੇ ਉਰਦੂ ਮੁਸ਼ਾਇਰਾ ਤਿੰਨ ਮਹੀਨੇ ਵਿਚ ਇਕ ਵਾਰ ਪੇਸ਼ ਕੀਤੇ ਜਾਂਦੇ ਹਨ। ਗੱਲਾਂ ਤੇ ਗੀਤ ਅਤੇ ਉਮਰਾਂ ਦੇ ਪੈਂਡੇ ਜਿਹੇ ਪ੍ਰੋਗਰਾਮਾਂ ਵਿਚ ਵੀ ਕਦੇ ਕਦਾਈਂ ਸਾਹਿਤਕਾਰਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

ਸਾਹਿਤ ਅਤੇ ਮੀਡੀਆ ਦਾ ਮਨੋਰਥ ਇਕੋ ਜਿਹਾ ਹੈ। ਦੋਵੇਂ ਸੰਚਾਰ, ਸੂਚਨਾ, ਸਿੱਖਿਆ, ਸੁਹਜ ਅਤੇ ਮਨੋਰੰਜਨ ਦੇ ਮਾਧਿਅਮ ਰਾਹੀਂ ਲੋਕਾਂ ਨੂੰ ਜਾਗ੍ਰਿਤ ਕਰਦੇ ਹਨ। ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ ਅਤੇ ਸੋਸ਼ਲ ਮੀਡੀਆ ਜਿੱਥੇ ਖ਼ਬਰਾਂ ਅਤੇ ਵਿਚਾਰਾਂ ਨੂੰ ਜਨ-ਸਮੂਹ ਤੱਕ ਪਹੁੰਚਾਉਂਦੇ ਹਨ ਉੱਥੇ ਸਾਹਿਤ ਮਨੁੱਖੀ ਭਾਵਨਾਵਾਂ ਅਤੇ ਅਨੁਭਵਾਂ ਨੂੰ ਅਭਿਵਿਅਕਤ ਕਰਦਾ ਹੈ। ਮੀਡੀਆ ਅਤੇ ਸਾਹਿਤ ਇਕ ਦੂਜੇ ਦੇ ਪੂਰਕ ਹਨ। ਜੇਕਰ ਦੋਵੇਂ ਪ੍ਰਸਾਰ ਆਦਾਨ-ਪ੍ਰਦਾਨ ਦੀ ਨੀਤੀ 'ਤੇ ਚੱਲਣ ਤਾਂ ਨਤੀਜੇ ਹੋਰ ਬਿਹਤਰ, ਹੋਰ ਸੁਖਾਵੇਂ ਹੋ ਸਕਦੇ ਹਨ।

ਦੂਰਦਰਸ਼ਨ ਜਲੰਧਰ ਨੇ ਇਸ ਦਿਸ਼ਾ ਵਿਚ ਬਹੁਤ ਕੰਮ ਕੀਤਾ ਹੈ। ਅੰਮ੍ਰਿਤਸਰ ਵਿਖੇ 1973 ਵਿਚ ਆਰੰਭ ਹੋਏ ਦੂਰਦਰਸ਼ਨ ਨੂੰ ਜਦ 1979 ਵਿਚ ਜਲੰਧਰ ਪ੍ਰਸਥਾਨ ਕਰ ਦਿੱਤਾ ਗਿਆ ਤਾਂ ਸਮੇਂ-ਸਮੇਂ ਰਹੇ ਕੇਂਦਰ ਨਿਰਦੇਸ਼ਕਾਂ ਅਤੇ ਪ੍ਰੋਡਿਊਸਰਾਂ ਦੀ ਟੀਮ ਨੇ ਸਖ਼ਤ ਮਿਹਨਤ ਅਤੇ ਲਗਨ ਨਾਲ ਵੱਖ-ਵੱਖ ਭਾਂਤ ਦੇ ਸਾਹਿਤਕ ਪ੍ਰੋਗਰਾਮਾਂ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਦਰਸ਼ਕਾਂ ਦੇ ਜ਼ਿਹਨਾਂ ਵਿਚ ਅੱਜ ਵੀ ਉਨ੍ਹਾਂ ਪ੍ਰੋਗਰਾਮਾਂ ਨੂੰ ਯਾਦ ਤਾਜ਼ਾ ਹੈ।

ਉਸੇ ਮਾਹੌਲ, ਉਸੇ ਕੋਸ਼ਿਸ਼ ਨੂੰ ਜਾਰੀ ਰੱਖਦਿਆਂ ਨਿਰਮਾਤਾ ਨਿਰਦੇਸ਼ਕ ਅਤੇ ਕਾਰਜਕਾਰੀ ਅਧਿਕਾਰੀ ਸ੍ਰੀ ਪੰਕਜ ਪਿਛਲੇ ਕਈ ਸਾਲਾਂ ਤੋਂ ਵੱਖ-ਵੱਖ ਤਰ੍ਹਾਂ ਦੇ ਸਾਹਿਤਕ ਪ੍ਰੋਗਰਾਮ ਪੇਸ਼ ਕਰ ਰਹੇ ਹਨ ਜਿਨ੍ਹਾਂ ਦਾ ਜ਼ਿਕਰ ਉੱਪਰ ਕੀਤਾ ਗਿਆ ਹੈ।


ਪੰਜਾਬੀ, ਹਿੰਦੀ, ਉਰਦੂ ਦੇ ਸ਼ਾਇਰ, ਨਾਵਲਕਾਰ, ਨਾਟਕਕਾਰ, ਕਹਾਣੀਕਾਰ ਸਭ ਸ਼ਬਦ ਲੋਕ, ਰਚਨਾ, ਅਦਬ, ਕਵੀ ਦਰਬਾਰ, ਕਵੀ ਗੋਸ਼ਟੀ ਅਤੇ ਮੁਸ਼ਾਇਰਾ ਪ੍ਰੋਗਰਾਮਾਂ ਵਿਚ ਸ਼ਾਮਿਲ ਹੋਣਾ ਚਾਹੁੰਦੇ ਹਨ। ਜਦ ਮੈਂ ਸ੍ਰੀ ਪੰਕਜ ਨੂੰ ਪੁੱਛਿਆ ਕਿ ਉਰਦੂ ਪ੍ਰੋਗਰਾਮਾਂ ਲਈ ਮਾਹਿਰਾਂ ਅਤੇ ਸਾਹਿਤਕਾਰਾਂ ਦੀ ਮੁਸ਼ਕਲ ਨਹੀਂ ਆਉਂਦੀ ਤਾਂ ਉਨ੍ਹਾਂ ਦਾ ਜਵਾਬ ਸੀ-ਬਿਲਕੁਲ ਨਹੀਂ। ਉਹ ਬੜੇ ਉਤਸ਼ਾਹ ਅਤੇ ਦਿਲਚਸਪੀ ਨਾਲ ਪ੍ਰੋਗਰਾਮਾਂ ਵਿਚ ਸ਼ਮੂਲੀਅਤ ਲਈ ਪੁੱਜਦੇ ਹਨ।

ਉਪਰੋਕਤ ਸਾਰੇ ਪ੍ਰੋਗਰਾਮਾਂ ਦੇ ਪਿਛੋਕੜ ਦ੍ਰਿਸ਼ ਬੜੇ ਸੁਹਜ-ਭਰੇ, ਬੜੇ ਅਰਥ-ਭਰਪੂਰ ਅਤੇ ਆਕਰਸ਼ਕ ਹੁੰਦੇ ਹਨ ਜਿਹੜੇ ਪ੍ਰੋਗਰਾਮ ਦਾ ਮਿਆਰ ਸਿਖਰ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਆਰੰਭ ਤੋਂ ਅੰਤ ਤੱਕ ਸੰਬੰਧਤ ਭਾਸ਼ਾ ਦੇ ਸਿਰਕੱਢ ਸਾਹਿਤਕਾਰਾਂ ਦੀਆਂ ਤਸਵੀਰਾਂ ਦਿਖਾਉਣੀਆਂ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀਆਂ ਹਨ। ਆਰੰਭਕ ਸੰਗੀਤ-ਧੁਨ ਪ੍ਰੋਗਰਾਮ ਲਈ ਲੋੜੀਂਦਾ ਮਾਹੌਲ ਤਿਆਰ ਕਰ ਦਿੰਦੀ ਹੈ।

ਭਾਸ਼ਾ 'ਤੇ ਮਜ਼ਬੂਤ ਪਕੜ ਰੱਖਣ ਵਾਲੇ ਤਜ਼ਰਬੇਕਾਰ ਐਂਕਰ ਪ੍ਰੋਗਰਾਮਾਂ ਨੂੰ ਸਹਿਜ ਰੱਖਣ, ਗਹਿਰਾਈ ਪ੍ਰਦਾਨ ਕਰਨ ਅਤੇ ਮਿਆਰੀ ਬਣਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਬਤੌਰ ਨਿਰਮਾਤਾ ਨਿਰਦੇਸ਼ਕ ਅਤੇ ਕਾਰਜਕਾਰੀ ਅਧਿਕਾਰੀ ਸ੍ਰੀ ਪੰਕਜ ਸ਼ਬਦ ਲੋਕ, ਰਚਨਾ ਅਤੇ ਅਦਬ ਪ੍ਰੋਗਰਾਮਾਂ ਨੂੰ ਸੁਹਜ, ਸਹਿਜ ਅਤੇ ਮਿਆਰ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹਨ।

# ਆਸਟ੍ਰੇਲੀਆ ਦਾ ਅਦਭੁੱਤ ਪੇਲਿਕਨ ਟਾਈਮ ਸ਼ੋ

ਡਾ. ਸਤਿੰਦਰ ਪਾਲ ਸਿੰਘ



ਆਸਟ੍ਰੇਲੀਆ ਆਪਣੀ ਕੁਦਰਤੀ ਖੂਬਸੂਰਤੀ 'ਤੇ ਖੁਸ਼ਨੁਮਾ ਜੀਵਨ ਸ਼ੈਲੀ ਲਈ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਕੰਗਾਰੂ ਨੂੰ ਇੱਥੇ ਦਾ ਖਾਸ ਜਾਨਵਰ ਮੰਨਿਆ ਗਿਆ ਹੈ ਅਤੇ ਕੰਗਾਰੂਆਂ ਦਾ ਦੇਸ਼ ਵੀ ਕਿਹਾ ਜਾਂਦਾ ਹੈ। ਪਰ ਪੇਲਿਕਨ ਪੰਛੀ ਦਾ ਜੋ ਨਜਾਰਾ ਇੱਥੇ ਵੇਖਣ ਨੂੰ ਮਿਲਦਾ ਹੈ ਉਹ ਮਨ ਮੋਹ ਲੈਣ ਵਾਲਾ ਹੈ। ਪੇਲਿਕਨ ਇੱਕ ਬਹੁਤ ਵੱਡਾ ਜਲ ਪੰਛੀ ਹੈ ਜਿਸ ਦੀ ਲੰਬੀ ਚੁੰਝ ਅਤੇ ਚੁੰਝ ਦੇ ਨਾਲ ਹੀ ਹੇਠਾਂ ਬਣੀ ਹੋਈ ਇੱਕ ਵੱਡੀ ਚਮੜੀ ਵਾਲੀ ਥੈਲੀ ਉਸ ਨੂੰ ਖਾਸ ਬਣਾ ਦਿੰਦੀ ਹੈ। ਪੇਲਿਕਨ ਜਲ ਵਿੱਚ ਤੈਰ ਵੀ ਸਕਦਾ ਹੈ ਤੇ ਉਡਾਰੀ ਵੀ ਮਾਰ ਸਕਦਾ ਹੈ ਤੇ ਜ਼ਮੀਨ ਤੇ ਚਹਿਲ ਕਦਮੀ ਵੀ ਕਰ ਸਕਦਾ ਹੈ। ਇੱਕ ਵੱਡੇ ਪੰਛੀ ਦਾ ਤੈਰਦੇ ਹੋਏ ਤੇ ਨਾਲ ਹੀ ਉਡਾਰੀ ਮਾਰਦੇ ਹੋਏ ਵੇਖਣਾ ਇੱਕ ਅਭੁੱਲ ਅਨੁਭਵ ਹੈ ਜੋ ਕੁਦਰਤ ਦੇ ਵਿਸਮਾਦੀ ਰੂਪ ਦਾ ਨਿਵੇਕਲਾ ਪੱਖ ਦਰਸਾਉਂਦਾ ਹੈ।ਆਸਟ੍ਰੇਲੀਆ ਦਾ ਪ੍ਰਸਿੱਧ ਸ਼ਹਿਰ ਸਿਡਨੀ ਨਿਊ ਸਾਊਥ ਵੈਲਸ ਪ੍ਰਾਂਤ ਵਿੱਚ ਆਉਂਦਾ ਹੈ। ਸਿਡਨੀ ਵਿੱਚ ਹੀ ਵੇਖਣ ਲਈ ਬਹੁਤ ਥਾਵਾਂ ਹਨ , ਸਿਡਨੀ ਦੇ ਆਲੇ ਦੁਆਲੇ ਵੀ ਕਿਤਨੇ ਹੀ ਸੁੰਦਰ ਅਸਥਾਨ ਹਨ ਜਿਨ੍ਹਾਂ ਨੂੰ ਵੇਖਣਾ ਮਨ ਨੂੰ ਆਨੰਦ ਨਾਲ ਭਰ ਦਿੰਦਾ ਹੈ।ਸਿਡਨੀ ਤੋਂ ਲਗਭੱਗ ਸੌ ਕਿਲੋਮੀਟਰ ਦੂਰ ਇੱਕ ਛੋਟਾ ਸ਼ਹਿਰ ਹੈ ਜਿਸ ਨੂੰ ਦੀ ਐਂਟਰੇਂਸ ਕਿਹਾ ਜਾਂਦਾ ਹੈ।ਸਿਡਨੀ ਤੋਂ ਇੱਥੇ ਆਉਣ 'ਚ ਦੋ ਘੰਟੇ ਲੱਗ ਜਾਂਦੇ ਹਨ। ਇਹ ਸਾਊਥ ਕੋਸਟ ਵਿਚ ਸਥਿਤ ਇੱਕ ਮਸ਼ਹੂਰ ਟੂਰਿਸਟ ਸਥਾਨ ਹੈ। ਇੱਥੇ ਟੁਗਰਾਹ ਲੇਕ ਪ੍ਰਸ਼ਾਂਤ ਮਹਾਸਾਗਰ ਨਾਲ ਮਿਲਦੀ ਹੈ। ਇਹ ਸ਼ਹਿਰ ਤਿੰਨ ਦਿਸ਼ਾਵਾਂ ਤੋਂ ਜਲ ਨਾਲ ਘਿਰਿਆ ਹੋਇਆ ਹੈ ਅਤੇ ਟੁਗਰਾਹ ਲੇਖ ਵੱਲ ਖੁੱਲਦਾ ਹੈ। ਇਸ ਨੂੰ ਸਿਡਨੀ ਦਾ ਪ੍ਰਵੇਸ਼ ਦੁਆਰ ਵੀ ਕਿਹਾ ਜਾਂਦਾ ਹੈ ਤਾਂ ਹੀ ਇਸ ਦਾ ਨਾਮ ਦੀ ਐਂਟਰੈਂਸ ਪਿਆ ਹੈ।

ਸਿਡਨੀ ਤੋਂ ਦੀ ਐਂਟਰੇਂਸ ਆਉਣ ਦਾ ਖਾਸ ਮਕਸਦ ਪੇਲਿਕਨ ਵੇਖਣਾ ਹੁੰਦਾ ਹੈ।



ਸਿਡਨੀ ਤੋਂ ਦੀ ਐਂਟਰੇਂਸ ਆਉਣ ਦਾ ਮਾਰਗ ਕੁਦਰਤ ਦੇ ਭਿੰਨ ਭਿੰਨ ਰੰਗਾਂ ਨਾਲ ਭਰਿਆ ਹੋਇਆ ਹੈ। ਪੂਰੇ ਸਫ਼ਰ ਵਿੱਚ ਹਰ ਅਗਲਾ ਨਜਾਰਾ ਆਨੰਦ ਨਾਲ ਭਰ ਦਿੰਦਾ ਹੈ। ਸਾਫ ਸੁਥਰੀ ਚੌੜੀ ਸੜਕ , ਸੁਚੱਜਾ ਟ੍ਰੈਫਿਕ ਪੂਰੇ ਸਫ਼ਰ ਨੂੰ ਸੁਖਾਲਾ ਕਰ ਦਿੰਦਾ ਹੈ।ਦੀ ਐਂਟਰੈਂਸ ਸ਼ਹਿਰ ਵਿੱਚ ਆਉਂਦੀਆਂ ਹੀ ਇੱਕ ਸੁਖਦ ਅਹਿਸਾਸ ਹੁੰਦਾ ਹੈ। ਇਹ ਇੱਕ ਛੋਟਾ ਜਿਹਾ ਸ਼ਾਂਤ ਸ਼ਹਿਰ ਹੈ ਜਿਸ ਵਿੱਚ ਦਾਖਿਲ ਹੁੰਦੀਆਂ ਹੀ ਮਨ ਸੁਕੂਨ ਨਾਲ ਭਰ ਜਾਂਦਾ ਹੈ। ਛੋਟੀਆਂ ਛੋਟੀਆਂ ਦੁਕਾਨਾਂ ਹਨ ਜਿਨ੍ਹਾਂ ਵਿੱਚ ਟੂਰਿਸਟ ਸੈਂਟਰ ਹੋਣ ਕਾਰਨ ਰੈਸਟੋਰੈਂਟ ਜਿਆਦਾ ਹਨ। ਲੋਕਾਂ ਦੀ ਪਸੰਦ ਦੇ ਤਕਰੀਬਨ ਸਾਰੇ ਹੀ ਮਸ਼ਹੂਰ ਰੈਸਟੋਰੈਂਟ ਇੱਥੇ ਮਿਲ ਜਾਣਗੇ ਪਰ ਸ਼ਾਕਾਹਾਰੀ ਖਾਣਾ ਮਿਲਣਾ ਮੁਸ਼ਕਿਲ ਹੁੰਦਾ ਹੈ। ਇਨ੍ਹਾਂ ਵਿੱਚ ਹੀ ਪੁਰਾਤਨ ਸਮੇਂ ਦਾ ਬਣਿਆ ਹੋਇਆ ਪੋਸਟ ਆਫਿਸ ਵੀ ਹੈ ਜਿਸ ਦੀ ਇਮਾਰਤ ਨੂੰ ਵੇਖਣਾ ਸਥਾਨਕ ਸਭਿਆਚਾਰ ਨਾਲ ਜੁੜਨ ਦੀ ਦ੍ਰਿਸ਼ਟੀ ਦਿੰਦਾ ਹੈ।

ਦੀ ਐਂਟਰੈਂਸ ਆਉਣ ਵਾਲੇ ਜਿਆਦਾਤਰ ਲੋਕਾਂ ਦਾ ਮਕਸਦ ਪੇਲਿਕਨ ਵੇਖਣਾ ਹੀ ਹੁੰਦਾ ਹੈ। ਮੈਮੋਰੀਅਲ ਪਾਰਕ ਵਿੱਚ ਲੇਕ ਦੇ ਕਿਨਾਰੇ ਇੱਕ ਖਾਸ ਜਗਹ ਬਣਾਈ ਗਈ ਹੈ ਜਿੱਥੇ ਟੂਰਿਸਟ ਇਕੱਤਰ ਹੋਣਾ ਸ਼ੁਰੂ ਹੋ ਜਾਂਦੇ ਹਨ। ਇੱਥੇ ਪੇਲਿਕਨ ਵੇਖਣ ਦਾ ਸਮਾਂ ਹਰ ਬੁਧਵਾਰ , ਸ਼ਨਿੱਚਰ ਵਾਰ ਤੇ ਐਤਵਾਰ ਸ਼ਾਮ ਸਾਢੇ ਤਿੰਨ ਵਜੇ ਦਾ ਹੈ। ਇਸ ਨੂੰ ਪੇਲਿਕਨ ਟਾਈਮ ਵੀ ਕਿਹਾ ਜਾਂਦਾ ਹੈ। ਇਸ ਦਾ ਪ੍ਰਬੰਧ ਮੈਰੀਨ ਵਾਇਲਡ ਲਾਇਫ ਰੇਸਕਿਉ ਸੈਂਟ੍ਰਲ ਕੋਸਟ ਦੇ ਵਾਲੰਟੀਅਰ ਕਰਦੇ ਹਨ। ਇਕੱਤਰ ਹੋਏ ਲੋਕਾਂ ਨੂੰ ਮਾਈਕ੍ਰੋਫੋਨ ਰਾਹੀਂ ਪੇਲਿਕਨ ਪੰਛੀ ਬਾਰੇ ਸਾਰੀ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਜਾਣਕਾਰੀ ਦਾ ਮਕਸਦ ਲੋਗਾਂ ਅੰਦਰ ਪੇਲਿਕਨ ਪੰਛੀ ਬਾਰੇ ਜਾਗਰੂਕਤਾ ਪੈਦਾ ਕਰਨਾ, ਉਸ ਦੀ ਸੰਭਾਲ ਦੀ ਲੋੜ ਦਾ ਅਹਿਸਾਸ ਕਰਾਉਣਾ ਤੇ ਇੱਕ ਸਹਿਯੋਗੀ ਵਾਤਾਵਰਨ ਬਣਾਉਣਾ ਹੈ। ਇਸ ਤੋਂ ਬਾਅਦ ਵਾਲੰਟੀਅਰ ਪੇਲਿਕਨ ਪੰਛੀਆਂ ਨੂੰ ਇੱਕ ਖਾਸ ਪੇਸ਼ੇਵਰ ਢੰਗ ਨਾਲ ਪਾਣੀ ਤੋਂ ਬਾਹਰ ਬੁਲਾਉਂਦੇ ਹਨ। ਪੇਲਿਕਨਸ ਝੁੰਡਾਂ ਵਿੱਚ ਪਾਣੀ ਤੋਂ ਨਿਕਲ ਕੇ ਲੋਕਾਂ ਦੇ ਕੋਲ ਆ ਜਾਂਦੇ ਹਨ। ਇਹ ਨਜਾਰਾ ਬਹੁਤ ਹੀ ਸੁੰਦਰ ਹੁੰਦਾ ਹੈ। ਉਹ ਚਹਿਲਕਦਮੀ ਕਰਦੇ ਹਨ। ਮੈਰੀਨ ਵਾਇਲਡ ਲਾਇਫ ਰੈਸਕਿਉ ਦੇ ਵਾਲੰਟੀਅਰ ਖਾਸ ਖਿਆਲ ਰੱਖਦੇ ਹਨ ਕਿ ਲੋਗ ਪੇਲਿਕਨਸ ਦੇ ਜਿਆਦਾ ਨੇੜੇ ਨਾ ਜਾਣ , ਨਾਂ ਹੀ ਕੋਈ ਸ਼ੋਰ ਸ਼ਰਾਬਾ ਜਾਂ ਹਰਕਤ ਕਰਨ ਜਿਸ ਨਾਲ ਪੇਲਿਕਨਸ ਨੂੰ ਕੋਈ ਪਰੇਸ਼ਾਨੀ ਹੋਵੇ। ਪੇਲਿਕਨ ਨੂੰ ਕੁਝ ਖਾਣਾ ਦੇਣ ਤੋਂ ਵੀ ਵਰਜਿਆ ਜਾਂਦਾ ਹੈ। ਪੇਲਿਕਨ ਉੱਥੇ ਦੇ ਵਾਲੰਟੀਅਰਾਂ ਦੇ ਸੰਕੇਤ ਸਮਝਦੇ ਹਨ। ਸਿਰਫ ਉਨ੍ਹਾਂ ਦੇ ਸੰਕੇਤ ਤੇ ਹੀ ਪਾਣੀ ਤੋਂ ਬਾਹਰ ਆਉਂਦੇ ਹਨ। ਪੇਲਿਕਨ ਇਸ ਨਿੱਕੇ ਜਿਹੇ ਸ਼ਹਿਰ ਦੀ ਪਛਾਣ ਬਣ ਗਏ ਹਨ। ਸ਼ਹਿਰ ਵਿੱਚ ਆਏ ਲੋਗ ਪੇਲਿਕਨ ਟਾਈਮ ਦੀ ਉਡੀਕ ਬੇਸਬਰੀ ਨਾਲ ਕਰਦੇ ਹਨ ਤੇ ਸਮੇਂ ਤੋਂ ਪਹਿਲਾਂ ਹੀ ਅੱਗੇ ਜਾ ਕੇ ਬੈਠ ਜਾਂਦੇ ਹਨ ਤਾਂ ਜੋ ਪੇਲਿਕਨ ਨੂੰ ਨੇੜੇ ਤੋਂ ਵੇਖ ਸਕਣ।ਪੇਲਿਕਨ ਨੂੰ ਪਾਣੀ ਵਿਚ ਤੈਰਦੇ ਵੇਖਣਾ ਵੀ ਬਹੁਤ ਮਨਮੋਹਕ ਲੱਗਦਾ ਹੈ। ਉਡਾਰੀ ਮਾਰਦੀਆਂ ਪੰਖ ਖੋਲਣ ਨਾਲ ਇਸ ਦਾ ਆਕਾਰ ਬਹੁਤ ਵੱਡਾ ਹੋ ਜਾਂਦਾ ਹੈ। ਇਸ ਦਾ ਮੁੱਖ ਭੋਜਨ ਮੱਛੀ ਹੈ। ਜਲ ਵਿੱਚ ਰਹਿਣ ਵਾਲੇ ਅਨੇਕ ਜੀਵ ਸੁੰਦਰ ਹਨ। ਪਰ ਪੇਲਿਕਨ ਜਲ , ਥਲ , ਆਕਾਸ਼ ਤਿੰਨਾਂ ਦਾ ਜੀਵ ਹੋਣ ਕਾਰਨ ਆਪਣੀ ਖਾਸ ਮਹੱਤਤਾ ਰੱਖਦਾ ਹੈ। ਇਸ ਦਾ ਸੁੰਦਰ ਆਕਾਰ , ਰੂਪ ਰੰਗ ਵੇਖ ਕੇ ਟਿਕ ਗਈ ਨਜਰ ਹੱਟਦੀ ਹੀ ਨਹੀਂ ਹੈ। ਖਾਸ ਤੌਰ ਤੇ ਬੱਚੇ ਪੇਲਿਕਨ ਨੂੰ ਵੇਖ ਕੇ ਮੰਤਰ ਮੁਗਧ ਹੋ ਜਾਂਦੇ ਹਨ। ਬੱਚਿਆਂ ਲਈ ਨੇੜੇ ਹੀ ਪਾਰਕ ਬਣਿਆ ਹੋਇਆ ਹੈ ਜੋ ਭਰਿਆ ਹੀ ਰਹਿੰਦਾ ਹੈ। ਇਸ ਨਾਲ ਇੱਕ ਉਮੰਗ ਭਰਿਆ ਮਾਹੌਲ ਬਣ ਜਾਂਦਾ ਹੈ।



ਆਮ ਤੌਰ ਤੇ ਸਿਡਨੀ ਤੋਂ ਲੋਗ ਸਵੇਰੇ ਹੀ ਚੱਲ ਕੇ ਇਸ ਸ਼ਹਿਰ ਵਿੱਚ ਆ ਜਾਂਦੇ ਹਨ। ਲੇਕ ਦੇ ਕਿਨਾਰੇ ਕਿਨਾਰੇ ਕਈ ਪਾਰਕ ਹਨ ਜਿੱਥੇ ਪਿਕਨਿਕ ਮਨਾਉਂਦੇ ਲੋਗ ਨਜਰ ਆਉਂਦੇ ਹਨ। ਲੇਕ ਦੇ ਕਿਨਾਰੇ ਚੱਲਣ ਲਈ ਲੰਮਾ ਵਾਕ ਵੇ ਹੈ ਜਿਸ ਤੇ ਪੈਦਲ ਜਾਂ ਸਾਈਕਲ ਤੇ ਚੱਲਦਿਆਂ ਲੋਗ ਸੁਹਾਵਣੇ ਨਜਾਰਿਆਂ ਦਾ ਆਨੰਦ ਮਾਣਦੇ ਹਨ। ਸਿਡਨੀ ਜਿਹੇ ਵੱਡੇ ਸ਼ਹਿਰਾਂ ਵਿੱਚ ਰਹਿੰਦੀਆਂ ਜਿਸ ਸੁਖਾਲੇ ਪਲਾਂ ਦੀ ਘਾਟ ਕਦੇ ਮਹਿਸੂਸ ਹੁੰਦੀ ਹੋਵੇ ਉਹ ਇਸ ਸ਼ਹਿਰ ਵਿੱਚ ਆ ਕੇ ਪੂਰੀ ਹੋ ਜਾਂਦੀ ਹੈ। ਪੂਰਾ ਸ਼ਹਿਰ ਇੱਕ ਨਜਰ ਵਿੱਚ ਵੇਖਿਆ ਜਾ ਸਕਦਾ ਹੈ। ਦੀ ਐਂਟਰੇਂਸ ਸ਼ਹਿਰ ਇੱਕ ਸੁਪਨੇ ਜਿਹਾ ਲੱਗਦਾ ਹੈ। ਸਾਰਾ ਕੁੱਝ ਨੇੜੇ ਨੇੜੇ , ਜੀਵਨ ਜਿਵੇਂ ਸਿਮਟ ਜਿਹਾ ਗਿਆ ਹੋਵੇ। ਪਰ ਇਸ ਸ਼ਹਿਰ ਦੀ ਨਬਜ ਮੈਮੋਰੀਅਲ ਪਾਰਕ ਹੀ ਹੈ ਜੋ ਹਮੇਸ਼ਾ ਚਹਿਲ ਪਹਿਲ ਦਾ ਕੇਂਦਰ ਬਣਿਆ ਰਹਿੰਦਾ ਹੈ। ਬਾਹਰ ਤੋਂ ਆਉਣ ਵਾਲੇ ਲੋਗ ਆਮ ਤੌਰ ਤੇ ਮੈਮੋਰੀਅਲ ਪਾਰਕ ਤੋਂ ਹੀ ਆਪਣਾ ਦਿਨ ਆਰੰਭ ਕਰਦੇ ਹਨ।

ਵੈਸੇ ਤਾਂ ਸਿਡਨੀ ਆਪਣੇ ਆਪ ਵਿੱਚ ਦੁਨੀਆ ਦਾ ਇੱਕ ਬਹੁਤ ਖੂਬਸੂਰਤ ਸ਼ਹਿਰ ਹੈ ਪਰ ਜੇ ਇਸ ਖੂਬਸੂਰਤੀ ਦੇ ਆਨੰਦ ਨੂੰ ਹੋਰ ਨਿਖਾਰਨਾ ਹੋਵੇ ਤਾਂ ਦੀ ਐਂਟਰੇਂਸ ਜਰੂਰ ਜਾਣਾ ਚਾਹੀਦੇ। ਪੇਲਿਕਨ ਵੇਖਣਾ ਤਾਂ ਇੱਕ ਮਕਸਦ ਹੁੰਦਾ ਹੀ ਹੈ ਪਰ ਇਸ ਨਿੱਕੇ ਜਿਹੇ ਸਕੂਨ ਭਰੇ ਸ਼ਹਿਰ ਨੂੰ ਮਹਿਸੂਸ ਕਰਨਾ ਵੀ ਇੱਕ ਪ੍ਰਾਪਤੀ ਜਿਹਾ ਹੈ ਜਿਸ ਲਈ ਪੂਰਾ ਦਿਨ ਬਤੀਤ ਕਰਨਾ ਸਾਰਥਕ ਕਿਹਾ ਜਾ ਸਕਦਾ ਹੈ। ਜੇ ਸਿਡਨੀ ਤੋਂ ਆ ਰਹੇ ਹਾਂ ਤਾਂ ਖਾਣ ਪੀਣ ਦਾ ਸਮਾਨ ਨਾਲ ਲੈ ਕੇ ਚੱਲਣਾ ਸੁਵਿਧਾਜਨਕ ਰਹਿੰਦਾ ਹੈ।



*ਈ - 1716 , ਰਾਜਾ ਜੀ ਪੁਰਮ*
*ਲਖਨਊ - 226017*
*akaalpurkh.7@gmail.com*

# ਜਦੋਂ ਅਸੀਂ ਫੁੱਲਾਂ ਦੇ ਰੰਗਾਂ ਵਿੱਚ ਰੰਗੇ ਗਏ

ਉਜਾਗਰ ਸਿੰਘ

ਅਮਰੀਕ ਦੇ ਕੈਲੇਫ਼ੋਨੀਆਂ ਰਾਜ ਵਿੱਚ ਲਾਸ ਏਂਜਲਸ ਅਤੇ ਸੈਂਡੀਆਗੋ ਦੇ ਵਿਚਕਾਰ ਕਾਰਲਸਬੈਡ ਸ਼ਹਿਰ ਵਿੱਚ ਇੱਕ ਬਹੁਤ ਹੀ ਸੁੰਦਰ ਦਿਲ ਨੂੰ ਮੋਹਣ ਵਾਲਾ ਮਨਮੋਹਕ ਰੈਨਨਕਿਊਲਸ ਦੇ ਵਿਸ਼ਾਲ ਖੇਤ ਅਰਥਾਤ ਫਲਾਵਰ ਗਾਰਡਨ (ਫੁੱਲਾਂ ਦੇ ਖੇਤ) ਬਹੁ-ਰੰਗੇ ਫੁੱਲਾਂ ਦੀ ਮਹਿਕ ਦਾ ਕੇਂਦਰ ਬਿੰਦੂ ਬਣਿਆਂ ਹੋਇਆ ਹੈ। ਇਸ ਫੁੱਲਾਂ ਦੇ ਖੇਤ ਵਿੱਚ ਪੈਟੂਨੇਸੀਆ, ਸਟੀਵ ਪੀ, ਪੋਇਨਸੇਟੀਆ, ਆਰਕਿਡ, ਗੁਲਾਬੀ, ਪੀਲਾ, ਲਾਲ, ਚਿੱਟਾ, ਜਾਮਨੀ, ਪਪੀ, ਲਿਲੀ ਅਤੇ ਹੋਰ ਹਜ਼ਾਰਾਂ ਕਿਸਮਾਂ ਦੇ ਫੁੱਲਾਂ ਦੀਆਂ ਰੰਗਤਾਂ ਦੇਖ ਸਕਦੇ ਹੋ। ਇਸ ਫੁੱਲਾਂ ਦੇ ਖੇਤ ਵਿੱਚ ਸਤ ਕਰੋੜ ਵੱਖ-ਵੱਖ ਕਿਸਮ ਤੇ ਰੰਗਾਂ ਦੇ ਫੁੱਲ ਵੇਖਣ ਨੂੰ ਮਿਲਦੇ ਹਨ। ਅਮਰੀਕਾ ਦੇ ਕੈਲੇਫੋਰਨੀਆਂ ਰਾਜ ਦਾ ਹਰ ਵਸਿੰਦਾ ਅਤੇ ਸੈਰ ਸਪਾਟਾ ਕਰਨ ਵਾਲਾ ਵਿਅਕਤੀ ਇਸ ਕੁਦਰਤ ਦੀ ਗੋਦ ਵਿੱਚ ਬਣੇ ਫੁੱਲਾਂ ਦੇ ਬਾਗ ਦੀ ਸੁੰਦਰਤਾ ਦਾ ਨਜ਼ਾਰਾ ਲੈਣ ਲਈ ਜ਼ਰੂਰ ਪਹੁੰਚਦਾ ਹੈ। ਇਹ ਸੁੰਦਰ ਫੁੱਲਾਂ ਦਾ ਬਾਗ 55 ਏਕੜ ਥਾਂ ਵਿੱਚ ਬਣਿਆਂ ਹੋਇਆ ਹੈ, ਜਿਸਦੇ ਖੇਤਾਂ ਵਿੱਚ ਰੰਗ-ਬਰੰਗੇ ਫੁੱਲਾਂ ਦੀ ਚਾਦਰ ਵਿਛੀ ਹੋਈ ਹੈ। ਇਹ ਫੁੱਲਾਂ ਦੇ ਖੇਤ ਹਰ ਸਾਲ ਛੇ ਤੋਂ ਅੱਠ ਹਫਤਿਆਂ ਲਈ ਲੋਕਾਂ ਦੇ ਵੇਖਣ ਲਈ ਪਹਿਲੀ ਮਾਰਚ ਤੋਂ ਅੱਧ ਮਈ ਤੱਕ ਖੋਲ੍ਹੇ ਜਾਂਦੇ ਹਨ। ਹਰ ਰੋਜ਼ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਖੁਲ੍ਹਾ ਰਹਿੰਦਾ ਹੈ। ਭੀੜ ਇਤਨੀ ਹੁੰਦੀ ਹੈ ਕਿ ਬਾਗ ਵਿੱਚ ਦਾਖ਼ਲ ਹੋਣ ਲਈ ਅੱਧਾ ਘੰਟਾ ਇੰਤਜ਼ਾਰ ਕਰਨਾ ਪੈਂਦਾ ਹੈ। ਇਸ ਫੁੱਲਾਂ ਦੇ ਖੇਤ ਵਿੱਚ ਲੋਕਾਂ ਦੇ ਮਨੋਰੰਜਨ ਲਈ ਹਰ ਸੁਵਿਧਾ ਪ੍ਰਾਪਤ ਹੈ। ਇਥੇ ਸਾਰਾ ਦਿਨ ਗੀਤ ਸੰਗੀਤ ਦਾ ਪ੍ਰੋਗਰਾਮ ਵੀ ਬਦਲਵੇਂ ਸੰਗੀਤਕਾਰਾਂ ਵੱਲੋਂ ਸਾਰਾ ਦਿਨ ਕੀਤਾ ਜਾਂਦਾ ਹੈ। ਦਰਸ਼ਕ ਸੰਗੀਤ ਦੀਆਂ ਧੁਨਾਂ ਦੇ ਵਿੱਚ ਮਸਤ ਹੋ ਕੇ ਸਟੇਜ ਦੇ ਥੱਲੇ ਬਣੇ ਪਲੇਟਫਾਰਮ ਉਤੇ ਡਾਨਸ ਕਰਦੇ ਰਹਿੰਦੇ ਹਨ। ਭਾਵੇਂ ਇਸ ਮਨੋਰੰਜਨ ਦੇ ਪ੍ਰੋਗਰਾਮ ਵਿੱਚ ਵੱਖ-ਵੱਖ ਸਭਿਆਚਾਰਾਂ ਦੇ ਬੱਚੇ, ਨੌਜਵਾਨ ਅਤੇ ਬਜ਼ੁਰਗ ਦਰਸ਼ਕ ਸ਼ਾਮਲ ਹੁੰਦੇ ਹਨ, ਪ੍ਰੰਤੂ ਗੀਤ ਸੰਗੀਤ ਸਭਿਆਚਾਰ ਦੀਆਂ ਵਲੱਗਣਾ ਦਾ ਕੋਈ ਕੈਦੀ ਨਹੀਂ ਹੁੰਦਾ। ਸਾਰੇ ਦਰਸ਼ਕ ਸੰਗੀਤਕ ਧੁਨਾਂ ਵਿੱਚ ਮਸਤ ਹੋ ਕੇ ਆਨੰਦ ਲੈਂਦੇ ਹਨ ਤੇ ਧਾਰਮਿਕ ਕੰਧਾਂ ਨੂੰ ਵੀ ਤੋੜਦੇ ਹੋਏ ਨੱਚਦੇ ਟੱਪਦੇ ਹਨ। ਫਲਾਵਰ ਗਾਰਡਨ ਦੇ ਫੁੱਲਾਂ ਦੇ ਖੇਤਾਂ ਵਿੱਚ ਦਾਖਲ ਹੁੰਦਿਆਂ ਹੀ ਵੱਖ-ਵੱਖ ਤਰ੍ਹਾਂ ਦਿਆਂ ਫੁੱਲਾਂ ਦੀ ਖ਼ੁਸ਼ਬੋ ਮਨ ਨੂੰ ਮੰਤਰ ਮੁਗਧ ਕਰ ਦਿੰਦੀ ਹੈ। ਇਉਂ ਮਹਿਸੂਸ ਹੋਣ ਲੱਗਦਾ ਹੈ ਕਿ ਜਿਵੇਂ ਸਵਰਗ ਅਸਮਾਨ ਤੋਂ ਉਤਰਕੇ ਧਰਤੀ ਤੇ ਹੀ ਆ ਗਿਆ ਹੋਵੇ।

ਜਿਥੋਂ ਤੱਕ ਦੂਰ-ਦੂਰ ਨਜ਼ਰ ਜਾਂਦੀ ਹੈ, ਜ਼ਮੀਨ ਉਤੇ ਫੁੱਲਾਂ ਦੀ ਬਹੁ-ਰੰਗੀ ਦਰੀ ਵਿਛੀ ਹੋਈ ਵਿਖਾਈ ਦਿੰਦੀ ਹੈ, ਜਿਹੜੀ ਪੰਜਾਬੀ ਹੱਥ ਕਰਘੇ ਦੇ ਸਭਿਆਚਾਰ ਦੀ ਪ੍ਰਤੀਕ ਲੱਗਦੀ ਹੈ, ਕਿਉਂਕਿ ਉਸ ਫੁੱਲਾਂ ਦੀ ਦਰੀ ਵਿੱਚ ਪੰਜਾਬਣਾ ਵੱਲੋਂ ਦਰੀਆਂ ਤੇ ਪਾਏ ਵੇਲ ਬੂਟਿਆਂ ਦੀ ਤਰ੍ਹਾਂ ਫੁੱਲਾਂ ਦੇ ਖੇਤ ਵਿੱਚੋਂ ਮੋਰ, ਤੋਤੇ, ਚਿੜੀਆਂ, ਗੁਟਾਰਾਂ, ਅਨਾਰਾਂ, ਵੇਲ ਬੂਟਿਆਂ, ਪਸ਼ੂਆਂ ਅਤੇ ਪੰਛੀਆਂ ਦੀਆਂ ਰੰਗ-ਬਰੰਗੀਆਂ ਤਸਵੀਰਾਂ ਦੀ



ਫੁੱਲਾਂ ਦੀਆਂ ਕਤਾਰਾਂ ਅਤੇ ਲੇਖਕ ਆਪਣੀ ਪਤਨੀ ਨਾਲ

ਝਲਕ ਪੈਂਦੀ ਹੈ। ਹਰ ਰੋਜ਼ ਹਜ਼ਾਰਾਂ ਫੁੱਲਾਂ ਦੀ ਮਹਿਕ ਦੇ ਦੀਵਾਨੇ ਇਸ ਫਲਾਵਰ ਗਾਰਡਨ ਦਾ ਆਨੰਦ ਮਾਣਦੇ ਹਨ। ਲਵ ਵਰਲਡ ਖਾਸ ਕਰਕੇ ਨੌਜਵਾਨ ਲੜਕੇ-ਲੜਕੀਆਂ ਅਤੇ ਨਵੇਂ ਵਿਆਹੇ ਜੋੜੇ ਰੰਗ-ਬਿਰੰਗੀਆਂ ਤੇ ਚੁੜੀਆਂ ਤੇ ਪਹਿਰਾਵੇ ਪਹਿਨਕੇ ਫੁੱਲਾਂ ਦੀ ਮਹਿਕ ਦਾ ਲੁਤਫ਼ ਲੈਂਦੇ ਵਿਖਾਈ ਦਿੰਦੇ ਹਨ, ਕਿਉਂਕਿ ਪ੍ਰਬੰਧਕਾਂ ਨੇ ਫੁੱਲਾਂ ਦੇ ਖੇਤ ਨੂੰ ਕਈ ਬਲਾਕਾਂ ਵਿੱਚ ਵੰਡਿਆ ਹੋਇਆ ਹੈ। ਹਰ ਬਲਾਕ ਵਿੱਚ ਇੱਕ ਥਾਂ ਅਜਿਹੀ ਬਣਾਈ ਹੋਈ ਹੈ, ਜਿਥੇ ਜਾ ਕੇ ਲੋਕ ਆਪੋ-ਆਪਣੇ ਮੋਬਾਈਲਾਂ ਜਾਂ ਕੈਮਰਿਆਂ ਨਾਲ ਤਸਵੀਰਾਂ ਖਿੱਚ ਸਕਦੇ ਹਨ। ਲੋਕ ਅਨੁਸ਼ਾਸ਼ਨ ਵਿੱਚ ਰਹਿੰਦਿਆਂ ਆਪੋ-ਆਪਣੀ ਵਾਰੀ ਦੀ ਉਡੀਕ ਲਈ ਲਾਈਨ ਵਿੱਚ ਖੜ੍ਹ ਜਾਂਦੇ ਹਨ। ਮਜ਼ਾਲ ਹੈ ਕਿ ਕੋਈ ਲਾਈਨ ਤੋੜ ਦੇਵੇ ਤੇ ਖੇਤਾਂ ਵਿੱਚ ਵੜ੍ਹ ਜਾਵੇ। ਫੁੱਲਾਂ ਦੇ ਖੇਤ ਦੇ ਬਲਾਕਾਂ ਦੇ ਆਲੇ ਦੁਆਲੇ ਕੋਈ ਵਾੜ ਨਹੀਂ ਕੀਤੀ ਹੋਈ, ਸਿਰਫ ਪਲਾਸਟਿਕ ਦੀ ਪੱਟੀ ਲਗਾਈ ਹੋਈ ਹੈ। ਜਿਹੜੇ ਥਾਂ ਨਿਸਚਤ ਹਨ, ਉਥੇ ਹੀ ਦਰਸ਼ਕ ਜਾ ਸਕਦੇ ਤੇ ਜਾਂਦੇ ਹਨ। ਫੁੱਲਾਂ ਦੇ ਇਹ ਖੇਤ ਇਤਨੇ ਵੱਡੇ ਹਨ ਕਿ ਦਰਸ਼ਕ ਪੈਦਲ ਤੁਰ ਕੇ ਇੱਕ ਦਿਨ ਵਿੱਚ ਸਾਰੇ ਵੇਖ ਨਹੀਂ ਸਕਦੇ ਅਤੇ ਨਾ ਹੀ ਸਾਰੇ ਬਲਾਕਾਂ ਵਿੱਚ ਜਾ ਸਕਦੇ ਹਨ। ਇਨ੍ਹਾਂ ਬਲਾਕਾਂ ਦੇ ਆਲੇ ਦੁਆਲੇ ਟਰੈਕਟਰ ਲੰਘਣ ਲਈ ਕੱਚੇ ਰਸਤੇ ਛੱਡੇ ਹੋਏ ਹਨ। ਪ੍ਰਬੰਧਕਾਂ ਦੇ ਦਸ ਟਰੈਕਟਰ ਲਗਾਤਾਰ ਦਰਸ਼ਕਾਂ ਨੂੰ ਲਿਜਾਕੇ ਚੱਕਰ ਲਗਾਉਂਦੇ ਰਹਿੰਦੇ ਹਨ। ਇੱਕ ਟਰੈਕਟਰ ਵਿੱਚ ਵੀਹ ਵਿਅਕਤੀਆਂ ਦੇ ਬੈਠਣ ਲਈ ਸੀਟਾਂ ਬਣਾਈਆਂ ਹੋਈਆਂ ਹਨ। ਟਰੈਕਟਰ ਵਿੱਚ ਜਾ ਕੇ ਵੇਖਣ ਦਾ ਟਿਕਟ ਸੱਤ ਡਾਲਰ ਬਾਲਗਾਂ ਅਤੇ ਦਸ ਸਾਲ ਤੋਂ ਘੱਟ ਦੇ ਬੱਚਿਆਂ ਲਈ ਤਿੰਨ ਡਾਲਰਾਂ ਦਾ ਹੈ। ਟਰੈਕਟਰਾਂ ਤੇ ਜਾ ਕੇ ਵੇਖਣ ਦਾ ਪ੍ਰੋਗਰਾਮ ਵੀ ਫੂਲ ਪਰੂਫ ਹੈ। ਟਰੈਕਟਰ ਪਹਿਲੇ ਬਲਾਕ ਵਿੱਚ ਦਰਸ਼ਕਾਂ ਨੂੰ ਛੱਡ ਦਿੰਦਾ ਹੈ ਤੇ ਉਥੋਂ ਪਹਿਲਾਂ ਗਏ ਦਰਸ਼ਕਾਂ ਨੂੰ ਬਿਠਾਕੇ ਅਗਲੇ ਬਲਾਕ ਵਿੱਚ ਲੈ ਜਾਂਦਾ ਹੈ। ਇਸੇ ਤਰ੍ਹਾਂ ਅਗਲੇ ਬਲਾਕ ਵਿੱਚ ਛੱਡਕੇ ਪਹਿਲਾਂ ਪਹੁੰਚੇ ਹੋਇਆਂ ਨੂੰ ਉਸਤੋਂ ਅੱਗਲੇ ਬਲਾਕ ਵਿੱਚ ਲੈ ਜਾਂਦਾ ਹੈ। ਇਸ ਪ੍ਰਕਾਰ ਇਹ ਸਰਕਲ ਬਣਿਆਂ ਰਹਿੰਦਾ ਹੈ। ਭਾਵ ਦਰਸ਼ਕ ਹਰ ਬਲਾਕ ਦੇ ਫੁੱਲਾਂ ਦਾ ਆਨੰਦ ਮਾਣਦੇ ਹੋਏ ਆਪਣੀਆਂ ਤਸਵੀਰਾਂ ਖਿਚਵਾਉਂਦੇ ਰਹਿੰਦੇ ਹਨ। ਇਹ ਫੁੱਲਾਂ ਦਾ ਖੇਤ ਆਪਣੇ ਆਪ ਵਿੱਚ ਇੱਕ ਸ਼ਹਿਰ ਦੀ ਤਰ੍ਹਾਂ ਲੱਗਦਾ ਹੈ, ਕਿਉਂਕਿ ਇਸ ਵਿੱਚ ਹਰ ਸੁਵਿਧਾ ਪ੍ਰਾਪਤ ਹੁੰਦੀ ਹੈ। ਸ਼ਾਪਿੰਗ ਮਾਲਜ਼, ਮਨੋਰੰਜਨ ਪਾਰਕ, ਕੈਫ਼ੇ, ਰਿਜ਼ੋਰਟਸ ਅਤੇ ਰੈਸਟ ਰੂਮਜ਼ ਆਦਿ ਮੌਜੂਦ ਹਨ। ਪੰਜਾਬ ਦੇ ਮੇਲਿਆਂ ਦੀ ਤਰ੍ਹਾਂ ਰੌਣਕ ਹੁੰਦੀ ਹੈ, ਪ੍ਰੰਤੂ ਇਹ ਰੌਣਕ ਬੇਤਰਤੀਬੀ ਨਹੀਂ ਸਗੋਂ ਅਨੁਸ਼ਾਸ਼ਨ ਵਿੱਚ ਰਹਿੰਦੀ ਹੈ।

ਕਾਰਲਸਬੈਡ ਦੇ ਫੁੱਲਾਂ ਦੇ ਖੇਤਾਂ ਦੀ ਸ਼ੁਰੂਆਤ 1920 ਦੇ ਦਹਾਕੇ ਵਿੱਚ ਹੋਈ ਸੀ, ਜਦੋਂ ਸਥਾਨਕ ਮਾਲਕਾਂ ਨੇ ਇਸ ਖੇਤਰ ਨੂੰ ਵੱਖ-ਵੱਖ ਕਿਸਮਾਂ ਦੇ ਫੁੱਲ ਲਗਾਉਣ ਲਈ ਵਰਤਣਾ ਸ਼ੁਰੂ ਕੀਤਾ ਸੀ। ਇਸ ਖੇਤ ਦੀ ਖ਼ਾਸ ਗੱਲ ਇਹ ਹੈ ਕਿ ਇਹ ਹਰ ਸਾਲ ਸਿਰਫ਼ ਡੇਢ ਦੋ ਮਹੀਨੇ ਵਿੱਚ ਹੀ ਲੱਖਾਂ ਦਰਸ਼ਕਾਂ ਨੂੰ ਆਕਰਸ਼ਿਤ ਕਰਦਾ ਹੈ, ਲੋਕ ਇੱਥੇ ਆਉਂਦੇ ਹਨ ਰੰਗ-ਬਿਰੰਗੇ ਪੌਦਿਆਂ ਦੀ ਸੁੰਦਰਤਾ ਦੇਖਣ ਲਈ, ਇਥੇ ਆ ਕੇ ਹਰ ਵਿਅਕਤੀ ਇਤਨਾ ਮਸਤ ਹੋ ਜਾਂਦਾ ਹੈ ਕਿ ਉਹ ਸਾਰਾ ਕੁਝ ਭੁੱਲ ਭੁੱਲਾਕੇ ਮਾਨਸਿਕ ਤੌਰ ਤੇ ਸ਼ਾਂਤ ਚਿਤ ਹੋ ਜਾਂਦਾ ਹੈ। ਰੋਜ਼ ਮਰਾ੍ਹ ਦੀ ਦੁੱਖਾਂ, ਤਕਲੀਫਾਂ, ਸਮੱਸਿਆਵਾਂ ਅਤੇ ਰੁਝੇਵਿਆਂ ਭਰੀ ਜ਼ਿੰਦਗੀ ਤੋਂ ਨਿਜਾਤ ਮਿਲਦੀ ਹੈ। ਕਾਰਲਸਬੈਡ ਦੇ ਫੁੱਲਾਂ ਦੇ ਖੇਤ ਸਾਲਾਨਾ ਰੁਝਾਨ ਵਾਲਾ ਇੱਕ ਪ੍ਰਸਿੱਧ ਟੂਰਿਸਟ ਆਕਰਸ਼ਣ ਬਣ ਚੁੱਕੇ ਹਨ। ਫੁੱਲਾਂ ਦੇ ਖੇਤ ਪੂਰੀ ਤਰ੍ਹਾਂ ਖਿੜੇ ਹੁੰਦੇ ਹਨ। ਖਿੜ੍ਹੇ ਫੁੱਲਾਂ ਨੂੰ ਵੇਖਕੇ ਦਰਸ਼ਕਾਂ ਦੇ ਮਨ ਵੀ ਖਿੜ ਜਾਂਦੇ ਹਨ। ਇਹ ਫੁੱਲਾਂ ਦੇ ਖੇਤ ਪਰਿਵਾਰਾਂ, ਪਿਆਰਿਆਂ- ਦੁਲਾਰਿਆਂ, ਆਸ਼ਕਾਂ-ਮਸ਼ੂਕਾਂ, ਦੋਸਤਾਂ-ਮਿਤਰਾਂ ਅਤੇ ਫੋਟੋਗ੍ਰਾਫਰਾਂ ਲਈ ਵੀ ਬਹੁਤ ਹੀ ਉਤਸ਼ਾਹਜਨਕ ਰੋਮਾਂਟਿਕ ਥਾਂ ਹੈ। ਇਸ ਦੇ ਖਾਸ ਆਕਰਸ਼ਣਾਂ ਵਿੱਚ ਇੱਕ ਵੱਡਾ ਵਿਸ਼ਾਲ ਖੇਤ ਹੈ, ਜਿਸ ਵਿੱਚ ਫੁੱਲਾਂ ਦੀਆਂ ਕਤਾਰਾਂ ਦੀ ਲੰਮੀ ਲਾਈਨ ਹੁੰਦੀ ਹੈ, ਜੋ ਇੱਕ ਪੇਂਟਿੰਗ ਵਰਗੀ ਲੱਗਦੀ ਹੈ। ਨਾਲ ਹੀ, ਇੱਥੇ ਬੱਚਿਆਂ ਲਈ ਖਾਸ ਖੇਡਾਂ ਦੇ ਖੇਤਰ, ਕੈਫੇ ਅਤੇ ਸਥਾਨਕ ਕਲਾ ਦੇ ਪ੍ਰਦਰਸ਼ਨ ਵੀ ਹੁੰਦੇ ਹਨ। ਇਹ ਸਥਾਨ ਸਿਰਫ਼ ਸੁੰਦਰਤਾ ਹੀ ਨਹੀਂ, ਬਲਕਿ ਕਲਾ, ਪਰਿਵਾਰਿਕ ਯਾਤਰਾ ਅਤੇ ਕੁਦਰਤ ਨਾਲ ਜੁੜਨ ਦਾ ਇਕ ਸ਼ਾਨਦਾਰ ਮੌਕਾ ਦਿੰਦਾ ਹੈ।

ਕਾਰਲਸਬੈਡ ਦੇ ਫੁੱਲਾਂ ਦੇ ਖੇਤਾਂ ਵਿੱਚ ਮੇਰਾ ਯਾਦਗਾਰ ਦਿਨ-ਕੁਝ ਦਿਨ ਪਹਿਲਾਂ ਮੈਨੂੰ ਆਪਣੇ ਪਰਿਵਾਰ ਨਾਲ ਕੈਲੀਫੋਰਨੀਆ ਦੇ ਪ੍ਰਸਿੱਧ ਕਾਰਲਸਬੈਡ ਫਲਾਵਰ ਫੀਲਡਸ ਜਾਣ ਦਾ ਮੌਕਾ ਮਿਲਿਆ। ਇਹ ਸਥਾਨ ਆਪਣੀ ਕੁਦਰਤੀ ਸੁੰਦਰਤਾ ਅਤੇ ਰੰਗ-ਬਰੰਗੇ ਫੁੱਲਾਂ ਲਈ ਦੁਨੀਆ ਭਰ ਵਿੱਚ ਮਸ਼ਹੂਰ ਹੈ। ਅਸੀਂ ਉੱਥੇ ਪੂਰਾ ਦਿਨ ਬਿਤਾਇਆ ਅਤੇ ਇਹ ਮੇਰੇ ਜੀਵਨ ਦੇ ਸਭ ਤੋਂ ਖੂਬਸੂਰਤ ਅਨੁਭਵਾਂ ਵਿੱਚੋਂ ਇੱਕ ਬਣ ਗਿਆ। ਸਵੇਰੇ ਜਦੋਂ ਸਾਡਾ ਪਰਿਵਾਰ ਉੱਥੇ ਪਹੁੰਚਿਆ, ਤਾਂ ਠੰਡੀ ਹਵਾ ਅਤੇ ਸੂਰਜ ਦੀ ਨਰਮ ਰੌਸ਼ਨੀ ਨੇ ਸਾਡਾ ਸਵਾਗਤ ਕੀਤਾ। ਜਿਵੇਂ ਹੀ ਅਸੀਂ ਖੇਤਾਂ ਵਿੱਚ ਦਾਖਲ ਹੋਏ, ਸਾਨੂੰ ਹਰ ਪਾਸੇ ਰੰਗਾਂ ਦਾ ਸਮੁੰਦਰ ਦਿੱਸਿਆ। ਲਾਲ, ਪੀਲੇ, ਗੁਲਾਬੀ, ਜਾਮਨੀ ਅਤੇ ਸਫੈਦ ਫੁੱਲਾਂ ਦੀਆਂ ਕਤਾਰਾਂ ਬਿਲਕੁਲ ਨਵੀਂ ਵਿਆਹੀ ਦੁਲਹਨ ਦੀ ਤਰ੍ਹਾਂ ਸਜੀਆਂ ਹੋਈਆਂ ਸਨ, ਇਹ ਰੰਗ-ਬਿਰੰਗੀਆਂ ਫੁੱਲਾਂ ਦੀਆਂ ਕਤਾਰਾਂ ਕਿਸੇ ਚਿੱਤਰਕਾਰ ਦੀ ਕਲਾਕਾਰੀ ਦਾ ਨਮੂਨਾ ਲੱਗ ਰਹੀਆਂ ਸਨ। ਅਸੀਂ ਧੀਰੇ-ਧੀਰੇ ਖੇਤਾਂ ਵਿੱਚ ਤੁਰਦੇ ਹੋਇਆਂ ਹਰ ਫੁੱਲ ਦੀ ਖੂਬਸੂਰਤੀ ਦਾ ਆਨੰਦ ਲਿਆ। ਦਰਸ਼ਕ ਫੁੱਲਾਂ ਦੇ ਦੁਆਲੇ ਭੌਰਿਆਂ ਦੀ ਤਰ੍ਹਾਂ ਚੁਫੇਰੇ ਭਟਕਦੇ ਫਿਰਦੇ ਸਨ। ਕਈ ਥਾਵਾਂ 'ਤੇ ਲੋਕ ਫੋਟੋਆਂ ਖਿੱਚ ਰਹੇ ਸਨ ਅਤੇ ਹਰ ਕੋਈ ਇਸ ਕੁਦਰਤੀ ਨਜ਼ਾਰੇ ਨੂੰ ਆਪਣੇ ਕੈਮਰੇ ਵਿੱਚ ਕੈਦ ਕਰਨਾ ਚਾਹੁੰਦਾ ਸੀ। ਅਸੀਂ ਵੀ ਬਹੁਤ ਸਾਰੀਆਂ ਤਸਵੀਰਾਂ ਖਿੱਚੀਆਂ ਜੋ ਹਮੇਸ਼ਾ ਮੈਨੂੰ ਇਸ ਦਿਨ ਦੀ ਯਾਦ ਦਿਵਾਉਣਗੀਆਂ। ਦੁਪਹਿਰ ਦੇ ਸਮੇਂ ਅਸੀਂ ਉੱਥੇ ਹੀ ਬੈਠ ਕੇ ਆਰਾਮ ਕੀਤਾ ਅਤੇ ਕੁਦਰਤ ਦੇ ਕਾਦਰ ਦੀ ਸ਼ਾਂਤੀ ਨੂੰ ਮਹਿਸੂਸ ਕੀਤਾ। ਦਰਸ਼ਕਾਂ ਦੇ ਬੈਠਣ ਲਈ ਬੈਂਚ ਲੱਗ ਹੋਏ ਹਨ। ਖਾਣ ਪੀਣ ਲਈ ਹਰ ਤਰ੍ਹਾਂ ਦਾ ਪ੍ਰਬੰਧ ਹੈ। ਹਵਾ ਵਿੱਚ ਫੁੱਲਾਂ ਦੀ ਖੁਸ਼ਬੂ ਫੈਲੀ ਹੋਈ ਸੀ, ਜੋ ਮਨ ਨੂੰ ਬਹੁਤ ਸੁਕੂਨ ਦੇ ਰਹੀ ਸੀ। ਇਹ ਜਗ੍ਹਾ ਸ਼ਹਿਰ ਦੀ ਭੀੜ-ਭੜੱਕੇ ਦੀ ਜ਼ਿੰਦਗੀ ਤੋਂ ਕੋਹਾਂ ਦੂਰ ਇਕ ਸ਼ਾਂਤ ਅਤੇ ਤਾਜ਼ਗੀ ਭਰੀ ਦੁਨੀਆ ਵਰਗੀ ਲੱਗ ਰਹੀ ਸੀ।

ਸ਼ਾਮ ਦੇ ਵੇਲੇ, ਜਦੋਂ ਸੂਰਜ ਢਲਣ ਲੱਗਾ, ਤਾਂ ਖੇਤਾਂ ਦਾ ਨਜ਼ਾਰਾ ਹੋਰ ਵੀ ਜ਼ਿਆਦਾ ਮਨਮੋਹਕ ਹੋ ਗਿਆ। ਸੋਨੇਰੰਗੀ ਰੌਸ਼ਨੀ ਫੁੱਲਾਂ 'ਤੇ ਪੈਂਦੀ ਹੋਈ ਉਨ੍ਹਾਂ ਦੀ ਸੁੰਦਰਤਾ ਨੂੰ ਹੋਰ ਨਿਖਾਰ ਰਹੀ ਸੀ। ਫੁੱਲਾਂ ਦੇ ਖੇਤਾਂ ਵਿੱਚੋਂ ਬਾਹਰ ਆਉਣ ਨੂੰ ਦਿਲ ਨਹੀਂ ਕਰ ਰਿਹਾ ਸੀ। ਇਹ ਪਲ ਬਹੁਤ ਹੀ ਖਾਸ ਸੀ ਅਤੇ ਅਸੀਂ ਇਸਨੂੰ ਕਦੇ ਨਹੀਂ ਭੁੱਲਾਂਗੇ। ਇਹ ਦਿਨ ਸਾਡੇ ਪਰਿਵਾਰ ਲਈ ਸਿਰਫ ਇੱਕ ਯਾਤਰਾ ਨਹੀਂ ਸੀ, ਸਗੋਂ ਕੁਦਰਤ ਨਾਲ ਜੁੜਨ ਦਾ ਇਕ ਖਾਸ ਅਨੁਭਵ ਸੀ। ਕਾਰਲਸਬੈਡ ਦੇ ਫੁੱਲਾਂ ਦੇ ਖੇਤਾਂ ਨੇ ਮੇਰੇ ਦਿਲ 'ਤੇ ਡੂੰਘਾ ਅਸਰ ਛੱਡਿਆ ਹੈ ਅਤੇ ਮੇਰਾ ਇਥੇ ਵਾਰ-ਵਾਰ ਆਉਣ ਨੂੰ ਦਿਲ ਕਰਦਾ ਰਹੇਗਾ। ਉਮੀਦ ਕਰਦਾ ਹਾਂ ਕਿ ਮੈਂ ਮੁੜ ਕਦੇ ਇੱਥੇ ਜ਼ਰੂਰ ਆਵਾਂਗਾ। ਇਸ ਫੁੱਲਾਂ ਦੇ ਖੇਤ ਵਿੱਚ ਦਾਖ਼ਲ ਹੋਣ ਦੀ ਟਿਕਟ ਬਾਲਗਾਂ ਲਈ 27 ਡਾਲਰ, ਸੀਨੀਅਰ ਨਾਗਰਿਕਾਂ ਲਈ 25 ਡਾਲਰ ਅਤੇ ਬੱਚਿਆਂ ਲਈ 17 ਡਾਲਰ ਹੈ, ਪ੍ਰੰਤੂ ਟਿਕਟ ਆਨ ਲਾਈਨ ਹੀ ਖ੍ਰੀਦਣੀ ਪੈਂਦੀ ਹੈ।


ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਦੇਖੋ ਟੋਰਾਂਟੋ ਦੇ ਐਲਨ ਗਾਰਡਨ ਦੀ ਰੋਣਕ

**Dr Anil Dheer Columnist**
Social activist
anil.dheer@yahoo.com

ਟੋਰਾਂਟੋ-ਵਾਹ...ਕਿਆ ਮੌਸਮ ਹੈ ਇਸ ਲੌਂਗ-ਵੀਕ ਦਾ। ਇਨਸਾਨ ਨੂੰ ਵੱਧੀਆ ਮੌਸਮ ਕਹਿੰਦਾ ਹੈ ਘੁੰਮੋ-ਫਿਰੋ ਅਤੇ ਅਨੰਦ ਲਵੋ। ਮੇਰੀ ਬੇਟੀ ਨੂੰ ਘੁੰਮਣ-ਫਿਰਣ ਦਾ ਸ਼ੋਕ ਹੈ। ਅੱਜ ਸਮਾਂ ਕੱਢ ਕੇ ਪਰਿਵਾਰ ਨਾਲ ਐਲਨ ਗਾਰਡਨ ਘੁੰਮਣ ਦਾ ਵੱਧੀਆ ਮੌਕਾ ਮਿਲਿਆ। ਐਲਨ ਗਾਰਡਨ, ਟੋਰਾਂਟੋ ਦੇ ਇੱਕ ਬਲਾਕ ਵਿਚ ਫੈਲਿਆ ਹੋਇਆ ਹੈ। ਐਲਨ ਗਾਰਡਨ ਇੱਕ ਪਬਲਿਕ ਪਾਰਕ ਅਤੇ ਕੰਜ਼ਰਵੇਟਰੀ ਹੈ ਜੋ ਕੈਨੇਡਾ ਦੇ ਓਨਟਾਰੀਓ ਦੇ ਟੋਰਾਂਟੋ ਦੇ ਗਾਰਡਨ ਡਿਸਟ੍ਰਿਕਟ 'ਚ ਸਥਿਤ ਹੈ। ਇਸ ਥਾਂ ਤੇ ਇੱਕ ਖੇਡ ਦਾ ਮੈਦਾਨ, ਲੀਸ਼ ਤੋਂ ਬਾਹਰ ਕੁੱਤਿਆਂ ਦਾ ਪਾਰਕ, ਅਤੇ 6 ਗ੍ਰੀਨਹਾਉਸਾਂ ਵਾਲੀ ਕੰਜ਼ਰਵੇਟਰੀ ਸ਼ਾਮਲ ਹੈ। ਗਾਰਡਨ ਵਿੱਚੋਂ ਇੱਕ ਰਸਤਿਆਂ ਦਾ ਇੱਕ ਨੈੱਟਵਰਕ ਲੰਘਦਾ ਹੈ, ਜਿਸ ਵਿਚ ਕਾਰਲਟਨ ਅਤੇ ਜ਼ੇਰਾਡ ਸਟ੍ਰੀਟਾਂ ਨੂੰ ਜੋੜਨ ਵਾਲਾ ਉੱਤਰ-ਦੱਖਣੀ ਰਸਤ ਅਤੇ ਕੰਜ਼ਰਵੇਟਰੀ ਨੂੰ ਰੋਬਰਟ ਬਰਨਜ਼ ਸਮਾਰਕ ਅਤੇ ਸ਼ੇਰਬੋਰਨ ਸਟ੍ਰੀਟ ਨਾਲ ਜੋੜਨ ਵਾਲਾ ਪੂਰਬ-ਪੱਛਮੀ ਰਸਤਾ ਸ਼ਾਮਲ ਹੈ। ਇਸ ਗਾਰਡਨ ਦੀ ਮਹੱਤਤਾ ਨੂੰ ਮਾਨਤਾ ਦਿੰਦੇ ਹੋਏ, ਐਲਨ ਗਾਰਡਨ ਨੂੰ ਜੂਨ 1973 'ਚ ਟੋਰਾਂਟੋ ਸ਼ਹਿਰ ਦੀ ਵਿਰਾਸਤੀ ਜ਼ਾਇਦਾਦ ਵਸਤੂ ਸੂਚੀ ਵਿਚ ਸ਼ਾਮਲ ਕੀਤਾ ਗਿਆ।

ਇਤਿਹਾਸ ਦੇ ਝਰੋਖੇ ਵਿੱਚ : ਇਹ ਪਾਰਕ 1858 ਵਿਚ ਜਾਰਜ ਵਿਲੀਅਮ ਐਲਨ ਦੁਆਰਾ ਟੋਰਾਂਟੋ ਬਾਗਵਾਨੀ ਸੋਸਾਇਟੀ ਨੂੰ ਦਾਨ ਕੀਤੀ ਗਈ ਲੈਂਡ ਤੇ ਬਣਾਇਆ ਗਿਆ, ਜਿਸਦੇ ਨਾਲ ਬਾਗਵਾਨੀ ਸੋਸਾਇਟੀ ਨੇ 1860 ਵਿਚ ਅਧਿਕਾਰਤ ਤੌਰ 'ਤੇ ਉੱਥੇ ਇੱਕ ਬਾਗ ਖੋਲਿਆ ਸੀ। 1864 ਵਿਚ ਟੋਰਾਂਟੋ ਦੀ ਮਿਉਂਸੀਪਲ ਸਰਕਾਰ ਨੇ ਬਾਗਾਂ ਦੇ ਆਲੇ-ਦੁਆਲੇ ਜ਼ਮੀਨਾਂ ਹਾਸਲ ਕਰ ਲਈਆਂ, ਹਾਲਾਂਕਿ ਇਸਨੇ ਬਾਗਵਾਨੀ ਇਸਨੇ ਬਾਗਵਾਨੀ ਸੋਸਾਇਟੀ ਨੂੰ ਇਸਦੀ ਪਬਲਿਕ ਵਰਤੋਂ ਦੀ ਇਜਾਜ਼ਤ ਦੇਣ ਦੇ ਬਦਲੇ ਇਸਨੂੰ ਬਣਾਈ ਰੱਖਣ ਦੀ ਇਜਾਜ਼ਤ ਦੇ ਦਿੱਤੀ। ਬਾਅਦ ਵਿਚ 1888 ਵਿਚ ਮਿਉਂਸੀਪਲ ਸਰਕਾਰ ਦੁਆਰਾ ਕੰਜ਼ਰਵੇਟਰੀ ਨੂੰ ਹਾਸਲ ਕਰ ਲਿਆ ਗਿਆ। ਪਾਰਕ ਅਤੇ ਬਗੀਚਿਆਂ ਨੂੰ ਸ਼ੁਰੂ ਵਿਚ ਇੱਕ 1901 ਤੱਕ ਬਾਗਵਾਨੀ ਗਾਰਡਨ ਵੱਜੋਂ ਜਾਣਿਆ ਜਾਂਦਾ ਸੀ ਜਦੋਂ ਇਸਦਾ ਨਾਮ ਐਲਨ ਦੇ ਨਾਮ ਤੇ ਰੱਖਿਆ ਗਿਆ ਸੀ। 1902 ਵਿਚ ਪਾਰਕ ਵਿਚ ਇੱਕ 3 ਮੰਜਿਲਾ ਪਵੇਲੀਅਨ ਨੂੰ ਅੱਗ ਲੱਗਣ ਨਾਲ ਤਬਾਹ ਹੋ ਗਿਆ ਹਾਲਾਂਕਿ, ਇੱਕ ਨਵੀਂ ਕੰਜ਼ਰਵੇਟਰੀ ਇਮਾਰਤ, ਪਾਮ ਹਾਉਸ, ਬਾਅਦ ਵਿਚ 1910 ਵਿਚ ਇਸ ਥਾਂ ਤੇ ਪੂਰੀ ਕੀਤੀ ਗਈ ਸੀ।




ਪਾਰਕ 20ਵੀਂ ਸਦੀ ਦੇ ਮੱਧ ਤੋਂ ਵਿਰੋਧ ਪ੍ਰਦਰਸ਼ਨਾਂ ਲਈ ਇੱਕ ਪ੍ਰਸਿੱਧ ਇਕੱਠ ਸਥਾਨ ਬਣ ਗਿਆ। ਵਰਕਰਜ਼ ਐਕਸ-ਸਰਵਿਸਮਨੈਜ਼ ਲੀਗ ਨੇ ਪਹਿਲੀ ਬਾਰ 16 ਅਗਸਤ 1933 ਵਿਚ ਇੱਕ ਵਿਰੋਧ ਪ੍ਰਦਰਸ਼ਨ ਕੀਤਾ ਤਾਂ ਜੋ ਮਹਾਂ ਮੰਦੀ ਦੌਰਾਣ ਪਹਿਲੇ ਵਿਸ਼ਵ ਯੁੱਧ ਦੇ ਸਾਬਿਕਾ ਸੈਨਿਕਾਂ ਨਾਲ ਹੋਏ ਵਿਵਹਾਰ ਦਾ ਵਿਰੋਧ ਕੀਤਾ ਜਾ ਸਕੇ। 1950 ਦੇ ਦਹਾਕੇ ਦੌਰਾਣ ਬਾਗ ਦਾ ਵਿਸਥਾਰ ਕੀਤਾ ਗਿਆ, ਇਸਦੇ ਵਾੜ ਅਤੇ ਦਰਵਾਜੇ ਹਟਾ ਦਿੱਤੇ ਗਏ ਅਤੇ ਫਾਉਂਨਟੇਨ ਲਗਾ ਦਿੱਤੇ ਗਏ। ਸਮੇਂ ਦੇ ਨਾਲ-ਨਾਲ ਸਰਕਾਰੀ ਪੱਧਰ 'ਤੇ ਤਬਦੀਲੀਆਂ ਹੁੰਦੀਆਂ ਗਈਆਂ।

2003 ਵਿਚ ਟੋਰਾਂਟੋ ਯੂਨੀਵਰਸਿਟੀ ਤੇ ਟੋਰਾਂਟੋ-ਡੋਮੀਨੀਅਨ ਬੈਂਕ ਦੇ ਕੰਜ਼ਰਵੇਟਰੀ ਲਈ 6ਵੇਂ ਗ੍ਰੀਨਹਾਉਸ ਦਾ ਨਿਰਮਾਣ ਕੀਤਾ ਗਿਆ ਜਿਸਦਾ ਨਾਮ ਚਿਲਡਰਨ ਹਾਰਟੀਕਲਚਰਲ ਕੰਜ਼ਰਵੇਟਰੀ ਰੱਖਿਆ ਗਿਆ। ਯੂਨੀਵਰਸਿਟੀ ਕਾਲਜ ਸਟ੍ਰੀਟ ਤੇ ਯੂਨੀਵਰਸਿਟੀ ਦੇ ਪੁਰਾਣੇ ਗ੍ਰੀਨਹਾਉਸ ਵਿਚ ਰੱਖੇ ਗਏ ਨਮੂਨਿਆਂ ਨੂੰ ਰੱਖਣ ਲਈ ਬਣਾਇਆ ਗਿਆ ਸੀ, ਜਿਸ ਨੂੰ ਐਲਨ ਗਾਰਡਨ ਵਿਚ ਤਬਦੀਲ ਕੀਤਾ ਗਿਆ। ਇਹ ਪਾਰਕ 2010 ਦੇ ਟੋਰਾਂਟੋ ਸੰਮੇਲਨ ਵਿਰੋਧ ਪ੍ਰਦਰਸ਼ਨਾਂ ਦੌਰਾਣ ਪ੍ਰਦਰਸ਼ਨਕਾਰੀਆਂ ਦੁਆਰਾ ਕਬਜ਼ੇ 'ਚ ਲਏ ਗਏ ਕਈ ਮਿਉਂਸੀਪਲ ਪਾਰਕਾਂ ਵਿੱਚੋ ਇੱਕ ਸੀ।

ਜਾਣਕਾਰੀ ਲਵੋ: ਗਾਰਡਨ ਡਿਸਟ੍ਰਿਕਟ, ਕੈਨੇਡਾ ਦੇ ਉਨਟਾਰੀਓ ਦੇ ਡਾਊਨਟ੍ਰਾਨ ਟੋਰਾਂਟੋ 'ਚ ਇੱਕ ਆਂਡ-ਗੁਆਂਡ ਹੈ। ਇਹ ਨਾਂ ਟੋਰਾਂਟੋ ਈਸਟ ਡਾਊਨਟਾਊਨ ਰੈਜ਼ੀਡੈਂਟਸ ਐਸੋਸੀਏਸ਼ਨ ਦੁਆਰਤ ਐਲਨ ਗਾਰਡਨਜ਼, ਕਾਰਲਟਨ ਅਤੇ ਜਾਰਵਿਸ ਸਟ੍ਰੀਟਸ ਦੇ ਚੋਰਾਹੇ 'ਤੇ ਸਥਿਤ ਇੱਕ ਇਨਡੋਰ ਬੋਟੈਨੀਕਲ ਗਾਰਡਨ ਦੀ ਮਾਨਤਾ ਵਿਚ ਚੁਣਿਆ ਗਿਆ ਸੀ। ਆਂਡ-ਗੁਆਂਡ ਦਾ ਇੱਕ ਹਿੱਸਾ ਮੌਸ ਪਾਰਕ ਦੇ ਅਧਿਕਾਰਤ ਸ਼ਹਿਰ ਟੋਰਾਂਟੋ ਦਾ ਨੇਬਰ ਹੈ।

ਮੈਟਰੋਪੋਲੀਟਨ ਟੋਰਾਂਟੋ ਦੀ ਸਥਾਪਨਾ ਤੋਂ ਥੋੜੀ ਦੇਰ ਬਾਅਦ ਅਕਤੂਬਰ 1954 'ਚ ਹਰੀਕੇਨ ਆਏ ਹੜਾਂ ਕਾਰਨ ਟੋਰਾਂਟੋ ਦੀਆਂ ਖੱਡਾਂ ਦੀ ਸ਼ਕਲ ਬਦਲ ਗਈ ਸੀ ਅਤੇ ਟੋਰਾਂਟੋ ਦੇ ਬਹੁਤ ਸਾਰੇ ਪਾਰਕ ਨਤੀਜੇ ਵੱਜੋਂ ਹੜ ਵਾਲੇ ਮੈਦਾਨ 'ਚ ਸਥਾਪਿਤ ਕੀਤੇ ਗਏ ਸਨ।

ਜਾਰਜ ਵਿਲੀਅਮ ਐਲਨ ਇੱਕ ਕੈਨੇਡੀਅਨ ਵਕੀਲ ਅਤੇ ਸਿਆਸਤਦਾਨ ਸੀ। ਉਸਨੇ ਟੋਰਾਂਟੋ ਦੇ 11ਵੇਂ ਮੇਅਰ ਅਤੇ ਬਾਅਦ ਵਿਚ ਕੈਨੇਡਾ ਦੀ ਸੈਨੇਟ ਦੇ ਸਪੀਕਰ ਵੱਜੋਂ ਸੇਵਾ ਨਿਭਾਈ ਸੀ। 1901 ਵਿਚ ਐਲਨ ਦੀ ਮੌਤ ਤੋਂ ਥੋੜੀ ਦੇਰ ਬਾਅਦ, ਬਾਗਾਂ ਦਾ ਨਾਂ ਬਦਲ ਕੇ ਉਸ ਦੇ ਸਨਮਾਨ ਵਿਚ ਬਾਗਵਾਨੀ ਪਵੇਲੀਅਨ ਤੋਂ ਐਲਨ ਗਾਰਡਨ ਰੱਖਿਆ ਗਿਆ ਸੀ।

19 ਜੁਲਾਈ ਪਾਰਕ ਵਿਚ ਰੌਬਰਟ ਬਰਨਜ਼ ਦੀ ਇੱਕ ਮਰੂਤੀ ਸਥਾਪਿਤ ਕੀਤੀ ਗਈ ਸੀ। ਇੱਕ ਕੰਜਰਵੇਟਰੀ ਇੱਕ ਇਮਾਰਤ ਜਾਂ ਕਮਰਾ ਹੁੰਦਾ ਹੈ ਜਿਸ ਵਿਚ ਕੱਚ ਜ ਹੋਰ ਪਾਰਦਰਸ਼ੀ ਛੱਤ ਕੰਧਾਂ ਹੁੰਦੀਆਂ ਹਨ, ਜਿਸਨੂੰ ਗ੍ਰੀਨਹਾਉਸ ਜਾਂ ਸਨਰੂਮ ਵੱਜੋਂ ਵਰਤਿਆ ਜਾਂਦਾ ਹੈ। ਆਮ ਤੌਰ 'ਤੇ ਇਹ ਇੱਕ ਰਵਾਇਤੀ ਇਮਾਰਤ ਨਾਲ ਜੁੜੀ ਥਾਂ ਨੂੰ ਦਰਸਾਉਂਦਾ ਹੈ।

2008 ਦੇ ਸਰਵੇ ਮੁਤਾਬਕ ਪਾਰਕ ਅੰਦਰ ਕਰੀਬਨ 309 ਪਲਾਂਟਸ, ਜੋ 47 ਕਿਸਮ ਦੀ ਪ੍ਰਜਾਤੀਆਂ ਨੂੰ ਦਰਸਾਉਂਦੇ ਹਨ। ਇਸਦੀ ਇਤਿਹਾਸਕ ਮਹੱਤਤਾ ਨੂੰ ਮਾਨਤਾ ਦਿੰਦੇ ਹੋਏ, ਐਲਨ ਗਾਰਡਨਜ਼ ਨੂੰ ਜੂਨ 1973 ਵਿਚ ਟੋਰਾਂਟੋ ਸ਼ਹਿਰ ਦੀ ਵਿਰਾਸਤੀ ਜਾਇਦਾਦ ਵਸਤੂ ਸੂਚੀ 'ਚ ਸੂਚੀਵੱਧ ਕੀਤਾ ਗਿਆ ਸੀ।

1920 ਦੇ ਦਹਾਕੇ ਦੌਰਾਣ ਮੂਲ ਗੁੰਬਦਦਾਰ ਕੰਜਰਵੇਟਰੀ ਦਾ ਕਈ ਬਾਰ ਵਿਸਤਾਰ ਕੀਤਾ ਗਿਆ ਸੀ, ਅਤੇ 1956 ਅਤੇ 1957 ਵਿੱਚ, 5 ਨਵੇਂ ਗ੍ਰੀਨਹਾਊਸ 'ਤੇ 2006 ਵਿਚ, ਕੰਜਰਵੇਟਰੀ 'ਚ ਇੱਕ 6ਵਾਂ ਗ੍ਰੀਨਹਾਊਸ ਖੌਲਿਆ ਗਿਆ ਸੀ।

ਵਿਦੇਸ਼ੀ ਪੋਦਿਆਂ ਦੇ ਨਾਲ ਟੈਂਪਰੇਟ ਹਾਊਸ 'ਚ ਖੁਸ਼ਬੂਦਾਰ ਚਮੇਲੀ, ਕੈਮੇਲੀਆ, ਵੱਖ-ਵੱਖ ਆਸਟ੍ਰੇਲੀਆਈ ਤੇ ਮੈਡੀਟੇਰੀਅਨ ਹਨ ਜਦੋਂ ਕਿ ਏਅਰਡ ਹਾਊਸ 'ਚ ਕੈਕਟੀ ਅਤੇ ਸੁਕੂਲੈਂਟ 'ਤੇ ਗਰਮ ਖੰਡੀ ਵੇਲਾਂ ਲਈ ਇੱਕ ਪਾਮ ਗ੍ਰੀਨਹਾਊਸ, ਸਾਈਕੈਡਸ, ਹਿਬਿਸਕਸ ਵਰਗੇ ਪੋਦਿਆਂ ਲਈ ਗਰਮ ਖੰਡੀ ਲੈਂਡਸਕੇਪ ਗ੍ਰੀਨਹਾਊਸ, ਅਤੇ ਕੈਕਟੀ 'ਤੇ ਸੁਕੂਲੈਂਟਸ, ਲਈ ਸੁੱਕਾ ਘਰ 'ਤੇ ਵੱਖ-ਵੱਖ ਫੁੱਲ ਵੀ ਦੇਖਣ ਨੂੰ ਮਿਲਣਗੇ।

ਪਾਮ ਹਾਊਸ ਅਤੇ ਗ੍ਰੀਨਹਾਊਸਾਂ ਤੋਂ ਇਲਾਵਾ, ਕੰਜ਼ਰਵੇਟਰੀ 'ਚ 1923 'ਚ ਬਣਾਈ ਗਈ ਇੱਕ ਪ੍ਰਸ਼ਾਸਕੀ ਇਮਾਰਤ ਵੀ ਸ਼ਾਮਲ ਹੈ। ਗ੍ਰੀਮ ਮਰਸਰ ਐਡਮ ਦੀ ਯਾਦ ਵਿਚ ਪੀਣ ਵਾਲੇ ਫੁਹਾਰੇ ਵਾਲਾ ਇੱਕ ਕੇਂਦਰੀ ਅੰਡਾਕਾਰ ਅਸਲ ਵਿਚ ਪਾਮ ਹਾਊਸ ਦੇ ਪੂਰਬ ਵਿਚ ਸਥਿਤ ਸੀ, ਹਾਲਾਂਕਿ ਬਾਅਦ ਵਿਚ 1995 ਵਿਚ ਇੱਕ ਪਰਗੋਲਾ ਨਾਮ ਬਦਲ ਦਿੱਤਾ ਗਿਆ ਸੀ।

ਐਲਨ ਗਾਰਡਨਜ਼ ਕੰਜ਼ਰਵੇਟਰੀ ਲਾਲ-ਕੰਨਾਂ ਵਾਲੇ ਸਲਾਈਡਰ ਅਤੇ ਪੇਂਟ ਕੀਤੇ ਕੱਛੂਆਂ ਦੀ ਇੱਕ ਪਿਆਰੀ, ਅਰਧ-ਸਥਾਈ ਬਸਤੀ ਦਾ ਘਰ ਹੈ। ਉਹ ਮੁੱਖ ਤੌਰ 'ਤੇ ਆਰਚਿਡ ਅਤੇ ਬ੍ਰੋਮੀਲੀਅਡ ਹਾਊਸ ਦੇ ਅੰਦਰ ਪਾਣੀ ਦੀਆਂ ਨਦੀਆਂ ਅਤੇਪੂਲ ਵਿਚ ਰਹਿੰਦੇ ਹਨ, ਜਿੱਥੇ ਤੁਸੀਂ ਉਨਾਂ ਨੂੰ ਚਟਾਨਾਂ'ਤੇ ਨਹਾਉਂਦੇ ਜਾਂ ਹਟਭਰੇ ਗਰਮ ਖੰਡੀ ਪੱਤਿਆਂ ਦੇ ਨੇੜੇ ਤੈਰਦੇ ਦੇਖ ਸਕਦੇ ਹੋ। ਜਦੋਂ ਮੌਕਾ ਮਿਲੇ ਟੋਰਾਂਟੋ ਸ਼ਹਿਰ ਦੇ ਐਲਨ ਗਾਰਡਨ ਜਰੂਰ ਘੁੰਮਣ ਜਾਓ ਅਤੇ ਅਨੰਦ ਲਵੋ।







## ਵਿਸ਼ਵ ਦੇ ਮਹਾਨ ਖਿਡਾਰੀ

# 'ਬਿੱਗ ਬੀਅਰ ਬੌਕਸਰ ਸੋਨੀ ਲਿਸਟਨ

ਪ੍ਰਿੰ. ਸਰਵਣ ਸਿੰਘ



ਸੋਨੀ ਲਿਸਟਨ ਨੂੰ ਬੌਕਸਿੰਗ ਦਾ 'ਰਿੱਛ ਕਿਹਾ ਜਾਂਦਾ ਸੀ। ਉਹ ਮੁੱਕੇਬਾਜ਼ੀ ਦਾ ਬੜਾ ਅਵੈੜਾ ਮੁੱਕੇਬਾਜ਼ ਸੀ। ਕਈ ਇਹ ਜਾਣ ਕੇ ਹੈਰਾਨ ਹੋਣਗੇ ਕਿ ਉਹ 26 ਭੈਣ/ਭਰਾਵਾਂ 'ਚ 25ਵਾਂ ਬੱਚਾ ਸੀ। ਐਨੇ ਬੱਚੇ ਆਪਸ ਵਿੱਚ ਹੀ ਮੁੱਕੋ-ਮੁੱਕੀ ਹੁੰਦੇ ਰਹਿੰਦੇ। ਜੁਰਮ ਕਰਨੇ ਤੇ ਮੁੜ ਮੁੜ ਜੇਲ੍ਹ ਜਾਣਾ ਸੋਨੀ ਲਿਸਟਨ ਦਾ ਬਚਪਨ ਤੋਂ ਸ਼ੌਂਕ ਸੀ। ਉਹ ਜਿੰਨੇ ਸਾਲ ਜੀਵਿਆ, ਜੇਲ੍ਹਾਂ ਨਾਲੋਂ ਨਾਤਾ ਨਾ ਤੋੜਿਆ। ਉਹਨੂੰ ਮੁੱਕੇਬਾਜ਼ੀ ਦੀ ਮੁੱਢਲੀ ਸਿਖਲਾਈ ਵੀ ਜੇਲ੍ਹ ਵਿੱਚੋਂ ਹੀ ਮਿਲੀ ਸੀ। ਉਹ ਪਹਿਲੀ ਵਾਰ 25 ਸਤੰਬਰ 1962 ਨੂੰ ਫਲੋਇਡ ਪੈਟਰਸਨ ਨੂੰ ਨਾਕ ਆਊਟ ਕਰ ਕੇ ਹੈਵੀਵੇਟ ਵਰਲਡ ਚੈਂਪੀਅਨ ਬਣਿਆ ਸੀ। ਉਹ ਪਹਿਲਾ ਮੌਕਾ ਸੀ ਜਦੋਂ ਕੋਈ ਹੈਵੀਵੇਟ ਵਰਲਡ ਚੈਂਪੀਅਨ ਤਿੰਨ ਮਿੰਟ ਤੋਂ ਘੱਟ ਸਮੇਂ 'ਚ ਕਿਸੇ ਮੁੱਕੇਬਾਜ਼ ਹੱਥੋਂ 'ਨਾਕ ਆਊਟ ਹੋ ਗਿਆ ਹੋਵੇ!

1963 'ਚ ਉਹ ਦੁਬਾਰਾ ਵਿਸ਼ਵ ਚੈਂਪੀਅਨ ਬਣਿਆ ਤਾਂ 17 ਮਹੀਨੇ ਵਰਲਡ ਟਾਈਟਲ ਉਹਦੇ ਪਾਸ ਰਿਹਾ। 25 ਸਤੰਬਰ 1964 ਨੂੰ ਉਹ ਉਹਤੋਂ 10 ਸਾਲ ਛੋਟੇ ਕੈਸੀਅਸ ਕਲੇਅ ਤੋਂ ਹਾਰ ਗਿਆ। ਕੈਸੀਅਸ ਕਲੇਅ ਰੋਮ ਦੀਆਂ ਓਲੰਪਿਕ ਖੇਡਾਂ ਦਾ ਹੈਵੀਵੇਟ ਚੈਂਪੀਅਨ ਸੀ। ਉਦੋਂ ਉਹ ਮੁਹੰਮਦ ਅਲੀ ਨਹੀਂ ਸੀ ਬਣਿਆ। ਸੋਨੀ ਲਿਸਟਨ ਦੀ ਹੋਣੀ ਵੇਖੋ ਕਿ ਉਹ ਕੀਤੇ ਜੁਰਮਾਂ ਦੀਆਂ ਸਜ਼ਾਵਾਂ ਭੁਗਤਦਾ ਕੇਵਲ ਚਾਲੀ ਸਾਲ ਹੀ ਜਿਉਂ ਸਕਿਆ। ਉਹਦੀ ਮੌਤ ਭੇਤ ਭਰੀ ਹਾਲਤ 'ਚ ਹੋਈ ਜੀਹਦਾ ਪਤਾ ਹੀ ਹਫ਼ਤੇ ਬਾਅਦ ਲੱਗਿਆ।

ਸੋਨੀ ਲਿਸਟਨ ਦਾ ਕੱਦ 6 ਫੁੱਟ 1 ਇੰਚ ਤੇ ਮੁਹੰਮਦ ਅਲੀ ਦਾ 6 ਫੁੱਟ ਢਾਈ ਇੰਚ ਸੀ। ਪਰ ਦੋਹਾਂ ਦਾ ਵਜ਼ਨ ਇਕੋ ਜਿੰਨਾ 215 ਪੌਂਡ ਸੀ। ਸੋਨੀ ਦੀ ਛਾਤੀ 44 ਇੰਚ, ਮੁਹੰਮਦ ਅਲੀ ਦੀ ਸਾਢੇ 42 ਇੰਚ, ਲੱਕ ਕਰਮਵਾਰ 33 ਇੰਚ ਤੇ 34 ਇੰਚ, ਪੱਟ ਸਾਢੇ 25 ਇੰਚ ਤੇ 25 ਇੰਚ ਅਤੇ ਡੌਲ਼ੇ ਸਾਢੇ 17 ਇੰਚ ਤੇ 15 ਇੰਚ ਸਨ। ਸੋਨੀ ਦਾ ਮੁੱਕਾ ਸਾਢੇ 15 ਇੰਚ ਪਰ ਮੁਹੰਮਦ ਅਲੀ ਦਾ 13 ਇੰਚ ਸੀ। ਧੌਣਾਂ ਦੋਹਾਂ ਦੀਆਂ ਸਾਢੇ 17 ਇੰਚ ਮੋਟੀਆਂ ਸਨ। ਸੋਨੀ ਦੇ ਮੁੱਕੇ ਦੀ ਰੀਚ 84 ਇੰਚ ਜਦ ਕਿ ਅਲੀ ਦੀ ਰੀਚ 79 ਇੰਚ ਸੀ।

ਸੋਨੀ ਲਿਸਟਨ ਦਾ ਜਨਮ 8 ਮਈ 1932 ਨੂੰ ਸੇਂਟ ਫਰਾਂਸਿਸ ਕਾਊਂਟੀ, ਅਰਕਾਂਸਸ, ਅਮਰੀਕਾ ਵਿੱਚ ਟੋਬ ਲਿਸਟਨ ਦੇ ਘਰ ਹੈਲਨ ਬਾਸਕਿਨ ਦੀ ਕੁੱਖੋਂ ਹੋਇਆ। ਹੈਲਨ ਬਾਸਕਿਨ, ਟੋਬ ਲਿਸਟਨ ਤੋਂ 30 ਸਾਲ ਛੋਟੀ ਸੀ। ਟੋਬ ਲਿਸਟਨ ਦੇ ਏਨੇ 26 ਬੱਚੇ ਹੋਣੇ ਹੈਰਾਨੀ ਪਰਗਟ ਕਰਦੇ ਹਨ ਪਰ ਪੂਰਾ ਵੇਰਵਾ ਪੜ੍ਹ ਕੇ ਹੈਰਾਨੀ ਘਟ ਸਕਦੀ ਹੈ। ਇਹ ਤੱਥ ਜ਼ਰੂਰ ਹੈਰਾਨੀ ਪਰਗਟ ਕਰਦਾ ਹੈ ਕਿ ਅਜਿਹੇ ਪਿਛੋਕੜ ਵਾਲਾ ਬੱਚਾ ਵੀ ਵਰਲਡ ਚੈਂਪੀਅਨ ਬਣ ਸਕਦਾ ਹੈ!

ਸੋਨੀ ਦਾ ਜਮਾਂਦਰੂ ਨਾਂ ਚਾਰਲਸ ਲਿਸਟਨ ਸੀ। ਕੋਈ ਉਹਦੀ ਜਨਮ ਤਾਰੀਖ 1932 ਦੀ ਮੰਨਦਾ ਹੈ, ਕੋਈ 1930 ਤੇ ਕੋਈ ਉਸ ਤੋਂ ਵੀ ਪਹਿਲਾਂ ਦੀ। 1965 ਤਕ ਅਮਰੀਕਾ ਦੀ ਅਰਕਾਂਸਸ ਸਟੇਟ ਵਿੱਚ ਬੱਚਿਆਂ ਦੇ ਜਨਮ ਸਰਟੀਫਿਕੇਟ ਬਣਵਾਉਣੇ ਲਾਜ਼ਮੀ ਨਹੀਂ ਸਨ।


ਸੋਨੀ ਲਿਸਟਨ ਨੇ ਖੁਦ ਦੱਸਿਆ ਸੀ ਕਿ ਉਸ ਕੋਲ ਆਪਣੀ ਜਨਮ ਤਾਰੀਖ ਦਾ ਕੋਈ ਸਰਟੀਫਿਕੇਟ ਨਹੀਂ ਪਰ ਉਹ ਆਪਣਾ ਜਨਮ 8 ਮਈ 1932 ਨੂੰ ਹੋਇਆ ਮੰਨਦਾ ਹੈ। ਮਰਦਮ ਸ਼ੁਮਾਰੀ ਦੇ ਰਿਕਾਰਡ ਮੁਤਾਬਿਕ ਸੋਨੀ ਲਿਸਟਨ ਦਾ ਜਨਮ 22 ਜੁਲਾਈ 1930 ਨੂੰ ਹੋਇਆ ਹੀ ਵਧੇਰੇ ਮਾਨਤਾ ਪ੍ਰਾਪਤ ਹੈ। ਉਹਦਾ ਦੇਹਾਂਤ 30 ਦਸੰਬਰ 1970 ਨੂੰ ਲਾਸ ਵੇਗਾਸ ਵਿਖੇ ਹੋਇਆ ਪਰ ਉਸ ਦਾ ਪਤਾ 7 ਜਨਵਰੀ 1971 ਨੂੰ ਲੱਗਾ ਸੀ। ਕੋਈ ਮੌਤ ਦਾ ਕਾਰਨ ਨਸ਼ੇ ਦੀ ਓਵਰ ਡੋਜ਼, ਕੋਈ ਖ਼ੁਦਕੁਸ਼ੀ ਤੇ ਕੋਈ ਕਤਲ ਕਹਿੰਦਾ ਰਿਹਾ।

ਸੋਨੀ ਦਾ ਰੰਗ ਸਾਂਵਲਾ ਸੀ, ਵਾਲ ਛੱਲੇਦਾਰ, ਦੰਦ ਮੋਤੀਆਂ ਵਰਗੇ ਤੇ ਜੁੱਸਾ ਮਸਕੁਲਰ ਸੀ। ਨੱਕ ਮੋਟਾ ਤੇ ਨਾਸਾਂ ਚੌੜੀਆਂ ਸਨ। ਹੱਥਾਂ ਦੀਆਂ ਉਂਗਲਾਂ ਵੀ ਅੰਗੂਠਿਆਂ ਵਾਂਗ ਮੋਟੀਆਂ ਸਨ। ਜਦੋਂ ਮੁੱਠਾਂ ਮੀਚਦਾ ਤਾਂ ਉਹਦੇ ਮੁੱਕੇ ਲੋਹੇ ਦੇ ਗੋਲੇ ਲੱਗਦੇ। ਪੇਸ਼ੇਵਰ ਮੁੱਕੇਬਾਜ਼ ਵਜੋਂ ਉਸ ਨੇ 54 ਭੇੜ ਭਿੜੇ ਜਿਨ੍ਹਾਂ 'ਚੋਂ 50 ਜਿੱਤੇ। ਉਨ੍ਹਾਂ 'ਚੋਂ 39 ਭੇੜ ਵਿਰੋਧੀ ਨੂੰ ਨਾਕ ਆਊਟ ਕਰ ਕੇ ਜਿੱਤੇ।

ਸੋਨੀ ਦੇ ਮਾਪੇ ਮੁਜਾਰੇ ਕਿਸਾਨ ਸਨ ਜੋ ਗਰੀਬ ਗੁਜ਼ਾਰਾ ਕਰਦੇ। ਉਹ 1916 ਵਿੱਚ ਮਿਸੀਸਿਪੀ ਤੋਂ ਅਰਕਾਂਸਸ ਆਏ ਤੇ ਅਰਕਾਂਸਸ ਸਟੇਟ 'ਚ ਜੌਂਨਸਨ ਟਾਊਨਸ਼ਿਪ ਨੇੜੇ ਸੇਂਟ ਫਰਾਂਸਿਸ ਕਾਊਂਟੀ 'ਚ ਰਹਿਣ ਲੱਗੇ। ਸੋਨੀ ਦਾ ਪਿਉ ਟੋਬ ਲਿਸਟਨ ਉਦੋਂ ਪੰਜਾਹ ਸਾਲਾਂ ਦੇ ਨੇੜ ਸੀ ਜਦ ਕਿ ਉਹਦੀ ਪਤਨੀ ਹੈਲਨ ਬਾਸਕਿਨ ਵੀਹ ਸਾਲਾਂ ਤੋਂ ਵੀ ਘੱਟ ਉਮਰ ਦੀ ਸੀ। ਉਦੋਂ ਉਨ੍ਹਾਂ ਦਾ ਦੂਜਾ ਵਿਆਹ ਹੋਇਆ। ਹੈਲਨ ਕੋਲ ਪਹਿਲੇ ਵਿਆਹ ਦਾ 1 ਬੱਚਾ ਸੀ ਜਦ ਕਿ ਟੋਬ ਕੋਲ ਪਹਿਲੇ ਵਿਆਹ ਦੇ 13 ਬੱਚੇ ਸਨ। ਦੂਜੇ ਵਿਆਹ 'ਚੋਂ ਉਨ੍ਹਾਂ ਦੇ 12 ਬੱਚੇ ਪੈਦਾ ਹੋਏ ਜਿਨ੍ਹਾਂ 'ਚ ਸੋਨੀ 11ਵੇਂ ਥਾਂ ਜੰਮਿਆ। ਇੰਜ 26 ਪਤਰੇਏ ਤੇ ਮਤਰੇਏ ਭੈਣ ਭਰਾਵਾਂ 'ਚ ਉਹ 25ਵੇਂ ਨੰਬਰ 'ਤੇ ਸੀ। ਏਡਾ ਵੱਡਾ ਪਰਿਵਾਰ ਕਿਵੇਂ ਪਲਦਾ ਤੇ ਰਹਿੰਦਾ ਹੋਵੇਗਾ, ਅੰਦਾਜ਼ਾ ਆਪੇ ਲਾਇਆ ਜਾ ਸਕਦਾ ਹੈ।

ਟੋਬ ਲਿਸਟਨ ਸਖ਼ਤ ਸੁਭਾਅ ਦਾ ਸ਼ਰਾਬੀ ਬਾਪ ਸੀ। ਉਹ ਅਕਸਰ ਨਿਆਣਿਆਂ ਨੂੰ ਕੁੱਟਦਾ ਮਾਰਦਾ ਰਹਿੰਦਾ। ਸੋਨੀ ਨੂੰ ਸਗੋਂ ਵਧੇਰੇ ਕੁੱਟਦਾ। ਬਾਪ ਦੀ ਕੁੱਟ-ਮਾਰ ਦੇ ਦਾਗ ਸੋਨੀ ਦੇ ਪਿੰਡੇ 'ਤੇ ਦਹਾਕਿਆਂ ਤਕ ਦਿਸਦੇ ਰਹੇ। ਸ਼ਾਇਦ ਇਹ ਬਚਪਨ ਤੇ ਅੱਲ੍ਹੜ ਅਵੱਸਥਾ ਦੀ ਕੁੱਟ-ਮਾਰ ਹੀ ਸੀ ਜਿਸ ਨੇ ਸੋਨੀ ਨੂੰ ਜੁਰਮ ਦੀ ਦੁਨੀਆ 'ਚ ਧੱਕਿਆ। ਪਹਿਲਾਂ ਉਹ ਸਾਧਾਰਨ ਜੁਰਮ 'ਚ ਜੇਲ੍ਹ ਜਾਣ ਵਾਲਾ ਸਾਧਾਰਨ ਮੁਜਰਮ ਬਣਿਆ, ਫਿਰ ਖ਼ਾਸ ਜੁਰਮ 'ਚ 'ਖ਼ਾਸ ਬਣ ਗਿਆ। ਖ਼ਾਸ ਗੱਲ ਇਹ ਕਿ ਉਹ ਜੇਲ੍ਹ 'ਚ ਹੀ ਮੁੱਕੇਬਾਜੀ ਸਿੱਖ ਕੇ ਵਰਲਡ ਚੈਂਪੀਅਨ ਬਣਿਆ।

1946 'ਚ ਸੋਨੀ ਦੀ ਮਾਂ ਵੱਡੇ ਬੱਚਿਆਂ ਨੂੰ ਲੈ ਕੇ ਫੈਕਟਰੀਆਂ 'ਚ ਕੰਮ ਕਰਨ ਸੇਂਟ ਲੂਈਸ ਚਲੀ ਗਈ। ਸੋਨੀ ਦੀ ਉਮਰ ਉਦੋਂ ਚੌਦਾਂ ਕੁ ਸਾਲਾਂ ਦੀ ਸੀ। ਉਹ ਹੋਰ ਕੁੱਟ ਖਾਣ ਲਈ ਪਿਉ ਪਾਸ ਹੀ ਰਹਿ ਗਿਆ। ਅਗਲੇ ਸਾਲ ਉਹ ਵੀ ਕਿਰਾਏ ਜੋਗੇ ਪੈਸੇ 'ਕੱਠੇ ਕਰ ਕੇ ਮਾਂ ਕੋਲ ਚਲਾ ਗਿਆ। ਸੇਂਟ ਲੂਈਸ ਉਸ ਨੂੰ ਸਕੂਲੇ ਪੜ੍ਹਨੇ ਪਾਇਆ ਗਿਆ ਪਰ ਉਹ ਪੜ੍ਹਾਈ 'ਚ ਚੱਲ ਨਾ ਸਕਿਆ। ਸਕੂਲ ਦੀ ਥਾਂ ਉਹ ਬਦਮਾਸ਼ਾਂ ਨਾਲ ਰਲ ਕੇ ਜੁਰਮਾਂ ਦੀ ਦੁਨੀਆ 'ਚ ਦਾਖਲ ਹੋ ਗਿਆ।



ਇਕ ਗੈਂਗ ਨੇ ਉਹਦਾ ਤਕੜਾ ਕੱਦ-ਕਾਠ ਵੇਖਦਿਆਂ ਉਹਨੂੰ ਆਪਣਾ ਆਗੂ ਚੁਣ ਲਿਆ। ਉਹ ਲੁੱਟਾਂ-ਖੋਹਾਂ ਤੋਂ 'ਗਾਹ ਡਾਕੇ ਮਾਰਨ ਲੱਗੇ। ਇਕ ਡਾਕੇ 'ਚ ਉਹਦੀ ਪੀਲੀ ਸ਼ਰਟ ਸੋਨੀ ਦੀ ਪਛਾਣ ਬਣ ਗਈ। ਸੇਂਟ ਲੂਈਸ ਦੀ ਪੁਲੀਸ ਨੇ ਉਹਦਾ ਨਾਂ ਹੀ 'ਯੈਲੋ ਸ਼ਰਟ ਬੈਂਡਿਟ ਰੱਖ ਲਿਆ। ਜਨਵਰੀ 1950 ਵਿੱਚ ਉਸ ਨੂੰ ਇਕ ਡਾਕੇ 'ਚ ਗ੍ਰਿਫਤਾਰ ਕਰ ਲਿਆ ਗਿਆ। ਉਦੋਂ ਉਹਨੇ ਆਪਣੀ ਉਮਰ 20 ਸਾਲ ਦੀ ਥਾਂ 18 ਸਾਲ ਦੱਸੀ। ਉਸ 'ਤੇ ਚਾਰਜ ਲੱਗੇ, ਮੁਕੱਦਮਾ ਚੱਲਿਆ ਜਿਸ 'ਚ 5 ਸਾਲ ਕੈਦ ਮਿਲੀ। 1 ਜੂਨ 1950 ਨੂੰ ਉਹ ਮਿਸੂਰੀ ਸਟੇਟ ਦੀ ਮੁਜਰਮ ਸੁਧਾਰ ਜੇਲ੍ਹ 'ਚ ਕੈਦ ਕੱਟਣ ਲੱਗਾ। ਇਹਤੋਂ ਪਹਿਲਾਂ ਵੀ ਉਹ ਜੇਲ੍ਹ ਜਾ ਚੁੱਕਾ ਸੀ ਤੇ ਮੁੱਕੇਬਾਜ਼ੀ ਦੇ ਮੁੱਢਲੇ ਗੁਰ ਸਿੱਖ ਚੁੱਕਾ ਸੀ।

ਮਸੂਰੀ ਸਟੇਟ ਦੀ ਸਖ਼ਤ ਜੇਲ੍ਹ 'ਚ ਉਹ ਸਾਊ ਕੈਦੀ ਬਣਿਆ ਰਿਹਾ। ਜੇਲ੍ਹ ਦੇ ਅਥਲੈਟਿਕ ਡਾਇਰੈਕਟਰ ਆਰ. ਏ. ਸਟੀਵਨਜ਼ ਨੇ ਸੋਨੀ ਲਿਸਟਨ ਦਾ ਕੱਦ-ਕਾਠ ਵੇਖ ਕੇ ਉਸ ਨੂੰ ਚੈਂਪੀਅਨ ਮੁੱਕੇਬਾਜ਼ ਬਣਨ ਦੀ ਸਲਾਹ ਦਿੱਤੀ। ਸਟੀਵਨਜ਼ ਧਰਮੀ ਬੰਦਾ ਸੀ ਜੋ ਉਸ ਨੂੰ ਸੁਧਾਰਨਾ ਤੇ ਨੇਕ ਇਨਸਾਨ ਬਣਾਉਣਾ ਚਾਹੁੰਦਾ ਸੀ। ਉਸ ਨੇ ਲਿਸਟਨ ਦੀ ਪਰਖ ਲਈ ਮੁੱਕੇਬਾਜ਼ੀ ਦਾ ਮੁਕਾਬਲਾ ਰੱਖ ਲਿਆ। ਉਸ ਸਮੇਂ ਹੈਵੀਵੇਟ ਮੁਕਾਬਲਿਆਂ ਵਿੱਚ ਮੁੱਕੇਬਾਜ਼ ਠਰੂਮੈਨ ਵਿਲਸਨ ਦਾ ਬੜਾ ਨਾਂ ਸੀ। ਦੋਹਾਂ 'ਚ ਬੜਾ ਸਖ਼ਤ ਮੁਕਾਬਲਾ ਸ਼ੁਰੂ ਹੋਇਆ। ਵੇਖਣ ਵਾਲੇ ਸੋਚਦੇ ਸਨ ਕਿ ਮੁਕਾਬਲਾ ਇਕਪਾਸੜ ਹੋਵੇਗਾ। ਪਰ ਦੂਜੇ ਰਾਊਂਡ 'ਚ ਹੀ ਵਿਲਸਨ ਦੀਆਂ ਚੀਕਾਂ ਨਿਕਲ ਗਈਆਂ। ਉਹ ਦੁਹਾਈਆਂ ਪਾਉਣ ਲੱਗਾ, "ਮੈਨੂੰ ਰਿੰਗ 'ਚੋਂ ਬਾਹਰ ਕੱਢੋ, ਨਹੀਂ ਤਾਂ ਇਹ ਰਿੱਛ ਮੈਨੂੰ ਮਾਰ ਸੁੱਟੇਗਾ!"

ਹੋਣਹਾਰ ਮੁੱਕੇਬਾਜ਼ ਹੋਣ ਕਾਰਨ 31 ਅਕਤੂਬਰ 1952 ਨੂੰ ਸੋਨੀ ਨੂੰ ਪੈਰੋਲ ਮਿਲ ਗਈ। ਜੇਲ੍ਹੋਂ ਬਾਹਰ ਨਿਕਲ ਕੇ ਕੁਝ ਸਮਾਂ ਉਸ ਨੇ ਸ਼ੌਕੀਆ ਮੁੱਕਬਾਜ਼ੀ ਕੀਤੀ। 6 ਮਾਰਚ 1953 ਨੂੰ ਉਸ ਨੇ 1952 ਦੀਆਂ ਓਲੰਪਿਕ ਖੇਡਾਂ ਦੇ ਹੈਵੀਵੇਟ ਚੈਂਪੀਅਨ ਸੈਂਡਰਜ਼ ਨੂੰ ਹਰਾ ਕੇ ਚੈਂਪੀਅਨਾਂ ਦਾ ਸ਼ਿਕਾਗੋ ਗੋਲਡਨ ਗਲੱਵਜ਼ ਟੂਰਨਾਮੈਂਟ ਜਿੱਤ ਲਿਆ। ਉਹਦੇ ਨਾਲ ਸੋਨੀ ਲਿਸਟਨ ਦੀ ਹੋਰ ਵੀ ਬੱਲੇ-ਬੱਲੇ ਹੋਈ। ਫੇਰ ਜਿਹੜਾ ਵੀ ਉਹਦੇ ਮੂਹਰੇ ਆਉਂਦਾ ਗਿਆ ਨਾਕ ਆਊਟ ਹੁੰਦਾ ਗਿਆ।

23 ਜੂਨ 1953 ਨੂੰ ਸੇਂਟ ਲੂਈਸ ਦੇ ਸਾਰੇ ਵਜ਼ਨ ਵਰਗਾਂ ਦੇ ਗੋਲਡਨ ਗਲੱਵਜ਼ ਚੈਂਪੀਅਨ ਯੂਐੱਸਏ ਵੱਲੋਂ ਪੱਛਮੀ ਯੂਰਪ ਦੇ ਇੱਕ ਅੰਤਰਰਾਸ਼ਟਰੀ ਮੁਕਾਬਲੇ ਵਿੱਚ ਸ਼ਾਮਲ ਹੋਏ। ਲਿਸਟਨ ਨੇ ਪੱਛਮੀ ਜਰਮਨੀ ਦੇ ਪ੍ਰਸਿੱਧ ਮੁੱਕੇਬਾਜ਼ ਹੈਰਮਨ ਨੂੰ 2:16 ਮਿੰਟਾਂ ਵਿੱਚ ਹੀ ਨਾਕ ਆਊਟ ਕਰ ਦਿੱਤਾ। ਉਹ ਯੂਰਪੀ ਚੈਂਪੀਅਨਸ਼ਿਪ ਦਾ ਤਗਮਾ ਜੇਤੂ ਸੀ। ਸ਼ੌਕੀਆ ਮੁੱਕੇਬਾਜ਼ੀ ਵਿੱਚ ਪੈਸੇ ਨਾ ਮਿਲਦੇ ਹੋਣ ਕਰਕੇ ਸੋਨੀ ਕਦੇ ਕਦੇ ਲੁੱਟ-ਮਾਰ ਫਿਰ ਵੀ ਕਰ ਲੈਂਦਾ। ਇਹ ਬਹਿਵਤ ਪਹਿਲਾਂ ਤਾਂ ਉਸ ਦਾ ਡੰਗ ਹੀ ਸਾਰਦੀ ਰਹੀ ਪਰ ਬਾਅਦ ਵਿੱਚ ਉਹਦੇ ਵਾਰ ਵਾਰ ਜੇਲ੍ਹ ਜਾਣ ਦਾ ਕਾਰਨ ਵੀ ਬਣਦੀ ਰਹੀ।

ਲਿਸਟਨ ਨੇ ਬਤੌਰ ਪੇਸ਼ਾਵਰ ਮੁੱਕੇਬਾਜ਼ ਪਹਿਲਾ ਭੇੜ 2 ਸਤੰਬਰ 1953 ਨੂੰ ਭਿੜਿਆ ਜਿਸ ਵਿਚ ਨਾਮਵਰ ਮੁੱਕੇਬਾਜ਼ ਡੌਨ ਸਮਿੱਥ ਨੂੰ ਪਹਿਲੇ ਰਾਊਂਡ ਵਿੱਚ ਹੀ ਨਾਕ ਆਊਟ ਕਰ ਦਿੱਤਾ। ਉਦੋਂ ਤਕ ਉਹਦਾ ਕੱਦ 6 ਫੁੱਟ 1 ਇੰਚ ਹੋ ਗਿਆ ਸੀ ਤੇ ਜੁੱਸਾ ਵੀ ਪੂਰਾ ਭਰ ਗਿਆ ਸੀ। 7 ਸਤੰਬਰ 1954 ਨੂੰ ਬੇਸ਼ਕ ਉਹ ਮਾਰਟੀ ਮਾਰਸ਼ਲ ਤੋ ਹਾਰਿਆ ਵੀ ਪਰ 21 ਅਪ੍ਰੈਲ 1955 ਨੂੰ ਉਸ ਨੂੰ ਹਰਾਇਆ ਵੀ। ਉਨ੍ਹਾਂ ਵਿਚਕਾਰ ਤੀਜਾ ਮੁਕਾਬਲਾ 6 ਮਾਰਚ 1956 ਨੂੰ ਹੋਇਆ ਜੋ ਫਿਰ ਸੋਨੀ ਲਿਸਟਨ ਨੇ ਜਿੱਤਿਆ।

5 ਮਈ 1956 ਨੂੰ ਉਹ ਇਕ ਪੁਲੀਸਮੈਨ ਨਾਲ ਝਗੜਾ ਕਰ ਬੈਠਾ। ਉਹਦੀ ਬੰਦੂਕ ਖੋਹ ਲਈ ਤੇ ਉਸ ਨੂੰ ਜ਼ਖਮੀ ਦਿੱਤਾ। ਉਸ ਜੁਰਮ ਬਦਲੇ ਲਿਸਟਨ ਨੂੰ 9 ਮਹੀਨਿਆਂ ਦੀ ਜੇਲ੍ਹ ਹੋਈ ਪਰ 6 ਮਹੀਨਿਆਂ ਬਾਅਦ ਹੀ ਪੈਰੋਲ 'ਤੇ ਬਾਹਰ ਆ ਗਿਆ। ਫਿਰ ਉਹ ਸੇਂਟ ਲੂਈਸ ਛੱਡ ਕੇ ਫਿਲਾਡੈਲਫੀਆ ਚਲਾ ਗਿਆ। 1958 'ਚ ਉਹ ਫਿਰ ਮੁੱਕੇਬਾਜ਼ੀ 'ਚ ਸਰਗਰਮ ਹੋ ਗਿਆ। ਉਸ ਸਾਲ ਉਸ ਨੇ 8 ਮੁਕਾਬਲੇ ਲੜੇ ਜਿਨ੍ਹਾਂ 'ਚੋਂ 6 ਨਾਕ ਆਊਟ ਨਾਲ ਜਿੱਤੇ। 1959 'ਚ ਉਸ ਨੇ ਕਹਿੰਦੇ ਕਹਾਉਂਦੇ ਮੁੱਕੇਬਾਜ਼ਾਂ ਮਾਈਕ ਡੀਜੌਹਨ ਤੇ ਕਲੀਵਲੈਂਡ

ਬਾਕੀ ਹਿਸਾ ਸਫਾ 61 ਤੇ ਪੜ੍ਹੋ

60 ਸਫ਼ੇ ਦੀ ਬਾਕੀ

ਵਿਲੀਅਮਜ਼ ਵਰਗਿਆਂ ਦੀ ਗੋਡੀ ਲੁਆ ਦਿੱਤੀ। 1960 'ਚ ਕਈ ਵੱਡੇ ਭੇੜ ਜਿੱਤੇ। 7 ਸਤੰਬਰ 1960 ਨੂੰ ਈਡੀ ਮੈਕਨ ਵੀਹਰਾਇਆ। ਫਿਰ ਉਹਦੇ ਮੂਹਰੇ ਗੋਰੇ ਰੰਗ ਦਾ ਹੈਵੀਵੇਟ ਵਿਸ਼ਵ ਚੈਂਪੀਅਨ ਫਲੌਇਡ ਪੈਟਰਸਨ ਸੀ ਜੋ ਸਾਂਵਲੀ ਨਸਲ ਦੇ ਲਿਸਟਨ ਦੇ ਮੁਜਰਮਾਨਾ ਕਾਰਿਆਂ ਤੋਂ ਕੰਨ ਭੰਨਦਾ ਸੀ। ਪਰ ਮੀਡੀਆ ਗੋਰੇ-ਕਾਲੇ ਦੀ ਫਾਈਟ ਲਈ ਦੋਹਾਂ ਨੂੰ 'ਚੁੱਕ ਦੇ ਰਿਹਾ ਸੀ।

ਜਨਵਰੀ 1962 ਵਿੱਚ ਪੈਟਰਸਨ ਸਲਾਹ ਲੈਣ ਲਈ ਅਮਰੀਕਾ ਦੇ ਪ੍ਰਧਾਨ ਜੌਹਨ ਐੱਫ ਕਨੇਡੀ ਨੂੰ ਮਿਲਿਆ। ਕਨੇਡੀ ਨੇ ਸਲਾਹ ਦਿੱਤੀ ਕਿ ਉਹ ਮੁਜਰਮ ਮੁੱਕੇਬਾਜ਼ ਨਾਲ ਨਾ ਲੜੇ। ਪਰ ਉਨ੍ਹਾਂ ਦਾ ਮੁਕਾਬਲਾ ਟਾਲਿਆ ਨਾ ਜਾ ਸਕਿਆ। ਇੰਜ ਸੋਨੀ ਲਿਸਟਨ 25 ਸਤੰਬਰ 1962 ਨੂੰ ਉਦੋਂ ਦੇ ਮਾਨਤਾ ਪ੍ਰਾਪਤ ਹੈਵੀਵੇਟ ਵਿਸ਼ਵ ਚੈਂਪੀਅਨ ਫਲੌਏਡ ਪੈਟਰਸਨ ਨੂੰ ਨਾਕ ਆਊਟ ਕਰ ਕੇ ਪਹਿਲੀ ਵਾਰ ਵਰਲਡ ਬੌਕਸਿੰਗ ਚੈਂਪੀਅਨ ਬਣਿਆ।

ਰਹਿੰਦੀ ਕਸਰ ਉਸ ਨੇ 1963 'ਚ ਦੂਜੀ ਵਾਰ ਵਿਸ਼ਵ ਚੈਂਪੀਅਨ ਬਣ ਕੇ ਕੱਢ ਦਿੱਤੀ। 1964 'ਚ ਜਦੋਂ ਮੁਹੰਮਦ ਅਲੀ ਨੇ ਉਸ ਨੂੰ ਹਰਾਇਆ ਤਾਂ ਚਰਚਾ ਚੱਲੀ ਕਿ ਮੁਕਾਬਲੇ ਤੋਂ ਪਹਿਲੀ ਰਾਤ ਸੋਨੀ ਨੇ ਰੱਜ ਕੇ ਸ਼ਰਾਬ ਪੀਤੀ ਸੀ ਜਿਸ ਕਾਰਨ ਉਹ ਨਿਢਾਲ ਜਿਹਾ ਸੀ। ਸੱਜਾ ਮੋਢਾ ਵੀ ਕੁਝ ਕਸਰਿਆ ਹੋਇਆ ਸੀ। 1965 'ਚ ਉਹ ਮੁਹੰਮਦ ਅਲੀ ਤੋਂ ਦੂਜੀ ਵਾਰ ਹਾਰਿਆ ਤਾਂ ਚਰਚਾ ਇਹ ਵੀ ਚੱਲੀ ਕਿ ਮੈਚ 'ਫਿਕਸ ਸੀ। ਫਿਰ ਵੀ ਉਹ 1970 ਤਕ ਜਿੱਤਾਂ ਜਿੱਤਦਾ ਸਰਗਰਮ ਮੁੱਕੇਬਾਜ਼ ਰਿਹਾ।

ਮੁੱਕੇਬਾਜ਼ੀ 'ਚ ਧੁੰਮਾਂ ਪਾਉਣ ਵਾਲੇ ਵਰਲਡ ਚੈਂਪੀਅਨ ਸੋਨੀ ਲਿਸਟਨ ਦਾ ਅੰਤ ਦੁਖਾਂਤਿਕ ਹੋਇਆ। ਉਹਦੀ ਪਤਨੀ ਜੇਰਲਡਾਈਨ, ਨੇਵਾਡਾ ਵਾਲੀ ਰਹਾਇਸ਼ ਤੋਂ ਬਾਹਰ ਗਈ ਹੋਈ ਸੀ। ਉਹ ਬਾਰਾਂ ਦਿਨਾਂ ਬਾਅਦ 5 ਜਨਵਰੀ 1971 ਨੂੰ ਘਰ ਪਰਤੀ ਤਾਂ ਪਤੀ ਮਰਿਆ ਪਿਆ ਸੀ। ਪੁਲੀਸ ਨੇ ਪੜਤਾਲ ਕੀਤੀ ਤਾਂ ਘਰ 'ਚ ਹੈਰੋਇਨ ਦੇ ਪੈਕਟ ਤੇ ਸਰਿੰਜ ਮਿਲੀ।

ਲਿਸਟਨ ਦੀ ਨਾੜ ਉਤੇ ਸੂਈ ਦਾ ਨਿਸ਼ਾਨ ਵੀ ਪਿਆ ਹੋਇਆ ਸੀ। ਪੁਲੀਸ ਦੀ ਪੜਤਾਲ ਇਸ ਸਿੱਟੇ 'ਤੇ ਪੁੱਜੀ ਕਿ ਸਾਬਕਾ ਵਰਲਡ ਚੈਂਪੀਅਨ ਹੈਰੋਇਨ ਦੀ ਓਵਰ ਡੋਜ਼ ਨਾਲ ਮਰਿਆ। ਪਰ ਮੌਤ ਦੇ ਆਫ਼ੀਸ਼ਲ ਸਰਟੀਫਿਕੇਟ ਵਿੱਚ ਲਿਸਟਨ ਦੀ ਮੌਤ ਫੇਫੜੇ ਤੇ ਦਿਲ ਫੇਲ੍ਹ ਹੋਣ ਕਾਰਨ ਦਰਜ ਕੀਤੀ ਗਈ। ਅਫ਼ਵਾਹਾਂ ਤਾਂ ਇਹ ਵੀ ਉੱਡੀਆਂ ਕਿ ਹੋ ਸਕਦੈ ਕਿਸੇ ਨੇ ਉਹਦਾ ਕਤਲ ਕਰ ਦਿੱਤਾ ਹੋਵੇ! ਜੁਰਮ ਦੀ ਦੁਨੀਆ ਵਿਚ ਕੁਝ ਵੀ ਹੋ ਸਕਦੈ।

ਸੋਨੀ ਲਿਸਟਨ ਦਾ ਵਿਆਹ 3 ਸਤੰਬਰ 1957 ਨੂੰ ਸੇਂਟ ਲੁਈਸ ਵਿਖੇ ਜੇਰਲਡਾਈਨ ਚੈਂਬਰਜ਼ ਨਾਲ ਹੋਇਆ ਸੀ। ਜੇਰਲਡਾਈਨ ਕੋਲ ਪਹਿਲੇ ਵਿਆਹ ਦੀ ਇਕ ਧੀ ਸੀ। ਸੋਨੀ ਲਿਸਟਨ ਨੇ ਵੀ ਸਵੀਡਨ ਤੋਂ ਇਕ ਬੱਚਾ ਗੋਦ ਲੈ ਲਿਆ ਸੀ। ਸੋਨੀ ਲਿਸਟਨ ਦੇ ਜੀਵਨੀਕਾਰ ਪਾਲ ਗਲੈਂਡਰ ਨੇ ਤਾਂ ਇਹ ਵੀ ਲਿਖਿਆ ਕਿ ਉਸ ਦੇ ਪਤਨੀ ਬਾਹਰੇ ਕੁਝ ਬੱਚੇ ਹਨ। ਉਸ ਦੀ ਪਤਨੀ ਦਾ ਕਹਿਣਾ ਹੈ ਕਿ ਉਸ ਦਾ ਪਤੀ ਭਲਾ ਪੁਰਸ਼ ਸੀ ਜਿਸ ਨਾਲ ਉਸ ਨੇ ਬੜੇ ਚੰਗੇ ਦਿਨ ਕੱਟੇ। ਉਹ ਬੱਚਿਆਂ ਨੂੰ ਬੜਾ ਪਿਆਰ ਕਰਦਾ ਸੀ। ਉਹ ਬੇਸ਼ਕ ਅਨਪੜ੍ਹ ਸੀ ਪਰ ਸਮਝਦਾਰ ਸੀ। ਉਹ ਉਲਝੇ ਸੁਭਾਅ ਦਾ ਦਿਲਚਸਪ ਬੰਦਾ ਸੀ। ਮੁੱਕੇਬਾਜ਼ ਜੋਜ਼ੇ ਟੋਰਸ ਦਾ ਕਹਿਣਾ ਹੈ ਕਿ ਉਸ ਨੇ ਕੋਈ ਅਥਲੀਟ, ਬੇਸਬਾਲ, ਬਾਸਕਟਬਾਲ ਜਾਂ ਫੁੱਟਬਾਲ ਦਾ ਖਿਡਾਰੀ ਸੋਨੀ ਲਿਸਟਨ ਤੋਂ ਸਮਾਰਟ ਤੇ ਸਮਝਦਾਰ ਨਹੀਂ ਵੇਖਿਆ!

'ਰਿੰਗ ਮੈਗਜ਼ੀਨ ਨੇ ਉਸ ਨੂੰ ਸਰਬ ਸਮਿਆਂ ਦੇ ਮਹਾਨਤਮ ਮੁੱਕੇਬਾਜ਼ਾਂ ਵਿੱਚ ਦਸਵੇਂ ਸਥਾਨ, ਮੁੱਕੇਬਾਜ਼ੀ ਦੇ ਪ੍ਰੌੜ ਲੇਖਕ ਹਰਬ ਗੋਲਡਮੈਨ ਨੇ ਦੂਜੇ ਸਥਾਨ ਤੇ 'ਸਪੋਰਟਸ ਇਲੱਸਟ੍ਰੇਟਿਡ ਦੇ ਸੀਨੀਅਰ ਐਡੀਟਰ ਰਿਚਰਡ ਓਬਰਾਈਨ ਨੇ ਤੀਜੇ ਸਥਾਨ 'ਤੇ ਰੱਖਿਆ ਹੈ। 'ਸਪੋਰਟਸ ਸਟਾਰ ਦੇ ਐਲਫੀ ਪੌਂਟਸ ਹਾਰਮਰ ਨੇ ਹੈਵੀਵੇਟ ਮੁੱਕੇਬਾਜ਼ਾਂ 'ਚ ਤੀਜੇ ਤੇ ਸਭਨਾਂ ਵਜਨ ਵਰਗਾਂ ਦੇ ਮੁੱਕੇਬਾਜ਼ਾਂ ਵਿੱਚ ਛੇਵੇਂ ਸਥਾਨ ਦਾ ਮੁੱਕੇਬਾਜ਼ ਮੰਨਿਆ ਹੈ। ਸੋਨੀ ਲਿਸਟਨ ਦੀ ਮੌਤ ਤੋਂ 20 ਸਾਲ ਬਾਅਦ 1991 'ਚ ਉਸ ਦਾ ਨਾਂ ਇੰਟਰਨੈਸ਼ਨਲ ਬੌਕਸਿੰਗ ਹਾਲ ਵਿਚ ਸਥਾਪਿਤ ਕੀਤਾ ਗਿਆ। ਉਸ ਦੀ ਕਬਰ ਲਾਸ ਵੇਗਾਸ, ਨੇਵਾਡਾ ਦੇ ਪੈਰਾਡਾਈਜ਼ ਮੈਮੋਰੀਅਲ ਗਾਰਡਨਜ਼ ਵਿੱਚ ਹੈ ਜਿਥੇ ਕੋਈ ਮੇਲਾ ਤਾਂ ਭਾਵੇਂ ਨਹੀਂ ਭਰਦਾ ਪਰ ਉਸ ਦੇ ਪ੍ਰਸ਼ੰਸਕ ਫੁੱਲ ਭੇਟਾ ਕਰਨ ਅਜੇ ਵੀ ਆਉਂਦੇ ਜਾਂਦੇ ਹਨ। ਉਹ ਉਸ ਨੂੰ ਮੁਜਰਮ ਪੱਖੋਂ ਘੱਟ, ਪਰ ਵਰਲਡ ਚੈਂਪੀਅਨ ਪੱਖੋਂ ਵੱਧ ਯਾਦ ਕਰਦੇ ਹਨ।

*principalsarwansingh@gmail.com*

ਬਰਸੀ 'ਤੇ ਵਿਸ਼ੇਸ਼

# ਭਾਈ ਸੰਤੋਖ ਸਿੰਘ ਧਰਦਿਓ

ਪ੍ਰੋ. ਗੋਪਾਲ ਸਿੰਘ ਬੁੱਟਰ
» ਮੋ : 99150-05814

ਭਾਈ ਸੰਤੋਖ ਸਿੰਘ ਧਰਦਿਓ 1913 ਵਿਚ ਅਮਰੀਕਾ ਦੇ ਕੈਲੇਫੋਰਨੀਆ ਰਾਜ ਦੇ ਸ਼ਹਿਰ ਸਾਨਫਰਾਂਸਿਸਕੋ ਵਿਖੇ ਹੋਂਦ ਵਿਚ ਆਈ ਦੇਸ਼ ਭਗਤ ਭਾਰਤੀਆਂ ਦੀ ਇਨਕਲਾਬੀ ਜਥੇਬੰਦੀ 'ਇੰਡੀਅਨ ਐਸੋਸੀਏਸ਼ਨ ਆਫ ਦਾ ਪੈਸੇਫਿਕ ਕੋਸਟ' ਦਾ ਬਾਨੀ ਮੈਂਬਰ ਸੀ, ਜੋ ਬਾਅਦ ਵਿਚ 'ਹਿੰਦੀ ਐਸੋਸੀਏਸ਼ਨ' ਦੇ ਨਾਮ ਨਾਲ ਤੇ ਉਸ ਤੋਂ ਉਪਰੰਤ ਗ਼ਦਰ ਪਾਰਟੀ ਦੇ ਨਾਮ ਨਾਲ ਜਗਤ ਪ੍ਰਸਿੱਧ ਹੋਈ। ਇਸ ਦੇ ਪਹਿਲੇ ਜਨਰਲ ਸਕੱਤਰ ਲਾਲਾ ਹਰਦਿਆਲ ਦੇ ਅਮਰੀਕਾ ਛੱਡ ਦੇਣ ਨਾਲ ਸੰਤੋਖ ਸਿੰਘ ਧਰਦਿਓ ਨੂੰ ਬਤੌਰ ਜਨਰਲ ਸਕੱਤਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨਾਲ ਮੋਢੇ ਨਾਲ ਮੋਢਾ ਜੋੜ ਕੇ ਪਾਰਟੀ ਦੀ ਵਡੇਰੀ ਜ਼ਿੰਮੇਵਾਰੀ ਸੰਭਾਲਣੀ ਪਈ। ਭਾਈ ਸੰਤੋਖ ਦੇ ਪਿਤਾ ਸ. ਜਵਾਲਾ ਸਿੰਘ ਰੰਧਾਵਾ ਪਿੰਡ ਧਰਦਿਓ ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ ਪਰ ਉਹ ਸਿੰਘਾਪੁਰ ਵਿਖੇ ਹਾਰਬਰ ਪੁਲਿਸ ਦੇ ਮੁਲਾਜ਼ਮ ਹੋਣ ਕਾਰਨ ਉਥੇ ਪਰਿਵਾਰ ਸਹਿਤ ਰਹਿੰਦੇ ਸਨ।

ਸਿੰਘਾਪੁਰ ਵਿਖੇ ਹੀ 1892 ਈ. ਨੂੰ ਭਾਈ ਸੰਤੋਖ ਸਿੰਘ ਦਾ ਜਨਮ ਮਾਤਾ ਰਾਮ ਕੌਰ ਦੀ ਕੁੱਖੋਂ ਹੋਇਆ। ਉਥੇ ਹੀ ਭਾਈ ਸਾਹਿਬ ਨੇ ਮੁੱਢਲੀ ਤਾਲੀਮ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ ਤੋਂ ਹਾਸਲ ਕੀਤੀ। ਤੀਖਣ ਬੁੱਧ ਭਾਈ ਸੰਤੋਖ ਸਿੰਘ ਨੇ ਬਚਪਨ ਵਿਚ ਹੀ ਅੰਗਰੇਜ਼ੀ ਜ਼ੁਬਾਨ ਬੋਲਣ ਲਿਖਣ ਵਿਚ ਚੰਗੀ ਮੁਹਾਰਤ ਹਾਸਲ ਕਰ ਲਈ ਸੀ ਜੋ ਦੇਸ਼ ਵਿਦੇਸ਼ ਵਿਚ ਕੌਮੀ ਕਾਰਜਾਂ ਲਈ ਉਨ੍ਹਾਂ ਦੀ ਸ਼ਕਤੀ ਬਣਦੀ ਰਹੀ। ਸ. ਜਵਾਲਾ ਸਿੰਘ 1903 ਵਿਚ ਪੈਨਸ਼ਨ ਲੈ ਕੇ ਪਰਿਵਾਰ ਸਮੇਤ ਆਪਣੇ ਪਿੰਡ ਧਰਦਿਓ ਪਰਤ ਆਏ। ਪਿੰਡ ਧਰਦਿਓ ਤੋਂ ਦੋ ਮੀਲ ਦੂਰੀ 'ਤੇ ਪੈਂਦੇ ਡੀ.ਬੀ. ਪ੍ਰਾਇਮਰੀ ਸਕੂਲ ਮਹਿਤਾ-ਨੰਗਲ ਤੋਂ ਭਾਈ ਸੰਤੋਖ ਸਿੰਘ ਨੇ ਮੁੱਢਲੀ ਪੜ੍ਹਾਈ ਮੁਕੰਮਲ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਤੋਂ ਹੋਸਟਲ ਵਿਚ ਰਹਿ ਕੇ ਮੈਟ੍ਰਿਕ ਪਾਸ ਕੀਤੀ। ਮਾਸਟਰ ਤਾਰਾ ਸਿੰਘ ਦੇ ਛੋਟੇ ਭਰਾ ਨਿਰੰਜਣ ਸਿੰਘ ਜੋ ਬਾਅਦ ਵਿਚ ਪ੍ਰਿੰਸੀਪਲ ਤੇ ਕੌਮੀ ਵਰਕਰ ਵੀ ਬਣੇ ਏਥੇ ਭਾਈ ਸਾਹਿਬ ਦੇ ਜਮਾਤੀ ਸਨ ਤੇ ਦੱਸਿਆ ਕਰਦੇ ਸਨ ਕਿ ਸੰਤੋਖ ਸਿੰਘ ਦੀ ਪ੍ਰਭਾਵਸ਼ਾਲੀ ਅੰਗਰੇਜ਼ੀ ਕਾਰਨ ਸਕੂਲ ਵਿਚ ਉਸ ਦਾ ਨਾਮ 'ਮਿਸਟਰ ਡਿਕਸ਼ਨਰੀ ਸਿੰਘ' ਪੈ ਗਿਆ ਸੀ।



1912 ਵਿਚ ਭਾਈ ਸੰਤੋਖ ਸਿੰਘ ਉਚੇਰੀ ਪੜ੍ਹਾਈ ਲਈ ਇੰਗਲੈਂਡ ਗਏ ਪਰ ਉਸ ਤੋਂ ਜਲਦੀ ਬਾਅਦ ਉਹ ਕੈਨੇਡਾ ਪਹੁੰਚ ਗਏ। ਇਥੇ ਉਹ ਅਕਸਰ ਹੀ ਆਪਣੇ ਅਨਪੜ੍ਹ ਦੇਸ਼-ਵਾਸੀ ਆਰਾ ਮਿੱਲਾਂ ਦੇ ਵਰਕਰਾਂ ਦੀਆਂ ਸਮੱਸਿਆਵਾਂ ਗੋਰੇ ਮਿੱਲ ਮਾਲਕਾਂ ਅਤੇ ਅਦਾਲਤਾਂ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਕੇ ਉਨ੍ਹਾਂ ਨੂੰ ਇਨਸਾਫ਼ ਦਿਵਾਉਂਦੇ ਸਨ, ਜਿਸ ਕਾਰਨ ਭਾਰਤੀ ਕਾਮਿਆਂ ਨੇ ਸਹਿਜੇ ਹੀ ਉਨ੍ਹਾਂ ਨੂੰ ਆਪਣਾ ਆਗੂ ਮੰਨ ਲਿਆ।

ਜਦ ਕੈਨੇਡਾ ਤੋਂ ਭਾਈ ਸੰਤੋਖ ਸਿੰਘ ਅਮਰੀਕਾ ਆ ਗਏ ਤਾਂ ਜਲਦੀ ਹੀ ਉਨ੍ਹਾਂ ਨੇ ਬਾਬਾ ਜਵਾਲਾ ਸਿੰਘ ਠੱਠੀਆਂ ਅਤੇ ਬਾਬਾ ਵਿਸਾਖਾ ਸਿੰਘ ਦਦੇਹਰ ਨਾਲ ਮਿਲ ਕੇ ਗ਼ਦਰ ਪਾਰਟੀ ਤੇ ਗ਼ਦਰ ਪਰਚੇ ਦੀਆਂ ਜ਼ਿੰਮੇਵਾਰੀਆਂ ਸਾਂਭ ਲਈਆਂ। ਸਾਮਰਾਜੀ ਸ਼ਕਤੀਆਂ ਵਿਰੁੱਧ ਸਪੱਸ਼ਟ ਪੈਂਤੜੇ, ਆਜ਼ਾਦੀ ਪ੍ਰਾਪਤੀ ਲਈ ਸੁਹਿਰਦ ਤੜਪ ਤੇ ਲੋਕ ਭਲਾਈ ਦੀ ਪ੍ਰਬਲ ਭਾਵਨਾ ਵਾਲਾ ਇਹ ਦੇਸ਼ ਭਗਤ ਜਿਥੇ ਬਰਤਾਨਵੀ ਖ਼ੁਫ਼ੀਆ ਏਜੰਸੀਆਂ ਲਈ 'ਮਧਰੇ ਕੱਦ, ਤਿੱਖੇ ਨਕਸ਼ਾਂ ਤੇ ਤਿੱਖੀ ਬਰੀਕ ਆਵਾਜ਼ ਵਾਲਾ ਚਤੁਰ ਤੇ ਖਤਰਨਾਕ ਵਿਅਕਤੀ ਸੀ' ਉਥੇ ਆਪਣੇ ਸਾਥੀ ਦੇਸ਼ ਭਗਤਾਂ ਦੀ ਨਜ਼ਰ ਵਿਚ 'ਕਮਾਲ ਦੀ ਸੂਝ-ਸਿਆਣਪ ਦਾ ਮਾਲਕ, ਈਮਾਨਦਾਰ ਤੇ ਪੇਚੀਦਾ ਮਸਲਿਆਂ ਬਾਰੇ ਤੁਰੰਤ ਅਤੇ ਦਰੁਸਤ ਫੈਸਲੇ ਲੈ ਸਕਣ ਵਾਲਾ ਮਹਾਨ ਬੁੱਧੀਮਾਨ ਆਗੂ ਸੀ।' ਹਿੰਦੋਸਤਾਨ ਵਿਚ ਗ਼ਦਰ ਕਰਨ ਦੇ ਮਕਸਦ ਨਾਲ ਪਾਰਟੀ ਨੇ ਭਾਈ ਸਾਹਿਬ ਨੂੰ ਸਿੰਘਾਪੁਰ ਸਿਆਮ ਮਲਾਇਆ ਤੇ ਬਰਮਾ ਦੀਆਂ ਪਾਰਟੀ ਦੀਆਂ ਸ਼ਾਖਾਵਾਂ ਦਾ ਚਾਰਜ ਸੌਂਪ ਦਿੱਤਾ।

ਸਤੰਬਰ 1914 ਦੇ ਕਰੀਬ ਉਹ ਸਿੰਘਾਈ ਪਹੁੰਚੇ। ਸਿਆਮ ਵਿਚ ਗ਼ਦਰ ਪਾਰਟੀ ਲਈ ਭਾਈ ਸਾਹਿਬ ਨੇ ਸੋਹਨ ਲਾਲ ਪਾਠਕ ਤੇ ਆਤਮਾ ਰਾਮ ਨਾਲ ਕੰਮ ਕੀਤਾ। ਇਥੇ ਸਰਕਾਰੀ ਚੌਕਸੀ ਵਿਚ ਬਹੁਤੇ ਇਨਕਲਾਬੀ ਫਸ ਗਏ ਪਰ ਭਾਈ ਸੰਤੋਖ ਸਿੰਘ ਕਿਸੇ ਤਰ੍ਹਾਂ ਅਮਰੀਕਾ ਵਾਪਸ ਪਰਤਣ ਵਿਚ ਸਫਲ ਹੋ ਗਏ। ਅਮਰੀਕਾ ਵਿਖੇ ਭਾਈ ਸਾਹਿਬ ਨੇ ਪਾਰਟੀ ਨਵੇਂ ਸਿਰਿਓਂ ਗਠਿਤ ਕਰਨੀ ਸ਼ੁਰੂ ਕੀਤੀ ਪਰ ਇਨ੍ਹਾਂ ਨੂੰ ਗ਼ਦਰ ਲਈ ਚਲੇ ਮੁਕੱਦਮੇ ਵਿਚ 21 ਮਹੀਨੇ ਲਈ ਜੇਲ੍ਹ ਜਾਣਾ ਪਿਆ। ਰਿਹਾਈ ਪਿਛੋਂ ਭਾਈ ਸੰਤੋਖ ਸਿੰਘ ਨੇ ਆਪਣੇ ਸਾਥੀਆਂ ਨਾਲ ਪਾਰਟੀ ਦੇ ਹੈਡਕੁਆਰਟਰ ਯੁਗਾਂਤਰ ਆਸ਼ਰਮ (ਗ਼ਦਰ ਆਸ਼ਰਮ) ਵਿਚ ਰਹਿ ਕੇ ਪਾਰਟੀ ਨੂੰ ਮੁੜ ਜਥੇਬੰਦ ਕੀਤਾ। ਨਵੰਬਰ 1922 ਵਿਚ ਉਹ ਮਾਸਕੋ ਪਹੁੰਚ ਗਏ ਤੇ ਕਾਮਰੇਡ ਲੈਨਿਨ ਦੀ ਕਾਰਜਸ਼ੈਲੀ ਨੂੰ ਨੇੜਿਓਂ ਤੱਕਿਆ। ਇਥੇ ਉਨ੍ਹਾਂ ਨੇ ਕਮਿਊਨਿਸਟ ਇੰਟਰਨੈਸ਼ਨਲ ਦੀ ਚੌਥੀ ਕਾਂਗਰਸ ਵਿਚ ਹਿੱਸਾ ਲਿਆ। ਰੂਸ ਤੋਂ ਉਹ ਭਾਈ ਰਤਨ ਸਿੰਘ (ਰਾਏਪੁਰ ਡੱਬਾ) ਨਾਲ ਭਾਰਤ ਵਿਚ ਪਰਚਾ ਕੱਢ ਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਵਾਪਸ ਪਰਤੇ। ਪਰ ਅਫਗਾਨਿਸਤਾਨ ਤੋਂ ਹਿੰਦੋਸਤਾਨ ਪ੍ਰਵੇਸ਼ ਕਰਦੇ ਸਮੇਂ ਹੀ ਬਰਤਾਨਵੀ ਪੁਲਿਸ ਦੇ ਹੱਥ ਆ ਗਏ। ਗ੍ਰਿਫਤਾਰੀ ਉਪਰੰਤ ਭਾਈ ਸਾਹਿਬ ਕਾਫੀ ਸਮਾਂ ਪਿੰਡ ਵਿਚ ਨਜ਼ਰਬੰਦ ਰਹੇ।

ਇਸ ਉਪਰੰਤ ਉਨ੍ਹਾਂ ਨੇ ਭਾਗ ਸਿੰਘ ਕੈਨੇਡੀਅਨ ਤੇ ਬਾਬਾ ਕਰਮ ਸਿੰਘ ਚੀਮਾ ਦੀ ਮਦਦ ਨਾਲ ਫਰਵਰੀ 1926 ਵਿਚ ਅਗਾਂਹਵਧੂ ਪਰਚਾ 'ਕਿਰਤੀ' ਕੱਢਿਆ ਜਿਸ ਨੇ ਅਗਾਂਹਵਧੂ ਪੰਜਾਬੀ ਪੱਤਰਕਾਰੀ ਨੂੰ ਪਹਿਲੀ ਵਾਰ ਇਕ ਵੱਡਾ ਮੰਚ ਮੁਹੱਈਆ ਕੀਤਾ। ਜ਼ਿਆਦਾ ਮਿਹਨਤ, ਮਾੜੀ ਖੁਰਾਕ ਤੇ ਪੁਲਿਸ ਦੇ ਅਣ-ਮਨੁੱਖੀ ਵਿਹਾਰ ਕਾਰਨ ਉਹ ਟੀ.ਬੀ. ਦਾ ਸ਼ਿਕਾਰ ਹੋ ਗਏ ਅਤੇ ਅੰਤ 19 ਮਈ 1927 ਨੂੰ ਉਹ ਕਿਰਤੀ ਦੇ ਦਫਤਰ ਅੰਮ੍ਰਿਤਸਰ ਵਿਖੇ ਸਦੀਵੀ ਵਿਛੋੜਾ ਦੇ ਗਏ।

ਭਾਈ ਸਾਹਿਬ ਦੀ ਜੱਦੋ-ਜਹਿਦ ਭਰੀ ਜ਼ਿੰਦਗੀ, ਬੀਮਾਰੀ ਨਾਲ ਚੱਲੇ ਲੰਮੇ ਸੰਘਰਸ਼ ਕਾਰਨ ਪੰਥ ਰਤਨ ਮਾਸਟਰ ਤਾਰਾ ਸਿੰਘ ਨੇ ਉਨ੍ਹਾਂ ਦੀ ਮੌਤ ਨੂੰ ਤਿਲ ਤਿਲ ਕਰਕੇ ਹੋਈ ਸ਼ਹਾਦਤ ਦਾ ਨਾਂ ਦਿੰਦਿਆਂ ਉਨ੍ਹਾਂ ਨੂੰ ਸ਼ਹੀਦ ਦਾ ਖਿਤਾਬ ਪ੍ਰਦਾਨ ਕੀਤਾ। ਅਸੀਂ ਅੱਜ ਇਸ ਮਹਾਨ ਗ਼ਦਰੀ ਆਗੂ ਤੇ ਚਿੰਤਕ ਨੂੰ ਉਨ੍ਹਾਂ ਦੀ ਬਰਸੀ ਤੇ ਅਵਸਰ 'ਤੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।

# ਸ਼ਬਦਾਂ ਦਾ ਸਾਧਕ : ਅਮਰਜੀਤ ਟਾਂਡਾ ਦੀ ਕਾਵਿ ਅਤੇ ਨਾਵਲਕਾਰੀ ਦਾ ਅਲੌਕਿਕ ਪਾਸਾਰ

**ਡਾ. ਜੋਗਿੰਦਰ ਸਿੰਘ ਕੈਰੋਂ**
ਸੰਪਰਕ +1 (681) 666-3273



ਸਾਹਿਤ ਸਿਰਫ਼ ਸ਼ਬਦਾਂ ਦੀ ਬਣਤਰ ਨਹੀਂ ਹੁੰਦਾ, ਇਹ ਮਨੁੱਖੀ ਰੂਹ ਦਾ ਇਤਿਹਾਸ ਹੁੰਦਾ ਹੈ। ਜਦੋਂ ਕੋਈ ਲੇਖਕ ਆਪਣੇ ਅੰਦਰ ਦੀਆਂ ਤਰੰਗਾਂ ਨੂੰ ਸ਼ਬਦਾਂ ਵਿੱਚ ਬਦਲਦਾ ਹੈ, ਤਾਂ ਉਹ ਸਿਰਫ਼ ਕਵਿਤਾ ਨਹੀਂ ਲਿਖਦਾ - ਉਹ ਸਮੇਂ ਦੀ ਧੜਕਣ ਨੂੰ ਉਣਦਾ ਤੇ ਲਿਖਦਾ ਹੈ। ਇਸ ਪ੍ਰਸੰਗ ਵਿੱਚ ਡਾ. ਅਮਰਜੀਤ ਟਾਂਡਾ ਦੀ ਰਚਨਾਤਮਕ ਯਾਤਰਾ ਇੱਕ ਵਿਲੱਖਣ ਅਤੇ ਰੂਹਾਨੀ ਸਾਹਿਤਕ ਸਫ਼ਰ ਵਾਂਗ ਲੱਗਦੀ ਹੈ, ਜਿਸ ਵਿੱਚ ਕਾਵਿ ਦੀ ਨਰਮੀ, ਨਾਵਲ ਦੀ ਵਿਸ਼ਾਲਤਾ ਅਤੇ ਫਿਲੋਸਫੀ ਦੀ ਗਹਿਰਾਈ ਇੱਕਠੇ ਵਸਦੇ ਹਨ।


ਡਾ. ਅਮਰਜੀਤ ਟਾਂਡਾ ਦੀ ਕਲਮ ਵਿੱਚ ਇੱਕ ਅਜੀਬ ਜਿਹਾ ਸੁਰ ਹੈ-ਇਹ ਸੁਰ ਦਰਦ ਵੀ ਗਾਂਦਾ ਹੈ, ਆਸ ਵੀ ਬੁਣਦਾ ਹੈ ਅਤੇ ਮਨੁੱਖੀ ਜੀਵਨ ਦੀਆਂ ਗਹਿਰਾਈਆਂ ਵਿੱਚ ਲੁਕੇ ਹੋਏ ਸੱਚ ਨੂੰ ਵੀ ਉਜਾਗਰ ਕਰਦਾ ਹੈ। ਉਹਨਾਂ ਦੀ ਕਵਿਤਾ ਸਿਰਫ਼ ਪੜ੍ਹੀ ਨਹੀਂ ਜਾਂਦੀ, ਮਹਿਸੂਸ ਕੀਤੀ ਜਾਂਦੀ ਹੈ। ਇਹ ਕਵਿਤਾ ਮਨੁੱਖੀ ਹਿਰਦੇ ਦੇ ਅੰਦਰ ਉਤਰਦੀ ਹੈ ਅਤੇ ਉੱਥੇ ਚੁੱਪਚਾਪ ਇਕ ਚਾਨਣ ਕਰ ਜਾਂਦੀ ਹੈ। ਡਾ. ਟਾਂਡਾ ਦੀ ਕਾਵਿ-ਕਲਾ ਵਿੱਚ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਉਹ ਜੀਵਨ ਦੇ ਸਧਾਰਨ ਪਲਾਂ ਵਿੱਚੋਂ ਅਸਧਾਰਨ ਦਰਸ਼ਨ ਲੱਭ ਲੈਂਦੇ ਹਨ। ਉਹਨਾਂ ਦੇ ਸ਼ਬਦ ਕਈ ਵਾਰੀ ਕਿਸੇ ਪੰਛੀ ਦੀ ਉਡਾਣ ਵਾਂਗ ਹੌਲੇ ਹੁੰਦੇ ਹਨ, ਕਈ ਵਾਰੀ ਕਿਸੇ ਦਰਿਆ ਦੀ ਲਹਿਰ ਵਾਂਗ ਬੇਚੈਨ ਅਤੇ ਕਈ ਵਾਰੀ ਕਿਸੇ ਸੰਤ ਦੀ ਚੁੱਪ ਵਾਂਗ ਗਹਿਰੇ।

ਉਹਨਾਂ ਦੀ ਕਵਿਤਾ ਵਿੱਚ ਪੰਜਾਬ ਦੀ ਮਿੱਟੀ ਦੀ ਮਹਿਕ ਹੈ। ਉੱਥੇ ਖੇਤ ਹਨ, ਦਰਖ਼ਤ ਹਨ, ਹਵਾ ਹੈ, ਪੰਛੀ ਹਨ ਅਤੇ ਮਨੁੱਖੀ ਰਿਸ਼ਤਿਆਂ ਦੀਆਂ ਗਰਮਾਹਟਾਂ ਹਨ। ਉਹਨਾਂ ਦੀ ਕਵਿਤਾ ਵਿੱਚ ਇਕ ਸਾਫ਼-ਸੁਥਰੀ ਮਨੁੱਖਤਾ ਹੈ ਜੋ ਪਾਠਕ ਨੂੰ ਆਪਣੇ ਅੰਦਰ ਝਾਤ ਮਾਰਨ ਲਈ ਮਜਬੂਰ ਕਰਦੀ ਹੈ।

ਜਿੱਥੇ ਡਾ. ਟਾਂਡਾ ਦੀ ਕਵਿਤਾ ਸੰਵੇਦਨਾ ਦੀ ਗਹਿਰਾਈ ਨੂੰ ਛੂੰਹਦੀ ਹੈ, ਉੱਥੇ ਉਹਨਾਂ ਦੀ ਨਾਵਲ ਕਲਾ ਸਮਾਜ ਦੀ ਵਿਸ਼ਾਲ ਤਸਵੀਰ ਪੇਸ਼ ਕਰਦੀ ਹੈ। ਉਹਨਾਂ ਦੇ ਨਾਵਲ ਸਿਰਫ਼ ਕਹਾਣੀਆਂ ਨਹੀਂ, ਸਮੇਂ ਦੀਆਂ ਡਾਇਰੀਆਂ ਹਨ। ਉਹ ਮਨੁੱਖੀ ਸੰਘਰਸ਼, ਉਮੀਦ, ਦਰਦ ਅਤੇ ਸੁਪਨਿਆਂ ਦੀ ਇਕ ਲੰਬੀ ਯਾਤਰਾ ਬਣ ਜਾਂਦੇ ਹਨ।

ਡਾ. ਟਾਂਡਾ ਦੇ ਨਾਵਲਾਂ ਵਿੱਚ ਜੀਵਨ ਦੀ ਸੱਚਾਈ ਬੜੀ ਸੁੰਦਰਤਾ ਨਾਲ ਪੇਸ਼ ਹੁੰਦੀ ਹੈ। ਉਹਨਾਂ ਦੇ ਪਾਤਰ ਸਿਰਫ਼ ਕਾਗਜ਼ ਤੇ ਨਹੀਂ ਰਹਿੰਦੇ, ਉਹ ਸਾਡੇ ਆਲੇ ਦੁਆਲੇ ਦੇ ਲੋਕਾਂ ਵਾਂਗ ਜੀਉਂਦੇ ਹਨ। ਉਹਨਾਂ ਦੀਆਂ ਕਹਾਣੀਆਂ ਵਿੱਚ ਮਨੁੱਖੀ ਸੰਬੰਧਾਂ ਦੀਆਂ ਗਹਿਰਾਈਆਂ ਅਤੇ ਸਮਾਜਕ ਹਕੀਕਤਾਂ ਦਾ ਸੰਵੇਦਨਸ਼ੀਲ ਚਿੱਤਰ ਮਿਲਦਾ ਹੈ।

ਡਾ. ਟਾਂਡਾ ਦੇ ਨਾਵਲ "ਤੇ ਵਕਤ ਬੋਲਦਾ ਗਿਆ" ਪੜ੍ਹਦਿਆਂ ਇੰਝ ਇਹਸਾਸ




ਹੁੰਦਾ ਹੈ ਜਿਵੇਂ ਕਿ ਕਿਸੇ ਵਿਦੇਸ਼ੀ ਵਿਕਸਿਤ ਭਾਸ਼ਾ ਦਾ ਖ਼ੂਬਸੂਰਤ ਤੇ ਵਧੀਆ ਨਾਵਲ ਪੜ੍ਹ ਰਹੇ ਹੋਈਏ

ਇਹ ਨਾਵਲ ਪੜ੍ਹਦਿਆਂ ਇੰਜ ਇਹਸਾਸ ਹੁੰਦਾ ਹੈ ਜਿਵੇਂ ਕਿ ਕਿਸੇ ਵਿਦੇਸ਼ੀ ਵਿਕਸਿਤ ਭਾਸ਼ਾ ਦਾ ਖ਼ੂਬਸੂਰਤ ਤੇ ਵਧੀਆ ਨਾਵਲ ਪੜ੍ਹ ਰਹੇ ਹੋਈਏ। ਗੱਲ ਸਿਰਫ਼ ਅਜਿਹੇ ਅਹਿਸਾਸ ਦੀ ਹੀ ਨਹੀਂ ਸਗੋਂ ਇਸ ਗੱਲ ਦੀ ਖੁਸ਼ੀ ਵੀ ਹੁੰਦੀ ਹੈ ਕਿ ਪੰਜਾਬੀ ਨਾਵਲ ਬਾਕੀ ਭਾਸ਼ਾਵਾਂ ਦੀਆਂ ਰਚਨਾਵਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਰਿਹਾ ਹੈ। ਉਸ ਦੇ ਪਾਤਰ ਰੋਜ਼ ਦੇ ਭਾਸ਼ਣ ਵਿੱਚੋਂ ਵੀ ਇਹੋ ਝਲਕਾਰੇ ਮਿਲਦੇ ਹਨ। ਜਿਵੇਂ "ਅਸੀਂ ਖੇਡਣਾ ਬੰਦ ਨਹੀਂ ਕਰਦੇ ਕਿਉਂਕਿ ਅਸੀਂ ਬੁੱਢੇ ਹੋ ਗਏ ਹਾਂ ਅਸੀਂ ਬੁੱਢੇ ਹੋ ਜਾਂਦੇ ਹਾਂ ਕਿਉਂਕਿ ਅਸੀਂ ਖੇਡਣਾ ਬੰਦ ਕਰ ਦਿੰਦੇ ਹਾਂ। ਜਵਾਨ ਰਹਿਣ ਖੁਸ਼ ਰਹਿਣ ਅਤੇ ਸਫ਼ਲਤਾ ਪ੍ਰਾਪਤ ਕਰਨ ਦੇ ਸਿਰਫ਼ ਚਾਰ ਰਾਜ਼ ਹਨ। ਤੁਹਾਨੂੰ ਹਰ ਰੋਜ਼ ਹੱਸਣਾ ਅਤੇ ਹਾਸਾ ਮਜ਼ਾਕ ਲੱਭਣਾ ਪਵੇਗਾ। ਤੁਹਾਨੂੰ ਇੱਕ ਸੁਪਨਾ ਹੋਣਾ ਚਾਹੀਦਾ ਹੈ ਜਦੋਂ ਤੁਸੀਂ ਸੁਪਨੇ ਨੂੰ ਗਵਾ ਦਿੰਦੇ ਹੋ ਤੁਸੀਂ ਮਰ ਜਾਂਦੇ ਹੋ।" ਇੰਜ ਉਸਨੇ ਇਸ਼ਕ, ਸਹਿਤ ਲੋਕ, ਸਹਿਤ ਅਤੇ ਵਿਸ਼ਵ ਸੱਭਿਆਚਾਰ ਵਿੱਚੋਂ ਲੋਕ ਸੱਚ ਨੂੰ ਕਸ਼ੀਦ ਕੇ ਆਪਣੀ ਰਚਨਾ ਨੂੰ ਉਸਾਰਿਆ ਹੈ। ਅਜਿਹੀਆਂ ਰਚਨਾਵਾਂ ਵਿੱਚੋਂ ਕਮੀਆਂ ਲੱਭਣੀਆਂ ਤੇ ਪਛਾਣਨੀਆਂ ਸੰਭਵ ਨਹੀਂ ਹੁੰਦੀਆਂ। ਸਾਰਾ ਕੁਝ ਅਖੀਰ ਤੱਕ ਗੁਪਤ ਰੱਖੋ। ਇਸ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਇਹ ਗੱਲ ਸਮਝ ਪੈਂਦੀ ਹੈ ਕਿ ਇਸ ਨਾਵਲ ਵਿੱਚ ਵੀ ਅਜਿਹੀਆਂ ਜੁਗਤਾਂ ਦਾ ਪ੍ਰਯੋਗ ਕੀਤਾ ਗਿਆ ਹੈ। ਲੇਖਕ ਨੇ ਆਪਣੀ ਸਿਰਜਣਾ ਨੂੰ ਬੜੇ ਖ਼ੂਬਸੂਰਤ ਅਖਾਣਾਂ ਅਤੇ ਮੁਹਾਵਰਿਆਂ ਨਾਲ ਢੁਕਵੇਂ ਵਾਤਾਵਰਣ ਨਾਲ ਸ਼ਿੰਗਾਰਿਆ ਹੈ ਜਿਵੇਂ "ਮੇਲੇ ਵਿੱਚ ਗੁਆਚੇ ਬੱਚੇ ਨੂੰ ਮਾਂ ਲੱਭਦੀ ਹੈ" ਇਸ ਦੇ ਨਾਲ ਹੀ ਆਪਣੇ ਕਥਨ ਦੀ ਪਰੋੜਤਾ ਲਈ ਗੁਰਬਾਣੀ ਦੀਆਂ ਤੁਕਾਂ ਦੀਆਂ ਉਦਾਹਰਣਾਂ ਵੀ ਦਿੱਤੀਆਂ ਹਨ। ਇਹ ਸੱਭ ਕੁਝ ਬੁਢਾਪੇ ਅਤੇ ਚੰਗੇ ਜੀਵਨ ਲਈ ਹੈ। ਜਿਸ ਵਿੱਚ ਚੰਗੇ ਜੀਵਨ ਨੂੰ ਜਿਉਣ ਦੇ ਸੁਝਾਅ ਵੀ ਦਿੱਤੇ ਹਨ। ਜਿਸ ਵਿੱਚ ਉਸ ਸਰੀਰ ਅਤੇ ਮਾਨਸਿਕ ਅਵਸਥਾ ਦੇ ਸੁਮੇਲ ਦੀ ਗੱਲ ਕਰਦਾ ਹੈ। ਉਹ ਰੰਗੀਨੀਆਂ ਨੂੰ ਜੀਵਨ ਦਾ ਸ਼ਿੰਗਾਰ ਬਣਾਉਣ ਦੀ ਸਲਾਹ ਵੀ ਦਿੰਦਾ ਹੈ। ਜਿਸ ਵਿੱਚ ਉਹ ਉਦਾਸੀਨਤਾ ਨੂੰ ਮਨ ਦੇ ਨੇੜੇ ਆਉਣ ਤੋਂ ਰੋਕਦਾ ਹੈ ਅਤੇ ਪੁਰਾਣੇ ਰਿਸ਼ਤਿਆਂ ਅਤੇ ਸੰਗੀਤ ਨਾਲ ਜੁੜਨ ਲਈ ਕਹਿੰਦਾ ਹੈ ਅਤੇ ਕੰਮ ਵਿੱਚ ਜੁੜੇ ਰਹਿਣ ਦੀ ਤਾਕੀਦ ਕਰਦਾ ਹੈ। ਜਿਸ ਦੀਆਂ ਉਹ ਪੁਰਾਣੇ ਦੋਸਤਾਂ ਨੂੰ ਮਿਲਣ ਦੀਆਂ ਉਦਾਹਰਣਾਂ ਵੀ ਦਿੰਦਾ ਹੈ। ਉਸ ਦੀਆਂ ਇਹ ਉਦਾਹਰਣਾਂ ਕਈ ਵਾਰ ਕਾਵਿਕ ਰੂਪ ਧਾਰ ਲੈਂਦੀਆਂ ਹਨ। ਜਿਸ ਤੋਂ ਇਹ ਸਮਝ ਪੈਂਦੀ ਹੈ ਕਿ ਉਸਦੀ ਕੇਵਲ ਵਾਰਤਕ ਸ਼ੈਲੀ ਹੀ ਕਾਵਿਕ ਨਹੀਂ ਸਗੋਂ ਕਵਿਤਾਈ ਤਰੰਗਾਂ ਉਸਦੇ ਧੁਰ ਮਨ ਅੰਦਰ ਵੀ ਰਚੀਆਂ ਹੋਈਆਂ ਹਨ। ਉਹ ਬਚਪਨ ਦੀਆਂ ਬਾਲ ਖੇਡਾਂ ਅਤੇ ਹਾਣੀਆਂ ਨਾਲ ਕੀਤੀਆਂ ਨਿੱਕੀਆਂ ਮੋਟੀਆਂ ਲੜਾਈਆਂ ਭੜਾਈਆਂ ਦਾ ਵੀ ਖ਼ੂਬਸੂਰਤ ਜ਼ਿਕਰ ਕਰਦਾ ਹੈ। ਧਰਮ ਅਤੇ ਰਿਸ਼ਤਿਆਂ ਉੱਪਰ ਵੀ ਵਿਅੰਗ ਕਰਦਾ ਹੈ। ਮਸਨੂਈ ਪਦਾਰਥਕ ਤਰੱਕੀ ਦਾ ਵੀ ਮਖੌਲ ਉਡਾਉਂਦਾ ਹੈ। ਜਿਸ ਵਿੱਚ ਹਉਮੈ ਅਤੇ ਹੰਕਾਰ ਭਰਿਆ ਪਿਆ ਹੈ। ਜਿਸ ਨੂੰ ਤਜ ਕੇ ਉਹ ਰਿਸ਼ਤਿਆਂ ਨੂੰ ਖ਼ੂਬਸੂਰਤ ਬਣਾਉਣ ਦੀ ਸਲਾਹ ਦਿੰਦਾ ਹੈ। ਇਹਨਾਂ ਯਤਨਾਂ ਅਤੇ ਯਾਦਾਂ ਵਿੱਚ ਉਹ ਪੰਜਾਬ ਦੇ ਪਿੰਡਾਂ ਦੀ ਰਹਿਤਲ ਦੀ ਰਹਿੰਦ ਖੂੰਦ ਨੂੰ ਵੀ ਬਿਆਨ ਕਰਦਾ ਹੈ। ਜਿਸ ਨੂੰ ਪ੍ਰਵਾਸੀ ਪ੍ਰਭਾਵ ਭ੍ਰਿਸ਼ਟ ਕਰੀ ਜਾ ਰਹੇ ਹਨ। ਉਸ ਨੂੰ ਵਧ ਰਹੇ ਸ਼ਹਿਰੀਕਰਨ ਦੇ ਰੁਝਾਨ ਬਾਰੇ ਵੀ ਚਿੰਤਾ ਹੈ ਕਿਉਂਕਿ ਉਹ ਮਹਿਸੂਸ ਕਰ ਰਿਹਾ ਹੈ ਕਿ ਇਸ ਨਾਲ ਮਾਨਸਿਕ ਆਨੰਦ ਦਾ ਖ਼ਾਤਮਾ ਹੋ ਰਿਹਾ ਹੈ। ਰਿਸ਼ਤਿਆਂ ਵਿੱਚੋਂ ਆਤਮਕ ਖੁਸ਼ੀ ਖੁਰਦੀ ਜਾ ਰਹੀ ਹੈ। ਜਿਸ ਵਿੱਚੋਂ ਸੱਭਿਆਚਾਰਕ ਰਸਮ ਰਿਵਾਜ਼ ਮੇਲ ਜੋਲ ਪਿਆਰ ਮੁਹੱਬਤ ਮਨਫੀ ਹੁੰਦਾ ਜਾ ਰਿਹਾ ਹੈ। ਕਲਾਕਾਰੀ ਦੀ ਗੱਲ ਇਹ ਹੈ ਕਿ ਲੇਖਕ ਇਸ ਬਾਰੇ ਸੁਚੇਤ ਵੀ ਹੈ ਅਤੇ ਚਿੰਤਿਤ ਵੀ ਹੈ। ਮੈਨੂੰ ਇਹ ਨਾਵਲ ਵਿਲੱਖਣ ਰੌਚਿਕ ਗਿਆਨ ਵਰਧਕ ਅਤੇ ਜ਼ਿੰਦਗੀ ਨੂੰ ਮਾਨਵੀ ਸੇਧ ਦੇਣ ਵਾਲਾ ਜਾਪਦਾ ਹੈ।

ਡਾ. ਅਮਰਜੀਤ ਟਾਂਡਾ ਦੀ ਸਾਹਿਤਕ ਦੇਣ ਦੀ ਇੱਕ ਹੋਰ ਵੱਡੀ ਵਿਸ਼ੇਸ਼ਤਾ ਉਹਨਾਂ ਦੀ ਫਿਲੋਸਫੀਕਲ ਸੋਚ ਹੈ। ਉਹਨਾਂ ਦੀ ਲਿਖਤ ਵਿੱਚ ਜੀਵਨ ਦੇ ਵੱਡੇ ਸਵਾਲਾਂ ਦੀ ਝਲਕ ਮਿਲਦੀ ਹੈ-ਮਨੁੱਖ ਕੌਣ ਹੈ? ਜੀਵਨ ਦਾ ਅਰਥ ਕੀ ਹੈ? ਦਰਦ ਕਿਉਂ ਹੁੰਦਾ ਹੈ? ਅਤੇ ਆਸ ਕਿਵੇਂ ਜਨਮ ਲੈਂਦੀ ਹੈ?

ਉਹਨਾਂ ਦੀ ਲਿਖਤ ਵਿੱਚ ਇੱਕ ਰੂਹਾਨੀ ਸੁਰ ਹੈ ਜੋ ਪਾਠਕ ਨੂੰ ਅੰਦਰੂਨੀ ਯਾਤਰਾ ਤੇ ਲੈ ਜਾਂਦਾ ਹੈ। ਉਹ ਮਨੁੱਖ ਨੂੰ ਆਪਣੇ ਅੰਦਰ ਦੇ ਚਾਨਣ ਨਾਲ ਮਿਲਾਉਂਦੇ ਹਨ। ਉਹਨਾਂ ਦੇ ਸ਼ਬਦ ਕਈ ਵਾਰੀ ਕਿਸੇ ਪ੍ਰਾਰਥਨਾ ਵਾਂਗ ਲੱਗਦੇ ਹਨ ਅਤੇ ਕਈ ਵਾਰੀ ਕਿਸੇ ਅੰਦਰੂਨੀ ਸੰਵਾਦ ਵਾਂਗ।

ਡਾ. ਟਾਂਡਾ ਦੀ ਲਿਖਤ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਉਹਨਾਂ ਦੀ ਰਚਨਾ ਮਨੁੱਖਤਾ ਨੂੰ ਕੇਂਦਰ ਵਿੱਚ ਰੱਖਦੀ ਹੈ। ਉਹ ਵੰਡਾਂ ਤੋਂ ਉੱਪਰ ਉਠ ਕੇ ਮਨੁੱਖੀ ਏਕਤਾ ਦੀ ਗੱਲ ਕਰਦੇ ਹਨ। ਉਹਨਾਂ ਦੀ ਲਿਖਤ ਵਿੱਚ ਪਿਆਰ ਹੈ, ਸ਼ਾਂਤੀ ਹੈ ਅਤੇ ਜੀਵਨ ਨੂੰ ਸੁੰਦਰ ਬਣਾਉਣ ਦੀ ਇੱਕ ਲਗਾਤਾਰ ਰੀਝ ਤੇ ਆਵਾਜ਼ ਹੈ।

ਸਾਹਿਤ ਵਿੱਚ ਉਹਨਾਂ ਦੀ ਯਾਤਰਾ ਸਿਰਫ਼ ਲਿਖਣ ਦੀ ਯਾਤਰਾ ਨਹੀਂ, ਇੱਕ ਰੂਹਾਨੀ ਯਾਤਰਾ ਹੈ। ਉਹਨਾਂ ਦੀ ਕਲਮ ਮਨੁੱਖੀ ਦਰਦ ਨੂੰ ਸਮਝਦੀ ਹੈ ਅਤੇ ਮਨੁੱਖੀ ਆਸ ਨੂੰ ਜਗਾਉਂਦੀ ਹੈ। ਉਹਨਾਂ ਦੀ ਲਿਖਤ ਇੱਕ ਚਾਨਣ ਵਾਂਗ ਹੈ ਜੋ ਹਨੇਰਿਆਂ ਵਿੱਚ ਵੀ ਰਾਹ ਦਿਖਾਉਂਦੀ ਹੈ।

ਅੱਜ ਦੇ ਸਮੇਂ ਵਿੱਚ ਜਦੋਂ ਸਾਹਿਤ ਕਈ ਵਾਰੀ ਸਿਰਫ਼ ਮਨੋਰੰਜਨ ਤੱਕ ਸੀਮਿਤ ਹੋ ਜਾਂਦਾ ਹੈ, ਡਾ. ਅਮਰਜੀਤ ਟਾਂਡਾ ਦੀ ਲਿਖਤ ਸਾਨੂੰ ਯਾਦ ਦਿਵਾਉਂਦੀ ਹੈ ਕਿ ਸਾਹਿਤ ਮਨੁੱਖੀ ਰੂਹ ਦੀ ਆਵਾਜ਼ ਹੁੰਦਾ ਹੈ। ਉਹਨਾਂ ਦੀ ਕਵਿਤਾ, ਨਾਵਲ ਅਤੇ ਫਿਲੋਸਫੀਕਲ ਲਿਖਤ ਪੰਜਾਬੀ ਸਾਹਿਤ ਨੂੰ ਇੱਕ ਨਵੀਂ ਦਿਸ਼ਾ ਦੇ ਰਹੀ ਹੈ।

ਡਾ. ਅਮਰਜੀਤ ਟਾਂਡਾ ਦੀ ਸਾਹਿਤਕ ਦੇਣ ਇੱਕ ਲੰਬੀ ਦਰਿਆ ਵਾਂਗ ਹੈ ਜੋ ਸਮੇਂ ਦੇ ਨਾਲ ਹੋਰ ਵੀ ਵਿਸ਼ਾਲ ਹੁੰਦੀ ਜਾ ਰਹੀ ਹੈ। ਉਹਨਾਂ ਦੀ ਲਿਖਤ ਵਿੱਚ ਭਵਿੱਖ ਦੀਆਂ ਸੰਭਾਵਨਾਵਾਂ ਹਨ, ਮਨੁੱਖਤਾ ਦੀਆਂ ਉਮੀਦਾਂ ਹਨ ਅਤੇ ਜੀਵਨ ਦੇ ਸੁੰਦਰ ਸੁਪਨੇ ਹਨ।

ਇਸ ਲਈ ਕਹਿਣਾ ਬਿਲਕੁਲ ਉਚਿਤ ਹੈ ਕਿ ਡਾ. ਅਮਰਜੀਤ ਟਾਂਡਾ ਦੀ ਕਲਮ ਸਿਰਫ਼ ਸ਼ਬਦ ਨਹੀਂ ਲਿਖਦੀ-ਉਹ ਮਨੁੱਖੀ ਰੂਹ ਦਾ ਇਤਿਹਾਸ ਲਿਖਦੀ ਹੈ। ਉਹਨਾਂ ਦੀ ਰਚਨਾਤਮਕਤਾ ਪੰਜਾਬੀ ਸਾਹਿਤ ਲਈ ਇੱਕ ਅਮੁੱਲ ਧਰੋਹਰ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ।

ਡਾ. ਅਮਰਜੀਤ ਟਾਂਡਾ ਦੀ ਕਾਵਿ ਅਤੇ ਨਾਵਲ ਕਲਾ ਮਨੁੱਖੀ ਸੰਵੇਦਨਾ ਦੀ ਇੱਕ ਸੋਹਣੀ ਧੁਨ ਹੈ-ਇੱਕ ਐਸੀ ਧੁਨ ਜੋ ਸਮੇਂ ਦੇ ਨਾਲ ਹੋਰ ਵੀ ਮਿੱਠੀ ਹੁੰਦੀ ਜਾਵੇਗੀ।

# ਸੰਪਾਦਕ ਦੇ ਨਾਮ ਪੱਤਰ

## "ਸਾਨੂੰ ਇੰਡਸਟਰੀ ਦੀ ਇਸ ਤਰ੍ਹਾਂ ਦੀ ਚੁੱਪੀ 'ਤੇ ਸ਼ਰਮ ਆਉਂਦੀ ਹੈ।"

### 350 ਤੋਂ ਵੱਧ ਅੰਤਰਾਸ਼ਟਰੀ ਫਿਲਮ ਐਕਟਰਾਂ, ਡਾਇਰੈਕਟਰਾਂ ਅਤੇ ਪ੍ਰੋਡਿਊਸਰਾਂ ਵਲੋਂ ਇੰਡਸਟਰੀ ਦੇ ਨਾਂ ਖੁੱਲ੍ਹਾ ਖੱਤ



(ਫਰਾਂਸ ਵਿੱਚ 12 ਮਈ ਤੋਂ 23 ਮਈ ਤੱਕ ਕਾਨਜ਼ ਫਿਲਮ ਫੈਸਟੀਵਲ ਚੱਲ ਰਿਹਾ ਹੈ। ਇਸ ਫੈਸਟੀਵਲ ਦੇ ਪਹਿਲੇ ਦਿਨ, 12 ਮਈ ਨੂੰ 350 ਤੋਂ ਵੱਧ ਅੰਤਰਰਾਸ਼ਟਰੀ ਫਿਲਮ ਐਕਟਰਾਂ, ਡਾਇਰੈਕਟਰਾਂ ਅਤੇ ਪ੍ਰੋਡਿਊਸਰਾਂ ਨੇ ਫਿਲਮ ਇੰਡਸਟਰੀ ਦੇ ਨਾਂ ਇਕ ਖੁੱਲ੍ਹਾ ਖੱਤ ਲਿਖਿਆ ਹੈ ਜਿਸ ਵਿੱਚ ਇਜ਼ਰਾਈਲੀ ਫੌਜ ਵਲੋਂ ਫਲਸਤੀਨੀ ਫੋਟੋ ਜਰਨਲਿਸਟ ਫਾਤਮਾ ਹਸੂਨਾ ਦੇ ਕਤਲ ਦੀ ਨਿਖੇਧੀ ਕੀਤੀ ਗਈ ਹੈ। ਇਹ ਖੱਤ ਵੈਰਾਈਟੀ ਮੈਗਜ਼ੀਨ ਦੇ ਸਾਈਟ 'ਤੇ 12 ਮਈ ਨੂੰ ਛਪਿਆ ਸੀ। ਇਸ ਖੱਤ ਵਿੱਚ ਲਿਖਿਆ ਹੈ, "ਸਾਨੂੰ ਇੰਡਸਟਰੀ ਦੀ ਇਸ ਤਰ੍ਹਾਂ ਦੀ ਚੁੱਪੀ 'ਤੇ ਸ਼ਰਮ ਆਉਂਦੀ ਹੈ।" ਪੰਜਾਬੀ ਪਾਠਕਾਂ ਲਈ ਇਸ ਖੱਤ ਦਾ ਸੁਖਵੰਤ ਹੁੰਦਲ ਵਲੋਂ ਪੰਜਾਬੀ ਵਿੱਚ ਕੀਤਾ ਅਨੁਵਾਦ ਪੇਸ਼ ਹੈ।)

ਫ਼ਾਤਿਮ ਲਈ : ਫ਼ਾਤਮਾ ਹਸੂਨਾ (ਫ਼ਾਤਿਮ) 25 ਸਾਲਾਂ ਦੀ ਸੀ। ਉਹ ਇੱਕ ਫਲਸਤੀਨੀ ਫ੍ਰੀਲਾਂਸ ਫੋਟੋ ਪੱਤਰਕਾਰ ਸੀ। ਉਸ ਨੂੰ 16 ਅਪ੍ਰੈਲ 2025 ਨੂੰ ਇਜ਼ਰਾਈਲ ਦੀ ਫੌਜ ਨੇ ਨਿਸ਼ਾਨਾ ਬਣਾਇਆ, ਉਸ ਦਿਨ ਤੋਂ ਇਕ ਦਿਨ ਬਾਅਦ ਜਦੋਂ ਸੈਪੀਦੀ ਫ਼ਾਰਸੀ ਦੀ ਫ਼ਿਲਮ "ਪੁੱਟ ਯੌਰ ਸੋਲ ਔਨ ਯੌਰ ਹੈਂਡ ਐਂਡ ਵਾਕ - Put Your Soul on Your Hand and Walk" ਨੂੰ ਕਾਨਜ਼ ਫ਼ਿਲਮ ਫੈਸਟੀਵਲ ਦੇ ਅਛੀਧ (ਐਸੋਸੀਏਸ਼ਨ ਫਾਰ ਦੀ ਡਿਫਿਊਜ਼ਨ ਆਫ ਇੰਡੀਪੈਂਡਿਟ ਸਿਨੇਮਾ ਭਾਵ ਅਜ਼ਾਦ ਸਿਨੇਮਾ ਦੇ ਪ੍ਰਸਾਰ ਲਈ ਬਣੀ ਐਸੋਸੀਏਸ਼ਨ) ਦੇ ਸੈਕਸ਼ਨ ਲਈ ਚੁਣਿਆ ਗਿਆ ਸੀ। ਫਾਤਿਮ ਇਸ ਫਿਲਮ ਦੀ ਸਟਾਰ ਸੀ। ਉਸ ਦਾ ਵਿਆਹ ਹੋਣ ਵਾਲਾ ਸੀ। ਉਸ ਦੇ ਦਸ ਰਿਸ਼ਤੇਦਾਰ, ਜਿਨ੍ਹਾਂ ਵਿੱਚ ਉਸ ਦੀ ਗਰਭਵਤੀ ਭੈਣ ਵੀ ਸ਼ਾਮਲ ਸੀ, ਉਸੇ ਇਜ਼ਰਾਈਲੀ ਹਮਲੇ ਵਿੱਚ ਮਾਰੇ ਗਏ ਸਨ।

7 ਅਕਤੂਬਰ 2023 ਦੇ ਭਿਆਨਕ ਕਤਲੇਆਮਾਂ ਤੋਂ ਬਾਅਦ, ਕਿਸੇ ਵੀ ਵਿਦੇਸ਼ੀ ਪੱਤਰਕਾਰ ਨੂੰ ਗਾਜ਼ਾ ਪੱਟੀ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਇਜ਼ਰਾਈਲੀ ਫੌਜ ਆਮ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ। 200 ਤੋਂ ਵੱਧ ਪੱਤਰਕਾਰਾਂ ਨੂੰ ਜਾਣ-ਬੁੱਝ ਕੇ ਮਾਰਿਆ ਜਾ ਚੁੱਕਾ ਹੈ। ਲੇਖਕ, ਫ਼ਿਲਮਸਾਜ਼ ਅਤੇ ਕਲਾਕਾਰ ਬੇਰਹਿਮੀ ਨਾਲ ਮਾਰੇ ਜਾ ਰਹੇ ਹਨ। ਮਾਰਚ ਦੇ ਅਖੀਰ ਵਿੱਚ, ਆਸਕਰ ਜੇਤੂ ਫਿਲਮ "ਨੋ ਅਦਰ ਲੈਂਡ - No Other Land" ਦੇ ਫਲਸਤੀਨੀ ਫ਼ਿਲਮਸਾਜ਼ ਹਮਦਨ ਬਲਾਲ ਉੱਤੇ ਇਜ਼ਰਾਇਲੀ ਅਬਾਦਕਾਰਾਂ (ਇਜ਼ਰਾਇਲੀ ਸੈਟਲਰਜ਼) ਵਲੋਂ ਬੇਰਹਿਮੀ ਨਾਲ ਹਮਲਾ ਕੀਤੇ ਜਾਣ ਬਾਅਦ ਉਸ ਨੂੰ ਫੌਜ ਨੇ ਅਗਵਾ ਕਰ ਲਿਆ ਸੀ ਅਤੇ ਬਾਅਦ ਵਿੱਚ ਉਸ ਨੂੰ ਅੰਤਰਰਾਸ਼ਟਰੀ ਦਬਾਅ ਹੇਠ ਹੀ ਰਿਹਾ ਕੀਤਾ। ਇਸ ਫਿਲਮ ਦਾ ਨਿਰਦੇਸ਼ਨ ਯੁਵਲ ਅਬ੍ਰਾਹਮ, ਬਾਸਲ ਅਦਰਾ ਅਤੇ ਰੇਚਲ ਜ਼ੋਰ ਨੇ ਰਲ ਕੇ ਕੀਤਾ ਸੀ। ਹਮਦਾਨ ਬਲਾਲ ਪ੍ਰਤੀ ਆਸਕਰ ਅਕੈਡਮੀ ਦੇ ਸਮਰਥਨ ਦੀ ਕਮੀ ਨੇ ਇਸ ਦੇ ਆਪਣੇ ਮੈਂਬਰਾਂ ਵਿੱਚ ਰੋਸ ਪੈਦਾ ਕੀਤਾ ਸੀ ਅਤੇ ਉਸ (ਅਕੈਡਮੀ) ਨੂੰ ਆਪਣੇ ਵਲੋਂ ਐਕਸ਼ਨ ਨਾ ਕੀਤੇ ਜਾਣ ਲਈ ਜਨਤਕ ਤੌਰ 'ਤੇ ਮੁਆਫੀ ਮੰਗਣੀ ਪਈ ਸੀ।

ਸਾਨੂੰ ਇਸ ਤਰ੍ਹਾਂ ਦੀ ਚੁੱਪੀ 'ਤੇ ਸ਼ਰਮ ਆਉਂਦੀ ਹੈ। ਅਜਿਹਾ ਕਿਉਂ ਹੈ ਕਿ ਸਮਾਜਕ ਤੌਰ 'ਤੇ ਵਚਨਬੱਧ ਕਿਰਤਾਂ ਨੂੰ ਪੈਦਾ ਕਰਨ ਵਾਲੀ ਜ਼ਮੀਨ, ਸਿਨੇਮਾ, ਹਕੀਕਤ ਦੀ ਭਿਆਨਕਤਾ ਅਤੇ ਸਾਡੇ ਭੈਣਾਂ-ਭਰਾਵਾਂ ਵੱਲੋਂ ਝੱਲੇ ਜਾ ਰਹੇ ਜ਼ੁਲਮ ਪ੍ਰਤੀ ਇੰਨੀ ਉਦਾਸੀਨ ਹੈ? ਜਦੋਂ ਗਾਜ਼ਾ ਵਿੱਚ ਨਸਲਕੁਸ਼ੀ ਹੋ ਰਹੀ ਹੈ ਅਤੇ ਇਹ ਹੌਲਨਾਕ ਖਬਰਾਂ ਸਾਡੇ ਭਾਈਚਾਰਿਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀਆਂ ਹਨ, ਉਸ ਸਮੇਂ ਕਲਾਕਾਰਾਂ ਅਤੇ ਸੱਭਿਆਚਾਰਕ ਕਾਰਕੁਨਾਂ ਦੇ ਰੂਪ ਵਿੱਚ ਅਸੀਂ ਚੁੱਪ ਨਹੀਂ ਰਹਿ ਸਕਦੇ। ਜੇ ਇਤਿਹਾਸ ਤੋਂ ਸਬਕ ਨਹੀਂ ਲੈਣੇ, ਜੇ ਵਚਨਬੱਧਤਾ ਵਾਲੀਆਂ ਫਿਲਮਾਂ ਨਹੀਂ ਬਣਾਉਣੀਆਂ, ਜੇ ਅਸੀਂ ਦੱਬੀਆਂ ਹੋਈਆਂ ਅਵਾਜ਼ਾਂ ਲਈ ਹਾਜ਼ਰ ਨਹੀਂ ਹੋਣਾ ਤਾਂ ਸਾਡੇ ਪੇਸ਼ਿਆਂ ਦਾ ਕੀ ਮਤਲਬ ਹੈ?

ਇਹ ਚੁੱਪ ਕਿਉਂ? ਸੱਜੇ ਪੱਖੀ, ਫਾਸੀਵਾਦੀ, ਬਸਤੀਵਾਦੀ, ਟ੍ਰਾਂਸ-ਵਿਰੋਧੀ ਅਤੇ ਐੱਲ ਜੀ ਬੀ ਟੀ ਕਿਊ ਆਈ ਏ+ (LGBTQIA+) ਵਿਰੋਧੀ, ਲਿੰਗ ਆਧਾਰਤ ਵਿਤਕਰਾ ਕਰਨ ਵਾਲੀਆਂ, ਨਸਲਵਾਦੀ, ਇਸਲਾਮ ਵਿਰੋਧੀ ਅਤੇ ਯੂਹਦੀ ਲੋਕਾਂ ਦਾ ਵਿਰੋਧ ਕਰਨ ਵਾਲੀਆਂ ਲਹਿਰਾਂ ਵਿਚਾਰਾਂ ਦੇ ਖੇਤਰ ਵਿੱਚ ਆਪਣੀ ਲੜਾਈ ਲੜ ਰਹੀਆਂ ਹਨ ਅਤੇ ਪ੍ਰਕਾਸ਼ਨ, ਸਿਨੇਮਾ ਅਤੇ ਯੂਨੀਵਰਸਿਟੀਆਂ 'ਤੇ ਹਮਲੇ ਕਰ ਰਹੀਆਂ ਹਨ। ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਲੜੀਏ।

ਆਉ ਅਤੇ ਆਪਣੀ ਕਲਾ ਨੂੰ ਸਭ ਤੋਂ ਬੁਰੇ ਦਾ ਸਾਥੀ ਬਣਨ ਤੋਂ ਰੋਕੀਏ। ਆਉ ਉੱਠ ਕੇ ਖੜ੍ਹੇ ਹੋਈਏ। ਆਉ ਹਕੀਕਤ ਦਾ ਨਾਂ ਲਈਏ। ਆਉ ਆਪਣੇ ਸੰਵੇਦਨਸ਼ੀਲ ਦਿਲਾਂ ਦੀ ਸ਼ੁੱਧਤਾ ਨਾਲ ਇਸ ਨੂੰ ਇਕੱਠੇ ਹੋ ਕੇ ਦੇਖਣ ਦੀ ਹਿੰਮਤ ਕਰੀਏ, ਤਾਂ ਜੋ ਇਸ ਨੂੰ ਹੋਰ ਚੁੱਪ ਨਾ ਕਰਾਇਆ ਜਾ ਸਕੇ ਅਤੇ ਲੁਕਾਇਆ ਨਾ ਜਾ ਸਕੇ। ਆਉ ਉਸ ਪ੍ਰਾਪੇਗੰਡੇ ਨੂੰ ਰੱਦ ਕਰੀਏ ਜੋ ਲਗਾਤਾਰ ਸਾਡੀ ਕਲਪਨਾ 'ਤੇ ਕਾਬਜ਼ ਹੋ ਰਿਹਾ ਹੈ ਅਤੇ ਸਾਨੂੰ ਸਾਡੀ ਇਨਸਾਨੀਅਤ ਦੀ ਸਮਝ ਤੋਂ ਸੱਖਣੇ ਕਰ ਰਿਹਾ ਹੈ। ਫ਼ਾਤਿਮ ਲਈ ਅਤੇ ਉਨ੍ਹਾਂ ਸਾਰਿਆਂ ਲਈ ਜੋ ਉਦਾਸੀਨਤਾ ਵਿੱਚ ਮਰ ਰਹੇ ਹਨ। ਸਿਨੇਮਾ ਦਾ ਫਰਜ਼ ਬਣਦਾ ਹੈ ਕਿ ਉਹ ਉਨ੍ਹਾਂ ਦੇ ਸੁਨੇਹਿਆਂ ਨੂੰ ਅੱਗੇ ਲਿਜਾਵੇ, ਆਪਣੇ ਸਮਾਜਾਂ ਦਾ ਅਕਸ ਦਿਖਾਵੇ। ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਆਉ ਕੁੱਝ ਕਰੀਏ।

(ਅੰਗਰੇਜ਼ੀ ਤੋਂ ਅਨੁਵਾਦ: ਸੁਖਵੰਤ ਹੁੰਦਲ)

# ਸਿੰਘ ਸਭਾ ਸੈਂਟਰਲ ਗੁਰਦੁਆਰਾ ਸਾਹਿਬ ਗਲਾਸਗੋ ਦੀ 10ਵੀਂ ਵਰ੍ਹੇਗੰਢ ਮਨਾਈ ਗਈ



ਗਲਾਸਗੋ, (ਹਰਜੀਤ ਸਿੰਘ ਦੁਸਾਂਝ ਪੁਆਦੜਾ-ਸਿੰਘ ਸਭਾ ਸੈਂਟਰਲ ਗੁਰਦੁਆਰਾ ਸਾਹਿਬ ਬਰਕਲੇਅ ਸਟਰੀਟ ਗਲਾਸਗੋ ਦੀ ਨਵੀਂ ਇਮਾਰਤ ਵਿਚ 15 ਮਈ 2016 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੁਸ਼ੋਭਿਤ ਕਰਕੇ ਸੰਗਤਾਂ ਲਈ ਖੋਲਿਆ ਗਿਆ ਸੀ। ਇਹ ਗੁਰਦੁਆਰਾ ਸਾਹਿਬ ਸਕਾਟਲੈਂਡ ਦਾ ਸਭ ਤੋਂ ਵੱਡਾ ਗੁਰਦੁਆਰਾ ਵੀ ਹੈ। ਗਲਾਸਗੋ ਸ਼ਹਿਰ ਦੇ ਸੈਂਟਰ ਵਿਚ ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ ਦਾ ਅਸਮਾਨ ਛੂੰਹਦਾ ਗੁੰਬਦ ਅਤੇ ਨਿਸ਼ਾਨ ਸਾਹਿਬ ਦੂਰ ਦੂਰ ਤੋਂ ਦੇਖਿਆ ਜਾ ਸਕਦਾ ਹੈ। ਅੱਜ ਗੁਰਦੁਆਰਾ ਸਾਹਿਬ ਵਿਖੇ ਪਾਠ ਦੇ ਭੋਗ ਪਾਏ ਗਏ ਅਤੇ ਗੁਰਦੁਆਰਾ ਸਾਹਿਬ ਦੀ ਦਸਵੀਂ ਵਰ੍ਹੇਗੰਢ ਮਨਾਈ ਗਈ।

ਗੁਰੂ ਰਾਮਦਾਸ ਕੀਰਤਨ ਅਕੈਡਮੀ ਦੇ ਜੱਥੇ, ਹਜ਼ੂਰੀ ਰਾਗੀ ਮਨਿੰਦਰ ਸਿੰਘ, ਭਾਈ ਜਗਦੀਪ ਸਿੰਘ ਨੇ ਕਥਾ ਅਤੇ ਗੁਰਦੁਆਰਾ ਸਾਹਿਬ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਨਾਲ ਨਿਹਾਲ ਕੀਤਾ। ਸੰਗਤਾਂ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਦਸਵੀਂ ਵਰ੍ਹੇਗੰਢ ਦਾ ਕੇਕ ਵੀ ਕੱਟਿਆ। ਇਸ ਮੌਕੇ ਸਿੱਖ ਇਤਿਹਾਸ ਸਬੰਧੀ ਸ਼ਸਤਰ, ਕਲਾ, ਕਿਤਾਬਾਂ ਦੇ ਸਟਾਲ ਅਤੇ ਪ੍ਰਦਰਸ਼ਨੀ ਲਗਾਈ ਗਈ। ਸਿੱਖ ਨੌਜਵਾਨਾਂ ਨੇ ਇਸ ਮੌਕੇ ਬੱਚਿਆਂ ਅਤੇ ਨੌਜਵਾਨਾਂ ਨੂੰ ਪੱਗ ਬੰਨ੍ਹਣ ਦੀ ਸਿਖਲਾਈ ਵੀ ਦਿਤੀ। ਸੰਗਤਾਂ ਲਈ ਖਾਸ ਤੌਰ 'ਤੇ ਬਾਜ ਅਤੇ ਘੋੜਾ, ਬੱਚਿਆਂ ਲਈ ਬਾਊਂਸੀ ਕੈਸਲ ਲਗਾਈ ਗਈ। ਇਸ ਸਮੇਂ ਗੁਰਦੁਆਰਾ ਸਾਹਿਬ ਦੇ 10 ਸਾਲਾਂ ਦੇ ਇਤਿਹਾਸ ਦੀ ਫੋਟੋ ਬੂਥ ਪ੍ਰਦਰਸ਼ਨੀ ਵੀ ਲਗਾਈ ਗਈ।

# ਲੰਡਨ ਵਿੱਚ ਦੋ ਵੱਖ-ਵੱਖ ਮੁਜ਼ਾਹਰਿਆਂ ਕਾਰਨ ਤਣਾਅ, ਪ੍ਰਧਾਨ ਮੰਤਰੀ ਵੱਲੋਂ ਨਫ਼ਰਤ ਫੈਲਾਉਣ ਵਾਲਿਆਂ ਨੂੰ ਤਾੜਨਾ

ਬਰਤਾਨੀਆ ਦੀ ਰਾਜਧਾਨੀ ਲੰਡਨ ਦੇ ਕੇਂਦਰੀ ਇਲਾਕੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਵੱਲੋਂ ਦੋ ਵੱਖ-ਵੱਖ ਮਾਰਚ ਕੱਢੇ ਗਏ, ਜਿਸ ਕਾਰਨ ਸ਼ਹਿਰ ਵਿੱਚ ਸੁਰੱਖਿਆ ਪ੍ਰਬੰਧ ਬੇਹੱਦ ਸਖ਼ਤ ਰਹੇ। ਇਨ੍ਹਾਂ ਵਿੱਚੋਂ ਇੱਕ ਪ੍ਰਦਰਸ਼ਨ ਦੇਸ਼ ਵਿੱਚ ਬਾਹਰੋਂ ਆਉਣ ਵਾਲੇ ਲੋਕਾਂ ਦੀ ਵਧਦੀ ਗਿਣਤੀ ਦੇ ਖ਼ਿਲਾਫ਼ ਸੀ, ਜਦੋਂ ਕਿ ਦੂਜਾ ਪ੍ਰਦਰਸ਼ਨ ਫ਼ਲਸਤੀਨੀਆਂ ਦੇ ਹੱਕ ਵਿੱਚ ਅਤੇ ਇਜ਼ਰਾਈਲ ਨੂੰ ਫ਼ੌਜੀ ਮਦਦ ਦੇਣ ਦੇ ਵਿਰੋਧ ਵਿੱਚ ਕੀਤਾ ਗਿਆ। ਸਥਿਤੀ ਨੂੰ ਕਾਬੂ ਹੇਠ ਰੱਖਣ ਲਈ ਪੁਲੀਸ ਨੇ ਚਾਰ ਹਜ਼ਾਰ ਤੋਂ ਵੱਧ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਸਨ, ਜਿਨ੍ਹਾਂ ਵਿੱਚ ਰਾਜਧਾਨੀ ਤੋਂ ਬਾਹਰੋਂ ਸੱਦੇ ਗਏ ਵਾਧੂ ਜਵਾਨ ਵੀ ਸ਼ਾਮਲ ਸਨ। ਪ੍ਰਸ਼ਾਸਨ ਨੇ ਇਸ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਸੁਰੱਖਿਆ ਮੁਹਿੰਮ ਦੱਸਦਿਆਂ ਹਰ ਤਰ੍ਹਾਂ ਦੀ ਸਖ਼ਤੀ ਵਰਤਣ ਦਾ ਭਰੋਸਾ ਦਿੱਤਾ।

ਦੋਵੇਂ ਮੁਜ਼ਾਹਰੇ ਸ਼ੁਰੂ ਹੋਣ ਦੇ ਕੁਝ ਹੀ ਸਮੇਂ ਅੰਦਰ ਪੁਲੀਸ ਨੇ ਵੱਖ-ਵੱਖ ਗ਼ੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹੇਠ ਯਾਰਾਂ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀਆਂ ਮੁਤਾਬਕ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਲਗਭਗ ਅੱਸੀ ਹਜ਼ਾਰ ਤੋਂ ਵੱਧ ਲੋਕਾਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਸੀ। ਇਸ ਦੌਰਾਨ ਦੇਸ਼ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਬਾਹਰੋਂ ਆਉਣ ਵਾਲਿਆਂ ਦੇ ਵਿਰੋਧ ਵਿੱਚ ਮਾਰਚ ਕਰਨ ਵਾਲੇ ਪ੍ਰਬੰਧਕਾਂ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਪ੍ਰਬੰਧਕਾਂ ਫ਼ਰਸਤੁਤੇ ਸਿੱਧਾ ਨਿਸ਼ਾਨਾ ਸਾਧਦਿਆਂ ਦੋਸ਼ ਲਾਇਆ ਕਿ ਅਜਿਹੇ ਪ੍ਰਦਰਸ਼ਨਾਂ ਰਾਹੀਂ ਸਮਾਜ ਵਿੱਚ ਨਫ਼ਰਤ ਅਤੇ ਵੰਡੀਆਂ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# • ਪੰਜਾਬੀ ਫ਼ਿਲਮ ਦਰਪਣ •

## ਵੀਡੀਓ ਤੇ ਸ਼ੌਰਟ ਫ਼ਿਲਮਾਂ ਮੈਨੂੰ ਫਿੱਟ ਨੇ ਨਿਰਦੇਸ਼ਕ ਅਵਤਾਰ ਵਰਮਾ



ਨਾਮ ਯਾਦ ਰੱਖਿਓ ਕੰਮ ਆਏਗਾ ਕਦੇ ਤੇ ਨਾਮ ਅਵਤਾਰ ਵਰਮਾ ਸ਼ੌਂਕ ਐਕਟਿੰਗ ਦਾ ਜਿਸ ਡਾਇਰੈਕਟਰ ਬਣਾ ਦਿੱਤਾ ਤੇ ਅੱਛੇ ਭਲੇ ਆਪਣੇ ਟਰਾਂਸਪੋਰਟ ਦੇ ਕੰਮ ਦੀ ਥਾਂ ਅਵਤਾਰ ਵਰਮਾ ਦਾ ਧਿਆਨ ਮਨੋਰੰਜਕ ਖੇਤਰ ਵਿੱਚ ਤੇ ਥੀਏਟਰ, ਫ਼ਿਲਮਜ਼ , ਗਾਣੇ ਕਰਦੇ ਕਰਦੇ ਡਾਇਰੈਕਟਰ ਅਵਤਾਰ ਵਰਮਾ ਨੇ ਇਤਿਹਾਸ ਸਿਰਜਿਆ ਤੇ ਦੂਰਦਰਸ਼ਨ ਜਲੰਧਰ ਤੇ ਓਹ ਪੰਜਾਬੀ ਸੀਰੀਅਲ "ਨਸੀਹਤ" ਲਿਆਏ ਤੇ ਇਹ ਪ੍ਰਾਈਵੇਟ ਸੀਰੀਅਲ ਐਨਾ ਹਿੱਟ ਰਿਹਾ ਕਿ ਤਦ ਹਰੇਕ ਇਸ ਸੀਰੀਅਲ ਚ ਕੰਮ ਕਰਨ ਲਈ ਤਿਆਰ। ਅਵਤਾਰ ਵਰਮਾ ਨੇ ਸਿਨੇਮਾ ਦੀਆਂ ਫ਼ਿਲਮਾਂ ਐਕਟਰ ਬਣ ਕੀਤੀਆਂ ਨੇ ਪਰ ਓਹ ਡਾਇਰੈਕਟਰ ਬਣ ਆਪਣਾ ਕੈਰੀਅਰ ਅੰਤਰ ਰਾਸ਼ਟਰੀ ਪੱਧਰ ਤੱਕ ਲਿਜਾਣ ਲਈ ਵੀਡੀਓ ਗੀਤ ਤੇ ਸ਼ੋਰਟ ਫ਼ਿਲਮਾਂ ਵਿੱਚ ਆਏ ਹਨ। ਪਾਲੀ ਦੇਤਵਾਲੀਆ ਸਮੇਤ ਕਲਾਕਾਰਾਂ ਦੇ ਵੀਡਿਓ ਨਿਰਦੇਸ਼ਤ ਕਰ ਰਹੇ ਅਵਤਾਰ ਵਰਮਾ ਨੇ ਰਾਜ ਯੂ ਏ, ਬਲਵਿੰਦਰ ਖੰਨਾ, ਪਾਲੀ ਦੇਤਵਾਲੀਆ ਤੇ ਮਲਕੀਤ ਦਿਓਲ ਦਾ ਧੰਨਵਾਦ ਕੀਤਾ ਜਿਹਨਾਂ ਹਮੇਸ਼ਾ ਓਹਨਾਂ ਦੀ ਡਾਇਰੈਕਸ਼ਨ ਤੇ ਵਿਸ਼ਵਾਸ ਰੱਖਿਆ ਹੈ। ਐਕਟਰ ਬਣ ਤਾਂ ਬਸ ਸ਼ੌਕ ਪੂਰਾ ਕਰਦੇ ਹਾਂ ਡਾਇਰੈਕਟਰ ਬਣ ਹੀ ਆਪਣਾ ਕੈਰੀਅਰ ਬੁਲੰਦ ਹੋਊ ਤੇ ਜਲਦੀ ਹੀ ਅਵਤਾਰ ਵਰਮਾ ਦੇ ਨਿਰਦੇਸ਼ਤ ਤਿੰਨ ਵੀਡੀਓ ਗਾਣੇ ਆਪ ਦੀ ਨਜ਼ਰ ਹੋਣਗੇ।

## ਇੱਕ ਦਿਨ ਹਰ ਘਰ ਮੇਰੀਆਂ ਫਿਲਮਾਂ ਹੋਣਗੀਆਂ ਹਰਬੀਰ ਢੀਂਡਸਾ



ਜਿਸ ਕੱਲੇ ਇਨਸਾਨ ਨੇ 135 ਫ਼ਿਲਮਜ਼ ਆਪ ਲਿਖ ਕਿ ਡਾਇਰੈਕਟ ਕਰ ਕੇ ਨਜ਼ਾਰਾ ਲਿਆਂਵਦਾ ਆਪਣੀ ਨਿਰਦੇਸ਼ਨ ਜ਼ਿੰਦਗੀ ਵਿੱਚ ਓਹ ਸਕਸ਼ ਨਿਰਸੰਦੇਹ ਚਾਹੇਗਾ ਕਿ ਜਿਵੇਂ "ਸਾਸ ਭੀ ਕਭੀ ਬਹੂ ਸੀ" ਘਰ ਘਰ ਲੋਕ ਪ੍ਰਿਅ ਹੋਇਆ ਸੀ ਉਂਜ ਹੀ ਓਸ ਦੀਆਂ ਸ਼ੋਰਟ ਫ਼ਿਲਮਾਂ ਲੋਕ ਪ੍ਰਿਅ ਹੋਣ। ਨਾਮ ਹੈ ਨਾਭੇ ਦਾ ਸਤਿਕਾਰ ਹਰਬੀਰ ਸਿੰਘ ਢੀਂਡਸਾ ਤੇ ਢੀਂਡਸਾ ਸਾਬ ਚਾਹੇ ਇੱਕ ਟੀਮ ਬਣਾ ਓਹੀ ਕਲਾਕਾਰ ਲੈਂਦੇ ਨੇ ਫਿਰ ਵੀ ਨਵੇਂ ਚਿਹਰੇ ਵੀ ਅੱਗੇ ਲਿਆ ਰਹੇ ਨੇ। ਅਮਰੀਕਾ ਤੋਂ ਆਈਆਂ ਕੁੜੀਆਂ ਦੀ ਐਕਟਿੰਗ ਓਹਨਾਂ ਨਿਖਾਰ ਦਿੱਤੀ ਹੈ। ਉਮੀਦ ਹੈ ਕਿ ਹੁਣ ਹਰਬੀਰ ਸਿੰਘ ਢੀਂਡਸਾ ਅੱਜ ਕਲ ਚਲਦੇ ਰੁਝਾਨ ਕੋਈ ਮੰਨੇ ਨਾ ਮੰਨੇ ਹੈ ਸੱਚ ਕਿ ਮਰਦ ਨੂੰ ਆਪਣੀ ਔਰਤ ਨੂੰ ਪ੍ਰਮੁੱਖਤਾ ਦੇਣੀ ਪੈ ਰਹੀ ਹੈ ਤੇ ਓਸ ਦੀ ਜੀਵਣ ਸਾਥਣ ਅੱਜ ਕਲ ਰਜਨੀ ਨਹੀਂ ਬਲ ਕਿ ਮਾਲਕ ਬਣ ਹੁਕਮ ਚਲੋਂਦੀ ਹੈ ਤੇ ਇਨਸਾਨ ਵੋਹਟੀ ਦਾ ਗੁਲਾਮ ਹੈ ਮੰਨ ਲਓ ਇਹ ਸੱਚ ਹੈ ਤੇ "ਨੌਕਰ ਵੋਹਟੀ ਦਾ" ਬਣ ਇਨਸਾਨ ਵਿਚਰਦਾ ਹੈ ਤੇ ਇਸ ਵਿਸ਼ਾ ਵਸਤੂ ਤੇ ਪਿਆਰੀ ਜਿਹੀ ਨੌਜਵਾਨ ਐਕਟ੍ਰੈਸ ਤੇ ਪਿਆਰਾ ਜਿਹਾ ਨੌਜਵਾਨ ਮੁੰਡਾ ਲੈਣ ਬਾਅਦ ਓਹ ਫ਼ਿਲਮ ਡਾਇਰੈਕਟ ਕਰਨ, ਲਿਖਣ ਤੇ ਦੱਸਣ ਕਿ ਇਹ ਅੱਜ ਕਲ "ਘਰ ਘਰ ਦੀ ਕਹਾਣੀ" ਹੈ ਹਰਬੀਰ ਢੀਂਡਸਾ ਅਕਸਰ ਕਨੇਡੀਅਨ ਪ੍ਰੀਤ ਗਰੇਵਾਲ ਦਾ ਸ਼ੁਕਰੀਆ ਆਖਦੇ ਨੇ ਜਿਹੜਾ ਓਹਨਾਂ ਨੂੰ ਫ਼ਿਲਮਾਂ ਲਈ ਹਰੇਕ ਤਰਾਂ ਦਾ ਸਹਿਯੋਗ ਦਿੰਦੀ ਹੈ। ਕੁਲਦੀਪ ਦੋਸਾਂਝ, ਰਵਿੰਦਰ ਕੌਰ ਪਿੰਕੀ ਤੇ ਸੁਮਨ ਬਾਠ ਦੇ ਇਲਾਵਾ ਬਹੁਤ ਹੀ ਪਿਆਰੀ ਐਕਟ੍ਰੈਸ ਅਮਨ ਪੂਨੀਆ ਓਹਨਾਂ ਕੋਲ ਹੈ ਆਸ ਹੈ ਕਿ ਸ਼ੋਰਟ ਫ਼ਿਲਮਾਂ ਦੇ ਰਾਜੇ ਹਰਬੀਰ ਸਿੰਘ ਢੀਂਡਸਾ ਵੱਲੋਂ ਹੁਣ ਮਨੋਰਜਨ ਭਰੀਆਂ ਹੋਰ ਫ਼ਿਲਮਾਂ ਲੋਕਾਂ ਤੱਕ ਪਹੁੰਚ ਜਾਣਗੀਆਂ।

## ਕਮਾਲ ਐਕਟਰ ਨੇ ਸ਼ਰਨਜੀਤ ਸਿੰਘ ਰਟੌਲ ਦੇਖਿਓ ਸ਼ਰਾਬੀ ਫੁੱਫੜ




ਸ਼ਰਨਜੀਤ ਸਿੰਘ ਰਟੌਲ ਗਰਮ ਮਤਲਬ ਝੂਠ ਬਰਦਾਸਤ ਨਹੀਂ ਸ਼ਿਖਰ ਦੇ ਧੋਖੇ ਸਹੇ, ਸ਼ਰਨਜੀਤ ਸਿੰਘ ਰਟੌਲ ਨਰਮ ਜੀਵਨ ਸੰਗਿਨੀ ਨਾਲ , ਰੇਸ਼ਮ ਛੀਨਾ ਤੇ ਰਣਜੀਤ ਸਿੰਘ ਜਿਹੇ ਮਿੱਤਰਾਂ ਨਾਲ ਤੇ ਸ਼ਰਨਜੀਤ ਸਿੰਘ ਰਟੌਲ ਗਿਆਨੀ ਫੇਸਬੁੱਕ ਪੋਸਟਾਂ ਦੇ ਤੇ ਓਹਨਾਂ ਦੀ ਲਘੂ ਫ਼ਿਲਮ ਜਾਂ ਵੈੱਬ ਸੀਰੀਜ਼ ਹੀ ਆਖਣਗੇ ਸਾਰੇ ਕਿਉਂ ਕਿ ਓਸ ਦਾ ਤੀਜਾ ਭਾਗ ਚਰਚਿਤ ਹੈ। ਨਾਂਅ ਇਸ ਸੀਰੀਜ਼ ਦਾ "ਸ਼ਰਾਬੀ ਫੁੱਫੜ" ਹੈ ਤੇ ਇਸ ਵਿੱਚ ਇਹ ਗੱਲ ਪੱਕੀ ਕਿ ਓਹਨਾਂ ਹਟਵੀਂ ਤੇ ਵਧੀਆ ਅਦਾਕਾਰੀ ਦਿਖਾਈ ਹੈ। ਸ਼ਰਨਜੀਤ ਸਿੰਘ ਰਟੌਲ ਹਰੇਕ ਦੀ ਇੱਜ਼ਤ ਕਰਦੇ ਨੇ ਜਿਹਨਾਂ ਵਿੱਚ ਦਲਜੀਤ ਸਿੰਘ ਸੋਨਾ ਵੀ ਹਨ ਪਰ ਦੁੱਖ ਕਿ ਇੱਕ ਮਹਿਲਾ ਕਲਾਕਾਰ ਦੀ ਪੋਸਟ ਨਿਊਜ਼ ਕਿਸੇ ਨੇ ਪਾਈ ਰਟੌਲ ਸਾਬ ਨੇ ਖੁਸ਼ੀ ਨਾਲ ਸਾਂਝੀ ਕੀਤੀ ਤੇ ਇਹ ਮਹਿਲਾ ਕਲਾਕਾਰ ਧੰਨਵਾਦ ਦੀ ਥਾਂ ਬੋਲੀ ਡਲੀਟ ਕਰਿਓ ਵਾਹ ਰੀ ਦੁਨੀਆਂ ਇਹੀ ਗੱਲਾਂ ਗੁੱਸੇ ਚ 104 ਡਿਗਰੀ ਪਾਰਾ ਰਟੌਲ ਸਾਬ ਦਾ ਕਰਦੀਆਂ ਹਨ। ਖੈਰ ਰਣਜੀਤ ਸਿੰਘ ਨੇ ਇਹਨਾਂ ਤੋਂ "ਸ਼ਰਾਬੀ ਫੁੱਫੜ" ਚ ਅੱਛਾ ਕੰਮ ਲਿਆ ਹੈ ਤੇ ਗੁਰਵਿੰਦਰ ਕੌਰ ਵੀ ਸਿਫਤ ਕਰਦੀ ਹੈ ਕਿ ਵਾਓ ਰਟੌਲ ਸਾਬ ਯੂ ਆਰ ਏਕਸਿਲੇਂਟ। ਸ਼ਰਨਜੀਤ ਸਿੰਘ ਰਟੌਲ ਕੋਲ ਸਿਨੇਮਾ ਵਾਲੀਆਂ ਫ਼ਿਲਮਜ਼ ਵੀ ਨੇ ਤੇ "ਸਰਦਾਰ ਸੁੱਚਾ ਸਿੰਘ" ਆਓਣ ਵਾਲੀ ਹੈ। ਨਰਮ ਗਰਮ ਐਕਟਰ ਸ਼ਰਨਜੀਤ ਸਿੰਘ ਰਟੌਲ ਤੋਂ ਕੰਮ ਲੈਣ ਵਾਲੇ ਹੋਣ ਓਹ ਸਾਊਥ ਦੇ ਅਜਿਤੁ ਦੀ ਤਰਾਂ ਧੰਨ ਧੰਨ ਕਰਵਾ ਦੇਣ। ਸ਼ੇਰ ਸੌ ਗੱਲਾਂ ਸਿਰੇ ਗੰਢ ਕਿ "ਸ਼ਰਾਬੀ ਫੁੱਫੜ" ਨਾਲ "ਯਾਰਾਂ ਦੀ ਬੱਲੇ ਬੱਲੇ ਨਿੰਮਿਐ" ਵਾਲੀ ਗੱਲ ਹੈ।

## ਮੇਲਾ ਮੌਸਮ ਵਧੀਆ ਜਾ ਰਿਹਾ ਖੁਸ਼ ਹੈ ਜੋੜੀ ਸ਼ੰਮੀ ਤੇ ਕਿਰਨ ਰੰਧਾਵਾ



ਕਲਾਕਾਰ ਕੋਲ ਪ੍ਰੋਗਰਾਮ ਹੋਣ ਤੇ ਲੋਕ ਕਰਨ ਪਸੰਦ ਤਾਂ ਓਹਨਾਂ ਦਾ ਸੀਜ਼ਨ ਏ ਮੌਨਸੂਨ ਵਧੀਆ ਜਾਂਦਾ ਹੈ। ਗਾਇਕ ਸ਼ੰਮੀ ਖਾਨ ਨਾਲ ਕਿਰਨ ਰੰਧਾਵਾ ਗਾਇਕਾ ਹੈ ਤੇ ਦੱਸਦੇ ਨੇ ਕਿ ਮਈ ਤੋਂ ਪੰਜਾਬ ਭਰ ਵਿੱਚ ਸਤੰਬਰ ਤੱਕ ਮੇਲਾ ਸੀਜ਼ਨ ਚਲਦਾ ਹੈ। ਪੀਰ ਫਕੀਰ ਲੋਕਾਂ ਦੀ ਯਾਦ ਤਕਰੀਬਨ ਹਰ ਪਿੰਡ ਮਨਾਈ ਜਾਂਦੀ ਹੈ। ਸ਼ੰਮੀ ਖਾਨ ਦੱਸਦੇ ਨੇ ਕਿ ਇਸ ਵਾਰ ਵੀ ਪੀਰ ਸਾਈਂ ਦੀ ਮਿਹਰ ਅੱਛੇ ਪ੍ਰੋਗਰਾਮ ਡੇਰਾ ਬਾਬਾ ਨਾਨਕ ਤੋਂ ਅਬੋਹਰ ਤੱਕ ਲੱਗ ਰਹੇ ਹਨ ਖਾਸ ਇਹ ਕਿ ਸ਼ੰਮੀ ਨਾਲ ਚੁਲਬੁਲੇ ਦੋਗਾਣੇ ਗਾ ਰਹੀ ਕਿਰਨ ਸੋਹਣੀ ਹੈ ਤੇ ਓਸ ਦੀ ਸਟੇਜ ਸੋਹਣੀ ਹੈ ਦੋਵਾਂ ਦੇ ਟਰੈਕ ਵੀ ਆਏ ਨੇ ਤੇ ਇਕੱਲਾ ਸ਼ੰਮੀ ਮਿਰਜ਼ਾ ਤੇ ਜਿਉਣਾ ਮੌੜ ਗਾ ਮੇਲਾ ਲੁੱਟ ਰਿਹਾ ਹੈ। ਸ਼ੰਮੀ ਖਾਨ ਨੇ ਕਿਹਾ ਕਿ ਸਾਡੇ ਗਾਣੇ ਪਰਿਵਾਰਕ ਨੇ ਤੇ ਲੋਕ ਸਾਨੂੰ ਪਸੰਦ ਕਰਦੇ ਹਨ। ਕਿਰਨ ਰੰਧਾਵਾ ਨੇ ਕਿਹਾ ਕਿ ਅਸੀਂ ਆਮ ਲੋਕਾਂ ਦੇ ਗੀਤ ਗਾ ਰਹੇ ਹਾਂ, ਲੋਕ ਗਾਥਾ, ਬੀਟ ਤੇ ਧਾਰਮਿਕ ਗੀਤ ਜਿਸ ਕਾਰਨ ਸਾਡੀ ਸਟੇਜ ਪਾਸ ਹੈ ਤੇ ਧੰਨਵਾਦ ਪੰਜਾਬੀ ਸਰੋਤਿਆਂ ਦਾ ਜਿਹੜੇ ਭਰਵਾਂ ਹੁੰਗਾਰਾ ਦੇ ਰਹੇ ਹਨ।

## ਜਾਗਨੇ ਚਾਹੀਦੇ ਨੇ ਟੈਲੇਂਟਡ ਕਰਮ ਕੌਰ ਦੇ ਕਰਮ



ਕਰਮ ਕੌਰ ਦਾ ਸਬਰ ਸੰਤੋਖ ਬਹੁਤ ਹੈ ਤੇ ਇਹ ਕੁੜੀ ਕਾਫ਼ੀ ਦੇਰ ਤੋਂ ਇੰਡਸਟਰੀ ਵਿੱਚ ਸੰਘਰਸ਼ ਕਰ ਰਹੀ ਹੈ। ਕਰਨ ਨੂੰ ਓਸ ਕੋਲ ਟੀਵੀ ਪ੍ਰੋਗਰਾਮਾਂ ਦੀ ਪੇਸ਼ਕਾਰੀ ਵੀ ਰਹੀ ਹੈ ਤੇ ਡੀ ਡੀ ਪੰਜਾਬੀ ਤੇ ਕਰਮ ਕੌਰ ਨੇ ਕਾਫੀ ਕੰਮ ਕੀਤਾ ਹੈ ਕਰਮ ਕੌਰ ਪਰਦੇ ਪਿੱਛੇ ਜਾਣਦੀ ਹੈ ਕਿ ਇਥੇ ਬਹੁਤ ਕੁੱਝ ਕਰਨਾ ਪੈਂਦਾ ਹੈ। ਹਾਲਾਂ ਕਿ ਓਸ ਨੇ ਐਮ ਐੱਚ ਵੰਨ ਤੇ ਵੀ ਕੰਮ ਕੀਤਾ ਹੈ ਤੇ ਨਾਮਵਰ ਕਲਾਕਾਰਾਂ ਦੇ ਵੀਡੀਓ ਗੀਤ ਵੀ ਕੀਤੇ ਹਨ। ਸ਼ੁਰੂ ਚ "ਤੇਰੀ ਮੇਰੀ ਜੋੜੀ" ਫ਼ਿਲਮ ਵੀ ਕੀਤੀ। ਸ਼ਾਹਬਾਜ਼ ਨਾਲ ਹਿੰਦੀ ਫ਼ਿਲਮ ਕਰਨ ਵਾਲੀ ਕਰਮ ਦੇ ਕਰਮ ਪਤਾ ਨਹੀਂ ਕਿਉਂ ਇੰਨੇ ਹੀ ਨਹੀਂ ਚਮਕ ਸਕੇ ਜਿੰਨੇ ਚਾਹੀਦੇ ਸਨ। ਆਖਦੀ ਹੈ ਕਿ ਇਸ ਇੰਡਸਟਰੀ ਵਿੱਚ ਬਹੁਤ ਕੁੱਝ ਹੁੰਦਾ ਹੈ ਬਾਕੀ ਕੋਈ ਨਹੀਂ ਉਤਰਾਅ ਚੜ੍ਹਾਅ ਆਓਂਦੇ ਨੇ ਤੇ ਸਾਲ ਦੇ ਅੰਤ ਤੱਕ ਇੱਕ ਵੱਡੀ ਫ਼ਿਲਮ ਆ ਰਹੀ ਹੈ ਤੇ ਦੇਖਣਾ ਪਿਛਲੀ ਸਾਰੀ ਕਸਰ ਨਿੱਕਲ ਜਾਏਗੀ ਕੰਮ ਓਸ ਨੇ ਗਾਵੀ ਚਾਹਲ ਨਾਲ ਵੀ ਕੀਤਾ ਹੈ ਤੇ ਓਹ ਚਾਹੁੰਦੀ ਹੈ ਕਿ ਅਦਿੱਤਯ ਧਰ ਜਿਹੇ ਨਿਰਦੇਸ਼ਕ ਦੀ ਨਜ਼ਰ ਓਸ ਦੇ ਕੰਮ ਤੇ ਪਏ ਜੇਕਰ ਅਜਿਹਾ ਹੋਇਆ ਤਾਂ ਸਾਲ ਭਰ ਚ ਓਹ ਦੱਸ ਦੇਵੇਗੀ ਕਿ ਕਰਮ ਕੌਰ ਦੇ ਕਰਮ ਚਮਕ ਪਏ ਨੇ ਤੇ ਆ ਰਿਹਾ ਟਾਈਮ ਕਰਮ ਕੌਰ ਦਾ ਹੈ।

## ਵਕਤ ਵਕਤ ਦੀ ਗੱਲ ਹੁੰਦੀ ਹੈ ਹੌਸਲਾ ਹੈ ਨਸੀਬ ਰੰਧਾਵਾ



ਨਸੀਬ ਰੰਧਾਵਾ ਟੈਲੇਂਟ ਭਰਪੂਰ ਡਾਇਰੈਕਟਰ ਹੈ ਤੇ ਓਸ ਦੇ ਵੀਡੀਓ ਤੇ ਹੋਰ ਕਲਿਪ ਦਰਸਾਉਂਦੇ ਨੇ ਕਿ ਆਧੁਨਿਕ ਸਮੇਂ ਤੇ ਤਕਨੀਕ ਨਾਲ ਪੰਜਾਬ ਦੇ ਕਲਚਰ ਦਾ ਵੀ ਓਹ ਖਿਆਲ ਰੱਖਦਾ ਹੈ। ਨਸੀਬ ਐਨਾ ਪਿਆਰਾ ਇਨਸਾਨ ਕਿ ਦਿਲ ਕਰਦਾ ਓਸ ਤੇ ਕੋਈ ਅੱਪਡੇਟ ਦਿੰਦੇ ਰਹੀਏ ਪਰ ਮਾਤਾ ਜੀ ਦੇ ਨਾਂ ਰਹਿਣ ਤੇ ਕੁੱਝ ਦੇਰ ਓਹ ਚੁੱਪ ਰਿਹਾ ਹੈ। ਨਸੀਬ ਨੇ "ਰਿਸ਼ਤੇ ਨਾਤੇ" ਜਿਹੀ ਵੱਡੀ ਫ਼ਿਲਮ ਵੀ ਡਾਇਰੈਕਟ ਕੀਤੀ ਹੈ। ਯੂ ਕੇ ਚ ਸ਼ੂਟ ਕਰ ਓਸ ਨੇ ਕਦਰਾਂ ਕੀਮਤਾਂ ਨੂੰ ਆਪਣੇ ਨਿਰਦੇਸ਼ਨ ਦਾ ਹਿੱਸਾ ਬਣਾਇਆ। ਸੋਹਲ ਰਿਕਾਰਡਜ਼ ਨੇ ਨਸੀਬ ਨੂੰ ਕਾਫੀ ਉਤਸ਼ਾਹ ਦਿੱਤਾ ਤੇ ਇਸ ਦੇ ਨਿਰਮਾਤਾ ਕੁਲਜੀਤ ਖਾਲਸਾ ਤੇ ਕਸ਼ਮੀਰ ਸੋਹਲ ਸ਼ਾਇਦ ਇਹੀ ਨਾਮ ਨੂੰ ਚਾਹੀਦਾ ਹੈ ਕਿ ਓਹਨਾਂ ਨੂੰ ਪਾਲੀਵੁੱਡ ਲਿਆਉਣ ਵਾਲੇ ਨਿਰਦੇਸ਼ਕ ਨਸੀਬ ਰੰਧਾਵਾ ਦਾ ਓਹ ਸਾਥ ਦੇਣ। ਨਸੀਬ ਦੇ ਦਿਮਾਗ ਚ ਵਪਾਰਕ ਤੇ ਐਕਸ਼ਨ ਕਹਾਣੀਆਂ ਵੀ ਹਨ। ਇਸ ਵੇਲੇ ਨਸੀਬ ਰੰਧਾਵਾ ਨੂੰ ਇੱਕ ਵੱਡੀ ਫ਼ਿਲਮ ਦੀ ਲੋੜ ਹੈ। ਨਸੀਬ ਰੰਧਾਵਾ ਬਾਰੇ ਸਾਨੂੰ ਪਤਾ ਹੈ ਕਿ ਓਹ ਧੀਰਜ ਤੇ ਸਬਰ ਦਾ ਹਾਮੀ ਹੈ ਤੇ ਹੌਸਲਾ ਓਸ ਦਾ ਬੁਲੰਦ ਹੈ ਓਸ ਨੂੰ ਪਤਾ ਹੈ ਕਿ ਪੁੰਨਿਆ ਦੇ ਬਾਅਦ ਮੱਸਿਆ ਤੇ ਮੱਸਿਆ ਬਾਅਦ ਪੁੰਨਿਆ ਆਓਂਦੀ ਹੈ ਤੇ ਓਹ ਜ਼ਰੂਰ ਕਾਮਯਾਬ ਹੋਏਗਾ। ਨਸੀਬ ਰੰਧਾਵਾ ਦੇ ਡਾਇਰੈਕਟਰ ਬਣ ਫ਼ਿਲਮ ਕੈਰੀਅਰ ਵਾਸਤੇ ਸਾਡੀਆਂ ਸ਼ੁੱਭ ਕਾਮਨਾਵਾਂ। ਉਮੀਦ ਕਿ ਇਸ ਸਾਲ ਨਸੀਬ ਰੰਧਾਵਾ ਦੀ ਫ਼ਿਲਮ ਸੈਟ ਤੇ ਹੋਏਗੀ।

-ਅੰਮ੍ਰਿਤ ਪਵਾਰ